

ਕਿਵੇਂ ਕੀਤਾ ਜਾ ਰਿਹੈ........

# ਸਿੱਖਾਂ ਦਾ ਸਰਬਨਾਸ਼ ?

ਪ੍ਰੋ: ਇੰਦਰ ਸਿੰਘ ਘੱਗਾ

ਮੁੱਲ 100/- ਰੁਪਏ

ਕਿਵੇਂ ਕੀਤਾ ਜਾ ਰਿਹੈ

# ਸਿੱਖਾਂ ਦਾ ਸਰਬਨਾਸ਼

ਪ੍ਰੋਫੈਸਰ
ਇੰਦਰ ਸਿੰਘ ਘੱਗਾ

**ਫਤਿਹ ਪਬਲੀਕੇਸ਼ਨਜ਼**
ਮਕਾਨ ਨੰ: 90 ਕਰਹੇੜੀ,
ਵਿੱਦਿਆ ਨਗਰ, ਨੇੜੇ ਪੰਜਾਬੀ ਯੂਨੀਵਰਸਿਟੀ,
ਪਟਿਆਲਾ
(ਮੋ:-98144-55582)

KIVAIN KITA JA REHAI

# SIKHAN DA SARBNASH

*(Articles)*

(MISREPRESENTATION OF RELIGIOUS............)

IST EDITION 16 JUNE, 2007 ON SHAHIDI DAY OF GURU ARJAN SAHIB JI

IIND REVISED EDITION 24 NOV., 2007, BIRTHDAY OF GURU NANAK

**PROF. INDER SINGH GHAGGA**

**(M. 98551-51699)**

**(ਸਭ ਹੱਕ ਲੇਖਕ ਦੇ ਰਾਖਵੇਂ ਹਨ)**

**PUBLISHED BY**

**FATEH PUBLICATIONS**

H.No. 90, Karheri,
Vidiya Nagar, Near-Punjabi University
Patiala-147002 (Pb)
Mobile - 98144-55582

Type Setting
**Avtar Singh**

Proof Reading
**Kanwardeep Singh**
**Sukhjinder Kaur**

Price - 100 ($5, £ 3)

ਪ੍ਰੋ: ਇੰਦਰ ਸਿੰਘ ਘੱਗਾ ਜਿੱਥੇ ਸਤਿਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਰੱਖਦੇ ਹਨ, ਉੱਥੇ ਨਾਲ ਹੀ ਗੁਰਬਾਣੀ ਦੇ ਚਾਨਣ ਵਿੱਚ ਗੁਰਮੁਖੀ ਜੀਵਨ ਬਤੀਤ ਕਰ ਰਹੇ ਹਨ। ਗੁਰਮਤਿ ਦਾ ਉਪਦੇਸ਼ ਘਰ-ਘਰ ਪਹੁੰਚਾਉਣ ਲਈ ਯਤਨਸ਼ੀਲ ਹਨ ਅਤੇ ਬਿਪਰਵਾਦੀ ਰੀਤਾਂ ਰਸਮਾਂ ਨੂੰ ਜੜੋਂ ਉਖਾੜ ਦੇਣਾ ਚਾਹੁੰਦੇ ਹਨ ਅਤੇ ਸਿੱਖ ਧਰਮ ਵਿਚ ਆਈਆਂ ਕਮਜ਼ੋਰੀਆਂ ਨੂੰ ਵੀ ਬੜੀ ਬੇਬਾਕੀ ਨਾਲ ਸੰਗਤਾਂ ਸਨਮੁੱਖ ਪੇਸ਼ ਕਰਦੇ ਹਨ। ਭਾਵੇਂ ਇਹਦੇ ਲਈ ਕਿੰਨੀ ਵੀ ਵੱਡੀ ਮੁਸੀਬਤ ਦਾ ਸਾਹਮਣਾ ਕਿਉਂ ਨਾ ਕਰਨਾ ਪਵੇ। ਗੁਰਬਾਣੀ ਦੇ ਸਮਰੱਥ ਵਿਆਖਿਆਕਾਰ ਹਨ ਅਤੇ ਇਤਿਹਾਸ ਨੂੰ ਗੁਰਬਾਦੀ ਦੀ ਕਸਵੱਟੀ ਤੇ ਪਰਖ ਕੇ, ਵਿਗਿਆਨਕ ਨਜ਼ਰੀਏ ਵਿੱਚ ਢਾਲ ਕੇ ਪੇਸ਼ ਕਰਨ ਦੀ ਯੋਗਤਾ ਵੀ ਰੱਖਦੇ ਹਨ। ਵਿਦਵਾਨ ਲੇਖਕ ਹਨ ਅਤੇ ਨਾਲ ਹੀ ਨਿਮਰਤਾ ਪੂਰਵਕ ਜੀਵਨ ਬਤੀਤ ਕਰਦਿਆਂ ਸੁੱਲਝੇ ਹੋਏ ਕਥਾਵਾਚਕ ਭੀ ਹਨ। ਆਸ ਕਰਦੇ ਹਾਂ ਕਿ ਇਹਨਾਂ ਦੀ ਇਹ ਪੁਸਤਕ ਗੁਰਮਤਿ ਦੀ ਕਸਵੱਟੀ ਤੇ ***"ਕਿਵੇਂ ਕੀਤਾ ਜਾ ਰਿਹੈ ਸਿੱਖਾਂ ਦਾ ਸਰਬਨਾਸ਼"*** ਸੋਚਵਾਨ ਗੁਰਸਿੱਖਾਂ ਨੂੰ ਝੰਜੋੜ ਕੇ ਜਗਾਏਗੀ।

**ਪ੍ਰਕਾਸ਼ਕ**

# ਲੇਖਕ ਦੀਆਂ ਹੋਰ ਰਚਨਾਵਾਂ

## ਪੁਸਤਕਾਂ

1. ਧਰਮ ਦੇ ਨਾਂ ਤੇ........। 2. ਸਾਡਾ ਬੇੜਾ ਇਉਂ ਗਰਕਿਆ.......।
3. ਪੌਰਾਣਕ ਕਥਾਵਾਂ ਦਾ ਅੰਤ। 4. ਕਿਵੇ ਕੀਤਾ ਜਾ ਰਿਹੈ ਸਿੱਖਾਂ ਦਾ ਸਰਬਨਾਸ਼।
5. 25 ਹਜਾਰ ਅਣਪਛਾਤੀਆਂ ਲਾਸਾ ਦਾ ਸੱਚ (ਛਪਾਈ ਅਧੀਨ)

## ਕਿਤਾਬਚੇ

1. ਦਸਵੰਧ ਪ੍ਰੰਪਰਾ
2. ਮੈਨੂੰ ਸਿੱਖੀ ਤੇ ਮਾਣ ਹੈ
3. ਗੁਰੂ ਅਰਜੁਨ ਸਾਹਿਬ ਜੀ
4. ਮਾਲਾ ਦੀ ਕਰਾਮਾਤ
5. ਸਿੱਖ ਸਿਧਾਂਤ
6. ਗਰੁੜ ਚੜੇ ਗੋਬਿੰਦ ਆਇਲਾ
7. ਦਿਨੁ ਰੈਣਿ ਸਭ ਸੁਹਾਵਣੇ ਪਿਆਰੇ
8. ਸਭ ਤੇ ਵਡਾ ਸਤਿਗੁਰੁ ਨਾਨਕੁ
9. ਆਵਾਗਵਣ
10. ਕਸੂਰਵਾਰ ਕਉਣ ਹਨ?

## ਆਡੀਓ ਸੀ.ਡੀਜ਼

| | |
|---|---|
| 1. ਸਿੱਖ ਸਿਧਾਤਾਂ ਦਾ ਨਿਖੇੜਾ | (18 ਘੰਟੇ ਦੋ ਭਾਗ ਕਥਾ MP- 3) |
| 2. ਇਤਿਹਾਸ ਦਾ ਗੌਰਵ | (10 ਘੰਟੇ ਕਥਾ MP- 3) |
| 3. ਕੀ ਇਹ ਸਿੱਖਾਂ ਦੇ ਤਿਉਹਾਰ ਹਨ ? | (10 ਘੰਟੇ ਕਥਾ MP- 3) |
| 4. ਗੁਰਉਪਦੇਸ਼ ਕੀ ਹੈ ? | (10 ਘੰਟੇ ਕਥਾ MP- 3) |
| 5. ਬਨਾਰਸ ਦੇ ਠੱਗ | (10 ਘੰਟੇ ਕਥਾ MP- 3) |
| 6. ਵਹਿਮ ਭਰਤ ਕਿਉਂ ? | (10 ਘੰਟੇ ਕਥਾ MP- 3) |
| 7. ਗੁਰਬਾਣੀ ਦਾ ਚਾਨਣ | (10 ਘੰਟੇ ਕਥਾ MP- 3) |
| 8. ਗੁਰਬਾਣੀ ਦੇ 52 ਹੁਕਮ | (26 ਘੰਟੇ ਦੋ ਭਾਗ ਕਥਾ MP- 3) |
| 9. ਸਿੱਖੀ ਤੇ ਮਾਣ | (10 ਘੰਟੇ ਕਥਾ MP- 3) |
| 10. ਗੁਰਬਾਣੀ ਦਾ ਸਚ | (10 ਘੰਟੇ ਕਥਾ MP- 3) |
| 11. ਗੁਰ ਮਾਰਗ | (10 ਘੰਟੇ ਕਥਾ MP- 3) |

## ਵੀਡੀਓ ਸੀ.ਡੀਜ਼

| | |
|---|---|
| 10. ਸਿੱਖੀ ਦਾ ਮਾਣ | (ਵੀਡੀਓ ਸੀਡੀ ਕਥਾ) |
| 11. ਗੁਰੂ ਅਮਰਦਾਸ ਜੀ | (ਵੀਡੀਓ ਸੀਡੀ ਕਥਾ) |
| 12. ਅਰਦਾਸ ਕੀ ਹੈ ? | (ਵੀਡੀਓ ਸੀਡੀ ਕਥਾ) |
| 13. ਚੜ੍ਹਦੀ ਕਲਾ ਕਿਵੇਂ ਹੋਵੇ ? | (ਵੀਡੀਓ ਸੀਡੀ ਦੋ ਭਾਗ-ਸੁਆਲ-ਜੁਆਬ) |
| 14. ਕੀ ਨਰਕ ਸੁਰਗ ਹੈ ? | (ਵੀਡੀਓ ਸੀਡੀ ਕਥਾ) |
| 15. ਧਰਮ ਵਿਦਿਆ ਜ਼ਰੂਰੀ | (ਵੀਡੀਓ ਸੀਡੀ ਕਥਾ) |

# ਪੁਸਤਕਾਂ ਮਿਲਣ ਲਈ ਪਤੇ

1. ਫ਼ਤਿਹ ਪਬਲੀਕੇਸ਼ਨਜ਼ ਵਿੱਦਿਆ ਨਗਰ, ਨੇੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ - (ਮੋ: 98144-55582)

2. ਲਾਹੌਰ ਬੁੱਕ ਸ਼ਾਪ, ਲਾਜਪਤ ਰਾਏ ਮਾਰਕੀਟ, ਲੁਧਿਆਣਾ - (0161-2740738)

3. ਬਾਬਾ ਆਤਮਾ ਸਿੰਘ ਧਾਰਮਿਕ ਪੁਸਤਕ ਭੰਡਾਰ, ਗੁਰਦੁਆਰਾ ਸਿੰਘ ਸਭਾ, ਬਠਿੰਡਾ - (0164-2215252)

4. ਕੇਹਰ ਸਿੰਘ ਚੰਡੀਗੜ੍ਹ - (9815906213)

5. ਅਜਾਇਬ ਸਿੰਘ ਸੁਨਾਮ - (94171-06555)

6. ਭਾਈ ਜੋਧ ਸਿੰਘ, ਕਰਮਜੀਤ ਸਿੰਘ, ਅਦਾਲਤ ਬਾਜ਼ਾਰ, ਪਟਿਆਲਾ - (0175-2216092)

7. ਓਂਕਾਰ ਸਿੰਘ ਜੰਮੂ - (094691-41230)

8. ਸ੍ਰ: ਬਲਵਿੰਦਰ ਸਿੰਘ ਮਾਨਸਾ - (01652-228911) 9872549105

9. ਭਾਈ ਚਤਰ ਸਿੰਘ, ਜੀਵਨ ਸਿੰਘ ਬਾਜ਼ਾਰ ਮਾਈ ਸੇਵਾ, ਨੇੜੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ।

10. ਸ. ਬਲਵਿੰਦਰ ਸਿੰਘ ਰਾਮਪੁਰਾ (ਦੋਰਾਹਾ) 01628-687017

# ਧੰਨਵਾਦ

ਮੇਰੇ ਵੱਲੋਂ ਲਿਖੀਆਂ ਪੁਸਤਕਾਂ ਨੂੰ ਘਰ-ਘਰ ਪਹੁੰਚਾਉਣ ਵਿੱਚ ਵਿਸ਼ੇਸ਼ ਦਿਲਚਸਪੀ ਲੈਣ ਵਾਲੇ ਵੀਰਾਂ ਭੈਣਾਂ ਦਾ ਅਤਿਅੰਤ ਧੰਨਵਾਦ। ਜਿਨ੍ਹਾਂ ਵਿਚੋਂ ਕੁਝ ਨਾਮ ਇਹ ਹਨ:

1. ਸ੍ਰ: ਮਲਕੀਤ ਸਿੰਘ, ਗਲੀ ਨੰ: 12, ਧੋਬੀਆਣਾ ਰੋਡ, ਸਿਵਲ ਸਟੇਸ਼ਨ, ਬਠਿੰਡਾ-0164-2215252
2. ਸ੍ਰ: ਗੁਰਚਰਨ ਸਿੰਘ ਬਰਾੜ, ਜਿਉਣ ਵਾਲਾ, ਬ੍ਰਾਪਟਨ, ਕੈਨੇਡਾ - +9057165362346, +71653+62346
3. ਸ੍ਰ: ਪ੍ਰਮਿਦੰਰ ਸਿੰਘ ਪਰਮਾਰ, ਕੈਨੇਡਾ - +9058588904
4. ਸ੍ਰ: ਨਿਰਮਲ ਜੀਤ ਸਿੰਘ, ਯੂ.ਕੇ. +7852187008
5. ਸ੍ਰ: ਮਨਜੀਤ ਸਿੰਘ ਗਰੇਵਾਲ, ਯੂ.ਕੇ. ਹੰਸਲੋ
6. ਸ੍ਰ: ਮਨਜੀਤ ਸਿੰਘ, ਯੂ.ਕੇ., ਸਲੋਹ
7. ਸ੍ਰ: ਗੁਰਤੇਜ ਸਿੰਘ, ਨਿਊਜ਼ੀਲੈਂਡ
8. ਸ੍ਰ: ਕਾਬਲ ਸਿੰਘ, ਜਰਮਨੀ - +1623585108
9. ਸ੍ਰ: ਸੁਖਵੰਤ ਸਿੰਘ ਸੰਧੂ, ਅਮਰੀਕਾ
10. ਸ੍ਰ: ਮਲਕੀਤ ਸਿੰਘ, ਜਰਮਨੀ - +620475859
11. ਸ੍ਰ: ਰਘੁਬੀਰ ਸਿੰਘ, ਅਲਐਨ, ਡੁਬਈ - +97150-6180633
12. ਸ੍ਰ: ਸੁਖਵਿੰਦਰ ਸਿੰਘ, ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਜਵੱਦੀ, ਲੁਧਿਆਣਾ - 98555-98850
13. ਸ੍ਰ: ਸਰਬਜੀਤ ਸਿੰਘ, ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਜਵੱਦੀ, ਲੁਧਿਆਣਾ-98555-98851
14. ਸ੍ਰ: ਬਲਵਿੰਦਰ ਸਿੰਘ, ਮਾਨਸਾ - 98725-49105
15. ਬੀਬੀ ਸਰਬਜੀਤ ਕੌਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
16. ਸ੍ਰ: ਕਰਮਜੀਤ ਸਿੰਘ, 28-ਸਵੀਡਨ ਡੀ.ਆਰ., ਬਰਾਮਪਟਨ ਓਨਟਾਰੀਓ, L6V4E3,
    ਕੈਨੇਡਾ - 905-796-5870
17. ਸ੍ਰ: ਬਲਵਿੰਦਰ ਸਿੰਘ, ਪਿੱਪਲ ਮੰਘੋਲੀ - 94171-62839

# ਤਤਕਰਾ


| ਕੀ | ਕਿੱਥੇ |
|---|---|
| 1. ਖ਼ੂਨ ਦੇ ਹੰਝੂ | 1-5 |
| 2. ਭੂਮਿਕਾ (ਧਰਮ ਤੇ ਰਾਜਨੀਤੀ ਦਾ ਸੰਬੰਧ)ਸ੍ਰ: ਜਸਵੰਤ ਸਿੰਘ ਖਾਲੜਾ | 6-11 |
| 3. ਸਿੱਖ ਜਰਾਇਮ ਪੇਸ਼ਾ ਕੌਮ ? | 12-25 |
| 4. ਸਿੱਖਾਂ ਦੀ ਨਸਲਘਾਤ | 26-36 |
| 5. ਸਿੱਖਾਂ ਵਿਰੁੱਧ ਜਾਤੀ ਨਫ਼ਰਤ (ਨੀਤੀ ਬੱਧ ਸਾਜ਼ਿਸ਼ਾਂ) | 37-76 |
| 4. ਸਿੱਖ ਸੱਭਿਆਚਾਰ ਨੂੰ ਖੋਰਾ | 77-81 |
| 6. ........ਤੇ ਸਿੱਖ ਖੇਢਾਰੀ ਹਾਰ ਗਏ.........? | 82-86 |
| 7. ਪੰਜਾਬੀ ਬੋਲੀ ਦੇ ਵਾਰਿਸ ਸਿੱਖ | 87-95 |
| 8. ਗਾਂਧੀ ਵੱਲੋਂ ਸਿੱਖਾਂ ਨਾਲ ਧ੍ਰੋਹ | 96-106 |
| 9. ਕਰੋ ਜਾਂ ਮਰੋ ਦੀ ਨੀਤੀ | 107-111 |
| 10. ਆਪਣੇ ਨਾਗਰਿਕਾਂ ਤੇ ਹਮਲਾ | 112-117 |
| 11. ਦਿੱਲੀ ਵਿਚ ਸਿੱਖਾਂ ਤੇ ਕਹਿਰ | 118-122 |
| 12. ਖਾੜਕੂਆਂ ਦੀ ਚੜ੍ਹਤ ਅਤੇ ਨਿਘਾਰ | 123-128 |
| 13. ਨਸ਼ੇ-ਪੰਜਾਬ ਦੀ ਤਬਾਹੀ ਲਈ | 129-134 |
| 14. ਸੰਤਾਂ ਦੀ ਸਿੱਖੀ, ਕੌਮ ਦੀ ਤਬਾਹੀ | 135-141 |
| 15. ਸਨਮਾਨ ਦੀ ਭੁੱਖ | 142-147 |
| 16. ਸਿੱਖ ਸਿਆਣੇ ਤੇ ਗੁਰੂ ............? | 148-158 |
| 17. ਮਾਸਟਰ ਤਾਰਾ ਸਿੰਘ ਦਾ ਅਸਲੀ ਚਿਹਰਾ | 159-165 |
| 18. ਭਾਈ, ਸਿਰਦਾਰ, ਕਿ ਸੰਤ.......? | 166-176 |
| 19. ''ਧਾਰਮਕ ਝੂਠ''......? | 177-185 |
| 20. ਪੰਜਾਬ ਦੇ ਪਾਣੀ ਤੇ ਡਾਕਾ | 186-193 |
| 21. ਸ਼੍ਰੋਮਣੀ ਕਮੇਟੀ ਦੇ ਅੱਸੀ ਸਾਲ | 194-204 |
| 22. ਗੁਰੂ ਲਾਧੋ ਰੇ ! ਸੱਚ ਕੀ ਹੈ ? | 205-218 |

# ਤ੍ਰਿਸ਼ੂਲ ਵਾਲੇ

ਕਵਿਤਾ

*(ਭਾਈ ਬਲਵਿੰਦਰ ਸਿੰ*

**ਹੁਣ ਕਾਹਦੀ ਹੈ ਕਾਵਾਂ ਰੌਲੀ ਉਦੋਂ ਕਿਥੇ ਸੀ ਤ੍ਰਿਸ਼ੂਲ ?**

ਸਦੀਆਂ ਦੀ ਤਾਰੀਖ ਸਾਖਸ਼ੀ, ਜਿਹੜਾ ਆਏ ਲਿਤਾੜ ਜਾਂਦਾ ਸੀ।
ਘੁੱਗ ਵਸਦੇ ਇਸ ਭਾਰਤ ਤਾਈਂ, ਰਾਤੋ ਰਾਤ ਉਜਾੜ ਜਾਂਦਾ ਸੀ।
ਜੁੱਗਾਂ ਪੁਰਾਣੀ ਸਭਿਅਤਾ ਦੀ, ਕੜਕ ਗਈ ਸੀ ਹਰ ਇਕ ਚੂਲ।
ਹੁਣ ਪਾਂਦੇ ਹੋ ਕਾਵਾਂ ਰੌਲੀ, ਓਦੋਂ ਕਿੱਥੇ ਸੀ ਤ੍ਰਿਸ਼ੂਲ ?
ਜਦੋਂ ਜਬਰ ਸੀ ਏਨੀ ਹੋਈ, ਰੋਜ ਸਵਾ ਮਣ ਲਹਿੰਦੇ ਜੰਞੂ।
ਤੁਸੀਂ ਆਏ ਸੀ ਰੋਂਦੇ ਪਿੱਟਦੇ, ਅੱਖਾਂ ਦੇ ਵਿਚ ਵਗਦੇ ਹੰਝੂ।
ਆਪਣਾ ਸਿਰ ਲੁਹਾਇਆ ਸਤਿਗੁਰ, ਰਖਣ ਲਈ ਤੁਹਾਡਾ ਮੂਲ।
ਹੁਣ ਕਾਹਦੀ ਹੈ ਕਾਵਾਂ ਰੌਲੀ, ਓਦੋਂ ਕਿੱਥੇ ਸੀ ਤ੍ਰਿਸ਼ੂਲ ?
ਟਕੇ ਟਕੇ ਭਾਰਤ ਦੀ ਬੱਚੀ, ਵਿਕਣ ਜਾਂਦੀ ਸੀ ਗਜ਼ਨੀ ਤੋੜੀਂ।
ਉਲਟੀ ਗੰਗਾ ਅਸੀਂ ਵਗਾਈ, ਕੱਛ ਵਾਲੇ ਬਾਬੇ ਨੇ ਮੋੜੀ।
ਉਦੋਂ ਨਾ ਜਾਗੀ ਅਣਖ ਤੁਹਾਡੀ ਉਦੋਂ ਨਾ ਉਠਿਆ ਅੰਦਰ ਸੂਲ।
ਹੁਣ ਕਾਹਦੀ ਹੈ ਕਾਵਾਂ ਰੌਲੀ, ਓਦੋਂ ਕਿੱਥੇ ਸੀ ਤ੍ਰਿਸ਼ੂਲ ?
ਭਾਰਤ ਦੀ ਇੱਜ਼ਤ ਲਈ ਮੋਏ, ਇਸ ਦੀ ਪਤ ਦੇ ਹਾਂ ਅਭਿਲਾਖੀ।
ਸਾਡੇ ਤੇ ਹੀ ਹਮਲਾ ਹੋਵੇ, ਕਰ ਨਹੀਂ ਸਕਦੇ ਆਪਣੀ ਰਾਖੀ ?
ਫਿਰ ਤੁਸੀਂ ਕਾਹਦੇ ਖਾਤਰ ਭਾਈਓ, ਬੋਲੀ ਜਾਓ ਊਲ ਜਲੂਲ ?
ਹੁਣ ਕਾਹਦੀ ਹੈ ਕਾਵਾਂ ਰੌਲੀ, ਓਦੋਂ ਕਿੱਥੇ ਸੀ ਤ੍ਰਿਸ਼ੂਲ ?
ਇੱਜ਼ਤ ਨਾਲ ਜਿਉਣਾ ਚਾਹੁੰਦੇ, ਹੋਰ ਨਾ ਕੋਈ ਸਾਡੀ ਜੰਗ।
ਰਹਿਣਾ ਹੈ ਇਸ ਘਰ ਦੇ ਅੰਦਰ, ਹੋਰ ਨਾ ਕੋਈ ਸਾਡੀ ਮੰਗ।
ਐ ਫਿਰਕੂਓ ਤੁਸੀਂ ਭੀ ਸੋਚੋ, ਹੋਰ ਨਾ ਦੇਵੋ ਇਸ ਨੂੰ ਤੂਲ।
ਮੁੜ ਪਾਵੋਗੇ ਕਾਵਾਂ ਰੌਲੀ, ਫੜਿਆ ਰਹੇਗਾ ਹੱਥ ਤ੍ਰਿਸ਼ੂਲ।

———0———

ਧੰਨਵਾਦ ਸਹਿਤ-
ਗੁਰਮਤ ਪ੍ਰਕਾਸ਼, ਸਤੰਬਰ, 1983

# ਖ਼ੂਨ ਦੇ ਹੰਝੂ

ਖਾੜਕੂਵਾਦ ਦੀ ਚੜ੍ਹਤ ਸਮੇ ਇੱਕ ਅਗਿਆਤ ਜਿਹੇ ਵਿਅਕਤੀ, ਭਾਈ ਮਨਜੀਤ ਸਿੰਘ ਨੂੰ (1989) ਵਿਚ ਕੇਸਗੜ੍ਹ, ਅਨੰਦਪੁਰ ਦਾ ''ਜਥੇਦਾਰ'' ਨਾਮਜ਼ਦ ਕਰ ਦਿੱਤਾ ਗਿਆ। ਇਸ ਤੋ ਪਹਿਲਾਂ 1986 ਵਿੱਚ ਸਰਕਾਰੀ ਸ਼ਹਿ ਤੇ ਟਕਸਾਲ ਵਾਲਿਆਂ ਨੇ ਸ਼੍ਰੋਮਣੀ ਕਮੇਟੀ ''ਭੰਗ'' ਕਰ ਦਿੱਤੀ। ਭਾਈ ਜਸਬੀਰ ਸਿੰਘ ਰੋਡੇ ਨੂੰ ਬਦੇਸ਼ ਵਿਚੋ ਲਿਆ ਕੇ ਉਸ ਦੁਆਲੇ ਸਰਕਾਰੀ ਭੀੜਾਂ ਇਕੱਠੀਆਂ ਕਰਕੇ, ''ਮਹਾਂ ਧਰਮੀ, ਮਹਾਂ ਵਿਦਵਾਨ ਤੇ ਮਹਾਂ ਨਾਇਕ'' ਬਣਾ ਕੇ ਪੇਸ਼ ਕੀਤਾ ਗਿਆ। ਇਸ ਵਿਅਕਤੀ ਨੂੰ ਅਕਾਲ ਤਖ਼ਤ ਦਾ ''ਜਥੇਦਾਰ'' ਨਿਯੁਕਤ ਕੀਤਾ ਗਿਆ। ਤਲਵੰਡੀ ਸਾਬੋ ਦਾ ਜਥੇਦਾਰ ਬਣਾ ਦਿੱਤਾ ਗਿਆ ਭਾਈ ਜਸਵੰਤ ਸਿੰਘ ਨਾਮੀ ਇੱਕ ਸਧਾਰਨ ਤੋ ਭੀ ਛੋਟੀ ਮਤ ਵਾਲੇ ਬੰਦੇ ਨੂੰ। ਅਨੰਦ ਪੁਰ ਵਿਖੇ ਟਕਸਾਲ ਨਾਲ ਹੀ ਸਬੰਧਤ ਇੱਕ ਵਿਅਕਤੀ ਭਾਈ ਸਵਿੰਦਰ ਸਿੰਘ ''ਜਥੇਦਾਰ'' ਥਾਪ ਦਿੱਤਾ। ਹਾਲਾਤ ਦਾ ਜਾਇਜ਼ਾ ਲੈਣ ਵਾਸਤੇ ਸ੍ਰ: ਗੁਰਚਰਨ ਸਿੰਘ ਟੌਹੜਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਪਣੇ ਨੇੜਲੇ ਪ੍ਰੋਫੈਸਰਾਂ ਤੋ ਸਲਾਹ ਮੰਗੀ। ਇਹਨਾਂ ਨੇ ਭਾਈ ਮਨਜੀਤ ਸਿੰਘ ਨੂੰ ''ਜਥੇਦਾਰ'' ਲਾਉਣ ਦੀ ਰਾਏ ਦਿੱਤੀ। ਪ੍ਰਧਾਨ ਟੌਹੜਾ ਕਹਿਣ ਲੱਗਾ ਕਿ ਸਵਿੰਦਰ ਸਿੰਘ ਖਾੜਕੂਆਂ ਤੋ ਕੋਈ ਮੰਦ ਕਾਰਾ ਭੀ ਕਰਵਾ ਸਕਦਾ ਹੈ। ਵੇਚਾਰਾ ਮਨਜੀਤ ਸਿੰਘ ਐਵੇ ਮਾਰਿਆ ਨਾ ਜਾਵੇ, ਬੱਚੇ ਰੁਲ ਜਾਣਗੇ। ਸਲਾਹਕਾਰਾਂ ਨੇ ਦੱਸਿਆ ਕਿ ਜੇ ਮਰ ਗਿਆ ਤਾਂ ਕੋਈ ਪਰਲੋ ਨਹੀ ਆਉਣ ਲੱਗੀ। ਕਾਮਯਾਬ ਹੋ ਗਿਆ ਤਾਂ ਗੁਰਦਵਾਰਾ ਟਕਸਾਲੀਆਂ ਤੋ ਮੁਕਤ ਹੋ ਕੇ ਤੁਹਾਡੇ ਪ੍ਰਬੰਧ ਵਿੱਚ ਆ ਜਾਵੇਗਾ। ਤਜਰਬਾ ਕਰਨ ਵਿੱਚ ਕੀ ਹਰਜ਼ ਹੈ।

ਇਸ ਲੰਮੀ ਸੋਚ ਵਿਚਾਰ ਤੋ ਬਾਅਦ, ਭਾਈ ਮਨਜੀਤ ਸਿੰਘ ਨੂੰ ਕੇਸਗੜ੍ਹ ਦੀ ''ਜਥੇ ਦਾਰੀ'' ਸੌਪ ਦਿੱਤੀ ਗਈ। ਜੋ ਵੱਡੀ ਕੋਠੀ ਜਥੇਦਾਰ ਦੀ ਰਿਹਾਇਸ਼ ਲਈ ਬਣੀ ਹੋਈ ਸੀ, ਭਾਈ ਸਵਿੰਦਰ ਸਿੰਘ ਨੇ ਉਸ ਨੂੰ ਖਾਲੀ ਕਰਨ ਤੋ ਇਨਕਾਰ ਕਰ ਦਿੱਤਾ। ਭਾਈ ਮਨਜੀਤ ਸਿੰਘ ਨੂੰ ਇੱਕ ਸਾਦਾ ਜਿਹਾ ਕਮਰਾ ਦੇ ਦਿੱਤਾ। ਕੇਸਗੜ੍ਹ ਵਿਖੇ ਸਵੇਰੇ ਸ਼ਾਮ ''ਜਥੇਦਾਰ'' ਸੰਗਤਾਂ ਨੂੰ ਸ਼ਸ਼ਤਰਾਂ ਦੇ ਦਰਸ਼ਨ ਕਰਾਇਆ ਕਰਦੇ ਹਨ। ਇਹ ਕੰਮ ਭੀ ਹਿੱਕ ਦੇ ਤਾਣ ਭਾਈ ਸਵਿੰਦਰ ਸਿੰਘ ਬਾ-ਦਸਤੂਰ ਨਿਭਾਉਦਾ ਰਿਹਾ। ਭਾਈ ਮਨਜੀਤ ਸਿੰਘ ਕਦੀ ਕਦਾਈ ਅਨੰਦਪੁਰ ਆਉਦਾ, ਬਹੁਤਾ ਸਮਾਂ ਪ੍ਰਚਾਰ ਦੌਰਿਆਂ ਤੇ ਜਾਂ ਆਪਣੇ ਘਰ ਪਟਿਆਲੇ ਟਿਕਦਾ। ਜਨਵਰੀ 6-1993 ਨੂੰ ਅਖਬਾਰਾਂ ਵਿੱਚ, ''ਜਥੇ ਦਾਰ'' ਮਨਜੀਤ ਸਿੰਘ ਵੱਲੋ ਇੱਕ ਇਸ਼ਤਿਹਾਰ ਛਪਿਆ, ਜਿਸ ਵਿੱਚ ਸਾਰੀਆਂ ਸਿੱਖ ਜਥੇਬਦੀਆਂ ਦੇ ਮੁਖੀਆਂ ਨੂੰ ਸੱਦਿਆ ਗਿਆ ਸੀ। ਸਾਰਿਆਂ ਦੇ ਸਨਮੁੱਖ ਕੋਈ ਨਵਾਂ ''ਚੜ੍ਹਦੀ ਕਲਾ ਵਾਲਾ ਪ੍ਰੋਗਰਾਮ'' ਉਲੀਕਣ ਦਾ ਵਿਸ਼ਵਾਸ ਦਿੱਤਾ ਗਿਆ ਸੀ। ਲੇਖਕ (ਇੰਦਰ ਸਿੰਘ ਘੱਗਾ) ਨੇ ਇਸ਼ਤਿਹਾਰ ਪੜ੍ਹ ਕੇ 7 ਜਨਵਰੀ 1993 ਨੂੰ ''ਜਥੇਦਾਰ'' ਭਾਈ ਮਨਜੀਤ ਸਿੰਘ ਵੱਲ ਇੱਕ

ਜਜ਼ਬਾਤੀ ਚਿੱਠੀ ਲਿਖੀ। ਜਿਸਦੀ ਕਾਪੀ ਮੇਰੇ ਕੋਲ ਮੌਜੂਦ ਹੈ। ਉਸ ਦਾ ਸੰਖੇਪ ਸਾਰ ਕੁਝ ਇਉ ਹੈ :-

ਸਤਿਕਾਰਯੋਗ ਸਿੰਘ ਸਾਹਿਬ, ਭਾਈ ਮਨਜੀਤ ਸਿੰਘ ਜੀ,

ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਨੰਦਪੁਰ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।। ਤੁਹਾਡੇ ਵੱਲੋ 6-1-93 ਦੇ ਅਖਬਾਰ ਵਿੱਚ ਇਸ਼ਤਿਹਾਰ ਪੜ੍ਹਨ ਨੂੰ ਮਿਲਿਆ। ਸਿੱਖ ਪੰਥ ਵਿੱਚ ਆਪੋ ਆਪਣੇ ਤਰੀਕੇ ਨਾਲ ''ਸੇਵਾ'' ਕਰ ਰਹੀਆਂ ਜਥੇਬੰਦੀਆਂ ਤੋਂ ਉਹਨਾਂ ਦੇ ਮੁਖੀਆਂ ਰਾਹੀਂ ਸਾਰੀ ਜਾਣਕਾਰੀ ਮੰਗੀ ਗਈ ਹੈ। ਇਉਂ ਪ੍ਰਤੀਤ ਹੋ ਰਿਹਾ ਹੈ ਇਸ ਦੇ ਪਿੱਛੇ ਕੋਈ ਬਹੁਤ ਮਹੱਤਵਪੂਰਨ ਕਾਰਜ ਛੁਪਿਆ ਹੋਇਆ ਹੈ। ਜਿਸ ਦੀ ਤੁਸੀਂ ਚੰਗੀ ਸੁਰੂਆਤ ਕਰਨ ਲੱਗੇ ਹੋ। ਤੁਹਾਨੂੰ ਅਨੰਦਪੁਰ ਵਿਖੇ, ਵੱਡੇ ਇਤਿਹਾਸਕ ਅਸਥਾਨ ਤੇ ਸਹਿਕਾਰਯੋਗ ਅਹੁਦੇ ਤੇ ਰਹਿ ਕੇ ਸੇਵਾ ਕਰਦਿਆਂ ਪੰਜ ਸਾਲ ਹੋ ਚਲੇ ਹਨ। ਇਸ ਸਮੇਂ ਵਿੱਚ ਤੁਸੀਂ ਲੀਡਰਾਂ, ਸਿੱਖ ਜਥੇਬੰਦੀਆਂ, ਵਿਦਵਾਨਾਂ, ਧਾਰਮਕ ਸਖਸ਼ੀਅਤਾਂ, ਸਿੱਖਾਂ ਤੇ ਗੈਰ ਸਿੱਖਾਂ ਨੂੰ ਮਿਲਦੇ ਰਹੇ ਹੋ। ਇਸ ਪਰਖ ਪੜਚੋਲ ਵਿੱਚੋਂ ਤੁਹਾਨੂੰ ਸਿੰਖ ਕੌਮ ਦੀ ਨਿੱਘਰੀ ਹੋਈ ਦਸ਼ਾ ਮਹਿਸੂਸ ਹੋਈ ਹੋਵੇਗੀ। ਇਸੇ ਲਈ ਸਾਰੀਆਂ ਸਭਾ ਸੁਸਾਇਟੀਆਂ ਦੇ ਮੁਖੀਆਂ ਨੂੰ ਸੱਦ ਕੇ, ਕੋਈ ਨਵਾਂ ਪ੍ਰੋਗਰਾਮ ਦੇਣ ਜਾ ਰਹੇ ਹੋ। ਪੰਥ ਨੂੰ ਲੀਰੋ ਲੀਰ ਹੋਇਆ ਵੇਖ ਕੇ ਅੰਦਰ ਸ਼ਾਇਦ ਕੋਈ ਚੀਸ ਪੈਦਾ ਹੋਈ ਹੋਵੇ। ਸ਼ਾਇਦ ਇਸ ਤਰ੍ਹਾਂ ਕਰਕੇ ਤੁਸੀਂ ਪੰਥ ਨੂੰ ਕੁਝ ਮਾਣ ਦਿਵਾ ਸਕੋ।

ਦਾਸ ਨੇ ਕਈ ਲੇਖ ਅਤੇ ਖ਼ਤ ਅਖਬਾਰਾਂ ਰਸਾਲਿਆਂ ਨੂੰ ਲਿਖੇ ਸਨ। ਜਿਨ੍ਹਾਂ ਵਿੱਚੋਂ ਬਹੁਤੇ ਪ੍ਰਧਾਨ ਸ੍ਰ: ਗੁਰਚਰਨ ਸਿੰਘ ਟੌਹੜਾਂ ਨੂੰ ਮੁਖਾਤਬ ਹੋ ਕੇ ਲਿਖੇ ਸਨ। ਉਹਨਾਂ ਨੂੰ ਨਿੱਜੀ ਤੌਰ ਤੇ ਮਿਲਕੇ ਭੀ ਪੁੱਜਦੇ ਕੀਤੇ ਸਨ। ਉਹਨਾਂ ਨੇ ਕਦੀ ਖਤ ਦਾ ਜੁਆਬ ਤੱਕ ਦੇਣ ਦੀ ਜ਼ਰੂਰਤ ਨਹੀਂ ਸਮਝੀ। ਅਕਾਲ ਤਖ਼ਤ ਦੇ ਜਥੇਦਾਰ ਨੂੰ ਖ਼ਤ ਲਿਖੇ ਕਿ ਸਿੱਖ ਕੌਮ ਨੂੰ ਬਚਾਉਣ ਲਈ ਕੋਈ ਮੁਢਲੇ ਕਾਰਜ ਉਲੀਕੋ। ਉਹਨਾਂ ਵੱਲੋਂ ਭੀ ਕਦੀ ਕੋਈ ਜੁਆਬ ਨਹੀਂ ਆਇਆ। ਪੰਥਕ ਬੇੜਾ ਡੁੱਬਦਾ ਜਾ ਰਿਹਾ ਹੈ। ਬਚਾਉਣਾ ਤਾਂ ਦਰ ਕਿਨਾਰ ਇਸ ਡੁੱਬ ਰਹੇ ਬੇੜੇ ਦਾ ਕੋਈ ਮਲਾਹ ਬਣਨ ਨੂੰ ਭੀ ਤਿਆਰ ਨਹੀਂ ਹੈ। ਸਿੱਖ ਫੌਜਾਂ ਹਰ ਮੋਰਚੇ ਤੇ ਹਾਰ ਗਈਆਂ ਹਨ। ਜਿੱਤ ਦਿਵਾਉਣੀ ਤਾਂ ਦੂਰ ਰਹੀ, ਇੱਜ਼ਤ ਵਾਲਾ ਕੋਈ ਰਾਹ ਭੀ ਨਜ਼ਰ ਨਹੀਂ ਆਉਂਦਾ। ਹਾਰੀਆਂ ਫੌਜਾਂ ਦਾ ਜਰਨੈਲ ਬਣਨਾ ਕੌਣ ਪਸੰਦ ਕਰੇਗਾ? ਤੁਸੀਂ ਅਗਰ ਜਿੱਤ ਨਹੀਂ ਦਿਵਾ ਸਕੋਗੇ ਤਾਂ ਸਵੈਮਾਣ ਵਾਲਾ ਕੋਈ ਰਾਹ ਤਾਂ ਕੱਢ ਹੀ ਲਵੋਗੇ। ਨਜ਼ਰ ਆਉਂਦੇ ਬਾਹਰਲੇ ਦੁਸ਼ਮਣ ਤਾਂ ਸਿੱਖਾਂ ਨੂੰ ਮਾਰ ਹੀ ਰਹੇ ਹਨ। ਸਭ ਤੋਂ ਦਰਦਨਾਕ ਪਹਿਲੂ ਇਹ ਹੈ ਕਿ ਸਿੱਖ ਹੀ ਸਿੱਖ ਦਾ ਦੁਸ਼ਮਣ ਬਣਿਆ ਹੋਇਆ ਹੈ।

ਤੁਸੀਂ ਸਾਰੀਆਂ ਜਥੇਬੰਦੀਆਂ ਦੇ ਮੁਖੀਆਂ ਰਾਹੀਂ ਸਰਬੱਤ ਖਾਲਸਾ ਸੱਦੋ। ਪੰਜ ਦਸ ਦਿਨ ਲਾ ਕੇ ਹਰ ਵਿਸ਼ੇ ਤੇ ਵਿਦਵਾਂਨਾਂ ਦੇ ਵਿਚਾਰ ਲਉ। ਨਾਹਰੇ ਜੈਕਾਰੇ ਲਾ ਕੇ ਇਹ ਕੰਮ ਨਹੀਂ ਹੋਣਾ। ਸਾਰੇ ਪਹਿਲੂਆਂ ਤੇ ਗੰਭੀਰਤਾ ਨਾਲ ਵਿਚਾਰ ਕਰੋ। ਸ਼੍ਰੋਮਣੀ ਕਮੇਟੀ ਨੂੰ ਹੁਕਮ ਦਿੱਤਾ ਜਾਵੇ ਕਿ ਸਵੱਛ

ਜੀਵਨ ਵਾਲੇ ਗੁਣਵਾਨ ਧਰਮ ਪ੍ਰਚਾਰਕ ਤਿਆਰ ਕਰੇ। ਸ਼੍ਰੋਮਣੀ ਕਮੇਟੀ ਨੂੰ ਰਾਜਨੀਤੀ ਤੋਂ ਅਲੱਗ ਕੀਤਾ ਜਾਵੇ। ਕੋਈ ਕਮੇਟੀ ਮੈਂਬਰ ਜੇ ਰਾਜਨੀਤੀ ਵਿੱਚ ਹਿੱਸਾ ਲਵੇ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਤਿਆਗ ਪੱਤਰ ਦੇਣ ਲਈ ਮਜਬੂਰ ਕੀਤਾ ਜਾਵੇ। ਪੰਥ ਪ੍ਰਵਾਣਿਤ ''ਸਿੱਖ ਰਹਿਤ ਮਰਿਆਦਾ'' ਸਾਰੇ ਗੁਰਦੁਆਰਿਆਂ ਵਿੱਚ ਲਾਗੂ ਕਰਵਾਂਈ ਜਾਵੇ। ਪੰਥਕ ਸੇਵਾ ਕਰਨ ਦਾ ਬੜਾ ਉਤਸ਼ਾਹ ਹੈ, ਦਾਸ ਦੇ ਮਨ ਵਿੱਚ। ਪਰ ਕੋਈ ਸਾਧਨ ਨਹੀਂ ਹਨ, ਦਿਲ ਮਸੋਸ ਕੇ ਰਹਿ ਜਾਈਦਾ ਹੈ। ਤੁਹਾਡੇ ਕੋਲ ਸਾਧਨ ਹਨ। ਮਹੱਤਵਪੂਰਨ ਧਾਰਮਕ ਰੁਤਬਾ ਹੈ। ਗੁਰਬਾਣੀ ਦਾ ਗਿਆਨ ਹੈ। ਆਸ ਬੱਝਦੀ ਹੈ ਕਿ ਮਲਾਹ ਬਣ ਕੇ ਪੰਥਕ ਬੇੜੇ ਨੂੰ ਮੰਝਧਾਰ ਵਿੱਚੋਂ ਕੱਢ ਕੇ ਕਿਨਾਰੇ ਲਾ ਸਕੋਗੇ। ਹਾਰ ਚੁੱਕੀਆਂ ਫੌਜਾਂ ਨੂੰ ਸੰਪੂਰਨ ਜਿੱਤ ਨਾ ਸਹੀ ਜੀਵਨ ਲਈ ਸਵੈਮਾਣ ਤਾਂ ਦਿਵਾ ਸਕੋਗੇ। ਸਰਕਾਰ ਰਾਹ ਵਿੱਚ ਅਣਗਿਣਤ ਔਕੜਾਂ ਖੜੀਆਂ ਕਰੇਗੀ। ਇਸ ਭਲੇ ਕੰਮ ਵਿੱਚ ਆਮ ਸਿੱਖ ਤੁਹਾਡਾ ਸਾਥ ਦੇਵੇਗਾ। ਮੈ ਕਿਸੇ ਜਥੇਬੰਦੀ ਦਾ ਪ੍ਰਧਾਨ ਜਾਂ ਸਕੱਤਰ ਨਹੀਂ ਹਾਂ। ਅਗਰ ਤੁਸੀਂ ਗੁਰੂ ਅੰਗਦ ਸਾਹਿਬ ਵਾਲੀ ਸੇਵਾ ਭਾਵਨਾ ਅਤੇ ਦੂਰ ਅੰਦੇਸ਼ੀ ਨਾਲ ਕੰਮ ਕਰੋਗੇ। ਉਸ ਹਾਲਤ ਵਿੱਚ ਦਾਸ ਵੱਡੀ ਉਮਰ ਦਾ ਹੋਣ ਦੇ ਬਾਵਜੂਦ ਭੀ ਬਾਬਾ ਅਮਰ ਦਾਸ ਜੀ ਵਾਲੀ ਭਾਵਨਾ ਹਿਰਦੇ ਵਿੰਚ ਲੈ ਕੇ ਸੇਵਾ ਕਰਨ ਦੀ ਇੱਛਾ ਰੱਖਦਾ ਹੈ। ਪੰਥਕ ਸੇਵਾ ਵਾਸਤੇ ਜਦੋਂ ਚਾਹੋ ਆਵਾਜ਼ ਮਾਰ ਕੇ ਬੁਲਾ ਸਕਦੇ ਹੋ। ਮੈਂ ਸਾਰੇ ਕੰਮ ਵਿੱਚੋ ਛੱਡਕੇ ਹਾਜ਼ਰ ਹੋ ਜਾਵਾਂਗਾ।

ਪੰਥ ਦੀ ਚੜ੍ਹਦੀ ਕਲਾ ਲਈ ਆਸਵੰਦ,

ਇੰਦਰ ਸਿੰਘ ਘੱਗਾ, ਪਿੰਡ ਤੇ ਡਾਕ. ਘੱਗਾ, ਤਹਿਸੀਲ ਸਮਾਣਾ, ਜ਼ਿਲ੍ਹਾ- ਪਟਿਆਲਾ।

(7 ਜਨਵਰੀ 1993)

ਉਪਰੋਕਤ ਖਤ ਨੂੰ ਭਾਈ ਮਨਜੀਤ ਸਿੰਘ ਨੇ ਕਈ ਵਾਰ ਪੜ੍ਹਿਆ। ਪੰਜਾਬੀ ਯੂਨੀਵਰਸਿਟੀ ਵਿਚਲੇ ਨੇੜਲੇ ਪ੍ਰੋਫੈਸਰਾਂ ਨੂੰ ਖਤ ਪੜ੍ਹਾਇਆ। ਸੋਚ ਵਿਚਾਰ ਤੋਂ ਬਾਅਦ ਜਥੇਦਾਰ ਖੁਦ ਅਤੇ ਨਾਲ ਭਾਈ ਹਰਸਿਮਰਨ ਸਿੰਘ, ਜਥੇਦਾਰ ਦਾ ਭਰਾ ਭਾਈ ਓਅੰਕਾਰ ਸਿੰਘ ਗੱਡੀ ਲੈ ਕੇ ਮੇ ਰੇ ਕੋਲ ਪਹੁੰਚ ਗਏ। ਮੈਨੂੰ ਹੈਰਾਨੀ ਭੀ ਹੋਈ ਤੇ ਖ਼ੁਸ਼ੀ ਭੀ। ਉਸੇ ਵਕਤ ਸਾਰੇ ਜਰੂਰੀ ਰੁਝੇਵੇਂ ਛੱਡ ਕੇ,''ਪੰਥਕ ਸੇਵਾ'' ਲਈ ਉਹਨਾ ਦੇ ਨਾਲ ਟੁਰ ਪਿਆ। ਤਿੰਨ ਸਾਲ ਤੱਕ ਦਿਨ ਰਾਤ ਨਾਲ ਰਹਿਕੇ , ਸਿੱਖ ਰਾਜਨੀਤੀਵਾਨਾਂ ਦਾ ਅਤੇ ਲੰਮੇ ਚੋਲਿਆਂ ਵਾਲੇ ਧਰਮਕ ਮੁਖੀਆਂ ਦਾ ਕਰੂਪ ਚੇਹਰਾ ਸਾਹਮਣੇ ਆਇਆ ਵੇਖਿਆ। ਸਟੇਜਾਂ ਤੇ ਬੇਖੌਫ ਝੂਠ ਬੋਲਦੇ ਸੁਣਿਆ। ਪੈਸੇ ਕਾਰਨ ਇਮਾਨ ਵੇਚਦੇ ਵੇਖਿਆ। ਪੰਥਕ ਏਕਤਾ ਦੇ ਨਾਟਕ ਵੇਖੇ। ਵਿਦਵਾਨਾਂ ਨਾਲ ਮੋਮੋਠਗਣੀਆਂ ਕਰਦੇ ਵੇਖਿਆ ਸੁਣਿਆ। ਸਿੱਖ ਰਹਿਤ ਮਰਿਆਦਾ ਅਤੇ ਗੁਰਬਾਣੀ ਦੇ ਹੁਕਮਾਂ ਤੋਂ ''ਵੱਡੇ ਲੋਕਾਂ'' ਨੂੰ ਸ਼ਰੇਆਮ ਭਗੌੜੇ ਹੁੰਦੇ ਵੇਖਿਆ। ''ਮੈਨੂੰ ਸਿਰੋਪੇ ਵੱਧ ਮਿਲੇ ਸਨ, ਮੇਰੇ ਕਾਜੂ ਬਦਾਮਾਂ ਦੇ ਡੱਬੇ ਕਿਥੇ ਗਏ,'' ਆਖ ਕੇ ਕਾਟੋ ਕਲੇ ਸ਼ ਕਰਦੇ ਵੇਖਿਆ। ਪ੍ਰੋਗਰਾਮਾਂ ਲਈ ''ਫੀਸ ਮੁਕਰਰ ਕਰਦਿਆਂ, ਮੱਥੇ ਤੇ ਤਿਊੜੀਆਂ ਪਈਆਂ ਵੇ

ਖੀਆਂ। ਮਾਮੂਲੀ ਜਿਹੇ ਕਾਰਨਾਂ ਤੇ ਜਬਾਨ ਵਿੱਚੋਂ ਅਗਨੀ ਬਾਣ ਨਿਕਲਦੇ ਵੇਖੇ ਸੁਣੇ। ਬਦੇਸ਼ਾਂ ਵਿੱਚੋਂ ਮਾਇਆ ਦੀਆਂ ਪੰਡਾਂ ਹੂੰਝਦੇ ਵੇਖਿਆ। ਸਾਈਕਲ ਦੀ ਸਵਾਰੀ ਤੋਂ ਲੰਮੀਆਂ ਕਾਰਾਂ ਤੱਕ ਅਤੇ ਛੋਟੇ ਜਿਹੇ ਮਕਾਨ ਤੋਂ ''ਗੁਰਮਤ ਸਾਗਰ ਟ੍ਰਸਟ'' ਕੇ ਵੱਡੇ ਕਾਰੋਬਾਰਾਂ ਤਕ ਪੁੱਜਦੇ ਵੇਖਿਆ। ਆਮ ਸਿੱਖ ਨੂੰ ਦੁਰਕਾਰਦੇ ਫਿਟਕਾਰਦੇ ਵੇਖਿਆ। ਵੱਡੇ ਰਾਜਸੀ ਨੇਤਾਵਾਂ ਅੱਗੇ ਨੱਤ ਮਸਤਕ ਹੁੰਦੇ ਵੇਖਿਆ। ''ਗਰੀਬ ਦਾ ਮੂੰਹ ਗੁਰੂ ਦੀ ਗੋਲਕ'' ਨੂੰ ਬੇ ਰਹਿਮੀ ਨਾਲ ਉਜੜਦੇ ਵੇਖਿਆ। ਆਪਣੇ ਚਹੇਤੇ ਅਤੇ ਭਾਈ ਭਤੀਜਿਆਂ ਨੂੰ ਅਨੇਕ ਹਰਬੇ ਵਰਤਕੇ ਬਦੇਸ਼ਾਂ ਵੱਲ ਉਡਾਰੀਆਂ ਲਵਾਉਂਦੇ ਵੇਖਿਆ। ਇਹ ਧਾਰਮਕ ਵਿਅਕਤੀ ''ਸ਼ਰਧਾਲੂਆਂ ਦੇ ਘਰਾਂ ਵਿੱਚ ਏ.ਸੀ. ਦੀ ਠੰਢੀ ਠਾਰ ਹਵਾ ਵਿੱਚ ਬੈਠ ਕੇ ਪਿਸਤੇ ਬਦਾਮ ਕਾਜੂ ਤੇ ਦੁੱਧ ਮਲਾਈਆਂ ਛਕਦੇ ਵੇਖਿਆ। ਆਪਣੇ ਸੇਵਕ (ਗੰਨ ਮੈਨ ਡਰਾਈਵਰ ਤੇ ਦਾਸ ਪੀ.ਏ.) ਬਾਹਰ ਰੁੱਖ ਦੀ ਛਾਵੇਂ ਬੈਠੇ, ਟੂਟੀ ਦਾ ਗਰਮ ਪਾਣੀ ਪੀਂਦੇ ਵੇਖਿਆ। ਲੰਗਰ ਵਾਲੇ ਪ੍ਰਸ਼ਾਦੇ ਤੇ ਮਾਂਹ ਦੀ ਕਾਲੀ ਦਾਲ ਖਾ ਕੇ ਢਿੱਡ ਨੂੰ ਝੁਲਕਾ ਦਿੰਦੇ ਵੇਖਿਆ।

ਇਹ ਸਭ ਕੁਝ ਵੇਖ ਪਰਖ ਕੇ ਮਨ ਕੁਰਲਾਉਂਦਾ ਰਿਹਾ। ਦਿਨੋ ਦਿਨ ਵਿਗੜ ਰਹੀ ਪੰਥ ਦੀ ਹਾਲਤ ਵੇਖ ਕੇ ਖੂਨ ਦੇ ਹੰਝੂ ਕੇਰਦਾ ਰਿਹਾ। ਅੰਤ ਇਹੀ ਇਰਾਦਾ ਧਾਰਿਆ, ਮਨਾਂ ! ਜੋ ਤੂੰ ਕਰ ਸਕਦਾ ਹੈਂ ਸੋ ਕਰਦਾ ਰਹਿ। ਦੂਜਿਆਂ ਤੇ ਭਰੋਸਾ ਕਰਕੇ ਬਹੁਤ ਵੇਖ ਲਿਆ, ਤੂੰ ਖੁਦ ਤਕੜਾ ਹੋ ਕੇ ਹੰਭਲਾ ਮਾਰ। ਜਿਨ੍ਹਾ ਨੂੰ ਕੰਮ ਚੰਗਾ ਲੱਗਾ ਆਪਣਾ ਪਿਆਰ ਅਤੇ ਸਾਥ ਬਖਸ਼ ਦੇਣਗੇ।

ਘੋਰ ਉਦਾਸੀ ਵਿੱਚ ਸਿੱਖੀ ਤਿਆਗ ਕੇ ਕਿਸੇ ਹੋਰ ਨਾਲ ਸਾਂਝ ਭਿਆਲੀ ਪਾ ਲੈਣ ਬਾਰੇ ਭੀ ਕਈ ਵਾਰੀ ਫੁਰਨੇ ਫੁਰੇ। ਮੇਰੀ ਅਜਿਹੀ ਨਿਰਾਸ਼ਾਜਨਕ ਹਾਲਤ ਨੂੰ ਵੇਖ ਸੁਣ ਕੇ ਇੱਕ ਪ੍ਰੇਮੀ ਕਥਾਵਾਚਕ ਗੁਰਸਿੱਖ ਨੇ ਆਪਣੇ ਨਾਲ ਹੋਈ ਬੀਤੀ ਕੁੱਝ ਇਉਂ ਬਿਆਨ ਕੀਤੀ- **''ਮੈਂ ਜਾਤ ਪੱਖੋਂ ਬ੍ਰਾਹਮਣ ਹਾਂ। ਗੁਆਂਢ ਵਿੱਚ ਅੱਛੇ ਜੀਵਨ ਵਾਲਾ ਸਿੱਖ ਪ੍ਰਵਾਰ ਸੀ। ਉਹਨਾਂ ਦੇ ਘਰ ਜਾਣਾ ਬੱਚਿਆਂ ਨਾਲ ਖੇਢਣਾ। ਉਸ ਸਿੱਖ ਪ੍ਰਵਾਰ ਤੋਂ ਸਿੱਖੀ ਦੀ ਮੁੱਢਲੀ ਪ੍ਰੇਰਣਾ ਮਿਲੀ। ਇੱਕ ਧਾਰਮਕ ਅਦਾਰੇ ਵਿੱਚੋਂ ਕਥਾ ਵਾਚਕ ਬਣਨ ਦੀ ਸਿੱਖਿਆ ਲਈ। ਕਥਾ ਦੀ ਬਦੌਲਤ ਦੇਸ਼ ਵਿਦੇਸ਼ ਵਿੱਚ ਘੁੰਮਿਆ, ਆਰਥਿਕ ਸਥਿਤੀ ਠੀਕ ਹੋ ਗਈ। ਮਕਾਨ ਬਣਾ ਲਿਆ। ਪਰ ਸਿੱਖਾਂ ਦੀ ਜਿਉਂ ਜਿਉਂ ਗਹਿਰਾਈ ਨਾਲ ਅੰਦਰਲੀ ਹਾਲਤ ਨੂੰ ਪਰਖਿਆ ਮਨ ਉਦਾਸ ਹੋਇਆ। ਰਾਜਸੀ ਲੀਡਰਾਂ ਨੂੰ ਵੇਖਿਆ ਬੇਈਮਾਨੀ ਦੀ ਸਿਖਰ ਤੇ ਬੈਠੇ ਦਿਸੇ। ਧਾਰਮਕ ਮੁਖੀਆਂ ਨੂੰ ਮਿਲਿਆ ਪਾਖੰਡ ਦੀਆਂ ਮੂਰਤਾਂ ਨਜ਼ਰ ਆਏ। ਮੈਂ ਦੁਖੀ ਮਨ ਨਾਲ ਸੋਚਦਾ ਹਾਂ ਕਿ ਵਾਪਸ ਆਪਣੇ ਪੁਰਾਣੇ ਘਰ (ਬ੍ਰਾਹਮਣ ਭਾਈਚਾਰਾ) ਵਿੱਚ ਚਲਾ ਜਾਵਾਂ। ਅਮੁੱਲ ਗੁਣਾਂ ਦੇ ਖਜ਼ਾਨੇ ਗੁਰੂ ਗ੍ਰੰਥ ਸਾਹਿਬ ਮੈਨੂੰ ਵਾਪਸ ਜਾਣ ਤੋਂ ਰੋਕ ਲੈਂਦੇ ਹਨ। ਕਿਉਂਕਿ ਇਹਨਾਂ ਵਰਗੇ ਉਤਮ ਉਪਦੇਸ਼ ਮੈਨੂੰ ਹੋਰ ਕਿਧਰੇ ਨਹੀ ਮਿਲਣੇ। ਜੇ ਮੈਨੂੰ ਗੁਰਬਾਣੀ ਦਾ ਗਿਆਨ ਨਾ ਹੁੰਦਾ ਤਾਂ ਮੈਂ ਕਦੇ ਦਾ ਵਾਪਸ ਚਲਾ ਗਿਆ ਹੁੰਦਾ''।**

**ਸਟੇਜਾਂ ਤੇ ਦੱਸਿਆ ਜਾਂਦਾ ਹੈ ਕਿ ਗੁਰੂ ਸਭ ਕੁਝ ਕਰਨ ਦੇ ਸਮਰੱਥ ਹੈ। ਮੈਂ ਕਹਿੰਦਾ**

**ਹਾ ਕਿ ਇਹਨਾਂ ਧੋਖੇਬਾਜ਼ਾਂ ਲੁਟੇਰਿਆਂ, ਪੰਥ ਵੇਚੂ ਟੋਲਿਆਂ ਨੂੰ ਮੰਦੇ ਰਾਹ ਤੋਂ ਫਿਰ ਗੁਰੂ ਕਿਉਂ ਨਹੀਂ ਰੋਕਦਾ ? ਲੱਗਦੈ ਸਤਿਗੁਰੂ ਇਹਨਾਂ ਅੱਗੇ ਬੇਬਸ ਹੈ। ਸੁਣਿਆ ਹੈ ਸਤਿਗੁਰੂ ਜਾਣੀਂ ਜਾਣ ਹੈ। ਜੇ ਇਹ ਗੱਲ ਸੱਚ ਹੈ, ਪਾਖੰਡੀਆਂ, ਝੂਠਿਆਂ, ਬਦਮਾਸ਼ਾਂ ਨੂੰ ਗੁਰਦੁਆਰਿਆਂ ਤੋਂ ਦੂਰ ਕਿਉਂ ਨਹੀਂ ਰੱਖਦਾ? ਉਹਨਾਂ ਨੂੰ ਗਲਤ ਕੰਮ ਕਰਨ ਤੋਂ ਪਹਿਲਾਂ ਹੀ ਕਿਉਂ ਨਹੀਂ ਰੋਕ ਦਿੰਦਾ?**

ਮੇਰੀਆਂ ਇਸ ਤੋਂ ਪਹਿਲਾਂ ਲਿਖੀਆਂ ਤਿੰਨੇ ਪੁਸਤਕਾਂ ਪਾਠਕਾਂ ਨੇ ਬਹੁਤ ਪਸੰਦ ਕੀਤਆਂ ਹਨ। ਸਾਰੇ ਵੀਰਾਂ ਭੈਣਾਂ ਨੌਜੁਆਨਾਂ ਦਾ ਧੰਨਵਾਦ। ਜੀਵਨ ਸਾਥਣ ਸਰਦਾਰਨੀ ਰਾਜਵੰਤ ਕੌਰ, ਬੇਟੀ ਨਵਦੀਪ ਕੌਰ, ਬੇਟਾ ਕੰਵਰਦੀਪ ਸਿੰਘ ਤੇ ਨੂੰਹ ਬੇਟੀ ਸੁਖਜਿੰਦਰ ਕੌਰ ਦਾ ਬਹੁਤ ਧੰਨਵਾਦ ਜਿਨ੍ਹਾਂ ਨੇ ਲਗਾਤਾਰ ਸਹਿਯੋਗ ਦੇ ਕੇ ਕਿਤਾਬ ਲਿਖਣ ਵਿੱਚ ਪਰੂਫ ਪੜ੍ਹਨ ਵਿੱਚ ਅਤੇ ਕਿਤਾਬ ਛਪਾਉਣ ਵਿੱਚ ਲਗਾਤਾਰ ਮੇਹਨਤ ਕੀਤੀ। ਅਕਾਲ ਪੁਰਖ ਜੀ ਤੋਂ ਬਾਅਦ ਗੁਰਬਾਣੀ ਦਾ ਚਾਨਣ ਬਖਸ਼ਣ ਵਾਲੇ ਗੁਰੂ ਸਹਿਬਾਨ ਦਾ ਕੋਟਾਨ ਕੋਟ ਸੁਕਰਾਨਾ।

ਆਪਣੇ ਵਡਮੁੱਲੇ ਸੁਝਾਅ ਜ਼ਰੂਰ ਭੇਜਣੇ

**ਸੰਤਹੁ ਸੁਨਹੁ ਸੁਨਹੁ ਜਨ ਭਾਈ, ਗੁਰਿ ਕਾਢੀ ਬਾਂਹ ਕੁਕੀਜੈ।।**
**ਜੇ ਆਤਮ ਕਉ ਸੁਖੁ ਸੁਖੁ ਨਿਤ ਲੋੜਹੁ ਤਾਂ ਸਤਿਗੁਰ ਸਰਨਿ ਪਵੀਜੈ।।**
**ਜੇ ਵਡ ਭਾਗੁ ਹੋਇ ਅਤਿ ਨੀਕਾ ਤਾਂ ਗੁਰਮਤਿ ਨਾਮੁ ਦ੍ਰਿੜੀਜੈ।। (1326)**

(15 ਜੂਨ, 2007)

000

# ਧਰਮ ਤੇ ਰਾਜਨੀਤੀ ਦਾ ਸਬੰਧ

## (ਭੂਮਿਕਾ)

***ਸਿਰਦਾਰ ਜਸਵੰਤ ਸਿੰਘ ਖਾਲੜਾ***

***ਨੋਟ :*** ਸਰਦਾਰ ਜਸਵੰਤ ਸਿੰਘ ਜੀ ਖਾਲੜਾ, ਸਿੱਖ ਕੌਮ ਦੇ ਨਿਧੜਕ ਬੁਲਾਰੇ ਸਨ। ਮਨੁੱਖੀ ਹੱਕਾਂ ਦੇ ਸੁਚੇਤ ਪਹਿਰੇਦਾਰ ਸਨ। ਭਾਰਤ ਦੀ ਸਰਬਉੱਚ ਅਦਾਲਤ ਨੂੰ, ਝੰਜੋੜ ਦੇਣ ਵਾਲੇ ਵਕੀਲ ਸਨ। ਸਿੱਖਾਂ ਦੀ ਕੀਤੀ ਜਾ ਰਹੀ ਨਸਲਕੁਸੀ ਨੂੰ ਸਬੂਤਾਂ ਸਮੇਤ ਦੁਨੀਆਂ ਦੇ ਸਿਆਣਿਆਂ ਤੱਕ ਪਹੁੰਚਾਉਣ ਵਾਲੇ ਸਨ। 25000 ਲਾਸ਼ਾਂ ਨੂੰ, ਮੜ੍ਹੀਆਂ ਵਿਚੋ ਕੱਢ ਕੇ ਜਾਲਮ ਪੁਲਿਸ ਵਾਲਿਆਂ ਦੇ ਸਿਰ ਤੇ ਬਿਠਾਉਣ ਵਾਲੇ ਸਨ। ਦਨਦਨਾਂਦੇ ਫਿਰ ਰਹੇ ਕਈ ਸਾਰੇ ਸਿੱਖਾਂ ਦੇ ਕਾਤਿਲਾਂ ਨੂੰ, ਸਲਾਖਾਂ ਪਿੱਛੇ ਬੰਦ ਕਰਾਉਣ ਵਾਲੇ ਸਨ। ਸਰਕਾਰੀ ਜੁਲਮ ਦੇ ਅਗੇ ਆਖਰੀ ਸੁਆਸ ਤਕ, ਨਾ ਝੁਕਦਿਆਂ ਜਾਨ ਵਾਰਨ ਵਾਲੇ ਮਹਾਨ ਸ਼ਹੀਦ ਸਨ। ਉਹਨਾਂ ਵੱਲੋ ਇਹ ਅਮੁੱਲਾ ਲੇਖ ਲਿਖਿਆ ਗਿਆ ਸੀ। ਜੋ ''ਪੰਜਾਬੀ ਟ੍ਰਿਬਿਊਨ'' ਵਿਚ 23-08-1993 ਨੂੰ ਛਪਿਆ ਸੀ। ਇਸ ਪੁਸਤਕ ਦੀ ਅੰਦਰਲੀ ਭਾਵਨਾ ਨੂੰ ਪ੍ਰਗਟ ਕਰਦਾ ਸਰਦਾਰ ਜਸਵੰਤ ਸਿੰਘ ਜੀ ਦਾ ਇਹ ਲੇਖ, ਭੂਮਿਕਾ ਦੀ ਥਾਂਵੇ ਪਾ ਰਿਹਾ ਹਾਂ।

***ਅਖ਼ਬਾਰ ਦੇ ਧੰਨਵਾਦ ਨਾਲ — ਲੇਖਕ***

ਸਿਧਾਂਤਕ ਤੌਰ 'ਤੇ ਦੇਖੀਏ ਤਾਂ ਧਰਮ ਮਨੁੱਖ ਦੀ ਜੀਵਨ ਜਾਚ ਨੂੰ ਨਿਰਧਾਰਤ ਕਰਦਾ, ਉਸ ਦੀ ਰਾਜਨੀਤੀ ਨੂੰ ਵੀ ਪੂਰੀ ਤਰ੍ਹਾਂ ਪ੍ਰਭਾਵਤ ਰੱਖਦਾ ਹੈ। ਕੌਮਾਂ ਦੇ ਸਭਿਆਚਾਰ ਨੂੰ ਧਰਮ ਦੀ ਪੁੱਠ ਹੁੰਦੀ ਹੈ ਤੇ ਕੌਮੀ ਰਾਜਨੀਤੀ ਉਸ ਕੌਮ ਦੇ ਧਰਮ ਦੀ ਮੂੰਹ ਬੋਲਦੀ ਤਸਵੀਰ ਹੁੰਦੀ ਹੈ। ਬੰਦਾ ਚਾਹੇ ਮਨਚਲੀ ਉਮਰੇ ਧਰਮ ਨੂੰ ਨਜ਼ਰਅੰਦਾਜ਼ ਕਰਕੇ ਆਪਣੇ ਆਪ ਨੂੰ ਬਾਗੀ ਅਖਵਾ ਕੇ ਕਦੇ ਖੁਸ਼ ਵੀ ਹੁੰਦਾ ਹੈ ਪਰ ਉਸ ਦੀਆਂ ਰਗਾਂ ਵਿਚਲਾ ਧਰਮ ਹਰ ਸੰਕਟ ਸਮੇ ਆਪਣਾ ਰੰਗ ਪ੍ਰਗਟ ਕਰਦਾ ਰਹਿੰਦਾ ਹੈ। ਦੁਨੀਆਂ ਦੀ ਰਾਜਨੀਤੀ ਵਿਚ ਮਾਰਕਸਵਾਦ ਨੇ ਧਰਮ ਨਿਰਪੱਖਤਾ ਦਾ ਇਕ ਸਿਧਾਂਤ ਲਿਆਉਣ ਦੀ ਕੋਸ਼ਿਸ਼ ਕੀਤੀ ਸੀ ਪਰ ਜਿਸ ਤਰ੍ਹਾਂ ਇਸ, ਸਿਧਾਂਤ ਦਾ ਪਤਨ ਹੋਇਆ ਉਸ ਤੋ ਇਸ ਦਲੀਲ ਦੀ ਸਾਰਥਿਕਤਾ ਦਾ ਪਤਾ ਲੱਗ ਹੀ ਚੁੱਕਾ ਹੈ।

ਧਰਮ ਨੇ ਮਾਨਵੀ ਸਮਾਜ ਦੀ ਤਰੱਕੀ ਵਿਚ ਜੋ ਰੋਲ ਅਦਾ ਕੀਤਾ ਹੈ ਕਿਸੇ ਵੀ ਹੋਰ ਪੱਖ ਨੂੰ ਇਸ ਦੇ ਪਾਸਕ ਸਥਾਨ ਨਹੀ ਮਿਲਿਆ। ਜੇ ਦੇਖੀਏ ਤਾਂ ਸਮਾਜ ਦੇ ਸਭਿਆਚਾਰਕ ਵਿਕਾਸ ਦੀ ਪੌੜੀ ਦਾ ਨਾਂ ਹੀ ਧਰਮ ਹੈ। ਨੇਕੀ ਤੇ ਬਦੀ ਦੀ ਲੜਾਈ ਧਰਮ ਅਤੇ ਅਧਰਮ ਦੀ ਲੜਾਈ ਰਹੀ ਹੈ। ਹਾਂ ਕਈ ਵਾਰ ਲੋਕ-ਵਿਰੋਧੀ ਹਾਕਮਾਂ ਨੇ ਧਰਮ ਦੀ ਦੁਰਵਰਤੋ ਕਰਕੇ ਧਰਤੀ 'ਤੇ ਤਬਾਹੀ

ਮਚਾਉਣ ਦੀ ਵੀ ਕੋਸ਼ਿਸ਼ ਕੀਤੀ। ਇਸ ਵਿਚ ਕਸੂਰ ਧਰਮ ਦਾ ਨਹੀ ਰਿਹਾ ਬਲਕਿ ਦੁਸ਼ਟ ਹਾਕਮਾਂ ਦਾ ਰਿਹਾ। ਇਨ੍ਹਾਂ ਦੁਸ਼ਟਾਂ ਦਾ ਨਾਸ਼ ਵੀ ਧਰਮੀ ਲਹਿਰਾਂ ਨੇ ਹੀ ਕੀਤਾ।

ਭਾਰਤ ਅੰਦਰ ਧਰਮ ਦੀ ਭੂਮਿਕਾ ਵਿਚਾਰਨ ਤੋਂ ਬਿਨਾਂ ਅਸੀਂ ਧਰਮ ਤੇ ਰਾਜਨੀਤੀ ਦੇ ਰਿਸ਼ਤੇ ਬਾਰੇ ਸਹੀ ਸਿੱਟੇ ਨਹੀਂ ਕੱਢ ਸਕਾਂਗੇ। ਲੋਕਾਂ ਦੀਆਂ ਚੁਣੀਆਂ ਸਰਕਾਰਾਂ ਦੇ ਦੌਰ ਤੋਂ ਪ੍ਰਭਾਵਤ ਕੁਝ ਲੋਕਾਂ ਨੇ ਜਦ ਦੱਖਣੀ ਏਸ਼ੀਆ ਵਿਚ ਰਾਜਨੀਤਿਕ ਪਾਰਟੀਆਂ ਦਾ ਆਰੰਭ ਕੀਤਾ ਤਾਂ ਉਨ੍ਹਾਂ ਸਾਹਮਣੇ ਇਹ ਮੁਸ਼ਕਿਲ ਸੀ ਕਿ ਏਡੇ ਵੱਡੇ ਖਿੱਤੇ ਵਿਚ ਲੋਕਾਂ ਨੂੰ ਭਾਵਾਨਾਤਮਕ ਤੌਰ 'ਤੇ ਕਿਹੜੇ ਮੁੱਦੇ ਨਾਲ ਟੁੰਬਿਆ ਜਾ ਸਕੇ। ਕਾਂਗਰਸ ਪਾਰਟੀ ਇਕ ਬਹਿਸ-ਮੁਬਾਹਸੇ ਦੇ ਕਲੱਬ ਤੋਂ ਬਿਨਾਂ ਲੋਕਾਂ ਵਿਚ ਕੋਈ ਖਿੱਚ ਨਹੀਂ ਸੀ ਰੱਖਦੀ। ਬੰਬਈ ਦਾ ਇਲਾਕਾ ਯੂਰਪੀ ਪ੍ਰਭਾਵ ਵਾਲੇ ਲੋਕਾਂ ਦੀਆਂ ਰਾਜਨੀਤਿਕ ਸਰਗਰਮੀਆਂ ਦਾ ਇਲਾਕਾ ਸੀ। ਏਥੇ ਤਜਰਬੇ ਸ਼ੁਰੂ ਹੋਏ ਕਿ ਲੋਕਾਂ ਨੂੰ ਕਿਵੇਂ ਹਰਕਤ ਵਿਚ ਲਿਆਂਦਾ ਜਾਵੇ।

ਬਾਲ-ਗੰਗਾਧਰ ਤਿਲਕ, ਵਰਗੇ ਕੁਝ ਲੀਡਰਾਂ ਨੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਦਾ ਜਾਇਜ਼ਾ ਲਿਆ ਤੇ ਉਨ੍ਹਾਂ ਗਣੇਸ਼ ਦੀ ਪੂਜਾ ਪ੍ਰਤੀ ਲੋਕਾਂ ਦੀ ਖਿੱਚ ਨੂੰ ਨੋਟ ਕੀਤਾ। ਏਥੋਂ ਲੋਕਰਾਜੀ ਲਹਿਰਾਂ ਦੀ ਭਾਰਤੀ ਬੁਨਿਆਦ ਸ਼ੁਰੂ ਹੋਈ। ਏਸੇ ਸਮੇਂ ਬੰਗਾਲ ਵਿਚ ਰਾਜਾ ਰਾਮ ਮੋਹਨ ਰਾਏ ਵਰਗੇ ਨੇ ਵੀ ਲੋਕਾਂ ਨੂੰ ਰਾਜਨੀਤਿਕ ਸਰਗਰਮੀਆਂ ਵਿਚ ਪਾਉਣ ਲਈ ਫਾਰਮੂਲੇ ਵਰਤੇ। ਮੇਰੇ ਖਿਆਲ ਵਿਚ ਇਹ ਵੀ ਹੋ ਸਕਦਾ ਹੈ ਕਿ ਪੰਜਾਬ ਅੰਦਰ ਚੱਲੀ ਕੂਕਾ ਲਹਿਰ ਤੇ ਬਾਬਾ ਰਾਮ ਸਿੰਘ ਦੀ ਧਾਰਮਿਕ ਲਾਈਨ ਨੇ ਇਨ੍ਹਾਂ ਲੀਡਰਾਂ ਨੂੰ ਦਰੁੱਸਤ ਪਾਸੇ ਲਿਆਂਦਾ ਹੋਵੇ।

ਦੱਖਣੀ ਅਫਰੀਕਾ ਵਿਚੋਂ ਨਸਲੀ ਵਿਤਕਰੇ ਅਧਾਰਤ ਲਾਮਬੰਦੀ ਦੇ ਤਜਰਬੇ ਵਿਚੋਂ ਨਿਕਲਿਆ ਗਾਂਧੀ ਜਦ ਕਾਂਗਰਸ ਵਿਚ ਆਇਆ ਤਾਂ ਪਹਿਲਾਂ ਉਸਦੇ ਬਦੇਸ਼ੀ-ਸਵਦੇਸ਼ੀ ਦੇ ਨਾਅਰੇ ਨੇ ਕਿਤੇ ਪੈਰ ਨਹੀਂ ਲੱਗਣ ਦਿੱਤੇ। ਅਖੀਰ ਉਸਨੇ ਗਣੇਸ਼ ਦੀ ਪੂਜਾ ਵਿਚੋਂ ਇਕ ਸਬਕ ਕੱਢਿਆ। ਉਸ ਨੂੰ ਇਹ ਖਿਆਲ ਆਇਆ ਕਿ ਦੱਖਣੀ ਏਸ਼ੀਆ ਵਿਚ ਜ਼ਿਆਦਾਤਰ ਹਿੰਦੂ ਵੱਖ-ਵੱਖ ਦੇਵਤਿਆਂ ਦੀ ਪੂਜਾ ਕਰਦੇ ਹਨ ਅਤੇ ਗਣੇਸ਼ ਦੀ ਪੂਜਾ ਮਹਾਂਰਾਸ਼ਟਰ ਤੱਕ ਸੀਮਤ ਹੈ। ਜੇਕਰ ਇਕ ਭਾਰਤੀ ਲਹਿਰ ਖੜ੍ਹੀ ਕਰਨੀ ਹੈ ਤਾਂ ਇਕ ਐਸਾ ਦੇਵਤਾ ਉਪਰ ਉਠਾਉਣਾ ਪਵੇਗਾ ਜਿਸਦੀ ਜ਼ਿਆਦਾਤਰ ਹਿੰਦੂ ਪੂਜਾ ਕਰ ਸਕਣ। ਇਸ ਖੋਜ ਤਹਿਤ ਉਸ ਨੇ ''ਰਘੂਪਤ ਰਾਘਵ ਰਾਜਾ ਰਾਮ'' ਦਾ ਗਾਇਨ ਸ਼ੁਰੂ ਕੀਤਾ ਤੇ ਛੇਤੀ ਹੀ ਇਸ ਦੇ ਅਸਰ ਨੇ ਉਸ ਨੂੰ ਇਸ ਸਿੱਟੇ 'ਤੇ ਪਹੁੰਚਾਇਆ ਕਿ ਰਾਮ ਭਗਤਾਂ ਲਈ ਰਾਮ ਰਾਜ ਦਾ ਨਾਅਰਾ ਇਕ ਖਿੱਚਪਾਊ ਰਾਜਨੀਤਕ ਸੰਦੇਸ਼ ਬਣੇਗਾ। ਭਾਰਤੀ ਰਾਜਨੀਤੀ ਦੇ ਬਾਪੂ ਨੇ ਵੈਦਿਕ ਸੰਸਕ੍ਰਿਤੀ ਦੇ ਦੋ ਨਾਇਕਾਂ ਨੂੰ ਭਾਰਤੀ ਲੋਕਾਂ ਨੂੰ ਜਾਗਰਿਤ ਤੇ ਜਥੇਬੰਦ ਕਰਨ ਲਈ ਵਰਤਿਆ। ਇਹ ਨਾਇਕ ਸਨ ਰਾਮ ਰਾਜ ਦੇ ਬਾਨੀ ਸ੍ਰੀ ਭਗਵਾਨ ਰਾਮ ਚੰਦਰ ਤੇ ਗੀਤਾ ਦੇ ਉਪਦੇਸ਼ ਦੇਣ ਵਾਲੇ ਭਗਵਾਨ ਕ੍ਰਿਸ਼ਨ। ਧਰਮ ਨਿਰਪੱਖਤਾ ਦਾ ਰਾਜ ਕਰਨ ਵਾਲੇ ਲੋਕਾਂ ਨੂੰ ਪਤਾ ਹੋਣਾ

ਹੈ ਕਿ ਬਾਪੂ ਗਾਂਧੀ ਕਿਸੇ ਵੀ ਇਕੱਠ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਸ਼ਰਤ ਰੱਖਦਾ ਸੀ ਕਿ ਉਥੇ ''ਰਘੁਪਤਿ ਰਾਘਵ ਰਾਜਾ ਰਾਮ'' ਦਾ ਸਿਮਰਨ ਕਰਾਇਆ ਜਾਵੇ।

''ਭਾਰਤ ਮਾਤਾ ਕੀ ਜੈ।'' ਇਹ ਨਾਅਰਾ ਬੰਗਾਲ ਦੇ ਹਿੰਦੂ ਪ੍ਰਚਾਰਕਾਂ ਵੱਲੋਂ ਦੇਸ਼ ਦੀ ਆਜ਼ਾਦੀ ਲਈ ਨਹੀਂ ਬਲਕਿ ਹਿੰਦੂ ਧਰਮ ਦੀ ਰਾਖੀ ਲਈ ਲਾਇਆ ਗਿਆ ਸੀ ਤੇ ਹਿੰਦੂ-ਮੁਸਲਿਮ ਝਗੜਿਆਂ ਵਿਚ ਇਹ ਹਿੰਦੂ ਜਹਾਦ ਦਾ ਨਾਅਰਾ ਹੁੰਦਾ ਸੀ। ''ਵੰਦੇ ਮਾਤਰਮ'' ਦਾ ਕੱਟੜ ਹਿੰਦੂ ਫਿਰਕੂ ਨਾਅਰਾ ਬੰਗਾਲ ਬਿਹਾਰ ਉੜੀਸਾ ਤੋਂ ਵੱਧਦਾ ਵੱਧਦਾ ਸਾਰੇ ਭਾਰਤ ਵਿਚ ਹਿੰਦੂ ਜਨੂੰਨ ਭੜਕਾਉਣ ਵਿਚ ਕਾਮਯਾਬ ਰਿਹਾ ਤੇ ਆਖਰ ਇਹ ਸਾਰੇ ਹਿੰਦੂ ਧਾਰਮਿਕ ਨਾਅਰੇ ਰਾਮ ਰਾਜ, ਭਾਰਤ ਮਾਤਾ ਕੀ ਜੈ ਤੇ ਵੰਦੇ ਮਾਤਰਮ, ਭਾਰਤੀ ਕੌਮੀ ਲਹਿਰ ਦੀ ਬੁਨਿਆਦ ਬਣੇ। ਇਨ੍ਹਾਂ ਨਾਅਰਿਆਂ ਨੇ ਏਸ਼ੀਆ ਦੀ ਹਿੰਦੂ ਵਸੋਂ ਨੂੰ ਇਕ ਪਲੇਟਫਾਰਮ ਤੇ ਲਿਆ ਕੇ ਕਾਂਗਰਸ ਦੇ ਦੁਆਲੇ ਘੁਮਾਇਆ ਤੇ ਭਾਰਤੀ ਕੌਮੀ ਰਾਜ ਦੀ ਬੁਨਿਆਦ ਰੱਖੀ।

ਖਰਬੂਜੇ ਨੂੰ ਦੇਖ ਕੇ ਖਰਬੂਜੇ ਨੇ ਰੰਗ ਫੜ੍ਹਿਆ ਤੇ ਮੁਸਲਿਮ ਭਾਈਚਾਰੇ ਨੇ ਲੋਕ ਰਾਜ ਪ੍ਰਣਾਲੀ ਵਿਚ ਲੋੜੀਂਦੇ ਕੌਮੀ ਆਧਾਰ ਨੂੰ ਪੂਰਿਆਂ ਕਰਨ ਲਈ ਆਪਣੇ ਆਪ ਨੂੰ ਇਕ ਕੌਮ ਦੇ ਰੂਪ ਵਿਚ ਪੇਸ਼ ਕਰਨਾ ਸ਼ੁਰੂ ਕੀਤਾ। ਹਿੰਦੂਆਂ ਨਾਲੋਂ ਪਛੜੇ ਹੋਣ ਕਰਕੇ ਪਹਿਲਾਂ ਉਹ ਪਛੜੀਆਂ ਕੌਮੀ ਧਾਰਨਾਵਾਂ ਦਾ ਵੀ ਸ਼ਿਕਾਰ ਰਹੇ ਤੇ ਬੰਗਾਲੀ ਪੰਜਾਬੀ ਦੇ ਤੌਰ ਤੇ ਵੰਡੇ ਰਹੇ। ਪਰ ਜਦ ''ਵੰਦੇ ਮਾਤਰਮ'' ਨੇ ਜ਼ੋਰ ਫੜਿਆ ਤਾਂ ਹਿੰਦੂਤਵ ਤੋਂ ਖਤਰਾ ਭਾਂਪਦਿਆ ਉਹ ਇਕ ਮੁੱਠ ਹੋ ਕੇ ਆਪਣੇ ਲਈ ਇਕ ਵੱਖਰਾ ਰਾਜ ਪ੍ਰਾਪਤ ਕਰਲ ਵਿਚ ਕਾਮਯਾਬ ਹੋ ਨਿਬੜੇ। **''ਚਾਹੇ ਉਨ੍ਹਾਂ ਦੇ ਪਛੜੇਵੇਂ ਨੇ ਉਨ੍ਹਾਂ ਦੀ ਰਹਿੰਦੀ ਮੁਸਲਿਮ ਵਸੋਂ ਦਾ ਭਵਿੱਖ ਖਤਰੇ ਵਿਚ ਪਾ ਕੇ ਪਾਕਿਸਤਾਨ ਕਬੂਲ ਲਿਆ ਪਰ ਫਿਰ ਵੀ ਚਾਰ ਪੰਜ ਸੌ ਰਿਆਸਤਾਂ ਵਿਚੋਂ ਦੋ ਮੁਲਕਾਂ ਦਾ ਉਭਰਨਾ ਇਕ ਅਗਾਂਹਵਧੂ ਘਟਨਾ ਸੀ। ਭਾਰਤ ਦੀ ਨਵ-ਉਸਾਰੀ ਵਾਸਤੇ ਧਰਮ ਦੇ ਇਸ ਰੋਲ ਨੂੰ ਸਲਾਮ ਕਰਨੀ ਚਾਹੀਦੀ ਹੈ ਜਿਸਨੇ ਇਕ ਦੂਜੇ ਨਾਲ ਲੜਦੀਆਂ ਸੈਂਕੜੇ ਰਿਆਸਤਾਂ ਨੂੰ ਰਾਮ-ਰਾਜ ਤੇ ਪਾਕਿਸਤਾਨ ਰਾਜ ਦੇ ਰੂਪ ਵਿਚ ਉੱਚੇ ਪੱਧਰ ਦੇ ਰਾਜਾਂ ਵਿਚ ਤਬਦੀਲ ਕੀਤਾ।**

ਸਿੱਖ ਭਾਈਚਾਰਾ ਜੋ ਗੁਲਾਮ ਜ਼ਿੰਦਗੀ ਜੀਉਣ ਦਾ ਆਦੀ ਨਹੀਂ ਸੀ ਬਣਿਆ ਅੰਗਰੇਜ਼ਾਂ ਤੋਂ ਹਾਰ ਤੋਂ ਤੁਰੰਤ ਬਾਅਦ ਆਜ਼ਾਦੀ ਦੀ ਲੜਾਈ ਵਿਚ ਕੁੱਦ ਪਿਆ ਤੇ ਸਾਰੇ ਏਸ਼ੀਆਈ ਲੋਕਾਂ ਲਈ ਜਾਗਰਤੀ ਦੀਆਂ ਉਦਾਹਰਣਾਂ ਪੈਦਾ ਕਰਨ ਲੱਗਾ। ਪਰ ਆਜ਼ਾਦੀ ਦੀ ਲੜਾਈ ਵਿਚ ਉਸ ਦੀ ਇਕ ਕਮਜ਼ੋਰੀ ਉਸ ਨੂੰ ਮਾਰਦੀ ਰਹੀ। ਇਹ ਕਮਜ਼ੋਰੀ ਸੀ ਬਦਲੇ ਹੋਏ ਰਾਜਨੀਤਿਕ ਦੌਰ ਵਿਚ ਇਕ ਕੌਮੀ ਇਕਾਈ ਦੀ ਲੋੜ ਦਾ ਅਹਿਸਾਸ ਕਰਨ ਦੀ। ਪੰਜਾਬ ਵਿਚੋਂ ਜਦ ਸਿੱਖ ਰਾਜ ਦਾ ਖਾਤਮਾ ਹੋਇਆ ਤਾਂ ਰਾਜ ਪ੍ਰਣਾਲੀ ਹੋਰ ਸੀ। ਪਰ ਜਦ ਅੰਗਰੇਜ਼ਾਂ ਤੋਂ ਆਜ਼ਾਦੀ ਪ੍ਰਾਪਤ ਕੀਤੀ ਜਾ ਰਹੀ ਸੀ ਤਾਂ ਸਨਅਤੀ-ਸਮਾਜਕ ਤਬਦੀਲੀਆਂ ਆ ਰਹੀਆਂ ਸਨ ਤੇ ਕੌਮੀ ਰਾਜਾਂ ਦੀ ਸਥਾਪਨਾ ਦਾ ਦੌਰ

ਸੀ। ਯੂਰਪੀ ਸਿਧਾਂਤਕਾਰਾਂ ਨੇ ਸ਼ੁਰੂ ਸ਼ੁਰੂ ਵਿਚ ਜਮਹੂਰੀ ਇਨਕਲਾਬਾਂ ਦੀ ਵਿਆਖਿਆ ਕਰਦਿਆਂ ਕੌਮ ਨੂੰ ਇਕ ਵਿਸ਼ੇਸ਼ ਖਿੱਤੇ ਦੀ ਇਕ ਵਿਸ਼ੇਸ਼ ਨਸਲ ਤੇ ਸਭਿਆਚਾਰ ਦੀ ਵਸੋਂ ਕਿਹਾ ਸੀ। ਪਰ ਹੌਲੀ-ਹੌਲੀ ਕੌਮ ਦੇ ਰੂਪ ਨੇ ਸਮਾਜਕ ਵਿਲੱਖਣਤਾਵਾਂ ਦੇ ਪ੍ਰਭਾਵ ਹੇਠ ਆਪਣੀਆ ਵਿਆਖਿਆਵਾਂ ਵੀ ਬਦਲੀਆਂ ਤੇ ਆਖਰ ਇਹ ਇਕ ਰਾਜਨੀਤਿਕ ਪ੍ਰਬੰਧ ਲਈ ਤਾਂਘਦੇ ਲੋਕਾਂ ਦੇ ਇਕ ਮੁੱਠ ਜਨ-ਸਮੂਹ ਤੱਕ ਪਹੁੰਚ ਗਈ ਜੋ ਵਿਸ਼ੇਸ਼ ਖਿੱਤੇ ਤੇ ਆਪਣੇ ਉਪਰ ਆਪਣਾ ਰਾਜ ਕਾਇਮ ਕਰਨਾ ਚਾਹੁੰਦੇ ਜਾਂ ਕਰ ਚੁੱਕੇ ਹੁੰਦੇ।

ਕੂਕਾ ਲਹਿਰ ਤੋਂ ਸਿੱਖਾਂ ਨੇ ਆਪਣੇ ਆਪ ਨੂੰ ਇਕ ਕੌਮ ਦਾ ਰੂਪ ਨਹੀਂ ਦਿੱਤਾ ਬਲਕਿ ਇਕ ਸਮਾਜ ਰਖਿਅਕ ਧਾਰਮਿਕ ਸਮੂਹ ਹੀ ਸਾਬਤ ਕੀਤਾ। ਇਸ ਤੋਂ ਬਾਅਦ ਉਹ ਇਕ ਭਾਈਚਾਰੇ ਦੇ ਰੂਪ ਵਿਚ ਪੰਜਾਬ ਅੰਦਰ ਰਾਜ ਕਰਨ ਦੇ ਹੱਕਦਾਰ ਕਬੀਲੇ ਦੇ ਤੌਰ ਤੇ ਆਪਣੇ ਆਪ ਨੂੰ ਸਮਝਦੇ ਆਏ।

ਪੰਜਾਬ ਦੇ ਲੋਕ ਮੁਸਲਿਮ ਤੇ ਹਿੰਦੂ ਦੋ ਕੌਮਾਂ ਵਿਚ ਪੂਰੀ ਤਰ੍ਹਾਂ ਜਥੇਬੰਦ ਹੋ ਗਏ ਤੇ ਸਿੱਖ ਉਨ੍ਹਾਂ ਵਿਚਕਾਰ ਡੱਕੇ ਡੋਲੇ ਖਾਣ ਲੱਗੇ। ਆਖ਼ਰ ਉਨ੍ਹਾਂ ਨੇ ਵੀ ਆਪਣੇ ਆਪ ਨੂੰ ਇਕ ਵੱਖਰੀ ਕੌਮ ਐਲਾਨ ਦਿੱਤਾ ਪਰ ਕੌਮ ਲਈ ਜ਼ਰੂਰੀ ਇਕ ਵਿਸ਼ੇਸ਼ ਖਿੱਤਾ ਉਨ੍ਹਾਂ ਪਾਸ ਕਿਹੜਾ ਹੋਵੇ ਇਹ ਮਾਮਲਾ ਉਹ ਹੱਲ ਨਾ ਕਰ ਸਕੇ।

ਭਾਰਤੀ ਕੌਮ ਦੀ ਉਸਾਰੀ ਵਿਚ ਰੁਝੇ ਲੀਡਰ ਕਾਫੀ ਦੂਰਅੰਦੇਸ਼ ਸਨ। ਉਹ ਹੌਲੀ-ਹੌਲੀ ਲੋਕਾਂ ਨੂੰ ਭਾਰਤੀ ਕਰਨ ਦੀ ਪ੍ਰਕ੍ਰਿਆ ਵਿਚ ਪਾ ਕੇ ਇਕ ਜੁਟ ਕੌਮ ਬਣਾਉਣ ਦੀ ਲਾਈਨ ਤੇ ਚਲਦੇ ਸਨ। ਗਾਂਧੀ, ਪਟੇਲ ਤੇ ਨਹਿਰੂ ਭਲੀ-ਭਾਂਤੀ ਜਾਣਦੇ ਸਨ ਕਿ ਜੇਕਰ ਉਨ੍ਹਾਂ ਕਾਹਲੀ ਨਾਲ ਕਿਤੇ ਦੇਸ ਦਾ ਵੈਦਿਕ ਕਰਨ ਕੀਤਾ ਤਾਂ ਇਹ ਖਿੰਡ ਸਕਦਾ ਹੈ ਇਸ ਲਈ ਉਨ੍ਹਾਂ ਇਸ ਨੂੰ ਪੂਰੀ ਬਰੀਕੀ ਨਾਲ ਵੈਦਿਕ ਰੂਪ ਦਿੱਤਾ। ਇਸ ਦਾ ਨਾ ਭਾਰਤ ਵਰਸ਼ ਹਿੰਦੂ ਵੈਦਿਕ ਕਾਲ ਦਾ ਹੀ ਪ੍ਰਤੀਕ ਹੈ।

ਹਿੰਦੂ ਰਾਜਿਆਂ ਦੇ ਸੋਨ-ਕਾਲ ਦੇ ਨਾਂ ਨਾਲ ਜਾਣੇ ਜਾਂਦੇ ਗੁਪਤ ਤੇ ਮੋਰੀਆ ਕਾਲ ਦੇ ਸਤੰਭਾਂ ਦੇ ਪਵਿੱਤਰ ਸ਼ੇਰਾਂ ਦੇ ਨਿਸ਼ਾਨ ਨੂੰ ਕੌਮੀ ਮੋਹਰ ਬਣਾ ਕੇ ਉਸਦੇ ਹੇਠਾਂ ਪਵਿੱਤਰ ਹਿੰਦੂ ਸਲੋਕ ''ਸਤਯਮੇਵ ਜਯਤੇ'' ਉੱਕਰ ਦਿੱਤਾ ਗਿਆ। ਗੈਰ-ਵੈਦਿਕ ਲੋਕਾਂ ਵਿਰੁੱਧ ਜਹਾਦ ਦਾ ਨਾਅਰਾ ਦੇਂਦੇ ਬੰਗਾਲੀ ਗੀਤ ਵੰਦੇ-ਮਾਤਰਮ ਨੂੰ ਕੌਮੀ ਗੀਤ ਕਰਾਰ ਦੇ ਦਿੱਤਾ ਗਿਆ। ਚਾਹੇ ਕਾਫੀ ਲੰਮੇ ਚਿਰ ਇਸਦਾ ਗਾਇਨ ਜਨਤਕ ਤੌਰ 'ਤੇ ਨਾ ਕਰਾਇਆ ਗਿਆ ਕਿਉਂਕਿ ਇਸ ਦੇ ਗਾਇਨ ਨਾਲ ਹਿੰਦੂ ਮੁਸਲਿਮ ਦੰਗੇ ਭੜਕ ਉਠਦੇ ਹਨ। ਹੈਰਾਨੀ ਦੀ ਗੱਲ ਹੈ ਕਿ ਇਸ ਫਿਰਕੂ ਕੌਮੀ ਗੀਤ ਦੇ ਉਚਤਮ ਸੰਵਿਧਾਨਕ ਦਰਜੇ ਬਾਰੇ ਕਈ ਪੜ੍ਹੇ ਲਿਖੇ ਲੋਕਾਂ ਨੂੰ ਵੀ ਜਾਣਕਾਰੀ ਪ੍ਰਾਪਤ ਨਾ ਹੋ ਸਕੀ।

**ਭਾਰਤ ਦੀ ਕੌਮੀ ਸਰਕਾਰ ਨੇ ਆਪਣੀ ਵੈਦਿਕ ਮੋਹਰ ਨਾਲ ਜੋ ਪਹਿਲਾਂ ਇਤਿਹਾਸਕ ਫੈਸਲਾ ਲਿਆ, ਉਹ ਸੀ ਮਹਿਮੂਦ ਗਜ਼ਨਵੀ ਦੁਆਰਾ ਕਥਿਤ ਤੌਰ ਤੇ ਢਾਏ ਸੋਮਨਾਥ ਮੰਦਰ ਦੀ**

**ਕੌਮੀ ਮੁੜ ਉਸਾਰੀ। ਇਸ ਫੈਸਲੇ ਦੀ ਭਾਵਨਾ ਸੀ ਕਿ ਭਾਰਤੀ ਹਿੰਦੂ ਲੋਕਾਂ ਨੇ ਮੁਸਲਿਮ ਗੁਲਾਮੀ ਦੀ ਇਸ ਘਟਨਾ ਦਾ ਬਦਲਾ ਲੈ ਕੇ ਮੁੜ ਕੌਮੀ ਆਜ਼ਾਦੀ ਦਾ ਰਾਜ ਸਥਾਪਤ ਕਰ ਲਿਆ ਹੈ। ਭਾਰਤ ਦਾ ਪਹਿਲਾ ਗ੍ਰਹਿ ਮੰਤਰੀ ਪਟੇਲ ਇਸ ਮੰਦਰ ਦੀ ਖ਼ੁਦ ਕਾਰ ਸੇਵਾ ਕਰਾਉਣ ਲਈ ਮੰਦਰ ਵਿਚ ਬੈਠਾ ਰਿਹਾ। ਪਿਛੇ ਜਿਹੇ ਜਦ ਭਾਰਤੀ ਰਾਜ ਦੀ ਇਸ ਇਤਿਹਾਸਕ ਕਾਰਵਾਈ ਦੀ ਅਡਵਾਨੀ ਵੱਲੋਂ ਯਾਦ ਤਾਜ਼ਾ ਕਰਵਾ ਕੇ ਸੋਮਨਾਥ ਤੋਂ ਅਯੁਧਿਆ ਤਕ ਦਾ ਮਾਰਚ ਕੀਤਾ ਗਿਆ ਸੀ ਤਾਂ ਕਾਂਗਰਸ ਵੱਲੋਂ ਇਸ ਨੂੰ ਫਿਰਕਾਪ੍ਰਸਤੀ ਕਿਹਾ ਗਿਆ ਸੀ।**

ਇਨ੍ਹਾਂ ਧਾਰਮਿਕ ਚਾਲਾਂ ਨੂੰ ਫਿਰਕੂ ਕਹਿ ਕੇ ਭੰਡਣਾ ਕੋਈ ਚੰਗੀ ਗੱਲ ਨਹੀਂ ਹੈ। ਇਹ ਅਸਲ ਵਿਚ ਸਮੇਂ ਦੀ ਕੌੜੀ ਸਚਾਈ ਹੈ ਕਿ ਭਾਰਤੀ ਰਾਜ ਨੂੰ ਸਿਰਫ ਤੇ ਸਿਰਫ ਹਿੰਦੂਤਵ ਹੀ ਇਕੱਠਿਆਂ ਰੱਖ ਸਕਦਾ ਹੈ ਤੇ ਰੱਖ ਰਿਹਾ ਹੈ। ਇਹ ਗੱਲ ਸਾਰੀਆਂ ਕੌਮੀ ਰਾਜਨੀਤਿਕ ਪਾਰਟੀਆਂ ਜਾਣਦੀਆਂ ਹਨ। ਏਸੇ ਕਰਕੇ ਨਾਸਤਕ ਅਖਵਾਉਦ ਵਾਲੀਆਂ ਕਮਿਊਨਿਸਟ ਪਾਰਟੀਆਂ ਨੇ ਵੀ ਕਦੇ ਵੰਦੇ ਮਾਤਰਮ ਦਾ ਵਿਰੋਧ ਨਹੀਂ ਕੀਤਾ ਤੇ ''ਭਾਰਤ ਭਾਗ ਵਿਧਾਤਾ'' ਦਾ ਗਾਇਨ ਕਰਨ ਨੂੰ ਮਾੜਾ ਨਹੀਂ ਸਮਝਿਆ।

ਪੰਜਾਬ ਤੇ ਕਸ਼ਮੀਰ ਅੰਦਰ ਗੈਰ-ਭਾਰਤੀਆਂ (ਗੈਰ-ਹਿੰਦੂਆਂ) ਵੱਲੋਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਸਮੱਸਿਆਵਾਂ ਦੇ ਵਧਣ ਦੇ ਖਤਰੇ ਨੂੰ ਭਾਂਪਦਿਆਂ ਗਰਮ ਖਿਆਲੀ ਭਾਰਤੀ ਜੰਤਾ ਪਾਰਟੀ ਨੇ ਕਾਂਗਰਸ ਮਾਡਲ ਨੂੰ ਰੱਦ ਕਰਨ ਲਈ ਜਲਦੀ ਭਾਰਤੀਕਰਨ ਦਾ ਬੀੜਾ ਚੁਕਿਆ ਤੇ ਸੋਮਨਾਥ ਤੋਂ ਭਾਰਤੀ ਯਾਤਰਾ ਸ਼ੁਰੂ ਕੀਤਾ। ਇਸ ਯਾਤਰਾ ਨੂੰ ਰਾਮ ਭਗਤਾਂ ਵੱਲੋਂ ਚੰਗਾ ਹੁੰਗਾਰਾ ਮਿਲਿਆ ਤੇ ਇਸ ਉਤਸ਼ਾਹ ਵਿਚ ਭਾਰਤੀ ਕੌਮ ਆਪਣੇ ਅਗਲੇ ਪੜਾਅ 'ਤੇ ਪਹੁੰਚ ਗਈ। ਗਜ਼ਨਵੀਂ ਤੋਂ ਬਾਬਰ ਤੱਕ ਦਾ ਬਦਲਾ ਚੁਕਵਾ ਦਿੱਤਾ ਗਿਆ।

ਰਾਜ ਕਰ ਰਹੀ ਧਿਰ ਪਹਿਲਾਂ ਨਾਲੋਂ ਤੇਜ਼ ਪਰ ਪਰਦੇ ਹੇਠ ਭਾਰਤੀਕਰਨ ਦੀ ਹਾਮੀ ਹੈ। ਬੀ.ਜੇ.ਪੀ. ਹੁਣ ਢਿੱਲ-ਮੱਠ ਦੇ ਵਿਰੁੱਧ ਹੈ ਤੇ ਭਾਰਤ ਦਾ ਅਸਲ ਸਰੂਪ ਸਾਹਮਣੇ ਲਿਆਉਣਾ ਚਾਹੁੰਦੀ ਹੈ। ਇਨ੍ਹਾਂ ਹਾਲਤਾਂ ਵਿਚ ਕਾਂਗਰਸ ਵੱਲੋਂ ਆਪਣਾ ਮਾਡਲ ਕੁਝ ਹੋਰ ਸਮੇਂ ਲਈ ਬਚਾਈ ਰੱਖਣ ਲਈ ਧਰਮ ਤੇ ਰਾਜਨੀਤੀ ਵਾਲਾ ਬਿਲ ਲਿਆਂਦਾ ਗਿਆ ਹੈ। ਦੇਖਣ ਨੂੰ ਇਹ ਬਿਲ ਬੀ.ਜੇ.ਪੀ. ਦੇ ਵਿਰੁੱਧ ਜਾਪਦਾ ਹੈ ਪਰ ਅਸਲ ਵਿਚ ਇਹ ਭਾਰਤੀਕਰਨ ਦੀ ਪ੍ਰਕ੍ਰਿਆ ਵਿਚ ਕਿਸੇ ਕਿਸਮ ਦੀ ਆਉਂਦੀ ਮੁਸ਼ਕਲ ਨੂੰ ਦੂਰ ਕਰਨ ਲਈ ਲਿਆਂਦਾ ਜਾ ਰਿਹਾ ਹੈ। ਇਸ ਬਿਲ ਦੁਆਰਾ ਵੈਦਿਕ ਸੰਸਕ੍ਰਿਤੀ ਦੇ ਵਿਰੁੱਧ ਉਠਣ ਵਾਲੀਆਂ ਲਹਿਰਾਂ ਨੂੰ ਦੇਸ਼ ਧ੍ਰੋਹੀ ਕਰਾਰ ਦੇ ਕੇ ਪਾਬੰਦੀ ਲਾਈ ਜਾ ਸਕੇਗੀ ਤੇ ਉਨ੍ਹਾਂ ਗੈਰ-ਵੈਦਿਕ ਲੋਕਾਂ ਨੂੰ ਗੁੰਮਰਾਹ ਕਰਨ ਲਈ ਕਿਸੇ ਗਰਮ-ਭਾਰਤੀ ਗਰੁੱਪ ਨੂੰ ਵੀ ਰੋਕਿਆ ਜਾ ਸਕੇਗਾ।

ਆਪਣੇ ਆਪ ਨੂੰ ਅਗਾਂਹਵੱਧੂ ਅਖਵਾਉਣ ਵਾਲੇ ਲੋਕ ਇਸ ਬਿਲ ਦਾ ਸਮਰਥਨ ਕਰ

ਰਹੇ ਹਨ। ਠੀਕ ਉਸੇ ਤਰ੍ਹਾਂ ਜਿਵੇਂ ਉਨ੍ਹਾਂ ਨੇ ਹੁਣ ਤੱਕ ਭਾਰਤੀ ਰਾਜ ਦੇ ਮਿੱਠੇ-ਫਿਰਕੂ ਸੁਭਾਅ ਦਾ ਕੀਤਾ ਹੈ। ਪਰ ਸਮਾਜਕ ਸਮੱਸਿਆਵਾਂ ਹੋਰ ਗੰਭੀਰ ਹੋ ਜਾਣਗੀਆਂ ਕਿਉਂਕਿ ਜਦ ਵੈਦਿਕ ਕੁਹਾੜਾ ਹੋਰ ਧਰਮਾਂ ਉਪਰ ਚੱਲੇਗਾ ਤਾਂ ਕੁਦਰਤੀ ਪ੍ਰਭਾਵਤ ਲੋਕ ਆਪੋ ਆਪਣੇ ਧਰਮ ਦੇ ਘੇਰੇ ਵਿਚ ਜਥੇਬੰਦਕ ਹੋ ਕੇ ਲੜਨਗੇ। ਪਰ ਇਸ ਝਗੜੇ ਦੀ ਭਾਰੂ ਧਿਰ ਆਪਣੇ ਆਪ ਨੂੰ ਧਰਮ ਨਿਰਪੱਖ ਕਹਾ ਕੇ ਹੇਠਲੀ ਧਿਰ ਨੂੰ ਫਿਰਕੂ ਕਰਾਰ ਦੇਵੇਗੀ ਤੇ ਦੋਹਰੀ ਮਾਰ ਮਾਰੇਗੀ।

ਇਸ ਲਈ ਭਾਰਤੀ ਕੌਮ ਦੇ ਏਥੇ ਵਸਦੇ ਲੋਕਾਂ ਦਾ ਤੇ ਸਮੁੱਚੇ ਮਾਨਵੀ ਸਮਾਜ ਦਾ ਭਲਾ ਇਸ ਗੱਲ ਵਿਚ ਹੈ ਕਿ ਹਕੀਕਤ ਨੂੰ ਤਸਲੀਮ ਕਰਕੇ ਚਲਿਆ ਜਾਵੇ। ਹਕੀਕਤ ਇਹ ਹੈ ਕਿ ਭਾਰਤੀ ਕੌਮ ਦੀ ਬੁਨਿਆਦ ਧਾਰਮਕ ਹੈ ਤੇ ਭਾਰਤੀ ਰਾਜ ਦੀ ਬਣਤਰ ਧਾਰਮਕ ਹੈ। ਇਸ ਦਾ ਚਲਣ ਧਾਰਮਿਕ ਹੈ ਤੇ ਇਸ ਵਿਚ ਪੈਦਾ ਹੋ ਰਹੇ ਰੁਝਾਨ ਆਮ ਕਰਕੇ ਧਾਰਮਿਕ ਹਨ। ਲੋਕਾਂ ਦੀ ਕਤਾਰਬੰਦੀ ਧਾਰਮਿਕ ਹੈ ਤੇ ਆਉਣ ਵਾਲੇ ਸਮੇਂ ਇਨ੍ਹਾਂ ਦੇ ਰਾਜਨੀਤਿਕ ਸੰਗਠਨ ਧਾਰਮਿਕ ਹੀ ਰਹਿ ਸਕਣਗੇ। ਧਰਮ 'ਤੇ ਖੜ੍ਹੇ ਕਿਸੇ ਦੇਸ਼ ਅੰਦਰ ਐਸਾ ਕਾਨੂੰਨ ਬਣਾਉਣ ਜਿਸ ਮੁਤਾਬਕ ਵਿਰੋਧੀ ਤੇ ਧਰਮ ਅਧਾਰਤ ਰਾਜਨੀਤੀ ਚਲਾਉਣ ਦੀ ਪਾਬੰਦੀ ਲਗੇ ਇਕ ਗੈਰ-ਲੋਕਰਾਜੀ ਤੇ ਗੈਰ-ਮਾਨਵੀ ਕਦਮ ਹੈ।

ਸਾਨੂੰ ਇਹ ਪੱਕਾ ਵਿਸ਼ਵਾਸ਼ ਹੈ ਕਿ ਜੇਕਰ ਧਰਮ ਤੇ ਰਾਜਨੀਤੀ ਨੂੰ ਅੱਡ ਕਰਨ ਦੀ ਅਸਲ ਪ੍ਰਕ੍ਰਿਆ ਲੋਕਾਂ ਦੇ ਸਾਹਮਣੇ ਰੱਖੀ ਜਾਵੇ ਤਾਂ ਕੋਈ ਵੀ ਭਾਰਤੀ ਕੌਮੀ ਪਾਰਟੀ ਇਸ ਦੀ ਹਮਾਇਤ ਨਹੀਂ ਕਰ ਸਕਦੀ। **ਇੰਜ ਕੀਤਿਆਂ ਇਸਦਾ ਦੇਵਤਾ ਨਾਂ ਭਾਰਤ ਖਤਮ ਕਰਨਾ ਪੈਂਦਾ ਹੈ, ਸੰਸਕ੍ਰਿਤ, ਜੋ ਕੋਈ ਬੋਲਦਾ ਹੈ ਉਹੋ ਪੜ੍ਹੇ ਤੇ ਦੇਸ਼ ਦੀ ਲਿੱਪੀ ਜ਼ਰੂਰੀ ਨਹੀਂ ਦੇਵ ਨਾਗਰੀ ਹੋਵੇ। ਗਾਂ-ਮੱਝ, ਖੋਤਾ, ਘੋੜਾ ਤੇ ਸੂਰ ਇਕੋ ਰੂਪ ਵਿਚ ਦੇਖੇ ਜਾਣ। ਗੰਗਾ ਦੀ ਪਵਿੱਤਰਤਾ ਸਤਲੁਜ ਨਾਲ ਮੇਲ ਖਾਵੇ। ਧਰਮ ਚੱਕਰ ਅਲੋਪ ਹੋ ਜਾਵੇ ਤੇ ਝੰਡਾ ਸਿਰਫ ਅਸਮਾਨੀ ਰੰਗ ਧਾਰਨ ਕਰ ਲਵੇ। ਵੇਦਾਂ ਦੇ ਸ਼ਲੋਕ ਸਰਕਾਰੀ ਕੌਮੀ ਮੋਹਰਾਂ ਵਿਚੋਂ ਅਲੋਪ ਹੋ ਜਾਣ ਤੇ ਪੁਰਾਤਨ ਵਿਭਾਗ ਵੱਲੋਂ ਖਰਚੇ ਅਰਬਾਂ-ਖਰਬਾਂ ਰੁਪਏ ਮੰਦਰਾਂ ਤੋਂ ਵਾਪਸ ਵਸੂਲ ਕਰ ਲਏ ਜਾਣ। ਵੰਦੇ ਮਾਤਰਮ ਤੇ ਭਾਰਤ ਭਾਗ ਵਿਧਾਤਾ ਦਾ ਗਾਇਨ ਬੰਦ ਹੋਵੇ ਤੇ ਕੌਮੀ ਸਮਾਰਕਾਂ ਤੇ ਜੋਤਾਂ ਜਗਣੀਆਂ, ਨਾਰੀਅਲ ਭੰਨਣੇ ਬੰਦ ਕੀਤੇ ਜਾਣ। ਇਹ ਸਭ ਕੁਝ ਹੋ ਨਹੀਂ ਸਕਦਾ ਕਿਉਂਕਿ ਇੰਞ ਕਰਨ ਨਾਲ ਇਸ ਪਵਿੱਤਰ ਦੇਸ਼ ਦੀ ਬੁਨਿਆਦ ਹਿੱਲ ਜਾਂਦੀ ਹੈ। ਇਸ ਕਰਕੇ ਅਸੀਂ ਅਜਿਹੇ ਗੈਰ-ਹਕੀਕੀ ਨਾਅਰੇ ਲਾ ਕੇ ਮਨ ਪਰਚਾਵਾ ਨਹੀਂ ਕਰਨਾ ਚਾਹੁੰਦੇ। ਧਰਮ ਅਧਾਰਤ ਰਾਜ ਧਰਮ ਤੇ ਰਾਜਨੀਤੀ ਨੂੰ ਅਲੱਗ ਕਰਨ ਦਾ ਸ਼ੋਸ਼ਾ ਛੱਡ ਕੇ ਆਪਣੇ ਲਈ ਹੀ ਮੁਸ਼ਕਿਲਾਂ ਖੜ੍ਹੀਆਂ ਕਰ ਸਕਦਾ ਹੈ। ਮਾਨਵਤਾ ਦਾ ਭਲਾ ਹਕੀਕਤ- ਪਸੰਦੀ ਵਿਚ ਹੈ।**

**ਸਿਰਦਾਰ ਜਸਵੰਤ ਸਿੰਘ ਖਾਲੜਾ**

000

# "ਸਿੱਖ ਜਰਾਇਮ ਪੇਸ਼ਾ ਕੌਮ"?

ਉੱਭਰ ਰਹੀ ਸਿੱਖ ਸ਼ਕਤੀ ਨੂੰ ਭਾਂਪ ਕੇ ਬ੍ਰਾਹਮਣਾਂ ਤੇ ਮੌਲਾਣਿਆਂ ਨੇ ਅਕਬਰ ਕੋਲ ਕਈ ਵਾਰ ਸ਼ਿਕਾਇਤ ਕੀਤੀ ਕਿ ਇਨ੍ਹਾਂ ''ਸਿਰ ਫਿਰੇ'' ਲੋਕਾਂ ਨੂੰ ਵੱਧਣੋਂ ਰੋਕਿਆ ਜਾਵੇ। ਅਕਬਰ ਕਾਫ਼ੀ ਸਹਿਨਸ਼ੀਲ ਹਾਕਮ ਸੀ, ਉਸਨੇ ਜਨੂੰਨੀਆਂ ਦੀ ਕੋਈ ਗੱਲ ਨਾਂ ਸੁਣੀ। ਜਹਾਂਗੀਰ ਰਾਜਗੱਦੀ ਤੇ ਬੈਠਾ, ਉਸਨੇ ਕਈ ਬਹਾਨੇ ਤੇ ਇਲਜ਼ਾਮ ਲਾਕੇ, ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਵਾ ਦਿੱਤਾ। ਤੋਜਕਿ ਜਹਾਂਗੀਰੀ (ਰਾਜਸੀ ਹੁਕਮਾਂ ਦਾ ਰਜਿਸਟਰ) ਵਿਚ ਲਿਖਿਆ ਮਿਲਦਾ ਹੈ ਕਿ ''ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦਿੱਤਾ ਜਾਵੇ, ਜਿੱਥੇ ਨਾਸਮਝ ਤੇ ਬਦਇਖ਼ਲਾਕ ਲੋਕ ਇਕੱਠੇ ਹੁੰਦੇ ਹਨ....''। ਫਿਰ ਬਾਬਾ ਬੰਦਾ ਸਿੰਘ ਬਹਾਦਰ ਵਕਤ ਆਪਣੇ ਹੱਕਾਂ ਦੀ ਲੜਾਈ ਲੜ੍ਹ ਰਹੇ ਸਿੱਖ ਯੋਧਿਆਂ ਨੂੰ ਦਿੱਲੀ ਪਤੀ ਬਹਾਦਰ ਸ਼ਾਹ ਨੇ ਹੁਕਮ ਜਾਰੀ ਕਰਕੇ, ''ਨਾਨਕ ਪ੍ਰਸਤਾਂ ਵਾ ਕਤਲਾ ਰਾ'' ਨੂੰ ਕਤਲ ਕਰ ਦੇਣ ਦਾ ਫਤਵਾ ਦਿੱਤਾ। ਇਸ ਤੋਂ ਮਗਰੋਂ ਫਰੁਖਸੀਅਰ ਨੇ ਫਿਰ ਅਜਿਹੇ ਹੀ ਪਾਪ ਭਰੇ ਹੁਕਮ ਜਾਰੀ ਕੀਤੇ। ਜ਼ਕਰੀਆਖਾਨ ਨੇ ਸਿੱਖਾਂ ਦਾ ਸਰਵਨਾਸ਼ ਕਰਨ ਵਿਚ ਕੋਈ ਕਸਰ ਬਾਕੀ ਨਾ ਛੱਡੀ। ਉਸਨੇ ਸਿੱਖ ਦਾ ਸਿਰ ਕੱਟ ਕੇ ਲਿਆਉਣ ਵਾਲੇ ਨੂੰ 80 ਰੁਪੈ ਇਨਾਮ ਦਿੱਤਾ। ਫੜਾਉਣ ਵਾਲੇ ਨੂੰ ਪੰਜਾਹ ਰੁਪੈ ਇਨਾਮ, ਤੇ ਸਿੱਖ ਦੀ ਦਸ ਪਾਉਣ ਵਾਲੇ ਨੂੰ ਦਸ ਰੁਪੈ ਇਨਾਮ ਦਿੱਤਾ। ਇਸ ਭਿਆਨਕ ਸਮੇਂ ਸਿੱਖਾਂ ਨੂੰ ਚੋਰ ਲੁਟੇਰੇ ਡਾਕੂ ਤੇ ਕਾਤਿਲ ਆਖ ਕੇ, ਇੱਕ ਵਾਢਿਓਂ ਮਾਰਿਆ ਗਿਆ। ਇਹ ਲੰਮੀ ਕੌਮੀ ਜੰਗ, ਸਿੱਖ ਜਾਂਨਾ ਹੂਲਕੇ ਲੰਮੇ ਸਮੇਂ ਤੱਕ ਲੜਦੇ ਰਹੇ। ਸਿਰੜ ਸਿਦਕ ਵਿਚ ਰਹਿੰਦਿਆਂ ਜੇਤੂ ਹੋ ਕੇ ਉੱਭਰੇ ਤੇ ਰਾਜ ਭਾਗ ਦੇ ਮਾਲਕ ਬਣ ਗਏ। ਹਿੰਦੂ ਮੁਸਲਮਾਨ ਸਾਰੇ ਸਿੱਖਾਂ ਨੂੰ ''ਸਰਦਾਰ ਜੀ'' ਆਖ ਕੇ ਸਨਮਾਨ ਦੇਣ ਲੱਗ ਪਏ। ਕਵੀਆਂ ਨੇ ਸਿੱਖ ਬਹਾਦਰਾਂ ਦੇ ਸੋਹਿਲੇ ਗਾਏ.........।

30ਮਾਰਚ 1849 ਨੂੰ ਸਿੱਖ ਦੁਬਾਰਾ ਅੰਗਰੇਜ਼ਾਂ ਦੇ ਗੁਲਾਮ ਬਣ ਗਏ। ਰੁਕ ਰੁਕ ਕੇ ਲੜਾਈ ਚਲਦੀ ਰਹੀ। ਵੀਹਵੀਂ ਸਦੀ ਦੇ ਸ਼ੁਰੂਆਤੀ ਦਿਨਾਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਲੜਾਈ ਤੇਜ਼ ਹੋਣ ਲੱਗੀ ਤਾਂ ਫਿਰ ਸਿੱਖ ਮੋਹਰੀ ਕਤਾਰਾਂ ਵਿਚ ਹਿੱਕਾਂ ਡਾਹ ਕੇ ਲੜਨ ਲੱਗੇ। ਲੰਮੀ ਜੰਗ ਤੋਂ ਬਾਅਦ ਭਾਰਤ ਨੂੰ ਆਜ਼ਾਦੀ ਮਿਲ ਗਈ। ਦਿੱਲੀ ਵਿਚ ਦੇਸ਼ ਦੀ ਆਜ਼ਾਦੀ ਦੇ ਖੂਬ ਜਸ਼ਨ ਮਨਾਏ ਜਾ ਰਹੇ ਸਨ। ਪਰ ਸਿੱਖਾਂ ਨੂੰ ਪਤਾ ਹੀ ਨਹੀਂ ਲੱਗ ਰਿਹਾ ਸੀ ਕਿ ਸਾਡਾ ਆਪਣਾ ਦੇਸ਼ ਕਿਹੜਾ ਹੈ? ਸਭ ਕੁਝ ਲੁਟਾ ਕੇ, ਸਕੇ ਸਨਬੰਧੀ ਕਤਲ ਕਰਵਾ ਕੇ ਹਾਰੇ ਹੰਭੇ, ਵਿਲਕਦੇ ਤੜਫਦੇ ਨਵੇਂ ਬਣੇ ''ਆਪਣੇ ਆਜ਼ਾਦ ਭਾਰਤ'' ਵਿਚ ਦਾਖਲ ਹੋਏ

। ਲੰਮੇ ਸਮੇਂ ਤੱਕ ਕੈਂਪਾਂ ਵਿਚ ਰੁਲਦੇ, ਵਿਛੜਿਆਂ ਨੂੰ ਲਭਦੇ, ਮਰਿਆਂ ਨੂੰ ਰੋਂਦੇ ਜੀਵਨ ਗੱਡੀ ਨੂੰ ਧੱਕਾ ਦਿੰਦੇ ਰਹੇ। ਲੰਮੇ ਸਮੇਂ ਦੀ ਉਡੀਕ ਤੋਂ ਬਾਅਦ, ਕਿਸੇ ਨੂੰ ਸਿਰ ਢੱਕਣ ਲਈ ਦੋ ਖਣ (ਦੋ ਮੰਜਿਆਂ ਜੋਗੀ ਛੱਤੀ ਹੋਈ ਥਾਂ) ਮਿਲ ਗਏ। ਬਹੁਤਿਆਂ ਨੂੰ ਉਹ ਭੀ ਨਸੀਬ ਨਾ ਹੋਏ। ਬਚਪਨ ਵਿਚ ਸੰਤਾਲੀ ਦੀ ਵੰਡ ਨਾਲ ਸਬੰਧਤ, ਕਲੇਜਾ ਵਿੰਨ੍ਹ ਦੇਣ ਵਾਲੀ ਕਵਿਤਾ ਸੁਣੀ ਸੀ, ਜਿਸ ਵਿਚੋਂ ਕੁਝ ਲਾਈਨਾਂ ਯਾਦ ਹਨ, ਬਹੁਤੀਆਂ ਵਿਸਰ ਗਈਆਂ ਹਨ। ਬਰਸਾਤ ਦੇ ਦਿਨ ਚਾਰੇ ਪਾਸੇ ਦਰਿੰਦੇ ਲੁਟੇਰੇ ਇਕੱਠੇ ਹੋ ਕੇ ਚਾਂਗਰਾਂ ਮਾਰ ਰਹੇ ਹਨ, ਤਾਂਡਵ ਨਾਚ ਨੱਚ ਰਹੇ ਹਨ। ਬੇਬੱਸ ਬੀਬੀਆਂ ਬੱਚਿਆਂ ਸਮੇਤ ਆਬਰੂ ਬਚਾਂਉਦੀਆਂ, ਕਪਾਹ ਨਰਮੇ ਕਮਾਦਾਂ ਦੇ ਖੇਤਾਂ ਵਿਚ ਲੁਕਦੀਆਂ ਹਨ। ਖੇਤਾਂ ਵਿਚ ਪਾਣੀ ਹੈ, ਉਪਰੋਂ ਬਰਸਾਤ ਹੈ। ਹੁੰਮਸ ਹੈ ਕੀੜੇ ਕਾਢੇ ਹਨ। ਬੱਚੇ ਤੜਫ ਰਹੇ ਹਨ। ਇਸ ਭਿਆਨਕ ਅਵਸਥਾ ਨੂੰ ਬਿਆਨ ਕਰਦੀ, ਨਹਿਰੂ, ਜਿਨਾਹ ਅਤੇ ਗਾਂਧੀ ਵਲ ਸੇਧਤ ਕਵਿਤਾ ਇਉਂ ਸੀ:-

**''ਉਤੋਂ ਲੱਗੀਆਂ ਸਾਉਣ ਦੀਆਂ ਝੜੀਆਂ। ਅਸੀਂ ਭੱਜ ਕਪਾਹੀਂ ਵੜੀਆਂ।**
**ਵਿਚੇ ਫਿਰਦੀਆਂ ਖੜੀਆਂ ਖੜੀਆਂ। ਚੌਂਹ ਪਾਸੀਂ ਪੈ ਗਏ ਘੇਰੇ।**
**ਰੋ ਰੋ ਦਿੰਦੀਆਂ ਬਦ ਦੁਆਵਾਂ, ਬੱਚੇ ਮਰਨ ਜਿਨਾਹ ਤੇਰੇ।**
**ਅਸੀਂ ਕਰਦੀਆਂ ਪਿੱਟ ਸਿਆਪੇ, ਬੱਚੇ ਮਰਨ ਨਹਿਰੂ ਤੇਰੇ, ਬੱਚੇ ਮਰਨ ਗਾਂਧੀ ਤੇਰੇ...।''**

ਸਿੱਖ ਪ੍ਰਵਾਰ ਕਿਉਂਕਿ ਸਾਰਾ ਕੁਝ ਲੁਟਾ ਚੁੱਕੇ ਸਨ, ਅਤੀ ਬਦਹਾਲੀ ਵਿਚ ਸਨ। ਦੂਜੇ ਪਾਸੇ ਦਿੱਲੀ ਯੂਪੀ ਆਦਿ ਇਲਾਕਿਆਂ ਵਿਚ, ਕਿਸੇ ਨੂੰ ਕੰਡਾਂ ਤੱਕ ਨਹੀ ਸੀ ਚੁੱਭਿਆ। ਉਸੇ ਤਰ੍ਹਾਂ ਆਪੋ ਆਪਣੇ ਕਾਰੋਬਾਰਾਂ ਵਿਚ ਮਸਤ। ਕਿਸੇ ਦਾ ਮਨ ਚਾਹੇ ਤਾਂ ਮੰਗਤਿਆਂ ਵਾਂਗ ਕਿਸੇ ਭੁੱਖੇ ਨੂੰ ਦੋ ਰੋਟੀਆਂ ਦੇ ਦੇਵੇ, ਵਰਨਾ ਉਨ੍ਹਾਂ ਦੀ ਜਾਣੇ ਬਲਾ। ਸਿੱਖ ਭਰੇ ਭੀਤੇ ਸਨ, ਹਿੰਦੂ ਲੀਡਰਾਂ ਤੇ ਵਿਸ਼ਵਾਸ ਕੀਤਾ, ਆਪਣਾ ਕੁਝ ਨਾ ਬਣਾਇਆ। ਆਪਣੇ ਸਿੱਖ ਲੀਡਰਾਂ ਨੇ ਲਾਰੇ ਬੜੇ ਦਿੱਤੇ ਪਰ ਅਮਲੀ ਤੌਰ ਤੇ ਪੂਰੀ ਕੌਮ ਨੂੰ ਮੰਝਧਾਰ ਵਿਚ ਡੋਬ ਦਿੱਤਾ।

ਸਿਆਣਿਆਂ ਦਾ ਕਥਨ ਹੈ ਦੁਖਿਆਰੇ ਇਨਸਾਨ ਨੂੰ ਕਿਤੋਂ ਥੋੜਾ ਜਿਹਾ ਧਰਵਾਸ ਮਿਲ ਜਾਵੇ। ਪਿਆਰ ਤੇ ਅਪਣੱਤ ਨਾਲ ਕੋਈ ਦੋ ਬੋਲ ਸਾਂਝੇ ਕਰ ਲਵੇ, ਦੁੱਖ ਅੱਧਾ ਘੱਟ ਜਾਂਦਾ ਹੈ। ਭਾਰਤੀ ਹਾਕਮਾਂ ਨੂੰ ਆਜ਼ਾਦੀ ਦਾ ਖੁਮਾਰ ਸਿਰ ਤੇ ਚੜ੍ਹ ਚੁੱਕਿਆ ਸੀ। ਚੜੇ ਭੀ ਕਿਉਂ ਨਾ ਹਜ਼ਾਰ ਬਾਰਾਂ ਸੌ ਸਾਲ ਬਾਦ ''ਪ੍ਰਭੂ ਸਤਾ ਸੰਪਨ ਰਾਜ'' ਹੱਥ ਆ ਗਿਆ ਸੀ। ਅੰਨੇ ਦੇ ਪੈਰ ਥੱਲੇ ਬਟੇਰਾ ਆ ਗਿਆ, ਅਖੇ ਅਸੀਂ ਤਾਂ ਮਾਸ ਬਿਨਾਂ ਰੋਟੀ ਖਾਂਦੇ ਹੀ ਨਹੀਂ। ਇਸ ਵਕਤ ਸਿੱਖ ਬਟੇਰੇ ਵਾਂਗ ਕਮਜ਼ੋਰ ਅਵਸਥਾ ਵਿਚ ਸਨ। ਹਿੰਦੂ ਹਾਕਮ ਭੀ ਹੁਣ ਅੰਨਾ ਨਹੀਂ ਸੀ ਚਾਰੇ ਪਾਸੇ ਚੰਗੀ ਤਰ੍ਹਾਂ ਵੇਖ ਪਰਖ ਕੇ ਪੈਰ ਰੱਖਦਾ ਸੀ। ਸਿੱਖ ਕੌਮ ਨੂੰ ਗੁਲਾਮੀ ਦਾ ਅਹਿਸਾਸ ਕਰਾਉਣ ਵਾਸਤੇ, ਇਸ ਤੋਂ ਵਧੀਆ ਮੌਕਾ ਕਦੋਂ ਹੱਥ ਆਵੇਗਾ? ਅਕਤੂਬਰ ਨੌਂ,

1947 ਨੂੰ ਭਾਰਤ ਦੇ ''ਮਹਾਂਸ਼ਕਤੀਸ਼ਾਲੀ, ਲੋਹ ਪੁਰਸ਼, ਸਰਦਾਰ ਪਟੇਲ ਗ੍ਰਹਿ ਮੰਤਰੀ'' ਨੇ ਦੋ ਸੌ ਸਾਲ ਮਗਰੋਂ ਫਿਰ ਇਤਿਹਾਸ ਦੁਹਰਾ ਦਿੱਤਾ। ਇਕ ਫਿਰਤੂ ਖ਼ਤ (ਸਰਕੂਲਰ) ਪੰਜਾਬ ਦੇ ਸਾਰੇ ਡਿਪਟੀ ਕਮੀਸ਼ਨਰਾਂ ਨੂੰ ਭੇਜਿਆ ਗਿਆ। ਜਿਸ ਵਿਚ ਲਿਖਿਆ ਸੀ-**''ਸਿੱਖ ਜਰਾਇਮ ਪੇਸ਼ਾ ਕੌਮ ਹਨ। ਇਨ੍ਹਾਂ ਨੂੰ ਸਖ਼ਤੀ ਨਾਲ ਦਬਾਇਆ ਜਾਵੇ''**। ਉਹਨੀਂ ਦਿਨੀਂ ਸ੍ਰ: ਕਪੂਰ ਸਿੰਘ ਹੁਸ਼ਿਆਰਪੁਰ ਵਿਖੇ, ਡਿਪਟੀ ਕਮਿਸ਼ਨਰ ਲੱਗਾ ਹੋਇਆ ਸੀ। ਇਨ੍ਹਾਂ ਨੇ ''ਅਸਲੀ ਜਰਾਇਮ ਪੇਸ਼ਾ''ਕੁਝ ਹਿੰਦੂ ਗੁੰਡਿਆਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਇਹਨਾਂ ਦਾ ਮੋਹਰੀ ਚੌਧਰੀ ਬਲਬੀਰ ਸਿੰਘ ਸੀ। ਜਦੋਂ ਹੀ ਇਸ ਦੀ ਖ਼ਬਰ ਭਾਰਤੀ ਤੰਤਰ ਨੂੰ ਲੱਗੀ, ਸ੍ਰ: ਕਪੂਰ ਸਿੰਘ ਨੂੰ ਪੁੱਛੇ ਬਗੈਰ ਸਿੱਧਾ ਦਖਲ ਦੇ ਕੇ ਸਾਰੇ ਉਪਦਰਵੀ ਛੁਡਵਾ ਦਿੱਤੇ। ਸ੍ਰ: ਕਪੂਰ ਸਿੰਘ ਨੂੰ ਤਾੜਨਾ ਕੀਤੀ ਗਈ ਕਿ ਹੁਣ ਰਾਜ ਤਾਜ ਬਦਲ ਗਿਆ ਹੈ, ਆਪਣਾ ਢੰਗ ਤਰੀਕਾ ਭੀ ਬਦਲ ਲਵੋ, ਵਰਨਾਂ.........।

ਆਜ਼ਾਦ ਦੇਸ਼ ਵਿਚ ਮੌਤ ਦੇ ਮੂੰਹ ਵਿਚੋਂ ਬਚਕੇ ਆਏ ਸਿੱਖ ਪੰਥ ਨੂੰ ਪਹਿਲਾਂ ਆਗਮਨ ਸਨਮਾਨ ਬਖਸ਼ਿਆ ਗਿਆ; ''ਸਿੱਖ ਜਰਾਇਮ ਪੇਸ਼ਾ ਕੌਮ ਹਨ''। ਭਾਵ ਕਿ ਇਨ੍ਹਾਂ ਲੋਕਾਂ ਨੂੰ ਜਨਮ ਤੋਂ ਹੀ ਅਪਰਾਧ ਕਰਨ ਦੀ ਮੰਦੀ ਆਦਤ ਹੋਇਆ ਕਰਦੀ ਹੈ। ਇਹ ਸਿੱਖ ਲੋਕ ਚੋਰੀ ਡਾਕੇ ਮਾਰਨ ਦੇ ਆਦੀ ਹਨ। ਸ਼ਰਾਬ ਪੀਣੀ ਉਪਦਰ ਕਰਨਾ, ਔਰਤਾਂ ਦੀ ਇੱਜ਼ਤ ਬਰਬਾਦ ਕਰਨੀ, ਇਨ੍ਹਾਂ ਦੇ ਸੁਭਾ ਦਾ ਖਾਸ ਹਿੱਸਾ ਹਨ। ਜੱਦੀ ਪੁਸ਼ਤੀ ਸਿੱਖ ਇਸੇ ਤਰ੍ਹਾਂ ਦੇ ਮੰਦ ਕਾਰੇ ਕਰਦੇ ਆ ਰਹੇ ਹਨ। ਹੁਣ ਵਕਤ ਆ ਗਿਆ ਕਿ ਹਿੰਦੂ ਸਰਕਾਰ **''ਰਾਮ ਰਾਜ''** ਦੇ ਅਸੂਲਾਂ ਨੂੰ ਸਖ਼ਤੀ ਨਾਲ ਲਾਗੂ ਕਰੇ। ਸਿੱਖਾਂ ਵਰਗੇ **''ਧਾੜਵੀਆਂ''** ਨੂੰ ਸਖ਼ਤੀ ਵਰਤ ਕੇ ਟਿਕਾਣੇ ਸਿਰ ਲਿਆਵੇ।

**ਪਰਉਪਕਾਰੀ ਸਤਿਗੁਰੂ ਜੀ ਨੇ ਇਥੋਂ ਦੇ ਲੋਕਾਂ ਨੂੰ ਸਵੈਮਾਣ ਨਾਲ ਜਿਉਣਾ ਸਿਖਾਇਆ। ਪੱਥਰ ਪੂਜਾ ਤੋਂ ਹੋੜ ਕੇ ਨਿਰੰਕਾਰ ਦੇ ਲੜ ਲਾਇਆ। ਜਾਤਾਂ ਪਾਤਾਂ ਦੇ ਭੇ ਦ ਮਿਟਾ ਕੇ ਸਾਂਝੀ ਵਾਲਤਾ ਦਾ ਸਬਕ ਪੜ੍ਹਾਇਆ। ਬੇਗੈਰਤ ਜ਼ਿੰਦਗੀ ਨਾਲੋਂ ਅਣਖ ਵਾਲਾ ਜੀਵਨ ਜਿਉਣ ਦੀ ਜਾਂਚ ਦੱਸੀ। ਉਤਰ ਰਹੇ ਜੰਜੂ ਬਚਾਏ, ਉਨ੍ਹਾਂ ਵੱਟੇ ਆਪਣੇ ਸਰੀਰ ਦੀ ਖਲੜ੍ਹੀ ਭਾਵੇ ਉਤਰਵਾ ਲਈ। ਉਹਨਾਂ ਦੀ ਬੋਦੀ ਦੀ ਰੱਖਿਆ ਕੀਤੀ ਆਪਣੀ ਭਾਵੇਂ ਖੋਪਰੀ ਉਤਰ ਗਈ। ਇਨ੍ਹਾਂ ਦੇ ਤਿਲਕ ਨੂੰ ਬਚਾਇਆ ਇਸ ਬਦਲੇ ਭਾਵੇਂ ਆਪਣਾ ਖ਼ੂਨ ਚਾਂਦਨੀ ਚੌਂਕ ਵਿਚ ਵਹਿ ਗਿਆ। ਕਿਤਨੇ ਅਹਿਸਾਨ ਫਰਾਮੋਸ਼ ਹਨ ਇਹ ਲੋਕ, ''ਜਿੱਥੇ ਖਾਂਦੇ ਹਨ, ਉਸੇ ਥਾਲੀ ਵਿਚ ਛੇਕ ਪਾਉਂਦੇ ਹਨ''।**

ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਜ਼ ਵਿਚੋਂ ਕੇਵਲ ਸ੍ਰ: ਕਪੂਰ ਸਿੰਘ ਨੇ ਸਿੱਖ ਕੌਮ ਦੀ ਸਮੂਹਕ ਬੇਪਤੀ ਕਰਨ ਵਾਲੇ, ਇਸ ਕਾਨੂੰਨ ਦਾ ਸਖ਼ਤ ਵਿਰੋਧ ਕੀਤਾ ਸੀ। ਬਾਕੀ ਕਿਸੇ

ਨੇ ਵਿਰੋਧ ਤਾਂ ਕੀ ਕਰਨਾ ਸੀ, ਸਗੋਂ ਇਸ ਤੇ ''ਅਮਲ ਕਰਕੇ ਭਾਰਤ ਸਰਕਾਰ ਦੀਆਂ ਖੁਸ਼ੀਆਂ ਦੇ ਪਾਤਰ'' ਬਣਨਾ ਚਾਹਿਆ। ਉਸ ਤੋਂ ਮਗਰੋਂ ਭੀ ਅਕਾਲੀ ਦਲਾਂ ਨੇ ਭਾਰਤ ਸਰਕਾਰ ਤੇ ਕਦੀ ਦਬਾਉ ਨਾਂ ਪਾਇਆ ਕਿ ਅਜਿਹੇ ਮੰਦ ਭਾਵਨਾ ਨਾਲ ਲਿਖੇ ਗਏ ਪੱਤਰ ਲਈ ਸਰਕਾਰ ਸਿੱਖ ਕੌਮ ਤੋਂ ਮੁਆਫ਼ੀ ਮੰਗੇ। ਸੰਤਾਲੀ ਵਿਚਲਾ ''ਵੱਡਾ ਘਲੂਘਾਰਾ'' ਵਰਤਾ ਕੇ ਸਿੱਖਾਂ ਨੂੰ ਘਰੋਂ ਬੇਘਰ ਕਰ ਦਿੱਤਾ ਗਿਆ। ਸਿੱਖ ਇੰਨੇ ਕਮਜ਼ੋਰ ਹੋ ਜਾਣ ਕਿ ਵੀਹ ਤੀਹ ਸਾਲ ਤੱਕ ਉੱਠਣ ਜੋਗੇ ਹੀ ਨਾਂ ਰਹਿਣ। ਉਸਤੋਂ ਬਾਅਦ ਹੋਰ ਕੋਈ ''ਭਾਣਾ'' ਵਰਤਾ ਦਿੱਤਾ ਜਾਵੇਗਾ।

ਭਾਰਤ ਸਰਕਾਰ ਦੇ ''ਸਤਯ ਮੇਵ ਜਯਤੇ'' ਦੀਆਂ ਕੁਝ ਹੋਰ ਘਟਨਾਵਾਂ ਪੜਨ ਤੋਂ ਸਪੱਸ਼ਟ ਹੋ ਜਾਵੇਗਾ, ਕਿ ਸਿੱਖਾਂ ਪ੍ਰਤੀ ਇਸ ਦੀ ਭੈਂਗੀ ਅੱਖ ਕਿਵੇਂ ਵੇਖਦੀ ਹੈ। ਸੰਨ 1962 ਦੀ ਭਾਰਤ ਚੀਨ ਜੰਗ ਸਮੇਂ, ਜੋਜੀਲਾ ਦਰੇ ਤੋਂ, ਦੇਸ਼ ਦੀ ਰਾਖੀ ਕਰ ਰਹੇ, ਪੰਦਰਾਂ ਹਜ਼ਾਰ ''ਹਿੰਦੂ ਬਹਾਦਰ'' ਫੌਜੀ, ਚੀਨੀ ਫੌਜ ਤੋਂ ਡਰਦੇ, ਮੈਦਾਨ ਛੱਡ ਕੇ ਨੱਸ ਗਏ। ਹੋਰ ਤਾਂ ਹੋਰ ਇਨ੍ਹਾਂ ਫੌਜੀਆਂ ਦਾ ਕਮਾਂਡਰ ਭੀ ਦੌੜਨ ਵਾਲਿਆਂ ਵਿਚ ਮੋਹਰੀ ਸੀ। ਇਨ੍ਹਾਂ ਗੀਦੀ ਭਗੌੜੇ ਫੌਜੀਆਂ ਨੂੰ ਸਖ਼ਤ ਸਜਾਵਾਂ ਮਿਲਣੀਆਂ ਚਾਹੀਦੀਆਂ ਸਨ। ਪਰ ਕਿਸੇ ਦਾ ਵਾਲ ਵਿੰਗਾਂ ਨਹੀਂ ਹੋਇਆ। ਉਸੇ ਤਰ੍ਹਾਂ ਸਾਰੇ ਫੌਜ ਵਿਚ ''ਸ਼ਾਨਦਾਰ ਸੇਵਾ'' ਨਿਭਾ ਕੇ ਪੈਂਨਸਨ ਲੈ ਕੇ ਘਰਾਂ ਨੂੰ ਗਏ। 1962 ਦੀ ਚੀਨ ਨਾਲ ਜੰਗ ਵਿਚ ਇਕੋ ਇਕ ਸਿੱਖ ਰੈਜੀਮੈਂਟ (13 ਫੀਲਡ) ਪੂਰੀ ਬਹਾਦਰੀ ਨਾਲ ਲੜੀ ਸੀ। ਆਖ਼ਰੀ ਸਿਪਾਹੀ ਜੀਵਤ ਰਹਿਣ ਤੱਕ ਉਨ੍ਹਾਂ ਮੋਰਚਾ ਨਾ ਛੱਡਿਆ। ਚੀਨੀ ਫੌਜ ਨੂੰ ਅੱਗੇ ਵੱਧਣ ਤੋਂ ਹਿੱਕਾਂ ਡਾਹ ਕੇ ਰੋਕਿਆ। ਬਾਕੀ ਸਾਰੀਆਂ ਰੈਜਮੈਟਾਂ ਪੱਤਰਾ ਵਾਚ ਗਈਆਂ ਸਨ। ਪਾਕਿਸਤਾਨ ਨਾਲ 65 ਦੀ ਜੰਗ ਦੌਰਾਨ ਪਾਕਿਸਤਾਨੀ ਇਲਾਕੇ ਵਿਚੋਂ, ਭਾਰਤੀ ਫੌਜੀ ਅਫ਼ਸਰ ਕਣਕ ਦੇ ਟਰੱਕ ਭਰ ਭਰ ਚੁੱਕ ਲਿਆਏ। ਪਿੱਤਲ ਦੇ ਭਾਂਡੇ ਕੱਪੜੇ ਚੁੱਕ ਲਿਆਏ। ਲੋਕਾਂ ਦੀਆਂ ਨਿੱਜੀ ਕਾਰਾਂ, ਜੀਪਾਂ, ਟਿਊਬਵੈਲ ਵਾਲੇ ਇੰਜਨ ਰੁੱਖ, ਟਾਹਲੀਆਂ ਆਦਿ ਵੱਢ ਲਿਆਏ। ਬੇਸ਼ਰਮੀ ਦੀਆਂ ਸਭ ਹੱਦਾਂ ਪਾਰ ਕਰਦਿਆਂ ਇੱਟਾਂ ਤੱਕ ਪੁੱਟ ਲਿਆਏ। ਨਿਗੂਣੇ ਜਿਹੇ ਰੇਟਾਂ ਤੇ ਠੇਕੇਦਾਰਾਂ ਨੂੰ ਸਾਰਾ ਮਾਲ ਲੁੱਟ ਲੈਣ ਦੀ ਇਜ਼ਾਜਤ ਦੇ ਦਿੱਤੀ, ਆਪਣੀਆਂ ਜੇਬਾਂ ਤੂੜ ਲਈਆਂ। ਬੰਗਲਾ ਦੇਸ਼ ਦੀ 71 ਵਾਲੀ ਜੰਗ ਵਿਚ ਭਾਰਤ ਦੇ ''ਇਮਾਨਦਾਰ'' ਫੌਜੀਆਂ ਨੇ, ਉਧਰ ਬੈਂਕਾਂ ਲੁੱਟੀਆਂ। ਸਟੋਰ ਲੁੱਟੇ, ਮਸ਼ੀਨਾਂ, ਕਾਰਾਂ, ਸਕੂਟਰ ਲੁੱਟੇ। ਬਲਾਤਕਾਰ ਕੀਤੇ। ਇਨ੍ਹਾਂ ਅਤੀ ਘਿਨਾਉਣੇ ਪਾਪਾਂ ਦੀ ਕਿਸੇ ਫੌਜੀ ਨੂੰ ਸਜ਼ਾ ਨਹੀਂ ਦਿੱਤੀ ਗਈ। ਬਹੁਤਿਆਂ ਨੂੰ ਸਨਮਾਨਿਤ ਕੀਤਾ ਗਿਆ।

ਦੂਜੇ ਪਾਸੇ ਸਿਤਮ ਜਰੀਫੀ ਵੇਖੋ, ਧਾਰਮਿਕ ਭਾਵਨਾਂਵਾਂ ਨੂੰ ਠੇਸ ਪਹੁੰਚੀ ਕਾਰਨ, ਸਿੱਖ ਧਰਮੀ ਫੌਜੀਆਂ ਨੇ ਕੇਵਲ ਬੈਰਕਾਂ ਛੱਡੀਆਂ ਸਨ। ਕਿਸੇ ਹਿੰਦੂ ਨੂੰ ਮਾਰਿਆ ਨਹੀਂ, ਅੱਗਾਂ ਨਹੀਂ ਲਾਈਆਂ, ਘਰ ਨਹੀਂ ਲੁੱਟੇ ਬੈਕਾਂ ਨਹੀਂ ਲੁੱਟੀਆਂ। ਭਾਰਤੀ ਫੌਜ ਵੱਲੋਂ ਦਰਬਾਰ ਸਾਹਿਬ

ਸਮੂਹ ਤੇ ਕੀਤੇ ਗਏ ਵਹਿਸ਼ੀ ਕਤਲੇਆਮ ਤੋਂ ਰੋਸ ਪ੍ਰਗਟ ਕਰਦਿਆਂ ਅੰਮ੍ਰਿਤਸਰ ਵੱਲ ਨੂੰ ਚਾਲੇ ਪਾ ਦਿੱਤੇ। ਇਨ੍ਹਾਂ ਫੌਜੀਆਂ ਨੂੰ ਘੇਰ ਕੇ ਮਾਰਿਆ ਗਿਆ, ਫੜਕੇ ਤਸੀਹੇ ਦਿੱਤੇ ਗਏ। ਬੇਪਤ ਕੀਤਾ ਗਿਆ, ਤਾਹਨੇ ਮਿਹਣੇ ਦਿੱਤੇ ਗਏ। ਲੰਮੀਆਂ ਕੈਦਾਂ ਕੱਟਣ ਲਈ ਕਾਲ ਕੋਠਰੀਆਂ ਵਿਚ ਬੰਦ ਕੀਤਾ ਗਿਆ। ਬੰਗਲਾ ਦੇਸ਼ ਦੀ ਆਜ਼ਾਦੀ ਵਕਤ 93 ਹਜ਼ਾਰ ਪਾਕਿਸਤਾਨੀ ਫੌਜੀ, ਜੋ ਭਾਰਤੀ ਫੌਜ ਨਾਲ ਸਾਹਮਣੇ ਮੱਥੇ ਲੜਦੇ ਰਹੇ। ਬੰਬ ਗੋਲੇ ਵਰਾਉਂਦੇ ਰਹੇ, ਹਜ਼ਾਰਾਂ ਭਾਰਤੀ ਫੌਜੀਆਂ ਨੂੰ ਮਾਰਨ ਵਾਲੇ, ਗ੍ਰਿਫਤਾਰ ਕਰ ਲਏ ਗਏ। ਉਨ੍ਹਾਂ ਨੂੰ ਜ਼ਿੰਦਗੀ ਦੀਆਂ ਜਿਉਣ ਜੋਗੀਆਂ, ਸਭ ਸਹੂਲਤਾਂ ਦਿੱਤੀਆ ਗਈਆਂ। ਉਨ੍ਹਾਂ ਨੂੰ ਘਰ ਖਤ ਲਿਖਣ ਦੀ ਆਗਿਆ ਦਿੱਤੀ ਗਈ। ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ ਵਿਚ ਉਹ ਫੌਜੀ ਹਰ ਰੋਜ਼ ਆਪਣੇ ਪ੍ਰਵਾਰਾਂ ਨੂੰ ਸੁਖ ਸਨੇਹੇ ਘਲਦੇ। ਰੇਡੀਓ ਰਾਹੀਂ ਦਸਦੇ ''ਮੈਂ ਇਸ ਨਾਮ ਵਾਲਾ ਫੌਜੀ, ਇਹ ਨੰਬਰ ਹੈ ਪਿਤਾ ਦਾ ਨਾਮ ਤੇ ਪਿੰਡ ਇਹ ਹੈ। ਮੈਂ ਇਥੇ ਠੀਕ ਹਾਂ ਫਿਕਰ ਨਹੀਂ ਕਰਨਾਂ।'' ਸਮਝੌਤਾ ਹੋ ਜਾਣ ਮਗਰੋਂ ਸਾਰਿਆਂ ਨੂੰ ਰਿਹਾ ਕਰਕੇ, ਪਾਕਿਸਤਾਨ ਜਾਣ ਦੀ ਆਗਿਆ ਦੇ ਦਿੱਤੀ ਗਈ, ਸਮੇਤ ਜਨਰਲ ਏ.ਕੇ.ਨਿਆਜ਼ੀ ਦੇ।

ਇਧਰ ਸਿੱਖਾਂ ਵਾਸਤੇ ਕੋਈ ਰਿਆਇਤ ਨਹੀਂ ਲੰਮੀਆਂ ਕੈਦਾਂ ਤਸੀਹੇ। ਨੌਕਰੀ ਤੋਂ ਬਰਖਾਸਤਗੀ। ਜ਼ਖ਼ਮਾਂ ਤੇ ਲੂਣ ਛਿੜਕਣ ਵਾਲੀ ਕਾਰਵਾਈ ਸਗੋਂ ਇਹ ਕੀਤੀ ਗਈ ਕਿ ਜਿਨ੍ਹਾਂ ਹਿੰਦੂ ਫੌਜੀਆਂ ਨੇ, **''ਦਰਬਾਰ ਸਾਹਿਬ ਤੇ ਹਮਲੇ ਵਕਤ ਵੱਡੀ ਬਹਾਦਰੀ ਵਿਖਾਈ,''** ਉਨ੍ਹਾਂ ਨੂੰ ਭਾਰਤ ਦੇ ਰਾਸ਼ਟਰਪਤੀ (ਕਠਪੁਤਲੀ ਨੁਮਾਂ) ਸਿੱਖ ਸ਼ਕਲ ਵਾਲੇ ''ਅੰਮ੍ਰਿਤਧਾਰੀ'', ਗਿਆਨੀ ਜੈਲ ਸਿੰਘ ਨੇ 15 ਅਗਸਤ, 1984 ਨੂੰ ਕਈ ਤਰ੍ਹਾਂ ਦੇ ਸੇਵਾ ਮੈਡਲ ਦੇ ਕੇ ਸਨਮਾਨਿਤ ਕੀਤਾ। ਦਰਬਾਰ ਸਾਹਿਬ ਵਿਚੋਂ ਕਰੋੜਾਂ ਰੁਪੈ ਲੁੱਟਣ ਵਾਲੇ, ਸ਼ਰਧਾਲੂ ਸਿੱਖਾਂ ਦੇ ਕਾਤਲ ਫੌਜੀਆਂ ਨੂੰ ਬਹਾਦਰੀ ਲਈ ਸਨਮਾਨ? ਐਡਾ ਹਨੇਰ? ਬੱਚਿਆਂ ਤੇ ਜ਼ੁਲਮ ਢਾਹੁਣ ਵਾਲਿਆਂ, ਤੇ ਸਿੱਖ ਬੀਬੀਆਂ ਨਾਲ ਬਲਾਤਕਾਰ ਕਰਨ ਵਾਲਿਆਂ ਨੂੰ ਇਨਾਮ ਸਨਮਾਨ?

**ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ।।**
**ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।।(1102)**

**ਇਨ੍ਹਾਂ ਲੁੱਟੇ ਪੁੱਟੇ ਗਏ ਧਰਮੀ ਫੌਜੀਆਂ ਦੇ ਮੁੜ ਵਸੇਬੇ ਦੇ ਨਾਮ ਤੇ, ਸਿੱਖ ਸ਼ਕਲ ਵਾਲੇ, ਲੰਮੀਆ ਦਾਹੜੀਆਂ ਵਾਲੇ, ਚਿੱਟੇ ਚੋਲਿਆਂ ਵਾਲੇ, ਗਾਤਰੇ ਕਿਰਪਾਨਾਂ ਵਾਲੇ, ਅਣਗਿਣਤ ''ਸੱਜਣ ਠੱਗ'' ਦੇਸ ਵਿਦੇਸ਼ ਵਿਚੋਂ, ਡਾਲਰਾਂ ਪੌਡਾਂ ਦੀਆਂ ਪੰਡਾਂ ਬੰਨ ਲਿਆਏ। ਆਪਣੇ ਮਹਿਲ ਉਸਾਰ ਲਏ, ਗੋਗੜਾਂ ਵਧਾ ਲਈਆਂ, ਪਲਾਟ ਖ੍ਰੀਦ ਲਏ, ਜ਼ਮੀਨਾਂ ਮੁਰੱਬਿਆਂ ਦੇ ਮਾਲਕ ਬਣ ਗਏ। ਕਈਆਂ ਨੇ ਫਾਈਨੈਂਸ ਕੰਪਨੀਆਂ ਖੋਹਲ ਲਈਆਂ। ਲੰਮੀਆਂ ਕਾਰਾਂ ਘੂਕਣ ਲਗੀਆਂ। ਧਰਮੀ ਫੌਜੀਆਂ ਦੇ ਬੱਚੇ ਭੁਖੇ ਵਿਲਕਦੇ ਰਹੇ। ਮਾਤਾ-ਪਿਤਾ ਹੰਝੂ ਕੇਰਦੇ**

**ਰਹੇ। ਧਰਮੀ ਫੌਜੀ ਜੇਹਲਾਂ ਵਿਚ ਤੜਫਦੇ ਰਹੇ। ਉਨ੍ਹਾਂ ਤੱਕ ਕੁਝ ਭੀ ਨਾ ਪੰਹੁਚਿਆ। ਇਥੋਂ ਤੱਕ ਜੇਹਲਾਂ ਕੱਟ ਕੇ ਆਏ ਧਰਮੀ ਫੌਜੀਆਂ ਨੂੰ ਸ਼੍ਰੋਮਣੀ ਕਮੇਟੀ ਵਿਚ ਨੌਕਰੀਆਂ ਭੀ ਨਾ ਦਿੱਤੀਆ ਗਈਆਂ। ਇਨ੍ਹਾਂ ਦੇ ਨਾਮ ਤੇ ''ਜਥੇਦਾਰਾਂ'' ਨੇ ਭੀ ਮੋਟੀਆਂ ਰਕਮਾਂ ਡਕਾਰ ਲਈਆਂ।**

ਦਰਬਾਰ ਸਾਹਿਬ ਤੇ ਹੋਏ ਫੌਜੀ ਹਮਲੇ ਦੇ ਰੋਸ ਵਜੋਂ ਜਿੰਨ੍ਹਾ ਫੌਜੀਆਂ ਨੇ ਬੈਰਕਾਂ ਛੱਡੀਆਂ ਸਨ, ਇੰਦਰਾ ਗਾਂਧੀ ਨੇ ਕਈ ਵਾਰ ਇਸ਼ਾਰੇ ਨਾਲ ਅਕਾਲੀ ਲੀਡਰਾਂ ਨੂੰ ਸਮਝਾਇਆ ਕਿ ਉਹਨਾਂ ਫੌਜੀਆਂ ਨੂੰ ਵਾਪਸ ਲਿਆ ਜਾ ਸਕਦਾ ਹੈ। ਅਕਾਲੀ ਮੁਖੀ ਇੰਨੇ ਦਹਿਸ਼ਤਜ਼ਦਾ ਸਨ ਕਿ ਗੱਲ ਕਰਨ ਦੀ ਹਿੰਮਤ ਹੀ ਗੁਆ ਬੈਠੇ। ਦੂਜੇ ਇਹ ਇੰਨੇ ਬਗਲੋਲ ਸਨ ਕਿ ਗੱਲ ਨੂੰ ਸਮਝ ਲੈਣ ਦੀ ਯੋਗਤਾ ਹੀ ਨਹੀਂ ਸੀ। ਜਦੋਂ ਭੀ ਇੰਦਰਾਂ ਨੇ ਮੀਟਿੰਗ ਵਿਚ ਗੱਲ ਕੀਤੀ ਤਾਂ ਅਕਾਲੀਆਂ ਦੀ ਕੰਬਦੀ ਜ਼ਬਾਨ ਵਿਚੋਂ ਬਾਰ-ਬਾਰ ਇਹੀ ਸ਼ਬਦ ਨਿਕਲਦੇ ਸਨ- ''ਬੀਬੀ ਜੀ ਸਜ਼ਾ ਘੱਟ ਤੋਂ ਘੱਟ ਕਰਵਾ ਦਿਓ...''। ਉਸਨੇ ਘੱਟ ਤੋਂ ਘੱਟ ਕਰਵਾ ਦਿੱਤੀ। ਜਾਨੀ ਕਿ ਫਾਂਸੀ ਨਹੀਂ ਲਾਏ, ਬਾਕੀ ਕੋਈ ਕਸਰ ਨਹੀਂ ਛੱਡੀ।

(ਹਰੀ ਰਤਨ ਯੁਕਤਾ- ਸਪੋਕਸਮੈਨ - 8-5-2006)

**ਮਾਣਸੁ ਖਾਣੇ ਕਰਹਿ ਨਿਵਾਜ।। ਛੁਰੀ ਵਗਾਇਨ ਤਿਨਿ ਗਲਿ ਤਾਗੁ।। (470)**

ਜਿਲ੍ਹਿਆਂ ਵਾਲੇ ਬਾਗ ਵਿਚ ਪੁਲਿਸ ਗੋਲੀ ਨਾਲ ਮਾਰੇ ਗਏ ਵਿਅਕਤੀਆਂ ਦੇ ਪ੍ਰਵਾਰਾਂ ਨੂੰ ''ਹੰਟਰ ਕਮਿਸ਼ਨ'' ਦੀ ਰਿਪੋਰਟ ਨੂੰ ਪਰਵਾਨ ਕਰਕੇ, 1930 ਵਿਚ ਉਚਿਤ ਮੁਆਵਜ਼ਾ ਦਿੱਤਾ ਗਿਆ। ਜਨਰਲ ਡਾਇਰ ਦੀ ਪੈਨਸ਼ਨ ਤੇ ਹੋਰ ਸਹੂਲਤਾਂ ਬੰਦ ਕਰ ਦਿੱਤੀਆਂ। ਇਧਰ ਭਾਰਤੀ ਹਾਕਮਾਂ ਨੇ ਦਰਬਾਰ ਸਾਹਿਬ ਤੇ ਹੋਏ ਵਹਿਸ਼ੀ ਕਤਲੇਆਮ ਵਿਚ, ਮਾਰ ਦਿੱਤੇ ਗਏ ਬੇ-ਦੋਸ਼ਿਆਂ ਦੇ ਪ੍ਰਵਾਰਾਂ ਨੂੰ ਨਗਦ ਰਾਸ਼ੀ ਤਾਂ ਦੂਰ ਦੀ ਗੱਲ, ਹਮਦਰਦੀ ਦੇ ਦੋ ਅੱਖਰ ਭੀ ਨਹੀਂ ਆਖੇ ਗਏ।

ਕੇਂਦਰ ਸਰਕਾਰ ਨੇ ਉੱਚ ਵਿੱਦਿਆ ਆਪਣੇ ਅਧਿਕਾਰ ਵਿਚ ਰੱਖ ਲਈ ਤਾਂ ਕਿ ਇਸ ਨੂੰ ''ਹਿੰਦੂ ਰੰਗ'' ਵਿਚ ਰੰਗਿਆ ਜਾ ਸਕੇ। ਭਾਰਤ ਸਰਕਾਰ ਨੇ ਦਸੰਬਰ 1999 ਵਿਚ ਇੱਕ ਹੁਕਮ (ਨੋਟੀਫਿਕੇਸ਼ਨ) ਜਾਰੀ ਕਰਕੇ, ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ, ਸਿੱਖ ਧਰਮ ਦੀ ਖੋਜ ਨਾਲ ਸਬੰਧਤ ਫੰਡ ਬੰਦ ਕਰ ਦਿੱਤੇ। ਹਿੰਦੂ, ਜੈਨ, ਬੁੱਧ, ਇਸਲਾਮ, ਈਸਾਈ ਧਰਮਾਂ ਦੀ ਖੋਜ ਤੇ ਫੰਡ ਮਿਲਣਗੇ। ਗਾਂਧੀ ਸਟੱਡੀ ਤੇ ਭੀ ਰੁਪਿਆ ਮਿਲੇਗਾ। ਪਰ ਸਿੱਖ ਧਰਮ ਦੀ ਸਟੱਡੀ ਤੇ ਨਹੀ ਮਿਲੇਗਾ। ਜਦੋਂ 2002 ਵਿਚ ਪ੍ਰਕਾਸ਼ ਸਿੰਘ ਬਾਦਲ, ਅਕਾਲੀਦਲ ਦੀ ਸਰਕਾਰ ਚੋਣਾਂ ਵਿਚ ਹਾਰ ਗਈ। ਕਾਂਗਰਸ ਸਰਕਾਰ ਬਣ ਗਈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਰਿਸਾਲੇ ''ਗੁਰਮਤ ਪ੍ਰਕਾਸ਼'', ਮਈ 2003 ਪੰਨਾ 40 ਤੇ ਸਾਰੀ ਰਿਪੋਰਟ ਛਾਪੀ ਸੀ। ਪਹਿਲਾਂ

ਬਾਦਲ ਰਾਜ ਵਕਤ ਇਹ ਭੇਤ ਦਬਾ ਕੇ ਰਖਿਆ ਗਿਆ। ਮਤਾਂ ਕਿਤੇ ''ਅਕਾਲੀ ਸਰਕਾਰ'' ਦੀ ਬਦਨਾਮੀਂ ਨਾ ਹੋ ਜਾਵੇ।

**ਸੰਨ 1984 ਵਿਚ ਸਿੱਖ ਬੱਚੇ ਬੀਬੀਆਂ ਕਤਲ ਤਾਂ ਕੀਤੇ ਹੀ ਸਨ। ਪਰ ਦੋ ਸਾਲ ਉਮਰ ਤੋਂ ਲੈ ਕੇ, 14 ਸਾਲ ਉਮਰ ਤੱਕ ਦੇ 52 ਮਾਸੂਮ ਬੱਚੇ, ''ਭਾਰਤ ਸਰਕਾਰ ਵਿਰੁੱਧ ਬਗਾਵਤ'' ਦੇ ਕੇਸ ਬਣਾ ਕੇ, ਜੇਹਲਾਂ ਵਿਚ ਬੰਦ ਕਰ ਦਿੱਤੇ ਗਏ। ਉਹ ਮਾਸੂਮ ਵਿਲਕਦੇ ਰਹੇ, ਤੜਫਦੇ ਰਹੇ, ਅੱਖਾਂ ਦੇ ਹੰਝੂ ਮੁੱਕ ਗਏ ਗਲੇ ਦੀਆਂ ਘਿੱਗਾਂ ਬਹਿ ਗਈਆਂ, ਬਿਮਾਰ ਪੈ ਗਏ। ਸਰਕਾਰ ਨੂੰ ਤਰਸ ਨਾ ਆਇਆ। ਸਿੱਖਾਂ ਅੰਦਰ ਐਨੀ ਦਹਿਸ਼ਤ ਸੀ ਕਿ ਕਿਸੇ ਦੀ ਹਿੰਮਤ ਹੀ ਨਾ ਪਈ ਕਿ ਅਦਾਲਤ ਦਾ ਦਰਵਾਜ਼ਾ ਖੜਕਾਂਦੇ। ਹੋ ਸਕਦਾ ਹੈ ਸਿੱਖ ਵਿਅਕਤੀ ਵੱਲੋਂ ਪਾਈ ਅਰਜ਼ੀ ਜੱਜ ਬਗੈਰ ਸੁਣੇ ਵੇਖੇ, ਪਰੇ ਵਗਾਹ ਮਾਰਦਾ। ਹਿੰਦੂਆਂ ਨੂੰ ਚੰਗੇ ਸਿੱਧ ਕਰਨ ਲਈ, ਇਕ ਸਮਾਜ ਸੇਵੀ ਸੰਸਥਾ ਦੀ ਮੈਂਬਰ, ਸ੍ਰੀ ਮਤੀ ਚਟੋਪਾਧਿਆਏ ਨੇ ਭਾਰਤੀ ਸੁਪਰੀਮ ਕੋਰਟ ਵਿਚ ਜਨ ਹਿਤ ਪਟੀਸ਼ਨ ਪਾਈ। ਜੱਜ ਦੇ ਮਨ ਮਿਹਰ ਪਈ ਤੇ ਉਹ 52 ''ਬਾਗੀ ਬੱਚੇ'' ਰਿਹਾਅ ਕੀਤੇ ਗਏ।**

84 ਦੇ ਕਹਿਰ ਵਿਚ ਲੇਖਕ ਨੂੰ ਭੀ ਗ੍ਰਿਫ਼ਤਾਰ ਕਰ ਲਿਆ ਸੀ। ਕਈ ਤਰ੍ਹਾਂ ਦੀ ''ਪੁੱਛ-ਗਿੱਛ'' ਕਰਨ ਤੋਂ ਬਾਅਦ, ਬਠਿੰਡਾ ਸੈਂਟਰਲ ਜੇਹਲ ਵਿਚ ਬੰਦ ਕਰ ਦਿੱਤਾ। ਜੂਨ ਦੇ ਆਖਰੀ ਹਫ਼ਤੇ, ਕੁਝ ਬਜ਼ੁਰਗ ਬਾਬੇ ਤੇ ਕੁਝ ਬੀਬੀਆਂ ਨੂੰ ''ਬਗਾਵਤ'' ਦੇ ਕੇਸਾਂ ਵਿਚ ਗ੍ਰਿਫਤਾਰ ਕਰਕੇ, ਅੰਮ੍ਰਿਤਸਰ (ਦਰਬਾਰ ਸਾਹਿਬ) ਤੋਂ ਬਠਿੰਡਾ ਜੇਹਲ ਵਿਚ ਭੇਜਿਆ ਗਿਆ। ਜਦੋਂ ਪੰਦਰਾਂ ਕੁ ''ਸਿੱਖ ਬਾਗੀਆਂ'' ਦਾ ਇਹ ਕਾਫ਼ਲਾ ਜੇਹਲ ਦੀ ਡਿਊੜੀ ਵਿਚ ਦਾਖਲ ਕੀਤਾ ਗਿਆ। ਇਨ੍ਹਾਂ ਦੇ ਪੇਪਰ ਆਦਿ ਭਰੇ ਜਾਣ ਲੱਗੇ। ਉਸ ਵਕਤ ਮੈਂ ਭੀ ਮੁਲਾਕਾਤ ਵਾਸਤੇ ਉਥੇ ਹੀ ਗਿਆ ਹੋਇਆ ਸਾਂ। ਇਕ ਡੇਢ ਦੋ ਸਾਲ ਦਾ ਬੱਚਾ, ਬੇਤਹਾਸ਼ਾ ਰੋਈ ਜਾਵੇ । ਹੱਥਾਂ ਵਿਚੋਂ ਨਿਕਲ ਨਿਕਲ ਜਾਵੇ। ਬੀਬੀ ਸੰਭਾਲਣ ਦੀ ਕੋਸ਼ਿਸ਼ ਕਰਦੀ ਰਹੀ, ਪਰ ਕੋਈ ਪੇਸ਼ ਨਾ ਜਾਵੇ। ਮੈਂ ਹਮਦਰਦੀ ਪ੍ਰਗਟ ਕਰਦਿਆਂ ਪੁੱਛਿਆ, ''ਭੈਣ ਜੀ ! ਬਹੁਤਾ ਨਾਂ ਸਹੀ, ਇਸ ਕੈਦਖਾਨੇ ਵਿਚ, ਜਿਹੋ ਜਿਹੇ ਹਾਂ ਹਾਜ਼ਰ ਹਾਂ। ਇਹ ਬੱਚਾ ਬਹੁਤ ਰੋ ਰਿਹਾ ਹੈ। ਇਸ ਦੀ ਕੋਈ ਜ਼ਰੂਰਤ ਹੋਵੇ, ਢਿੱਲਾ ਮੱਠਾ ਹੋਵੇ, ਕੁਝ ਦੱਸੋ?''

ਜੋ ਭੈਣ ਹੁਣ ਤੱਕ ਪੱਥਰ ਵਾਂਗ ਅਹਿਲ ਸੀ, ਢਾਂਹਾਂ ਮਾਰਕੇ ਰੋ ਪਈ। ਅੱਖਾਂ ਵਿਚੋਂ ਮਾਨੋਂ ਹੰਝੂਆਂ ਦਾ ਦਰਿਆ ਵਗ ਪਿਆ। ਅਸੀਂ ਸਾਰੇ ਘਬਰਾ ਗਏ ਕੀ ਹੋਇਆ ਹੈ? ਬਾਰ-ਬਾਰ ਪੁੱਛਣ ਤੇ ਉਹ ਫੁੱਟ ਪਈ। ਦੋ ਚਾਰ ਸ਼ਬਦਾਂ ਰਾਹੀਂ ਉਸਨੇ ਮਮਤਾ ਦਾ ਸਾਰਾ ਦਰਦ ਸਾਡੇ ਅੱਗੇ ਉਲੱਦ ਦਿੱਤਾ। ਵਹਿੰਦੇ ਹੰਝੂਆਂ ਵਿਚ ਬੋਲੀ- **''ਵੀਰੋ ! ਕੀ ਮਦਤ ਕਰੋਗੇ ਤੁਸੀਂ? ਸਾਡੀ ਕੋਈ ਭੀ ਸਹਾਇਤਾ ਨਹੀਂ ਕਰ ਸਕਦਾ। ਅਸਲ ਗਲ ਇਹ ਹੈ ਕਿ ਮੇਰਾ ਪਤੀ ਤੇ**

**ਦੋ ਬੱਚੇ ਦਰਬਾਰ ਸਾਹਿਬ ਵਿਚ ਜ਼ਾਲਮਾਂ ਨੇ ਮਾਰ ਮੁਕਾਏ ਹਨ। ਮੈਂ ਅਭਾਗਣ ਪਤਾ ਨਹੀਂ ਕਿਉਂ ਦੁੱਖ ਭੋਗਣ ਲਈ ਬਚ ਗਈ। ਇਸ ਬੱਚੇ ਦੇ ਮਾਂ ਤੇ ਬਾਪ ਦੋਵੇਂ ਮਾਰੇ ਗਏ। ਵਿਲਕਦੇ ਨੂੰ ਵੇਖ ਕੇ, ਮੈਂ ਕੁਛੱੜ ਚੁੱਕ ਲਿਆ। ਮੈਂ ਇਸ ਦੀ ਮਾਂ ਨਹੀਂ ਹਾਂ, ਇਹ ਮਾਂ ਨੂੰ ਲੱਭਦਾ ਹੈ। ਇਹ ਮੇਰਾ ਪੁੱਤਰ ਨਹੀਂ ਹੈ। ਮੈਂ ਆਪਣੇ ਪੁੱਤਰਾਂ ਨੂੰ ਲੱਭਦੀ ਹਾਂ। ਲੱਭਣਾ ਸਾਨੂੰ ਦੋਵਾਂ ਨੂੰ ਹੀ ਕੁਝ ਨਹੀਂ। ਸ਼ਾਇਦ ਅਸੀਂ ਬਹੁਤਾ ਸਮਾਂ ਜੀਵਤ ਨਾ ਰਹਿ ਸਕੀਏ। ਤੁਸੀਂ ਸਾਡੀ ਸਹਾਇਤਾ ਕਿਵੇਂ ਕਰੋਗੇ? ਛੱਡ ਦਿਓ ਸਾਨੂੰ ਆਪਣੇ ਹਾਲ ਤੇ ਸ਼ਾਇਦ ਰੱਬ ਨੂੰ ਇਵੇਂ ਹੀ ਮੰਜ਼ੂਰ ਸੀ''। ਸਾਡਾ ਸਾਰਿਆਂ ਦਾ ਕੜ ਟੁੱਟ ਗਿਆ, ਹਰ ਕੋਈ ਰੋ ਰਿਹਾ ਸੀ, ਆਪਣੀ ਹੋਣੀ ਤੇ। ਭਾਰਤ ਸਰਕਾਰ ਦੀ ਦਰਿੰਦਗੀ ਤੇ। ਖੈਰ ਇਹ ਜ਼ੁਲਮ ਤਾਂ ਉਹਨੇ ਕਰਨਾ ਹੀ ਸੀ। ਅਸੀਂ ''ਜਰਾਇਮ ਪੇਸ਼ਾ ਕੌਮ ਜੋ ਹੋਏ''।**

ਭਾਰਤੀ ਹਾਕਮਾਂ ਨੇ ਸ਼ੂਦਰਾਂ ਤੇ ਬਹੁਤ ਜ਼ੁਲਮ ਕੀਤਾ ਹੈ। ਲਗਭੱਗ ਪੰਜ ਹਜ਼ਾਰ ਸਾਲ ਤੋਂ ਇਹ ਅਤਿਆਚਾਰ ਨਿਰੰਤਰ ਹੁੰਦਾ ਆ ਰਿਹਾ ਹੈ। ਇਨ੍ਹਾਂ ਬਾਰੇ ਤਾਂ ਲੇਖਕਾਂ ਨੇ ਲਿਖਣਾ ਹੀ ਛੱਡਿਆ ਹੋਇਆ ਹੈ। ਸ਼ਾਇਦ ਆਪਣੀ ਬੇ ਬਸੀ ਕਾਰਨ ਇਸ ਜ਼ੁਲਮ ਨੂੰ ''ਰੱਬ ਦੀ ਰਜ਼ਾ'' ਹੀ ਮੰਨ ਲਿਆ ਹੈ। ਇਹ ਦੁਸ਼ਟ ਕਰਮ ਹੁੰਦੇ ਭੀ ਧਰਮ ਗ੍ਰੰਥਾਂ ਮੁਤਾਬਕ ਹਨ। ਕਿਉਂਕਿ ਵੇਦਾਂ ਮੰਨੂੰ ਸਿਮ੍ਰਿਤੀ, ਆਦਿ ਵਿਚ ਜੋ ਕੁਝ ਲਿਖਿਆ ਹੋਇਆ ਹੈ, ਉਹ ਪੂਜਣਯੋਗ ਪਰਮ ਪਵਿੱਤਰ ਹੈ। ਪਤਾ ਨਹੀਂ ਹੋਰ ਕਿੰਨਾ ਸਮਾਂ ਇਹ ਦਰਿੰਦਗੀ ਚਲਦੀ ਰਹੇਗੀ? ਖੈਰ ਸਿੱਖਾਂ ਵਾਂਗ ਇਸ ਦੇਸ ਵਿਚ ਮੁਸਲਮਾਨਾਂ ਨਾਲ ਭੀ ਕੋਈ ਘੱਟ ਜ਼ੁਲਮ ਨਹੀਂ ਹੁੰਦੇ। ਆਸ਼ਾਵਾਦੀ ਪੱਖ ਇਹ ਹੈ ਕਿ ਮੁਸਲਮਾਂਨਾਂ ਦੀ ਆਬਾਦੀ ਬਹੁਤ ਹੈ। ਉਨ੍ਹਾਂ ਦਾ ਬਹੁਤ ਸਾਰੇ ਦੇਸ਼ਾਂ ਤੇ ਰਾਜ ਹੈ। ਉਧਰੋਂ ਦਬਾਉ ਵਧ ਜਾਂਦਾ ਹੈ। ਯੂ.ਐਨ.ਓ. ਰਾਹੀਂ ਭੀ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ ਭੀ ਮੁਸਲਮਾਨਾਂ ਦੇ ਪੱਖ ਵਿਚ ਆਵਾਜ਼ ਉਠਾਈ ਜਾਂਦੀ ਹੈ। ਸਿੱਖ ਇਸ ਮਾਮਲੇ ਵਿਚ ਬਹੁਤ ਕਮਜ਼ੋਰ ਹਨ। ਬਦਕਿਸਮਤ ਹਨ। ਦੁਨੀਆਂ ਵਿਚ ਕਿਤੇ ਰਾਜ ਨਹੀਂ, ਯੂ.ਐਨ.ਓ. ਸਾਡੇ ਹੱਕ ਵਿਚ ਆਵਾਜ਼ ਉਠਾਉਣ ਨੂੰ ਤਿਆਰ ਨਹੀਂ। ਇਸ ਸੀਮਤ ਜਿਹੇ ਦਾਇਰੇ ਵਿਚ ਘੁਟ ਘੁਟ ਕੇ ਮਰਨ ਤੋਂ ਸਿਵਾਏ ਕੋਈ ਚਾਰਾ ਨਹੀਂ ਹੈ।

ਨਰਿੰਦਰ ਮੋਦੀ ਨੇ ਦੋ ਵਾਰ ਗੁਜਰਾਤ ਵਿਚ ਮੁਸਲਮਾਨਾਂ ਦਾ, ਭਾਰੀ ਕਤਲੇਆਮ ਕਰਵਾਇਆ ਹੈ। ਉਸ ਵਕਤ ਗੁਜਰਾਤ ਵਿਚ ਮੀਡੀਆ ਸੁਤੰਤਰਤਾ ਨਾਲ, ਆਪਣਾ ਚੰਗਾ ਮਾੜਾ ਕੰਮ ਕਰ ਰਿਹਾ ਸੀ। ਕਾਫੀ ਹੱਦ ਤੱਕ ਸਚਾਈ ਸਾਹਮਣੇ ਆਉਂਦੀ ਰਹੀ। ਗੁਜਰਾਤ ਵਿਚੋਂ ਕੇਸ ਬਦਲ ਕੇ, ਬੰਬਈ ਭੇਜ ਦਿੱਤੇ ਗਏ। ਤਾਂ ਕਿ ਮੁਸਲਮਾਨ ਗਵਾਹੀ ਦੇਣ ਲੱਗੇ ਡਰ ਮਹਿਸੂਸ ਨਾ ਕਰਨ। ਇਧਰ ਪੰਜਾਬ ਵਿਚ ਸਾਰਾ ਮੀਡੀਆ ਜਾਮ ਕਰ ਦਿੱਤਾ ਗਿਆ। ਬਦੇਸ਼ੀ ਪੱਤਰਕਾਰ ਪਹਿਲਾਂ ਕੱਢ ਦਿੱਤੇ ਗਏ। ਪੰਜਾਬ ਦੇ ਜ਼ੁਲਮ ਦੀ ਦਾਸਤਾਨ ਬਾਹਰ ਨਹੀਂ

ਨਿਕਲਣੀ ਚਾਹੀਦੀ। ਜੋ ਜ਼ੁਲਮ ਪੰਜਾਬ ਵਿਚ ਪੰਦਰਾਂ ਸਾਲ ਤੱਕ ਹੁੰਦੇ ਰਹੇ ਹਨ। ਉਨ੍ਹਾਂ ਦਾ ਕੁਝ ਹੀ ਭਾਗ ਹਾਲੀ ਸਾਹਮਣੇ ਆਇਆ ਹੈ। ਸੰਨ 1978 ਦੀ ਵਿਸਾਖੀ ਨੂੰ ਨਿਰੰਕਾਰੀਆਂ ਨੇ ਜੋ ਕਹਿਰ ਢਾਹਿਆ ਸੀ। ਤੇਰਾਂ ਸਿੱਖ ਤੇ ਚਾਰ ਗੈਰ ਸਿੱਖ ਮਾਰੇ ਗਏ ਸਨ। ਇਸ ਕੇਸ ਨਾਲ ਸੰਬੰਧਤ ਮੁਕੱਦਮਾ, ਅੰਮ੍ਰਿਤਸਰ ਵਿਚ ਚਲ ਰਿਹਾ ਸੀ। ਨਿਰੰਕਾਰੀਆਂ ਦੇ ਬੇਨਤੀ ਕਰਨ ਤੇ ਅੰਮ੍ਰਿਤਸਰ ਤੋਂ ਬਦਲ ਕੇ ਹਰਿਆਣੇ ਦੇ ਕਰਨਾਲ ਸ਼ਹਿਰ ਦੀ ਅਦਾਲਤ ਵਿਚ ਭੇਜ ਦਿੱਤਾ। ਜਿਥੇ ਸਾਰੇ ਨਿਰੰਕਾਰੀ ਬਰੀ ਕਰ ਦਿੱਤੇ ਗਏ। ਜੇ ਕਰ ਸੈਸ਼ਨ ਕੋਰਟ ਦੇ ਫੈਸਲੇ ਵਿਰੁੱਧ ਹਾਈ ਕੋਰਟ ਵਿਚ ਅਪੀਲ ਕਰਨੀ ਹੋਵੇ, ਤਾਂ ਤੀਹ ਦਿਨਾਂ ਦੇ ਅੰਦਰ ਕੇਸ ਦਾਖਿਲ ਕਰਨਾ ਹੁੰਦਾ ਹੈ। ਉਸ ਵਕਤ ਪੰਜਾਬ ਦੇ **''ਅਕਾਲੀ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਤੀਹ ਦਿਨਾਂ ਤੱਕ ਇਹ ਫਾਈਲ ਆਪਣੇ ਕਬਜ਼ੇ ਵਿਚ ਰੱਖੀ ਛੱਡੀ। ਤੀਹ ਦਿਨ ਪੂਰੇ ਹੋਣ ਤੇ ਬਾਹਰ ਹਵਾ ਲਗਾਈ। ਇਸ ਤਰ੍ਹਾਂ ਹਾਈਕੋਰਟ ਵਿਚ ਕੇਸ ਜਾ ਹੀ ਨਹੀਂ ਸਕਿਆ।**

ਪ੍ਰਧਾਨ ਮੰਤਰੀ ਇੰਦਰਾਂਗਾਂਧੀ ਨੇ ਦਿੱਲੀ ਵਿਚ ਸਾਰੇ ਦੇਸ਼ ਦੇ ਖੇਤੀ ਮੰਤਰੀਆਂ ਦੀ ਮੀਟਿੰਗ ਬੁਲਾਈ। ਨਾਲ ਕਾਫੀ ਸਾਰੇ ਮੁੱਖ ਮੰਤਰੀ ਵੀ ਆਏ, ਜਿਨ੍ਹਾਂ ਕੋਲ ਖੇਤੀ ਮਹਕਿਮਾ ਸੀ। ਮੁੱਖ ਮੰਤਰੀਆਂ ਨੇ ਆਪਣੀ ਸਹਾਇਤਾ ਵਾਸਤੇ ਖੇਤੀ ਸੈਕਟਰੀ ਨਾਲ ਤੋਰ ਲਏ। ਵਿਚਾਰੇ ਕਈ ਸਾਰੇ ਮੰਤਰੀ ਤਾਂ ਉਂਝ ਹੀ ਬੋਲੋ ਰਾਮ ਹੁੰਦੇ ਨੇ, ਕੰਮ ਤੇ ਕਾਨੂੰਨ ਤਾਂ ਸਾਰਾ ਸਕੱਤਰਾਂ ਨੂੰ ਹੀ ਪਤਾ ਹੁੰਦਾ ਹੈ। ਸੋ ਪੰਜਾਬ ਵਿਚੋਂ ਮੁੱਖ ਮੰਤਰੀ ਸ੍ਹ ਲਛਮਣ ਸਿੰਘ ਗਿੱਲ, ਸਮੇਤ ਆਪਣੇ ਖੇ ਤੀ ਸੈਕਟਰੀ ਸ੍ਰ: ਪ੍ਰੀਤਮ ਸਿੰਘ ਹੁਸ਼ਿਆਰਪੁਰੀ ਦੇ, ਸਭਾ ਵਿਚ ਜਾ ਪਹੁੰਚੇ। ਆਪਣੇ ਲਾਉ ਲਸ਼ਕਰ ਸਮੇਤ ਪ੍ਰਧਾਨ ਮੰਤਰੀ ਇੰਦਰਾਗਾਂਧੀ ਭੀ ਆ ਪਹੁੰਚੀ। ਰਸਮੀ ਕਾਰਵਾਈਆਂ ਤੋਂ ਬਾਅਦ, ਇੰਦਰਾ ਨੇ ਆਪਣਾ ਭਾਸ਼ਣ ਝਾੜਿਆ-''ਸਾਡੇ ਦੇਸ਼ ਵਿਚ ਤੇਲ ਵਾਲੇ ਬੀਜਾਂ (ਸਰ੍ਹੋਂ, ਤੋਰੀਆ, ਸੂਰਜ ਮੁਖੀ ਵਗੈਰਾ) ਦੀ ਬਹੁਤ ਕਮੀ ਹੈ। ਸਾਨੂੰ ਵਿਦੇਸ਼ ਵਿਚੋਂ, ਇਹ ਚੀਜ਼ਾਂ ਮੰਗਾਉਣੀਆਂ ਪੈਂਦੀਆਂ ਹਨ। ਇਸ ਕੰਮ ਤੇ ਵਿਦੇਸ਼ੀ ਮੁੱਦਰਾ (ਡਾਲਰ) ਵਧ ਖਰਚ ਹੋ ਜਾਂਦੀ ਹੈ। ਮੈਂ ਕਿਸਾਨਾਂ ਨੂੰ ਸਲਾਹ ਦੇ ਰਹੀ ਹਾਂ ਕਿ ਤੁਸੀਂ ਉਹਨਾਂ ਨੂੰ ਦੱਸੋ ਪਈ ਤੇਲ ਬੀਜ ਵੱਧ ਤੋਂ ਵੱਧ ਪੈਦਾ ਕਰਨ''...। ਤਾੜੀਆਂ। ਸਾਰਿਆਂ ਖੂਬ ਸ਼ਲਾਘਾ ਕੀਤੀ। ਸਭਾ ਖਤਮ ਹੋਣ ਤੋਂ ਪਹਿਲਾਂ, ਪੰਜਾਬ ਦੇ ਸੁਲਝੇ ਹੋਏ ਖੇਤੀ ਸੈਕਟਰੀ, ਸ੍ਰ: ਪ੍ਰੀਤਮ ਸਿੰਘ ਨੇ ਸਮਾਂ ਮੰਗ ਲਿਆ। ਆਪਣੇ ਮਾਇਕ ਨੂੰ ਚਾਲੂ ਕਰਕੇ ਸ੍ਰੀਮਤੀ ਇੰਦਰਾ ਨੂੰ ਸੰਬੋਧਨ ਕਰਕੇ ਬੋਲਿਆ-'' ਮੈਂ ਮੈਡਮ ਨੂੰ ਬੇਨਤੀ ਕਰਦਾ ਹਾਂ ਕਿ ਤੇਲ ਬੀਜਾਂ ਦਾ ਸਹਾਇਕ ਮੁੱਲ ਵਧਾ ਦਿਓ। ਜਦੋਂ ਕਿਸਾਨਾਂ ਨੂੰ ਮੁਨਾਫਾ ਬਹੁਤਾ ਮਿਲੇਗਾ, ਉਹ ਪੂਰੇ ਉਤਸ਼ਾਹ ਨਾਲ ਤੇਲ ਬੀਜ ਪੈਦਾ ਕਰਨਗੇ, ਤੁਸੀਂ ਜੋ ਕੀਮਤ ਦੇ ਰਹੇ ਹੋ ਇਸ ਨਾਲ ਕਿਸਾਨਾਂ ਨੂੰ ਘਾਟਾ ਪੈ ਰਿਹਾ ਹੈ। ਘਾਟੇ ਵਾਲੀ ਖੇਤੀ ਕਿਸਾਨ ਕਿਵੇਂ ਕਰ ਸਕਣਗੇ? ਪ੍ਰੇਰਨਾ ਕਰਨ ਨਾਲ ਕੁਝ ਨਹੀਂ ਸੰਵਰਨਾ। ਤੇਲ ਬੀਜਾਂ ਦੀਆਂ ਕੀਮਤਾਂ

ਵਧਾਉਣ ਨਾਲ ਜ਼ਿੰਮੀਦਾਰਾਂ ਵਿਚ ਖੁਸ਼ੀ ਆਵੇਗੀ............''। ਵਕਤੀ ਤੌਰ ਤੇ ਸ੍ਰੀਮਤੀ ਇੰਦਰਾ ਗਾਂਧੀ ਨੇ ਸਿਰ ਹਿਲਾਇਆ। ਪਰ ਅੰਦਰੋਂ ਸੜਬਲ ਕੇ ਕੋਲਾ ਹੋ ਗਈ। ਪਈ ਮੇਰੀ ਹਾਂ ਵਿਚ ਹਾਂ ਕਿਉਂ ਨਹੀਂ ਮਿਲਾਈ? ਮੇਰੀ ਗੱਲ ਦੀ ਕਾਟ ਕਰ ਦਿੱਤੀ। ਖੁਦ ਵੱਡਾ ਸਿਆਣਾ ਬਣਦਾ ਹੈ? ਆਪਣੇ ਸਕੱਤਰ ਨੂੰ ਇਸ ''ਸਿਰ ਫਿਰੇ ਸਿੱਖ'' ਦਾ ਪਤਾ ਸਿਰਨਾਵਾਂ ਨੋਟ ਕਰਨ ਲਈ ਕਿਹਾ। ਤੇ ਹਫਤੇ ਦੇ ਅੰਦਰ ਸ੍ਰ: ਪ੍ਰੀਤਮ ਸਿੰਘ ਹੁਸ਼ਿਆਰਪੁਰੀ, ਖੇਤੀ ਸੈਕਟਰੀ ਦੇ ਮਹੱਤਵਪੂਰਨ ਅਹੁਦੇ ਤੋਂ ਹਟਾ ਕੇ, ਇਕ ਮਾਮੂਲੀ ਜਿਹੇ ਮਹਿਕਮੇ ਦਾ ਮੁਖੀ ਬਣਾ ਦਿੱਤਾ। ਜਿਥੇ ਕੋਈ ਕੰਮ ਨਹੀਂ ਸੀ। ਚੰਗੀ ਸਲਾਹ ਦੇ ਕੇ ਸ੍ਰ: ਜੀ ਨੇ ''ਦੇਸ਼ ਧ੍ਰੋਹ'' ਕਮਾ ਲਿਆ ਤੇ ਕੀਤੇ ਦੀ ਸਜ਼ਾ ਪਾਈ। (ਨੋਟ- ਮੈਂ ਖੁਦ ਇਹਨਾਂ ਨੂੰ ਮਿਲ ਕੇ ਸਾਰੀ ਗੱਲ ਦੀ ਤਸਦੀਕ ਕੀਤੀ ਹੈ- ਲੇਖਕ)

**ਪੰਜਾਬ ਦੇ ਕਿਸਾਨਾਂ ਨੂੰ ''ਲੋਰੀਆਂ'' ਬਹੁਤ ਦਿੱਤੀਆਂ ਜਾਂਦੀਆਂ ਹਨ। ''ਮਤ੍ਰੇਈ ਮਾਂ'' ਦੁੱਧ ਕਦੇ ਨਹੀਂ ਪਿਆਉਂਦੀ।**

ਭਾਰਤੀ ਫੌਜ ਵਿਚ ਲਗਭਗ ਪੈਂਤੀ ਸਾਲ ਤੱਕ ਉੱਚ ਅਹੁਦਿਆਂ ਤੇ ਨੌਕਰੀ ਕਰ ਚੁੱਕੇ ਜਨਰਲ ਹਰਬਖ਼ਸ਼ ਸਿੰਘ ਜੀ ਨੇ, ਪੰਜਾਬੀ ਟ੍ਰਿਬਿਊਨ ਵਿਚ ਛਪੀ (5-5-1999) ਇੰਟਰਵੀਉ ਵਿਚ, ਭਾਰਤ ਸਰਕਾਰ ਦੇ ਸਿੱਖ ਮਾਰੂ ਮਨਸੂਬੇ ਨੂੰ ਬੇਬਾਕੀ ਨਾਲ ਨੰਗਾ ਕੀਤਾ ਸੀ। ਯਾਦ ਰਹੇ ਇਹ ਮੁਲਾਕਾਤ ਬਹੁਤ ਪਹਿਲਾਂ ਕੀਤੀ ਗਈ ਸੀ। ਅਖ਼ਬਾਰ ਵਾਲਿਆਂ ਨੇ ਛਾਪਣ ਦੀ ਹਿੰਮਤ ਨਾ ਕੀਤੀ। ਜਨਰਲ ਦੇ ਮਰਣ ਦਿਨ ਤੇ ਛਾਪੀ ਗਈ ਸੀ। ਸੰਨ 1965 ਵਿਚ ਇਹਨਾਂ ਸਤਰਾਂ ਦਾ ਲੇਖਕ ਭੀ, ਫੌਜ ਵਿਚ ਨੌਕਰੀ ਕਰਦਾ ਹੋਇਆ, ਸਿਆਲ ਕੋਟ ਸੈਕਟਰ ਵਿਚ ਲੜਦਾ ਰਿਹਾ ਹੈ। ਸਾਡੀ ਰੈਜਮੈਂਟ ਅੰਨੇ ਜੋਸ਼ ਵਿਚ ਬਹੁਤ ਅਗੇ ਵੱਧ ਗਈ। ਪਤਾ ਉਦੋਂ ਲੱਗਾ ਜਦੋਂ ਪਾਕਿਸਤਾਨੀ ਫੌਜ ਦੇ ਲੁਕੇ ਹੋਏ ਫੌਜੀਆਂ ਨੇ, ਚਾਰੇ ਬੰਨਿਓਂ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਮੁਕਾਬਲਾ ਕਰਨ ਤੋਂ ਅਸਮਰੱਥ ਜਾਣ ਕੇ, ਜਿਧਰ ਕਿਸੇ ਨੂੰ ਬਚਾਅ ਨਜ਼ਰ ਆਇਆ, ਉਧਰ ਹੀ ਨੱਸ ਪਿਆ। ਕਈ ਸਾਰੇ ਸਿਪਾਹੀ ਮਾਰੇ ਗਏ। ਗੱਡੀਆਂ ਟੈਂਕ ਸੜ ਗਏ, ਗੋਲਿਆਂ ਨਾਲ ਤਬਾਹ ਹੋ ਗਏ। ਇਕ ''ਮਹਾਨ ਸਪੂਤ'' ਲੈਫਟੀਨੈਂਟ ਅਸ਼ੋਕ ਕੁਮਾਰ, ''ਸਿਰ ਤੇ ਪੈਰ ਰੱਖ ਕੇ'' ਅਜਿਹਾ ਦੋੜਿਆ ਕਿ ਸਿੱਧਾ ਹੀ ਪਠਾਣਕੋਟ ਦੇ ਇਕ ਸਿਵਲ ਹਸਪਤਾਲ ਵਿਚ, ਬਿਮਾਰੀ ਦਾ ਪੱਜ ਕਰਕੇ ਦਾਖ਼ਲ ਹੋ ਗਿਆ। ਖ਼ਬਰ ਫੈਲ ਗਈ ਕਿ ਸੈਕਿੰਡ ਫੀਲਡ ਰੈਜਮੈਂਟ ਦਾ ਲੈਫਟੀਨੈਂਟ, ਭਾਰਤੀ ਫੌਜਾਂ ਦਾ ''ਪਹਿਲਾ ਸ਼ਹੀਦ''। ਪਾਕਿਸਤਾਨੀ ਫੌਜ ਨਾਲ ਸਾਹਮਣੇ ਮੱਥੇ ''ਬਹਾਦਰੀ'' ਨਾਲ ਲੜਦਿਆਂ ਵੀਰ ਗਤੀ ਪ੍ਰਾਪਤ ਹੋਇਆ। ਭਾਰਤ ਸਰਕਾਰ ਦੇ ਰੱਖਿਆ ਵਿਭਾਗ ਵੱਲੋਂ, ''ਵੀਰ ਚੱਕਰ'' ਨਾਲ ਸਨਮਾਨਤ ਕਰਨ ਦਾ ਐਲਾਨ ਹੋ ਗਿਆ। ਜੰਗ ਖਤਮ ਹੁੰਦਿਆਂ ਹੀ, ਸ੍ਰੀ ਅਸ਼ੋਕ ਕੁਮਾਰ ''ਇਲਾਜ ਕਰਵਾ ਕੇ'' ਬੜੀ ''ਸ਼ਾਨ ਨਾਲ'' ਆਪਣੀ ਰੈਜਮੈਂਟ ਵਿਚ ਵਾਪਸ ਆ ਗਏ। ਮਿਥੇ ਅਜ਼ਾਦੀ ਦਿਨ ਤੇ, ਭਾਰਤ ਦੇ

ਰਾਸ਼ਟਰਪਤੀ ਵੱਲੋਂ, ''ਵੀਰ ਚੱਕਰ'' ਹਿੱਕ ਤੇ ਚਿਪਕਾ ਦਿੱਤਾ। ਇਹ ਬੰਦਾ ਤਣ ਤਣ ਕੇ ਛਾਤੀ ਫੁਲਾ ਕੇ ਮੈਡਲ ਲਗਵਾ ਰਿਹਾ ਸੀ। ਵੱਡੇ ਅਫ਼ਸਰ ਭੀ ਇਸ ਗਿੱਦੜ ਨੂੰ, ਸਲੂਟ ਮਾਰਨ ਲਈ ਮਜ਼ਬੂਰ ਸਨ। ਵਾਹ ਮੇਰੇ ਭਾਰਤ ਦੇਸ਼ ਨਹੀਂ ਰੀਸਾਂ ਤੇਰੀਆਂ।

ਹਾਂ ਜਨਰਲ ਹਰਬਖ਼ਸ਼ ਸਿੰਘ ਜੀ ਨੇ ਅੰਦਰ ਦੇ ਭੇਦ ਮੁਲਕਾਤ ਵਿਚ ਪ੍ਰਗਟ ਕੀਤੇ।–''ਅਸੀਂ ਸੰਨ 65 ਵਿਚ ਪਾਕਿਸਤਾਨ ਨਾਲ ਜੰਗ ਵਾਸਤੇ ਤਿਆਰੀ ਕਰ ਰਹੇ ਸਾਂ। ਭਾਰਤੀ ਫੌਜਾਂ ਦੇ ਕਮਾਂਡਰ ਜਨਰਲ ਚੌਧਰੀ ਨੇ, ਵਾਇਰਲੈਸ ਤੇ ਹੁਕਮ ਦਿੱਤਾ ਕਿ ਅਸੀਂ ਪੱਛਮੀ ਮੋਰਚੇ ਤੇ ਕਾਫੀ ਕਮਜ਼ੋਰ ਹਾਂ। ਤੁਸੀਂ ਆਪਣੀ ਫੌਜ ਨੂੰ ਪਿੱਛੇ ਹਟਾ ਲਉ, ਬਿਆਸ ਦਰਿਆ ਦੇ ਪੂਰਬੀ ਕਿਨਾਰੇ ਤੇ ਮੋਰਚੇ ਬਣਾ ਕੇ ਬੈਠ ਜਾਉ। ਜੇ ਮੁਕਾਬਲਾ ਕਰਨ ਦੀ ਸਥਿਤੀ ਵਿਚ ਨਾ ਹੋਵੋ ਤਾਂ ਸਤਲੁਜ ਦੇ ਪੂਰਬ ਤੱਕ ਪਿਛਾਂਹ ਹੱਟ ਜਾਣਾ। ਬਿਨਾਂ ਮਤਲਬ ਫੌਜੀ ਨਹੀਂ ਮਰਵਾਉਣੇ......। ਮੈਂ (ਜਨਰਲ ਸਾਹਿਬ) ਜ: ਚੌਧਰੀ ਨੂੰ ਕਿਹਾ ਕਿ ਜੋ ਤੁਸੀਂ ਕਹਿ ਰਹੇ ਹੋ, ਇਹ ਲਿਖ ਕੇ ਭੇਜੋ, ਮੈਂ ਤਦ ਮੰਨਾਂਗਾ। ਜਨਰਲ ਚੌਧਰੀ ਆਖਣ ਲੱਗਾ, ਮੈਂ ਤੁਰੰਤ ਅੰਬਾਲੇ ਪਹੁੰਚ ਰਿਹਾ ਹਾਂ, ਤੁਸੀਂ ਪਰਸੋਂ ਮੈਨੂੰ ਉਥੇ ਮਿਲੋ।''

ਇਹਨਾਂ ਦੋ ਦਿਨਾਂ ਦੁਹਰਾਨ ਮੈਂ ਆਪਣੀਆ ਸਾਰੀਆਂ ਰੈਜਮੈਂਟਾ ਵਿਚ ਤੂਫਾਨੀ ਦੌਰਾ ਕੀਤਾ। ਇਹਨਾਂ ਵਿਚਲੇ ਹਿੰਦੂ ਫੌਜੀਆਂ ਨੂੰ ਆਮ ਕਰਕੇ ਤੇ ਸਿੱਖ ਫੌਜੀਆਂ ਨੂੰ ਖਾਸ ਕਰਕੇ, ਵੰਗਾਰ ਪਾਈ-''ਮੇਰੇ ਬਹਾਦਰ ਸਿਪਾਹੀਓ ! ਅਸੀਂ ਭਾਵੇਂ ਗਿਣਤੀ ਵਿਚ ਘੱਟ ਹੋਈਏ, ਭਾਵੇਂ ਸਾਡੇ ਕੋਲ ਹਥਿਆਰ ਵਧੀਆ ਨਾ ਹੋਣ। ਪਰ ਪਾਕਿਸਤਾਨੀ ਫੌਜ ਨੂੰ ਅਸੀਂ ਆਪਣੀ ਧਰਤੀ ਤੇ ਅੱਗੇ ਨਹੀਂ ਵਧਣ ਦੇਣਾ। ਪਾਕਿਸਤਾਨੀਆਂ ਦਾ ਅਗੇ ਵਧਣ ਦਾ ਮਤਲਬ ਹੈ ਸਾਡੇ ਸਵੈਮਾਣ ਦਾ ਕੁਚਲਿਆ ਜਾਣਾ। ਸਾਡੇ ਧਰਮ ਅਸਥਾਨਾਂ ਦਾ ਢਹਿ ਜਾਣਾ। ਸਾਡੀਆਂ ਨੂੰਹਾਂ ਧੀਆਂ ਦੀ ਇੱਜ਼ਤ ਲਹਿ ਜਾਣੀ। ਸਾਡੇ ਘਰ ਘਾਟ ਉਜੱੜ ਜਾਣੇ, ਸਾਰੀ ਦੁਨੀਆਂ ਵਿਚ ਸਾਡਾ ਮੂੰਹ ਕਾਲਾ ਹੋ ਜਾਣਾ। ਹਾਰੀਆਂ ਫੌਜਾਂ ਆਪਣੇ ਦੇਸ਼ ਦੀ ਇੱਜ਼ਤ ਮਿੱਟੀ ਵਿਚ ਰੋਲ ਦਿੰਦੀਆਂ ਹਨ, ਤੇ ਆਪਣੇ ਆਪ ਨੂੰ ਕੱਖੋਂ ਹੋਲਾ ਕਰ ਲੈਂਦੀਆਂ ਹਨ......''। ਮੇਰੇ ਸਿਪਾਹੀਆਂ ਨੇ ਆਖ਼ਰੀ ਸੁਆਸ ਤੱਕ ਲੜਣ ਦਾ ਪ੍ਰਣ ਕੀਤਾ। ਮੈਂ ਤੀਸਰੇ ਦਿਨ ਅੰਬਾਲੇ ਆ ਕੇ ਜਨਰਲ ਚੌਧਰੀ ਨੂੰ ਮਿਲਿਆ। ਉਸਨੇ ਦਸਿਆ ਕਿ ਭਾਰਤ ਦੇ ਰੱਖਿਆ ਮੰਤਰਾਲੇ ਦਾ ਹੁਕਮ ਸੀ ਕਿ ਫੌਜ ਪਿੱਛੇ ਹਟਾ ਲਈ ਜਾਵੇ। ਮੈਂ (ਜਨਰਲ ਸਾਹਿਬ) ਤੁਹਾਨੂੰ ਆਖਿਆ ਸੀ ਕਿ ਲਿਖ ਕੇ ਦਿਓ। ਲਿਖ ਕੇ ਕਿਉਂ ਨਹੀਂ ਭੇਜਿਆ? (ਕੋਈ ਜੁਆਬ ਨਹੀਂ) ਕੀ ਤੁਸੀਂ ਮੇਰੇ ਘੁੱਗ ਵਸਦੇ ਪੰਜਾਬ ਨੂੰ ਇਕ ਸਾਜਿਸ਼ ਤਹਿਤ ਤਬਾਹ ਕਰਨਾ ਚਾਹੰਦੇ ਹੋ? ਅਸੀਂ ਇੰਨੇ ਕਮਜ਼ੋਰ ਤਾਂ ਨਹੀਂ ਹਾਂ। ਸਤਾਰਾਂ ਦਿਨ ਦੀ ਜੰਗ ਤੋਂ ਬਾਅਦ ਗੋਲੀ ਬੰਦੀ ਹੋ ਗਈ। ਅਸੀਂ ਸਿੱਖਾਂ ਨੂੰ ਬਚਾ ਲਿਆ, ਪੰਜਾਬ ਨੂੰ ਬਚਾ ਲਿਆ। ਭਾਰਤ ਸਰਕਾਰ 1965 ਵਿਚ ਹੀ ਸਿੱਖ ਕੌਮ ਨੂੰ ਤਬਾਹ ਕਰਨ ਤੇ ਤੁਲੀ ਹੋਈ ਸੀ। ਕਿਉਂਕਿ ''ਸਿੱਖ

ਜਰਾਇਮ ਪੇਸ਼ਾ ਕੌਮ'' ਹਨ, ਹੈਨਾ? ਅੰਦਰ ਦੇ ਭੇਤੀ ਤਾਂ ਇਹ ਭੀ ਦਸਦੇ ਹਨ ਕਿ ਜਦੋਂ ਪਾਕਿਸਤਾਨੀ ਫੌਜ ਪੰਜਾਬ ਵਿਚ ਦਨਦਨਾਦੀ ਅੱਗੇ ਵੱਧ ਰਹੀ ਹੋਣੀ ਸੀ। ਉਸ ਵਕਤ ''ਅੱਗੇ ਵੱਧ ਰਹੀ ਫੌਜ ਤੇ''ਭਾਰਤੀ ਬੰਬਰ ਜਹਾਜ਼ਾਂ ਨੇ, ਬੰਬ ਬਰਸਾਂਉਣੇ ਸਨ। ਇਉਂ ਪੰਜਾਬ ਨੂੰ ਨੇਸਤੋ ਨਾਬੂਦ ਕਰ ਦੇਣਾ ਸੀ। ''ਕਮਲੇ ਸਿੱਖ'' ਇਸ ਸਰਕਾਰ ਕੋਲੋਂ ਇਨਸਾਫ ਦੀ ਮੰਗ ਕਰ ਰਹੇ ਹਨ।

ਮਿਤੀ 10-02-06 ਨੂੰ ਸਟਾਰ ਨਿਊਜ ਟੀ.ਵੀ. ਚੈਨਲ ਵਾਲਿਆਂ ਨੇ, ਰਾਤੀ ਨੌਂ ਵਜੇ ਤੋਂ 10 ਵਜੇ ਤੱਕ, ਇਕ ਖਾਸ ਪ੍ਰੋਗਰਾਮ ਵਿਖਾਇਆ ''ਉਪ੍ਰੇਸ਼ਨ ਯਮਰਾਜ''। ਇਸ ਵਿਚ ਉਹਨਾਂ ਤਥਾਂ ਤੇ ਅਧਾਰਤ, ਪੁਲਿਸ ਦੇ ਵੱਡੇ-ਛੋਟੇ ਅਫਸਰਾਂ ਨੂੰ ਵੱਡੀਆਂ ਰਿਸ਼ਵਤਾਂ ਲੈ ਕੇ, ਮੰਦ ਕਾਰੇ ਕਰਦੇ ਵਿਖਾਇਆ। ਜੇ ਕੋਈ ਵਿਅਕਤੀ ਆਪਣੇ ਵਿਰੋਧੀ ਨੂੰ ਮੁਕੱਦਮਿਆਂ ਵਿਚ ਉਲਝਾਣਾ ਚਾਹੇ ਤਾਂ ਅਫ਼ੀਮ ਸਮੈਕ ਜਾਂ ਨਾਂਜਾਇਜ਼ ਅਸਲਾ ਪੁਲਿਸ ਵਾਲੇ ਆਪਣੇ ਕੋਲੋਂ ਹੀ ਪਾਕੇ, ਸਬੰਧਤ ਨਿਰਦੋਸ਼ ਵਿਅਕਤੀ ਨੂੰ ਬਰਬਾਦ ਕਰ ਦਿੰਦੇ ਹਨ। ਹੋਰ ਮੋਟੀਆਂ ਰਕਮਾਂ ਪ੍ਰਾਪਤ ਕਰਕੇ, ਪੁਲਿਸ ਵਾਲੇ ਕਿਸੇ ਭੀ ਸਰੀਫ਼ ਇਨਸਾਨ ਦਾ, ਪੁਲਿਸ ਮੁਕਾਬਲਾ ਬਣਾ ਕੇ ਮਾਰ ਸਕਦੇ ਹਨ। ਕਿਸੇ ਪਰਿਵਾਰ ਦੇ ਮੈਂਬਰ ਨੂੰ ਚੁੱਕ ਲੈਣਾ ਤੇ ਉਸਦੀ ਘਰ ਵਾਪਸੀ ਲਈ ਕਿਵੇਂ ਲੱਖਾਂ ਰੁਪੈ ਫਿਰੌਤੀ ਵਸੂਲ ਲੈਂਦੇ ਹਨ, ਚੰਗੀ ਤਰਾਂ ਪਰਦਾ ਫਾਸ਼ ਕੀਤਾ। ਲਗਭਗ ਦਸ ਗਿਆਰਾਂ ਸਾਲ ਪਹਿਲਾਂ ਚੌਦਾਂ ਸਿੱਖ ਨੌਜਵਾਨਾਂ ਦਾ ਇਕ ਜਥਾ ਹਜੂਰ ਸਾਹਿਬ ਦੀ ਯਾਤਰਾ ਨੂੰ ਚੱਲਿਆ। ਰਸਤੇ ਵਿਚ ਬਹੁਤ ਥਾਈਂ ਸਖ਼ਤ ਚੈਕਿੰਗ ਹੋਈ, ਕੁਝ ਨਾ ਮਿਲਿਆ। ਜੋ ਕੁਝ ਪੈਸੇ ਕੋਲ ਸਨ, ਪੁਲਸੀਆਂ ਨੇ ਉਹ ਭੀ ਖੋਹ ਲਏ। ਅੱਗੇ ਤੋਂ ਅਗੇ ਆ ਰਹੇ ''ਸ਼ਿਕਾਰ'' ਦੀ ਖ਼ਬਰ ਦਿੰਦੇ ਰਹੇ। ਫਿਰ ਇਹਨਾਂ ਬਹਾਦਰੀ ਵਿਖਾ ਕੇ, ਮੈਡਲ ਪ੍ਰਾਪਤ ਕਰਨ ਦਾ ਮਨ ਬਣਾ ਹੀ ਲਿਆ। ''ਸੰਘਣੇ ਜੰਗਲ ਵਿਚ, ਭਿਆਨਕ ਹਥਿਆਰਬੰਦ ਲੜਾਈ ਤੋਂ ਬਾਦ, ਪੁਲਿਸ ਨੂੰ ਵੱਡੀ ਸਫ਼ਲਤਾ ਮਿਲੀ। ਚੌਦਾਂ ਖੂੰਖਾਰ ਸਿੱਖ ਅਤਿਵਾਦੀ ਸਖ਼ਤ ਮੁਕਾਬਲੇ ਵਿਚ ਮਾਰ ਮੁਕਾਏ''। ਟੀ.ਵੀ. ਚੈਨਲ ਤੇ ਇਹ ਸਪਸ਼ਟ ਵਿਖਾਇਆ ਤੇ ਬੋਲਿਆ ਗਿਆ ਕਿ ਇਹ ਸੱਚਾ ਮੁਕਾਬਲਾ ਨਹੀਂ ਸੀ। ਕਿਸੇ ਗਹਿਰੀ ਸਾਜਿਸ਼ ਤਹਿਤ, ਘਿਨਾਉਣਾ ਪਾਪ ਕੀਤਾ ਗਿਆ। ਭਾਰਤ ਤੇ ਰਾਜ ਕਰ ਰਹੇ ਹਾਕਮ, ਅਤੇ ਭਾਰਤ ਦੀਆਂ ਅਦਾਲਤਾਂ ਅਜਿਹਾ ''ਤਮਾਸ਼ਾ''ਹੁੰਦਾ ਨਿਤ ਵੇਖਦੀਆਂ ਹਨ। ਕਿਉਂਕਿ ''ਸਿੱਖ ਜਰਾਇਮ ਪੇਸ਼ਾ ਕੌਮ ਹਨ।''

ਰਾਜੀਵ ਗਾਂਧੀ ਹੱਤਿਆ ਸਾਜਿਸ਼ ਕੇਸ ਵਿਚ ਬਾਰਾਂ ਸਾਲ ਕੈਦ ਕੱਟਕੇ ਰਿਹਾ ਹੋਏ , ਭਾਈ ਪ੍ਰੇਮ ਸਿੰਘ, ਅਮਰਜੀਤ ਸਿੰਘ, ਬਲਦੇਵ ਸਿੰਘ ਅਤੇ ਕਰਮਜੀਤ ਸਿੰਘ ਬਾਹਰ ਆਏ , ਤਾਂ ਉਹਨਾਂ ਅਤੀ ਹਿਰਦੇਵੇਦਕ ਘਟਨਾ ਬਿਆਨ ਕੀਤੀ, ਜੋ ਇਸ ਤਰ੍ਹਾਂ ਹੈ:- '' ਅਸੀਂ ਸਿੱਖਾਂ ਦੀ ਨਸਲਕੁਸੀ ਕਰਨ ਵਾਲੇ ਪਾਪੀ ਇਨਸਾਨ, ਰਾਜੀਵ ਗਾਂਧੀ ਨੂੰ, ਕੀਤੇ ਦੀ ਸਜਾ ਦੇਣ ਦੀ

ਕੋਸ਼ਿਸ਼ ਕੀਤੀ। ਸਾਧਨ ਦੀ ਘਾਟ, ਅਤੇ ਨਾ ਤਜਰਬੇਕਾਰੀ ਕਰਕੇ, ਭਾਵੇਂ ਰਾਜੀਵ ਗਾਂਧੀ ਬਚ ਗਿਆ। ਪਰ ਸਾਨੂੰ ਇਸ ਦਾ ਕੋਈ ਅਫਸੋਸ ਨਹੀਂ ਹੈ। ਪੁਲਿਸ ਰਿਮਾਂਡ ਦੇ ਤਸੀਹਿਆਂ ਤੋਂ ਮਗਰੋਂ, ਸਾਨੂੰ ਤਿਹਾੜ ਜੇਲ (ਦਿੱਲੀ ਵਿਚ) ਭੇਜ ਦਿੱਤਾ। ਪੇਸ਼ੀਆਂ ਪੈਣ ਲੱਗੀਆਂ। ਸਾਡਾ ਵਕੀਲ ਕੋਈ ਨਹੀਂ ਸੀ। ਜੱਜ ਨੇ ਸਰਕਾਰੀ ਵਕੀਲ ਲੈਣ ਲਈ ਆਖਿਆ, ਅਸੀਂ ਨਾਂਹ ਕਰ ਦਿੱਤੀ। ਫਿਰ ਇਕ ਸਿੱਖੀ ਸ਼ਕਲਵਾਲੇ ਵਕੀਲ ਨੇ ਸਾਡੇ ਨਾਲ ਹਮਦਰਦੀ ਵਿਖਾਉਂਦਿਆਂ, ਮੁਫ਼ਤ ਕੇਸ ਲੜਨ ਦੀ ਪੇਸ਼ਕਸ਼ ਕੀਤੀ। ਅਸੀਂ ਦਸਤਖਤ ਕਰਕੇ, ਸਾਰੇ ਜ਼ਰੂਰੀ ਕਾਗਜ ਉਸਦੇ ਹਵਾਲੇ ਕਰ ਦਿੱਤੇ।ਸਮਾਂ ਬੀਤਦਾ ਗਿਆ। ਤਰੀਕਾਂ ਪੈਂਦੀਆਂ ਰਹੀਆਂ। ਸਾਡੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਇਹ ''ਸਿੱਖ'' ਵਕੀਲ ਸਾਡੀਆਂ ਸਾਰੀਆਂ ਫਾਈਲਾਂ ਲੈ ਕੇ, ਲਾਪਤਾ ਹੋ ਗਿਆ। ਕਾਫੀ ਦੇਰ ਮਗਰੋਂ ਸਾਨੂੰ ਪਤਾ ਲਗਿਆ ਕਿ ਉਹ ਅਮਰੀਕਾ ਜਾ ਵਸਿਆ ਹੈ। ਸਮਾਂ ਬੀਤਦਾ ਗਿਆ, ਫਿਰ ਇਕ ਹਿੰਦੂ ਵਕੀਲ ਨੇ ਸਾਡਾ ਕੇਸ ਲੜਨਾ ਸ਼ੁਰੂ ਕੀਤਾ, ਬਗੈਰ ਪੈਸੇ ਲੈਣ ਤੋਂ। ਉਸ ਨੂੰ ਬੜੀਆਂ ਧਮਕੀਆਂ ਮਿਲੀਆਂ। ਪ੍ਰਵਾਰ ਨੂੰ ਖਤਮ ਕਰਦੇਣ ਦੇ ਸੁਨੇਹੇ ਭੇਜੇ ਗਏ। ਉਹ ਵਕੀਲ ਅਡੋਲ ਰਿਹਾ। ਇਕ ਦਿਨ ਅਚਨਚੇਤੀ ਉਸ ਵਕੀਲ ਦਾ ''ਐਕਸੀਡੈਂਟ'' ਹੋ ਗਿਆ। ਕਾਰ ਦੁਰਘਟਨਾਂ ਵਿਚ ਉਹ ਮਰਨੋਂ ਤਾਂ ਬਚ ਗਿਆ। ਇਕ ਬਾਂਹ ਟੁੱਟ ਗਈ ਲੱਤਾਂ ਟੁੱਟ ਗਈਆਂ, ਛੇ ਮਹੀਨੇ ਹਸਪਤਾਲ ਪਿਆ ਰਿਹਾ। ਫਿਰ ਭੀ ਉਠਣ ਜੋਗਾ ਹੋ ਕੇ, ਵੀਲ੍ਹਚੇਅਰ ਤੇ ਬੈਠ ਕੇ, ਸਾਡੇ ਕੇਸ ਦੀ ਪੈਰਵੀ ਕਰਦਾ ਰਿਹਾ। ਇਕ ਹਿੰਦੂ ਜੱਜ ਕੋਲ ਸਾਡਾ ਕੇਸ ਲਗਾ ਹੋਇਆ ਸੀ। ਰਿਮਾਂਡ ਦੇ ਬਹਾਨੇ ਲਿਜਾ ਕੇ ਸੀ.ਬੀ.ਆਈ. ਵਾਲਿਆਂ ਨੇ ਸਾਡੇ ਕੇਸ ਪੁੱਟ ਦਿੱਤੇ , ਨਹੁੰ ਉਖਾੜ ਦਿੱਤੇ। ਹੋਰ ਬੇਅੰਤ ਤਸੀਹੇ ਦਿੱਤੇ। ਇਸ ਨੇਕ ਜੱਜ ਨੇ ਸਾਡਾ ਮੈਡੀਕਲ ਕਰਵਾ ਕੇ ਰਿਪੋਰਟ ਪੇਸ਼ ਕਰਨ ਲਈ ਸੀ.ਬੀ.ਆਈ. ਨੂੰ ਹੁਕਮ ਦਿੱਤਾ। ਸੀ.ਬੀ.ਆਈ. ਵਾਲਿਆਂ ਦੀ ਇਕ ਅਪੀਲ ਭੀ ਰੱਦ ਕਰ ਦਿੱਤੀ। ਜਿਸ ਵਿਚ ਉਹ ਸਾਨੂੰ ਪੰਜਾਬ ਵਿਚ ਲਿਜਾ ਕੇ ਹੋਰ ''ਪੁੱਛ ਪੜ੍ਹਤਾਲ'' ਕਰਨੀ ਚਾਹੁੰਦੇ ਸਨ। ਕਿਉਂਕਿ ਅਸੀਂ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਸੀ.ਬੀ.ਆਈ ਵਾਲੇ ਅਤੇ ਪੰਜਾਬ ਪੁਲਿਸ ਵਾਲੇ, ਲਿਜਾ ਕੇ ਸਾਡਾ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਸਕਦੇ ਹਨ। ਸਾਰੀਆਂ ਦਲੀਲਾਂ ਸੁਣਕੇ ਜੱਜ ਨੇ ਪੁਲਿਸ ਅਤੇ ਸੀ.ਬੀ.ਆਈ. ਦੀ ਮੰਗ ਰਦ ਕਰ ਦਿੱਤੀ। ਪਰ ਅਗਲੇ ਕੁਝ ਦਿਨਾਂ ਅੰਦਰ ਹੀ, ਉਸ ਜੱਜ ਦੀ ਕਾਰ ਵਿਚੋਂ ''ਸਮੈਕ ਫੜੀ ਗਈ।'' ਉਸ ਤੇ ਵੱਡਾ ਕੇਸ ਬਣਾ ਦਿੱਤਾ ਗਿਆ ਤੇ ਉਹ ਜੇਲ੍ਹ ਪੁੱਜ ਗਿਆ। ਕਿਉਂਕਿ ''ਸਿੱਖ ਜਰਾਇਮ ਪੇਸ਼ਾ ਕੌਮ'' ਹਨ। ਇਹਨਾਂ ਲਈ ਤਾਂ ਇਨਸਾਫ ਦੇ ਸਾਰੇ ਰਾਹਬੰਦ ਹਨ.....। (ਸ੍ਰ: ਦਲਬੀਰ ਸਿੰਘ ਪੱਤਰਕਾਰ-ਚਾਨਣ ਦੀ ਖੋਜ- ਪੰਨਾ 58)

ਕਮਜ਼ੋਰ ਲੋਕਾਂ ਨਾਲ ਡਾਹਢੇ ਸਦਾ ਤੋਂ ਧੱਕਾ ਕਰਦੇ ਆਏ ਹਨ। ਜਿਉਣ ਵਾਸਤੇ ਜਾਂ ਤੇ ਸਿਰ ਝੁਕਾਉਣਾ ਪੈਂਦਾ ਹੈ। ਜਾਂ ਫਿਰ ਉਠੇ ਹੋਏ ਸਿਰ ਨੂੰ ਕਟਾਉਣਾ ਪੈਂਦਾ ਹੈ। ਜਦੋਂ

ਤੱਕ ਕਿ ਤਾਕਤ ਦਾ ਤਰਾਜੂ ਕਮਜ਼ੋਰਾਂ ਨੂੰ ਸ਼ਕਤੀਵਾਨ ਨਹੀਂ ਬਣਾ ਦਿੰਦਾ। ਇਸ ਪਰਥਾਏ ਇਕਬਾਲ ਦਾ ਸ਼ੇਅਰ–

**ਤੁਮਹਾਰੀ ਤਹਿਜ਼ੀਬ ਅਪਨੇ ਖੰਜਰ ਸੇ, ਆਪਨੀ ਹੀ ਖੁਦਕੁਸ਼ੀ ਕਰੇਗੀ।**
**ਸਾਖ਼ੇ ਨਾਜ਼ੁਕ ਪੇ ਆਸ਼ੀਆਨਾ ਬਨੇਗਾ, ਤੋ ਨਾ ਪਾਏਦਾਰ ਹੋਗਾ। (ਇਕਬਾਲ)**

ਭਾਰਤ ਸਰਕਾਰ ਨੇ ''ਸਿੱਖ ਜਰਾਇਮ ਪੇਸ਼ਾ ਕੌਮ'' ਹਨ ਵਾਲਾ ਹੁਕਮ ਸੱਠ ਸਾਲ ਬੀਤ ਜਾਣ ਤੇ, ਅਜੇ ਵਾਪਸ ਨਹੀਂ ਲਿਆ। ਜਿਵੇਂ ਦਿਲ ਚਾਹੇ ਜਦੋਂ ਮੌਕਾ ਬਣੇ ਜਿੱਥੇ ਸ਼ੱਕ ਪਵੇ, ਬਿਨਾਂ (ਰਸਮੀ ਜਿਹੀ) ਅਦਾਲਤੀ ਕਾਰਵਾਈ ਦੇ, ਸਿੱਖਾਂ ਨੂੰ ਮਾਰਿਆ ਜਾ ਸਕਦਾ ਹੈ।

**ਗਰੀਬਾਂ ਉਪਰਿ ਜਿ ਖਿੰਜੈ ਦਾੜੀ।। ਪਾਰਬ੍ਰਹਮ ਸਾ ਅਗਨਿ ਮਹਿ ਸਾੜੀ।।**
**ਪੂਰਾ ਨਿਆਉ ਕਰੇ ਕਰਤਾਰੁ।। ਆਪਨੇ ਦਾਸ ਕਉ ਰਾਖਨਹਾਰੁ।। (ਪੰਨਾ 199)**

**000**

# ਸਿੱਖਾਂ ਦੀ ਨਸਲਘਾਤ

ਸਤਿਗੁਰੂ ਸਹਿਬਾਨ ਜੀ ਨੇ ਸਰਬ ਸਾਂਝੇ ਮਨੁੱਖੀ ਭਾਈਚਾਰੇ ਦੀ ਜੋ ਰੂਪ ਰੇਖਾ ਗੁਰਬਾਣੀ ਵਿਚ ਉਲੀਕ ਦਿੱਤੀ ਹੈ, ਉਹ ਕੋਈ ਲੁਕਵੀਂ ਚੀਜ਼ ਨਹੀਂ । ਜਿਸ ਨੂੰ ਰਤਾ ਮਾਸਾ ਸ਼ੱਕ ਹੋਵੇ ਜਦੋਂ ਦਿਲ ਚਾਹੇ ਗੁਰਬਾਣੀ ਵਿਚੋਂ ਪਰਮਾਣ ਪੜ੍ਹ ਕੇ ਤਸੱਲੀ ਕਰ ਸਕਦਾ ਹੈ। ਪ੍ਰਵਾਰ ਅਤੇ ਆਪਣਾ ਆਪਾ ਤਕ ਗੁਰੂ ਸਾਹਿਬ ਨੇ ਕੁਰਬਾਨ ਕਰ ਦਿੱਤਾ, ਜੋ ਇਤਿਹਾਸ ਵਿਚੋਂ ਪੜ੍ਹਿਆ ਜਾ ਸਕਦਾ ਹੈ। ਅਹਿਮਦ ਸ਼ਾਹ ਅਬਦਾਲੀ ਵਰਗਿਆਂ ਕਈ ਸਦੀਆਂ ਤਕ ਭਾਰਤ ਨੂੰ ਘੋੜਿਆਂ ਦੇ ਸੁੰਮਾਂ ਹੇਠ ਮਧੋਲਿਆ, ਇੱਜ਼ਤ ਨੀਲਾਮ ਕੀਤੀ ਸਭ ਨੂੰ ਅਹਿਸਾਸ ਹੋਵੇਗਾ। ਗੁਰੂ ਕੇ ਵਰੋਸਾਏ ਯੋਧਿਆਂ ਨੇ ਖ਼ੂਨ ਡੋਹਲਵੀਂ ਲੰਮੀ ਜੰਗ ਲੜਕੇ, ਜਿਵੇਂ ਭਾਰਤ ਨੂੰ ਮੁੜ ਤੋਂ ਗੁਲਾਮੀ ਵਿਚੋਂ ਕੱਢਿਆ, ਇਹ ਭੀ ਅਜੇ ਕਲ੍ਹ ਦੀਆਂ ਗੱਲਾਂ ਹਨ। ਸਤਲੁਜ ਤੱਕ ਦਾ ਭਾਰਤ ਅਬਦਾਲੀ ਨੇ ਅਫਗਾਨੀਸਤਾਨ ਨਾਲ ਮਿਲਾ ਲਿਆ ਸੀ। ਇਸ ਦਾ ਸਾਰਾ ਪ੍ਰਬੰਧ ਤੇ ਟੈਕਸ, ਸਿੱਧਾ ਅਫਗਾਨਸਤਾਨ ਨੂੰ ਜਾਣ ਲੱਗ ਪਿਆ ਸੀ। ਸਿੰਘਾਂ ਸੂਰਮਿਆਂ ਨੇ ਭਾਰਤ ਦੀ ਇਸ ਵਿਸ਼ਾਲ ਵਸੋਂ ਵਾਲੇ ਤੇ ਜਰਖੇਜ ਖਿੱਤੇ ਨੂੰ ,ਅਫਗਾਨਾਂ ਦੇ ਖ਼ੂਨੀ ਪੰਜੇ ਵਿਚੋਂ ਵਾਪਸ ਲਿਆਂਦਾ। ਮੁਕਤ ਕਰਾ ਕੇ ਭਾਰਤ ਨਾਲ ਜੋੜਿਆ। ਇਸ ਬਦਲੇ ਜੋ ਕੀਮਤ ਉਤਾਰਨੀ ਪਈ ਉਹ ਕਦੇ ਭੀ ਬਿਆਨ ਨਹੀਂ ਕੀਤੀ ਜਾ ਸਕਦੀ। ਇਸ ਮਹਾਨ ਪਰਉਪਕਾਰ ਅਤੇ ਬਹਾਦਰੀ ਵੱਟੇ ਸਿੱਖਾਂ ਨੂੰ ਵਿਸ਼ੇਸ਼ ਸਹੂਲਤਾਂ ਭਾਰਤ ਵੱਲੋਂ ਮਿਲਣੀਆਂ ਚਾਹੀਦੀਆਂ ਸਨ। ਪਰ ਚਾਣਕੀਅ ਦੇ ਪਦ ਚਿੰਨ੍ਹਾਂ ਤੇ ਚਲਣ ਵਾਲੇ ਉਸ ਦੇ ਪੈਰੋਕਾਰਾਂ ਨੇ, ਸਮੂੰਹਕ ਤੌਰ ਤੇ ਸਿੱਖ ਕੌਮ ਦਾ ਬਾਰ ਬਾਰ ਅਪਮਾਨ ਕੀਤਾ। ਆਪਣੇ ਖ਼ੂਨ ਨਾਲ ਸਿੰਜੇ ਦੇਸ ਨੂੰ ਛੱਡ ਕੇ, ਸਭ ਕੁਝ ਬਰਬਾਦ ਕਰਵਾ ਕੇ, ਤੇ ਆਪਣੇ ਪਰਿਵਾਰਕ ਜੀਆਂ ਨੂੰ ਅੱਖਾਂ ਸਾਹਮਣੇ ਕਤਲ ਕਰਵਾ ਕੇ, ਸ਼ਰਨਾਰਥੀ ਬਣਕੇ ਭਾਰਤ ਵਿਚ ਆਉਣਾ ਪਿਆ।

ਇਸ ਉਜਾੜੇ ਤੇ ਕਤਲਾਮ ਨੂੰ ਰੋਕਿਆ ਜਾ ਸਕਦਾ ਸੀ। ਪਰ ਭਾਰਤੀ ਹਾਕਮ ਇਹ ਰੋਕਣਾ ਨਹੀਂ ਚਾਹੁੰਦੇ ਸਨ। ਉਹ ਸਿੱਖਾਂ ਦੀ ਬਹਾਦਰੀ ਤੋਂ ਚੰਗੀ ਤਰ੍ਹਾਂ ਵਾਕਫ ਸਨ। ਜੇ ਸਿੱਖ ਤਾਕਤਵਰ ਬਣੇ ਰਹੇ ਤਾਂ ਕਿਸੇ ਵਕਤ ਵੀ ਭਾਰਤ ਦੀ ਸਰਕਾਰ ਲਈ ਖਤਰਾ ਬਣ ਸਕਦੇ ਹਨ। ਇਸ ਲਈ ਇਹਨਾਂ ਨੂੰ ਹਰ ਸਾਜਿਸ਼ੀ ਚਾਲ ਚਲਕੇ, ਸ਼ਕਤੀਹੀਣ ਕੀਤਾ ਜਾਵੇ। ਭਾਰਤ ਪਾਕ ਵੰਡ ਸਮੇਂ ਫੌਜ ਦੀ ਨਿਗਰਾਨੀ ਵਿਚ ਬਿਨਾਂ ਖ਼ੂਨ ਖਰਾਬੇ ਤੋਂ ਆਬਾਦੀ ਦਾ ਤਬਾਦਲਾ ਕੀਤਾ ਜਾਸ ਸਕਦਾ ਸੀ। ਦਸ ਲੱਖ ਇਨਸਾਨਾਂ ਨੂੰ ਕੋਹੇ ਜਾਣ ਤੋਂ ਬਚਾਇਆ ਜਾ ਸਕਦਾ ਸੀ। ਖਰਬਾਂ ਦੀ ਜਾਇਦਾਦ ਬਰਬਾਦ ਹੋਣ ਤੋਂ ਬਚ ਸਕਦੀ ਸੀ। ਪਰ ਭਾਰਤੀ ਹਾਕਮਾਂ ਨੇ, ਇਕ ਸੋਚੀ ਸਮਝੀ ਸ਼ਾਜਿਸ਼ ਤਹਿਤ, ਜਾਣ ਬੁੱਝ ਕੇ, ਇਹ ਤਬਾਹੀ ਹੋਣ ਦਿੱਤੀ। ਤਾਂ ਕਿ ਸਿੱਖਾਂ ਦੀ ਤਾਕਤ ਨੂੰ ਕਰਾਰੀ ਸੱਟ ਮਾਰੀ ਜਾ

ਸਕੇ। ਸਗੋਂ ਬਚੇ ਹੋਏ ਲੋਕ, ਰੋਜ਼ੀ ਰੋਟੀ ਤੋਂ ਭੀ ਆਤੁਰ ਹੋ ਜਾਣ। ਅਣਖ ਤੇ ਸਵੈਮਾਣ ਗੰਵਾਕੇ ਸਿਰਫ ਪੇਟ ਪੂਰਤੀ ਦੇ ਫਿਕਰ ਵਿਚ ਦੱਬੇ ਜਾਣ, ਉਜੜਿਆਂ ਨੂੰ ਬਸਾਉਂਦੇ ਰਹਿਣ, ਮਰ ਚੁੱਕਿਆਂ ਨੂੰ ਯਾਦ ਕਰਕੇ ਬੁੱਕੀਂ ਹੰਝੂ ਕੇਰਦੇ ਰਹਿਣ ........।

ਉਪਰ ਵਰਣਿਤ ਵਕਿਆਤ ਕੋਈ ਮਨ ਘੜੰਤ ਨਹੀਂ ਹਨ, ਸਗੋਂ ਇਹਨਾਂ ਸਾਜਿਸ਼ਾਂ ਦੇ ਪੁਖਤਾ ਸਬੂਤ ਮੌਜੂਦ ਹਨ। ਇਕ ਨੇਕ ਬਖਤ ਇਨਸਾਨ ਮਹਿੰਦਰ ਸਿੰਘ ਰੰਧਾਵਾ ਜੀ ਬਹੁਤ ਵੱਡੀਆਂ ਪੋਸਟਾਂ ਤੇ ਰਹਿਕੇ ਪਿਆਨਾ ਕਰ ਗਏ ਹਨ। ਉਹ ਆਪਣੀ ਸਵੈ-ਜੀਵਨੀ ਵਿਚ ਲਿਖਦੇ ਹਨ - (ਪੰਨਾ 184)''ਜਦੋਂ ਪਾਕਿਸਤਾਨ ਵਿਚੋਂ ਸਭ ਕੁਝ ਗੰਵਾ ਕੇ, ਤਨ ਦੇ ਦੋ ਕੱਪੜਿਆਂ ਵਿਚ ਥੱਕੇ ਹਰੇ ਬਿਮਾਰ ਤੇ ਭੁਖਣਭਾਣੇ ਸਿੱਖਾਂ ਦੇ ਕਾਫਲੇ, ਦਿੱਲੀ ਦੇ ਗੁਰਦਵਾਰਿਆਂ ਵਿਚ ਆਣ ਟਿਕੇ ਤਾਂ ਮੈਂ ਉਹਨਾਂ ਦਿਨਾਂ ਵਿਚ ਦਿੱਲੀ ਦਾ ਡਿਪਟੀ ਕਮਿਸ਼ਨਰ ਸਾਂ। ਮੈਂ ਇਹਨਾਂ ਦੀਆਂ ਲੋੜਾਂ ਸਰਕਾਰ ਵਲੋਂ ਦਿੱਤੇ ਗਏ ਸਾਧਨਾਂ ਨਾਲ ਪੂਰੀਆਂ ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ। ਲਗਾਤਾਰ ਸ਼ਰਨਾਰਥੀਆਂ ਦੇ ਆਉਣ ਕਾਰਨ ਹਾਲਾਤ ਵਿਗੜਦੇ ਹੀ ਜਾ ਰਹੇ ਸਨ। (ਆਪਣੀ ਨਿੱਜੀ ਕਮਜ਼ੋਰੀ ਕਾਰਨ ਰੰਧਾਵਾ ਜੀ ਕੇਸ ਰਹਿਤ ਸਨ।) ਮੈਂ ਮਨ ਕਰਕੇ ਉਮਰ ਭਰ ਗੁਰੂ ਅਤੇ ਸਿੱਖ ਪੰਥ ਨਾਲ ਇਕ ਸੁਰ ਰਿਹਾ ਹਾਂ। ਜਿਥੇ ਕਿਤੇ ਕਰ ਸਕਿਆ ਆਪਣੇ ਭੈਣਾਂ ਭਰਾਵਾਂ ਦਾ ਭਲਾ ਕਰਨ ਵਿਚ ਹਿੱਸਾ ਪਾਉਂਦਾ ਰਿਹਾ ਹਾਂ। ਦਿੱਲੀ ਵਿਚ ਲਗਾਤਾਰ ਸਿੱਖਾਂ ਨੂੰ ਮੁਸੀਬਤਾਂ ਵਿੱਚ ਘਿਰੇ ਹੋਏ ਵੇਖਦਿਆਂ, ਮੈਂ (ਮਹਿੰਦਰ ਸਿੰਘ ਰੰਧਾਵਾ) ਪਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਮਿਲਕੇ ਬੇਨਤੀ ਕੀਤੀ, ਕਿ ਅਗਰ ਸਰਕਾਰ ਇਜਾਜ਼ਤ ਦੇਵੇ ਤਾਂ ਸ਼ਾਮਲਾਟ ਥਾਵਾਂ ਤੇ ਸਸਤੇ ਜਿਹੇ ਮਕਾਨ ਬਣਵਾ ਕੇ ਸਿੱਖ ਸ਼ਰਨਾਰਥੀਆਂ ਦੇ ਲਈ ਸਿਰ ਲੁਕਾਣ ਜੋਗ ਬਸਤੀਆਂ ਬਣਾ ਕੇ ਦੇ ਦੇਈਏ। ਜਵਾਹਰ ਲਾਲ ਨਹਿਰੂ ਦੇਸ਼ ਦੇ ਪ੍ਰਧਾਨ ਮੰਤਰੀ ਦਾ ਨਫਰਤ ਭਰਿਆ ਜਵਾਬ ਸੁਣਕੇ ਮੈਂ ਕੰਬ ਗਿਆ। ਉਸ ਨੇ ਕਿਹਾ ਸੀ - ''ਮੈਂ ਸਿੱਖਾਂ ਨੂੰ ਕੋਈ ਰਿਆਇਤ ਨਹੀਂ ਦੇਣੀ ਚਾਹੁੰਦਾ, ਉਹਨਾਂ ਦੀ ਭਾਲਾਈ ਵਾਸਤੇ ਮੇਰੇ ਕੋਲ ਕੋਈ ਗੱਲ ਨਾ ਕੀਤੀ ਜਾਵੇ। ਮੈਂ ਇਹਨਾਂ ਨੂੰ ਬਸਦੇ ਨਹੀਂ ਵੇਖਣਾ ਚਾਹੁੰਦਾ, ਸਮਝਿਆ ?'' ਇਹ ਵਿਚਾਰ ਕੋਈ ਬਣਾਵਟੀ ਨਹੀਂ ਹਨ, ਸਗੋਂ ਵਿਸ਼ਵਾਸ ਯੋਗ ਵਿਅਕਤੀਆਂ ਵੱਲੋਂ ਕਿਤੇ ਨਾ ਕਿਤੇ ਲਿਖੇ ਹੋਏ ਮਿਲ ਜਾਂਦੇ ਹਨ।

ਸ੍ਰ: ਕਪੂਰ ਸਿੰਘ '47 ਦੇ ਉਜਾੜੇ ਵਕਤ ਜਲੰਧਰ ਦਾ ਡਿਪਟੀ ਕਮਿਸ਼ਨਰ ਸੀ। ਉਹਨਾਂ ਪ੍ਰਸਿੱਧ ਰਚਨਾ ''ਸਾਚੀ ਸਾਖੀ'' ਵਿਚ ਜਿਥੇ ਹੋਰ ਬਹੁਤ ਸਾਰੀਆਂ ਸਿੱਖ ਦੁਸ਼ਮਣੀ ਦੀਆਂ ਮਿਸਾਲਾਂ ਪੇਸ਼ ਕੀਤੀਆਂ ਹਨ। ਉਹਨਾਂ ਵਿਚੋਂ ਇਕ ਇਹ ਭੀ ਸੀ, ਸ੍ਰ: ਕਪੂਰ ਸਿੰਘ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਿਆਂ ਸਿੱਖਾਂ ਨੂੰ ਲਾਭ ਪਹੁੰਚਾ ਰਿਹਾ ਹੈ। ਉਜੜ ਕੇ ਆਏ ਸਿੱਖਾਂ ਨੂੰ ਨੌਕਰੀ ਦੇਣ ਵਿਚ ਪਹਿਲ ਕਰਦਾ ਹੈ। ਹਿਸਾਬ ਤੋਂ ਬਗੈਰ ਹੀ ਸਿੱਖਾਂ ਨੂੰ ਲਾਭ ਪੁਚਾ ਰਿਹਾ ਹੈ .......। ਹਿੰਦੂਆਂ ਦਾ ਮੁਖੀ ਸਰਗਣਾ, ਪੰਜਾਬ ਵਿਚ ਲਾਲਾ ਜਗਤ ਨਰਾਇਣ ਸੀ। ਜੋ ਕਿ ਜਨਮ ਤੋਂ ਸਿੱਖ ਵਿਰੋਧੀ

ਨਫਰਤ ਨਾਲ ਲਬਰੇਜ਼ ਹਿੰਦੂਆਂ ਦਾ ਲੰਬੜਦਾਰ ਸੀ। ਇਸ ਨੇ ਆਪਣੇ ਅਖਬਾਰ ਵਿਚ ਸੱਚਾਈ ਤੋਂ ਕੋਹਾਂ ਦੂਰ, ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ, ਕਪੂਰ ਸਿੰਘ ਤੇ ਗਬਨ ਦੇ ਇਲਜ਼ਾਮ ਭੀ ਛਾਪ ਦਿੱਤੇ। ਕਪੂਰ ਸਿੰਘ ਭੀ ਕੋਈ ਡਰਪੋਕ ਇਨਸਾਨ ਨਹੀਂ ਸੀ। ਉਸ ਨੇ ਇੱਜ਼ਤ ਹੱਤਕ ਦਾ ਕੇਸ ਤਿਆਰ ਕਰਵਾ ਕੇ, ਲਾਲਾ ਜਗਤ ਨਰਾਇਣ ਨੂੰ ਜੇਹਲ ਵਿਚ ਬੰਦ ਕਰਵਾ ਦਿੱਤਾ। ਕੁੱਝ ਦਿਨਾਂ ਤੋਂ ਮਗਰੋਂ, ਮੁਆਫੀ ਮੰਗਵਾ ਕੇ ਲਾਲੇ ਦੀ ਰਿਹਾਈ ਤਾਂ ਕਰ ਦਿੱਤੀ ਗਈ। ਪਰ ਇਹ ਘਟਨਾ ਆਜਾਦ ਦੇਸ਼ ਦੇ ਸਰਬ ਸ਼ਕਤੀਵਾਨ ਹਿੰਦੂਆਂ ਲਈ ਅਸਿਹ ਸੀ। ਅੱਗੇ ਜਾ ਕੇ ਇਸ ਹਿੰਦੂ ਰੰਗ ਵਿਚ ਰੰਗੇ, ਲਾਲਾ ਜਗਤ ਨਰਾਇਣ ਨੇ, 9 ਸਤੰਬਰ 1982 ਤਕ ਸਿੱਖ ਦੁਸ਼ਮਣੀ ਨੂੰ ''ਆਖਰੀ ਸੁਆਸਾਂ'' ਨਾਲ ਨਿਭਾਇਆ।

ਕੋਲਕਤੇ ਦੇ ਇਕ ਬਜ਼ੁਰਗ ਸ੍ਰ: ਖਜਾਨ ਸਿੰਘ, ਜਿਨ੍ਹਾਂ ਨੇ ''ਸਿੱਖ ਰੀਵੀਓ' (ਇੰਗਲਿਸ਼) ਮੈਗਜ਼ੀਨ ਕੱਢਣ ਵਿਚ ਮੋਹਰੀ ਰੋਲ ਅਦਾ ਕੀਤਾ ਸੀ। ਅਕਤੂਬਰ 6 ਤੋਂ 12, 2005 ਤਕ ਰਾਂਚੀ (ਝਾਰਖੰਡ) ਵਿਖੇ ਗੁਰਮਤ ਕੈਂਪ ਦੁਹਰਾਨ ਬਹੁਤ ਸਾਰੀਆਂ ਗੁਰਮਤ ਵਿਚਾਰਾਂ ਹੁੰਦੀਆਂ ਰਹੀਆਂ। ਸੰਤਾਲੀ ਦੇ ਉਜਾੜੇ ਵਕਤ ਇਸ ਦੀ ਉਮਰ ਲਗਭਗ 26 ਕੁ ਸਾਲ ਸੀ। ਲੇਖਕ ਨੂੰ ਇਹਨਾਂ ਨੇ ਦੱਸਿਆ ਕਿ ''ਮੇਰੇ ਪਿਤਾ ਜੀ ਇਕ ਸਧਾਰਨ ਜਿਹੇ ਸਿੱਖ ਸਨ। ਉਹਨਾਂ ਨੂੰ ਕੰਨਸੋਅ ਮਿਲੀ ਕਿ ਹਿੰਦ ਪਾਕਿ ਦੋ ਹਿੱਸਿਆਂ ਵਿੱਚ ਵੰਡਿਆ ਜਾਣ ਵਾਲਾ ਹੈ। ਆਬਾਦੀ ਦੇ ਤਬਾਦਲੇ ਹੋਣ ਦੀ ਸੰਭਾਵਨਾ ਹੈ। ਇਸ ਹਫੜਾ ਦਫੜੀ ਵਿਚ ਕਿਸੇ ਜੀਅ ਦਾ ਜਾਨੀ ਨੁਕਸਾਨ ਨਾ ਹੋ ਜਾਵੇ ਉਹਨਾਂ ਮੈਨੂੰ (ਖਜਾਨ ਸਿੰਘ ਨੂੰ) ਦਿੱਲੀ ਤੋਂ ਪਿਸ਼ਾਵਰ ਭੇਜਦਿਆਂ ਕਿਹਾ ਕਿ ''ਰੇਲ ਗੱਡੀ ਰਾਹੀਂ ਜਿੰਨੀ ਛੇਤੀ ਹੋ ਸਕੇ, ਘੱਟ ਤੋਂ ਘੱਟ ਸਮਾਨ ਲੈ ਕੇ, ਦਿੱਲੀ ਆ ਜਾਉ। ਜੇ ਬਚ ਗਏ ਅਮਨ ਹੋ ਗਿਆ ਤਾਂ ਸਾਮਾਨ ਸਾਂਭ ਲਵਾਂਗੇ। ਹਾਲੀ ਜਾਨਾਂ ਬਚਾਓ'' .....।

ਮੈਂ ਤੁਰੰਤ ਉਧਰ ਚਲਾ ਗਿਆ। ਆਪਣੇ ਜਾਣ ਪਛਾਣ ਵਾਲਿਆਂ ਨੂੰ ਭੀ ਪਿਤਾ ਜੀ ਵੱਲੋਂ ਦੱਸੇ ਗਏ ਖਤਰੇ ਬਾਰੇ ਜਾਣੂੰ ਕਰਵਾਇਆ। ਦੋ ਦਿਨਾਂ ਦੇ ਥੋੜ੍ਹੇ ਜਿੰਨੇ ਸਮੇਂ ਵਿਚ ਅਸੀਂ ਦਸ ਕੁ ਪਰਵਾਰਾਂ ਦੇ ਕੋਈ ਸੱਠ ਮੈਂਬਰ ਰੇਲ ਰਾਹੀਂ ਵਾਹੋਦਾਹੀ ਦਿੱਲੀ ਪਹੁੰਚ ਗਏ। ਹਾਲੀ ਕਿਧਰੇ ਸਿਰ ਲੁਕਾਣ ਨੂੰ ਜਗ੍ਹਾ ਭੀ ਨਹੀਂ ਮਿਲੀ ਸੀ ਕਿ ਫਸਾਦ ਸ਼ੁਰੂ ਹੋ ਗਏ। ਇਧਰੋਂ ਉਧਰ ਤੇ ਉਧਰੋਂ ਇਧਰ, ਲੋਕੀਂ ਵਿਲਕਦੇ, ਤੜਫਦੇ ਸਭ ਕੁਝ ਲੁਟਾ ਕੇ, ਸਰਨਾਰਥੀ ਬਣਕੇ, ਸੜਦਾਂ ਤੇ ਆ ਬੈਠੇ। ਬਿਨਾਂ ਕਿਸੇ ਸਹਾਰੇ ਤੋਂ। ਜੋ ਸਿੱਖ ਸਰਦਾਰ ਕੱਲ੍ਹ ਲੱਖਾਂ ਵਿਚ ਖੇਢਦੇ ਸਨ, ਉਹ ਅੱਜ ਰੋਟੀ ਤੋਂ ਭੀ ਆਤੁਰ ਹੋ ਗਏ, ਨਿਰੇ ਭਿਖਾਰੀਆਂ ਵਰਗੇ। ਸਗੋਂ ਆਪਣੇ ਪਰਵਾਰ ਦੇ ਕਈ ਕਈ ਜੀਆਂ ਨੂੰ ਅੱਖਾਂ ਸਾਹਵੇ ਂ ਮਰਦੇ ਵੱਢੀਂਦੇ ਵੇਖਦਿਆਂ, ਦਿਲ ਤੇ ਪੱਥਰ ਰੱਖ ਕੇ, ਮੂੰਹ ਦੂਜੇ ਪਾਸੇ ਭੰਵਾ ਕੇ ਦੌੜ ਪਏ। ਆਪਣਆਂ ਜਵਾਨ ਧੀਆਂ ਭੈਣਾਂ, ਨੂੰ ਭੀ ਬੇਪੱਤ ਹੋਣੋਂ ਨਾ ਬਚਾ ਸਕੇ। ਵੱਡੇ ਵੱਡੇ ਕਾਰੋਬਾਰ, ਉਪਜਾਊ ਜ਼ਮੀਨਾਂ, ਮਹਿਲ ਕੋਠੀਆਂ, ਪਲਾਂ ਵਿੱਚ ਖੁੱਸ ਗਈਆਂ। ਸਭ ਕੁਝ ਲੁਟਾ ਕੇ ਜਿੰਨੇ ਕੁ ਵਿਅਕਤੀ ਬਚੇ, ਉਹ

ਕੇਵਲ ਤਨ ਦੇ ਕਪੜਿਆਂ ਵਿੱਚ ਦੌੜ ਪੈਣ ਲਈ ਮਜਬੂਰ ਹੋ ਗਏ ........।

ਇਥੇ ਖਾਸ ਵਿਚਾਰਨ ਜੋਗ ਨੁਕਤਾ ਇਹ ਹੈ ਕਿ ਮੇਰਾ ਪਿਤਾ (ਸ੍ਰ. ਖਜਾਨ ਸਿੰਘ ਦਾ) ਇਕ ਆਮ ਸਮਝ ਵਾਲਾ ਸਿੱਖ ਸੀ। ਨਾ ਕੋਈ ਸਰਕਾਰੀ ਅਫਸਰ ਸੀ, ਨਾ ਹੀ ਰਾਜਸੀ ਨੇਤਾ। ਫਿਰ ਭੀ ਉਸਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਕੋਈ ਵੱਡਾ ਤੂਫਾਨ ਉਠਣ ਵਾਲਾ ਹੈ। ਜੋ ਹੋਰ ਨਹੀਂ ਤਾਂ ਆਪਣੇ ਪਰਿਵਾਰ ਦੇ ਜੀਆਂ ਨੂੰ ਸੁਰੱਖਿਅਤ ਲਿਆਂਦਾ ਜਾਵੇ। ਇਸੇ ਸੋਚ ਵਿਚ ਉਹਨਾਂ ਮੈਨੂੰ ਭੇਜਿਆ। ਮੈਂ ਸੱਠ ਕੁ ਵਿਅਕਤੀਆਂ ਨੂੰ ਪ੍ਰੇਰ ਕੇ ਇਧਰ ਲਿਆਉਣ ਵਿਚ ਕਾਮਯਾਬ ਹੋ ਗਿਆ। ਸੋਚਣਾ ਇਹ ਬਣਦਾ ਹੈ ਕਿ ਦੇਸ਼ ਦੇ ਮੁਖੀ ਲੀਡਰਾਂ ਨੂੰ ਇਸ ਉਜਾੜੇ ਅਤੇ ਕਤਲੋਗਾਰਤ ਦਾ ਪਹਿਲਾਂ ਹੀ ਕਿਉਂ ਇਲਮ ਨਾ ਹੋਇਆ ? ਫੌਜ ਦੀ ਸਹਾਇਤਾ ਲੈ ਕੇ ਦੋਵੇਂ ਬੰਨਿਓਂ ਆਬਾਦੀਆਂ ਦਾ ਤਬਾਦਲਾ ਸ਼ਾਂਤਮਈ ਤਰੀਕੇ ਯਕੀਨੀ ਕਿਉਂ ਨਾ ਬਣਾਇਆ ਗਿਆ ? ਦੇਸ਼ ਦੇ ਲੀਡਰਾਂ ਨੂੰ ਇਹ ਵਿਚਾਰ ਕਿਉਂ ਨ ਫੁਰੇ ? ਜੇ ਲੀਡਰਾਂ ਦਾ ਅਨਾੜੀ ਪੁਣਾ ਭੀ ਮੰਨ ਲਈਏ ਤਾਂ ਫੌਜੀ ਜਰਨੈਲ ਤਾ ਅਣਜਾਣ ਨਹੀਂ ਹੋ ਸਕਦੇ। ਉਹ ਆਪਣੇ ਤਰੀਕੇ ਸਲਾਹ ਦੇ ਸਕਦੇ ਸਨ। ਉਹਨਾਂ ਸਿੱਖ ਜਰਨੈਲਾਂ ਨੇ ਜ਼ਿੰਮੇਵਾਰੀ ਕਿਉਂ ਨਾ ਨਿਭਾਈ ? ਮਾ: ਤਾਰਾ ਸਿੰਘ ਨੇ ਸਿੱਖ ਫੌਜ ਨੂੰ ਸਿੱਖਾਂ ਦੇ ਜਾਨ ਮਾਲ ਦੀ ਰਾਖੀ ਲਈ ਕਿਉਂ ਨਾ ਕਿਹਾ? ਕੀ ਉਹਨਾਂ ਇਨਕਾਰ ਕਰ ਦਿੱਤਾ ਸੀ?

ਮਾਸਟਰ ਤਾਰਾ ਸਿੰਘ ਜੋ ਉਸ ਵਕਤ ਪੰਜਾਬ ਅਤੇ ਸਿੱਖਾਂ ਦਾ ਤਾਕਤਵਰ ਨੇਤਾ ਸੀ, ਉਸ ਨੂੰ ਇਸ ਖਤਰੇ ਦਾ ਅਹਿਸਾਸ ਕਿਉਂ ਨਾ ਹੋਇਆ ? ਉਸ ਵਕਤ ਫੌਜ ਵਿਚ ਸਿੱਖਾਂ ਦੀ ਗਿਣਤੀ 30 ਪ੍ਰਤੀਸ਼ਤ ਦੇ ਨੇੜੇ ਸੀ। ਸਿੱਖ ਇਕ ਵੱਡੀ ਤਾਕਤ ਰੱਖਦੇ ਸਨ। ਫਿਰ ਮਾਸਟਰ ਜੀ ਨੇ ਸਿੱਖ ਫੌਜੀ ਜਰਨੈਲਾਂ ਨੂੰ ਅਪੀਲ ਕਿਉਂ ਨਾ ਕੀਤੀ ਕਿ ਆਪਣੇ ਸਿੱਖ ਪੰਥ ਦੀ ਰਾਖੀ ਦਾ ਪ੍ਰਬੰਧ ਕਰੋ। ਉਸ ਸਮੇਂ ਮਾ: ਤਾਰਾ ਸਿੰਘ ਦੀ ਕਾਰਜਕਾਰਣੀ ਦਾ ਇਕ ਮੈਂਬਰ ਸੀ ਸ੍ਰ. ਹਰੀ ਸਿੰਘ। ਜਦੋਂ ਮਾ: ਦੀਆਂ ਸਿੱਖ ਮਾਰੂ ਚਾਲਾਂ ਦਾ ਹਰੀ ਸਿੰਘ ਨੂੰ ਅਹਿਸਾਸ ਹੋਇਆ ਤਾ ਉਸ ਨੇ ਕੁਝ ਹੋਰ ਸੰਗੀਆਂ ਨਾਲ ਇਸ ਸਾਜਿਸ਼ ਬਾਰੇ ਗੱਲ ਕੀਤੀ। ਉਡਦੀ ਉਡਦੀ ਇਹ ਗੱਲ ਮਾ: ਤਾਰਾ ਸਿੰਘ ਤਕ ਪਹੁੰਚ ਗਈ। ਬਸ ਕੁਝ ਹੀ ਦਿਨਾਂ ਅੰਦਰ ਸ੍ਰ: ਹਰੀ ਸਿੰਘ ਦਾ ਵਸਦਾ ਰਸਦਾ ਘਰ, ਸਪੁਰਦੇ ਖਾਕ ਸੀ। ਗੁੰਡਿਆਂ ਨੇ ਅਚਨਚੇਤੀ ਹਮਲਾ ਕੀਤਾ, ਘਰ ਦੇ ਜੀਆਂ ਨੂੰ ਕਤਲ ਕੀਤਾ ਗਿਆ। ਘਰ ਨੂੰ ਅੱਗ ਲਾ ਦਿੱਤੀ ਗਈ। ਘਰ ਦੇ ਦੋ ਮੈਂਬਰ ਫਿਰ ਭੀ ਬਚ ਗਏ, ਹਰੀ ਸਿੰਘ ਤੇ ਉਸ ਦੀ ਇਕ ਭਰਜਾਈ। ਜੋ ਇਕ ਤਾਕੀ ਵਿਚੋਂ ਨਿਕਲ ਕੇ ਦੌੜਨ ਵਿਚ ਕਾਮਯਾਬ ਹੋ ਗਏ। ਨਹੀਂ ਤਾਂ ਇਸ ਸਾਜਿਸ਼ ਤੇ ਭੀ ਸਦਾ ਪੜਦਾ ਪਿਆ ਰਹਿਣਾ ਸੀ। ਜਿਵੇਂ ਹੋਰ ਸਿੱਖ ਮਾਰੂ ਦਸਤਾਵੇਜਾਂ ਅਤੇ ਸਬੂਤਾਂ ਤੇ ਪੜਦਾ ਪਿਆ ਹੋਇਆ ਹੈ। ਸਿੱਖਾਂ ਦੇ ਬਾਹਰੀ ਦੁਸ਼ਮਣਾਂ ਤਾਂ ਇਹਨਾਂ ਨੂੰ ਹਰ ਹਰਬਾ ਵਰਤ ਕੇ ਮਾਰਿਆ ਹੀ ਹੈ। ਆਪਣੇ ਆਖੇ ਜਾਣ ਵਾਲਿਆਂ ਨੇ ਜੋ ਬੁੱਕੀਂ ਰੱਤ ਪੀਤਾ ਹੈ, ਉਸ ਦਾ ਖੁਰਾ ਲੱਭਣਾ ਅਜੇ ਬਾਕੀ ਹੈ।

ਬੰਗਾਲੀ ਲੋਕ ਵਿਦਿਆ ਵਿੱਚ ਕਾਫੀ ਅੱਗੇ ਸਨ। ਭਾਵੇਂ ਅੰਗ੍ਰੇਜ਼ਾਂ ਨੇ ਆਪਣੀ ਲੋੜ ਵਾਸਤੇ ਸਕੂਲ ਖੋਹਲੇ ਸਨ। ਸਮਾਂ ਪਾ ਕੇ ਇਹਨਾਂ ਸਕੂਲਾਂ ਨੇ ਆਜਾਦੀ ਅਤੇ ਗੁਲਾਮੀ ਦਾ ਫਰਕ ਸਮਝਣ ਵਾਸਤੇ ਠਿੰਗਰ ਯੋਗਦਾਨ ਪਾਇਆ। ਆਜਾਦ ਭਾਰਤ ਵਿੱਚ ਬੰਗਾਲੀ ਲੋਕ ਆਪਣੀ ਸੁਤੰਤਰਤਾ ਲਈ ਕਦੇ ਭੀ ਅੰਦੋਲਣ ਛੇੜ ਸਕਦੇ ਸਨ। ਅੱਜ ਦੇ ਬੰਗਲਾ ਦੇਸ਼ ਅਤੇ ਬੰਗਾਲ ਨੂੰ ਮਿਲਾ ਕੇ ਇਹਨਾਂ ਦੀ ਆਬਾਦੀ ਕੋਈ ਵੀਹ ਕਰੋੜ ਦੇ ਨੇੜੇ ਬਣਦੀ ਹੈ। ਇਤਿਹਾਸ ਗਵਾਹ ਹੈ ਕਿ ਸ਼ੇਖ ਮੁਜੀਬ ਰਹਿਮਾਨ ਦੀ ਅਗਵਾਈ ਵਿਚ ਭਾਰਤ ਸਰਕਾਰ ਦੀ ਮਦਤ ਨਾਲ ਖ਼ੂਨੀ ਜੰਗ ਲੜੀ ਤੇ 1971 ਵਿੱਚ ਨਵਾਂ ਬੰਗਲਾ ਦੇਸ਼ ਹੋਂਦ ਵਿੱਚ ਆ ਗਿਆ। ਜੇ ਉਹ ਭਾਰਤ ਵਿੱਚ ਹੁੰਦੇ ਤਾਂ ਭੀ ਉਹਨਾਂ ਨੇ ਆਜਾਦੀ ਲਈ ਕੋਈ ਜਦੋ-ਜਹਿਦ ਜ਼ਰੂਰ ਛੇੜਨੀ ਸੀ। ਉਹ ਵੱਖਰੇ ਹੋ ਗਏ। ਭਾਰਤੀ ਬੰਗਾਲੀ ਕਮਜ਼ੋਰ ਹੋ ਗਏ। ਭਾਰਤ ਨਾਲੋਂ ਵੱਖ ਹੋਣ ਵਾਲੀ ਕੋਈ ਸ਼ਕਤੀਸ਼ਾਲੀ ਲਹਿਰ ਉਠਣ ਦੀ ਸੰਭਾਵਨਾ ਲਗਭਗ ਖਤਮ ਹੋ ਗਈ। **ਭਾਰਤ ਦੀ ਅਖੰਡਤਾ ਔਰ ਏਕਤਾ ਪੱਕੀ, ਤੇ ਬ੍ਰਾਹਮਣੀ ਨਜਾਮ ਲਈ ਸੱਤੇ ਖੈਰਾਂ।**

ਪੰਜਾਬ ਵਿਚ ਸਿੱਖਾਂ ਨੇ ਗੌਰਵਮਈ ਇਤਿਹਾਸ ਦੀ ਸਿਰਜਣਾ ਕੀਤੀ ਹੈ। ਪੰਜਾਬ ਅਤੇ ਭਾਰਤੀ ਲੋਕਾਂ ਦੀ ਗੁਲਾਮੀ ਨੂੰ ਗਲੋਂ ਲਾਹੁਣ ਲਈ ਖ਼ੂਨ ਦੇ ਦਰਿਆ ਭਰੇ ਹਨ, ਸਿਰਾਂ ਦੇ ਗੰਜ ਉਸਾਰੇ ਹਨ। ਆਪਣਾ ਆਪਾ ਆਰਿਆਂ ਨਾਲ ਚਿਰਵਾਇਆ ਹੈ। ਜੰਗਲੀਂ ਵਾਸ ਕੀਤਾ ਹੈ, ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿਚ ਹਾਰ ਪੁਆਏ ਹਨ। ਇਸ ਨੱਬੇ ਸਾਲਾ ਲੰਮੀ ਅਜਿੱਤ ਜੰਗ ਨੂੰ ਜਿੱਤ ਕੇ, ਸਿੱਖ ਰਾਜ ਕਾਇਮ ਕੀਤਾ। ਜਦੋਂ ਸਾਰਾ ਹਿੰਦੁਸਤਾਨ ਅੰਗ੍ਰੇਜ਼ਾਂ ਦਾ ਗੁਲਾਮ ਹੋ ਗਿਆ ਸੀ। ਵਿਸ਼ਾਲ ਪੰਜਾਬ ਦੇ ਹਿੰਦੂ ਮੁਸਲਮਾਨ ਤੇ ਸਿੱਖ ਆਜਾਦ ਸਨ। ਅਘ੍ਰਿਤਘਣਤਾ ਦੀ ਸਿਖਰ ਵੇਖੋ ਕਿ ਸਾਰੇ ਹਿੰਦੁਸਤਾਨ ਵਿਚੋਂ ਫੌਜੀ, ਅੰਗ੍ਰੇਜ਼ੀ ਰਾਜ ਨੂੰ ਵਧਾਉਣ ਲਈ ਤੇ ਰਾਜ ਨੂੰ ਮਜਬੂਤ ਕਰਨ ਲਈ ਭਰਤੀ ਹੋ ਕੇ ਪੰਜਾਬ ਤੇ ਚੜ੍ਹ ਆਏ। ਵਿਸ਼ਾਲ ਸਿੱਖ ਰਾਜ ਨੂੰ ਖਤਮ ਕਰਨ ਲਈ ਗੋਰੀ ਸਰਕਾਰ ਦੇ ਹੱਥ ਠੋਕੇ ਬਣੇ। ਰਾਜ ਭਾਗ ਦੇ ਅੰਦਰ ਬੈਠੇ ਹਿੰਦੂ ਡੋਗਰੇ ਤੇ ਬ੍ਰਾਹਮਣ ਪਹਿਲਾਂ ਹੀ ਅੰਗ੍ਰੇਜ਼ਾਂ ਨਾਲ ਸੌਦੇਬਾਜ਼ੀਆਂ ਕਰ ਚੁੱਕੇ ਸਨ। ਇਸ ਤਰ੍ਹਾਂ 30 ਮਾਰਚ 1849 ਨੂੰ ਪੰਜਾਬ ਵਿੱਚੋਂ ਸਿੱਖ ਰਾਜ ਦਾ ਖਾਤਮਾ ਕੀਤਾ ਗਿਆ।

ਇਸ ਤੋਂ ਇਕ ਸੌ ਸਾਲ ਮਗਰੋਂ ਫਿਰ ਸਿੱਖਾਂ ਤੇ ਉਹੀ ਘਲੂਘਾਰਾ ਦੁਹਰਾਇਆ ਗਿਆ, ਦੇਸ਼ ਦੀ ਅਖੌਤੀ ਆਜਾਦੀ ਸੰਨ 1947 ਵਿਚ। ਦੁਬਾਰਾ ਫਿਰ ਪੂਰੀ ਪਲਾਨਿੰਗ ਨਾਲ ਸਿੱਖਾਂ ਨੂੰ ਮਰਨ ਅਤੇ ਉਜੜਨ ਦੇ ਸਾਰੇ ਪ੍ਰਬੰਧ ਕੀਤੇ ਗਏ। ਜੇ ਇਹ ਰੋਟੀ ਖਾਣ ਜੋਗੇ ਰਹਿ ਗਏ, ਇਹਨਾਂ ਦਾ ਸਵੈਮਾਣ ਨਾ ਕੁਚਲਿਆ ਗਿਆ ਤਾਂ ਕਿਸੇ ਸਮੇਂ ਭੀ ਇਹ ''ਸਿਰ ਫਿਰੇ ਲੋਕ'' ਭਾਰਤ ਦੀ ''ਏਕਤਾ ਔਰ ਅਖੰਡਤਾ'' ਲਈ ਖਤਰਾ ਬਣ ਸਕਦੇ ਹਨ। ਇਸੇ ਸੋਚ ਤਹਿਤ ਸੰਤਾਲੀ ਦੀ ਦੇਸ਼ ਵੰਡ ਸਮੇਂ, ਸਿੱਖਾਂ ਨੂੰ ਖ਼ੂਨ ਪੀਣੀਆਂ ਧਾੜਾਂ ਦੇ ਅੱਗੇ, ਨਿਹੱਥੇ ਕਰਕੇ ਸੁੱਟ ਦਿੱਤਾ ਗਿਆ। ਸਿੱਖਾਂ ਦੀ 25

ਪ੍ਰਤੀਸ਼ਤ ਆਬਾਦੀ ਦਾ ਘਾਣ ਹੋ ਗਿਆ। ਜ਼ਖਮੀ, ਨਕਾਰਾ ਤੇ ਪਾਗਲ ਹੋਣ ਵਾਲੇ ਹੋਰ ਅਣਗਿਣਤ। ਆਰਥਕ ਨੁਕਸਾਨ ਖਰਬਾਂ ਦਾ । ਉਸ ਦਾ ਕਿਸੇ ਨੂੰ ਮੁਆਵਜ਼ਾ ਨਾ ਦਿੱਤਾ ਗਿਆ। ਸਗੋਂ ਜ਼ਮੀਨਾਂ ਵਿੱਚੋਂ 25 ਤੋਂ 40 ਪ੍ਰਤੀਸ਼ਤ ਤਕ ਕਟੌਤੀ ਕਰ ਲਈ ਗਈ। ਇਸ ਬਾਰੇ ਪੂਰੇ ਵਿਸਥਾਰ ਨਾਲ ਪੜ੍ਹਨਾ ਚਾਹੋ ਤਾਂ ਸ੍ਰ. ਕੁਲਬੀਰ ਸਿੰਘ ਕੌੜਾ ਦੀ ਦਿਲ ਦੀਆਂ ਡੂੰਘੀਆਂ ਪਰਤਾਂ ਵਿਚੋਂ ਲਿਖੀ, ਕਿਤਾਬ, ''ਤੇ ਸਿੱਖ ਭੀ ਨਿਗਲਿਆ ਗਿਆ'' ਪੜ੍ਹ ਸਕਦੇ ਹੋ।

ਪਰਸਿੱਧ ਲੇਖਕ ਸ੍ਰ. ਜਸਵੰਤ ਸਿੰਘ 'ਕੰਵਲ' ਨੂੰ ਕਈ ਵਾਰ ਮਿਲਣ ਦਾ ਮੌਕਾ ਮਿਲਦਾ ਰਿਹਾ ਹੈ। ਉਹਨਾਂ ਬੜੀ ਬੇਬਾਕੀ ਨਾਲ ਇਸ ਸੱਚਾਈ ਨੂੰ ਬਿਆਨ ਕੀਤਾ ਕਿ ਅਗਰ ਮਾ. ਤਾਰਾ ਸਿਘ ਮਨੋਂ ਇਮਾਨਦਾਰ ਹੁੰਦਾ ਤਾਂ ਸਿੱਖਾਂ ਵਾਸਤੇ ਰਾਜ ਤਾਂ ਭਾਵੇਂ ਨਾ ਲੈ ਸਕਦਾ। ਪਰ ਸਿੱਖ ਕੌਮ ਨੂੰ ਕਤਲ ਅਤੇ ਬਰਬਾਦ ਹੋਣੋਂ ਬਚਾ ਸਕਦਾ ਸੀ। ਬਹੁਤ ਸਾਰੇ ਲੋਕਾਂ ਦਾ ਇਹ ਕਹਿਣਾ ਹੈ ਕਿ ਮਾਸਟਰ ਜੀ ਨੇ ਕਦੀ ਗੋਲਕ ਦਾ ਪੈਸਾ ਨਹੀਂ ਖਾਧਾ। ਘਰ ਜਾਣ ਲਈ ਘੰਟਿਆਂ ਬੱਧੀ ਮੀਂਹ ਰੁਕਣ ਦੀ ਉਡੀਕ ਕਰਦੇ ਰਹੇ। ਪਰ ਸ਼੍ਰੋਮਣੀ ਕਮੇਟੀ ਦੀ ਜੀਪ ਨਿੱਜੀ ਕੰਮ ਲਈ ਵਰਤਣੀ ਮੁਨਾਸਬ ਨਾ ਸਮਝੀ। ਇਸੇ ਤਰ੍ਹਾ ਦੱਸਿਆ ਜਾਂ ਰਿਹਾ ਹੈ ਕਿ ਮਾਸਟਰ ਦੇ ਕੋਟ ਨੂੰ ਦੋ ਜੇਬਾਂ ਹੁੰਦੀਆਂ ਸਨ। ਇਕ ਵਾਰੀ ਇਸ ਦੀ ਬੇਟੀ ਰਜਿੰਦਰ ਕੌਰ ਬਿਮਾਰ ਹੋ ਗਈ। ਪਤਨੀ ਨੇ ਇਲਾਜ ਲਈ ਪੈਸੇ ਮੰਗੇ। ਮਾਸਟਰ ਨੇ ਕਿਹਾ ਕਿ ਮੇਰੇ ਕੋਲ ਇਸ ਵਕਤ ਪੈਸੇ ਨਹੀਂ ਹਨ। ਪਤਨੀ ਨੇ ਫੁਰਤੀ ਨਾਲ ਕੋਟ ਦੀਆਂ ਜੇ ਬਾਂ ਫਰੋਲੀਆਂ ਵਿੱਚੋ ਕਾਫੀ ਵੱਡੀ ਰਕਮ ਮਿਲੀ। ਪੁੱਛਣ ਤੇ ਮਾਸਟਰ ਨੇ ਦੱਸਿਆ ''ਮੇਰੀ ਨਿੱਜੀ ਜੇਬ ਵਿੱਚ ਕੁਝ ਆਨੇ ਹੀ ਹਨ। ਜੋ ਵੱਡੀ ਰਕਮ ਤੂੰ ਜੇਬ ਵਿੱਚ ਵੇਖ ਰਹੀ ਹੈਂ, ਇਹ ਦੂਜੀ ਜੇਬ ਪੰਥ ਦੀ ਹੈ। ਬੇਟੀ ਦੇ ਇਲਾਜ ਤੇ ਇਸ ਵਿੱਚੋਂ ਕੋਈ ਪੈਸਾ ਨਹੀਂ ਵਰਤਿਆ ਜਾ ਸਕਦਾ। ਵਾਹ ! ਕਿਆ ਇਮਾਨਦਾਰੀ ਦੀਆਂ ਮਿਸਾਲਾਂ ਹਨ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਮਾਸਟਰ ਤਾਰਾ ਸਿੰਘ ਹਰ ਰੋਜ਼ ਲੰਮੇ ਸਫਰ ਤੈਹ ਕਰਕੇ, ਮੀਟਿੰਗਾਂ ਅਤੇ ਕਾਨਫਰੰਸਾਂ ਨੂੰ ਸੰਬੋਧਨ ਕਰਨ ਜਾਇਆ ਕਰਦਾ ਸੀ। ਇਸ ਨਿਤ ਦੇ ਲੰਮੇ ਸਫਰਾਂ ਤੇ ਬਹੁਤ ਸਾਰਾ ਪੈਸਾ ਖਰਚਣ ਲਈ ਕਿਥੋਂ ਆਉਂਦਾ ਸੀ ? ਮਾਸਟਰ ਦੇ ਘਰੇਲੂ ਖਰਚੇ ਭੀ ਘਟ ਨਹੀਂ ਮੰਨੇ ਜਾ ਸਕਦੇ। ਅਜਿਹੇ ਲੀਡਰਾਂ ਦੇ ਘਰ ਨਿੱਤ ਦਿਨ ਮਿਲਣ ਵਾਲਿਆਂ ਦੀਆਂ ਕਤਾਰਾਂ ਲੱਗੀਆਂ ਰਹਿੰਦੀਆਂ ਹਨ। ਇਹਨਾਂ ਸਾਰੇ ਸੱਜਣਾਂ ਸਨੇਹੀਆਂ ਨੂੰ, ਲੱਸੀ ਚਾਹ ਤੇ ਪਰਸ਼ਾਦਾ ਛਕਾਉਣਾ ਜ਼ਰੂਰੀ ਸੀ। ਪ੍ਰਵਾਰਿਕ ਮੈਂਬਰਾਂ ਦੀਆਂ ਕੱਪੜਾ, ਦਵਾ ਦਾਰੂ, ਖਾਣ ਪੀਣ ਦੀਆਂ ਜ਼ਰੂਰਤਾਂ ਸਨ। ਫਿਰ ਜਦੋਂ ਮਾਸਟਰ ਕੋਈ ਨੌਕਰੀ ਦੁਕਾਨ ਜਾਂ ਵਿਉਪਾਰ ਨਹੀਂ ਕਰਦਾ ਸੀ। ਕੁਲਵਕਤੀ ਰਾਜਸੀ ਕੰਮਾਂ ਵਿੱਚ ਉਲਝਿਆ ਹੋਇਆ ਸੀ। ਇਹਨਾਂ ਸਾਰੀਆਂ ਵੱਡੀਆਂ ਲੋੜਾਂ ਵਾਸਤੇ ਪੈਸਾ ਕਿਥੋਂ ਆਉਂਦਾ ਸੀ ? ਕਮਾਈ ਦੇ ਕੀ ਸਾਧਨ ਸਨ ਮਾਸਟਰ ਕੋਲ? ਜੇ ਉਹ ਸੱਚਮੁੱਚ ਹੀ ਇਮਾਨਦਾਰ ਸਨ ਤਾਂ ਸਾਰੀਆਂ ਘਰੇਲੂ ਤੇ ਬਾਹਰੀ ਲੋੜਾਂ ਵਾਸਤੇ ਮਾਇਆ ਕਿਥੋਂ ਆਉਂਦੀ ਸੀ ?

ਇਕ ਮਿੰਟ ਲਈ ਫਰਜ਼ ਕਰ ਲੈਂਦੇ ਹਾਂ ਕਿ ਮਾਸਟਰ ਜੀ ਨਿਜੀ ਜ਼ਿੰਦਗੀ ਵਿੱਚ ''ਦੁੱਧ ਧੋਤੇ'' ਸਨ। ਪਰ ਉਹਨਾਂ ਬੇਈਮਾਨੀ ਦੀ ਡੂੰਘੀ ਦਲਦਲ ਵਿੱਚ ਧਸੇ ਹੋਏ ਸਾਥੀ ਸਿੱਖ ਲੀਡਰਾਂ ਨੂੰ ਆਪਣੇ ਨਾਲ ਕਿਉਂ ਰੱਖਿਆ ? ਆਪਣੀ ਕਾਰਜਕਰਣੀ ਰਾਹੀਂ ਕਿਉਂ ਬਾਹਰ ਨਾ ਕੱਢ ਮਾਰਿਆ ? ਕੋਈ ਤਾੜਨਾ ਪੱਤਰ ਕਿਉਂ ਨਾ ਲਿਖਿਆ ? ਆਪਣੇ ਅਖਬਾਰ ਵਿੱਚ ਬੇਈਮਾਨ ਸਾਥੀਆਂ ਦਾ ਭਾਂਡਾ ਕਿਉਂ ਨਾ ਭੰਨਿਆ ? ਗੁਪਤ ਸਰੋਤ ਦੱਸਦੇ ਹਨ ਕਿ ਮਾਸਟਰ ਦੀ ਸੱਜੀ ਬਾਂਹ ਬਲਦੇਵ ਸਿੰਘ ਵਰਗੇ ਵਿਅਕਤੀ ਉਸਦੀਆਂ **''ਸਾਰੀਆਂ ਲੋੜਾਂ ਆਪਣੇ ਸਾਧਨਾਂ ਨਾਲ''** ਪੂਰੀਆਂ ਕਰਦੇ ਸਨ। ਇਹਨਾਂ ਸਤਰਾਂ ਦੇ ਲੇਖਕ ਨੂੰ ਟਾਟਾ ਨਗਰ ਵਿਖੇ ਦਸ ਦਿਨ ਧਰਮ ਪ੍ਰਚਾਰ ਲਈ ਜਾਣ ਦਾ ਮੌਕਾ ਮਿਲਿਆ ਸੀ। ਅਕਤੂਬਰ 05 ਵਿੱਚ, ਉਥੇ ਰਹਿ ਰਹੇ ਸਿੱਖਾਂ ਨੈ ਉਹ ਸਾਰੇ ਥਾਂ ਵਿਖਾਏ ਜਿਥੇ ਬਲਦੇਵ ਸਿੰਘ ਦੀਆਂ ਬਹੁਤ ਵੱਡੀਆਂ ਫੈਕਟਰੀਆਂ ਲੱਗੀਆਂ ਹੋਈਆਂ ਸਨ। ਇਹਨਾਂ ਕਾਰਖਾਨਿਆਂ ਲਈ ਸਰਕਾਰ ਨੇ ਬੈਂਕਾਂ ਦੇ ਦਰਵਾਜੇ ਖੋਹਲ ਦਿੱਤੇ। ਸਿੱਖ ਹੱਕਾਂ ਨੂੰ ਵੇਚਣ ਬਦਲੇ ਬਲਦੇਵ ਸਿੰਘ ਨੂੰ ਮਾਲਾਮਾਲ ਕਰ ਦਿੱਤਾ ਗਿਆ। ਉਸੇ ਮਾਲ ਵਿੱਚੋਂ ''ਇਮਾਨਦਾਰ ਲੀਡਰ'' ਮਾਸਟਰ ਤਾਰਾ ਸਿੰਘ ਦਾ ਪ੍ਰਵਾਰ ਆਪਣੀਆਂ ਲੋੜਾਂ ਪੂਰੀਆਂ ਕਰ ਰਿਹਾ ਸੀ। ਸਿੱਖ ਹੱਕਾਂ ਤੇ ਅਰਮਾਨਾਂ ਦਾ ਘਾਣ ਕਰਕੇ ਵਿਰਸੇ ਵਿੱਚ ਮਿਲੀ ਅਮੀਰੀ ਨੂੰ ਬਲਦੇਵ ਸਿੰਘ ਦਾ ਪ੍ਰਵਾਰ ਸੰਭਾਲ ਨਾ ਸਕਿਆ। ਸਿੱਟੇ ਵਜੋਂ ਉਥੇ ਦੇ ਕਾਰਖਾਨੇ ਮਸ਼ੀਨਾਂ ਕੋਠੀਆਂ ਤੇ ਜ਼ਮੀਨ ਟਾਟਾ ਕੰਪਨੀ ਵਾਲਿਆਂ ਨੇ ਖਰੀਦ ਲਈ। ਇਹਨਾਂ ਅਘਿਰਤਘਣਾਂ ਨੇ ਦੇਸ਼ ਵਿਦੇਸ਼ ਵਿੱਚ ਹੋਰ ਥਾਈਂ ਆਪਣੇ ਕਾਰੋਬਾਰ ਸਥਾਪਿਤ ਕਰ ਲਏ। ਪੰਜਾਬ ਵਿਚ ਆਪਣੀ ਰਿਹਾਇਸ਼ ਰੱਖ ਲਈ ਤਾਂ ਕਿ ''ਲੱਛਮੀ ਦੇਵੀ'' ਦੀ ਸਹਾਇਤਾ ਨਾਲ, ਪੰਜਾਬ ਦੀ ਅਕਾਲੀ ਰਾਜਨੀਤੀ ਤੇ ਪਕੜ ਬਣਾ ਕੇ ਰੱਖੀ ਜਾ ਸਕੇ। ਰਾਜਸੀ ਤਾਕਤ ਦੁਆਰਾ ਆਪਣੀ ''ਨੇਕ ਕਿਰਤ ਕਮਾਈ'' ਦੀ ਰਾਖੀ ਕੀਤੀ ਜਾ ਸਕੇ। ਇਹਨਾਂ ਲੋਕਾਂ ਦੇ ਸਰਪ੍ਰਸਤ ਸਨ ''ਬੇਦਾਗ'' ਸਿੱਖ ਆਗੂ ਮਾ. ਤਾਰਾ ਸਿੰਘ ਜੀ। ਬੋਲੋ ਜੀ ਸਤਿਨਾਮੁ, ਵਾਹਿਗੁਰੂ।

ਇਸੇ ਤਰਜ ਤੇ ਇਕ ਹੋਰ ਲੀਡਰ ਸਿੱਖਾਂ ਦੇ ਚਾਣਕੀਆ, ਸ਼੍ਰੋਮਣੀ ਕਮੇਟੀ ਦੇ ਸਤਾਈ ਸਾਲ ਰਹੇ ਪ੍ਰਧਾਨ, ਕਈ ਵਾਰ ਲੋਕ ਸਭਾ ਤੇ ਰਾਜ ਸਭਾ ਦੇ ਰਹੇ ਮੈਂਬਰ ਸਨ, ਸ੍ਰ. ਗੁਰਚਰਨ ਸਿੰਘ ਟੌਹੜਾ। ਉਹਨਾਂ ਦੇ ਚਾਟੜਿਆਂ ਵੱਲੋਂ ਸਟੇਜਾਂ ਤੇ ਬਾਹਾਵਾਂ ਉਲਾਰ ਉਲਾਰ ਕੇ, ਸੰਘ ਪਾੜ ਪਾੜ ਕੇ ਸਿੱਖ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ''ਨਿਰੋਲ ਸੱਚ'' ਸੁਣਾਇਆ ਜਾਂਦਾ ਰਿਹਾ ਹੈ, ਕਿ ਪ੍ਰਧਾਨ ਜੀ ਕੋਲ ਦਾਦੇ ਲਾਹੀ ਦਸ ਕਿਲੇ ਜ਼ਮੀਨ ਹੈ। ਟੌਹੜਾ ਪਿੰਡ ਵਿੱਚ ਸਾਦਾ ਜਿਹਾ ਮਕਾਨ ਹੈ। ਆਮ ਲੀਡਰਾਂ ਵਾਂਗ ਇਹਨਾਂ ਕੋਈ ਜ਼ਮੀਨ ਜਾਇਦਾਦ ਨਹੀਂ ਬਣਾਈ। ਸ਼ਹਿਰ ਵਿੱਚ ਮਕਾਨ ਤੱਕ ਨਹੀਂ ਬਣਾਇਆ। ਬੜਾ ਸੰਤੋਖੀ ਜੀਵਨ ਹੈ, ਪੁਰਾਤਨ ਟਕਸਾਲੀ ਸਿੰਘਾਂ ਵਾਲਾ .......। ਕੀ ਸਿੱਖ ਪੰਥ ਇਹ ਪੁੱਛਣ ਦਾ ਅਧਿਕਾਰ ਨਹੀਂ ਰੱਖਦਾ ਕਿ ਅਗਰ ਗੁਰਚਰਨ ਸਿੰਘ ਟੌਹੜਾ ਦਾ ਕੋਈ ਵਪਾਰ ਨਹੀਂ ਸੀ। ਫੈਕਟਰੀ ਨਹੀਂ ਸੀ। ਸ਼੍ਰੋਮਣੀ ਕਮੇਟੀ ਵੱਲੋਂ ਤਨਖਾਹ ਨਹੀਂ ਮਿਲਦੀ ਸੀ।

ਤਾਂ ਕੋਈ ਅੰਦਰ ਦਾ ਭੇਤੀ ਦੱਸਣ ਦੀ ਦਲੇਰੀ ਕਰ ਸਕੇਗਾ ਕਿ ਪ੍ਰਧਾਨ ਦੇ ਘਰ ਦੀਆਂ ਲੋੜਾਂ ਕਿਵੇਂ ਪੂਰੀਆਂ ਹੁੰਦੀਆਂ ਸਨ ? ਸਵੇਰੇ ਪੰਜ ਵਜੇ ਤੋਂ ਲੈ ਕੇ ਰਾਤ ਦੇ ਦਸ ਵਜੇ ਤੱਕ, ਪ੍ਰਧਾਨ ਜੀ ਦੇ ਘਰ ਮਿਲਣ ਵਾਲਿਆਂ ਦਾ ਤਾਂਤਾ ਲੱਗਿਆ ਰਹਿੰਦਾ ਸੀ। ਉਹਨਾਂ ਨੂੰ ਦੁੱਧ ਚਾਹ ਤੇ ਲੰਗਰ ਦੀ ਤੋਟ ਨਹੀਂ ਆਉਣ ਦਿੱਤੀ ਜਾਂਦੀ ਸੀ। ਆਪਣੀਆਂ ਨਿੱਜੀ ਲੋੜਾਂ ਅਲੱਗ ਸਨ। ਹਰ ਛੇ ਮਹੀਨਿਆਂ ਮਗਰੋਂ ਪ੍ਰਧਾਨ ਜੀ ਦੀ ਕਾਰ ਬਦਲ ਜਾਂਦੀ ਸੀ। ਪੁਰਾਣੀ ਕਿਸੇ ਛੋਟੇ ਸੇਵਕ ਨੂੰ ਬਖ਼ਸ਼ ਦਿੱਤੀ ਜਾਂਦੀ ਸੀ, ਤੇ ਚੰਮ ਚੰਮ ਕਰਦੀ ਲਿਸ਼ਕਾਂ ਮਾਰਦੀ ਲੰਮੀ ਮਹਿੰਗੀ ਕਾਰ ਪ੍ਰਧਾਨ ਦੀ ਸੇਵਾ ਵਿੱਚ ਹਾਜ਼ਰ ਹੁੰਦੀ ਸੀ। ਹਰ ਦਿਨ ਲਗਭਗ ਪੰਜ ਸੌ ਕਿਲੋ ਮੀਟਰ ਸਫਰ ਉਹਨਾਂ ਨੇ ਕਰਨਾ ਹੀ ਹੁੰਦਾ ਸੀ। ਫਿਰ ਤੇਲ ਪਟਰੋਲ ਦੇ ਖਰਚੇ ਲਈ ਵੱਡੀ ਰਕਮ ਕੌਣ ਦਿੰਦਾ ਸੀ? ਕਿਵੇਂ ਪੂਰੇ ਹੁੰਦੇ ਸਨ ਇਹ ਸਾਰੇ ਖਰਚੇ ? ਘਰ ਵਿੱਚ ਕਿਹੜੀ ਅਜਿਹੀ ਨੋਟ ਬਣਾਉਣ ਵਾਲੀ ਮਸ਼ੀਨ ਲੱਗੀ ਹੋਈ ਸੀ ਕਿ ਜਦੋਂ ਦਿਲ ਚਾਹੇ ਨੋਟਾਂ ਦੀਆਂ ਗੁੱਥੀਆਂ ਛਾਪ ਲਈਆਂ ਜਾਣ ? ਲੋਕ ਸਭਾ, ਰਾਜ ਸਭਾ, ਸ਼੍ਰੋਮਣੀ ਕਮੇਟੀ ਅਦਿ ਦੀਆਂ ਅਨੇਕਾਂ ਹੀ ਚੋਣਾਂ ਭਾਈ ਗੁਰਚਰਨ ਸਿੰਘ ਨੇ ਲੜੀਆਂ ਸਨ। ਚੋਣਾਂ ਤੇ ਜੋ ਅਥਾਹ ਪੈਸਾ ਖਰਚ ਆਉਂਦਾ ਹੈ ਉਹ ਤਾਂ ਲੱਖਾਂ ਵਿੱਚ ਨਹੀਂ ਕਰੋੜਾਂ ਤੱਕ ਪਹੁੰਚ ਜਾਂਦਾ ਹੈ। ਇੰਨਾ ਧਨ ਖਰਚਣ ਲਈ ਕਿਹੜੀ ਗਿੱਦੜ ਸਿੰਗੀ ਸੀ ਉਸ ਕੋਲ ? **ਝੂਠੀ ਤਾਰੀਫ ਦੇ ਪੁਲ ਬੰਨ੍ਹਣ ਵਾਲੇ ਲੇਖਕਾਂ ਤੇ ਖੋਜੀ ਵਿਦਵਾਨਾਂ ਨੇ ਕੁਝ ਟੁਕੜਿਆਂ ਖਾਤਰ, ਆਪਣੀ ਜ਼ਮੀਰ ਵੇਚ ਦਿੱਤੀ, ਕਲਮਾਂ ਕਲੰਕਤ ਕਰ ਲਈਆਂ, ਜਿਹਨਾਂ ਇਸ ਕੂੜ੍ਹ ਪ੍ਰਚਾਰ ਤੋਂ ਕਦੀ ਪੜਦਾ ਚੁੱਕਣ ਦੀ ਹਿੰਮਤ ਨਾ ਕੀਤੀ।**

ਸ਼੍ਰੋਮਣੀ ਕਮੇਟੀ ਦੀਆਂ ਗੋਲਕਾਂ ਸ਼ਰੇਆਮ ਚੋਰੀ ਹੁੰਦੀਆਂ ਰਹੀਆਂ, ਇਕ ਗਿਣੀ ਮਿੱਥੀ ਯੋਜਨਾ ਤਹਿਤ। ਕਮੇਟੀ ਵਿੱਚ ਮੁਲਾਜ਼ਮ ਭਰਤੀ ਕਰਨੇ ਤਰੱਕੀਆਂ ਦੇਣੀਆਂ, ਬਦਲੀਆਂ ਕਰਨੀਆਂ ਕਮਾਈ ਦੇ ਚੰਗੇ ਸਾਧਨ ਸਨ। ਸ਼੍ਰੋਮਣੀ ਕਮੇਟੀ ਵੱਲੋਂ ਜੋ ਸਾਹਿਤ ਛਾਪਿਆ ਜਾਂਦਾ ਹੈ ਉਸ ਵਿਚ ਕਰੋੜਾਂ ਦੇ ਗਬਨ ਹਨ। ਲੰਗਰ ਦੀ ਰਸਦ ਖ੍ਰੀਦਣ ਤੋਂ ਲੈ ਕੇ ਸਿਰੋਪਿਆਂ ਤਕ, ਚੌਰ, ਚਾਂਦਨੀ ਤੋਂ ਲੈ ਕੇ ਰੁਮਾਲਿਆਂ ਤੱਕ, ਸਭ ਕਿਤੇ ਸੰਨ੍ਹ ਲੱਗਦੇ ਆ ਰਹੇ ਹਨ। ਇਤਿਹਾਸ ਦੀਆਂ ਸ਼ਾਨਦਾਰ ਸਾਂਭਣਯੋਗ ਨਿਸ਼ਾਨੀਆਂ ਮਿਟਾਕੇ, ਸੰਖਮਰਮਰ ਦੀਆਂ ਬੇਜਾਨ ਜਿਹੀਆਂ ਗੁਰਦਵਾਰਾ ਇਮਾਰਤਾਂ ਬਣਾਉਣ ਦੇ ਠੇਕੇ ਤਾਂ ਕਾਰ ਸੇਵਕ ਸਾਧਾਂ ਨੂੰ ਸ਼ਰੇਆਮ ਬੋਲੀ ਲਾ ਕੇ ਨੀਲਾਮ ਕੀਤੇ ਜਾਂਦੇ ਰਹੇ ਹਨ। ਇਹਨਾਂ ਕਾਰ ਸੇਵਾ ਵਾਲੇ ''ਮਹਾਂਪੁਰਖਾਂ'' ਦਾ ਅੰਦਰਲਾ ਕੋਹੜ ਸੌ ਪੜਦੇ ਪਾੜ ਕੇ ਜੱਗ ਜਾਹਿਰ ਹੋ ਗਿਆ ਹੈ। ਸ੍ਰੀ ਮਾਨ ਸੰਤ ਬਾਬਾ ਹਰਬੰਸ ਸਿੰਘ ਜੀ ਤਿਨ੍ਹਾਂ ਦੇ ਪ੍ਰਮੁੱਖ ਸੇਵਾਦਾਰ ਸੰਤ ਬਾਬਾ ਜਗਤਾਰ ਸਿੰਘ ਜੀ। ਇਹਨਾਂ ਦੇ ਵਿਸ਼ਵਾਸਪਾਤਰ ਸੰਤ ਬ੍ਰਹਮ ਗਿਆਨੀ ਬਾਬਾ ਅਮ੍ਰੀਕ ਸਿੰਘ ਜੀ। ਇਹੀ ਬਾਬਾ ਅਮ੍ਰੀਕ ਸਿੰਘ ਜੀ ਆਪਣਾ ਬਣਦਾ ਸਰਦਾ ਹਿੱਸਾ ਬੜੇ ''ਸਬਰ ਸੰਤੋਖ'' ਨਾਲ ਸਿਰਫ ਦੋ ਕਰੋੜ ਰੁਪੈ ਲੈ ਕੇ ਫਰਾਰ ਹੋ ਚੁੱਕਿਆ ਹੈ। ਸੱਤ ਮਹੀਨੇ ਰੂਪੋਸ਼ ਰਹਿ ਕੇ ਪੁਲਿਸ ਅਤੇ

ਸਾਥੀ ਸੰਤਾਂ ਨਾਲ ਬਚਣ ਦੇ ਸਮਝੌਤੇ ਕਰਕੇ ਜਨਵਰੀ 2007 ਦੇ ਪਹਿਲੇ ਹਫਤੇ ਗ੍ਰਿਫਤਾਰ ਹੋ ਗਿਆ ਹੈ। ਕਾਰ ਸੇਵਕ ਜਗਤਾਰ ਸਿੰਘ ਦਾ ਜੁਲਾਈ 06 ਦੇ ਅਖਬਾਰਾਂ ਵਿਚ ਬਿਆਨ ਛਪਿਆ ਹੈ ਕਿ **''ਦੋ ਕਰੋੜ ਰੁਪੈ ਦੇ ਗਬਨ ਦਾ ਪਤਾ ਲੱਗ ਗਿਆ ਹੈ। ਉਂਞ ਇਹ ਲੁੱਟ ਚਾਰ ਕਰੋੜ ਤੱਕ ਹੋ ਸਕਦੀ ਹੈ''।** ਸ਼੍ਰੋ: ਕਮੇਟੀ ਦੀ ਹਜਾਰਾਂ ਏਕੜ ਜ਼ਮੀਨ ਵਿੱਚੋਂ ਜੋ ਫਸਲ ਪੈਦਾ ਹੁੰਦੀ ਹੈ, ਜ਼ਮੀਨਾਂ ਦਾ ਠੇਕਾ ਆਉਂਦਾ ਹੈ। ਦੁਕਾਨਾਂ ਦੇ ਕਿਰਾਏ ਆਉਂਦੇ ਹਨ। ਜੇ ਕਿਤੇ ਇਹਨਾਂ ਦੀ ਕਿਸੇ ਵਿਸ਼ਵਾਸ ਯੋਗ ਏਜੰਸੀ ਤੋਂ ਪੜਤਾਲ ਕਰਵਾ ਲਈ ਜਾਵੇ ਤਾਂ ਸਿੱਖ ਚੌਧਰੀ, ਸੰਗਤਾਂ ਵਿੱਚ ਮੂੰਹ ਵਿਖਾਉਣ ਜੋਗੇ ਨਹੀਂ ਰਹਿਣਗੇ। ਅੰਮ੍ਰਿਤਸਰ ਦੇ ਮੈਡੀਕਲ ਕਾਲਜ ਵਿੱਚ ਕਿੰਨੇ ਸਾਰੇ ਸਿੱਖ ਲੀਡਰਾਂ ਦੇ ਪੁੱਤਰ ਧੀਆਂ, ਸਾਰੇ ਨਿਅਮਾਂ ਦੀਆਂ ਧੱਜੀਆਂ ਉਡਾਉਂਦੇ ਹੋਏ, ਕਰੋੜਾਂ ਰੁਪੈ ਕਮੇਟੀ ਨੂੰ ਚੂਨਾ ਲਾਉਂਦੇ ਹੋਏ, ''ਸ਼ਾਨਦਾਰ ਪੰਥਕ ਰਵਾਇਤਾਂ'' ਤੇ ਪਹਿਰਾ ਦੇ ਰਹੇ ਹਨ। ਦਰਬਾਰ ਸਾਹਿਬ ਅੰਮ੍ਰਿਤਸਰ ਤੇ ਫੌਜੀ ਹਮਲੇ ਵਕਤ ਜੋ ਗੋਲੀਆਂ ਦੇ ਨਿਸ਼ਾਨ ਸਨ, ਉਹਨਾਂ ਨੂੰ ਮਿਟਾਉਣ ਵਾਸਤੇ ਨਿਸ਼ਕਾਮ ਸੇਵਕ ਜਥਾ ਬ੍ਰਮਿੰਘਮ ਯੂ. ਕੇ. ਸਮੇਤ ਕਮੇਟੀ ਅਧਿਕਾਰੀਆਂ ਦੇ ਸਭ ਵਿਵਾਦਾਂ ਵਿਚ ਘਿਰੇ ਰਹੇ ਹਨ। ਹੁਣ ਤਾਂ ਜੱਗ ਜਾਹਰ ਹੋ ਗਿਆ ਹੈ ਕਿ ਤਾਂਬੇ ਦੀਆਂ ਪਲੇਟਾਂ ਤੇ ਸੋਨੇ ਦਾ ਪਾਣੀ ਫੇਰਕੇ, ਦਰਬਾਰ ਸਾਹਿਬ ਤੇ ਪੱਤਰੇ ਚੜ੍ਹਾਏ ਗਏ ਸਨ। ਵੀਹ ਕੁ ਸਾਲਾਂ ਦੇ ਥੋੜ੍ਹੇ ਜਿਹੇ ਸਮੇਂ ਵਿੱਚ ਸੋਨਾ, ''ਸੱਚਖੰਡ'' ਪਿਆਨਾ ਕਰ ਗਿਆ ਹੈ। ਤਾਂਬੇ ਦੀਆਂ ਪੱਤਰੀਆਂ ਸਾਫ ਨਜ਼ਰ ਆਉਣ ਲੱਗ ਪਈਆਂ ਹਨ। **ਕਿਸੇ ਹੋਰ ਕਾਰ ਸੇਵਾ ਦੀ ਉਡੀਕ ਵਿਚ, ਹੋਰ ਲੀਡਰਾਂ ਦੀਆਂ ਜੇਬਾਂ ਭਰਨ ਲਈ, ਹੋਰ ''ਮਹਾਂਪੁਰਖਾਂ ਦੇ ਵਿਸ਼ਵਾਸ' ਨੂੰ ਪਰਖਣ ਲਈ, ''ਸ਼ਰਧਾਵਾਨ ਸਾਧ ਸੰਗਤ'' ਪੱਬਾਂ ਭਾਰ ਹੋਈ , ਉਡੀਕ ਕਰ ਰਹੀ ਹੈ ਆਪਣੀ ਮਿਹਨਤ ਨੂੰ ਬੇਈਮਾਨਾਂ ਦੇ ਢਿੱਡਾਂ ਵਿੱਚ ਪਾਉਣ ਲਈ।**

ਗੋਰਿਆਂ ਨੈ ਜਦੋਂ ਭਾਰਤ ਵਾਸੀਆਂ ਨੂੰ ਆਜ਼ਾਦੀ ਦਿੱਤੀ ਹੈ, ਉਹ ਸਾਰਾ ਰਿਕਾਰਡ, ''ਸੱਤਾ ਦਾ ਪਰਿਵਰਤਨ'' ਸਿਰਲੇਖ ਅਧੀਨ ਇੰਗਲੈਂਡ ਵਿੱਚ ਸਾਂਭਿਆਂ ਹੋਇਆ ਮੌਜੂਦ ਹੈ। ਆਮ ਜੰਤਾ ਦੀ ਪਹੁੰਚ ਤੋਂ ਪਰ੍ਹੇ ਰੱਖਣ ਲਈ, ਇਸ ਨੂੰ 50 ਸਾਲ ਵਾਸਤੇ ਸੀਲਬੰਦ ਕਰ ਦਿੱਤਾ ਗਿਆ ਸੀ। ਲੇਖਕਾਂ ਪੱਤਰਕਾਰਾਂ ਤੇ ਇਤਿਹਾਸਕਾਰਾਂ ਨੇ, ਅਦਾਲਤਾਂ ਰਾਹੀਂ ਲੰਮੀ ਕਾਨੂੰਨੀ ਜੰਗ ਲੜਕੇ ਇਸ ਰਿਕਾਰਡ ਨੂੰ ਆਮ ਵਿਅਕਤੀ ਦੀ ਪਹੁੰਚ ਵਿੱਚ ਲੈ ਆਂਦਾ ਸੰਨ 1970 ਵਿਚ। ਮਾਸਟਰ ਤਾਰਾ ਸਿੰਘ ਨਾਲ ਲੰਮਾ ਸਮਾਂ ਰਾਜਸੀ ਖੇਤਰ ਵਿੱਚ ਸਾਥੀ ਰਹੇ ਸ੍ਰ. ਰਾਮ ਸਿੰਘ ਨੇ ਅਜਿਹੇ ਗੁਪਤ ਰਿਕਾਰਡ ਖੋਜ ਕੇ, ਅਖਬਾਰਾਂ ਵਿੱਚੋਂ ਹਵਾਲੇ ਦੇ ਕੇ, ਅਤੇ ਆਪਣੀ ਨਿੱਜੀ ਜਾਣਕਾਰੀ ਦੇ ਆਧਾਰ ਤੇ ਇਕ ਰੌਂਗਟੇ ਖੜੇ ਕਰ ਦੇਣ ਵਾਲੀ ਪੁਸਤਕ ਲਿਖੀ ਸੀ, **''ਮਾਸਟਰ ਤਾਰਾ ਸਿੰਘ ਦਾ ਸਿੱਖ ਕੌਮ ਨਾਲ ਵਿਸ਼ਵਾਸਘਾਤ''**। ਬਜ਼ੁਰਗ ਵਿਦਵਾਨ ਲੇਖਕ ਨੇ ਸਬੂਤਾਂ ਸਮੇਤ ਮਾਸਟਰ ਦੀਆਂ ਗਦਾਰੀਆਂ ਨੰਗੀਆਂ ਕੀਤੀਆਂ ਹਨ।

ਚਰਚਿਤ ਕਿਤਾਬ ਸਾਚੀ ਸਾਖੀ ਵਿੱਚ ਸ੍ਰ. ਕਪੂਰ ਸਿੰਘ ਨੇ ਸੰਨ 1947 ਵਿੱਚ ਸਿੱਖਾਂ ਤੇ

ਵਾਪਰੇ ਤੀਸਰੇ ਘੱਲੂਘਾਰੇ ਦੇ ਨਸਲਘਾਤੀ ਤੇ ਸਿੱਖ ਕੌਮ ਦੇ ਗਦਾਰ ਅਕਾਲੀ ਲੀਡਰਾਂ ਦੀ ਨਿਸ਼ਾਨਦੇਹੀ ਕੀਤੀ ਹੈ। ਸਾਚੀ ਸਾਖੀ 1968 ਵਿੱਚ ਛਪੀ ਹੋਣ ਕਰਕੇ, ਇੰਗਲੈਂਡ ਵਿਚ ਰੱਖੇ ਗਏ ਗੁਪਤ ਦਸਤਾਵੇਜ਼ਾਂ ਤੱਕ ਸ੍ਰ. ਕਪੂਰ ਸਿੰਘ ਦੀ ਪਹੁੰਚ ਨਹੀਂ ਹੋ ਸਕੀ। ਕਿਉਂਕਿ ਆਮ ਲੋਕਾਂ ਲਈ ਇਹ ਸੰਤਾਲੀ ਦੀ ਵੰਡ ਨਾਲ ਸਬੰਧਤ ਕਾਗਜ਼ਾਤ ਸੰਨ 1970 ਤੋਂ ਬਾਅਦ ਵੇਖਣਯੋਗ ਪਹੁੰਚ ਵਿੱਚ ਆ ਸਕੇ ਹਨ। ਜਿਨ੍ਹਾਂ ਲੇਖਕਾਂ ਨੇ ਸ੍ਰ. ਕਪੂਰ ਸਿੰਘ ਤੇ ਇਹ ਇਲਜ਼ਾਮ ਲਾਏ ਹਨ ਕਿ ''ਕਪੂਰ ਸਿੰਘ ਖਾਲਿਸਤਾਨ ਨੂੰ ਯਾਦ ਕਰਕੇ ਇਸ ਲਈ ਹੰਝੂ ਵਹਾਉਂਦਾ ਰਹਿੰਦਾ ਹੈ, ਖਾਲਿਸਤਾਨ ਬਣ ਜਾਣ ਦੀ ਸਥਿਤੀ ਵਿੱਚ ਸ੍ਰ. ਕਪੂਰ ਸਿੰਘ ਨੇ ਰਾਸ਼ਟਰਪਤੀ ਬਣ ਜਾਣਾਂ ਸੀ। ਇਸ ਸਖ਼ਸ਼ ਦੇ ਸਾਰੇ ਸੁਪਨੇ ਚੂਰ ਚੂਰ ਹੋ ਜਾਣ ਕਰਕੇ ਇਹ ਹਉਕੇ ਭਰਦਾ ਹੈ ਤੇ ਅਕਾਲੀ ਲੀਡਰਾਂ ਨੂੰ ਪਾਣੀ ਪੀ ਪੀ ਕੋਸਦਾ ਰਹਿੰਦਾ ਹੈ। ਉਂਞ ਇਸ ਦੀਆਂ ਲਿਖਤਾਂ ਦੀ ਕੋਈ ਇਤਿਹਾਸਕ ਮਹੱਤਤਾ ਨਹੀਂ''। ਹੋਰ ਅਨੇਕ ਲੇਖਕਾਂ ਵਾਂਗ ਇਸ ਸੋਚ ਵਾਲੇ ਲੋਕਾਂ ਵਿੱਚੋਂ ਸਿਰ ਕੱਢਵਾਂ ਇਕ ਨਾਮ ਸੀ ਡਾ: ਕਿਰਪਾਲ ਸਿੰਘ ਨਰੰਗ, ਸਾਬਕਾ ਉਪ ਕੁਲਪਤੀ, ਪੰਜਾਬੀ ਯੂਨੀਵਰਸਿਟੀ ਪਟਿਆਲਾ। ਮਗਰੋਂ ਜਾ ਕੇ ਇਹ ਵਿਅਕਤੀ ਬਹੁਤ ਸਾਰੀਆਂ ਸਹੂਲਤਾਂ ਪ੍ਰਾਪਤ ਕਰਕੇ, ਰਾਧਾ ਸੁਆਮੀ ਡੇਰੇ ਬਿਆਸ ਵਾਲਿਆਂ ਦਾ ਸੇਵਕ ਬਣ ਗਿਆ ਸੀ। ਦਿੱਲੀ ਤੋਂ ਛਪਣ ਵਾਲੇ ਸ੍ਰ. ਰਜਿੰਦਰ ਸਿੰਘ ਭਾਟੀਆ ਦੀ ਸੰਪਾਦਨਾ ਵਿਚ ਚਲ ਰਹੇ ਇਕ ਮੈਗਜ਼ੀਨ ''ਕੌਮੀ ਏਕਤਾ (1976) (?) ਵਿੱਚ ਡਾ. ਨਾਰੰਗ ਦਾ ਲੰਮਾ ਲੇਖ ਸ੍ਰ. ਕਪੂਰ ਸਿੰਘ ਦੇ ਵਿਰੁੱਧ ਛਪਿਆ। ਉਸ ਤੋਂ ਅਗਲੇ ਅੰਕ ਵਿੱਚ ਸ੍ਰ. ਜੀ ਨੇ ਬੜਾ ਭਾਵਪੂਰਤ ''ਬੋਲਤੀ ਬੰਦ'' ਕਰਨ ਵਾਲਾ ਜੁਆਬ ਲਿਖਿਆ। ਲੇਖਕ ਨੇ ਅਖ਼ੀਰ ਵਿੱਚ ਇਸ ਤਰ੍ਹਾਂ ਨਿਚੋੜ ਪੇਸ਼ ਕੀਤਾ ਸੀ – ''ਮੈਂ ਅਗਰ ਸਿੱਖ ਰਾਜ ਦੀ ਵਕਾਲਤ ਕਰਦਾ ਹਾਂ ਤਾਂ ਇਸ ਲਈ ਕਿ ਅੰਗ੍ਰੇਜ਼ਾਂ ਨੇ ਵੰਡ ਤੋਂ ਪਹਿਲਾਂ, ਹਿੰਦੂ, ਮੁਸਲਮਾਨ ਤੇ ਸਿੱਖ, ਤਿੰਨਾਂ ਧਿਰਾਂ ਨੂੰ ਬਰਾਬਰ ਸਵੀਕਾਰ ਕੀਤਾ ਸੀ। ਸਾਰੇ ਹਿੰਦੁਸਤਾਨ ਨੂੰ ਬਹੁਤ ਸਮਾਂ ਪਹਿਲਾਂ ਹੀ ਗੁਲਾਮ ਬਣਾ ਲਿਆ ਸੀ। ਸਿੱਖ ਆਪਣੀ ਰਾਜਸੀ ਤਾਕਤ ਦੇ ਬਲਬੂਤੇ ਫਿਰ ਭੀ ਆਜਾਦ ਦੇਸ਼ ਦੇ ਬਾਸ਼ਿੰਦੇ ਸਨ। ਬਹੁਤ ਖੂਨੀ ਜੰਗਾਂ ਲੜਕੇ 1849 ਵਿੱਚ ਸਿੱਖ ਰਾਜ ਤੇ ਕਬਜ਼ਾ ਕੀਤਾ ਜਾ ਸਕਿਆ ਸੀ। ਸਾਰੇ ਹਿੰਦ ਵਿੱਚੋਂ ਹਿੰਦੂ ਫ਼ੌਜੀ, ਅੰਗ੍ਰੇਜ਼ੀ ਫ਼ੌਜ ਵਿੱਚ ਭਰਤੀ ਹੋ ਕੇ, ਸਿੱਖ ਰਾਜ ਨੂੰ ਤਬਾਹ ਕਰਨ ਵਾਸਤੇ ਗੋਰੀ ਹਕੂਮਤ ਦੇ ਹੱਥ ਠੋਕੇ ਬਣੇ ਹੋਏ ਸਨ।

ਖਾਲਿਸਤਾਨ ਬਣ ਜਾਣ ਦੀ ਸੂਰਤ ਵਿੱਚ ਮੇਰੇ ਨਾਲੋਂ (ਕਪੂਰ ਸਿੰਘ ਨਾਲੋਂ) ਬਹੁਤ ਸਾਰੇ ਸੀਨੀਅਰ ਅਕਾਲੀ ਮੌਜੂਦ ਸਨ। ਚੰਗੇ ਵੱਡੇ ਰੁਤਬੇ ਉਹਨਾਂ ਨੂੰ ਹੀ ਮਿਲਣੇ ਸਨ। ਪਰ ਡਾ. ਨਾਰੰਗ ਦੇ ਕਥਨ ਨੂੰ ਜੇ ਸੱਚ ਮੰਨ ਹੀ ਲਿਆ ਜਾਵੇ। ਮੈਂ ਰਾਸ਼ਟਰਪਤੀ ਬਣ ਭੀ ਜਾਂਦਾ ਤਾਂ ਇਸ ਵਿੱਚ ਕੀ ਬੁਰਾਈ ਸੀ ? ਆਖਿਰ ਕਿਸੇ ਸਿੱਖ ਨੇ ਤਾਂ ਰਾਸ਼ਟਰਪਤੀ ਬਣਨਾ ਹੀ ਸੀ? ਜਿਵੇਂ ਮੁਹੰਮਦ ਅਲੀ ਜਿਨਾਹ ਨੇ ਬੜੀ ਸਿਆਣਪ ਅਤੇ ਦ੍ਰਿੜਤਾ ਨਾਲ ਪਾਕਿਸਤਾਨ ਬਣਵਾ ਲਿਆ। ਭਾਰਤ ਵਿਚ ਮਹਾਤਮਾ ਗਾਂਧੀ ਦਾ ਜੋ ਸਤਿਕਾਰ ਹੈ, ਉਧਰ ਪਾਕਿਸਤਾਨ ਵਿਚ ਉਤਨਾ ਹੀ ਮਾਣ ਜਿਨਾਹ ਦਾ

ਹੈ। ਕੁਝ ਲੋਕਾਂ ਨੂੰ ਜਿਨਾਹ ਦੀਆਂ ਨੀਤੀਆਂ ਪਸੰਦ ਨਾ ਆਈਆਂ। ਇਸੇ ਲਈ ਗਿਆਰਾਂ ਸਤੰਬਰ 1948 ਨੂੰ ਜਿਨਾਹ ਦੇ ਸੀਨੇ ਵਿਚ ਗੋਲੀ ਮਾਰ ਕੇ ਸਦਾ ਦੀ ਨੀਂਦ ਸੁਲਾ ਦਿੱਤਾ। ਉਸਦੀ ਥਾਂ ਰਾਸ਼ਟਰਪਤੀ ਕੋਈ ਹੋਰ ਯੋਗ ਮੁਸਲਮਾਨ ਬਣ ਗਿਆ। ਉਹਨਾਂ ਦਾ ਪਾਕਿਸਤਾਨ ਉਸੇ ਤਰ੍ਹਾਂ ਕਾਇਮ ਹੈ ਤੇ ਰਹੇਗਾ। ਮੈਂ ਅਗਰ ਖਾਲਿਸਤਾਨ ਦਾ ਰਾਸ਼ਟਰਪਤੀ ਬਣ ਜਾਂਦਾ। ਆਪਣੇ ਲੋਕਾਂ ਨੂੰ ਪਸੰਦ ਨਾ ਹੁੰਦਾ। ਗੱਦੀ ਤੋਂ ਉਤਾਰਿਆ ਜਾ ਸਕਦਾ ਸੀ, ਗੋਲੀ ਮਾਰੀ ਜਾ ਸਕਦੀ ਸੀ....। ਪਰ ਖਾਲਿਸਤਾਨ ਸਦਾ ਸਲਾਮਤ ਰਹਿਣਾ ਸੀ। ਡਾ. ਕਿਰਪਾਲ ਸਿੰਘ ਨਾਰੰਗ ਵਰਗੇ ਲੋਕਾਂ ਨੇ ਸਾਂਝੀ ਕੌਮੀ ਸੋਚ ਨੂੰ ਇਕ ਵਿਅਕਤੀਗਤ ਸੋਚ ਬਣਾ ਕੇ ਭੰਡਣ ਦਾ ਕੁਕਰਮ ਕੀਤਾ ਹੈ। ਜੋ ਇਕ ਇਤਿਹਾਸਕਾਰ ਨੂੰ ਸੋਭਦਾ ਨਹੀਂ। ਅਜਿਹੇ ਲੋਕਾਂ ਦੀ ਮਾਰੂ ਸੋਚ ਕਾਰਨ, ਸਾਰਾ ਪੰਜਾਬ ਤੇ ਪੂਰੀ ਸਿੱਖ ਕੌਮ, ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜੀ ਜਾ ਚੁੱਕੀ ਹੈ''।

**ਕਬਾਬੇ ਸੀਖ ਹੈਂ ਹਮ, ਹਰਸੂ ਕਰਵਟੇਂ ਬਲਦਤੇ ਰਹੇ।**
**ਜੋ ਜਲ ਜਾਤਾ ਹੈ ਯਿਹ ਪਹਿਲੂ, ਤੋ ਵੋਹ ਪਹਿਲੂ ਬਦਲਤੇ ਰਹੇ।**

(ਫੈਜ)

**000**

# ਸਿੱਖਾਂ ਵਿਰੁੱਧ ਜਾਤੀ ਨਫ਼ਰਤ
## (ਨੀਤੀ ਬਧ ਸ਼ਾਜਿਸ਼ਾਂ)

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਜਮੀਨ ਪਾਣੀ ਬੀਜ ਤੇ ਸਬੰਧਤ ਮਸੀਨਰੀ, ਖੇਤੀ ਲਈ ਅਤਿਅੰਤ ਜ਼ਰੂਰੀ ਹੈ। ਖੇਤੀ ਦੀਆਂ ਕੀਮਤਾਂ ਵਧਾਉਣ ਬਾਰੇ ਜਾਂ ਚੰਗੇ ਝਾੜ ਦੇਣ ਵਾਲੀਆਂ ਫਸਲਾਂ ਬਾਰੇ, ਅਕਸਰ ਜ਼ਿਕਰ ਹੁੰਦਾ ਰਹਿੰਦਾ ਹੈ। ਬਿਜਲੀ ਪਾਣੀ ਬਾਰੇ ਭੀ ਦਬੀ ਸੁਰ ਵਿਚ ਲਿਖ ਬੋਲ ਲਿਆ ਜਾਂਦਾ ਹੈ। ਇਸ ਤੋਂ ਇਲਾਵਾ ਜਿਨਾਂ ਹੋਰ ਸਾਜਿਸ਼ਾਂ ਵੱਲ ਸਾਡੇ ਲੇਖਕਾਂ, ਜਾਂ ਬੁਲਾਰਿਆਂ ਦਾ ਧਿਆਨ ਹੀ ਨਹੀ ਗਿਆ। ਇਥੇ ਲੇਖ ਵਿਚ, ਉਹਨਾਂ ਵਿਸਾਰ ਦਿੱਤੇ ਗਏ ਅਹਿਮ ਮੁੱਦਿਆਂ ਨੂੰ, ਸਿੱਖ ਪੰਥ ਦੇ ਜਾਗਰੂਕ ਤਬਕੇ ਦੇ ਸਾਹਮਣੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਮੇਰੀ ਇਸ ਲਿਖਤ ਤੇ, ਬਿਨਾਂ ਪੜੇ ਪਰਖੇ ਵਿਸ਼ਵਾਸ਼ ਨਾ ਕਰਨਾ। ਸਗੋ ਖੁਦ ਪਾਰਖੂ ਅੱਖ ਨਾਲ, ਰਾਹਾਂ ਤੇ ਚਲਦਿਆਂ ਵੇਖਣ ਦੀ ਕੋਸ਼ਿਸ਼ ਕਰਨੀ। ਜਿਵੇ ਸਾਡੇ ਸਰੀਰ ਵਿਚ ਇਕ ਨਿੱਕਾ ਜਿੰਨਾਂ ਕੰਡਾ ਖੁਭ ਜਾਵੇ, ਉਸ ਨਾਲ ਮੌਤ ਨਹੀ ਹੋਵੇਗੀ। ਪਰ ਕੰਡਾ ਸਰੀਰ ਦੀ ਕੰਮ ਕਰਨ ਦੀ ਸਮਰਥਾ ਨੂੰ ਕਈ ਗੁਣਾ ਘਟਾ ਦਿੰਦਾ ਹੈ। ਸਰੀਰ ਦਾ ਕੋਈ ਅੰਗ ਬਿਮਾਰੀ ਕਾਰਨ, ਜਾਂ ਕਿਸੇ ਦੁਰਘਟਨਾ ਕਰਕੇ ਨਕਾਰਾ ਹੋ ਜਾਵੇ ਕੱਟਣਾ ਪੈ ਜਾਵੇ। ਤਾਂ ਸਰੀਰ ਚਲਦਾ ਤਾਂ ਰਹਿੰਦਾ ਹੈ, ਪਰ ਕੰਮ ਕਰਨ ਦੀ ਪਹਿਲਾਂ ਵਾਲੀ ਸਮਰੱਥਾ ਨਹੀਂ ਰਹਿੰਦੀ। ਇਸੇ ਤਰਾਂ ਪੰਜਾਬ ਨੂੰ ਤਬਾਹ ਕਰਨ ਵਾਸਤੇ, ਹਰ ਮੋਰਚੇ ਤੇ ਵਾਰ ਕੀਤਾ ਗਿਆ ਹੈ। ਕੁਝ ਮੋਰਚਿਆਂ ਤੇ ਗੋਲਾ ਬਾਰੀ ਕਰਦਾ ਦੁਸ਼ਮਣ ਪਰਤੱਖ ਨਜ਼ਰ ਆ ਜਾਂਦਾ ਹੈ। ਮਰ ਰਿਹਾ ਤਬਕਾ ਕੁਝ ਹਾਲ ਪਾਹਰਿਆ ਭੀ ਕਰਦਾ ਹੈ। ਬਹੁਤ ਸਾਰੇ ਪੱਖ ਅਜਿਹੇ ਹਨ, ਜਿਨਾਂ ਦੇ ਮਰ ਰਹੇ ਜਨਸਮੂਹ ਨੂੰ ਉੱਕਾ ਹੀ ਇਲਮ ਨਹ਼ੀ ਹੁੰਦਾ। ਅਜਿਹੀ ਹਾਲਤ ਵਿੱਚ ਫਿਰ ਦੋਸ਼ੀ ਦੀ ਪਛਾਣ ਭੀ ਆਮ ਵਿਅਕਤੀ ਨੂੰ ਨਹੀ ਹੁੰਦੀ। ਅੱਗੇ ਇਹਨਾਂ ਸਾਜਿਸ਼ਾਂ ਬਾਰੇ ਖੁਲਾਸਾ ਕਰਨ ਦੀ ਕੋਸ਼ਿਸ ਕੀਤੀ ਗਈ ਹੈ।

### 1. ਅੰਗੂਰ, ਜੋ ਖੱਟੇ ਹੋ ਗਏ

ਸੰਨ 1960 ਤੋਂ 80 ਦੇ ਦਹਾਕਿਆਂ ਤਕ ਨਵੀਆਂ ਵਿਗਿਆਨਕ ਤਕਨੀਕਾਂ ਰਾਹੀ ਖੇਤੀ ਪੈਦਾਵਾਰ ਵਿਚ ਅਥਾਹ ਵਾਧਾ ਹੋਇਆ। ਪੇਂਡੂ ਪਰਵਾਰਾਂ ਵਿਚ ਕੁਝ ਕੁ ਖੁਸ਼ਹਾਲੀ ਦੀ ਝਲਕ ਵਿਖਾਈ ਦੇਣ ਲੱਗੀ। ਆ ਰਹੇ ਪੈਸੇ ਨਾਲ ਚੰਗੇ ਮਕਾਨ, ਚੰਗੇ ਕਪੜੇ, ਚੰਗੇ ਵਿਆਹ, ਤੇ ''ਚੰਗੇ ਨਸ਼ੇ'' ਭੀ ਆਉਣ ਲੱਗੇ। ਕਿਉਂਕਿ ਚੰਗੀ ਵਿਦਿਆ ਨਹੀਂ ਆਈ। ਜ਼ਮੀਨ ਵਿਚੋ ਪੈਦਾਵਾਰ ਲੈਣ ਲਈ ਤਿੰਨ ਜਾਂ ਚਾਰ ਫਸਲਾਂ ਭੀ ਸਾਲ ਵਿਚ ਲਈਆਂ ਜਾਣ ਲੱਗੀਆਂ।ਹਰ

ਚੀਜ਼ ਦੀ ਕੋਈ ਸੀਮਾ ਹੋਇਆ ਕਰਦੀ ਹੈ। ਇਸੇ ਤਰ੍ਹਾਂ ਜ਼ਮੀਨ ਦੀ ਉਪਜਾਊ ਸ਼ਕਤੀ ਆਖਰੀ ਸਾਹ ਤੇ ਅੱਪੜ ਗਈ। ਬੇਅੰਤ ਖਾਦਾਂ ਪਾਣੀ ਕੀਟ ਨਾਸ਼ਕ ਦਵਾਈਆਂ ਵਰਤ ਕੇ ਭੀ ਜ਼ਮੀਨ ਲਾਗਤ ਖਰਚੇ ਪੂਰੇ ਕਰਨ ਤੋਂ ਇਨਕਾਰੀ ਹੋ ਗਈ। ਭਾਰਤ ਸਰਕਾਰ ਨੇ ਆਪਣੇ ਪ੍ਰਚਾਰ ਸਾਧਨਾਂ ਰਾਹੀ; ਇਕ ਨਵੀ ਨਕੋਰ **''ਹਰਿਚੰਦਉਰੀ''** ਪੰਜਾਬ ਵਿਚ ਲਿਆ ਕੇ ਟਿਕਾ ਦਿੱਤੀ। ਯਾਦ ਰਹੇ ਮਿਥਿਹਾਸਕ ਕਥਾ ਮੁਤਾਬਕ ਹਰੀਸ਼ ਚੰਦਰ ਰਾਜੇ ਨੇ, ਬਹੁਤ ਨੇਕੀ ਕੀਤੀ। ਦਾਨ ਪੁੰਨ ਕੀਤਾ। ਪਰਜਾ ਸਮੇਤ ਸੁਰਗ ਜਾਣ ਦਾ ''ਟਿਕਟ'' ਮਿਲ ਗਿਆ ਪਰ ਅੰਦਰ ਹੰਕਾਰ ਪੈਦਾ ਹੋ ਗਿਆ ਕਿ ਮੈ ਕਿੰਨਾਂ ਵੱਡਾ ਦਾਨੀ ਹਾਂ। ਜੋ ਸਮੇਤ ਸਾਰੀ ਰਿਆਇਆ ਦੇ, ਸੁਰਗ ਨੂੰ ਜਾ ਰਿਹਾ ਹਾਂ। ਇਸੇ ਕਾਰਨ ਉਸਨੂੰ ਸੁਰਗ ਵਿਚ ਪ੍ਰਵੇਸ਼ ਕਰਨ ਤੋ ਰੋਕ ਦਿੱਤਾ ਗਿਆ। ਦਰਵਾਜੇ ਬੰਦ ਕਰ ਲਏ ਗਏ। ਹਰੀਸ਼ ਚੰਦਰ ਅਤੇ ਉਸਦੀ ਪਰਜਾ ਲਈ, ਇਕ ਬਣਾਵਟੀ ਸੁਰਗ ਤਿਆਰ ਕਰਕੇ, ਸਾਰਿਆਂ ਨੂੰ ਉਥੇ ਵਸਾਇਆ ਗਿਆ। ਇਸ ਨਕਲੀ ਸੁਰਗ ਨੂੰ ਹਿੰਦੂ ਪੌਰਾਣਿਕ ਬੋਲੀ ਵਿਚ **''ਹਰਿਚੰਦਉਰੀ''** ਕਹਿੰਦੇ ਹਨ । ਜੀ ਹਾਂ ! ਸਿੱਖਾਂ ਨੂੰ ਭੀ ਆਪਣੀ ਨੇਕੀ ਅਤੇ ਉਪਕਾਰਾਂ ਦਾ ਕੁਝ ਜਿਆਦਾ ਹੀ ਮਾਣ ਹੋ ਗਿਆ ਸੀ। ਇਸੇ ਲਈ ਜਦੋ ਸਿੱਖ ਸੁਰਗ (ਆਪਣੇ ਹਿੱਸੇ ਦੇ ਬਿਜਲੀ ਪਾਣੀ ਆਦਿ) ਜਾਣ ਦੀ ਇੱਛਾ ਪ੍ਰਗਟ ਕਰਦੇ ਹਨ। ਹਰ ਵਾਰੀ **''ਧਰਮ ਰਾਜ''** (ਭਾਰਤ ਸਰਕਾਰ) ਵੱਲੋ **''ਹਰਿਚੰਦਉਰੀ''** ਵਾਲਾ ਛਣਕਣਾ ਹੱਥ ਵਿਚ ਫੜਾ ਦਿੱਤਾ ਜਾਂਦਾ ਹੈ।

ਇਸੇ ਤਰ੍ਹਾਂ '80 ਵਾਲੇ ਦਹਾਕਿਆਂ ਵਿਚ ਬੜੇ ਜੋਰ ਸ਼ੋਰ ਨਾਲ, ਸਰਕਾਰੀ ਤੰਤਰ ਰਾਹੀ ਪ੍ਰਚਾਰ ਕੀਤਾ ਗਿਆ ਕਿ ''ਕਣਕ ਅਤੇ ਝੋਨੇ ਤੇ ਖਰਚਾ ਬਹੁਤਾ ਆਉਂਦਾ ਹੈ। ਕਿਸਾਨਾਂ ਨੂੰ ਬੱਚਤ ਕੋਈ ਨਹੀਂ ਹੁੰਦੀ। ਜੇ ਕਿਸਾਨ ਚੰਗਾ ਮੁਨਾਫਾ ਕਮਾਉਣਾ ਚਾਹੁੰਦੇ ਹਨ। ਘੱਟ ਖਰਚਾ ਅਤੇ ਥੋੜੀ ਮਿਹਨਤ ਨਾਲ, ਮਾਲਾ ਮਾਲ ਹੋਣਾ ਲੋਚਦੇ ਹਨ, ਤਾਂ ਵੱਧ ਤੋਂ ਵੱਧ ਆਪਣੇ ਖੇਤਾਂ ਵਿਚ ਅੰਗੂਰਾਂ ਦੀਆਂ ਵੇਲਾਂ ਲਾਉ''। ਜਦੋਂ ਰੇਡੀਓ ਤੇ ਅਖਬਾਰਾਂ ਰਾਹੀ ਨਿੱਤ ਦਿਨ ਲੋਕਾਂ ਦੇ ਸਿਰ ਵਿਚ ਅਜਿਹੇ ਵਿਚਾਰ ਤੁੰਨੇ ਜਾਣ ਲੱਗੇ, ਤਾਂ ਇਹਨਾਂ ਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕੀਤਾ। ਮਾਨਸਾ ਬਠਿੰਡਾ ਫਰੀਦ ਕੋਟ, ਤੇ ਫਿਰੋਜਪੁਰ ਦੇ ਕਿਸਾਨਾਂ ਨੇ ਇਸ ''ਹਰਿਚੰਦਉਰੀ'' ਦਾ ਟਿਕਟ ਬੜੇ ਜਫਰਜਾਲ ਕੇ ਖ੍ਰੀਦਣਾ ਚਾਹਿਆ। ਕਿਸੇ ਨੇ ਪੰਜ ਕਿੱਲਿਆਂ (ਏਕੜਾਂ) ਵਿਚ, ਕਿਸੇ ਨੇ ਦਸ ਵੀਹ ਪੰਜਾਹ ਕਿੱਲਿਆਂ ਵਿਚ, ਸੀਮਿੰਟ ਬਜ਼ਰੀ ਪਾਕੇ, ਐਂਗਲ ਆਇਰਨ (ਵੇਲਾਂ ਨੂੰ ਉਚਾ ਰੱਖਣ ਲਈ ਸਹਾਰੇ) ਲਾਕੇ, ਪੂਰੇ ਖੇਤਾਂ ਵਿਚ ਤਾਰਾਂ ਦੇ ਜਾਲ ਬੁਣੇ ਗਏ। ਦੱਸੀਆਂ ਗਈਆਂ ਵਿਧੀਆਂ ਮੁਤਾਬਕ, ਖਾਦ ਤੇ ਕੀਟ ਨਾਸਕ ਜਮੀਨ ਵਿਚ ਮਿਲਾਏ ਗਏ। ਡੂੰਘੀ ਵਾਹੀ ਕੀਤੀ ਗਈ। ਵੇਲਾਂ ਲਈ ਪੰਜ - ਪੰਜ ਫੁੱਟ ਡੂੰਘੇ ਟੋਏ ਪੁੱਟੇ ਗਏ। ਅੰਗੂਰਾਂ ਦੀਆਂ ਵੇਲਾਂ ਦੇ ''ਵਧੀਆ ਬੂਟੇ'' (ਪਨੀਰੀ) ਖ੍ਰੀਦਣ ਲਈ ਭਾਰੀ ਕੀਮਤ ਤਾਰੀ ਗਈ। ਟੋਇਆਂ ਵਿਚ ਲਾਕੇ ਪੰਜ ਸਾਲ ਤਕ ਗੋਡੀ ਕਰਨੀ ਪਈ। ਮਹਿੰਗੇ ਭਾ ਦਾ ਪਾਣੀ ਲਾਉਣਾ ਪਿਆ। ਖਾਦ ਤੇ ਕੀੜੇ ਮਾਰ ਦਵਾਈਆਂ ਦੀ ਸਪਰੇ ਕਰਨੀ ਪਈ। ਪੰਜ

ਕੁ ਸਾਲ ਤਕ ਖਰਚਾ ਤਾਂ ਇਹਨਾ ਤੇ ਬਹੁਤ ਹੋਗਿਆ। ਆਮਦਨ ਕੋਈ ਨਹੀ ਹੋਈ। ਸਗੋਂ ਥੋੜੀ ਬਹੁਤ ਫਸਲ ਜੋ ਇਹਨਾਂ ਖੇਤਾਂ ਵਿਚੋ ਹੋ ਰਹੀ ਸੀ, ਉਹ ਭੀ ਬੰਦ ਹੋ ਗਈ। ਹੁਣ ਚਾਈਂ ਚਾਈਂ ਅੰਗੂਰ ਤੋੜਕੇ, ਟੋਕਰੀਆਂ ਭਰਕੇ, ਟਰਾਲੀਆਂ ਵਿਚ ਲੱਦਕੇ, ਕਿਸਾਨ ਮੰਡੀਆਂ ਵਿਚ ਜਾ ਪਹੁੰਚੇ। ਅੰਗੂਰਾਂ ਦੁਆਲੇ ਆੜਤੀਏ ਲਾਲੇ, ਲਾਲ੍ਹਾਂ ਸੁੱਟਣ ਲੱਗੇ। ਵੇਚ ਖ੍ਰੀਦ ਸੁਰੂ ਹੋਈ। ਛੇ ਸਤ ਸਾਲਾਂ ਦੀ ਮਿਹਨਤ ਅਤੇ ਖਰਚਾ ਕਰਨ ਤੋ ਬਾਦ ਕਿਸਾਨਾਂ ਨੂੰ ਵਿਸ਼ਵਾਸ਼ ਸੀ ਕਿ '' ਹਰਿਚੰਦੋਰੀ'' ਹੱਥ ਆ ਜਾਵੇਗੀ। ਅੰਗੂਰਾਂ ਦਾ ਮੁੱਲ ਪਿਆ 25 ਪੈਸੇ ਤੋ ਲੈ ਕੇ ਪੰਜਾਹ ਪੈਸੇ ਕਿਲੋ ਦਰਮਿਆਨ।

ਕਿਸਾਨ ਨੇ ਛਾਤੀ ਪਿੱਟ ਲਈ, ਦੁਹੱਥੜੇ ਮਾਰ ਕੇ ਰੋਇਆ, ਘਰ ਵਿਚ ਸੱਥਰ ਵਿਛ ਗਏ । ਧਾਹਾਂ ਮਾਰ ਵਿਲਕਿਆ, ਕਲੇਜੇ ਸੱਲ ਪੈ ਗਏ। ਪ੍ਰਵਾਰ ਦੀ ਧੀਰ ਬੰਨਾਉਣ ਵਾਲਾ ਭੀ ਕੋਈ ਨਹੀਂ ਸੀ। ਜੜਾਂ ਹਿੱਲ ਗਈਆਂ, ਲਾਚਾਰ ਬੇਬਸ , ਸਮਝ ਨਾ ਆਵੇ ਕਿ ਕੀਹਨੂੰ ਦੁਖੜੇ ਸੁਣਾਵਾਂ? ਕਿਸ ਦੇ ਗਲ੍ਹ ਲੱਗ ਰੋਵਾਂ? ਕੌਣ ਜਿੰਮੇਵਾਰ ਹੈ ਚਿੱਟੇ ਦਿਨ ਡਾਕਾ ਪੈਣ ਦਾ ? ਸੱਤ ਅੱਠ ਸਾਲ ਦੀ ਕਮਈ ਕੌਣ ਜਾਲਮ ਡਕਾਰ ਗਿਆ? ਅੰਤ ਨੂੰ ਗੁੱਸੇ ਵਿਚ ਭਰੇ ਪੀਤੇ ਕਿਸਾਨਾਂ ਨੇ ''ਹਰੀ ਅੰਗੂਰੀ'' (ਅੰਗੂਰਾਂ ਦੇ ਬਾਗ) ਆਪਣੇ ਹੱਥੀਂ ਪੁੱਟ ਦਿੱਤੇ । ਲੋਹੇ ਦੇ ਗਾਡਰ ਸਰੀਏ ਤਾਰਾਂ, ਕਬਾੜੀਏ ਨੂੰ ''ਵੇਚ'' ਦਿਤੇ। ਉਸ ਥਾਂ ਨੂੰ ਵਾਹ ਕੇ ਕਰਾਹ ਕੇ, ਕਣਕ ਝੋਨਾ ਬੀਜਣ ਵਾਲੀ ਥਾਂ, ਵਾਪਸ ਮੁੜਨਾ ਪਿਆ। ਸੌਂਹ ਖਾਧੀ ਗੁਰੂ ਮਹਾਰਾਜ ਜੀ, ਅੱਗੇ ਤੋ **''ਅੰਗੂਰ ਸਦਾ ਵਾਸਤੇ ਖੱਟੇ''** ਹਨ, ਨਹੀ ਲਾਵਾਂਗਾ।

ਅਸਲ ਵਿਚ ਭਾਰਤ ਸਰਕਾਰ ਨੂੰ ਚਾਹੀਦਾ ਸੀ ਕਿ ਜਦੋ ਅੰਗੂਰਾਂ ਦੀਆਂ ਵੇਲਾਂ ਫਲ ਦੇਣ ਲੱਗਣ, ਉਸ ਤੋ ਪਹਿਲਾਂ ਵੇਲਾਂ ਵਾਲੇ ਇਲਾਕਿਆਂ ਵਿਚ, ਅੰਗੂਰਾਂ ਨੂੰ ''ਪ੍ਰੀਜਰਬ ਕਰਨ ਵਾਸਤੇ , ਕੋਲਡ ਸਟੋਰ ਬਣਾਉਣੇ ਚਾਹੀਦੇ ਸਨ। ਤਾਂ ਕਿ ਬਹੁਤਾ ਮੰਡੀ ਵਿਚ ਆਇਆ ਅੰਗੂਰ, ਸਾਂਭਿਆ ਜਾ ਸਕੇ। ਦੂਜਾ ਅੰਗੂਰਾਂ ਦੇ ਜੂਸ ਤੋ ਤਿਆਰ ਹੋਣ ਵਾਲੀ ਖੰਡ ਕੱਢਣ ਲਈ ਕਾਰਖਾਨੇ ਲਾਉਣੇ ਚਾਹੀਦੇ ਸਨ। ਲੰਮੇ ਸਮੇ ਤਕ ਸਾਂਭੇ ਜਾ ਸਕਣ ਵਾਲਾ ਡੱਬਾਬੰਦ ਜੂਸ ਤਿਆਰ ਕਰਨ ਲਈ ਫੈਕਟਰੀਆਂ ਲਾਉਣੀਆਂ ਚਾਹੀਦੀਆਂ ਸਨ। ਅੰਗੂਰਾਂ ਤੋ ਤਿਆਰ ਕੀਤੀ ਜਾਣ ਵਾਲੀ (ਗੁਲੂ ਕੋਸ) ਬੀਅਰ ਕੱਢਣ ਵਾਸ਼ਤੇ ਬੀਅਰ ਫੈਕਟਰੀਆਂ ਲਾਉਣੀਆਂ ਚਾਹੀਦੀਆਂ ਸਨ। ਅੰਗੂਰ ਦੂਜੀਆਂ ਸਟੇਟਾਂ ਜਾਂ ਬਦੇਸ਼ਾਂ ਨੂੰ ਭੇਜਣ ਵਾਸਤੇ, ਸਰਕਾਰ ਨੂੰ ਚੰਗੇਰੇ ਪ੍ਰਬੰਧ ਪਹਿਲਾਂ ਕਰਨੇ ਬਣਦੇ ਸਨ। ਹਾਏ ਰੱਬ ਜੀ ! ਪਾਪ ਦੀ ਮੂਰਤ ਭਾਰਤੀ ਸਰਕਾਰ (ਅਤੇ ਕਠਪੁਤਲੀ ਪੰਜਾਬ ਸਰਕਾਰ) ਨੇ ਅਜਿਹਾ ਕੋਈ ਪ੍ਰਬੰਧ ਨਾ ਕੀਤਾ। ਜਾਣ ਬੁੱਝ ਕੇ ਸਾਜ਼ਿਸ਼ ਤਹਿਤ, ਪੰਜਾਬ ਦੇ ਸਿੱਖਾਂ ਨੂੰ ਕੰਗਾਲ ਕਰਕੇ ਰੱਖ ਦਿੱਤਾ। ਬਹੁਤ ਸਾਰੇ ਕਿਸਾਨ ਕਰਜੇ ਹੇਠ ਆ ਗਏ। ਇਹ ਪਤਾ ਭੀ ਨਹੀ ਲੱਗ ਰਿਹਾ ਸੀ ਇਸ ਸਾਰੀ ਪਾਪ ਭਰੀ ਖੇਢ ਵਿਚ ਅਸਲ ਦੋਸੀ ਕੌਣ ਹੈ?

**000**

## 2. ਕਿੰਨੂੰ ਦੇ ਬਾਗ ਬੇਕਾਰ ਗਏ

ਸੰਨ ਅੱਸੀ ਵਾਲੇ ਦਹਾਕੇ ਵਿਚ,; ਇਕ ਹੋਰ ਖੇਢ, ਸਰਕਾਰ ਨੇ ਸਿੱਖ ਕਿਸਾਨਾਂ ਨਾਲ ਖੇਢੀ। ਅੰਗੂਰਾਂ ਦੇ ਨਾਲ ਨਾਲ '' ਘੱਟ ਖਰਚ ਕਰਕੇ, ਬਹੁਤੀ ਆਮਦਨ'' ਵਾਸਤੇ ਮਾਰੂਥਲੀ ਇਲਾਕਿਆਂ ਵਿਚ, ਕਿੰਨੂੰ ਦੇ ਬਾਗ ਲਾਉ। ਸਰਕਾਰ ਜੀ ਨੇ ਬਾਗ ਲਾਉਣ ਲਈ ਕਰਜੇ ਭੀ ਦਿੱਤੇ । ਅਖਬਾਰੀ ਇਸਤਿਹਾਰਾਂ ਰਾਹੀਂ ਪ੍ਰਚਾਰ ਭੀ ਕੀਤਾ। ਅਖੇ ''ਤੁਸੀਂ ਕਿੰਨੂੰ ਦੇ ਖੇਤ ਵਿਚ ਕਣਕ ਅਤੇ ਹੋਰ ਫਸਲਾਂ ਭੀ ਬੀਜ ਸਕਦੇ ਹੋ। ਫਸਲਾਂ ਦੇ ਝਾੜ ਵਿਚੋ ਸਾਰੇ ਖਰਚੇ ਪੂਰੇ ਕਰੋ, ਤੇ ਕਿੰਨੂੰ ਵੇ ਚ ਕੇ ਕੋਠੀਆਂ ਪਾਉ, ਕਾਰਾਂ ਦੇ ਝੂਟੇ ਲਉ । ਧੀਆਂ ਪੁੱਤਰਾਂ ਦੇ ਆਲੀਸ਼ਾਨ ਵਿਆਹ ਕਰੋ, ਫਿਰ ਭੀ ਪੈਸਾ ਮੁਕਾਇਆ ਮੁੱਕੇਗਾ ਨਹੀਂ''। ਨਿਰਛਲ ਕਿਸਾਨ ਹਰ ਵਾਰੀ ਵਿਸ਼ਵਾਸ਼ ਕਰ ਲੈਂਦੇ ਹਨ। ਇਥੇ ਤਾਂ ਮੌਤ ਦੇ ਮੂੰਹ ਵਿਚ ਧੱਕਕੇ ਭੀ ਸੇਵਕਾਂ ਨੂੰ ਇਹੀ ਉਪਦੇਸ਼ ਦ੍ਰਿੜ ਕਰਾਇਆ ਜਾਂਦਾ ਹੈ ਕਿ, ਤੁਸੀ '' **ਧਰਮ ਲਈ ਸ਼ਹੀਦੀ'' ਪਾਉਣ ਲਗੇ ਹੋ। ਅੱਗੇ ਤੁਹਾਨੂੰ ਹੂਰਾਂ ਪਰੀਆਂ ਵਰਨ ਲਈ ਤਿਆਰ ਖੜੀਆਂ ਹਨ। ਸੁਰਗ ਦੇ ਦਰਵਾਜੇ ਖੁੱਲਣ ਲੱਗੇ ਹਨ। ਦੇਰੀ ਨਾ ਕਰੋ, ਅਜਿਹਾ ਸੁਨਹਿਰੀ ਮੌਕਾ ਕਿਤੇ ਹੱਥੋਂ ਨਾ ਨਿਕਲ ਜਾਵੇ। ਫਿਰ ਹੱਥ ਮਲਦੇ ਰਹਿ ਜਾਉਗੇ।**

ਕਿੰਨੂੰ ਦੇ ਬਾਗਾਂ ਲਈ ਭੀ ਕੁੱਝ ਇਸੇ ਤਰ੍ਹਾਂ ਧੂੰਆਂ ਧਾਰ ਪ੍ਰਚਾਰ ਕੀਤਾ ਗਿਆ। ਸਰਕਾਰ ਦੇ ਕਰੋੜਾਂ ਰੁਪੈ ਅਖਬਾਰਾਂ ਰਸਾਲਿਆਂ ਨੂੰ ਇਸਤਿਹਾਰਾਂ ਲਈ ਉਡਾ ਦਿਤੇ ਗਏ। ਕਿਸਾਨਾਂ ਨੂੰ ਜੋਰਦਾਰ ਪ੍ਰੇਰਨਾ ਕੀਤੀ ਗਈ ਕਿ ਛੇਤੀ ਕਰੋ, ''ਵਗਦੀ ਗੰਗਾ ਵਿਚ ਇਸ਼ਨਾਨ'' ਕਰਕੇ ਜਨਮ ਸਫਲਾ ਕਰੋ। ਕਿੰਨੂੰ ਸਿਹਤ ਲਈ ਬਹੁਤ ਚੰਗੇ ਹਨ। ਇਹ ਕਈ ਦਿਨ ਖਰਾਬ ਨਹੀਂ ਹੁੰਦੇ। ਦੂਰ ਦਰਾਜ ਮੰਡੀ ਵਿਚ ਬੇ ਫਿਕਰ ਹੋਕੇ ਲੈ ਜਾਉ, ਬੜੇ ਮਜਬੂਤ ਹੁੰਦੇ ਹਨ। ਬੂਟਿਆਂ ਨਾਲੋ ਜਿੰਨੇ ਦਿਨ ਨਾ ਤੋੜਨਾ ਚਾਹੋ ਨਾ ਤੋੜੋ , ਇਹ ਪੱਕ ਕੇ ਕਿਰਦੇ ਨਹੀਂ। ਇਹਨਾਂ ਨੂੰ ਕੋਈ ਬਿਮਾਰੀ ਨਹੀ ਲਗਦੀ। ਇਹ ਪਾਣੀ ਤਾਂ ਮੰਗਦੇ ਹੀ ਨਹੀਂ। ਤੁਹਾਨੂੰ ਮਾਲਾ ਮਾਲ ਕਰ ਦੇਣਗੇ''.....।

ਬੇਅੰਤ ਕਿਸਾਨਾਂ ਦੇ ਸਿਰ ਨੂੰ ਸਰਕਾਰੀ ਜਾਦੂ ਚੜ੍ਹ ਗਿਆ। ਉਹਨਾਂ ਦੱਸੀ ਹੋਈ ਵਿਧੀ ਮੁਤਾਬਕ, ਕਿੰਨੂੰ ਦੇ ਬਾਗ ਲਾਉਣੇ ਸੁਰੂ ਕਰ ਦਿੱਤੇ। ਦੋ ਸਾਲ ਦੇ ਸਮੇਂ ਵਿਚ, ਬਠਿੰਡਾ ਫਰੀਦ ਕੋਟ ਅਤੇ ਫਿਰੋਜਪੁਰ ਜਿਲ੍ਹਿਆਂ ਵਿਚ, ਜਿਧਰ ਵੇਖੋ ਕਿੰਨੂੰਆਂ ਦੇ ਬਾਗ ਹੀ ਬਾਗ ਨਜਰ ਆਉਣ ਲੱਗੇ। ਬੂਟਿਆਂ ਤੇ ਜੁਆਨੀ ਚੜਦੀ ਵੇਖਕੇ, ਕਿਸਾਨ ਫੁੱਲੇ ਨਹੀ ਸਮਾਉਦੇ ਸਨ। ਖਾਦ ਪਾਣੀ ਗੋਡੀ ਦਵਾਈਆਂ, ਕਰਜੇ ਚੁੱਕਕੇ ਭੀ ਪਾਏ। ਪੰਜ ਸਤ ਸਾਲ ਮਗਰੋ ਫਲ ਪੈਣਾ ਸੁਰੂ ਹੋਇਆ। ਖੇਤ ਲਹਿ ਲਹਾਉਣ ਲੱਗੇ । ਕਿਸਾਨਾ ਦੇ ਚਾਅ ਮਚਲਣ ਲੱਗੇ।, ਮਨ ਵਿਚ ਸੁਪਨੇ ਅੰਗੜਾਈਆਂ ਲੈਣ ਲੱਗੇ। ਖੇਤਾਂ ਅੰਦਰ ਕਿੰਨੂੰ ਦੇ ਰੂਪ ਵਿਚ ਸੋਨਾ ਹੀ ਸੋਨਾ ਨਜਰ ਆਉਣ ਲੱਗਿਆ। ਫਲ ਪੱਕ ਗਏ। ਤੋੜਕੇ ਟੋਕਰੀਆਂ ਭਰੀਆਂ, ਟਰਾਲੀਆਂ ਵਿੱਚ ਲੱਦੇ, ਨੇੜੇ ਦੀ ਮੰਡੀ ਵਿਚ ਢੇਰੀ ਜਾ ਕੀਤੇ। ਜਿਧਰ ਵੇਖੋ ਕਿੰਨੂੰ ਹੀ ਕਿੰਨੂੰ ਨਜਰ ਆਉਣ ਲੱਗੇ। ਕੌਣ ਖਰੀਦੇ ਇਹਨਾਂ ਨੂੰ, ਕੀ ਕੰਮ ਆਉਣਗੇ? ਸ਼ੌਕ ਪੂਰਾ ਕਰਨ ਲਈ ਤਾਂ

ਦੋ ਚਾਰ ਪੀਸ ਕਾਫੀ ਹੁੰਦੇ ਹਨ। ਭਰੇ ਟਰੱਕ ਟਰਾਲੀਆਂ ਨੂੰ ਕੌਣ ਸਾਂਭੇ? ਕਿੰਨੂੰ ਕਿਸੇ ਨਾ ਚੁੱਕਿਆ, ਭਾਅ ਡਿਗਦਾ ਚਲਾ ਗਿਆ। ਮੰਡੀਆਂ ਵਿਚ ਪਏ ਦਾ ਅਚਾਰ ਮੁਰੱਬਾ ਬਣਦਾ ਚਲਾ ਗਿਆ। ਬਣ ਰਹੇ ਕਿੰਨੂੰਆਂ ਦੇ ਆਚਾਰ ਵਿਚ ਸਿਰਕੇ ਦੀ ਥਾਂਵੇਂ ਕਿਸ਼ਾਨਾਂ ਦੇ ਹੰਝੂਆਂ ਰਲਣਾ ਸ਼ੁਰੂ ਕਰ ਦਿੱਤਾ। ਮਿਰਚ ਮਸਾਲੇ ਦੀ ਜਗ੍ਹਾ ਦੁਖਿਆਰਿਆਂ ਦੇ ਹਉਕੇ ਹਾਵੇ ਤੇ ਬਦ ਦੁਆਵਾਂ ਸਨ। ਕਈ ਸਾਲ ਦੀ ਖੂਨ ਪਸੀਨੇ ਦੀ ਕਮਾਈ, ਬਹੁਤ ਸਾਰਾ ਆਇਆ ਖਰਚਾ ਬਰਫ ਦੇ ਢੇਲੇ ਵਾਂਗ ਅੱਖਾਂ ਦੇ ਸਾਹਮਣੇ ਖੁਰਕੇ ਪਾਣੀ ਬਣਕੇ ਵਹਿ ਗਿਆ।

ਕਿਸੇ ਇੱਜਤਦਾਰ ਦਾਨੀ ਔਰਤ ਦੇ ਸਿਰੋ ਅਗਰ ਇਕੱਠ ਵਿਚ ਕੋਈ ਮੁਸਟੰਡਾ ਚੁੰਨੀ ਉਤਾਰ ਦੇਵੇ। ਫਿਰ ਜਾਂ ਤੇ ਉਹ ਬਦਮਾਸ ਜੀਵਤ ਨਹੀ ਰਹੇਗਾ, ਜਾਂ ਉਹ ਬੀਬੀ ਜੀਵਤ ਨਹੀ ਰਹੇ ਗੀ। ਕਿਸਾਨਾਂ ਦੇ ਸਿਰੋ ਪੱਗ ਹੀ ਨਹੀ ਲੱਥੀ, ਕਾਲਜੇ ਦਾ ਰੁਗ ਭਰਿਆ ਗਿਆ। ਇਹ ਧੋਖਾ ਕੀਹਨੇ ਕੀਤਾ, ਕਿਵੇ ਕੀਤਾ ਪਤਾ ਹੀ ਨਾ ਲਗਿਆ। ਪਰ ਕਿਸਾਨ ਸਿਖਰ ਦੁਪਹਿਰੇ, ਭਰੇ ਬਜਾਰ ਵਿਚ ਲੁੱਟਿਆ ਗਿਆ।ਕਰੋੜਾਂ ਅਰਬਾਂ ਦੇ ਕਰਜੇ ਹੇਠ ਦਬ ਗਿਆ। ਲਾਲੇ ਤੋ ਹੋਰ ਕਰਜਾ ਚੁੱਕਕੇ ਕਿੰਨੂੰ ਦੀ ਪੁਟਾਈ ਕੀਤੀ ਗਈ। ਜਮੀਨ ਸਾਫ ਕੀਤੀ ਗਈ। ਮੁੜ ਤੋ ਪਹਿਲਾਂ ਵਾਂਗ ਰਵਾਇਤੀ ਫਸਲਾਂ, ਕਣਕ ਤੇ ਝੋਨਾ ਬੀਜਣ ਲੱਗ ਪਿਆ। ਇਸ ਕਣਕ ਝੋਨੇ ਰਾਹੀ ਬਾਣੀਏ ਵੱਲੋ ਲਿਆ ਕਰਜਾ ਉਤਾਰਨ ਲੱਗ ਪਿਆ।

ਇਹ ਜੁਲਮ ਦੀ ਹਨੇਰੀ ਕਿਸਾਨਾ ਤੇ ਕੁਦਰਤ ਵੱਲੋ ਨਹੀ ਵਗੀ। ਬਲਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵਾਲੇ ''ਸਾਡੇ ਆਪਣਿਆਂ'' ਨੇ ਸਾਡੇ ਤੇ ਕਹਿਰ ਢਾਹਿਆ ਹੈ। ਕਿੰਨੂੰ ਦਾ ਜੂਸ ਕੱਢਕੇ, ਡੱਬਾ ਬੰਦ ਕਰਕੇ, ਬਜਾਰ ਵਿਚ ਵਿਕਰੀ ਲਈ ਭੇਜਣ ਵਾਸਤੇ, ਪੰਜਾਬ ਵਿਚ ਕੋਈ ਫੈਕਟਰੀ ਨਹੀ ਲਾਈ ਗਈ। ਖੁਸ਼ਕ ਸੜਕੀ ਰਸਤੇ ਪਾਕਿਸਤਾਨ, ਅਫਗਾਨਿਸਤਾਲ, ਇਰਾਨ ਇਰਾਕ ਅਰਬੀ ਮੁਲਕਾਂ ਵਿਚ, ਜੂਸ ਦੀ ਬਹੁਤ ਖਪਤ ਸੀ। ਪੰਜਾਬ ਦਾ ਕਿਸਾਨ ਮਾਲਾਮਾਲ ਹੋ ਸਕਦਾ ਸੀ। ਪਰ ਭਾਰਤ ਸਰਕਾਰ ਨੇ ਜਾਣ ਬੁੱਝ ਕੇ ਇਸ ਪਾਸੇ ਕੋਈ ਕੰਮ ਨਾ ਕੀਤਾ। ਸਗੋ ਪਾਕਿਸਤਾਨ ਨਾਲ ਸਦਾ ਦੁਸ਼ਮਣੀ ਬਣਾਈ ਰੱਖੀ। ਬਹਾਨੇ ਭਾਂਵੇ ਕੋਈ ਭੀ ਘੜੇ ਗਏ। **ਵਿਚੋਂ ਮਕਸਦ ਇਹੋ ਸੀ ਕਿ ਅਗਰ ਪੰਜਾਬ ਦੀ ਤਜਾਰਤ ਅਰਬ ਮੁਲਕਾਂ ਨਾਲ ਸੁਰੂ ਹੋ ਗਈ। ਤਾਂ ਰੱਜਿਆ ਜੱਟ (ਸਿੱਖ) ਅੱਖਾਂ ਵਿਖਾਵੇਗਾ। ਇਸ ਨੂੰ ਰੋਟੀ ਦੇ ਸੰਸੇ ਹੀ ਪਏ ਰਹਿਣੇ ਚਾਹੀਦੇ ਹਨ। ਸਰਕਾਰੀ ਸਾਜਿਸ਼ ਨੂੰ ''ਰੱਬ ਦਾ ਭਾਣਾ'' ਮੰਨ ਕੇ ਸਵੀਕਾਰ ਕਰਨਾ ਪਿਆ। ਉਤੋਂ ਸਿਤਮ ਇਹ ਕਿ ਸਾਡੇ ਅਕਾਲੀ ਲੀਡਰ ਅਤੇ ਸਿੱਖ ਖੇਤੀ ਮਾਹਿਰ, ਕਿਸਾਨਾਂ ਨੂੰ ਕੋਈ ਸਹੀ ਸਲਾਹ ਤੇ ਚੰਗੀ ਅਗਵਾਈ ਨਾ ਦੇ ਸਕੇ।**

**000**

## 3. ਪਾਪੂਲਰ ਤੇ ਸਫੈਦਾ ! ਇੱਕ ਹੋਰ ਧੋਖਾ

ਭਾਰਤ ਸਰਕਾਰ ਨੇ ਪੰਜਾਬ ਨੂੰ ਕੁਝ ਹੋਰ ਲਾ-ਜੁਆਬ ਤੋਹਫੇ ਦਿੱਤੇ ਹਨ। ਜਿਨਾਂ ਵਿਚ

ਪਾਪੂਲਰ (ਪੇਂਡੂਬੋਲੀ ਵਿਚ ਵਲਾਇਤੀ ਪਿੱਪਲ) ਤੇ ਸਫੈਦਾ ਸ਼ਾਮਲ ਹਨ। ਇਹ ਦੋਵੇ ਰੁੱਖ ਪੰਜਾਬ ਜਾਂ ਭਾਰਤ ਦੇ ਨਹੀ ਹਨ। ਇਹ ਆਸਟ੍ਰੇਲੀਆ ਤੋ ਲਿਆਂਦੇ ਮੰਨੇ ਜਾਂਦੇ ਹਨ। ਜਿਨਾਂ ਦੇਸ਼ਾਂ, ਇਲਾਕਿਆਂ ਵਿਚ ਬਰਸਾਤ ਆਮ ਨਾਲੋ ਕਈ ਗੁਣਾ ਵੱਧ ਹੋਵੇ, ਉਹਨਾਂ ਥਾਂਵਾ ਲਈ ਇਹ ਰੁੱਖ ਲਾਹੇਵੰਦ ਹਨ। ਕਿਉਕਿ ਇਹ ਪਾਣੀ ਬਹੁਤ ਸੋਖਦੇ ਹਨ, ਬਿਨਾਂ ਭਾਰੀ ਬਰਸਾਤ ਤੋ ਇਹਨਾਂ ਦੀ ਲੋੜ ਪੂਰੀ ਕਰਨੀ ਸੰਭਵ ਨਹੀਂ ਹੈ। ਬਦਕਿਸਮਤੀ ਨਾਲ ਸਾਡੀਆਂ ਬੇੜੀਆਂ ਵਿਚ ਵੱਟੇ ਪਾਉਣ ਲਈ, ਇਹ ਦਰੱਖਤ ਪੰਜਾਬ ਵਿਚ ਲੈ ਆਂਦੇ ਗਏ। ਧੂੰਆਂ ਧਾਰ ਪਰਚਾਰ ਕੀਤਾ ਗਿਆ ਕਿ, ''ਤੁਸੀਂ ਇੱਕ ਕਿੱਲੇ ਵਿਚ, ਇਹ ਰੁੱਖ ਲਾਉ। ਖਰਚਾ ਕੋਈ ਨਹੀਂ ਹੋਵੇਗਾ। ਇਸ ਦੀ ਪਨੀਰੀ ਮੁਫਤ ਦਿੱਤੀ ਜਾਵੇਗੀ। ਪੰਜ ਸਾਲ ਦੇ ਥੋੜੇ ਜਿਹੇ ਸਮੇ ਮਗਰੋਂ, ਤੁਸੀਂ ਇਕ ਕਿੱਲੇ ਵਿਚੋਂ ਢਾਈ ਤਿੰਨ ਲੱਖ ਦਾ ਸਫੈਦਾ ਵੇਚ ਸਕਦੇ ਹੋ। ਜੇ ਕਰ ਸਫੈਦੇ ਨੂੰ ਜੜੋ ਨਾ ਪੁਟੀਏ ਤਾਂ ਦੁਬਾਰਾ ਫੁੱਟ ਪੈਂਦਾ ਹੈ। ਦੂਜੀਵਾਰ ਇਹ ਚਾਰ ਕੁ ਸਾਲ ਵਿਚ, ਤਿੰਨ ਲੱਖ ਰੁਪੈ ਦੇ ਹੋ ਜਾਂਦੇ ਹਨ। ਤਿੰਨ ਲੱਖ ਹੀ ਤੀਜੀ ਵਾਰ ਕਿਸਾਨ ਦੀ ਝੋਲੀ ਵਿਚ ਪਾ ਦਿੰਦਾ ਹੈ। ਸਰਕਾਰੀ ਏਜੰਸੀਆਂ ਖੁਦ ਇਸ ਦੀ ਲੱਕੜੀ ਖ੍ਰੀਦਣਗੀਆਂ। ਝੋਨਾ ਕਣਕ ਕਿੰਨੂੰ ਅੰਗੂਰ ਕੋਈ ਭੀ ਫਲ ਜਾਂ ਫਸਲ ਸਫੈਦੇ ਦਾ ਮੁਕਾਬਲਾ ਨਹੀ ਕਰ ਸਕਦੀ। ਇਸ ਨੂੰ ਇਕ ਸਾਲ ਤਕ ਪਾਣੀ ਦੇਣਾ ਪੈਂਦਾ ਹੈ, ਉਸ ਤੋ ਬਾਦ ਕੋਈ ਲੋੜ ਨਹੀ। ਪੇਟੀਆਂ ਵੱਡੀਆਂ ਵੱਡੀਆਂ ਖ੍ਰੀਦ ਲਓ ਰੁਪੈ ਸਾਂਭੇ ਨਹੀ ਜਾਣੇ ......''।

ਸਰਕਾਰੀ ਦੁਸ਼ਟ ਪ੍ਰਚਾਰ ਦਾ ਮੈਂ ਖੁਦ ਸਿਕਾਰ ਹੋ ਗਿਆ। ਇਕ ਕਿੱਲੇ ਤੋਂ ਵੱਧ ਖੇਤ ਵਿਚ ਸਫੈਦੇ ਲਾ ਦਿਤੇ ਗਏ। ਪਾਣੀ ਬੜਾ ਪਾਇਆ, ਬਾਲਟੀਆਂ ਨਾਲ ਸਾਰੇ ਪਰਵਾਰ ਨੇ ਢੋਇਆ। ਕਿਉਂਕਿ ਟਿਊਬਵੈਲ ਹੈ ਨਹੀ ਸੀ। ਲੋਕਾਂ ਦੇ ਖੇਤ ਖਾਲ੍ਹਿਆਂ ਵਿਚੋ ਪਾਣੀ ਪਾਉਂਦੇ ਰਹੇ। ਅੰਤ ਨੂੰ ਦੁਖੀ ਹੋ ਕੇ ਕਰਜਾ ਚੁੱਕਕੇ ਬੋਰ ਕੀਤਾ, ਇੰਜਨ ਲਿਆ, ਤਾਂ ਕਿ ਸਫੈਦਿਆਂ ਤੋ ਵਧੇਰੇ ਮੁਨਾਫਾ ਕਮਾਇਆ ਜਾ ਸਕੇ। ਛੇ ਸਾਲ ਤੱਕ ਮਿੱਟੀ ਨਾਲ ਮਿੱਟੀ ਹੁੰਦਾ ਰਿਹਾ। ਗੋਡੀ ਕਰਦਾ ਰਿਹਾ, ਰਾਖੀ ਲਈ ਚੱਕਰ ਲਾਉਂਦਾ ਰਿਹਾ। ਮਨ ਅੰਦਰ ਸਧਰਾਂ ਪਾਲਦਾ ਰਿਹਾ। ਜਦੋ ਛੇ ਸਾਲ ਬਾਦ ਸਫੈਦੇ ਵੱਢੇ ਗਏ, ਤਾਂ ਦਸ ਹਜਾਰ ਰੁਪੈ ਦੀ ਮਜਦੂਰੀ ਪੈ ਗਈ। ਪੰਜ ਹਜਾਰ ਤੋਂ ਵੱਧ ਢੋਆਈ ਦਾ ਖਰਚਾ ਪੈ ਗਿਆ। ਬੋਰ ਲਾਉਣ ਤੇ ਪੰਜ ਕੁ ਹਜਾਰ ਰੁਪੈ ਖਰਚਣੇ ਪਏ। ਇੰਜਣ ਪੰਤਾਲੀ ਸੌ ਦਾ ਲਿਆਂਦਾ ਅਧੋਰਾਣਾ ਜਿਹਾ। ਛੇ ਸਾਲਾਂ ਵਿਚ ਦਸ ਕੁ ਹਜਾਰ ਡੀਜਲ ਤੇ ਖਰਚਾ ਆਗਿਆ ਮੈਂ ਆਪਣੀ ਦਿਹਾੜੀ ਅਗਰ ਨਾ ਭੀ ਗਿਣਾ ਤਾਂ ਜਮੀਨ ਵਿਚੋ ਹੋਣ ਵਾਲੀ ਫਸਲ ਦਾ ਛੇ ਸਾਲ ਲਈ ਮੁਨਾਫਾ ਖਤਮ ਹੋ ਗਿਆ। ਜੇ ਇਕ ਸਾਲ ਵਿਚ ਦਸ ਕੁ ਹਜਾਰ ਰੁਪੈ ਦੀ ਫਸਲ ਦੀ ਵੱਟਤ ਮੰਨ ਲਈ ਜਾਵੇ ਤਾਂ ਸੱਠ ਕੁ ਹਜਾਰ ਦਾ ਘਾਟਾ ਇਹ ਪੈ ਗਿਆ। ਮੇਰਾ ਕੁਲ ਨੁਕਸਾਨ ਹੋ ਗਿਆ ਲਗਭੱਗ ਦੋ ਲੱਖ ਰੁਪੈ ਦਾ। ਸਫੈਦੇ ਵੇਚੇ ਮੈਂ ਕੇਵਲ 25000/- ਦੇ । ਇੱਕ ਲੱਖ ਪਝੱਤਰ ਹਜਾਰ ਰੁਪਏ ਦੇ ਕਰਜੇ ਹੇਠ ਮੈਂ ਦਬ ਗਿਆ। ਅੱਠ ਦਸ ਸਾਲਾਂ ਵਿਚ ਹੌਲੀ ਹੌਲੀ ਕਰਜਾ ਉਤਾਰਿਆ। ਅਗਰ

ਇਹ ਕਰਜਾ ਬਾਣੀਏ ਤੋਂ ਲਿਆ ਹੁੰਦਾ, ਤਾਂ ਮੈਂ ਸਾਰੀ ਉਮਰ ਇਸ ਤੋ ਮੁਕਤ ਨਾ ਹੋ ਸਕਦਾ। ਲਗਭਗ ਇੰਸੇ ਨਾਲ ਮਿਲਦੀ ਜੁਲਦੀ ਹਰ ਕਿਸਾਨ ਦੀ ਦੁਖਦਾਈ ਦਾਸਤਾਨ ਹੈ।

ਇਸ ਸਫੈਦੇ ਨੇ ਪੰਜਾਬ ਦਾ ਪਾਣੀ ਉਡਾਉਣ ਵਿਚ ਝੋਨੇ ਦੀ ਫਸਲ ਨਾਲੋ ਜਿਆਦਾ ਕੰਮ ਕੀਤਾ ਹੈ। ਸਫੈਦੇ ਦਾ ਇਕ ਰੁੱਖ ਬੇਅੰਤ ਪਾਣੀ ਹਰ ਰੋਜ਼ ਹਵਾ ਵਿਚ ਉਡਾ ਦਿੰਦਾ ਹੈ। ਜਿਨ੍ਹਾਂ ਖੇਤਾਂ ਦੀਆਂ ਵੱਟਾਂ ਤੇ ਸਫੈਦੇ (ਪਾਪੂਲਰ) ਲਾਏ ਹੁੰਦੇ ਹਨ, ਉਹਨਾਂ ਦੇ ਚਾਰੇ ਪਾਸੇ ਵੀਹ ਵੀਹ ਫੁੱਟ, ਧਰਤੀ ਸਦਾ ਸੁੱਕੀ ਰਹਿੰਦੀ ਹੈ। ਇਸੇ ਕਾਰਨ ਨੇੜੇ ਫਸਲ ਕੋਈ ਨਹੀ ਹੁੰਦੀ । ਬਾਕੀ ਸੰਘਣੇ ਰੁੱਖਾਂ ਵਾਂਗ ਸਫੈਦਾ ਹਵਾ ਠੰਢੀ ਨਹੀ ਕਰਦਾ, ਕਿਉਕਿ ਇਹ ਤਾਂ ਥੋੜੀਆਂ ਜਿੰਨੀਆਂ ਟਾਹਣੀਆਂ ਲੈ ਕੇ ਸਿੱਧਾ ਸਪਾਟ ਖੜਾ ਹੁੰਦਾ ਹੈ। ਬਿਜਲੀ ਦੇ ਖੰਭੇ ਵਾਂਗ। ਪੰਜਾਬ ਦੇ ਸਾਰੇ ਦੇਸ਼ੀ ਰੁੱਖ ਹਵਾ ਵਿਚ ਨਮੀ (ਸਿੱਲ) ਰਲਾਉਦੇ ਹਨ। ਸਫੈਦਾ ਨਮੀ ਖਤਮ ਕਰਦਾ ਹੈ। ਜਿਨਾਂ ਇਲਾਕਿਆਂ ਵਿਚ ਇਹ ਮਨਹੂਸ ਰੁੱਖ ਲਾ ਦਿੱਤਾ ਜਾਂਦਾ ਹੈ, ਓਹਨਾਂ ਥਾਂਵਾਂ ਤੇ ਮੀਹ ਪੈਣਾ ਬੰਦ, ਤੇ ਧਰਤੀ ਹੇਠਲਾ ਪਾਣੀ ਹੋਰ ਨੀਵਾਂ ਹੁੰਦਾ ਚਲਾ ਜਾਂਦਾ ਹੈ।

ਜਦੋ ਸਫੈਦੇ ਅਤੇ ਪਾਪੂਲਰ ਦੇ ਗੁਣ ਗਾਇਨ ਕਰਦਿਆਂ ਬਹੁਤ ਸਾਰੇ ਮੁਨਾਫੇ ਦੀ **"ਹਰਿ ਚੰਦਉਰੀ"** ਵਿਖਾਈ ਗਈ ਸੀ। ਉਸ ਵਕਤ ਇਹਨਾਂ ਦੀ ਲੱਕੜੀ ਤੋ ਮਾਚਸਾਂ ਤੀਲ੍ਹਾਂ ਤੇ ਪੈਕਿੰਗ ਲਈ ਡੱਬੇ ਅਤੇ ਪਲਾਈਫੁੱਡ ਬਣਦਾ ਦੱਸ ਕੇ, ਮੁਨਾਫੇ ਦੀ ਆਸ ਬੰਨਾਈ ਗਈ ਸੀ। ਪਰ ਸਰਕਾਰੀ ਸਾਜ਼ਿਸ਼ਾਂ ਅੰਦਰੋਂ ਹੋਰ ਚਲ ਰਹੀਆ ਸਨ। ਸਫੈਦੇ ਦੀ ਲੱਕੜੀ ਤੋਂ ਬਣਨ ਵਾਲੇ ਸਾਮਾਨ ਲਈ, ਪੰਜਾਬ ਵਿਚ ਕੋਈ ਕਾਰਖਾਨਾ ਨਹੀ ਲਾਇਆ ਗਿਆ। ਪੰਜਾਬ ਵਿਚੋਂ ਸਫੈਦਾ ਤੇ ਪਾਪੂਲਰ ਕੱਟ ਕੇ , ਰੇਲਾਂ ਵਿਚ ਲੱਦਕੇ, ਯੂ.ਪੀ. ਵਿਚ ਜਾਂਦਾ। ਉਥੇ ਕਾਰਖਾਨਿਆਂ ਵਿਚ ਪਲਾਈਵੁੱਡ ਆਦਿ ਤਿਆਰ ਹੁੰਦੀ ਹੈ। ਬੰਜਰ ਬਣੇ ਪੰਜਾਬ, ਤੇ ਰੁਜਗਾਰ ਮਿਲੇ ਯੂਪੀ ਦੇ ਮਜਦੂਰ ਨੂੰ। ਇਹਨਾਂ ਵਲੈਤੀ ਰੁੱਖਾਂ ਉਤੇ ਤਾਂ ਵਿਚਾਰੇ ਪੰਛੀ ਆਲਣੇ ਭੀ ਨਹੀ ਬਣਾ ਸਕਦੇ। ਕਿਉਂਕਿ ਧੁੱਪ ਅਤੇ ਹਨੇਰੀ ਤੋ ਬੱਚਿਆਂ ਲਈ ਰਾਈ ਮਾਤਰ ਸੁਰੱਖਿਆ ਨਹੀ। ਅਜਿਹੇ ਰੁੱਖਾਂ ਬਾਰੇ ਗੁਰੂ ਨਾਨਕ ਸਾਹਿਬ ਨੇ ਕਰਾਰੀ ਚੋਟ ਕੀਤੀ ਹੈ। ਕਿ ਐ ਸੰਸਾਰ ਦੇ ਲੋਕੋ ! ਫਲ ਪੱਤੇ ਫੁੱਲ ਆਦਿ ਤੋਂ ਜਿਵੇਂ ਇਹ ਰੁੱਖ ਖਾਲੀ ਹਨ। ਕੋਈ ਪੰਛੀ ਆ ਜਾਵੇ ਵਿਚਾਰਾ ਭੁੱਖਾ ਭਾਣਾ, ਨਿਰਾਸ ਮੁੜ ਜਾਂਦਾ ਹੈ। ਤੁਸੀਂ ਇਨਸਾਨ ਐਹੋ ਜਿਹੇ ਨਾ ਬਣ ਜਾਣਾ।

**ਸਿੰਮਲ ਰੁਖੁ ਸਰਾਇਰਾ, ਅਤਿ ਦੀਰਘ, ਅਤਿ ਮੁਚੁ ।।ਓਇ ਜਿ ਆਵਹਿ ਆਸ ਕਰਿ, ਜਾਹਿ ਨਿਰਾਸੇ ਕਿਤੁ।।**
**ਫਲ ਫਿਕੇ ਫੁਲ ਬਕਬਕੇ, ਕੰਮਿ ਨ ਆਵਹਿ ਪਤ ।।ਮਿਠਤੁ ਨੀਵੀਂ ਨਾਨਕਾ, ਗੁਣ ਚੰਗਿਆਈਆਂ ਤਤੁ ।।**

**(ਪੰਨਾ 470)**

ਇਹਨਾਂ ਸਤਰਾਂ ਦੇ ਲੇਖਕ ਨੇ ਨਹਿਰਾਂ ਦੇ ਕਿਨਾਰੇ, ਅਤੇ ਸੜਕਾਂ ਦੇ ਨਾਲ ਦੋਵੇਂ ਪਾਸੇ ਖਾਲੀ ਪਈ ਜ਼ਮੀਨ ਵਿਚ ਅੰਬਾਂ ਦੇ ਰੁੱਖ ਲੱਗੇ ਵੇਖੇ ਹਨ। ਜਾਮਣ ਦੇ ਘਣੇ ਦਰਖਤ, ਲਹਿਲਹਾਉਂਦੇ

ਵੇਖੇ ਹਨ। ਅਣਗਿਣਤ ਨਿੱਕੇ ਨਿਆਣੇ, ਸਿਆਣੇ, ਛਾਂਵੇਂ ਬਹਿਕੇ, ਦੋ ਘੜੀਆਂ ਆਰਾਮ ਕਰਦੇ। ਮੌਸਮ ਦੇ ਮੁਤਾਬਕ ਫਲ ਖਾਂਦੇ। ਅੰਗ੍ਰੇਜ਼ੀ ਸਰਕਾਰ, ਇਹਨਾਂ ਫਲਦਾਰ ਰੁੱਖਾਂ ਨੂੰ ਠੇਕੇ ਤੇ ਦਿਆ ਕਰਦੀ ਸੀ। ਜਿਸ ਤੋ ਚੰਗੀ ਚੋਖੀ ਕਮਾਈ ਹੋ ਜਾਇਆ ਕਰਦੀ ਸੀ। ਜਦੋਂ ਬੱਬਰ ਅਕਾਲੀ ਲਹਿਰ ਦੀ ਚੜ੍ਹਤ ਹੋਈ (1914 ਤੋਂ 1923) ਤੋਂ ਪਿੰਡਾਂ ਵਿਚ ਡੌਂਡੀ ਪਿਟਵਾ ਦਿਤੀ ਗਈ ਕਿ ਕੋਈ ਵਿਅਕਤੀ, ਇਹਨਾਂ ਰੁੱਖਾਂ ਨੂੰ ਠੇਕਾ ਤੇ ਨਾ ਲਵੇ। ਇਹ ਆਮ ਲੋਕਾਂ ਲਈ ਹਨ, ਜਿਵੇਂ ਸੜਕਾਂ ਨਹਿਰਾਂ ਸਾਰਿਆਂ ਲਈ ਸਾਂਝੀਆਂ ਹਨ। ਕਿਸੇ ਨੇ ਠੇਕਾ ਨਾ ਲਿਆ। ਲਗਭਗ 1970 ਤੋਂ ਇਹ ਰੁਖ ਵੱਢਣੇ ਸ਼ੁਰੂ ਹੋਏ ਤੇ ਇਹਨਾਂ ਦੀ ਥਾਂਵੇ ਲਾਇਆ ਕੀ? **ਪੰਜਾਬ ਦੀ ਬਰਬਾਦੀ ਦਾ ਝੰਡਾ ਸਫੈਦਾ ਤੇ ਪਾਪੂਲਰ।**

ਮੰਨ ਲੈਂਦੇ ਹਾਂ ਕਿ ਸਾਰੇ ਰਾਹਾਂ ਤੇ ਸ਼ਾਮਲਾਟ ਥਾਂਵਾਂ ਵਿਚ, ਫਲਦਾਰ ਰੁੱਖ ਨਹੀਂ ਲਾ ਸਕਦੇ। ਪੰਜਾਬ ਦੇ ਰਵਾਇਤੀ ਰੁੱਖ ਜਿਵੇਂ ਕਿੱਕਰ, ਨਿੰਮ, ਟਾਹਲੀ, ਬੇਰੀ ਅਤੇ ਜੰਡ ਕਰੀਰ ਤਾਂ ਲਾਏ ਹੀ ਜਾ ਸਕਦੇ ਹਨ। ਇਹਨਾਂ ਘਣਛਾਵੇਂ ਰੁੱਖਾਂ ਦੀ ਸੰਘਣੀ ਛਾਂ। ਪੰਛੀ ਚਹਿਕਦੇ ਸੰਗੀਤ ਬਖੇਰਦੇ , ਕਿਸਨੂੰ ਚੰਗੇ ਨਹੀਂ ਲਗਣਗੇ? ਪੰਜਾਬ ਵਿਚ ਇਸ ਵਕਤ 100 ਪ੍ਰਤੀਸ਼ਤ ਇਮਾਰਤੀ ਲੱਕੜ ਬਾਹਰੋ ਆ ਰਹੀ ਹੈ। ਅਗਰ ਇਹ ਰਵਾਇਤੀ ਰੁੱਖ ਲੱਗੇ ਹੋਣਗੇ ਤਾਂ ਬਹੁਤ ਮਜਬੂਤ ਅਤੇ ਸਸਤੀ ਇਮਾਰਤੀ ਲੱਕੜ ਸਾਡੇ ਆਲੇ ਦੁਆਲੇ ਤੋਂ ਪ੍ਰਾਪਤ ਹੋ ਸਕਦੀ ਹੈ। ਇਹਨਾਂ ਰਵਾਇਤੀ ਰੁੱਖਾਂ ਨਾਲ, ਪੰਜਾਬ ਵਿਚ ਬਾਰਸ ਭੀ ਵੱਧ ਹੋਵੇਗੀ। ਪਾਣੀ ਦੀ ਸਤਾਹ ਨੀਵੀਂ ਨਾ ਉਤਰਦੀ। ਡੀਜ਼ਲ ਤੇਲ ਦਾ ਖਰਚਾ ਘੱਟ ਪੈਂਦਾ। ਬਿਜਲੀ ਦੇ ਬਿੱਲ ਲੱਕ ਤੋੜਵੇਂ ਨਾ ਆਉਂਦੇ। ਹੋਰ ਰੁੱਖਾਂ ਦੀ ਅਹਿਮੀਅਤ ਤਾਂ ਬੇਅੰਤ ਹੈ। ਕਰੀਰ ਦਾ ਰੁੱਖ ਜੋ ਸਭ ਤੋਂ ਨਿਕੰਮਾ ਜਿਹਾ ਮੰਨਿਆ ਜਾਂਦਾ ਹੈ, ਉਹ ਭੀ ਸਫੈਦੇ ਨਾਲੋਂ ਕਈ ਗੁਣ ਵਧੀਆ ਹੈ। ਉਸ; ਦੇ ਜੋ ਫਲ ਲਗਦਾ ਹੈ, ਉਸ ਨੂੰ ਡੇਲੇ ਕਹਿੰਦੇ ਹਨ। ਇਹਨਾਂ ਦਾ ਆਚਾਰ ਅਤੀ ਸੁਆਦਲਾ ਤੇ ਸਰੀਰ ਲਈ ਮਾਨੋਂ ਟਾਨਿਕ ਹੀ ਹੈ। ਕਰੀਰ ਦਾ ਫਲ (ਡੇਲੇ) ਤੇ ਲਕੜੀ ਕਈ ਦੇਸੀ ਦਵਾਈਆਂ ਵਿਚ ਮਿਲਾਈ ਜਾਂਦੀ ਹੈ। ਸਫੈਦੇ ਨਾਲੋ ਅਰਿੰਡ ਦਾ ਬੂਟਾ ਕਈ ਦਰਜੇ ਚੰਗਾ ਹੈ। ਜੋ ਇਕ ਸਾਲ ਵਿਚ ਬਿਨਾਂ ਬਹੁਤੀ ਖੇਚਲ ਕੀਤਿਆਂ ਪੱਕ ਕੇ ਤਿਆਰ ਹੋ ਜਾਂਦਾ ਹੈ। ਅਰਿੰਡ ਦੇ ਫਲ ਤੋਂ ਅਤਿਅੰਤ ਕੀਮਤੀ ਤੇਲ (ਕਸਟਰਆਇਲ) ਕੱਢਕੇ ਚੰਗਾ ਮੁਨਾਫਾ ਕਮਾਇਆ ਜਾ ਸਕਦਾ ਹੈ। ਗੱਲ ਕੀ, ਸਫੈਦੇ ਨਾਲੋਂ ਸਾਰੇ ਰੁੱਖ ਚੰਗੇ ਹਨ।

ਸਫਰ ਕਰਦਿਆਂ ਕਦੀ ਸੜਕਾਂ ਦੇ ਨਾਲ ਨਾਲ, ਪਰਖ ਕਰਕੇ ਵੇਖਣਾ। ਤੁਹਾਨੂੰ ਪੰਜਾਬ ਦੇ ''ਆਪਣੇ'' ਰੁੱਖਾਂ ਦੀ ਥਾਂਵੇਂ ਕੁੱਝ ਇਸ ਤਰ੍ਹਾਂ ਦੇ ਰੁੱਖ ਨਜਰ ਆਉਣਗੇ, ਜੋ ਬਦੇਸਾਂ ਵਿਚੋਂ ਲਿਆਂਦੇ ਹਨ, ਤੇ ਕਿਸੇ ਕੰਮ ਨਹੀਂ ਆਉਂਦੇ। ਜਿਵੇਂ ਫਿਲਾਸ ਸਿਲਕ, ਅਮਲਤਾਸ, ਕੁਸਮ (ਬੋਤਲ ਬੁਰਸ ਵਰਗਾ) ਪਾਰਸ ਪਿੱਪਲ, ਜੈਕੇਰੈਂਡਾ, ਬਿਸਪ ਰੁੱਖ, ਕਣਕ ਚੰਪ, ਗੁਲਮੋਹਰ, ਸਿਆਮ ਕੇਸੀਆ, ਝਾੜ ਫਨੂਸ ਤੇ ਸਤੌਨਾ ਆਦਿ। ਇਹਨਾਂ ਸਾਰੇ ਰੁੱਖਾਂ ਨੂੰ ਕੋਈ ਫਲ ਨਹੀਂ ਲਗਦਾ ਜਿਸਨੂੰ ਪੰਛੀ ਜਾਂ ਮਨੁੱਖ

ਖਾ ਸਕਣ। ਇਸ ਦੀ ਲੱਕੜੀ ਇਮਾਰਤ ਸਾਜੀ ਵਿਚ ਕਿਤੇ ਕੰਮ ਨਹੀਂ ਆਉਂਦੀ ਹੋਰ ਤਾਂ ਹੋਰ ਬਾਲਣ ਦੀ ਥਾਂਵੇਂ ਜੇ ਚੁੱਲ੍ਹੇ ਵਿਚ ਝੋਕ ਦੇਈਏ ਤਾਂ ਭੀ ਕਿੱਕਰ ਵਰਗਾ ਸੇਕ ਨਹੀਂ ਦੇ ਸਕਦੇ। ਇਹਨਾਂ ਤੇ ਪੰਛੀ ਆਲਣੇ ਨਹੀਂ ਪਾਉਂਦੇ। ਇਹਨਾਂ ਦੀ ਛਾਂਵੇ ਨਹੀਂ ਬੈਠਿਆ ਜਾ ਸਕਦਾ। ਇਹਨਾਂ ਦਾ ਪਤਝੜ ਸਮਾਂ ਗਲਤ ਹੈ। ਜਦੋਂ ਛਾਂ ਲੋੜੀਂਦੀ ਹੈ ਤਦੋਂ ਇਹਨਾ ਦੀ ਪਤਝੜ ਹੁੰਦੀ ਹੈ। ਆਪਣੀ ਲੰਮੀ ਉਮਰ ਵਿਚ ਮੈਂ ਬਰਨਾਲੇ ਤੋਂ ਬਠਿੰਡਾ, ਅੱਗੇ ਮੁਕਤਸਰ ਤਕ ਕੁਝ ਮੋੜ ਪਿਆ ਮਹਿਸੂਸ ਕੀਤਾ ਹੈ। ਪਤਾ ਨਹੀਂ ਕਿਥੋਂ ਕੋਈ ਨੇਕ ਦਿਲ ਅਫਸਰ ਪ੍ਰਗਟ ਹੋ ਗਿਆ। ਉਸਨੂੰ ਕਿਸੇ ਨੇ ਰੋਕਿਆ ਕਿਉਂ ਨਹੀਂ? ਉਸਦੀ ਇਹ ਭਲਾ ਕੰਮ ਕਰਨ ਵਾਲੀ ਸੋਚ ਕਿਵੇਂ ਪ੍ਰਫੁਲਿਤ ਹੋ ਗਈ? ਕਹਿਣ ਤੋਂ ਮੁਰਾਦ ਜੰਗਲਾਤ ਮਹਿਮਕੇ ਦੇ, ਕਿਸੇ ਦੂਰ ਅੰਦੇਸ਼ ਅਫਸਰ ਨੇ ਬਰਨਾਲੇ ਤੋਂ ਬਠਿੰਡਾ, ਮੁਕਤਸਰ ਤੱਕ, ਸੜਕ ਦੇ ਦੋਹੀਂ ਪਾਸੀਂ ਨਿੰਮ ਦੇ ਰੁੱਖ ਲਗਵਾ ਦਿੱਤੇ ਹਨ। ਭਾਵੇਂ ਹਾਲੀ (2007) ਤਿੰਨ ਕੁ ਸਾਲ ਦੇ ਹੀ ਬੂਟੇ ਹਨ। ਆਸ ਕਰਦਾ ਹਾਂ ਕਿ ਅਗੋਂ ਭੀ ਇਹ ਸਿਲਸਲਾ ਜਾਰੀ ਰਹੇ। ਪੰਜਾਬ ਵਿਚ ਆਪਣੇ ਰਵਾਇਤੀ ਰੁੱਖ ਲਾਏ ਤੇ ਸੰਭਾਲੇ ਜਾਣ। ਕੀ ਤੁਹਾਨੂੰ ਇਹ ਸਾਰਾ ਕੁਝ ਪੜ੍ਹ ਕੇ, ਪੰਜਾਬ ਵਿਰੁਧ ਸਾਜਿਸ਼ ਹੁੰਦੀ ਮਹਿਸੂਸ  ਨਹੀਂ ਹੁੰਦੀ? ਕੀ ਇਹ ਸਭ ਇਤਫਾਕੀਆ ਹੋ ਗਿਆ ਹੈ? ਕੀ ਤੁਸੀ ਆਪਣੇ ਘਰਾਂ ਜਾਂ ਖੇਤਾਂ ਵਿਚ ਰੁੱਖ ਲਗਾਉਣ ਦੀ ਪਹਿਲ ਕਰੋਗੇ?

000

## 4. ਟਮਾਟਰਾਂ ਦੀ ਲਾਲੀ..........?

ਭਾਰਤ ਸਰਕਾਰ ਨੇ ਇਕ ਹੋਰ ਅਗਨ ਬਾਣ ਛਡਿਆ ਸੀ ਅਖਬਾਰਾਂ ਰਾਹੀਂ: ਕਿ ''ਐ ਕਿਸਾਨ ਭਰਾਵੋ ! ਅਸੀਂ ਤੁਹਾਡੇ ਲਈ ਰੁਪਿਆਂ ਦੀਆਂ ਪੰਡਾਂ ਲਈ ਬੈਠੇ ਹਾਂ। ਤੁਸੀਂ ਥੋੜੇ ਜਿਹੇ ਹੱਥ ਪੈਰ ਹਿਲਾਓ, ਤੇ ਲੱਛਮੀ ਦੇਵੀ ਤੁਹਾਡੇ ਅੱਗੇ ਡੰਡਉਤ ਬੰਦਨਾ ਕਰਦੀ ਨਜ਼ਰ ਆਵੇਗੀ। ਤੁਸੀਂ ਆਪਣੇ ਖੇਤਾਂ ਵਿਚ ਟਮਾਟਰ ਪੈਦਾ ਕਰੋ, ਟਰਾਲੀਆਂ ਭਰ ਕੇ ਸਿੱਧੇ ਸਾਡੀ ਫੈਕਟਰੀ ਵਿਚ ਲੈ ਆਓ, ਤੇ ਮੂੰਹ ਮੰਗਿਆ ਮੁੱਲ ਪਾਓ''। ਵਿਚਾਰੇ ਕਿਸਾਨਾਂ ਨੇ ਫਿਰ ਵਿਸ਼ਵਾਸ ਕਰ ਲਿਆ, ਲੁੱਟੇ ਜਾਣ ਲਈ। ਕਿਉਂਕਿ ਪੰਜਾਬ ਸਰਕਾਰ ਨੇ ਮਾਰਕਫੈਡ ਦੇ ਇਕ ਅਰਧ ਸਰਕਾਰੀ ਵਿਭਾਗ ਵੱਲੋਂ ਇਹ ਪ੍ਰਚਾਰ ਕਰਵਾਇਆ ਸੀ। ਟਮਾਟਰਾਂ ਦੀ ਚਟਣੀ ਸਕੁਐਸ਼ (ਅਤੇ ਹੋਰ ਕਈ ਕੁਝ) ਅਤੇ ਆਚਾਰ ਬਣਾ ਕੇ, ਡੱਬਾ ਬੰਦ ਕਰਕੇ ਦੇਸ਼ ਵਿਦੇਸ਼ ਨੂੰ ਭੇਜਣਾ ਹੈ। ਕੋਈ ਧੋਖਾ ਨਹੀਂ ਹੋਵੇਗਾ। ਫੈਕਟਰੀਆਂ ਸਰਕਾਰ ਖੁਦ ਲਾ ਰਹੀ ਹੈ। ਖਰੀਦ ਮਾਰਕਫੈਡ ਕਰੇਗਾ। ਮਾਇਆ ਦਾ ਭੁਗਤਾਨ ਤੁਰੰਤ ਹੋਵੇਗਾ।

ਅੱਗੇ ਵਾਂਗ ਹੀ ਕਿਸਾਨਾਂ ਨੇ ਫਿਰ ਵਿਸ਼ਵਾਸ ਕਰ ਲਿਆ। ਖੂਬ ਮਿਹਨਤ ਕੀਤੀ। ਟਮਾਟਰਾਂ ਦੀ ਖੇਤੀ ਬਾਰੇ ਪੁਸਤਕਾਂ ਖ੍ਰੀਦੀਆਂ। ਖੇਤੀ ਯੂਨੀਵਰਸਿਟੀ ਦੇ ਚਕਰ ਕੱਟੇ। ਮਾਹਿਰਾਂ ਤੋਂ ਸਲਾਹਾਂ ਲਈਆਂ। ਕਈਆਂ ਨੇ ਹਫਤੇ ਦਸ ਦਿਨ ਦੀ ਸਿੱਖਿਆ ਹਾਸਲ ਕੀਤੀ। ਲਓ ਜੀ- ਲੱਕ ਬੰਨ ਕੇ ਪੂਰੇ ਜੋਸ਼ੋ ਖਰੋਸ਼ ਨਾਲ, ਟਮਾਟਰਾਂ ਦੇ ਖੇਤਾਂ ਵਿਚ, ਕਿਸਾਨ ਸਮੇਤ ਪ੍ਰਵਾਰ ਦੇ ਪਸੀਨੋ ਪਸੀਨਾ

ਹੋ ਰਿਹਾ ਸੀ। ਬੜੀ ਮਿਹਨਤ ਕੀਤੀ। ਬਹੁਤ ਖਰਚਾ ਕੀਤਾ ਤੇ ਟਮਾਂਟਰਾਂ ਦੀਆਂ ਫਸਲਾਂ ਤਿਆਰ ਹੋ ਗਈਆਂ। ਮਜ਼ਦੂਰ ਲਾ ਕੇ ਟਮਾਟਰ ਤੋੜੇ। ਸਾਂਭ ਸਾਂਭ ਕੇ ਟੋਕਰੀਆਂ ਭਰੀਆਂ। ਟਰਾਲੀਆਂ ਭਰੀਆਂ ਤੇ ਫੈਕਟਰੀਆਂ ਅੱਗੇ ਟਰਾਲੀਆਂ ਦੀਆਂ ਕਤਾਰਾਂ ਲੱਗ ਗਈਆਂ। ਇਕ ਦੋ ਤਿੰਨ ਟਰਾਲੀਆਂ ਅੰਦਰ ਗਈਆਂ। ਬਾਕੀਆਂ ਨੂੰ ਵਾਰੀ ਦੀ ਉਡੀਕ ਕਰਨ ਲਈ ਕਿਹਾ ਗਿਆ। ਦਿਨ ਬੀਤਦੇ ਗਏ । ਟਮਾਂਟਰਾਂ ਵਿਚੋਂ ਬਦਬੋ ਆਉਣ ਲੱਗ ਪਈ। ਕਿਸਾਨਾਂ ਨੂੰ ਤ੍ਰੇਲੀਆਂ ਆਉਣ ਲੱਗ ਪਈਆਂ। ਫੈਕਟਰੀ ਵਾਲਿਆਂ ਦੇ ਤਰਲੇ ਕੀਤੇ, ਪੈਰੀਂ ਹੱਥ ਲਾਏ ਕਿਸੇ ਨੇ ਗੱਲ ਨਾ ਸੁਣੀ। ਉਸ ਕਾਰਖਾਨੇ ਦੇ ਸਾਹਮਣੇ ਸੜਕ ਦੇ ਖਤਾਨਾਂ ਵਿਚ ਗਲ ਚੁੱਕੇ ਟਮਾਟਰਾਂ ਦੀ ਟਰਾਲੀ ਢੇਰੀ ਕਰ ਦਿੱਤੀ। ਖਾਲੀ ਹੱਥ, ਖਾਲੀ ਜੇਬ ਭੁੱਬੀਂ ਰੋਂਦੇ ਕਿਸਾਨ, ਵਾਪਸ ਆਉਣ ਲੱਗ ਪਏ। ਘਰੇ ਵੜਨ ਦੀ ਹਿੰਮਤ ਭੀ ਬਾਕੀ ਨਹੀਂ ਸੀ। ਪੈਰ ਘਸੀਟਦੇ ਨਿੰਮੋਝੂਣ ਹੋਏ ਸਭ ਕੁਝ ਲੁੱਟਾ ਕੇ, ਖਾਲੀ ਹੱਥ ਮਨ ਮਣਾਂ ਮੂੰਹੀ ਭਾਰ ਲੈ ਕੇ, ਵਿਹੜੇ ਵਿਚ ਸੱਥਰ ਵਿਛਾ ਕੇ ਬੈਠ ਗਏ। ਕਿਸ ਨੂੰ ਉਲਾਂਭਾ ਦੇਣ, ਕਿਥੇ ਸ਼ਿਕਾਇਤ ਕਰਨ, ਕੁਛ ਸਮਝ ਨਹੀਂ ਆ ਰਿਹਾ ਸੀ। ਆਪਣੇ ਆਪ ਨੂੰ ਕੋਸਦੇ ਹੋਏ ਇਹ ਕਹਿੰਦੇ ਕਿਸਾਨ ਸੁਣੇ ਗਏ ''ਓਏ ਭਰਾਵਾ ਆਪਾਂ ਸਾਰਿਆਂ ਨੇ ਟਮਾਟਰ ਬੀਜ ਲਏ। ਮੰਡੀ ਵਿਚ ਇੱਟਾਂ ਦੇ ਚਠਿਆਂ ਵਾਂਗ ਜਿੱਧਰ ਵੇਖੋ, ਉਧਰ ਹੀ ਟਮਾਟਰ। ਫੈਕਟਰੀ ਵਾਲੇ ਕੀ ਕਰਨ। ਜਦੋਂ ਕਮਲੇ ਜ਼ਿਮੀਂਦਾਰਾਂ ਨੇ ਟਮਾਟਰ ਬਹੁਤਾ ਲਾਉਣ ਦੀ ਗਲਤੀ ਕਰ ਲਈ, ਫਿਰ ਇਸ ਤਰ੍ਹਾਂ ਹੀ ਹੋਣਾ ਸੀ।'' ਭਾਰਤ ਸਰਕਾਰ ਦੇ ਇਸ਼ਾਰਿਆ ਤੇ ਪੰਜਾਬ ਸਰਕਾਰ ਕਿਸਾਨਾਂ ਨੂੰ ਫਿਰ ਸਿਖਰ ਦੁਪਹਿਰੇ ਦਗਾ ਦੇ ਗਈ। ਕੀ ਇਹ ਐਵੇਂ ਇਤਫਾਕੀਆ ਹੀ ਹੋ ਗਿਆ ਸੀ?

**000**

## 5. ਸੂਰਜਮੁਖੀ ਦੀ ਚਮਕ.............?

ਸਰਕਾਰੀ ਅਦਾਰਿਆਂ ਨੇ ਇਕ ਹੋਰ ਸ਼ੋਸ਼ਾ ਛਡਿਆ, ਕਿ ''ਸੂਰਜ ਮੁਖੀ ਦੀ ਫਸਲ 80 ਦਿਨਾ ਵਿਚ ਪੱਕ ਜਾਂਦੀ ਹੈ। ਇਸ ਤੋਂ ਝਾੜ ਬਹੁਤ ਮਿਲਦਾ ਹੈ। ਭਾਰਤ ਵਿਚ ਤੇਲ ਬੀਜਾਂ ਦੀ ਬਹੁਤ ਕਮੀ ਹੈ। ਇਸ ਨੂੰ ਸਰਕਾਰ ਖੁਦ ਖਰੀਦੇਗੀ। ਇਸ ਦੇ ਭਾਅ ਪਹਿਲਾਂ ਐਲਾਨ ਦਿੱਤੇ ਜਾਣਗੇ । ਤੁਸੀਂ ਇਕ ਸਾਲ ਅੰਦਰ ਇਸ ਤਰਤੀਬ ਨਾਲ ਖੇਤ ਵਿਚੋਂ ਤਿੰਨ ਫਸਲਾਂ ਪ੍ਰਾਪਤ ਕਰ ਸਕੋਗੇ । ਢਾਈ ਮਹੀਨਿਆਂ ਦੀ ਸੌਖੀ ਫਸਲ, ਬਸ ਪੈਸੇ ਹੀ ਪੈਸੇ.............''। ਕਿਸਾਨਾਂ ਨੇ ਫਿਰ ਵਿਸ਼ਵਾਸ਼ ਕਰ ਲਿਆ। ਆਲੂ ਪੁੱਟ ਕੇ ਸੂਰਜ ਮੁਖੀ ਬੀਜ ਦਿੱਤੀ। ਸੂਰਜ ਮੁਖੀ ਤੋਂ ਬਾਦ ਕਣਕ ਬੀਜੀ ਜਾਣ ਲੱਗੀ। ਇਹ ਲੁਕਣ ਮੀਟੀ ਖੇਢ ਦੋ ਚਾਰ ਸਾਲ ਚੱਲੀ, ਤੇ ਸਰਕਾਰ ਨੇ ਸੂਰਜ ਮੁਖੀ ਖਰੀਦਣੀ ਛੱਡ ਦਿੱਤੀ। ਜੇ ਖਰੀਦੀ ਗਈ ਤਾਂ ਲਾਗਤ ਨਾਲੋਂ ਘੱਟ ਮੁੱਲ ਤੇ। ਕਿਸਾਨ ਘਾਟਾ ਕਿਵੇਂ ਬਰਦਾਸ਼ਤ ਕਰਦੇ? ਹੋਰ ਕਮਜ਼ੋਰ ਹੁੰਦੇ ਗਏ। ਕਰਜ਼ੇ ਥੱਲੇ ਦਬਦੇ ਗਏ। ਦੁਖੀ ਹੋ ਕੇ ਸੂਰਜਮੁਖੀ ਵੱਲੋਂ ਮੂੰਹ ਫੇਰ ਗਏ। ਜੋ ਲੋਕ ਕਿਸਾਨਾਂ ਨੂੰ ਨਸੀਹਤਾਂ ਦੇਣ ਦੀ ਝੜੀ ਲਾ ਦਿੰਦੇ ਹਨ, ਤੇ ਗਿਲਾ ਕਰਦੇ ਹਨ,

ਕਿ ਕਿਸਾਨ ਸਾਡੀ ਸਲਾਹ ਨਹੀਂ ਮੰਨਦੇ। ਕਣਕ ਝੋਨੇ ਦੇ ਚੱਕਰ ਨੂੰ ਤੋੜ ਕੇ, ਫਸਲੀ ਚੱਕਰ ਬਦਲਣਾ ਚਾਹੀਦਾ ਹੈ। ਪਰ ਕਦੀ ਕਿਸੇ ਨੇ ਪੜਚੋਲ ਕੀਤੀ ਹੈ ਕਿ ਅਣਗਿਣਤ ਵਾਰੀ ਕਿਸਾਨਾਂ ਨੇ ''ਸਰਕਾਰ ਜੀ'' ਦੇ ਆਖੇ ਲੱਗ ਕੇ, ਫਸਲੀ ਚੱਕਰ ਤੋੜਨ ਦੀ ਕੋਸ਼ਿਸ਼ ਕੀਤੀ। ਪਰ ਹਰ ਵਾਰੀ ਕਿਸਾਨਾਂ ਦਾ ਆਪਣਾ ਹੀ ਲੱਕ ਟੁੱਟ ਗਿਆ ਘਾਟਾ ਤੇ ਹੋਰ ਘਾਟਾ। ਕਰਜਾ ਤੇ ਹੋਰ ਕਰਜਾ ਤੁਸੀਂ ਕੀ ਸਮਝਦੇ ਹੋ ਹਰ ਵਾਰੀ ਕਿਾਸਨਾਂ ਦੀ ਹੀ ਗਲਤੀ ਹੁੰਦੀ ਹੈ? ਇਹਨਾਂ ਚਾਲਾਂ ਪਿਛੇ ਕੋਈ ਸਾਜਿਸ਼ ਨਜ਼ਰ ਨਹੀਂ ਆਉਂਦੀ ਤੁਹਾਨੂੰ? ਫਿਰ ਹਰ ਵਾਰੀ ਕਿਸਾਨ ਕਿਉਂ ਰਗੜਿਆ ਜਾਂਦਾ ਹੈ? ਕਿਸਾਨਾਂ ਨੂੰ ਤਾਂ ਕਣਕ ਅਤੇ ਝੋਨੇ ਦਾ ਭੀ ਸਹੀ ਮੁੱਲ ਨਹੀ ਮਿਲਦਾ।

**000**

## 6. ਆਲੂ ਉਬਲ ਪਿਆ...........?

ਸੰਨ 1975 ਵਿੱਚ ਮੈਂ ਦੁਆਬੇ ਦੇ ਪਿੰਡਾਂ ਵਿੱਚ ਇੱਕ ਖਾਸ ਸਰਵੇ ਕੀਤਾ। ਫਗਵਾੜੇ ਤੋਂ ਰਿਹਾਣਾ ਜੱਟਾਂ ਹੋ ਕੇ, ਹੁਸ਼ਿਆਰਪੁਰ ਨੂੰ ਜਾਣ ਵਾਲੀ ਸੜਕ ਦੇ ਦੋਹੀਂ ਪਾਸੀਂ ਤਦੋਂ ਆਲੂ ਦੀ ਬਹੁਤ ਫਸਲ ਬੀਜੀ ਗਈ ਸੀ। ਸਰਕਾਰ ਦੀ ਪ੍ਰੇਰਨਾ ਸੀ ਕਿ ''ਆਲੂ ਦਾ ਝਾੜ ਬਹੁਤ ਨਿਕਲਦਾ ਹੈ। ਜੇ ਇੱਕ ਰੁਪੈ ਕਿਲੋ ਆਲੂ ਵਿਕ ਜਾਵੇ ਤਾਂ ਇੱਕ ਕਿਲੇ ਵਿੱਚ 100 ਕੁਇੰਟਲ ਝਾੜ ਭੀ ਨਿਕਲ ਆਉਂਦਾ ਹੈ। ਢਾਈ ਮਹੀਨਿਆਂ ਦੀ ਫਸਲ, ਕਿਸਾਨ ਮਾਲਾਮਾਲ .....''।

ਆਲੂਆਂ ਨੂੰ ਪੁੱਟਕੇ ਕਿਸਾਨਾਂ ਨੇ ਖੇਤਾਂ ਵਿੱਚ ਵੱਡੇ ਵੱਡੇ ਢੇਰ ਲਾਏ ਹੋਏ ਸਨ। ਮੰਡੀ ਵਿੱਚ ਤਾਂ ਆਲੂਆਂ ਵਾਲੀ ਟਰਾਲੀ ਨੂੰ ਕੋਈ ਆੜਤੀਆ ਆਪਣੀ ਦੁਕਾਨ ਅੱਗੇ ਖੜੋਣ ਨਹੀਂ ਦੇ ਰਿਹਾ ਸੀ। ਕਿਸਾਨ ਖੇਤਾਂ ਵਿੱਚ ਆਲੂਆਂ ਦੇ ਢੇਰ ਲਾ ਕੇ ਕੀਮਤਾਂ ਉੱਪਰ ਉੱਠਣ ਦੀ ਉਡੀਕ ਉਪਰ ਮੂੰਹ ਚੁੱਕ ਕੇ ਵੇਖਣ ਲੱਗੇ। ਮੈਂ ਇੱਕ ਵਾਹੇ ਖੇਤ ਵਿੱਚੋਂ ਦੀ ਲੰਘ ਰਿਹਾ ਸੀ। ਮੋਟੇ ਮੋਟੇ ਸਾਫ ਸੁਥਰੇ , ਗੋਲ ਮਟੋਲ, ਵਾਹੁਣ ਵਿੱਚ ਦੋ ਤਿੰਨ ਆਲੂ ਪਏ ਵੇਖੇ। ਮੈਂ ਆਲੇ ਦੁਆਲੇ ਨਿਗਾਹ ਮਾਰੀ ਤੇ ਫੁਰਤੀ ਨਾਲ ਚਾਰ ਪੰਜ ਆਲੂ ਵਾਹਣ ਵਿੱਚੋਂ ਚੁੱਕ ਲਏ। ਜਦੋਂ ਖੇਤ ਦੇ ਅਗਲੇ ਕਿਨਾਰੇ ਤੇ ਪਹੁੰਚਿਆ ਤਾਂ ਕਿਸਾਨ ਵੀਰ ਨੇ ਆਵਾਜ਼ ਦਿੱਤੀ- '' ਭਾ ਜੀ ਠਹਿਰ ਜਾਓ ! ਗੱਲ ਸੁਣਕੇ ਜਾਣਾ''। ਮੈਂ ਰੁਕ ਗਿਆ ਤੇ ਦਿਲ ਤੇਜ਼ ਤੇਜ਼ ਧੜਕਣ ਲੱਗ ਪਿਆ, ਮਨਾ ; ਕੀ ਗੱਲ ਸੀ ਐਵੇਂ ਦੋ ਆਲੂਆਂ ਤੇ ਡੋਲ ਗਿਆ ਜੇ ਨਾ ਚੁੱਕਦਾ ਫਿਰ ਕਿਹੜਾ ਰੋਟੀ ਨਹੀਂ ਸੀ ਖਾ ਹੋਣੀ। ਹੁਣ ਫੜਿਆ ਗਿਆ ਐਨ ਮੌਕੇ ਤੇ ਕਰਾ ਬੇਇਜ਼ਤੀ।

'' ਹਾਂ ਭਾ ਜੀ ਦੱਸੋ ਕੀ ਗੱਲ ਹੈ''?

'' ਆਹ ਆਲੂ ਚੁੱਕੇ ਐ, ਚੰਗੇ ਲੱਗੇ ਐ ''?

'' ਵੀਰ ਜੀ ਗਲਤੀ ਹੋ ਗਈ, ਐਵੇਂ ਸੋਹਣੇ ਵੇਖ ਕੇ ਚੁੱਕ ਲਏ ਗਲਤੀ ਮੁਆਫ ਕਰੋ।

'' ਭਾ ਜੀ ਮੈਂ ਤਾਂ ਸਗੋਂ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਵਾਹਣ ਵਿੱਚੋਂ ਆਲੂ ਕਿਉਂ

ਚੁੱਕਣੇ ਸੀ। ਸਾਡੇ ਦਸ ਕਿੱਲਿਆਂ ਦੇ ਆਲੂ ਆਹ ਖੇਤਾਂ ਵਿੱਚ ਢੇਰ ਲੱਗੇ ਪਏ ਹਨ। ਮੰਡੀ ਵਿੱਚ ਲੈ ਕੇ ਜਾਈਏ ਤਾਂ ਟ੍ਰੈਕਟਰ ਦਾ ਭਾੜਾ ਭੀ ਪੂਰਾ ਨਹੀਂ ਹੁੰਦਾ। ਬਾਣੀਆਂ ਕੋਈ ਦੁਕਾਨ ਅੱਗੇ ਢੇ ਰੀ ਨਹੀਂ ਲਾਉਣ ਦਿੰਦਾ। ਐਤਕੀ ਤਾਂ ਖੇਤ ਵਿਹਲੇ ਕਰਨ ਦੀ ਮੁਸੀਬਤ ਖੜੀ ਹੋ ਗਈ ਹੈ। ਕਣਕ ਬੀਜਣੀ ਭੀ ਔਖੀ ਹੋ ਜਾਵੇਗੀ। ਸਾਡੇ ਖੂਨ ਪਸੀਨੇ ਦੀ ਕਮਾਈ ਆਹ ਰੁਲ ਰਹੀ ਹੈ। ਤੁਸੀਂ ਵਾਹਣ ਵਿੱਚੋ ਆਲੂ ਨਾ ਚੁੱਕੋ। ਸਗੋਂ ਸਾਡੇ ਇਸ ਵੱਡੇ ਢੇਰ ਵਿੱਚੋ ਜਿੰਨੇ ਤੁਸੀਂ ਲਿਜਾਣਾ ਚਾਹੋ ਲੈ ਜਾਉ। ਤੁਹਾਡਾ ਸਾਡੇ ਤੇ ਅਹਿਸਾਨ ਹੋਵੇਗਾ। ਹਫਤੇ ਦਸ ਦਿਨਾਂ ਵਿੱਚ ਆਲੂਆਂ ਵਿੱਚੋਂ ਬਦਬੋ ਆਉਣ ਲੱਗ ਪੈਣੀ ਹੈ। ਇਥੇ ਨੇੜੇ ਤੇੜੇ ਕੋਈ ਨਹੀਂ ਖਲੋ ਸਕੇਗਾ .....''। ਮੈਂ ਸੁਣਦਾ ਸੁਣਦਾ ਸੁੰਨ ਹੁੰਦਾ ਚਲਾ ਗਿਆ। ਕਿਸਾਨ ਦੀ ਆਵਾਜ਼ ਧੀਮੀ ਹੁੰਦੀ ਹੋਈ ਗਲੇ ਵਿੱਚ ਅਟਕ ਗਈ। ਮੈਨੂੰ ਇਸ ਦੁਖਦਾਈ ਅਵਸਥਾ ਦਾ ਪਹਿਲੀ ਵਾਰੀ ਝਟਕਾ ਲੱਗਿਆ। ਇਸ ਤਰ੍ਹਾਂ ਕਿਸਾਨਾਂ ਨੂੰ ਆਲੂ ਭੀ ਲੈ ਡੁੱਬੇ।

ਬਾਈ ਪਾਸ ਰਾਜਪੁਰਾ ਤੇ ਮੈਂ ਅੰਮ੍ਰਿਤਸਰ ਵੱਲ ਨੂੰ ਜਾਣ ਲਈ ਬੱਸ ਦੀ ਉਡੀਕ ਕਰ ਰਿਹਾ ਸੀ। ਇੰਨੇ ਵਿੱਚ ਇੱਕ ਬਹੁਤ ਲੰਮਾ ਟਰੱਕ ਟਰਾਲਾ ਆ ਕੇ ਰੁਕ ਗਿਆ। ਡਰਾਇਵਰ ਜਾਣਿਆ ਪਛਾਣਿਆ ਲੱਗਿਆ। ਉਸ ਨੇ ਬਹੁਤੀ ਉਡੀਕ ਨਹੀਂ ਕਰਵਾਈ, ਅਤੇ ਵੀਰ ਜੀ ਆਖ ਕੇ ਟਰੱਕ ਦੇ ਕੈਬਨ ਵਿੱਚ ਆਪਣੇ ਨੇੜੇ ਬਿਠਾ ਲਿਆ। ਉਸ ਦੇ ਦੱਸਣ ਤੇ ਪਤਾ ਲੱਗਿਆ ਕਿ ਉਹ ਵੀਰ ਅਫਗਾਨੀਸਤਾਨ ਵਿੱਚ ਟਰੱਕ ਚਲਾਉਂਦਾ ਸੀ। ਦਿੱਲੀ ਤੋਂ ਅਤੇ ਪੰਜਾਬ ਵਿੱਚੋਂ ਉਹਨਾਂ ਦੇ ਟਰੱਕ ਫਲਾਂ ਸਬਜੀਆਂ ਆਦਿ ਨਾਲ ਭਰੇ ਜਾਂਦੇ। ਉਹਨਾਂ ਨੂੰ ਛੇਤੀ ਤੋਂ ਛੇਤੀ ਪਾਕਿਸਤਾਨ ਤੇ ਅੱਗੋਂ ਅਫਗਾਨੀਸਤਾਨ ਪੁਚਾਇਆ ਜਾਂਦਾ। ਇਹਨਾਂ ਟਰੱਕਾਂ ਵਿੱਚ ਫਰੀਜ਼ਰ ਲੱਗੇ ਹੋਏ ਸਨ। ਉਧਰੋਂ ਭਾਰਤ ਲਈ ਖਜੂਰਾਂ ਅਤੇ ਹੋਰ ਸਾਰੇ ਤਰ੍ਹਾਂ ਦੇ ਸੁੱਕੇ ਮੇਵੇ ਲੈ ਕੇ ਆਉਂਦੇ ਸੀ। ਉਹ ਡਰਾਇਵਰ ਵੀਰ ਮੇ ਰਾ ਪੁਰਾਣਾ ਵਾਕਫ ਲਗਾਤਾਰ ਦੱਸਦਾ ਗਿਆ। ਉਸ ਦੱਸਿਆ ਕਿ '' ਵੀਰ ਜੀ ਇਧਰੋਂ ਸਬਜੀਆਂ ਆਲੂ ਵਗੈਰਾ ਜੇ ਉਧਰ ਜਾਂਦੇ ਰਹਿਣ ਤਾਂ ਉਹਨਾਂ ਲੋਕਾਂ ਨੂੰ ਵਧੀਆ ਖੁਰਾਕ ਮਿਲੇਗੀ। ਸਾਨੂੰ ਵਧੀਆ ਸਸਤੇ ਮੇਵੇ ਮਿਲਣਗੇ। ਸਾਨੂੰ ਟ੍ਰਾਂਸਪੋਰਟਰਾਂ ਨੂੰ ਰੋਜ਼ਗਾਰ ਮਿਲੇਗਾ। ਦੋਵੇਂ ਇਸ ਖੁਸ਼ਹਾਲੀ ਵੱਲ ਵਧਣਗੇ। ਪਰ ਲਗਦੈ ਭਾਰਤ ਸਰਕਾਰ ਖੁਸ਼ਕੀ ਵਾਲਾ ਰਾਹ ਛੇਤੀ ਬੰਦ ਕਰਨ ਵਾਲੀ ਹੈ, ਬਹਾਨਾ ਕੋਈ ਭੀ ਹੋ ਸਕਦਾ ਹੈ। ਜਿਨ੍ਹਾਂ ਆਲੂਆਂ ਨੂੰ ਇਧਰ ਕੋਈ ਮੁਫਤ ਚੁੱਕਣ ਲਈ ਤਿਆਰ ਨਹੀਂ, ਉਧਰ ਸੋਨੇ ਦੇ ਭਾਅ ਵਿਕ ਸਕਦੇ ਹਨ।''....

ਇਹ ਘਟਨਾ ਸ਼ਾਇਦ 1976 ਦੇ ਨੇੜੇ ਦੀ ਹੈ। ਇਸ ਤੋਂ ਮਗਰੋਂ ਪੰਜਾਬ ਵਿੱਚ ''ਖਾੜਕੂਵਾਦ'' ਪੈਦਾ ਹੋ ਗਿਆ। **ਖਾੜਕੂਆਂ ਨੂੰ ਪਾਕਿਸਤਾਨ ਹਥਿਆਰ ਭੇਜਦਾ ਸੀ। ਹਿੰਦੁਸਤਾਨ ਦੇ ਟੁਕੜੇ ਹੋਣ ਲੱਗੇ ਸੀ। ਇਸ ਲਈ ਸਾਰੀਆਂ ਸਰਹੱਦਾਂ ਸੀਲ ਕਰ ਦਿੱਤੀਆਂ ਗਈਆਂ। ਅਰਬ ਲੋਕ ਸਬਜੀਆਂ ਨੂੰ ਤਰਸਦੇ ਰਹੇ। ਪੰਜਾਬ ਵਿੱਚ ਆਲੂ ਸੜਦੇ ਰਹੇ। ਦੋਵੇਂ ਦੇਸ਼ ਅਰਬਾਂ ਖਰਬਾਂ ਦੇ ਘਾਟੇ ਵਿੱਚ ਤਾਂ ਆ ਗਏ, ਪਰ ਭਾਰਤ ਸਰਕਾਰ ਨੇ ਪੰਜਾਬ ਦੀਆਂ ਸਾਰੀਆਂ ਹੱਦਾਂ ਬੰਦ ਹੀ**

**ਰੱਖੀਆਂ। ਇਹ ਸਭ ਕੁੱਝ ਐਵੇਂ ਨਹੀਂ ਹੋ ਗਿਆ। ਇਸ ਦੇ ਪਿੱਛੇ ਕੋਈ ਰਾਜ਼ ਹੈ। ਸਮਝਣ ਦੀ ਕੋਸ਼ਿਸ਼ ਕਰੋ।**

**000**

## 7. ਕਮਾਦ ਕੌੜਾ ਹੋ ਗਿਆ..............?

ਸੰਨ 1947 ਤੋਂ ਪਹਿਲਾਂ ਭੀ ਅਤੇ ਬਾਅਦ ਵਿਚ 1960 ਤੱਕ ਪੰਜਾਬ ਵਿਚ ਬਹੁਤ ਕਿਸਾਨ ਗੁੜ ਸ਼ੱਕਰ ਦੀ ਲੋੜ ਪੂਰੀ ਕਰਨ ਜੋਗਾ, ਕਮਾਦ ਬੀਜ ਲੈਂਦੇ ਸਨ। ਇਸੇ ਪ੍ਰਕਿਰਿਆ ਵਿਚ ਦੇਸੀ ਖੰਡ ਭੀ ਲੋੜ ਜੋਗੀ ਬਣਾ ਲੈਂਦੇ ਸਨ। ਇਸ ਤੋਂ ਮਗਰੋਂ ''ਅੰਨ ਪੈਦਾ ਕਰੋ ਦੇਸ ਭੁੱਖਾ ਮਰ ਰਿਹਾ ਹੈ'', ਵਰਗੇ ਕੰਨ ਪਾੜੂ ਨਾਹਰੇ ਸੁਣਾਈ ਦੇਣ ਲੱਗੇ। ''ਸੰਤ ਸਿਪਾਹੀ'' ਦੇ ਬੋਲੇ ਨੂੰ ਬਦਲ ਕੇ, ਲਾਲ ਬਹਾਦਰ ਸਾਸਤਰੀ ਉਸ ਵਕਤ ਦੇ ਪ੍ਰਧਾਨ ਮੰਤਰੀ (1965) ਨੇ ''ਜੈ ਜਵਾਨ, ਜੈ ਕਿਸਾਨ'' ਦਾ ਨਾਹਰਾ ਪ੍ਰਚਲਤ ਕਰਵਾਇਆ। ''ਜਿਥੇ ਕਿਤੇ ਤੁਹਾਨੂੰ ਜ਼ਮੀਨ ਵੇਹਲੀ ਪਈ ਦਿਸਦੀ ਹੈ, ਉਸ ਵਿਚੋਂ ਅੰਨ ਉਗਾਓ। ਰੇਲ ਲਾਈਨਾਂ ਦੇ ਨਾਲ, ਸੜਕਾਂ , ਨਹਿਰਾਂ ਦੇ ਨਾਲ ਲਗਦੇ ਖਦਾਨਾਂ ਵਿਚ ਜਿੰਨਾ ਹੋ ਸਕੇ ਅੰਨਦਾਣਾ ਪੈਦਾ ਕਰੋ। ਸਰਕਾਰੀ ਮੁਲਾਜ਼ਮ ਤੁਹਾਨੂੰ ਨਹੀਂ ਰੋਕਣਗੇ, ਹੋਰ ਸਾਰੀਆਂ ਚੀਜ਼ਾਂ ਨਾਲੋਂ ਜਿਉਂਦੇ ਰਹਿਣ ਲਈ, ਰੋਟੀ ਸਭ ਤੋਂ ਜ਼ਰੂਰੀ ਹੈ। ਇਹ ਮਹਾਨ ਕਾਰਜ ਪੰਜਾਬ ਦਾ ਕਿਸਾਨ ਕਰ ਸਕਦਾ ਹੈ। ਭਾਰਤ ਸਰਕਾਰ ਕਿਸਾਨਾਂ ਦੀ ਜਿਣਸ ਦਾ ਵੱਧ ਤੋਂ ਵੱਧ ਮੁੱਲ ਦੇਵੇਗੀ।''

ਪੰਜਾਬ ਦੇ ਸਿਧ ਪਧਰੇ ਕਿਸਾਨਾਂ ਨੇ, ਇਸ ਕੰਮ ਨੂੰ ਦੇਸ਼ ਸੇਵਾ ਜਾਣ ਕੇ ਪੂਰੀ ਤਨਦੇ ਹੀ ਨਾਲ ਨਿਭਾਇਆ। ਕਣਕ, ਮੱਕੀ, ਝੋਨਾਂ ਇੰਨਾ ਜ਼ਿਆਦਾ ਪੈਦਾ ਕੀਤਾ ਕਿ ਭਾਰਤ ਸਰਕਾਰ ਕੋਲ ਸਾਂਭਣ ਜੋਗੇ ਸਟੋਰ ਹੀ ਨਹੀਂ ਸਨ। ਖੁੱਲ੍ਹੇ ਆਕਾਸ ਹੇਠਾਂ, ਇੱਟਾਂ ਦੇ ਥੜੇ ਬਣਾ ਕੇ, ਕਣਕ ਝੋਨੇ ਦੀਆਂ ਢਾਂਗਾਂ ਚਿਣ ਦਿੱਤੀਆਂ। ਲੱਖਾਂ ਕੁਇੰਟਲ ਦਾਣਾ ਤਰਪਾਲਾਂ ਨਾਲ ਢਕਿਆ ਪਿਆ ਗਲਦਾ ਰਿਹਾ। ਚੂਹੇ ਬੋਰੀਆਂ ਕੁਤਰਕੇ ਅੰਨ ਨੂੰ ਬਰਬਾਦ ਕਰਦੇ ਰਹੇ। ਸਿਉਂਕ ਨੇ ਤਬਾਹੀ ਮਚਾਈ। ਬਰਸਾਤਾਂ ਦੇ ਸਿੱਲ੍ਹੇ ਮੌਸਮ ਵਿਚ, ਅਨਾਜ ਖਰਾਬ ਹੋ ਜਾਂਦਾ। ਕਿਸਾਨਾਂ ਨੇ ਕਮਾਦ ਆਦਿਕ ਬੀਜਣਾ ਭੁਲਾ ਹੀ ਦਿੱਤਾ। ਜਿਧਰ ਵੈਖੋ ਕਣਕ, ਮੱਕੀ ਜਾਂ ਝੋਨਾ। ਨਤੀਜਾ ਇਹ ਨਿਕਲਿਆ ਕਿ ਪੰਜਾਬ ਵਿਚੋਂ ਗੁੜ ਸ਼ੱਕਰ ਵਾਸਤੇ ਬੀਜਿਆ ਜਾਣ ਵਾਲਾ ਕਮਾਦ, ਅਲੋਪ ਹੋ ਗਿਆ। ਖੰਡ ਤੇ ਗੁੜ ਦੀਆਂ ਕੀਮਤਾਂ, ਸਿਖਰਾਂ ਛੋਹਣ ਲਗੀਆਂ। ਖੰਡ ਬਲੈਕ ਵਿਚ ਵਿਕਣ ਲੱਗੀ ਜਾਂ ਮਹੀਨੇ ਦੀ ਇਕ ਕਿਲੋ ਪ੍ਰਤੀ ਵਿਅਕਤੀ ਰਾਸ਼ਨ ਡਿਪੂਆਂ ਤੋਂ ਮਿਲਣ ਲੱਗੀ। ਖੁੱਲ੍ਹੇ ਬਜਾਰ ਵਿਚੋਂ ਗਾਇਬ ਹੋ ਗਈ। ਯੂ.ਪੀ. ਦੇ ਮੇਰਠ, ਸਹਾਰਨਪੁਰ, ਅਤੇ ਮੁਜੱਫਰਨਗਰ ਇਲਾਕਿਆਂ ਵਿਚੋਂ ਗੁੜ ਵਿਕਣ ਲਈ ਪੰਜਾਬ ਵਿਚ ਆਉਣ ਲੱਗਾ। ਅਸੀਂ ਨਿੱਕੇ ਹੁੰਦੇ ਉਸ ਗੁੜ ਨੂੰ ''ਮੇਰਟੀ'' (ਅਸਲ ਨਾਮ ਮੇਰਠ) ਗੁੜ ਕਿਹਾ ਕਰਦੇ ਸਾਂ। ਫਿਰ ਉਹ ਗੁੜ ਅਤੀ ਘਟੀਆ ਅਤੇ ਘੱਟ ਮਿੱਠੇ ਵਾਲਾ ਆਉਣ ਲੱਗ ਪਿਆ। ਉਸਨੂੰ ਰਸ ਕਾਟ ਕਿਹਾ ਕਰਦੇ ਸਾਂ। ਭਾਵ ਕਿ ਉਸ ਵਿਚੋਂ ਕੁਝ ਮਿਕਦਾਰ ਖੰਡ ਦੀ ਕੱਢ ਲਈ ਗਈ

ਹੈ। ਉਧਰੋਂ ਕਣਕ ਝੋਨੇ ਦੀਆਂ ਕੀਮਤਾਂ ਖਰਚੇ ਮੁਤਾਬਕ ਨਹੀਂ ਮਿਲ ਰਹੀਆਂ ਸਨ। ਸ਼ਹਿਰਾਂ ਵਿਚ ਗੰਨੇ ਦੇ ਟੁਕੜੇ ਕਟ ਕੇ, ਬਰਫ ਦੀਆਂ ਢੇਲੀਆਂ ਨਾਲ ਠੰਢੇ ਕਰਕੇ, ''ਗਨੇਰੀਆਂ'' ਆਖ ਕੇ ਵੇਚੇ ਜਾਣ ਲੱਗੇ। ਪੇਂਡੂ ਤਬਕਾ ਗੰਨੇ ਚੂਪਣ ਨੂੰ ਤਰਸ ਗਿਆ। ਬੱਚਿਆਂ ਨੂੰ ਇਹ ਭੀ ਪਤਾ ਨਹੀ ਸੀ ਕਿ ਗੁੜ ਕਾਹਦੇ ਬੂਟੇ ਨੂੰ ਲਗਦਾ ਹੈ।

ਦੁਖੀ ਹੋਏ ਕਿਸਾਨਾਂ ਨੇ ਕਮਾਦ ਵੱਲ ਮੋੜ ਕੱਟਿਆ। ਬਹੁਤਿਆਂ ਨੇ ਆਪਣੇ ਖੇਤਾਂ ਵਿਚ ਘੱਟ ਜਾਂ ਵੱਧ ਗੰਨੇ ਬੀਜਣੇ ਸ਼ੁਰੂ ਕਰ ਦਿੱਤੇ। ਗੁੜ ਤਿਆਰ ਕਰਨ ਵਾਸਤੇ ਥਾਉਂ ਥਾਈਂ ਘੁਲਾੜੀਆਂ ਗੰਨੇ ਪੀੜਨ ਲਈ ਗੱਡੀਆਂ ਜਾਣ ਲੱਗੀਆਂ। ਯੂ.ਪੀ. ਵਿਚੋਂ ਗੁੜ ਪਕਾਉਣ ਵਾਲੇ ਕਾਰੀਗਰ ਆ ਗਏ। ਪੰਜ ਚਾਰ ਸਾਲਾਂ ਵਿਚ ਪੰਜਾਬ ਗੁੜ ਵੱਲੋਂ ਆਤਮ ਨਿਰਭਰ ਹੋ ਗਿਆ। ਸਾਡੀ ਆਪਣੀ ਸਰਕਾਰ ਨੇ ਪੰਜਾਬ ਵਿਚ ਖੰਡ ਮਿੱਲਾਂ ਲਾਉਣੀਆਂ ਸ਼ੁਰੂ ਕੀਤੀਆਂ। ਪਹਿਲਾਂ ਖੰਡ ਮਿੱਲ ਫਗਵਾੜੇ ਸੀ ਜਾਂ ਇਕ ਬਟਾਲੇ ਸੀ। ਹੋਰ ਸ਼ਹਿਰਾਂ ਵਿਚ ਧੜਾ ਧੜ ਮਿੱਲਾਂ ਚਾਲੂ ਕਰ ਦਿੱਤੀਆਂ। ਕਿਸਾਨਾਂ ਨੂੰ ਆਪਣਾ ਗੰਨਾ ਮਿੱਲਾਂ ਵਿਚ ਭੇਜਣ ਲਈ ਅਪੀਲਾਂ ਕਰਕੇ ਬਹੁਤਾ ਮੁਨਾਫਾ ਕਮਾਉਣ ਦਾ ਝਾਸਾਂ ਦਿੱਤਾ ਗਿਆ। ਸਮਾਂ ਪਾ ਕੇ ਹੌਲੀ ਹੌਲੀ ਕਿਸਾਨ ਗੰਨਿਆਂ ਦੀਆਂ ਟਰਾਲੀਆਂ ਲੱਦ ਕੇ, ਮਿੱਲਾਂ ਵਲ ਵਹੀਰਾਂ ਘੱਤ ਕੇ ਚੱਲ ਪਿਆ। ਕਈ ਕਈ ਹਫਤੇ ਮਿੱਲਾਂ ਅੱਗੇ ਟਰਾਲੀਆਂ ਖਲੋਤੀਆਂ ਰਹਿੰਦੀਆਂ। ਕਿਸਾਨਾਂ ਨੂੰ ਗਰਮੀ ਸਰਦੀ ਉਵੇਂ ਹੀ ਝੱਲਣੀ ਪੈਂਦੀ। ਖਾਣ ਪੀਣ ਦੇ ਖਰਚੇ ਪੈਂਦੇ ਰਹਿੰਦੇ। ਆਪਣੀ ਅਤੇ ਟ੍ਰੈਕਟਰ ਦੀ ਦਿਹਾੜੀ ਮਰਦੀ ਰਹਿੰਦੀ। ਹੋਰ ਗੰਨਾ ਲਿਆਉਣ ਦੀ ਆਸ ਮੁੱਕ ਜਾਂਦੀ। ਇਸ ਹਾਲਤ ਨੇ ਗੁੜ ਵਾਲੀ ਦੇਸੀ ਕਿਰਿਆ ਖਤਮ ਕਰਵਾ ਦਿੱਤੀ। ਖੰਡ ਮਿੱਲਾਂ ਵਾਲੀ ਖੇਢ, ਟੇਢੀ ਖੀਰ ਬਣ ਗਈ। ਦੋਵਾਂ ਪੁੜਾਂ ਵਿਚਕਾਰ ਕਿਸਾਨ ਫਸ ਗਿਆ। ਮਿੱਲਾਂ ਵਿਚ ਗੰਨਾ ਲਿਆਉਣ ਤੋਂ ਪਹਿਲਾਂ, ਪਰਚੀ ਕਟਾਉਣੀ ਜ਼ਰੂਰੀ ਕਰਾਰ ਦੇ ਦਿੱਤੀ ਗਈ। ਇਸ ਪ੍ਰਵਾਨਗੀ ਦੀ ਪਰਚੀ ਤੋਂ ਬਾਦ ਹੀ ਤੁਹਾਨੂੰ ਮਿਲ ਅੰਦਰ ਗੰਨਾ ਲਿਆਉਣ ਦੀ ਆਗਿਆ ਹੋਵੇਗੀ। ਫਿਰ ਪਰਚੀ ਕਟਾਉਣ ਲੱਗੇ, ਰਿਸ਼ਵਤ ਦਾ ਦੌਰ ਚੱਲ ਪਿਆ। ਇਸ ਤਰ੍ਹਾਂ ਕਿਸਾਨ ਲੁੱਟੇ ਜਾਣ ਲਗੇ। ਇਸ ਤੋਂ ਮਗਰੋਂ ਮਿੱਲ ਵਿਚ ਵੇਚੇ ਗਏ ਗੰਨੇ ਦੇ ਪੈਸੇ ਪ੍ਰਾਪਤ ਕਰਨ ਦਾ ਸੰਕਟ ਖੜਾ ਹੋ ਗਿਆ। ਪਹਿਲਾਂ ਮਹੀਨਿਆਂ ਤੱਕ ਤੇ ਫਿਰ ਕਈ ਕਈ ਸਾਲਾਂ ਤਕ ਕਿਸਾਨਾਂ ਦੇ ਪੈਸੇ ਦੇਣ ਤੋਂ ਇਨਕਾਰ ਕੀਤਾ ਜਾਂਦਾ ਰਿਹਾ। ਇਕ ਪਾਸੇ ਗੰਨਿਆਂ ਨਾਲ ਲੱਦੀਆਂ ਟਰਾਲੀਆਂ ਦੀਆਂ ਲੰਮੀਆਂ ਕਤਾਰਾਂ ਮਿੱਲ ਦੇ ਗੇਟ ਅੱਗੇ ਅੰਦਰ ਦਾਖਲ ਹੋਣ ਲਈ ਖਲੋਤੀਆਂ ਹਨ। ਦੂਜੇ ਪਾਸੇ ਇਕ ਖਿੜਕੀ ਦੇ ਅੱਗੇ ਪਿਛਲੇ ਸਾਲ ਮਿਲ ਵਿਚ ਆਏ ਗੰਨਿਆਂ ਦੇ ਪੈਸੇ ਲੈਣ ਵਾਸਤੇ, ਕਿਸਾਨਾਂ ਦੀਆਂ ਲੰਮੀਆਂ ਕਤਾਰਾਂ ਦਿਸਦੀਆਂ ਹਨ। ਟਰਾਲੀਆਂ ਤੇ ਲੱਦਿਆਂ ਗੰਨਾ ਸੁੱਕ ਰਿਹਾ ਹੈ। ਕੋਲ ਖਲੋਤੇ ਕਿਸਾਨ ਦਾ ਖੂਨ ਸੁੱਕ ਰਿਹਾ ਹੈ। ਅੰਦਰ ਮੈਨੇਜਰ ਪਿਛਲੇ ਸਾਲ ਵਾਲੇ ਪੈਸੇ ਭੀ ਦੇਣ ਲਈ ਰਜਾਮੰਦ ਨਹੀ ਹੈ। ਇਹਨਾਂ ਮਿੱਲਾਂ ਵਿਚ ਜੋ ਖੰਡ ਤਿਆਰ ਹੋਈ, ਉਸਨੂੰ ਭਾਰਤ ਸਰਕਾਰ ਚੁੱਕਣ ਲਈ ਤਿਆਰ ਨਹੀਂ ਹੈ। ਮੰਡੀ ਵਿਚ

ਸਿੱਧੀ ਵੇਚਣ ਦੀ ਆਗਿਆ ਨਹੀਂ ਹੈ। ਪਿਛਲੇ ਸਾਲ ਵਾਲੇ ਗੰਨੇ ਦੀ ਵਸੂਲੀ ਜੋ ਕੇਂਦਰੀ ਸਰਕਾਰ ਵੱਲ ਬਕਾਇਆ ਹੈ, ਉਹ ਭੀ ਨਹੀਂ ਦਿੱਤੀ ਜਾ ਰਹੀ। ਅਖ਼ਬਾਰੀ ਰਿਪੋਰਟਾਂ ਮੁਤਾਬਕ ਅਜਿਹੀ ਕਸ਼ਮਕਸ਼ ਦੇ ਮਾਹੌਲ ਵਿਚ, ਮਿੱਲਾਂ ਦੇ ਮੈਨੇਜਰ ਧਾਂਦਲੀਆਂ ਕਰਨ ਲੱਗ ਪਏ। ਮਿੱਲਾਂ ਵਿਚ ਕਰੋੜਾਂ ਦੇ ਗਬਨ ਹੋਣ ਲੱਗ ਪਏ। ਮਿੱਲਾਂ ਘਾਟੇ ਵਿਚ ਜਾਣ ਲੱਗੀਆਂ। ਕਿਸਾਨ ਗੰਨੇ ਦੀ ਖੇਤੀ ਤੋਂ ਤੋਬਾ ਤੋਬਾ ਕਰ ਉਠੇ। ਪੰਜਾਬ ਦੀਆਂ ਬਹੁਤੀਆਂ ਖੰਡ ਮਿੱਲਾਂ ਬੰਦ ਹੋ ਚੁੱਕੀਆਂ ਹਨ। ਰਹਿੰਦੀਆਂ ਬੰਦ ਹੋਣ ਕਿਨਾਰੇ ਹਨ। ਇਕ ਸਮਾਂ ਅਜਿਹਾ ਭੀ ਆਇਆ ਸੀ ਕਿ ਕਿਸਾਨ ਆਪਣੀ ਲੋੜ ਵਾਸਤੇ, ਘਲਾੜੀ ਗੱਡ ਕੇ ਖੁਦ ਗੁੜ ਤਿਆਰ ਕਰਨਾ ਚਾਹੁੰਦੇ ਸਨ, ਤਾਂ ਪੁਲਿਸ ਵੱਲੋਂ ਧਮਕਾ ਕੇ ਗੁੜ ਬਣਾਉਦ ਵਰਗਾ ''ਅਪਰਾਧ'' ਕਰਨ ਤੋਂ ਸਖਤੀ ਨਾਲ ਰੋਕ ਦਿੱਤਾ ਗਿਆ। ਇਹ ਘਟਨਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਸਮੇਂ 1994 ਦੀ ਹੈ। ਇਹਨਾਂ ਹੀ ਦਿਨਾਂ ਵਿਚ (1994) ਪੰਜਾਬ ਵਿਚ ਕਣਕ ਮੰਡੀਆਂ ਵਿਚ ਰੁਲਣ ਲੱਗੀ। ਕੀਮਤ ਵਧਾਈ ਕੋਈ ਨਾ। ਹਰਿਆਣਾ ਰਾਜ ਵਿਚ, ਕਣਕ ਪੰਜਾਬ ਨਾਲੋਂ ਸੌ ਰੁਪਏ ਕੁਇੰਟਲ ਮਹਿੰਗੇ ਭਾ ਵਿਕ ਰਹੀ ਸੀ। ਪੰਜਾਬ ਕਿਸਾਨ ਯੂਨੀਅਨ ਨੇ ਰਲਕੇ, ਬਹੁਤ ਸਾਰੀਆਂ ਟਰਾਲੀਆਂ ਕਣਕ ਨਾਲ ਭਰ ਕੇ ਰਾਜਪੁਰੇ ਤੋਂ ਅੰਬਾਲਾ, ਪਟਿਆਲੇ ਤੋਂ ਗੂਹਲਾ ਚੀਕਾ ਆਦਿ ਮੰਡੀਆਂ ਵੱਲ ਟੁਰ ਪਏ। ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਹਰਿਆਣੇ ਨਾਲ ਲਗਦੇ ਸਾਰੇ ਲਾਂਘੇ ਬੰਦ ਕਰ ਦਿੱਤੇ। ਚਾਰ ਦਿਨ ਕਿਸਾਨ ਸੜਕਾਂ ਤੇ ਬੈਠੇ ਰਹੇ। ਭੁੱਖ ਪਿਆਸ ਨਾਲ ਵਿਲਕਦੇ ਰਹੇ। ਪਰ ਹਰਿਆਣੇ ਦਾ ''ਬਾਰਡਰ'' ਨਾ ਲੰਘਣ ਦਿੱਤੇ। ਕਹਿੰਦੇ ਨੇ ਸਾਰਾ ਦੇਸ਼ ਸਾਡਾ ਆਪਣਾ ਹੈ। ਜਿੱਥੇ ਮਰਜੀ ਕੋਈ ਰਹੇ, ਕਰੋਬਾਰ ਕਰੇ ਵਿਉਪਾਰ ਜਾਂ ਨੌਕਰੀ ਕਰੇ। ਜੀ ਨਹੀਂ ਇਸ ਦੇਸ਼ ਦਾ ਕਾਨੂੰਨ ਸਿੱਖਾਂ ਦੇ ਗਲ ਵਿਚ ਫਾਂਸੀ ਦਾ ਫੰਧਾ ਪਾਉਣ ਵਾਲਾ ਹੈ। ਸਿੱਖਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਨ ਵਾਲਾ ਹੈ। ਆਪਣੀ ਖੂਨ ਪਸੀਨੇ ਦੀ ਕਮਾਈ ਫਸਲ, ਦੂਜਿਆਂ ਦੇ ਹਵਾਲੇ ਕਰਾਉਣ ਵਾਲਾ ਹੈ। ਉਸਨੂੰ ਜੇ ਜ਼ੁਲਮ ਸਹਿਣੇ ਪੈਣ ਤਾਂ ਦਾਦ ਫਰਿਆਦ ਕਰਨ ਦੀ ਭੀ ਇਜਾਜ਼ਤ ਨਹੀਂ ਹੈ। ਅੰਦਰ ਵੜਕੇ ਰੋ ਲੈਣ ਤੋਂ ਰੋਕਣ ਵਾਲਾ ਕਾਨੂੰਨ ਹਾਲੀ ਸ਼ਾਇਦ ਨਹੀਂ ਬਣਿਆ। ਆਤਮ ਹੱਤਿਆ ਕਰਨ ਤੋਂ ਰੋਕਣ ਵਾਲਾ ਕਾਨੂੰਨ ਭੀ ਕੋਈ ਨਹੀਂ ਬਣਿਆ। ਸਾਰੇ ਪਾਸਿਆਂ ਤੋਂ ਲਾਚਾਰ ਹੋ ਕੇ ਪੰਜਾਬ ਵਾਸੀ ਸਿੱਖ ਆਤਮ ਹੱਤਿਆਵਾਂ ਕਰ ਰਿਹਾ ਹੈ। ਸਰਕਾਰ ਦੀ ਜਾਣੇ ਜੁੱਤੀ, ਸਿੱਖ ਮਰਦੇ ਹਨ ਤਾਂ ਮਰਨ। **ਬਥੇਰੇ ਕੀੜੇ ਮਕੌੜੇ ਨਿੱਤ ਮਰਦੇ ਹਨ।**

1994 ਦੇ ਸਾਲ ਦੀਆਂ ਖਬਰਾਂ ਹਨ ਪਈ ਕੁਝ ਸਰਦੇ ਪੁਜਦੇ ਕਿਸਾਨਾਂ ਨੇ ਵੱਡੇ-ਵੱਡੇ ਸਟੋਰ ਬਣਾ ਕੇ, ਕਣਕ ਅੰਦਰ ਸਾਂਭ ਕੇ ਰੱਖ ਦਿੱਤੀ। ਪਈ ਜਦੋਂ ਦੋ ਚਾਰ ਮਹੀਨਿਆਂ ਵਿਚ ਕੀਮਤਾਂ ਵਧਣਗੀਆਂ, ਤਦੋਂ ਵੇਚਾਂਗੇ। ਮੁੱਖ ਮੰਤਰੀ ਬੇਅੰਤ ਸਿੰਘ ਦੀਆਂ ਪੁਲਿਸ ਧਾੜਾਂ ਨੇ, ਲਾਠੀ ਗੋਲੀ ਦੀ ਤਾਕਤ ਵਰਤ ਕੇ, ਕਿਸਾਨਾਂ ਦੇ ਗੁਦਾਮਾਂ ਵਿਚੋਂ ਉਹ ਕਣਕ ਕਢਵਾ ਲਈ। ਉਸੇ ਘੱਟ ਭਾਅ ਤੇ ਵੇਚਣ ਲਈ ਮਜ਼ਬੂਰ ਕੀਤਾ ਗਿਆ। ਇਸੇ ਤਰ੍ਹਾਂ ਸਾਰੇ ਪਾਸਿਆਂ ਤੋਂ ਕਿਸਾਨਾਂ ਨੂੰ ਘੇਰ ਲਿਆ

ਗਿਆ ਹੈ। ਗੰਨਾ ਬੀਜਣਾ ਭੀ ਪਵੇਗਾ ਤੇ ਘੱਟ ਰੇਟ ਤੇ ਮਿੱਲਾਂ ਵਿਚ ਸੁੱਟਣਾ ਭੀ ਪਵੇਗਾ। ਸਰਕਾਰੀ ਖੰਡ ਮਿੱਲਾਂ ਸਾਰੀਆਂ ਬੰਦ ਹੋ ਗਈਆਂ ਹਨ, ਅਰਬਾਂ ਰੁਪਏ ਦੇ ਘਾਟੇ ਪੁਆਕੇ। ਕਿਸਾਨਾਂ ਨੂੰ ਬਾਰਬਾਰ ਨਸੀਹਤਾਂ ਦਿੱਤੀਆਂ ਜਾਂਦੀਆਂ ਹਨ ਕਿ ''ਫਸਲੀ ਚੱਕਰ'' ਬਦਲੋ। ਪਰ ਜਦੋਂ ਭੀ ਕਿਸਾਨਾਂ ਨੇ ਫਸਲੀ ਚੱਕਰ ਬਦਲਣ ਦੀ ਕੋਸ਼ਿਸ਼ ਕੀਤੀ, ਤਦੋਂ ਹੀ ਉਸਨੂੰ ਵੱਡਾ ਘਾਟਾ ਝੱਲਣਾ ਪਿਆ। ਕਰਜਾ ਸਿਰ ਚੜ੍ਹ ਗਿਆ। ਅੱਜ ਦੇ ਸਮੇਂ (2007) ਤਕ ਕਈ ਸਰਕਾਰਾਂ ਆਈਆਂ ਤੇ ਕਈ ਗਈਆਂ। ਖੰਡ ਮਿੱਲਾਂ ਆਪਣਾ ਦਿਵਾਲਾ ਕੱਢ ਕੇ, ਬੈਂਕ ਕਰਜਾ ਮੁਆਫ ਕਰਵਾ ਕੇ ''ਹਰਨ'' ਹੋ ਗਈਆਂ ਹਨ। ਕਿਸਾਨਾਂ ਦੇ ਗੰਨੇ ਦਾ ਕਰੋੜਾਂ ਰੁਪਇਆ ਡੁੱਬ ਗਿਆ। ਇਸ ਸਾਰੇ ਘਟਨਾ ਚੱਕਰ ਨੂੰ ਵੇਖ ਪਰਖ ਕੇ ਮੈਂ ਕਿਸਾਨਾਂ (ਖਾਸ ਕਰ ਸਿੱਖ, ਕਿਉਂਕਿ ਹਿੰਦੂ ਕਿਸਾਨੀ ਨਹੀਂ ਕਰਦਾ) ਵਿਰੁੱਧ ਹਿੰਦੂ ਲਾਬੀ ਦੀ ਸੋਚੀ ਸਮਝੀ ਮਾਰੂ ਸਾਜਿਸ ਸਮਝਦਾ ਹਾਂ। **ਸਰਕਾਰ ਭਾਵੇਂ ਕਾਂਗਰਸ ਦੀ ਹੋਵੇ ਤੇ ਭਾਵੇਂ ਭਾਜਪਾ ਦੀ, ਕੋਈ ਫਰਕ ਨਹੀਂ ਹੈ। ਸਿੱਖਾਂ ਨੂੰ ਦੋਵੇਂ ਪਾਰਟੀਆਂ ''ਇਕੋ ਅੱਖ'' ਨਾਲ ਵੇਖਦੀਆਂ ਹਨ। ਤੁਸੀਂ ਕਿਵੇਂ ਮਹਿਸੂਸ ਕਰਦੇ ਹੋ? ਕੀ ਇਹ ਐਵੇਂ ਵਾਪਰ ਗਿਆ?**

**000**

## 8. ਮਧੂ ਮੱਖੀਆਂ ਦੇ ਡੰਗ.............?

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਖੇਤੀ ਦੇ ਬਹੁਪੱਖੀ ਵਿਕਾਸ ਲਈ ਖੋਜ ਕਰਕੇ ਕਿਸਾਨਾਂ ਨੂੰ ਲਾਭਵੰਦੀਆਂ ਫਸਲਾਂ ਪੈਦਾ ਕਰਨ ਲਈ, ਅਗਵਾਈ ਦੇਣ ਵਾਸਤੇ ਬਣਾਈ ਗਈ ਸੀ। ਸੰਨ 1960 ਤੋਂ ਲੈ ਕੇ 80 ਤਕ, ਜ਼ਮੀਨ ਵਿਚੋਂ ਸਾਰੀ ਉਪਜਾਊ ਸ਼ਕਤੀ ਵਰਤ ਕੇ, ਵੱਧ ਤੋਂ ਵੱਧ ਝਾੜ ਲੈਣ ਵਾਸਤੇ ਕਿਸਾਨਾਂ ਨੂੰ ਉਕਸਾਇਆ। ਖੇਤੀ ਮਾਹਿਰਾਂ ਦੇ ਆਖੇ ਲੱਗ ਕੇ, ਕਿਸਾਨਾਂ ਨੇ ਬੇਤਹਾਸ਼ਾ ਖਾਦਾਂ ਦੀ ਵਰਤੋਂ ਕੀਤੀ। ਬੇਅੰਤ ਕੀਟਨਾਸ਼ਕਾਂ ਫਸਲਾਂ ਤੇ ਛਿੜਕੀਆਂ। ਜ਼ਮੀਨ ਦੀ ਉਪਜਾਊ ਸ਼ਕਤੀ ਲਗਭਗ ਖਤਮ ਹੋ ਗਈ। ਜਦੋਂ ਵੇਖਿਆ ਕਿ ਕਿਸਾਨ ਮਾਯੂਸ ਹੈ, ਘਾਟੇ ਵਿਚ ਜਾ ਰਿਹਾ ਹੈ। ਉਸ ਵਕਤ ਖੇਤੀ ਯੂਨੀਵਰਸਿਟੀ ਵਲੋਂ ਖੇ ਤੀ ਨਾਲ ਸੰਬੰਧਤ, ਕਿੱਤੇ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਜਿਵੇਂ ਕਿ ''ਤੁਸੀਂ ਸੂਰ ਪਾਲੋ, ਮੁਰਗੀਖਾਨੇ ਖੋਹਲੋ, ਮੱਛੀ ਫਾਰਮ ਬਣਾਉ। ਡੇਅਰੀ ਫਾਰਮ ਅਪਣਾਓ, ਜਾਂ ਰੇਸ਼ਮ ਪੈਦਾ ਕਰਨ ਵਾਲੇ ਕੀੜੇ ਪਾਲੋ। ਇਹਨਾਂ ਕੰਮਾਂ ਵਿਚ ਖਰਚਾ ਘੱਟ ਆਉਂਦਾ ਹੈ। ਮੁਨਾਫਾ ਬਹੁਤਾ ਤੇ ਹਰਰੋਜ਼ ਹੁੰਦਾ ਹੈ। ਇਹ ਸੌਖੇ ਜਿਹੇ ਕੰਮ ਤੁਹਾਡੇ ਪ੍ਰਵਾਰਿਕ ਮੈਂਬਰ (ਬੀਬੀਆਂ ਬੱਚੇ) ਭੀ ਆਸਾਨੀ ਨਾਲ ਕਰ ਸਕਣਗੇ। ਕੰਮ ਸ਼ੁਰੂ ਕਰਨ ਲਈ ਸਰਕਾਰ ਬੈਂਕ ਵੱਲੋਂ ਕਰਜ਼ਾ ਦਿਵਾਏ ਗੀ....।

ਪਹਿਲਾਂ ਮਧੂ ਮੱਖੀਆਂ ਬਾਰੇ ਵਿਚਾਰ ਕਰ ਲਈਏ। ਕਿਸਾਨਾਂ ਨੇ ਮਧੂ ਮੱਖੀਆਂ ਬਾਰੇ

ਟ੍ਰੇਨਿੰਗ ਲਈ। ਫਿਰ ਲੰਮੀ ਖੱਜਲ ਖੁਆਰੀ ਤੋਂ ਬਾਦ, ਬੈਂਕ ਤੋਂ ਕਰਜਾ ਚੁਕਿਆ। ਉਪਰੰਤ ਬਕਸੇ ਬਣਵਾਏ ਤੇ ਟਿਕਾਣੇ ਸਿਰ ਖੇਤਾਂ ਵਿਚ ਰੱਖੇ। ਚੋਰੀ ਚਕਾਰੀ ਜਾਂ ਗਰਮੀ ਸਰਦੀ ਤੋਂ ਬਚਾਓ ਲਈ ਪ੍ਰਬੰਧ ਕੀਤਾ। ਖੇਤਾਂ ਵਿਚੋਂ ਫੁਲ ਮਿਲਦੇ ਰਹਿਣ, ਇਸਦਾ ਭੀ ਧਿਆਨ ਰੱਖਿਆ ਗਿਆ। ਜਦੋਂ ਸ਼ਹਿਦ ਤਿਆਰ ਹੋ ਗਿਆ ਤਾਂ ਮੰਡੀ ਵਿਚ ਖਰੀਦਣ ਵਾਲਾ ਕੋਈ ਨਹੀਂ ਸੀ। ਇੱਕਾ ਦੁੱਕਾ ਸ਼ੌਕੀ ਸ਼ਹਿਦ ਖਾਣ ਵਾਲੇ ਗਾਹਕ ਭਾਵੇਂ ਇਕ ਦੋ ਬੋਤਲ ਖਰੀਦ ਲੈਂਦੇ ਸਨ। ਪਰ ਇਹ ਮੰਡੀ ਨਹੀਂ ਸੀ। ਇੰਨੀ ਥੋੜੀ ਵਿਕਰੀ ਨਾਲ ਕਿਸਾਨ ਦੀ ਲਾਗਤ ਪੂਰੀ ਨਹੀਂ ਹੋ ਸਕਦੀ ਸੀ। ਵਾਧੂ ਸ਼ਹਿਦ ਘਰ ਰੱਖ ਕੇ ਕੀ ਕਰਨਾ ਸੀ? ਕਿਸਾਨ ਦੀ ਆਰਥਕ ਕਮਜ਼ੋਰੀ ਦਾ ਫਾਇਦਾ ਉਠਾ ਕੇ, ਕਈ ਵੱਡੀਆਂ ਫਰਮਾਂ ਵਾਲੇ ਜਿਵੇਂ ''ਡਾਬਰ ਜਾਂ ਹਮਦਰਦ'' ਸਸਤੇ ਰੇਟਾਂ ਤੇ ਸ਼ਹਿਦ ਲੈ ਜਾਂਦੇ ਸਨ। ਉਸੇ ਸ਼ਹਿਦ ਨੂੰ ਬੋਤਲਾਂ ਵਿਚ ਸੀਲਬੰਦ ਕਰਕੇ, ਆਪਣੀ ਫਰਮ ਦੇ ਲੇਬਲ ਚਿਪਕਾ ਕੇ, ਕਈ ਗੁਣਾ ਵੱਧ ਮੁਨਾਫਾ ਕਮਾ ਲੈਂਦੇ ਸਨ। ਜੋ ਸ਼ਹਿਦ ਕਿਸਾਨ ਤੋਂ 80 ਜਾਂ 90 ਰੁਪਏ ਕਿਲੋ ਖਰੀਦਿਆ ਜਾਂਦਾ ਹੈ, ਉਹੀ ਪੰਜ ਸੌ ਰੁਪਏ ਕਿਲੋ ਵੇਚਿਆ ਜਾਂਦਾ ਹੈ। ਸਰਕਾਰ ਇਹ ''ਤਮਾਸ਼ਾ'' ਹੁੰਦਾ ਨਿੱਤ ਵੇਖਦੀ ਹੈ।

ਅੱਸੀ ਵਾਲੇ ਦਹਾਕੇ ਵਿਚ ਯੂਰਪੀਨ ਮੁਲਕਾਂ ਨੇ, ਚੀਨ ਤੋਂ ਵੱਡੇ ਪੱਧਰ ਤੇ ਸ਼ਹਿਦ ਮੰਗਵਾਉਣ ਦਾ ਸਮਝੌਤਾ ਕੀਤਾ। ਚੀਨ ਵਾਲਿਆਂ ਪੂਰੀ ਵਾਹ ਲਾ ਕੇ ਹਜ਼ਾਰਾਂ ਮਣ ਸ਼ਹਿਦ ਤਿਆਰ ਕਰ ਲਿਆ। ਸੰਬੰਧਤ ਕੰਪਨੀਆਂ ਨੂੰ ਨਮੂਨੇ (ਸੈਂਪਲ) ਭੇਜੇ ਗਏ, ਜੋ ਜਾਂਦਿਆਂ ਹੀ ਫੇਲ੍ਹ ਹੋ ਗਏ। ਦਿੱਤੇ ਗਏ ਸਾਰੇ ਆਡਰ ਰੱਦ ਕਰ ਦਿੱਤੇ ਗਏ। ਚੀਨ ਵਾਲੀ ਸਾਰੀ ਆਫਰ ਭਾਰਤ ਨੂੰ ਤੇ ਭਾਰਤ ਵਿਚੋਂ ਪੰਜਾਬ ਨੂੰ ਮਿਲ ਗਈ। ਸਾਰੇ ਮਧੂ ਮੱਖੀਆਂ ਪਾਲਕਾਂ ਦੇ ਚਿਹਰੇ ਖਿੜ ਗਏ। ਵੱਡੇ ਵੱਡੇ ਇੰਟਰਨੈਸ਼ਨਲ ਪੱਧਰ ਦੇ ਵਿਚੋਲੇ, ਸੌਦੇ ਕਰਵਾਉਣ ਲਈ ਆ ਗਏ । ਕਿਸਾਨਾਂ ਤੋਂ ਸ਼ਹਿਦ ਖ੍ਰੀਦਿਆ ਗਿਆ। ਚੀਨ ਦੇ ਵਪਾਰੀਆਂ ਨਾਲ ਮਿਲ ਕੇ ਉਹੀ ਵਾਪਸ ਕੀਤਾ ਸ਼ਹਿਦ ਨਵੇਂ ਡੱਬਿਆਂ ਵਿਚ ਸੀਲਬੰਦ ਹੋ ਕੇ, ਯੂਰਪ ਵੱਲ ਨੂੰ ਰਵਾਨਾ ਕਰ ਦਿੱਤਾ ਗਿਆ। ਪੰਜਾਬ ਦਾ ਘੱਟ ਤੇ ਚੀਨ ਵਾਲਾ ਜ਼ਿਆਦਾ ਸਸਤਾ ਖਰੀਦ ਕੇ ਵਿਚ ਬਹੁਤਾ ਮਿਲਾ ਦਿੱਤਾ ਗਿਆ। ਹੋਇਆ ਉਹੀ ਜੋ ਹੋਣਾ ਸੀ, ਇਹ ਸਾਰਾ ਸ਼ਹਿਦ ਮਿਆਰਾਂ ਤੇ ਖਰਾ ਨਹੀਂ ਉਤਰਿਆ ਤੇ ਵਾਪਸ ਪਰਤ ਆਇਆ। ਸ਼ਹਿਦ ਮਾਲਕ ਕੋਸ ਰਹੇ ਸਨ ਇਹਨਾਂ ਠੱਗਾਂ ਨੂੰ ਜਾਂ ਆਪਣੀ ''ਕਿਸਮਤ'' ਨੂੰ।

ਵਿਸਥਾਰ ਵਿਚ ਨਾ ਜਾਂਦਿਆਂ ''ਵੇਰਕਾ'' ਵਾਲਿਆਂ ਨੇ ਡੇਅਰੀ ਫਾਰਮ ਦੇ ਮਾਮਲੇ ਵਿਚ ਗਾਵਾਂ ਮੱਝਾਂ ਰੱਖ ਕੇ, ਦੁੱਧ ਵੇਚਣ ਵਾਲੇ ਕਿਸਾਨਾਂ ਨੂੰ ਕੰਗਾਲ ਕਰਕੇ ਰੱਖ ਦਿੱਤਾ। ਵੇਰਕਾ ਪਸ਼ੂ ਖੁਰਾਕ ਪਸ਼ੂਆਂ ਲਈ ਲਾਹੇਵੰਦੀ ਸਾਬਿਤ ਨਾ ਹੋਈ। ਵੈਸੇ ਸਾਰੀਆਂ ਹੀ ਪਸ਼ੂ ਖੁਰਾਕਾਂ ਅਤੀ ਘਟੀਆ ਦਰਜੇ ਦੀਆਂ ਹਨ। ਸਭ ਤੋਂ ਵੱਡਾ ਸਰਕਾਰੀ ਅਦਾਰਾ ਭੀ ਕਿਸਾਨਾਂ ਨੂੰ ਲਾਹੇ

ਵੰਦ ਦੁੱਧ ਦਾ ਮੁੱਲ ਨਾ ਦੇ ਸਕਿਆ। ਮੱਛੀ ਫਾਰਮ ਫੇਲ੍ਹ ਕਰ ਦਿੱਤੇ ਗਏ ਰੇਸ਼ਮ ਦੇ ਕੀੜੇ ਪਾਲਣ ਵਾਲਾ ਧੰਦਾ ਕਦੇ ਦਾ ਬੰਦ ਹੋ ਚੁਕਿਆ ਹੈ। ਮੁਰਗੀ ਤੇ ਸੂਰ ਫਾਰਮ ਕਦੋਂ ਦੇ ''ਰਾਮਨਾਮ ਸਤ'' ਹੋ ਚੁੱਕੇ ਹਨ। ਸਿੱਖ ਕਿਸਾਨ ਨੇ ਸਰਕਾਰ ਦੇ ਆਖੇ ਲਗ ਕੇ ਬਹੁਤ ਤਜਰਬੇ ਕਰ ਲਏ ਹਨ। ਹਰ ਥਾਂ ਤੇ ਘਾਟਾ ਖਾਧਾ ਹੈ। **ਘਾਟੇ ਸਹਿ ਕੇ ਜਿਉਂਦੇ ਰਹਿਣ ਦਾ ਤਜਰਬਾ ਸਿੱਖ ਕਿਸਾਨਾਂ ਨੂੰ ਬਹੁਤ ਹੋ ਗਿਆ ਹੈ। ਹਾਂ ਉਂਵ ਰੀੜ ਦੀ ਹੱਡੀ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਕੀ ਹਰ ਮੁਹਾਜ ਤੇ ਹਾਰਨਾ ਸਿੱਖਾਂ ਦੀ ''ਕਿਸਮਤ'' ਵਿਚ ਲਿਖਿਆ ਜਾ ਚੁਕਿਆ ਹੈ। ਕਦੀ ਅਕਾਲੀ ਚੌਧਰੀ ਇਸ ਬੰਨੇ ਸੋਚਣ ਦੀ ਜਹਿਮਤ ਉਠਾਉਣਗੇ? ਯੂਨੀਵਰਸਿਟੀਆਂ ਵਿਚ ਬੈਠੇ ''ਵਿਦਵਾਨ'' ਕੋਈ ਰਾਹ ਕੱਢਣਗੇ? ਧਰਮਮੁਖੀ ਕੋਈ ਅਰਦਾਸ ਕਰਨਗੇ? ਇਹ ਵਰਤਾਰਾ ਕੀ ਐਵੇਂ ਵਾਪਰ ਗਿਆ? ਸੋਚੋ ਤਾਂ ਸਹੀ।**

000

## 9. ਕਾਰਖਾਨੇ ਫੇਲ੍ਹ

ਭਾਰਤ ਸਰਕਾਰ ਨੇ ਸਰਹੱਦੀ ਸੂਬੇ ਦਾ ਬਹਾਨਾ ਘੜ ਕੇ, ਪੰਜਾਬ ਵਿਚ ਵੱਡੇ ਕਾਰਖਾਨੇ ਲਾਉਣ ਤੋਂ ਸਦਾ ਨਾਂਹ ਕੀਤੀ ਹੈ। ਅਖੇ ਪਾਕਿਸਤਾਨ ਨਾਲ ਜੰਗ ਲਗ ਜਾਣ ਦੀ ਸੂਰਤ ਵਿਚ, ਬਾਰਡਰ ਦੇ ਨੇੜੇ ਹੋਣ ਕਾਰਨ, ਪੰਜਾਬ ਵਿਚ ਲਗੇ ਕਾਰਖਾਨੇ ਤਬਾਹ ਹੋ ਸਕਦੇ ਹਨ। ਜਦੋਂ ਕਿ ਇਹ ਨਿਰਾ ਬਹਾਨਾ ਹੀ ਹੈ। ਕਿਉਂਕਿ ਅੱਜ ਦੇ ਕੰਪਿਊਟਰੀ ਯੁੱਗ ਵਿਚ ਅਜਿਹੇ ਹਥਿਆਰ ਬਣ ਚੁੱਕੇ ਹਨ ਕਿ ਹਜ਼ਾਰਾਂ ਮੀਲਾਂ ਤੱਕ ਅੱਖ ਦੇ ਪਲਕਾਰੇ ਵਿਚ ਮਾਰ ਕਰ ਸਕਦੇ ਹਨ। ਅਜਿਹੀਆਂ ਮਜਾਈਲਾਂ ਤਿਆਰ ਹੋ ਚੁਕੀਆਂ ਹਨ, ਜੋ ਧਰਤੀ ਦੇ ਕਿਸੇ ਭੀ ਕੋਨੇ ਤੇ ਤਬਾਹੀ ਮਚਾਉਣ ਦੇ ਸਮਰੱਥ ਹਨ। ਰਸਾਇਣਕ ਬੰਬਾਂ ਦਾ ਵਰਤਿਆ ਜਾਣਾ ਅਜ ਆਮ ਕਿਰਿਆ ਵਿਚ ਸ਼ਾਮਿਲ ਹੋ ਗਿਆ ਹੈ। ਅਜਿਹੇ ਪ੍ਰਮਾਣੂ ਬੰਬ, ਅਣਗਿਣਤ ਬਣ ਚੁੱਕੇ ਹਨ, ਜੋ ਧਰਤੀ ਦੀ ਸਾਰੀ ਵਸੋਂ ਨੂੰ ਕਈ ਵਾਰ ਸਾੜ ਕੇ ਸੁਆਹ ਕਰ ਸਕਦੇ ਹਨ। ਅਜਿਹੇ ਸਮੇਂ ''ਬਾਰਡਰ ਨੇੜੇ ਹੈ'' ਦਾ ਬਹਾਨਾ ਬੇਤੁਕਾ ਹੀ ਆਖਿਆ ਜਾ ਸਕਦਾ ਹੈ। ਜਦੋਂ ਨੀਅਤ ਸਾਫ ਨਾ ਹੋਵੇ, ਉਸ ਵਕਤ ਕੋਈ ਭੀ ਘੁੰਤਰ ਕਢੀ ਜਾ ਸਕਦੀ ਹੈ।

ਪੰਜਾਬ ਵਿਚ ਵੱਡੇ ਕਾਰਖਾਨੇ ਨਾ ਲਾਉਣ ਦਾ ਪ੍ਰਮੁੱਖ ਕਾਰਨ ਹੈ ਇਥੋਂ ਦੀ ਆਰਥਕਤਾ ਨੂੰ ਕਮਜ਼ੋਰ ਕਰਨਾ। ਕਾਰਖਾਨੇ ਲਗਣ ਦੀ ਸੂਰਤ ਵਿਚ, ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਮਿਲੇਗਾ।ਕਾਰਾਂ, ਟਰੱਕ, ਬੱਸਾਂ ਦੀ ਵਰਤੋਂ ਵਧੇਗੀ। ਰੋਜਗਾਰ ਪ੍ਰਾਪਤ ਕਰਨ ਵਾਲੇ ਪ੍ਰਵਾਰਾਂ ਦੀ, ਆਰਥਕ ਹਾਲਤ ਸੁਧਰੇਗੀ। ਉਹ ਬੱਚਿਆਂ ਨੂੰ ਹੋਰ ਚੰਗੀ ਵਿਦਿਆ ਦੇ ਸਕਣਗੇ। ਇਸ ਤਰਾਂ ਉਹਨਾਂ ਦਾ ਮਾਨਸਿਕ ਵਿਕਾਸ ਹੋਵੇਗਾ। ਉਹ ਜ਼ਿੰਦਗੀ ਦੇ ਹਰ ਖੇਤਰ ਵਿਚ ਤਰੱਕੀ ਕਰਨਗੇ। ਸਿੱਖ ਦੁਸ਼ਮਣ ਲਾਬੀ ਇਹ ਕਿਵੇਂ ਬਰਦਾਸ਼ਤ ਕਰ ਸਕਦੀ ਹੈ? ਜੇ ਇਕ ਫੈਕਟਰੀ

ਵਿਚ, ਇਕ ਸੌ ਵਿਅਕਤੀ ਕੰਮ ਕਰਦਾ ਹੋਵੇ, ਤਾਂ ਹੋਰ ਇਕ ਹਜ਼ਾਰ ਬੰਦੇ ਨੂੰ ਅਸਿੱਧੇ ਰੂਪ ਵਿਚ ਰੁਜ਼ਗਾਰ ਮਿਲ ਜਾਂਦਾ ਹੈ। ਜਿਵੇਂ ਮੁਲਾਜਮਾਂ ਨੂੰ ਰਹਿਣ ਲਈ ਮਕਾਨ ਚਾਹੀਦੇ ਹਨ। ਮਕਾਨ ਉਸਾਰੀ ਲਈ ਕਿੰਨਾ ਕੁਝ ਚਾਹੀਦਾ ਹੈ, ਜੇ ਲਿਖਣ ਲਗੀਏ ਤਾਂ ਕਈ ਪੰਨੇ ਭਰੇ ਜਾ ਸਕਦੇ ਹਨ। ਮਕਾਨ ਵਿਚ ਰਹਿਣ ਵਾਲੇ ਵਿਅਕਤੀਆਂ ਦੀਆਂ ਅਣਗਿਣਤ ਲੋੜਾਂ ਪੂਰੀਆਂ ਕਰਨ ਲਈ, ਪੂਰਾ ਬਜਾਰ ਹੋਣਾ ਚਾਹੀਦਾ ਹੈ। ਭਾਵ ਕਿ 100 ਮੁਲਾਜ਼ਮਾਂ ਲਈ, ਕਈ ਹਜ਼ਾਰ ਹੋਰ ਵਿਅਕਤੀਆਂ ਨੂੰ ਅੰਸ਼ਕ ਰੁਜ਼ਗਾਰ ਮਿਲ ਜਾਂਦਾ ਹੈ। ਆਟਾ, ਦਾਲ, ਤੇਲ, ਸਬਜ਼ੀਆਂ, ਫਲ ਆਦਿ ਸਭ ਕੁਝ ਹੀ ਖ੍ਰੀਦਣਾ ਹੁੰਦਾ ਹੈ। ਕੱਚਾ ਮਾਲ ਅਤੇ ਢੋਆ ਢੁਆਈ। ਤਿਆਰ ਮਾਲ ਅਤੇ ਫਿਰ ਢੋਆ ਢੁਆਈ। ਜੇ ਪੰਜਾਬ ਦੇ ਲੋਕ ਰੱਜਵੀਂ ਰੋਟੀ ਖਾਣ ਜੋਗੇ ਹੋ ਗਏ ਤਾਂ ਉਹ ਅਗੋਂ ਹੋਰ ਹੋਰ ਮੰਗਾਂ ਮੰਗਣਗੇ। ਇਸ ਲਈ ਰੱਜਵੀਂ ਰੋਟੀ ਹੀ ਨਾ ਰਹਿਣ ਦਿਓ। ਭੁੱਖ ਅੱਗੇ ਬਾਕੀ ਸਾਰੀਆਂ ਮੰਗਾਂ ਤੇ ਸਵੈਮਾਣ ਦਬ ਕੇ ਸਾਹਸਤ ਹੀਣ ਹੋ ਜਾਵੇਗਾ। ਇਹ ਹਾਲਤ ਜਾਣ ਬੁੱਝ ਕੇ ਪੰਜਾਬ ਦੀ ਕੀਤੀ ਗਈ ਹੈ।

ਗੁਰਦਾਸਪੁਰ ਜ਼ਿਲੇ ਦਾ ਬਟਾਲਾ ਸ਼ਹਿਰ ਇਕ ਸਿਰ ਕੱਢਵਾਂ ਉਦਯੋਗਿਕ ਸ਼ਹਿਰ ਹੋਇਆ ਕਰਦਾ ਸੀ। ਅਣਗਿਣਤ ਪ੍ਰਕਾਰ ਦੀਆਂ ਮਸੀਨਾਂ ਇਥੇ ਤਿਆਰ ਹੁੰਦੀਆਂ ਸਨ। ਲੋਹਾ ਢਲਾਈ ਦੀਆਂ ਵਿਸ਼ਾਲ ਭੱਠੀਆਂ ਲੱਗੀਆਂ ਹੋਈਆਂ ਸਨ। ਸਾਰੇ ਦੇਸ਼ ਵਿਚ ਇਥੋਂ ਮਾਲ ਸਪਲਾਈ ਹੁੰਦਾ ਸੀ। ਕਈ ਹਜ਼ਾਰ ਵਰਕਰ ਕੰਮ ਤੇ ਲੱਗਾ ਹੋਇਆ, ਆਪਣੀ ਪੇਟ ਪੂਰਤੀ ਕਰ ਰਿਹਾ ਸੀ। ਕੇਂਦਰ ਸਰਕਾਰ ਨੂੰ ਪੰਜਾਬ ਦੇ ਬਸ਼ਿੰਦੇ ''ਚੰਗੀ ਰੋਟੀ ਖਾਂਦੇ'' ਪ੍ਰਵਾਨ ਨਹੀਂ ਹਨ। ਬਟਾਲੇ ਦੇ ਕਾਰਖਾਨਿਆਂ ਲਈ ਹੌਲੀ ਹੌਲੀ ਕੱਚਾ ਮਾਲ ਭੇਜਣਾ ਬੰਦ ਕਰ ਦਿੱਤਾ। ਕਾਰਖਾਨੇ ਦਾਰਾਂ ਨੇ ਖਤ ਲਿਖੇ, ਅਖ਼ਬਾਰੀ ਬਿਆਨ ਦਿੱਤੇ। ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਦੇ ਸੰਬੰਧਤ ਮਹਿਕਮਿਆਂ ਵਿਚ ਜਾ ਕੇ ਦੁੱਖ ਰੋਏ, ਪਰ ਕੋਈ ਸੁਣਵਾਈ ਨਹੀਂ ਹੋਈ। ਰਿਕਾਰਡ ਚੈਕ ਕਰਨ ਦੇ ਬਹਾਨੇ, ਟੈਕਸ ਚੋਰੀ ਦੇ ਇਲਜਾਮ ਲਾ ਕੇ, ਭਾਰਤ ਸਰਕਾਰ ਦੇ ਅਫਸਰ, ਪੁੱਜ ਕੇ ਪ੍ਰੇਸ਼ਾਨ ਭੀ ਕਰਦੇ ਸਨ ਤੇ ਮੋਟੀਆਂ ਰਿਸ਼ਵਤਾਂ ਭੀ ਲੈ ਜਾਂਦੇ ਸਨ। ਇਧਰ ਕਾਰਖਾਨੇ ਵਿਚ ਕੰਮ ਕਰਨ ਵਾਲੇ ਵਰਕਰਾਂ ਤੋਂ ਹੜਤਾਲਾਂ ਕਰਵਾ ਦੇਣੀਆਂ। ਫੈਕਟਰੀ ਨੂੰ ਤਾਲਾ ਲਗਵਾ ਦੇਣਾ। ਇਹੀ ਸਿਲਸਿਲਾ ਇਕ ਸੋਚੀ ਸਮਝੀ ਸਾਜਿਸ਼ ਤਹਿਤ ਚਲਦਾ ਰਿਹਾ। ਅੰਤ ਨੂੰ ਹੌਲੀ ਹੌਲੀ ਬਟਾਲੇ ਦੇ ਕਾਰਖਾਨੇ ਬੰਦ ਹੋਣੇ ਸ਼ੁਰੂ ਹੋ ਗਏ। ਮਹਿੰਗੀਆਂ ਮਸ਼ੀਨਾਂ ਟੁੱਟੇ ਲੋਹੇ ਦੇ ਭਾਅ ਵੇਚਣੀਆਂ ਪਈਆਂ। ਮਾਲਕਾਂ ਦੇ ਕਰੋੜਾਂ ਰੁਪਏ ਲੱਗੇ ਖੂਹ ਵਿਚ ਪੈ ਗਏ। ਕਦੀ ਕਰੋੜਾਂ ਵਿਚ ਖੇਢਣ ਵਾਲੇ ਸਰਦਾਰ, ਨਿੱਕੀਆਂ ਦੁਕਾਨਾਂ ਜਾਂ ਰੇਹੜੀਆਂ ਲਾ ਕੇ, ਪ੍ਰਵਾਰਾਂ ਦਾ ਗੁਜ਼ਾਰਾ ਕਰ ਰਹੇ ਵੇਖੇ ਜਾ ਸਕਦੇ ਹਨ।

ਗੋਇੰਦਵਾਲ ਵਿਖੇ ਤਤਕਾਲੀਨ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ, ਇੰਡਸਟਰੀਅਲ

ਫੋਕਲ ਪੁਆਇੰਟ ਦਾ ਨੀਂਹ ਪੱਥਰ ਰਖਿਆ ਸੀ। ''ਪੰਜਾਬ ਵਿਚ ਵਾਪਰੇ ਘਲੂਘਾਰਿਆਂ ਦੁਹਰਾਨ, ਜਖਮੀ ਹੋਏ ਸਿੱਖ ਮਨਾਂ ਤੇ ਮੱਲ੍ਹਮ ਲਾਉਣ ਲਈ ਇਹ ਸਦਭਾਵਨਾ ਵਾਲਾ ਹੱਥ ਵਧਾਇਆ ਜਾ ਰਿਹਾ ਹੈ।'' ਪੰਜਾਬ ਵਿਚ ਉਸ ਸਮੇਂ ਸ੍ਰ: ਸੁਰਜੀਤ ਸਿੰਘ ਬਰਨਾਲਾ ਦੀ ਕਮਜ਼ੋਰ ਜਿਹੀ ਅਕਾਲੀ ਸਰਕਾਰ ਦਮ ਤੋੜ ਚੁੱਕੀ ਸੀ। ਇਸ ਫੋਕਲ ਪੁਆਇੰਟ ਦਾ ਪੱਥਰ ਦਸਦਾ ਹੈ ਕਿ ਸਤੰਬਰ 1988 ਵਿਚ ਰੱਖਿਆ ਗਿਆ ਸੀ। ਸ਼ੁਰੂ ਸ਼ੁਰੂ ਵਿਚ ਬਿਲਡਿੰਗਾਂ ਦੀ ਉਸਾਰੀ ਬੜੀ ਤੇਜ਼ੀ ਨਾਲ ਹੋਈ। ਸੜਕਾਂ ਬਣਾਈਆਂ ਗਈਆਂ। ਕਈ ਤਰ੍ਹਾਂ ਦੀਆਂ ਮਸ਼ੀਨਾਂ ਲਿਆ ਕੇ ਫਿੱਟ ਕੀਤੀਆਂ ਗਈਆਂ। ਮਜ਼ਦੂਰਾਂ ਮਿਸਤਰੀਆਂ ਮੈਨੇਜਰਾਂ ਦੀ ਭਰਤੀ ਕੀਤੀ ਗਈ। ਇਲਾਕੇ ਵਿਚ ਨਵਾਂ ਇਨਕਲਾਬ ਲਿਆਉਣ ਦੀਆਂ ਡੀਂਗਾਂ ਮਾਰੀਆਂ ਗਈਆਂ। ਬਿਆਸ ਦਰਿਆ ਤੇ ਪੁਲ ਬਣਾ ਕੇ ਸਿੱਧਾ ਕਪੂਰਥਲੇ ਨਾਲ ਜੋੜਿਆ ਗਿਆ। ਇਸ ਤਰ੍ਹਾਂ ਦੇ ਥੋੜੇ ਜਿੰਨੇ ਕੰਮ ਕਰਕੇ ਅਤੇ ਬਹੁਤ ਸਾਰੇ ਝੂਠੇ ਪ੍ਰਚਾਰ, ਵਕਤੀ ਪ੍ਰਸੰਸਾ ਖੱਟ ਕੇ, ਰਾਜੀਵ ਗਾਂਧੀ ਟੁਰ ਗਿਆ। ਜਿਵੇਂ ਕਿ ਖਦਸ਼ਾ ਸੀ, ਇਥੇ ਚਲ ਰਹੇ ਕਾਰਖਾਨਿਆਂ ਨੂੰ ਕੱਚਾ ਮਾਲ ਭੇਜਣਾ ਬੰਦ ਕਰ ਦਿੱਤਾ ਗਿਆ। ਤਿਆਰ ਮਾਲ ਨੂੰ ਖ੍ਰੀਦਿਆ ਨਾ ਗਿਆ। ਅੰਤ ਨੂੰ ਇਹ ਇੰਡਸਟਰੀਅਲ ਫੋਕਲ ਪੁਆਇੰਟ, ਦਮ ਤੋੜ ਗਿਆ। ਹਜ਼ਾਰਾਂ ਵਿਅਕਤੀ ਬੇ ਰੁਜ਼ਗਾਰ ਹੋ ਗਏ। ਅਰਬਾਂ ਰੁਪਿਆ ਲੱਗਿਆ, ਤਬਾਹ ਹੋ ਗਿਆ। ਅੱਜ ਉਸ ਅਸਥਾਨ ਵਿਚ ਉਜਾੜ ਬੀਆਬਾਨ ਨਜ਼ਰ ਆਉਂਦੀ ਹੈ। ਉਲੂ ਬੋਲਦੇ ਹਨ, ਖੋਤੇ ਹੀਂਗਦੇ ਹਨ, ਤੇ ਅਵਾਰਾ ਕੁੱਤੇ ਰੋਂਦੇ ਹਨ। ਜਿਨਾਂ ਦਾ ਇਥੇ ਸਭ ਕੁਝ ਲੁਟਿਆ ਗਿਆ ਉਹਨਾਂ ਦਾ ਹਾਲ........?

ਬਠਿੰਡੇ ਨੇੜੇ (ਜੱਸੀ ਪਾਉਵਾਲੀ) ਇਕ ਵੱਡਾ ਤੇਲ ਸੋਧ ਕਾਰਖਾਨਾ ਲਗਣਾ ਸੀ। ਇਸ ਲਈ ਪਾਈਪ ਲਾਈਨ ਸਿੱਧੀ ਮਥਰਾ ਤੋਂ ਆਉਣੀ ਦਸਦੇ ਸਨ। ਪਿਛਲੇ ਪੰਦਰਾਂ ਕੁ ਸਾਲ ਤੋਂ ਇਹ ਕਾਰਖਾਨਾ ਬੇਈਮਾਨ ਰਾਜਨੀਤੀ ਦੇ ਖਾਰੇ ਸਾਗਰ ਵਿਚ ਦੱਬਿਆ ਰਿਹਾ ਹੈ। ਸ੍ਰ: ਬਾਦਲ ਕਹਿ ਰਿਹਾ ਹੈ ਕਾਂਗਰਸ ਨਹੀਂ ਬਣਨ ਦਿੰਦੀ। ਸ੍ਰ: ਅਮਰਿੰਦਰ ਸਿੰਘ ਕਹਿ ਰਿਹਾ ਹੈ ਸ਼ੁਰੂਆਤ ਹੀ ਗਲਤ ਹੋਈ ਹੈ। ਅਸਲ ਵਿਚ ਕੇਂਦਰ ਦੀ ਕੋਈ ਭੀ ਧਿਰ ਅਤੇ ਹਿੰਦੂ ਸੋਚ ਵਾਲੀ ਅਫਸਰਸ਼ਾਹੀ, ਪੰਜਾਬ ਨੂੰ ਕੁਝ ਭੀ ਦੇਣਾ ਨਹੀਂ ਚਾਹੁੰਦੀ। ਬਹਾਨੇ ਬਥੇਰੇ ਘੜੇ ਜਾ ਸਕਦੇ ਹਨ।

ਲੁਧਿਆਣੇ ਦੇ ਬਹੁਤ ਸਾਰੇ ਛੋਟੇ ਕਾਰਖਾਨੇ ਬੰਦ ਹੋ ਚੁੱਕੇ ਹਨ। ਇਕ ਤਾਂ ਇਹਨਾਂ ਨੂੰ ਅਫਸਰਸ਼ਾਹੀ ਵੱਲੋਂ ਬਾਰ ਬਾਰ ਤੰਗ ਕੀਤਾ ਜਾਂਦਾ ਹੈ। ਦੂਜਾ ਲੋੜੀਂਦਾ ਕੱਚਾ ਮਾਲ ਨਹੀਂ ਭੇਜਿਆ ਜਾਂਦਾ। ਤੀਜਾ ਤਿਆਰ ਹੋਇਆ ਊਨੀ ਤੇ ਸੂਤੀ ਸਾਮਾਨ ਚੁਕਿਆ ਹੀ ਨਹੀਂ ਜਾਂਦਾ। ਵਿਦੇਸ਼ਾਂ ਨਾਲ ਸਮਝੌਤੇ ਕਰਨ ਤੋ ਰੋਕਿਆ ਜਾਂਦਾ ਹੈ। ਇਸ ਤਰ੍ਹਾਂ ਇਹ ਛੋਟੇ ਕਾਰਖਾਨੇ ਆਖਰੀ ਸਾਹਾਂ ਤੇ ਹਨ। ਇਸੇ ਨਾਲ ਮਿਲਦਾ ਜੁਲਦਾ ਮਸਲਾ ਜਲੰਧਰ ਵਿਚ ਖੇਢਾਂ ਦੇ ਸਾਮਾਨ ਦਾ

ਹੈ। ਕਈ ਵਾਰੀ ਤਾਂ ਅਖ਼ਬਾਰਾਂ ਨੂੰ ਕੰਟਰੋਲ ਰੇਟ ਤੇ ਕਾਗਜ ਦੇਣ ਤੋਂ ਇਨਕਾਰ ਕਰ ਦਿੱਤਾ ਜਾਂਦਾ ਹੈ। ਬਲੈਕ ਵਿਚ ਕਾਗਜ ਖ੍ਰੀਦ ਕੇ ਅਖ਼ਬਾਰ ਚਲਾਉਣਾ ਸੰਭਵ ਹੀ ਨਹੀਂ। ਬਿਜਲੀ ਦੇ ਲੰਮੇ ਕੱਟ ਲਾਕੇ ਮਾਲਕਾਂ ਮਜ਼ਦੂਰਾਂ ਨੂੰ ਮੁਸੀਬਤ ਵਿਚ ਪਾਈ ਰੱਖਣਾ, ਸਰਕਾਰੀ ਮਹਿਕਮਿਆਂ ਦੀ ਆਮ ਹੀ ਆਦਤ ਹੈ। ਲੋਹਾਮੰਡੀ ਗੋਬਿੰਦਗੜ੍ਹ ਭੀ ਬਹੁਤ ਦੇਰ ਚਲੱਣ ਨਹੀਂ ਲੱਗੀ। ਭਾਵੇ ਂ ਇਹਨਾਂ ਫੈਕਟਰੀਆਂ ਦੇ ਬਹੁਤੇ ਮਾਲਕ ਹਿੰਦੂ ਹਨ। ਪਰ ਫਿਰ ਭੀ ਇਹ ਵੱਡਾ ਸਰਮਾਇਆ ਪੰਜਾਬ ਵਿਚ ਲੱਗਿਆ ਹੋਇਆ ਹੈ। ਜੇ ਥੋੜ੍ਹਾ ਬਹੁਤ ਕਿਸੇ ਲਾਲੇ ਦਾ ਨੁਕਸਾਨ ਹੁੰਦਾ ਭੀ ਹੈ ਤਾਂ ਕੋਈ ਗਲ ਨਹੀਂ। **''ਦਾਣਿਆਂ ਨਾਲ ਘੁਣ ਤਾਂ ਪਿਸ ਹੀ ਜਾਂਦਾ ਹੈ''।** ਕੀ ਇਹ ਸਭ ਕੁਝ ਆਪਣੇ ਆਪ ਹੋ ਰਿਹਾ ਹੈ?

**000**

## 10. ਵਿਦਿਆ ਦਾ ਨਿਘਾਰ

ਵੈਸੇ ਤਾਂ ਭਾਰਤ ਵਿਚ ਹਰ ਚੀਜ ਵਿਕਾਊ ਹੈ। ਰੋਜੀ ਰੋਟੀ, ਇੱਜ਼ਤ-ਆਬਰੂ, ਦੀਨ-ਈਮਾਨ, ਸਭ ਵਿਕਦੇ ਹਨ। ਇਥੇ ਰਾਜਨੀਤਿਕ ਲੋਕ ਨੀਲਾਮ ਹੁੰਦੇ ਹਨ। ਇਸ ਪਵਿੱਤਰ ਧਰਤੀ ਤੇ, ਧਰਮਾਂ ਦੀ ਬੋਲੀ ਲਗਦੀ ਹੈ। ਦਸਾਂ ਨਹੁੰਆਂ ਦੀ ਕਿਰਤ ਨਾ ਕਰਕੇ, ਪੂਜਾ ਦੇ ਪੈਸੇ ਨੂੰ ਆਪਣੀ ਉਪਜੀਵਕਾ ਮੰਨਕੇ ਚੱਲਣ ਵਾਲਿਆਂ ਤੋਂ ਕਿਸੇ ਨੇਕ ਕੰਮ ਦੀ ਆਸ ਕਰਨੀ, ਪਾਗਲਪਣ ਹੀ ਹੋ ਸਕਦਾ ਹੈ। ਇਕ ਸੋਚੀ ਸਮਝੀ ਸਕੀਮ ਅਧੀਨ, ਪੰਜਾਬ ਵਿਚ ਜੋ ਖਾੜਕੂਵਾਦ ਪੈਦਾ ਕੀਤਾ ਗਿਆ, ਉਸਨੂੰ ਦਬਾਉਣ ਦੇ ਬਹਾਨੇ ਸਿੱਖਾਂ ਦਾ ਲੱਕ ਤੋੜ ਦਿੱਤਾ ਗਿਆ ਹੈ। ਹਰ ਸਿੱਖ ਪ੍ਰਵਾਰ ਨੂੰ (ਵਿਰਲੇ ਹਿੰਦੂ ਪ੍ਰਵਾਰ ਭੀ) ਮਾਨਸਿਕ ਗਹਿਰੀ ਚੋਟ ਲਈ ਗਈ। ਬਿਨਾਂ ਕਾਰਨ ਸਿੱਖਾਂ ਨੂੰ ਮਾਨਸਿਕ ਤਸੀਹੇ ਦਿੱਤੇ ਗਏ। ਉਸਦੀ ਅਣਖ ਨੂੰ ਵੰਗਾਰਿਆ ਗਿਆ। ਇਸ ਤਰ੍ਹਾਂ ਹਿੰਦੂ ਸਿੱਖਾਂ ਵਿਚ ਨਫਰਤ ਦੇ ਬੀਜ ਬੀਜੇ ਤੇ ਪ੍ਰਫੁਲਤ ਕੀਤੇ ਗਏ।

ਪੰਜਾਬ ਦੇ ਪਿੰਡਾਂ ਵਿਚ ਹਿੰਦੂ ਮਾਸਟਰਾਂ ਨੇ ''ਜਾਨ ਨੂੰ ਖਤਰਾ ਹੈ'' ਦਾ ਵਾਸਤਾ ਪਾ ਕੇ ਸ਼ਹਿਰਾਂ ਵਿਚ ਬਦਲੀਆਂ ਕਰਵਾ ਲਈਆਂ। ਕਈਆਂ ਆਪਣੇ ਪ੍ਰਵਾਰ ਹੀ ਸ਼ਹਿਰਾਂ ਵਿਚ ਟਿਕਾ ਦਿੱਤੇ। ਜਦੋਂ ਕਿਸੇ ਮਾਸਟਰ ਦੀ ਮੌਤ ਹੋ ਜਾਂਦੀ ਜਾਂ ਕੋਈ ਪੈਂਨਸ਼ਨ ਚਲਾ ਜਾਂਦਾ। ਉਸਦੀ ਖਾਲੀ ਥਾਂ ਨੂੰ ਪੁਰ ਕਰਨ ਲਈ, ਨਵੀਂ ਭਰਤੀ ਨਾ ਕੀਤੀ ਗਈ। ਇਕ ਤਾਂ ਬੱਚਿਆਂ ਦੀ ਪੜ੍ਹਾਈ ਦਾ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਦੂਜਾ ਜਿਨਾਂ ਨੌਜਵਾਨਾਂ ਨੂੰ ਨੌਕਰੀ ਮਿਲਣੀ ਸੀ। ਉਸ ਤਨਖਾਹ ਦੇ ਪੈਸੇ ਨਾਲ ਪ੍ਰਵਾਰ ਦੀ ਪਾਲਣਾ ਹੋਣੀ ਸੀ। ਬੱਚੇ ਪੜ੍ਹਨੋ ਰਹਿ ਗਏ, ਮਾਸਟਰ ਰੁਜ਼ਗਾਰ ਵੱਲੋਂ ਰਹਿ ਗਏ। ਕੇਂਦਰੀ ਸਰਕਾਰ ਨੇ ਇਹ ਸਭ ਹੋਣ ਦਿੱਤਾ। ਪੰਜਾਬ ਦੇ ਪੇਂਡੂ ਸਕੂਲਾਂ ਵਿਚ ਕਰੀਬ ਪੰਜਾਹ ਹਜਾਰ ਮਾਸਟਰਾਂ ਦੀਆਂ ਆਸਾਮੀਆਂ ਅੱਜ ਤੱਕ ਖਾਲੀ ਪਈਆਂ ਹਨ। ਨਾਂ ਅਕਾਲੀ ਸਰਕਾਰਾਂ ਨੇ ਕੋਈ ਧਿਆਨ ਦਿੱਤਾ ਨਾ ਕਾਂਗਰਸੀ ਸਰਕਾਰਾਂ ਨੇ।

ਪੰਜਾਬ ਵਿਚ ਪਹਿਲਾਂ ਤੇਰਾਂ ਜ਼ਿਲ੍ਹੇ ਸਨ, ਪਰ ਪੁਲਿਸ ਦੀ ਵਾਧੂ ਭਰਤੀ ਲਈ 26 ਜ਼ਿਲ੍ਹੇ ਬਣਾ ਦਿੱਤੇ ਗਏ। ਪੁਲਿਸ ਦੇ ਇੱਕ ਆਹਲਾ ਅਫਸਰ ਆਈ.ਜੀ. ਤੇ ਡੀ.ਆਈ.ਜੀ. ਦੀ ਥਾਵੇਂ ਤੇਰਾਂ ਕੁ ਭਰਤੀ ਕਰ ਲਏ। ਡਾਕਟਰ ਭਰਤੀ ਨਹੀਂ ਕੀਤੇ। ਮਾਸਟਰ ਭਰਤੀ ਨਹੀਂ ਕੀਤੇ। ਪੰਚਾਇਤ ਮਹਿਕਮੇ ਵਿਚ, ਯੂਨੀਵਰਸਿਟੀਆਂ ਵਿਚ ਬੇਅੰਤ ਅਸਾਮੀਆਂ ਖਾਲੀ ਹਨ। ਕੋਈ ਭਰਤੀ ਨਹੀਂ ਕੀਤੀ ਗਈ। ਹਾਂ ਜੇਕਰ ਕੋਈ ਧਿਰ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤ ਮਈ ਰੋਸ ਭੀ ਪ੍ਰਗਟ ਕਰੇ ਤਾਂ ਪੁਲਿਸੀ ਧਾੜਾਂ ਤੋਂ ਉਸ ਤੇ ਮੌਰ ਕੁਟਵਾ ਦਿਓ। ਗੋਲੀ ਚਲਾ ਦਿਓ.......। ਪੁਲਿਸ ਭਰਤੀ ਸਦਾ ਖੁੱਲੀ ਹੈ।

ਪੰਜਾਬ ਦੇ ਸਕੂਲਾਂ, ਕਾਲਜਾਂ ਵਿਚ ਨਕਲ ਮਾਰਕੇ ਪਾਸ ਹੋਣਾ (ਸਗੋਂ ਫਸਟ ਡਵੀਜ਼ਨ ਲੈਣੀ) ਆਪਣਾ ਰਾਖਵਾਂ ਅਧਿਕਾਰ ਮੰਨਿਆ ਜਾਂਦਾ ਹੈ। ਠੀਕ ਹੈ ਨਕਲ ਮਾਰ ਕੇ ਪਾਸ ਹੋਣ ਦਾ ਸਰਟੀਫਿਕੇਟ ਤਾਂ ਲੈ ਲਿਆ ਜਾਵੇਗਾ। ਪਰ ਅਗੇ ਜੇ ਕਿਸੇ ਮੁਕਾਬਲੇ ਦੇ ਇਮਿਤਹਾਨ ਵਿਚ ਬੈਠਣਾ ਪੈ ਗਿਆ ਤਾਂ ਨਕਲਚੀ ਉਮਦੀਵਾਰ ਟਿਕ ਨਹੀਂ ਸਕੇਗਾ। ਦੂਜੀ ਭਿਆਨਕ ਬੀਮਾਰੀ ਵਬਾ ਵਾਂਗ ਫੈਲ ਗਈ ਕਿ ਬਿਨਾਂ ਪੜ੍ਹੇ, ਬਗੈਰ ਇਮਤਿਹਾਨ ਦਿੱਤੇ ਸਰਟੀਫੀਕੇਟ ਖ੍ਰੀਦ ਲੈਣਾ। ਦਸ ਹਜਾਰ ਤੋਂ ਲੈ ਕੇ ਪੰਜਾਹ ਹਜਾਰ ਰੁਪਏ ਦੇ ਵਿਚਕਾਰ ਹਰ ਤਰਾਂ ਦਾ ਸਰਟੀਫਿਕੇਟ ਖ੍ਰੀਦਿਆ ਜਾ ਸਕਦਾ ਹੈ। ਆਮ ਪੜਾਈ ਵਾਲਾ ਹੀ ਨਹੀਂ ਸਗੋਂ ਡਾਕਟਰ, ਇੰਜੀਨੀਅਰ, ਵਕੀਲ ਅਤੇ ਹੋਰ ਜਿਹੋ ਜਿਹੇ ਜਿੰਨੇ ਚਾਹੋ। ਕਿੰਨੇ ਸਾਰੇ ਨਕਲੀ ਡਾਕਟਰ ਮਰੀਜ਼ਾਂ ਦੀ ਜਿੰਦਗੀ ਨਾਲ ਖਿਲਵਾੜ ਕਰਦੇ ਫੜੇ ਜਾ ਚੁੱਕੇ ਹਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ, ਪ੍ਰੈਕਟਿਸ ਕਰ ਰਹੇ, ਲੰਮੇ ਸਮੇਂ ਤੋਂ ਮੋਟੀਆਂ ਫੀਸਾਂ ਲੈ ਕੇ ਕੇਸ ਲੜ ਰਹੇ ''ਨਕਲੀ ਵਕੀਲ'' ਫੜੇ ਜਾ ਚੁੱਕੇ ਹਨ। ਨਕਲੀ ਸਰਟੀਫਿਕੇਟ ਨਾਲ, ਅਣਗਿਣਤ ਲੋਕ ਸਰਕਾਰੀ ਨੌਕਰੀਆਂ ਅਜੇ ਭੀ ਕਰ ਰਹੇ ਹਨ, ਤੇ ਕਿੰਨੇ ਸਾਰੇ ਨੌਕਰੀਆਂ ਕਰਕੇ ਸਾਰੀਆਂ ਸਹੂਲਤਾਂ ਪ੍ਰਾਪਤ ਕਰਦਿਆਂ, ਬੜੀ ਸ਼ਾਨ ਨਾਲ ਪੈਨਸ਼ਨ ਲੈ ਕੇ, ਘਰ ਆ ਗਏ ਹਨ। ਹੋਰ ਹੈਰਾਨੀ ਦੀ ਗਲ ਇਹ ਕਿ ਜਾਹਲੀ ਸਰਟੀਫਿਕੇਟ ਵੇਚਣ ਵਾਲੀਆਂ ਨਕਲੀ (ਜਾਂ ਅਸਲੀ?) ਯੂਨੀਵਰਸਿਟੀਆਂ, ਪੰਜਾਬ ਤੋਂ ਬਾਹਰ ਦੀਆਂ ਹਨ। ਪਹਿਲਾਂ ਪੰਜਾਬ ਦੇ ਨੌਜੁਆਨਾਂ ਕੋਲ ਮਹਿੰਗੇ ਮੁੱਲ ਤੇ ਸਰਟੀਫਿਕੇਟ ਵੇਚੋ, ਤੇ ਪੈਸਾ ਭੀ ਪੰਜਾਬ ਤੋਂ ਬਾਹਰ ਲੈ ਜਾਓ।

ਉੱਚੀਆਂ ਨੌਕਰੀਆਂ ਤੇ ਸਿੱਖ ਨੌਜਵਾਨ ਬਸ ਉਂਗਲਾਂ ਤੇ ਗਿਣੇ ਜਾਣ ਜੋਗੇ ਹੀ ਲਗਦੇ ਹਨ। ਉਹ ਭੀ ਸਿੱਖੀ ਅਸੂਲਾਂ ਵੱਲੋਂ ਸੱਖਣੇ, ਸਰੂਪ ਵੱਲੋਂ ਅਧੂਰੇ। ਬਾਕੀ ਵੱਡੀਆਂ ਨੌਕਰੀਆਂ ਤੇ ਹਿੰਦੂ ਨੌਜਵਾਨ ਹੀ ਲਗਦੇ ਹਨ। ਜਿਹੜੇ ਨੌਜਵਾਨ ਨੌਕਰੀ ਤੇ ਨਹੀਂ ਲਗ ਸਕਦੇ, ਉਹਨਾਂ ਵਿਚੋਂ ਹਿੰਦੂ ਦੁਕਾਨਦਾਰ ਜਾਂ ਵਿਉਪਾਰੀ ਬਣ ਜਾਂਦਾ ਹੈ। ਪਿੰਡਾਂ ਦੇ ਮਾਹੌਲ ਵਿਚ ਪਲਿਆ ਸਿੱਖ ਨੌਜਵਾਨ ਦੁਕਾਨ ਨਹੀਂ ਕਰ ਸਕਦਾ। ਕਿਉਂਕਿ ਇਸ ਕੰਮ ਦਾ ਉਸ ਕੋਲ

ਤਜਰਬਾ ਨਹੀਂ। ਹੱਥੀਂ ਕੰਮ ਕਰਕੇ, ਪੈਰਾਂ ਤੇ ਖੜਾ ਹੋਣਾ ਉਸ ਲਈ ''ਘਟੀਆ'' ਕੰਮ ਹੈ। ਸਕੂਟਰਾਂ, ਕਾਰਾਂ ਦੀ ਮੁਰੰਮਤ ਦਾ ਕੰਮ ਸਿੱਖ ਕੇ, ਚੰਗਾ ਗੁਜਾਰਾ ਕੀਤਾ ਜਾ ਸਕਦਾ ਹੈ। ਫਰਿਜ, ਟੀ.ਵੀ. ਵਾਸ਼ਿੰਗ ਮਸ਼ੀਨ ਆਦਿ ਦੀ ਮੁਰੰਮਤ ਕਰਨੀ ਸਿੱਖ ਕੇ, ਚੰਗੇ ਪੈਸੇ ਕਮਾਏ ਜਾ ਸਕਦੇ ਹਨ। ਕੰਪਿਊਟਰ ਟੈਲੀਫੋਨ ਤੇ ਮੋਬਾਇਲ ਫੋਨ ਦੇ ਕੰਮ ਵਿਚ ਚੋਖੀ ਕਮਾਈ ਕੀਤੀ ਜਾ ਸਕਦੀ ਹੈ। ਅਫਸੋਸ ਕਿ ਸਿੱਖ ਨੌਜਵਾਨ, ਮਿਹਨਤ ਨੂੰ ਲਗਭਗ ਤਿਲਾਂਜਲੀ ਦੇ ਚੁਕਿਆ ਹੈ। ਅੱਜ ਦੇ ਯੁੱਗ ਵਿਚ ਸਰੀਰਕ ਤਾਕਤ ਦੀ ਉਤਨੀ ਲੋੜ ਨਹੀਂ, ਜਿੰਨੀ ਦਿਮਾਗੀ ਤਾਕਤ ਦੀ ਲੋੜ ਹੈ। ਦਿਮਾਗ ਦੀ ਵਰਤੋਂ ਕਰਨ ਵਾਲੇ ਲਈ, ਅੱਗੇ ਵਧਣ ਵਾਸਤੇ ਮੈਦਾਨ ਬਹੁਤ ਵਿਸ਼ਾਲ ਹੈ। ਸਖ਼ਤ ਮੁਕਾਬਲੇ ਵਾਲੇ ਦੌਰ ਵਿਚ, ਕਮਜ਼ੋਰਾਂ ਦਾ ਟਿਕਣਾ ਜਾਂ ਕਾਮਯਾਬ ਹੋਣਾ ਸੰਭਵ ਨਹੀਂ ਹੈ। ਬਣਾਵਟੀ ਸ਼ਰਮ ਤਿਆਗ ਕੇ ਸਿੱਖ ਨੌਜੁਆਨਾਂ ਨੂੰ ਜੀਅ ਜਾਨ ਨਾਲ ਮਿਹਨਤ ਕਰਨੀ ਹੋਵਗੀ। ਵਰਨਾ ਇਸ ਬਾਰੇ ਕਵੀ ਦੇ ਵਿਚਾਰ ਇਉਂ ਹਨ-

**ਕੁਛ ਰੋਤੇ ਮੈਂ ਕਟ ਗਈ, ਕੁਛ ਆਹੋਂ ਮੇ ਕਟ ਗਈ।**
**ਕੁਛ ਸੋਤੇ ਮੈਂ ਕਟ ਗਈ, ਕੁਛ ਗੁਨਾਹੋਂ ਮੈਂ ਕਟ ਗਈ।**
**ਮੰਜਿਲ ਪੇ ਚਲਨੇ ਵਾਲੇ ਮੰਜਿਲ ਪੇ ਜਾ ਲਗੇ,**
**ਰਾਹੇਂ ਬਦਲਨੇ ਵਾਲੋਂ ਕੀ, ਰਾਹੋਂ ਮੈਂ ਕਟ ਗਈ।**

**000**

## 11. ਬੈਂਕਾਂ ਵੱਲੋਂ ਸਾਜਿਸ਼ਾਂ...............?

ਭਾਰਤ ਵਿਚ ਰੁਪੈ ਪੈਸੇ ਛਾਪਣ ਦਾ ਅਤੇ ਚਲਾਣ ਦਾ ਸਾਰਾ ਅਧਿਕਾਰ ''ਰੀਜ਼ਰਵ ਬੈਂਕ'' ਕੋਲ ਹੈ। ਸਾਰੀਆਂ ਬੈਂਕਾਂ ਨੂੰ ਦਿਸ਼ਾ ਨਿਰਦੇਸ਼ ਰੀਜ਼ਰਵ ਬੈਂਕ ਵੱਲੋਂ ਦਿੱਤੇ ਜਾਂਦੇ ਹਨ। ਜਿਨ੍ਹਾਂ ਦੀ ਪਾਲਣਾ ਕਰਨੀ, ਸਾਰੀਆਂ ਬੈਂਕਾਂ ਲਈ ਜ਼ਰੂਰੀ ਹੁੰਦੀ ਹੈ। ਹੋਰ ਕਈ ਤਰਾਂ ਦੇ ਸੰਵਿਧਾਨਕ ਦਿਸ਼ਾ ਨਿਰਦੇਸ਼ਾਂ ਵਿਚ ਇਕ ਇਹ ਭੀ ਹੈ, ਕਿ ''ਛੋਟੀਆਂ ਬੱਚਤਾਂ ਰਾਹੀਂ ਜਿੰਨਾ ਪੈਸਾ ਲੋਕੀਂ ਬੈਕਾਂ ਵਿਚ ਜਮ੍ਹਾਂ ਕਰਾਉਣਗੇ। ਉਸ ਜਮ੍ਹਾਂ ਕੀਤੇ ਗਏ ਪੈਸੇ ਦਾ 75 ਪ੍ਰਤੀਸ਼ਤ ਹਿੱਸਾ, ਉਸੇ ਇਲਾਕੇ ਦੀ ਭਲਾਈ ਤੇ ਖਰਚਿਆ ਜਾਣਾ ਚਾਹੀਦਾ ਹੈ। ਜਿਸ ਵਿਚੋਂ ਕਿ ਉਹ ਜਮਾਂ ਹੋਇਆ ਹੈ। ਆਪਣੇ ਹੀ ਬਣਾਏ ਇਸ ਕਾਨੂੰਨ ਦੀ ਪੰਜਾਬ ਵਿਚਲੀਆਂ ਬੈਂਕਾਂ ਨੇ, ਕਦੀ ਪਾਲਣਾ ਨਹੀਂ ਕੀਤੀ। ਪੰਜਾਬ ਵਿਚੋਂ ਇਕੱਠਾ ਹੋਇਆ ਅਰਬਾਂ ਰੁਪਿਆ, ਪੰਜਾਬ ਤੋਂ ਬਾਹਰਲੇ ਲੋਕਾਂ ਦੀ ਭਲਾਈ ਤੇ ਖਰਚ ਕੀਤਾ ਜਾਂਦਾ ਹੈ। ਆਪਣੇ ਹੀ ਜਮਾਂ ਕਰਵਾਏ ਪੈਸੇ ਵਿਚੋਂ, ਕੇਵਲ ਪੰਦਰਾਂ ਕੁ ਪ੍ਰਤੀਸ਼ਤ ਰੁਪਿਆ, ਪੰਜਾਬ ਦੀ ਬੇਹਤਰੀ ਲਈ ਖਰਚਿਆ ਜਾਂਦਾ ਹੈ। ਬਹਾਨਾ ਜਬਾਨੀ ਕਲਾਮੀ ਇਹੀ ਘੜਿਆ ਜਾਂਦਾ ਹੈ ਕਿ ਪੰਜਾਬ ਤਾਂ ਪਹਿਲੋਂ ਹੀ ਵਿਕਸਤ ਸੂਬਾ ਹੈ। ਇਥੋਂ ਦੇ ਲੋਕ ਤਾਂ ਪਹਿਲਾਂ ਹੀ ਰੱਜੇ ਪੁੱਜੇ ਹਨ। ਲਗਾਤਾਰ ਦੀ ਇਸ ਸੋਚ ਨੇ ਹੁਣ ਪੰਜਾਬ

ਨੂੰ ਕੰਗਾਲੀ ਦੇ ਕੰਢੇ ਲਿਆਕੇ ਖੜ੍ਹਾ ਕਰ ਦਿੱਤਾ ਹੈ।

ਅਖ਼ਬਾਰੀ ਰਿਪੋਰਟਾਂ ਮੁਤਾਬਕ 57 ਹਜਾਰ ਕਰੋੜ ਰੁਪਏ, ਬੈਂਕਾਂ ਵਿਚੋਂ ਕਰਜਾ ਲੈ ਕੇ ''ਵੱਡੇ ਲੋਕਾਂ'' ਨੇ ਵਾਪਸ ਨਹੀਂ ਕੀਤੇ। ਵੱਡੇ ਅਫਸਰ ਤੇ ਵੱਡੇ ਰਾਜਨੀਤਿਕ ਲੋਕ, ਜਿੰਨਾ ਕਰਜਾ ਬੈਂਕ ਤੋਂ ਕਿਸੇ ਬਹਾਨੇ ਮਿਲ ਸਕਦਾ ਹੈ, ਲੈ ਲੈਂਦੇ ਹਨ। ਇਹ ਤਰੀਕੇ ਉਹਨਾਂ ਨੂੰ ਬਾਖੂਬੀ ਆਉਂਦੇ ਹਨ, ਕਿ ਬੈਂਕ ਨੂੰ ਠੁੱਠ ਕਿਵੇਂ ਵਿਖਾਉਣਾ ਹੈ। ਕਿਸਾਨ ਜਦੋਂ ਬੈਂਕ ਤੋਂ ਕਰਜਾ ਲੈਂਦਾ ਹੈ ਤਾਂ 25 ਪ੍ਰਤੀਸ਼ਤ ਤਾਂ ਉਸਦਾ ਲੈਂਦਿਆਂ ਹੀ (ਰਿਸ਼ਵਤ ਦੇ ਰੂਪ ਵਿਚ) ਉਡ ਜਾਂਦਾ ਹੈ। ਮੌਸਮ ਦੀ ਜਾਂ ਕਿਸੇ ਹੋਰ ਮੁਸੀਬਤ ਕਾਰਨ ਕਿਸਾਨ ਕਰਜ਼ੇ ਦੀ ਕਿਸ਼ਤ ਨਾ ਮੋੜ ਸਕੇ ਤਾਂ ਵਰੰਟ ਗ੍ਰਿਫਤਾਰੀ ਨਿਕਲ ਜਾਂਦੇ ਹਨ। ਕਿਸਾਨਾਂ ਨੂੰ ਜੇਲ੍ਹਾਂ ਵਿਚ ਤੂੜ ਦਿੱਤਾ ਜਾਂਦਾ ਹੈ। ਜ਼ਮੀਨ ਦੀ ਕੁਰਕੀ ਕਰਨ ਲਈ ਕੋਸ਼ਿਸ਼ ਕੀਤੀ ਜਾਂਦੀ ਹੈ। ਹਜਾਰ ਦੋ ਹਜਾਰ ਰੁਪਏ ਦੀ ਕਿਸ਼ਤ ਪ੍ਰਾਪਤ ਕਰਨ ਲਈ, ਵੀਹ ਤੀਹ ਹਜ਼ਾਰ ਦਾ ਅਫਸਰਾਂ ਦਾ T.A. ਅਤੇ ਤੇਲ ਪੈਟਰੋਲ ਦੇ ਖਰਚੇ ਪਾ ਦਿੱਤੇ ਜਾਂਦੇ ਹਨ। ਨਹਿਰੀ ਪਾਣੀ ਲਈ ਬਣਾਏ ਖਾਲਿਆਂ ਦੀਆਂ ਕਿਸ਼ਤਾਂ (1986) ਬਰਨਾਲਾ ਸਰਕਾਰ ਨੇ ਮੁਆਫ ਕਰ ਦਿੱਤੀਆਂ ਸਨ। ਭਾਵ ਕਿ ਸਾਰਾ ਕਰਜਾ ਹੀ ਮੁਆਫ ਹੋ ਗਿਆ। ਇਸ ਕਾਰਨ ਕੇਂਦਰ ਸਰਕਾਰ ਨੇ, ਸ੍ਰ: ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਦੀ ਖਿਚਾਈ ਕੀਤੀ। ਜਿਸ ਸੰਸਾਰ ਬੈਂਕ ਤੋਂ ਕਰਜਾ ਲਿਆ ਸੀ ਉਸਨੇ ਕੇਂਦਰ ਸਰਕਾਰ ਦੀ ਖਿਚਾਈ ਕੀਤੀ। ਅੱਗੇ ਨੂੰ ਕਰਜ਼ੇ ਦੇਣ ਤੋਂ ਅਸਮਰੱਥਾ ਜਾਹਰ ਕੀਤੀ। ਕਿਸਾਨਾਂ ਦੀਆਂ ਮੋਟਰਾਂ ਦੀ ਬਿਜਲੀ ਦੇ ਬਿੱਲ, ਸਰਕਾਰ ਮੁਆਫ ਕਰ ਦੇਵੇ ਤਾਂ ਹਾਹਾਕਾਰ ਮਚ ਜਾਂਦੀ ਹੈ। ਬੈਂਕਾਂ ਨੂੰ ਅਰਬਾਂ ਖਰਬਾਂ ਰੁਪਏ ਦਾ ਚੂਨਾ ਲਾਉਣ ਵਾਲਿਆਂ ਦਾ ਵਾਲ ਭੀ ਵਿੰਗਾ ਨਹੀਂ ਹੁੰਦਾ। ਪੰਜਾਬ ਵਿਚੋਂ ਬੱਚਤਾਂ ਰਾਹੀਂ ਇਕੱਠਾ ਹੋਇਆ ਪੈਸਾ ਜੇ ਪੰਜਾਬ ਦੀ ਭਲਾਈ ਵਾਸਤੇ ਖਰਚਿਆਂ ਜਾਣ ਲੱਗ ਪਵੇ, ਤਾਂ ਇਥੋਂ ਦੇ ਲੋਕਾਂ ਦਾ ਕੁਝ ਮੂੰਹ ਮੱਥਾ ਸੰਵਰ ਜਾਵੇ।

**000**

## 12. ਥਰਮਲ ਪਲਾਂਟ, ਸਿਰ ਵਿਚ ਸੁਆਹ.................?

ਪੰਜਾਬ ਵਿਚ ਬਿਜਲੀ ਦੀ ਖਪਤ ਪੂਰੀ ਕਰਨ ਵਾਸਤੇ, ਪਹਿਲਾਂ ਤਾਂ ਨੰਗਲ ਤੋਂ ਉਤਲੇ ਪਾਸੇ ਭਾਖੜਾ ਡੈਮ ਉਸਾਰਿਆ ਗਿਆ ਸੀ। ਪੰਜਾਬ ਦੀ ਜ਼ਮੀਨ ਪ੍ਰਾਪਤ ਕਰਨ ਲਈ ਵਿਸ਼ਵਾਸ ਦੁਆਇਆ ਗਿਆ ਸੀ, ਕਿ ਇਹ ਸਹੂਲਤ ਲੈਣ ਲਈ ਥੋੜੀ ''ਕੁਰਬਾਨੀ'' ਤਾਂ ਕਰਨੀ ਹੀ ਪਵੇਗੀ। ਪੰਜਾਬੀ ਕਿਸਾਨਾਂ ਨੇ ਮਜ਼ਬੂਰੀ ਵਸ ਕੁਰਬਾਨੀ ਕੀਤੀ। ਭਾਵ ਕਿ ਭਾਖੜਾ ਨਹਿਰ ਲਈ, ਲੱਖਾਂ ਏਕੜ ਜ਼ਮੀਨ ਦਿੱਤੀ। ਤੇ ਹਜਾਰਾਂ ਏਕੜ ਬਿਜਲੀ ਦੇ ਵੱਡੇ ਖੰਭੇ ਲਾਉਣ ਲਈ ਬਰਬਾਦ ਕਰਵਾਈ। ਜਿਵੇਂ ਭਾਖੜਾ ਨਹਿਰ ਸੱਪਣੀ ਵਾਂਗ ਮੇਲ੍ਹਦੀ, ਵਲ ਖਾਂਦੀ ਕਿਸਾਨਾਂ ਦੀ ਹਿੱਕ ਉਤੇ ਲੇਟਦੀ ਵਿਲਕਦੇ ਰੋਂਦਿਆਂ ਨੂੰ ਛੱਡਕੇ ਹਰਿਆਣੇ ਅਤੇ ਰਾਜਸਥਾਨ ਦੇ ਲੋਕਾਂ

ਦੀ ਸੇਵਾ ਵਿਚ ਹਾਜਰ ਹੋ ਗਈ। ਇਸ ਤਰ੍ਹਾਂ ਵੱਡੇ ਟਾਵਰਾਂ ਤੇ ਸਵਾਰ ਹੋਕੇ, ਭਾਖੜਾ ਵਿਚੋਂ ਨਿਕਲੀ ਪ੍ਰਕਾਸ਼ ਕੌਰ (ਬਿਜਲੀ) ਪੰਜਾਬ ਦੇ ਕਿਸਾਨਾਂ ਦੇ ਸੀਨੇ ਲੂੰਹਦੀ ਹੋਈ, ਦਿੱਲੀ ਹਰਿਆਣਾ ਤੇ ਰਾਜਸਥਾਨ ਵਿਚ ਖੁਸ਼ੀਆਂ ਖੇੜੇ ਵੰਡਣ ਲੱਗੀ। ਪੰਜਾਬ ਵਿਚਲੇ ਕਾਰਖਾਨੇ, ਬਿਜਲੀ ਵੱਲੋਂ ਤਰਸਦੇ ਰਹੇ। ਦੂਜੇ ਸੂਬਿਆਂ ਵਿਚ ਮਸ਼ੀਨਾਂ ਦੇ ਚੱਕੇ ਖੂਬ ਸਪੀਡ ਨਾਲ ਘੁੰਮਦੇ ਰਹੇ। ਪੰਜਾਬ ਦੇ ਘਰਾਂ ਵਿਚਲੇ ਦੀਵੇ ਗੁੱਲ ਹੋ ਗਏ, ਬਾਹਰਲੇ ਸੂਬਿਆਂ ਵਿਚ ਗਲੀਆਂ ਸੜਕਾਂ ਤੇ ਭੀ ਰੋਸ਼ਨੀਆਂ ਬਖੇਰੀਆਂ ਜਾ ਰਹੀਆਂ ਹਨ। ਭਾਖੜਾ ਦਾ ਪਾਣੀ ਅਤੇ ਉਸ ਤੋਂ ਪੈਦਾ ਹੋਣ ਵਾਲੀ ਬਿਜਲੀ, ਅਸੂਲ ਕਾਨੂੰਨ ਤੇ ਇਨਸਾਨੀਅਤ ਨੂੰ ਕੁਚਲਦੇ ਹੋਏ, ਭਾਰਤ ਸਰਕਾਰ ਨੇ ਆਪਣੇ ਕਬਜੇ ਵਿਚ ਕਰ ਲਈ। ਪਿਛਲੇ ਸੱਠ ਸਾਲ ਤੋਂ ਸਿੱਖਾਂ ਦੇ ਸਾਰੇ ਪੈਦਾਵਾਰੀ ਸਾਧਨਾਂ ਤੇ, ਭਾਰਤ ਸਰਕਾਰ ਨੇ ਡਾਕੇ ਮਾਰੇ ਹਨ। ਜਿਵੇਂ ਜੰਗ ਵਿਚ ਹਾਰੇ ਹੋਏ ਦੇਸ਼ ਨਾਲ ਜੇਤੂ ਸਰਕਾਰਾਂ ਜੁਲਮ ਕਮਾਉਂਦੀਆਂ ਹਨ। ਉਸੇ ਤਰ੍ਹਾਂ ਕੇਂਦਰ ਦੀਆਂ ਸਾਰੀਆਂ ਹਿੰਦੂ ਤਾਕਤਾਂ ਨੇ ਪੰਜਾਬ ਨੂੰ ਲੁੱਟਿਆ ਹੈ, ਤੇ ਬਰਬਾਦ ਕੀਤਾ ਹੈ। ਕਿਉਂਕਿ ਇਥੇ ਸਿੱਖ ਵਸਦੇ ਹਨ। ਸਿੱਖ ਆਪਣੇ ਆਪਨੂੰ ਹਿੰਦੂ ਨਹੀਂ ਮੰਨਦੇ। ਮੂਲ ਕਾਰਨ ਹੀ ਇਹੀ ਹਨ। ਜਿਵੇਂ ਮੁਸਲਮਾਨ ਜੇਤੂਆਂ ਵੱਲੋਂ, ਹਿੰਦੂਆਂ ਤੇ ''ਜਜੀਆ'' (ਬੇਇੱਜਤੀ ਕਰਨਵਾਲਾ ਟੈਕਸ) ਲਾਇਆ ਜਾਂਦਾ ਸੀ। ਉਸੇ ਤਰ੍ਹਾਂ ਦਾ ਸਲੂਕ ਸਿੱਖਾਂ ਨਾਲ ਕੀਤਾ ਜਾ ਰਿਹਾ ਹੈ।ਖਾੜਕੂਵਾਦ ਉਭਰਨ ਦੇ ਸਾਰੇ ਹਾਲਾਤ ਸਰਕਾਰ ਨੇ ਖੁਦ ਪੈਦਾ ਕੀਤੇ। ਫਿਰ ਅਮਨ ਦੀ ਬਹਾਲੀ ਲਈ ਸਿੱਖ ਗਭੱਰੂਆਂ ਨੂੰ ਗੋਲੀਆਂ ਨਾਲ ਛਾਨਣੀ ਕਰਨ ਲਈ ਸੈਨਿਕ ਅਤੇ ਅਰਧ ਸੈਨਿਕਾਂ ਦੀਆਂ ਹਥਿਆਰਬੰਦ ਧਾੜਾਂ ਪੰਜਾਬ ਵਿਚ ਪੰਦਰਾਂ ਸਾਲ ਦਨਦਨਾਂਦੀਆਂ ਰਹੀਆਂ। ਇਹਨਾਂ ਤਾਕਤਾਂ ਨੇ ਜੋ ਜੁਲਮ ਸਿੱਖਾਂ ਤੇ ਕੀਤੇ ਉਹ ਤਾਂ ਬਿਆਨ ਤੋਂ ਬਾਹਰੇ ਹਨ। ਪਰ ਇਹਨਾਂ ਤੇ ਖਰਚ ਹੋਇਆ 85 ਸੌ ਕਰੋੜ ਰੁਪਏ (ਜੰਗੀ ਡੰਡ) ਪੰਜਾਬ ਨੂੰ ਪਾ ਦਿੱਤਾ ਗਿਆ।

ਜਦੋਂ ਪੰਜਾਬ ਲਈ ਬਿਜਲੀ ਨਾ ਰਹੀ ਤਾਂ ਇਥੋਂ ਦੇ ਲੋਕਾਂ ਤੇ ਕੇਂਦਰ ਸਰਕਾਰ ਵੱਲੋਂ ਬਖਸ਼ਿਸ਼ ਕਰਦਿਆਂ, ਥਰਮਲ ਪਲਾਂਟ (ਕੋਲੇ ਨਾਲ ਚੱਲਣ ਵਾਲੇ ਬਿਜਲੀ ਘਰ) ਲਾਉਣ ਦੀ ਸਲਾਹ ਦਿੱਤੀ ਗਈ। ਸੰਨ 1968 ਵਿਚ ਮੁੱਖ ਮੰਤਰੀ ਸ੍ਰ: ਲਛਮਣ ਸਿੰਘ ਗਿੱਲ ਨੇ ਕਈ ਵਾਰ ਦਿੱਲੀ ਦੇ ਹਾਕਮਾਂ ਦੀਆਂ ਪ੍ਰਕਰਮਾ ਕੀਤੀਆਂ। ਤਰਲੇ ਲਏ ਪਰ ਲਿਖਤੀ ਮੰਜੂਰੀ ਨਾ ਦੇਣ। ਸ੍ਰ: ਲਛਮਣ ਸਿੰਘ ਨੇ ਪੰਜਾਬ ਦੇ ਚੀਫ ਇੰਜੀਨੀਅਰ ਨੂੰ ਸੱਦਿਆ, ਤੇ ਹੁਕਮ ਦੇ ਦਿੱਤਾ ਕਿ ''ਥਰਮਲ ਪਲਾਂਟ ਲਈ ਉਸਾਰੀ ਦਾ ਕੰਮ ਸ਼ੁਰੂ ਕਰਵਾ ਦਿਓ। ਮਸ਼ੀਨਾਂ ਮੰਗਾਉਣ ਵਾਸਤੇ, ਲਿਖਾ ਪੜ੍ਹੀ ਸ਼ੁਰੂ ਕਰ ਦਿਓ''। ਚੀਫ ਇੰਜੀਨੀਅਰ ਨੇ ਸੁਝਾ ਦਿਤਾ ਕਿ ''ਗਿੱਲ ਸਾਹਿਬ ਜੀ ! ਪਹਿਲਾਂ ਕੇਂਦਰੀ ਸਰਕਾਰ ਤੋਂ ਲਿਖਤੀ ਮੰਜੂਰੀ ਲੈਣੀ ਜ਼ਰੂਰੀ ਹੈ। ਵਰਨਾ ਕਈ ਮੁਸ਼ਕਲਾਂ ਖੜੀਆਂ ਹੋ ਜਾਣਗੀਆਂ''। ਸ੍ਰ: ਗਿੱਲ- ਇੰਜੀਨੀਅਰ ਸਾਹਿਬ, ਤੁਸੀਂ ਕੰਮ ਸ਼ੁਰੂ ਕਰੋ, ਸਰਕਾਰੀ

ਕੰਮਾਂ ਦੀਆਂ ਮੰਜ਼ੂਰੀਆਂ ਧੀਮੀ ਚਾਲ ਨਾਲ ਹੀ ਆਉਂਦੀਆਂ ਹਨ। ਮੈਂ ਤੁਹਾਨੂੰ ਲਿਖਤੀ ਹੁਕਮ ਜਾਰੀ ਕਰ ਦਿੰਦਾ ਹਾਂ। ਕੇਂਦਰ ਵੱਲੋਂ ਜੋ ਬਿਜਲੀ ਡਿਗੇਗੀ ਉਹ ਮੈਂ ਸਾਂਭ ਲਵਾਂਗਾ। ਵੱਧ ਤੋਂ ਵੱਧ ਮੈਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਉਤਾਰ ਦੇਣਗੇ। ਮੇਰੀ ਸਰਕਾਰ ਭੰਗ ਕਰ ਦੇਣਗੇ। ਮੇਰੀ ਸਰਕਾਰ ਤਾਂ ਅੱਗੇ ਹੀ ਘੱਟ ਗਿਣਤੀ ਵਿਚ ਹੈ। ਅੱਜ ਜਾਂ ਕੱਲ ਇਹ ਟੁੱਟ ਹੀ ਜਾਣੀ ਹੈ। ਪੰਜਾਬ ਦੇ ਲੋਕਾਂ ਲਈ ਕੋਈ ਮਾਅਰਕੇ ਵਾਲਾ ਕੰਮ ਤਾਂ ਕਰ ਜਾਈਏ''। ਕੰਮ ਸ਼ੁਰੂ ਹੋ ਜਾਣ ਦੀ ਖਬਰ ਜਦੋਂ ਕੇਂਦਰ ਨੂੰ ਮਿਲੀ ਤਾਂ ਉਹਨਾਂ ਸ਼ਰਮੋਂ ਸ਼ਰਮੀ ਮੰਜ਼ੂਰੀ ਦੇ ਦਿੱਤੀ। ਥੋੜੇ ਸਮੇਂ ਮਗਰੋਂ ਸ੍ਰ: ਗਿੱਲ ਦੀ ਸਰਕਾਰ ਬਰਖਾਸਤ ਹੋ ਗਈ।

ਪਹਿਲਾ ਥਰਮਲ ਪਲਾਂਟ ਬਠਿੰਡੇ ਲਾਇਆ ਗਿਆ ਤੇ ਦੂਜਾ, ਇਕ ਰੋਪੜ ਸਥਾਪਤ ਕੀਤਾ ਗਿਆ। ਬਠਿੰਡੇ ਵਾਲੇ ਦਾ ਇਕ ਹਿੱਸਾ ਬਠਿੰਡਾ-ਬਰਨਾਲਾ ਸੜਕ ਤੇ, ਪਿੰਡ ਲਹਿਰਾ ਮੁਹੱਬਤ ਵਿਖੇ ਲਾਇਆ ਗਿਆ। ਹੁਣ ਅਗਲੀ ਵਿਚਾਰ ਕਰਨ ਵਾਲੀ ਮਹੱਤਵ ਪੂਰਨ ਗੱਲ ਇਹ ਹੈ, ਪਈ ਕੋਲੇ ਦੀਆਂ ਖਾਣਾਂ ਹਨ ਬਿਹਾਰ, ਉੜੀਸਾ ਤੇ ਛਤੀਸਗੜ੍ਹ ਵਿਚ। ਜੋ ਪੰਜਾਬ ਤੋਂ ਲਗਭਗ ਦੋ-ਦੋ ਹਜ਼ਾਰ ਕਿਲੋਮੀਟਰ ਦੀ ਦੂਰੀ ਤੇ ਹਨ। ਉਥੋਂ ਕੋਲਾ ਮਾਲ ਗੱਡੀਆਂ ਵਿਚ ਭਰ ਕੇ, ਪੰਜਾਬ ਵੱਲ ਭੇਜਿਆ ਜਾਂਦਾ ਹੈ। ਲੰਬਾ ਸਫਰ, ਢੋਆਈ ਦਾ ਬੇਅੰਤ ਖਰਚਾ, ਪੰਜਾਬ ਸਿਰ ਪੈ ਜਾਂਦਾ ਹੈ। ਜੋ ਕੋਲਾ ਨਿਰੰਤਰ ਸਮੇਂ ਸਿਰ ਨਾ ਪੁੱਜੇ ਤਾਂ ਕੋਲੇ ਨਾਲ ਚਲਣ ਵਾਲੀਆਂ ਮਸ਼ੀਨਾਂ ਬੰਦ, ਤੇ ਪੰਜਾਬ ਦੀ ਬਿਜਲੀ ਗੁੱਲ। ਜੇ ਭਾਰਤ ਸਰਕਾਰ ਸਾਡੀ ਹਮਦਰਦ ਹੁੰਦੀ ਤਾਂ ਪੰਜਾਬ ਵਿਚ ਥਰਮਲ ਪਲਾਂਟ ਲਾਉਣ ਦਾ ''ਅਨਰਥ'' ਕਦੇ ਨਾ ਕਰਦੀ। ਇਹੀ ਪਲਾਂਟ ਬਿਹਾਰ ਜਾਂ ਉੜੀਸਾ ਵਿਚ ਲਾ ਦਿੰਦੀ। ਪੈਦਾ ਹੋਣ ਵਾਲੀ ਬਿਜਲੀ, ਉਹਨਾਂ ਲੋਕਾਂ ਦੀਆਂ ਲੋੜਾਂ ਵਾਸਤੇ ਵਰਤੀ ਜਾਂਦੀ। ਵਾਧੂ ਬਿਜਲੀ ਪੈਦਾ ਕਰਕੇ ਦਿੱਲੀ, ਹਰਿਆਣਾ ਜਾਂ ਰਾਜਸਥਾਨ ਆਦਿ ਨੂੰ ਦਿੱਤੀ ਜਾ ਸਕਦੀ ਸੀ। ਕੋਲਾ ਇਕ ਥਾਂ ਤੋਂ ਦੂਜੀ ਥਾਂ ਪੁਚਾਉਣ ਤੇ ਮਿਹਨਤ ਅਤੇ ਖਰਚੇ ਬਹੁਤ ਪੈਂਦੇ ਹਨ। ਬਿਜਲੀ ਨੂੰ ਖੰਭਿਆ ਰਾਹੀਂ ਇਕ ਥਾਂ ਤੋਂ ਦੂਜੀ ਥਾਵੇਂ ਪੁਚਾਉਣਾ ਕੋਈ ਔਖਾ ਨਹੀਂ ਹੈ। **ਪੰਜਾਬ ਵਿਚਲੀ ਭਾਖੜਾ ਡੈਮ ਵਾਲੀ ਬਿਜਲੀ ਪੰਜਾਬ ਵਿਚ ਹੀ ਵਰਤੀ ਜਾਂਦੀ। ਪਰ ਅਜਿਹਾ ਨਹੀਂ ਕੀਤਾ ਗਿਆ, ਭਲਾ ਕਿਉਂ?**

ਜਿਸ ਇਲਾਕੇ ਵਿਚ ਥਰਮਲ ਪਲਾਂਟ ਲਾਇਆ ਜਾਂਦਾ ਹੈ, ਉਸ ਦੇ ਆਲੇ ਦੁਆਲੇ ਵੀਹ ਕਿਲੋਮੀਟਰ ਤਕ ਇਸ ਦੀ ਸੁਆਹ ਅਤੇ ਧੂੰਆਂ ਉਡਦਾ ਹੈ। ਪਾਠਕਾਂ ਦੀ ਜਾਣਕਾਰੀ ਵਾਸਤੇ ਦਸਦਿਆਂ ਕਿ ਥਰਮਲ ਪਲਾਂਟ ਦੇ ਜਰਨੇਟਰ ਚਲਾਉਣ ਵਾਸਤੇ, ਆਏ ਕੋਲੇ ਨੂੰ ਪਹਿਲਾਂ ਪੀਸਿਆ ਜਾਂਦਾ ਹੈ। ਫਿਰ ਉਸ ਨੂੰ ਭੱਠੀਆਂ ਵਿਚ ਪਾ ਕੇ ਅੱਗ ਬਲਦੀ ਹੈ। ਉਸ ਅੱਗ ਦੇ ਸੇਕ ਤੋਂ ਪਾਣੀ ਗਰਮ ਹੁੰਦਾ ਹੈ, ਭਾਫ ਬਣਾਈ ਜਾਂਦੀ ਹੈ। ਸ਼ਕਤੀਸ਼ਾਲੀ ਦਬਾਉ ਪਾਕੇ, ਭਾਫ ਜਰਨੈਟਰ ਨੂੰ ਚਲਾਉਂਦੀ ਹੈ। ਇਸ ਤਰ੍ਹਾਂ ਬਿਜਲੀ ਪੈਦਾ ਹੋਣ ਦੀ ਕਿਰਿਆ ਚਲਦੀ ਜਾਂਦੀ ਹੈ।

ਇਥੋਂ ਉਡਣ ਵਾਲਾ ਧੂੰਆਂ ਅਤੇ ਸੁਆਹ, ਦੂਰ-ਦੂਰ ਤੱਕ ਵਸਣ ਵਾਲੇ ਲੋਕਾਂ ਤੇ, ਮਾਰੂ ਅਸਰ ਪਾਉਂਦੀ ਹੈ। ਕੋਈ ਚੀਜ਼ ਖੁੱਲ੍ਹੇ ਆਕਾਸ਼ ਹੇਠਾਂ ਰੱਖੀ ਹੋਵੇ, ਉਸ ਤੇ ਡਿੱਗੀ ਰਾਖ ਸਾਫ ਨਜ਼ਰ ਆਉਂਦੀ ਹੈ। ਅੱਖਾਂ ਲਈ ਇਹ ਬਹੁਤ ਖਤਰਨਾਕ ਹੈ। ਦਿਲ ਦੇ ਰੋਗਾਂ ਨੂੰ ਸੱਦਾ ਦੇਣ ਦਾ ਕੰਮ ਭੀ ਥਰਮਲ ਪਲਾਂਟ ਕਰਦਾ ਹੈ। ਕਿਉਂਕਿ ਸੁਆਹ ਦਾ ਕਾਫੀ ਹਿੱਸਾ, ਅੱਖਾਂ ਵਿਚ ਪੈਂਦਾ ਹੈ ਤੇ ਸਾਹ ਰਾਹੀਂ ਫੇਫੜਿਆਂ ਵਿਚ ਚਲਾ ਜਾਂਦਾ ਹੈ। **ਇਥੋਂ ਪੈਦਾ ਹੋਣ ਵਾਲੀ ਬਿਜਲੀ ਤਾਂ ਜਾਵੇ ਦਿੱਲੀ ਨੂੰ। ਸਿਰ ਵਿਚ ਸੁਆਹ ਪਵੇ ਸਿੱਖਾਂ ਦੇ। ਲਹਿਲਾਉਂਦੀਆਂ ਫਸਲਾਂ ਹੋਣ ਹਰਿਆਣੇ ਵਿਚ, ਥਰਮਲ ਤੋਂ ਬਿਮਾਰੀਆਂ ਲਗਣ ਸਿੱਖਾਂ ਨੂੰ। ਪੰਜਾਬ ਦੇ ਲੋਕ ਆਰਥਕ ਪੱਖੋਂ ਭੀ ਕਮਜ਼ੋਰ ਕੀਤੇ ਗਏ ਹਨ। ਨਸ਼ਿਆਂ ਰਾਹੀਂ ਭੀ ਬਰਬਾਦ ਕੀਤੇ ਗਏ ਹਨ, ਤੇ ਰਹਿੰਦੀ ਕਸਰ ਇਹਨਾਂ ਥਰਮਲ ਪਲਾਟਾਂ ਰਾਹੀਂ ਲਗਣ ਵਾਲੀਆਂ ਬੀਮਾਰੀਆਂ ਨੇ ਕੱਢ ਦਿੱਤੀ। ਬਹੁਤ ਵੱਡੀ ਮਾਤਰਾ ਵਿਚ ਕੋਲੇ ਤੋਂ ਜੋ ਸੁਆਹ ਬਣਦੀ ਹੈ, ਉਸਨੂੰ ਸੁੱਟਣ ਲਈ ਹਜਾਰਾਂ ਏਕੜ ਜ਼ਮੀਨ, ਹੋਰ ਬਰਬਾਦ ਹੋ ਜਾਂਦੀ ਹੈ। ਉਹ ਸੁੱਟੀ ਗਈ ਸੁਆਹ ਹਵਾ ਨਾਲ ਉਡ ਕੇ ਫਸਲਾਂ ਦਾ ਭਾਰੀ ਨੁਕਸਾਨ ਕਰਦੀ ਹੈ। ਮਨੁੱਖੀ ਜੀਵਨ ਨੂੰ ਭੀ ਉਸ ਤੋਂ ਅਨੇਕ ਬੀਮਾਰੀਆਂ ਲਗਦੀਆਂ ਹਨ।**

ਬਿਹਾਰ ਉੜੀਸਾ ਆਦਿ ਤੋਂ ਜੋ ਕੋਲਾ ਪੰਜਾਬ ਲਈ ਆਉਂਦਾ ਹੈ, ਉਹ ਮੁੱਲ ਖ੍ਰੀਦ ਕੇ ਲਿਆਂਦਾ ਜਾ ਰਿਹਾ ਹੈ। ਉਹਨ੍ਹਾਂ ਸੂਬਿਆਂ ਵਿਚ ਲੋਹਾ ਤਾਂਬਾ ਸੋਨਾ ਤੇਲ ਆਦਿ ਜੋ ਪੰਜਾਬ ਨੂੰ ਭੇਜਿਆ ਜਾਂਦਾ ਹੈ, ਉਸਦੀ ਪੰਜਾਬ ਤੋਂ ਕੀਮਤ ਵਸੂਲ ਕੀਤੀ ਜਾਂਦੀ ਹੈ। ਪੰਜਾਬ ਦੇ ਪਾਣੀ ਦਾ ਇਕ ਪੈਸਾ ਭੀ ਸੰਬੰਧਤ ਸੂਬਿਆਂ ਤੋਂ ਨਹੀਂ ਮਿਲਦਾ। ਬਿਜਲੀ ਪੰਜਾਬ ਦੀ ਮੁਫਤ ਵਿਚ ਖੋਹੀ ਜਾ ਰਹੀ ਹੈ। ਦਲੀਲਾਂ ਇਹ ਦਿੱਤੀਆਂ ਜਾਂਦੀਆਂ ਹਨ ਕਿ ਪਾਣੀ ਤਾਂ ''ਸਾਂਝੀ ਰਾਸ਼ਟਰੀ'' ਜਾਇਦਾਤ ਹੈ। ਕੋਲਾ ਲੋਹਾ ਤਾਂਬਾ ਆਦਿਕ ''ਰਾਸ਼ਟਰੀ ਜਾਇਦਾਤ'' ਕਿਉਂ ਨਹੀਂ? ਉਸ ਦਾ ਪੰਜਾਬ ਤੋਂ ਮੁੱਲ ਕਿਉਂ ਵਸੂਲਿਆ ਜਾਂਦਾ ਹੈ? ਸਾਰੇ ਭਾਰਤ ਵਿਚ ਹੋਰ ਕਿਧਰੇ ਅਜਿਹਾ ''ਅੰਨਾ ਕਾਨੂੰਨ'' ਲਾਗੂ ਨਹੀਂ ਹੈ। ਅਸਲ ਵਿਚ ਪੰਜਾਬ ਨੂੰ ਆਰਥਕ ਪੱਖੋਂ ਅਪੰਗ ਬਣਾਇਆ ਜਾ ਰਿਹਾ ਹੈ। ਜਦੋਂ ਇਥੋਂ ਦੇ ਵਸਨੀਕਾਂ ਨੂੰ ਰੋਟੀ ਦਾ ਹੀ ਫਿਕਰ ਵੱਢ-ਵੱਢ ਖਾਣ ਲੱਗ ਪਿਆ, ਤਾਂ ਉਹ ਬਾਕੀ ਸਭ ਮੰਗਾਂ ਭੁੱਲ ਜਾਣਗੇ। ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਖੇਤੀ ਜਿਣਸਾਂ ਦਾ ਸਹੀ ਮੁੱਲ, ਬਿਜਲੀ ਪਾਣੀ, ਸਭ ਭੁੱਲ ਜਾਣਗੇ। ਸਿਰਫ ਇਕੋ ਲੋੜ ਬਾਕੀ ਰਹਿ ਜਾਵੇਗੀ, ਕਿਸੇ ਭੀ ਹੀਲੇ ਪੇਟ ਭਰਨ ਜੋਗੀ ਰੋਟੀ ਮਿਲ ਜਾਵੇ। ਸਰੀਰ ਜੀਵਤ ਰਹਿ ਜਾਵੇ, ਤੇ ਬਾਕੀ ਸਭ ਕੁਝ ਖਤਮ.........।

**ਸਿੱਖਾਂ ਦੇ ਅਸੂਲ (ਗੁਰਬਾਣੀ ਰਾਹੀਂ) ਉਹਨਾਂ ਨੂੰ ਸਵੇਰੇ ਸ਼ਾਮ ਬਾਰ ਬਾਰ ਝੰਜੋੜ ਕੇ ਦਸਦੇ ਹਨ ਕਿ ਸਿੱਖੋ, ਤੁਸੀਂ ਹਿੰਦੂਆਂ ਨਾਲੋਂ ਵੱਖਰੇ ਹੋ, ਨਿਆਰੇ ਹੋ। ਆਪਣੀ ਸ਼ਕਲ**

**ਸੂਰਤ ਆਪਣੇ ਸਭਿਆਚਾਰ ਤੇ ਆਪਣੇ ਧਰਮ ਨੂੰ ਸਮਝੋ, ਤੁਸੀਂ ਹਿੰਦੂ ਨਹੀਂ ਹੋ। ਇਸ ਗਲ ਦਾ ਹਿੰਦੂ ਲੀਡਰਾਂ ਨੂੰ ਚੰਗੀ ਤਰਾਂ ਇਲਮ ਹੈ। ਇਹਨਾਂ ਕਾਰਨਾ ਕਰਕੇ ਦੇਰ ਸਵੇਰ ਸਿੱਖ ਕੌਮ ਭਾਰਤ ਨਾਲੋਂ ਅਲੱਗ ਹੋਣ ਦਾ ਨਿਰਣਾ ਭੀ ਲੈ ਸਕਦੀ ਹੈ। ਖਾਸ ਹਾਲਾਤ ਅਧੀਨ (ਭਾਵੇਂ ਇਹ ਛੇਤੀ ਸੰਭਵ ਨਹੀਂ ਹੈ) ਸਿੱਖਾਂ ਦਾ ਵੱਖਰਾ ਦੇਸ਼ ਬਣ ਜਾਵੇ। ਉਸ ਸਥਿਤੀ ਵਿਚ, ਭਾਰਤ ਸਰਕਾਰ ਬਿਹਾਰ ਤੋਂ ਆਉਣ ਵਾਲਾ ਕੋਲਾ ਬੰਦ ਕਰ ਸਕਦੀ ਹੈ। ਇਹਨਾਂ ਥਰਮਲ ਪਲਾਟਾਂ ਨੇ ਕੋਲੇ ਤੋਂ ਬਿਨਾਂ ਕੰਮ ਨਹੀਂ ਕਰਨਾ। ਕੋਲਾ ਪੰਜਾਬ ਵਿਚ ਹੈ ਹੀ ਨਹੀਂ। ਤੇ ਪੰਜਾਬ ਦੇ ਸਾਰੇ ਤਾਪ ਬਿਜਲੀ ਘਰ ਠੰਢੇ ਹੋ ਜਾਣਗੇ ਅਤੇ ਪੰਜਾਬ ਹਨੇਰੇ ਵਿਚ ਡੁੱਬ ਜਾਵੇ ਗਾ.........। ਹੈਨਾ?**

000

## 13. ਪੰਜਾਬ ਲਈ ਵੱਧ ਅਧਿਕਾਰ ਜਾਂ ਵੱਧ ਤਬਾਹੀ.............?

ਬਚਪਨ ਵਿਚ ਬਜ਼ੁਰਗਾਂ ਤੋਂ ਇਕ ਕਹਾਣੀ ਸੁਣਿਆ ਕਰਦੇ ਸਾਂ, (ਸ਼ਾਇਦ ਇਹ ਕਹਾਣੀ ਸਦੀਆਂ ਤੋਂ ਚਲਦੀ ਆ ਰਹੀ ਹੋਏ) ਕਿ ਇਕ ਲਾਲੇ ਨੇ (ਲਾਲੇ ਦੀ ਸ਼ਕਲ ਕੋਈ ਭੀ ਹੋ ਸਕਦੀ ਹੈ) ਰੱਬ ਨੂੰ ਖੁਸ਼ ਕਰ ਲਿਆ। ਰੱਬ ਨੇ ਵਰਦਾਨ ਮੰਗਣ ਲਈ ਤਾਂ ਪੇਸ਼ਕਸ਼ ਕਰ ਦਿੱਤੀ, ਨਾਲ ਹੀ ਬਾਣੀਏ ਦੀ ਈਰਖਾਲੂ ਬਿਰਤੀ ਮਹਿਸੂਸ ਕਰਕੇ, ਇਹ ਸ਼ਰਤ ਭੀ ਲਾ ਦਿੱਤੀ ਕਿ ''ਧਿਆਨ ਰਹੇ ਲਾਲਾ ਜੀ ਜੋ ਤੂੰ ਆਪਣੇ ਲਈ ਮੰਗੇਗਾਂ, ਉਹੀ ਕੁਝ ਗੁਆਢੀਆਂ ਦੇ ਘਰ ਦੁੱਗਣਾ ਆ ਜਾਵੇਗਾ''। ਬਾਣੀਏ ਨੇ ਤਜ਼ਰਬੇ ਦੇ ਤੌਰ ਤੇ ਕੁਝ ਚੀਜ਼ਾਂ ਮੰਗੀਆਂ। ਝੱਟ ਮਿਲ ਗਈਆਂ ਪਰ ਗੁਆਢੀਆਂ ਦੇ ਘਰ ਦੋ ਗੁਣਾ ਆ ਗਈਆਂ। ਲੰਮੀ ਸੋਚ ਵਿਚਾਰ ਤੋਂ ਮਗਰੋਂ, ਲਾਲਾ ਜੀ ਨੇ ਮੰਗ ਰੱਖੀ, ਕਿ ਮੇਰੇ ਘਰ ਦੇ ਇਕ ਬੂਹੇ ਅੱਗੇ ਡੂੰਘਾ ਖੂਹ ਪੁੱਟਿਆ ਜਾਵੇ। ਤੁਰੰਤ ਪੁਟਿਆ ਗਿਆ ਤੇ ਸ਼ਰੀਕਾਂ ਦੇ ਦੋਵਾਂ ਬੂਹਿਆਂ ਅੱਗੇ ਦੋ ਦੋ ਖੂਹ ਪੁੱਟੇ ਗਏ। ਲਾਲਾ ਜੀ ਨੇ ਵੇਖ ਕੇ ਤਸੱਲੀ ਕਰ ਲੈਣ ਤੋਂ ਮਗਰੋਂ, ਅਗਲੀ ਮੰਗ ਰੱਖੀ। ''ਮੇਰੀ ਇਕ ਅੱਖ ਫੁੱਟ ਜਾਵੇ''। ਤੁਰੰਤ ਅਮਲ ਹੋਇਆ ਇਸ ਦੀ ਇਕ ਅੱਖ ਅੰਨੀ ਹੋਈ ਤੇ ਸ਼ਰੀਕਾਂ ਦੀਆਂ ਦੋਵੇ ਅੱਖਾਂ ਜਾਂਦੀਆਂ ਰਹੀਆਂ। ਦਰਵਾਜ਼ੇ ਵਿਚ ਖੂਹ ਭੀ ਹਨ, ਅੱਖਾਂ ਤੋਂ ਅੰਨੇ ਭੀ ਹਨ, ਲਗੇ ਧੜਾ-ਧੜ ਖੂਹਾਂ ਵਿਚ ਡਿੱਗਣ, ਮਰਨ।

ਇਹ ਕਹਾਣੀ ਨਿਰੋਲ ਕਲਪਣਾ ਤੇ ਆਧਾਰਤ ਹੈ। ਪਰ ਇਸ ਦੀ ਤਹਿ ਵਿਚ ਕਠੋਰ ਸੱਚ ਲੁਕਿਆ ਹੋਇਆ ਹੈ। ਇਸ ਚਲ ਰਹੇ ਪਰਸੰਗ ਵਿਚ, ਪਾਠਕਾਂ ਸਨਮੁੱਖ ਇਹੀ ਦੁਖਦਾਈ ਪਹਿਲੂ ਰੱਖਣ ਲੱਗਾ ਹਾਂ। ਅਕਾਲੀ ਲੀਡਰਾਂ ਨੇ ਪੰਜਾਬ ਲਈ ਵੱਧ ਅਧਿਕਾਰ ਲੈਣ ਵਾਸਤੇ 1973 ਵਿਚ ਅਨੰਦਪੁਰ ਦੇ ਅਸਥਾਨ ਤੇ ਮਿਲ ਬੈਠ ਕੇ, ਜੋ ਖਰੜਾ ਤਿਆਰ ਕੀਤਾ, ਇਸ ਨੂੰ ''ਅਨੰਦਪੁਰ ਦਾ ਮਤਾ'' ਕਰਕੇ ਜਾਣਿਆ ਗਿਆ। ਇਸ ਵਿਚ ਸਾਰੇ ਸੂਬਿਆਂ ਨੂੰ ਵੱਧ

ਹੱਕ ਦੇਣ ਦੀ ਵਕਾਲਤ ਕੀਤੀ ਗਈ ਸੀ। ਕੇਂਦਰ ਸਰਕਾਰ ਆਪਣੇ ਕੋਲ ਰੱਖਿਆ, ਵਿਦੇਸ਼ੀ ਮਾਮਲੇ, ਕਰੰਸੀ, ਰੇਲਵੇ ਆਦਿ ਵਿਭਾਗ ਰੱਖ ਕੇ, ਬਾਕੀ ਸਾਰੇ ਮਹਿਕਮੇ, ਸੂਬਿਆਂ ਦੇ ਹਵਾਲੇ ਕਰ ਦੇਵੇ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕਰਕੇ, ਅਨੰਦਪੁਰ ਦੀ ਇਤਿਹਾਸਕ ਧਰਤੀ ਤੋਂ, ਇਸ ਨੂੰ ਹਰ ਹੀਲਾ ਵਰਤ ਕੇ ਮਨਵਾਉਣ ਦਾ ਅਹਿਦ ਲਿਆ ਗਿਆ। ਦੁਬਾਰਾ ਲੁਧਿਆਣੇ ਵਿਚ 27, 28 ਅਕਤੂਬਰ, 1977 ਨੂੰ ਠਾਠਾਂ ਮਾਰਦੇ ਅਕਾਲੀ ਇਕੱਠ ਵਿਚ, ਕੀਤੇ ਗਏ ਪ੍ਰਣ ਨੂੰ ਫਿਰ ਦੁਹਰਾਇਆ ਗਿਆ। ਸ੍ਰ: ਪ੍ਰਕਾਸ਼ ਸਿੰਘ ਬਾਦਲ ਨੇ, 1977 ਵਿਚ ਮੁੱਖ ਮੰਤਰੀ ਹੁੰਦਿਆਂ, ਭਾਰਤ ਦੇ ਸਾਰੇ ਗੈਰ ਕਾਂਗਰਸੀ ਮੁੱਖ ਮੰਤਰੀਆਂ ਨੂੰ ਖਤ ਲਿਖਕੇ ਮੀਟਿੰਗ ਕਰਨ ਲਈ ਸੱਦਾ ਭੇਜਿਆ, ਤਾਂ ਕਿ ਸਟੇਟਾਂ ਲਈ ਵੱਧ ਅਧਿਕਾਰ ਲੈਣ ਵਾਸਤੇ, ਕੇਂਦਰ ਸਰਕਾਰ ਤੇ ਦਬਾਉ ਪਾਇਆ ਜਾਵੇ। ਉਸ ਵਕਤ ਦੇ ਪ੍ਰਧਾਨ ਮੰਤਰੀ ਮੋਰਾਰਜੀ ਡੇਸਾਈ ਵੱਲੋਂ, ਜਰਾ ਜਿੰਨੀ ਘੁਰਕੀ ਮਿਲਨ ਤੇ, ਸ੍ਰ: ਬਾਦਲ ਵੱਲੋਂ ਮੁੱਖ ਮੰਤਰੀਆਂ ਦਾ ਸੰਮੇਲਨ ਰੱਦ ਕਰਾ ਦਿੱਤਾ ਗਿਆ, ਵਾਹ ! ਕਿਆ ''ਸੂਰਮਗਤੀ ਹੈ''।

ਪੰਜਾਬ ਲਈ ਵਧ ਅਧਿਕਾਰਾਂ ਦੀ ਜਾਂ ਅਨੰਦਪੁਰ ਦੇ ਮਤੇ ਦੀ ਕੇਂਦਰੀ ਲੀਡਰਾਂ ਵੱਲੋਂ ਤਾਂ ਵਿਰੋਧਤਾ ਹੋਣੀ ਹੀ ਸੀ। ਪੰਜਾਬ ਦੇ ਹਿੰਦੂਆਂ ਵੱਲੋਂ ਡਟ ਕੇ ਮੁਖਾਲਫਤ ਕੀਤੀ ਗਈ। ਪੰਜਾਬ ਵਿਚੋਂ ਛਪਣ ਵਾਲੇ ਪੰਜਾਬ ਕੇਸਰੀ ਗਰੁੱਪ ਦੇ ਮਾਲਕ ਲਾਲਾ ਜਗਤ ਨਾਰਾਇਣ ਐਂਡ ਕੰਪਨੀ ਨੇ ਪੰਜਾਬ ਦੀ ਹਰ ਮੰਗ ਦਾ ਇਨਸਾਨੀਅਤ ਦੇ ਸਾਰੇ ਅਸੂਲ ਤਿਆਗ ਕੇ, ਪੁਰਜ਼ੋਰ ਵਿਰੋਧ ਕੀਤਾ। ਕਿਉਂਕਿ ਪੰਜਾਬ ਸਿੱਖ ਬਹੁਗਿਣਤੀ ਵਾਲਾ ਸੂਬਾ ਹੈ। ਜੇ ਪੰਜਾਬ ਕਿਸੇ ਭੀ ਖੇਤਰ ਵਿਚ, ਤਰੱਕੀ ਕਰਦਾ ਹੈ ਤਾਂ ਕੁਦਰਤੀ ਹੈ ਕਿ ਸਿੱਖ ਖੁਸ਼ਹਾਲ ਹੋਣਗੇ। ਖੁਸ਼ਹਾਲੀ ਤਾਂ ਬਾਣੀਆਂ ਬਾਹਮਣਾ ਦੇ ਘਰ ਭੀ ਆਵੇਗੀ। ਪਰ ਹਿੰਦੂ ਫਿਰਕੂ ਲਾਬੀ ਦੀ ਸੋਚ ਇਹ ਹੈ ਕਿ ਸਿੱਖਾਂ ਨੂੰ ਬਰਬਾਦ ਕਰਦਿਆਂ ਜੇ ਇਥੋਂ ਦੇ ਹਿੰਦੂਆਂ ਦੀ ਬਲੀ ਦੇਣੀ ਪਵੇ, ਤਾਂ ਕੋਈ ਗੱਲ ਨਹੀਂ। ਪਹਿਲਾਂ ਬਿਆਨ ਕੀਤੀ ਗਈ ਕਹਾਣੀ ਵਾਂਗ ਕਿ ''ਆਪਣੀ ਇਕ ਅੱਖ ਭਾਵੇਂ ਫੁੱਟ ਜਾਵੇ, ਪਰ ਗਵਾਂਢੀਆਂ ਦੀਆਂ ਦੋਵੇਂ ਫੁੱਟਣੀਆਂ ਚਾਹੀਦੀਆਂ ਹਨ।

ਆਓ ਵੱਧ ਅਧਿਕਾਰਾਂ ਤੋਂ ਹੋਣ ਵਾਲੇ ਫਾਇਦੇ ਨੁਕਸਾਨ ਦੀ ਵਿਚਾਰ ਕਰੀਏ। ਪੰਜਾਬ ਨੂੰ (ਭਾਰਤ ਦੀ ਕਿਸੇ ਭੀ ਸਟੇਟ ਨੂੰ) ਅਗਰ ਵਿਸ਼ੇਸ਼ ਅਧਿਕਾਰ ਮਿਲਦੇ ਹਨ ਤਾਂ ਆਪਣੀ ਪੈਦਾਵਾਰ ਦੀ ਕੀਮਤ ਨਿਰਧਾਰਤ ਕਾਰਨ ਦਾ ਹੱਕ, ਪੰਜਾਬ ਸਰਕਾਰ ਨੂੰ ਹੋਵੇਗਾ। ਖੇਤੀ ਲਈ ਬਿਜਲੀ ਪਾਣੀ ਖਾਦ ਟ੍ਰੈਕਟਰ ਕੀਟ ਨਾਸ਼ਕ ਆਦਿ ਵਾਜਿਬ ਕੀਮਤਾਂ ਤੇ ਮੁਹੱਈਆ ਕਰਵਾਏ ਜਾਣਗੇ। ਜਦੋਂ ਲਾਗਤ ਘੱਟ ਹੋ ਜਾਵੇ, ਮੁਨਾਫਾ ਆਪਣੇ ਆਪ ਵਧ ਜਾਵੇਗਾ। ਜਦੋਂ ਕਿਸਾਨ ਨੂੰ ਫਸਲ ਤੋਂ ਚੰਗੀ ਆਮਦਨ ਹੋਣ ਲਗੇ, ਤਾਂ ਉਹ ਬੱਚਿਆਂ ਦੇ ਵਿਆਹ ''ਠਾਠ ਬਾਠ'' ਨਾਲ ਕਰੇਗਾ, ਵੱਧ ਤੋਂ ਵੱਧ ਖਰਚਾ ਕਰੇਗਾ। ਭਾਵੇਂ ਕਿ ਸਿੱਖੀ ਅਸੂਲਾਂ ਮੁਤਾਬਕ

ਵਿਆਹ ਸਾਦੇ ਹੋਣੇ ਚਾਹੀਦੇ ਹਨ। ਸ਼ਰਾਬ ਤੇ ਦਹੇਜ ਦੀ ਲਾਹਨਤ ਤੋਂ ਬਚਣਾ ਚਾਹੀਦਾ ਹੈ। ਪਰ ਸਾਰੇ ਇਨਸਾਨ ਅਜਿਹੇ ਪੱਕੇ ਅਸੂਲਾਂ 'ਚ ਬੱਝ ਨਹੀਂ ਸਕਦੇ। ਕਹਿਣ ਤੋਂ ਮੁਰਾਦ ਕਿ ਜਦੋਂ ਕਿਸਾਨ ਕੋਲ ਪੈਸਾ ਵਾਧੂ ਹੋਵੇਗਾ ਤਾਂ ਵਿਆਹ ਸ਼ਾਦੀ ਲਈ ਕੱਪੜਾ ਮਹਿੰਗਾ ਤੇ ਬਹੁਤਾ ਖ੍ਰੀਦੇ ਗਾ। ਕੱਪੜੇ ਦੀਆਂ ਬਹੁਤੀਆਂ ਦੁਕਾਨਾਂ ਲਾਲਿਆਂ ਦੀਆਂ ਹਨ। ਕੱਪੜੇ ਦੇ ਕਾਰਖਾਨੇ ਭੀ ਬਹੁਤੇ ਬਾਣੀਏ ਬਾਹਮਣਾਂ ਦੇ ਹਨ। ਇਸ ਤਰ੍ਹਾਂ, ਕਿਸਾਨਾਂ ਵੱਲੋਂ ਖੁਲ੍ਹੇ ਹੱਥ ਖਰਚਿਆ ਪੈਸਾ, ਸਫਰ ਤੈਹ ਕਰਦਾ ਬਾਹਮਣ ਬਾਣੀਏ ਦੀ ਤਿਜੋਰੀ ਵਿਚ ਪਹੁੰਚ ਜਾਂਦਾ ਹੈ।

ਅਮੀਰ ਹੋਇਆ ਕਿਸਾਨ ਆਪਣੇ ਪਰਿਵਾਰ ਲਈ ਬੱਚਿਆਂ ਦੇ ਵਿਆਹਾਂ ਲਈ ਸੋਨੇ ਦੇ ਗਹਿਣੇ ਬਣਾਵੇਗਾ। ਸੁਨਿਆਰੇ 99 ਪ੍ਰਤੀਸ਼ਤ ਹਿੰਦੂ ਹੀ ਹਨ, ਸਿੱਖ ਕੋਈ ਵਿਰਲਾ ਹੀ ਨਜ਼ਰ ਆਵੇਗਾ। ਗਹਿਣੇ ਗੱਟੇ ਲਈ ਖਰਚ ਕੀਤਾ ਪੈਸਾ, ਮੰਜਲਾਂ ਮਾਰਦਾ ਹਿੰਦੂ ਦੇ ਘਰ ਪਹੁੰਚ ਜਾਵੇ ਗਾ। ਵਿਆਹਾਂ ਵਿਚ ਅਣਗਿਣਤ ਪ੍ਰਕਾਰ ਦੇ ਖਾਧ ਪਦਾਰਥ ਬਣਦੇ ਹਨ। ਪੈਸੇ ਵਾਲਾ ਕਿਸਾਨ ''36'' ਪ੍ਰਕਾਰ ਕੇ ਭੋਜਨ ਤਿਆਰ ਕਰਵਾਏਗਾ। ਹਟਵਾਣੀਆਂ ਤੇ ਹਲਵਾਈ ਲਗਭਗ ਸਾਰੇ ਹਿੰਦੂ ਹੀ ਹਨ। ਮੁਨਾਫਾ ਕੀਹਦੇ ਘਰ ਪੁੱਜ ਗਿਆ ਹਿੰਦੂਆਂ ਦੇ। ਬੈਂਡ ਵਾਜੇ, ਟੈਂਟ ਹਾਊਸ ਵਾਲੇ, ਫੋਟੋਗ੍ਰਾਫਰ, ਵੰਗਾਂ ਚੂੜੀਆਂ, ਮਹਿੰਦੀ ਜਾਂ ਮੇਕਅੱਪ ਵਾਲੇ/ਵਾਲੀਆਂ, ਸਾਰੇ ਹੀ ਹਿੰਦੂ ਹਨ। ਕਿਸਾਨਾਂ ਦੇ ਘਰ ਥੋੜ੍ਹੇ ਜਿਹਾ ਸਮਾਂ ਅਟਕ ਕੇ, ਸਾਰਾ ਪੈਸਾ ਇਹਨਾਂ ਦੇ ਘਰ ਚਲਾ ਗਿਆ। ਬਹੁਤੀ ਕਮਾਈ ਹੋਣ ਦੀ ਸੂਰਤ ਵਿਚ ਕਿਸਾਨ ਪੰਡ ਨੋਟਾਂ ਦੀ ਖਰਚ ਕੇ, ਆਲੀਸ਼ਾਨ ਵੱਡੀ ਕੋਠੀ ਉਸਾਰੇਗਾ। ਕੋਠੀ ਲਈ ਇੱਟਾਂ ਲਾਲੇ ਦੇ ਭੱਠੇ ਤੋਂ ਆਉਣਗੀਆਂ। ਸੀਮਿੰਟ ਖ੍ਰੀਦੇ ਗਾ ਤਾਂ ਦੁਕਾਨਦਾਰ ਲਾਲਾ ਹੈ। ਲੋਹਾ ਲਿਆਵੇਗਾ ਤਾਂ ਇਹ ਦੁਕਾਨ ਭੀ ਹਿੰਦੂ ਦੀ ਹੈ। ਲੱਕੜੀ ਦਾ ਸਾਰਾ ਕੰਮ ਭੀ ਹਿੰਦੂ ਬਹੁ ਗਿਣਤੀ ਕੋਲ ਹੈ। ਘਰਾਂ ਵਿਚ ਵਰਤੋਂ ਵਾਲੀਆਂ ਸਭ ਸਹੂਲਤਾਂ ਲਈ ਖਰਚਿਆਂ ਪੈਸਾ ਲਗਭਗ ਸਾਰਾ ਹੀ ਹਿੰਦੂ ਬੈਂਕਾਂ ਵਿਚ ਜਾ ਦਾਖਿਲ ਹੋਇਆ। ਸਕੂਟਰ ਮੋਟਰ ਸਾਇਕਲ ਜਾਂ ਕਾਰ ਖ੍ਰੀਦਣ ਲਈ ਭੀ ਦਿਲ ਕਰਦਾ ਹੈ। ਇਹਨਾਂ ਸਭ ਏਜੰਸੀਆਂ ਦੇ ਮਾਲਕ ਹਿੰਦੂ ਹਨ। ਪੈਸਾ ਮੁੜ ਘੁੜ ਆ ਗਿਆ ਹਿੰਦੂਆਂ ਕੋਲ। ਪਰ ਵੇਖੋ ਇਨਸਾਨੀਅਤ ਤੋਂ ਗਿਰੀਆਂ ਹੋਈਆਂ ਗੱਲਾਂ ਕਿ ਲਾਲਾ ਭਾਵੇਂ ਅੱਧਾ ਭੁਖਾ ਰਹਿ ਜਾਵੇ ਪਰ ਕਿਸਾਨ (ਸਿੱਖ) ਨੂੰ ਪੂਰੀ ਤਰ੍ਹਾਂ ਭੁੱਖਾ ਮਾਰਨਾ ਚਾਹੁੰਦਾ ਹੈ।

ਹੋਰ ਵੇਖੋ ! ਕਪਾਹ ਨਰਮਾ ਪੈਦਾ ਹੋਵੇ ਪੰਜਾਬ ਵਿਚ, ਤੇ ਕੱਪੜੇ ਦੀਆਂ ਮਿੱਲਾਂ ਹੋਣ ਮਹਾਰਾਸ਼ਟਰ ਜਾਂ ਗੁਜਰਾਤ ਵਿਚ। ਪੰਜਾਬ ਵਿਚੋਂ ਨਰਮੇ ਦੀਆਂ ਗੰਢਾਂ ਤਿਆਰ ਕਰਕੇ, ਰੇਲਾਂ ਦੁਆਰਾ ਲਗਭਗ ਦੋ ਢਾਈ ਹਜ਼ਾਰ ਕਿਲੋਮੀਟਰ ਭੇਜੀਆਂ ਜਾਂਦੀਆਂ ਹਨ। ਉਥੇ ਲੱਗੀਆਂ ਵੱਡੀਆਂ ਮਿੱਲਾਂ ਵਿਚ, ਉਥੋਂ ਦੇ ਨੌਜਵਾਨਾਂ ਨੂੰ ਰੋਜ਼ਗਾਰ ਮਿਲਦਾ ਹੈ। ਇਸ ਮਿੱਲ ਦੇ ਕਾਰਨ ਹਜ਼ਾਰਾਂ ਵਿਅਕਤੀਆਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਆਮਦਨ ਹੋਣ ਲੱਗ ਪੈਂਦੀ ਹੈ। ਪੰਜਾਬ

ਦੇ ਨੌਜਵਾਨ ਉਤਨੇ ਹੀ ਬੇਰੋਜ਼ਗਾਰ ਰਹਿ ਗਏ। ਆਰਥਕ ਪੱਖੋਂ ਹੋਰ ਕਮਜ਼ੋਰ ਹੋ ਗਏ। ਅਗੋਂ ਆਪਣੇ ਪਰਿਵਾਰਾਂ ਦੀ ਪਾਲਣਾ, ਪੜਾਈ, ਇਲਾਜ ਆਦਿ ਨਾ ਕਰਵਾ ਸਕੇ। ਇਹੀ ਮਿੱਲਾਂ ਜਦੋਂ ਕੱਪੜਾ ਤਿਆਰ ਕਰਕੇ ਪੰਜਾਬ ਵੱਲ ਭੇਜਦੀਆਂ ਹਨ, ਤਾਂ ਹੋਰ ਖਰਚਾ ਢੋਆਈ ਦਾ ਪੈ ਜਾਂਦਾ ਹੈ। ਪੰਜਾਬ ਦੇ ਬਜਾਰਾਂ ਵਿਚ ਜਦੋਂ ਇਹੀ ਕੱਪੜਾ ਵਿਕਦਾ ਹੈ ਤਾਂ ਇਸ ਦੀ ਕੀਮਤ ਅਸਮਾਨ ਛੋਹ ਰਹੀ ਹੁੰਦੀ ਹੈ। ਕਿਸਾਨਾਂ ਤੋਂ ਇਕ ਕਿਲੋ ਨਰਮਾ ਖ੍ਰੀਦਿਆ ਗਿਆ ਕੇਵਲ ਤੀਹ ਰੁਪਏ ਵਿਚ। ਇਕ ਕਿਲੋ ਨਰਮੇ ਤੋਂ ਮਲਮਲ ਦਾ ਬਰੀਕ ਕੱਪੜਾ (ਦਸਤਾਰਾਂ ਆਦਿ) ਬਣਦਾ ਹੈ ਕਰੀਬ ਪੰਜਾਹ ਮੀਟਰ। ਇਕ ਮੀਟਰ ਕਪੜੇ ਦੀ ਕੀਮਤ ਹੈ ਔਸਤਨ ਪੈਂਤੀ ਰੁਪਏ। ਇਸ ਤਰ੍ਹਾਂ ਤੀਹ ਰੁਪਏ ਕਿਲੋ ਰੂੰ ਖ੍ਰੀਦ ਕੇ, ਲਾਲੇ ਨੇ ਬਣਾਏ 1750 ਰੁਪਏ। ਜੇ ਕਾਰਖਾਨੇਦਾਰ ਦਾ ਇਕ ਹਜਾਰ ਰੁਪਿਆ ਖਰਚਾ ਮੰਨ ਲਈਏ ਤਾਂ 750 ਰੁਪਏ ਫਿਰ ਭੀ ਉਹ ਆਪਣੇ ਬੋਜੇ ਵਿਚ ਪਾ ਗਿਆ। ਸਿੱਖ ਕਿਸਾਨ (ਪੰਜਾਬ ਵਿਚ ਖੇਤੀ ਸਿੱਖ ਹੀ ਕਰਦੇ ਹਨ) ਨੂੰ ਮਿਲਿਆ ਕੀ? ਗਰੀਬੀ ਭੁੱਖਮਰੀ ਆਤਮ ਹਤਿਆਵਾਂ?

ਜੇ ਇਹੀ ਫੈਕਟਰੀਆਂ ਪੰਜਾਬ ਵਿਚ ਲਾਈਆਂ ਜਾਣ ਤਾਂ ਪਹਿਲੀ ਗੱਲ ਤਾਂ ਇਹ ਕਿ ਇਥੋਂ ਦੇ ਹਜ਼ਾਰਾਂ ਲੋਕਾਂ ਨੂੰ ਰੋਜ਼ਗਾਰ ਮਿਲੇਗਾ।ਦੂਜਾ ਪੰਜਾਬ ਤੋਂ ਗੁਜਰਾਤ ਤਕ ਢੋਆ ਢੋਆਈ ਦਾ ਖਰਚਾ ਬਚੇਗਾ। ਪੰਜਾਬ ਦੇ ਕਿਸਾਨ ਅਤੇ ਕਾਰਖਾਨੇਦਾਰ ਦੀ ਪ੍ਰਵਾਰਿਕ ਸਾਂਝ ਬਣੇ ਗੀ। ਜਦੋਂ ਅੰਦਰ ਨੇੜਤਾ ਹਾਸਲ ਕਰਕੇ ਕਿਸਾਨ ਪਰਖ ਲਵੇਗਾ, ਕਿ ਸਾਨੂੰ ਲੁਟਿਆ ਜਾ ਰਿਹਾ ਹੈ ਤਾਂ ਉਹ ਕਾਰਖਾਨੇਦਾਰ ਨੂੰ ਆਪਣੀ ਉਜਰਤ ਵਧਾਉਣ ਲਈ ਆਖੇਗਾ। ਕਿ ਭਾਈ ਸਾਡੇ ਕੋਲੋਂ ਤੀਹ ਰੁਪਏ ਕਿਲੋ ਨਰਮਾ ਖ੍ਰੀਦ ਕੇ, 1750 ਰੁਪਏ ਵੱਟ ਰਿਹਾ ਹੈਂ। ਸਾਨੂੰ ਭੀ ਹੋਰ ਬਣਦਾ ਹਿੱਸਾ ਦੇਹ। ਮੰਗ ਪੂਰੀ ਨਾ ਕਰਨ ਦੀ ਸੂਰਤ ਵਿਚ ਗੇਟ ਰੈਲੀਆਂ, ਮੁਜਾਹਰੇ ਤੇ ਹੜਤਾਲਾਂ ਹੋਣਗੀਆਂ। ਕੋਈ ਪੁੱਛ ਸਕਦਾ ਹੈ ਕਿ ਕਾਰਖਾਨੇਦਾਰ ਫੈਕਟਰੀ ਨੂੰ ਤਾਲਾ ਲਾ ਕੇ ਚਲਾ ਜਾਵੇਗਾ? ਜੀ ਨਹੀਂ, ਉਸਨੇ ਫੈਕਟਰੀ ਤੇ ਕਰੋੜਾਂ ਰੁਪਏ, ਖਰਚੇ ਹਨ, ਮੁਨਾਫਾ ਕਮਾਉਣ ਲਈ, ਤਾਲਾਬੰਦੀਆਂ ਲਈ ਨਹੀਂ। ਉਸਦਾ ਰੋਜ਼ਗਾਰ ਫੈਕਟਰੀ ਚੋਂ ਹੀ ਚਲਦਾ ਹੈ। ਅੰਤ ਕੁਝ ਸਮਝਦਾਰ ਬੰਦੇ ਵਿਚ ਪੈ ਕੇ, ਸ਼ਰਤਾਂ ਤੈਹ ਕਰਾਕੇ, ਸਮਝੌਤਾ ਕਰਵਾ ਦਿੰਦੇ ਹਨ। ਫੈਕਟਰੀ ਚਾਲੂ ਹੋ ਜਾਂਦੀ ਹੈ। ਨਰਮੇ ਦੀ ਕੀਮਤ ਵਧ ਜਾਂਦੀ ਹੈ ਤੇ ਕੱਪੜੇ ਦੀ ਕੀਮਤ ਘੱਟ ਜਾਂਦੀ ਹੈ। ਪੰਜਾਬ ਵਿਚਲੇ ਕਿਸਾਨ ਨੂੰ ਦੋਹਰਾ ਫਾਇਦਾ ਹੋ ਸਕਦਾ ਹੈ। ਕੱਪੜਾ ਸਸਤਾ ਹੋਣ ਤੇ ਭੀ, ਅਤੇ ਨਰਮੇ ਦੀ ਕੀਮਤ ਵਧਣ ਤੇ ਭੀ। ਜਦੋਂ ਕਿਸਾਨ ਅਮੀਰ ਹੋਵੇਗਾ ਤਾਂ ਆਪਣਾ ਜੀਵਨ ਪੱਧਰ ਉੱਚਾ ਕਰਨ ਲਈ ਕਾਰਾਂ, ਕੋਠੀਆਂ, ਗਹਿਣੇ, ਕੱਪੜੇ, ਚੰਗੀ ਖਾਧ ਖੁਰਾਕ ਆਦਿ ਤੇ ਵੱਧ ਪੈਸਾ ਖਰਚੇਗਾ। ਇਹਨਾ ਸਾਰੀਆਂ ਵਸਤੂਆਂ ਦੇ ਵੱਡੇ ਛੋਟੇ ਦੁਕਾਨਦਾਰ ਸਾਰੇ ਹੀ ਬਾਣੀਏ ਬਾਹਮਣ ਹਨ। ਵਧੀ ਖ੍ਰੀਦ ਕਾਰਨ, ਉਨ੍ਹਾਂ ਨੂੰ ਅਮਿਣਵਾਂ ਫਾਇਦਾ ਹੋਵੇਗਾ। ਪੰਜਾਬ ਦੇ ਲੋਕਾਂ

ਦੀ ਆਮਦਨ ਘੱਟ ਹੋਣ ਦੇ ਬਾਵਜੂਦ (ਭਾਰਤ ਦੇ ਵੱਡੇ ਸ਼ਹਿਰਾਂ ਨੂੰ ਛੱਡ ਕੇ) ਟ੍ਰੈਕਟਰ ਸਕੂਟਰ ਮੋਟਰ ਸਾਇਕਲ ਤੇ ਕਾਰਾਂ, ਟਰੱਕਾਂ ਦੀ ਵਰਤੋਂ ਸਭ ਤੋਂ ਜ਼ਿਆਦਾ, ਪੰਜਾਬ ਵਿਚ ਹੀ ਹੋ ਰਹੀ ਹੈ। ਚੱਕਰ ਕੱਟ ਕੇ ਬਹੁਤਾ ਪੈਸਾ ਕਾਰਖਾਨੇਦਾਰਾਂ ਤੇ ਦੁਕਾਨਦਾਰਾਂ ਕੋਲ ਚਲਾ ਜਾਂਦਾ ਹੈ। ਅਫਸੋਸ ਬਹੁਤ ਅਫਸੋਸ, ਕਿ ਪੰਜਾਬ ਦਾ ਹਿੰਦੂ, ਆਪਣਾ ਨਿੱਜੀ ਨੁਕਸਾਨ ਕਰਵਾ ਕੇ, ਭੀ ਸਿੱਖਾਂ ਨੂੰ ਉਭਰਨ ਤੋਂ ਰੋਕਣ ਲਈ ਪੂਰੀ ਵਾਹ ਲਾ ਰਿਹਾ ਹੈ। ਸ਼ਾਇਦ ਦੁਨੀਆਂ ਦਾ ਇੰਨਾ ਘਟੀਆ ਮਨੁੱਖ ਹੋਰ ਕਿਤੇ ਨਾ ਲੱਭੇ, ਜਿੰਨਾ ਇਥੇ ਦਾ ਬਾਹਮਣ ਬਾਣੀਆਂ ਹੈ। ਇਕ ਲੋਕ ਮੁਹਾਵਰੇ ਵਿਚ ਇਸ ਨੂੰ ਇਉਂ ਕਹਿ ਸਕਦੇ ਹਾਂ, **''ਜੱਟ ਦੀ ਹੱਥ ਦੀ ਕਮਾਈ, ਵਿਉਪਾਰੀ (ਬਾਹਮਣ ਬਾਣੀਆਂ) ਹੱਥ ਦੀ ਸਫਾਈ'' ਨਾਲ ਹੜੱਪ ਕਰ ਲੈਂਦਾ ਹੈ। ਕਿਸਾਨ ਡੌਰ-ਭੌਰ ਹੋਇਆ ਵੇਖਦਾ ਹੀ ਰਹਿ ਜਾਂਦਾ ਹੈ ਕਿ ਇਹ ਕੀ ਭਾਣਾ ਵਾਪਰ ਗਿਆ।**

ਪੰਜਾਬ ਲਈ ਵੱਧ ਅਧਿਕਾਰ ਮੰਗਣ ਦਾ ਮਕਸਦ ਸੀ, ਸਟੇਟਾਂ ਦਾ ਆਰਥਕ ਪੱਖੋਂ ਮਜ਼ਬੂਤ ਹੋਣਾ। ਜਿਸ ਵਿਚ ਇਥੋਂ ਦਾ ਹਰ ਵਿਅਕਤੀ ਖੁਸ਼ਹਾਲ ਹੋਣਾ ਸੀ। ਲਾਲੇ ਨੂੰ ਖੁਦ ਘੱਟ ਖਾ ਲੈਣਾ ਪਰਵਾਨ ਹੈ, ਪਰ ਸਿੱਖਾਂ ਨੂੰ ਹਰ ਹੀਲਾ ਵਰਤ ਕੇ ਭੁੱਖੇ ਮਰਨ ਲਈ ਮਜ਼ਬੂਰ ਕਰਨਾ ਹੈ। ਅਨੰਦਪੁਰ ਦੇ ਮਤੇ ਨੂੰ ਹੀ ਅਜਿਹੀ ਡਰਾਉਣੀ ਅਵਸਥਾ ਵਿਚ ਪੇਸ਼ ਕੀਤਾ ਤੇ ਪ੍ਰਚਾਰਿਆ ਗਿਆ, ਕਿ ਆਮ ਹਿੰਦੂ ਅਨੰਦਪੁਰ ਦਾ ਨਾਮ ਸੁਣਕੇ ਹੀ ਕੰਬਣ ਲਗ ਪਿਆ। **''ਯੇ ਹ ਮਤਾ ਤੋ ਦੇਸ ਕੋ ਤੋੜਨੇ ਵਾਲਾ ਹੈ, ਦੇਸ਼ ਕੀ ਏਕਤਾ ਔਰ ਅਖੰਡਤਾ ਕੋ ਖਤਰਾ ਹੋ ਗਿਆ ਹੈ, ਇਸ ਅਨੰਦਪੁਰ ਦੇ ਮਤੇ ਕੋ ਗ੍ਰਿਫ਼ਤਾਰ ਕਰਕੇ ਜੇਲ੍ਹ ਮੇਂ ਬੰਦ ਕਿਉਂ ਨਹੀਂ ਕਰ ਦੇਤੇ?'' ਇਹ ਬਚਨ ਦੇਸ਼ ਦੇ ਪ੍ਰਧਾਨ ਮੰਤਰੀ, ਰਾਜੀਵ ਗਾਂਧੀ ਨੇ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਕਹੇ ਸਨ।**

000

## 14. ਕਣਕ ਦੇ ਮੰਡੇ................?

ਵੈਸੇ ਤਾਂ ਭਾਰਤ ਸਾਰਾ ਹੀ ਖੇਤੀ ਪ੍ਰਧਾਨ ਦੇਸ਼ ਹੈ। ਇਥੇ ਜਿਸ ਸਾਲ ਅਨਾਜ ਚੰਗਾ ਹੋ ਜਾਵੇ, ਤਾਂ ਉਸ ਸਮੇਂ ਰਾਜ ਕਰ ਰਹੀ ਪਾਰਟੀ ਦੀਆਂ ਨੀਹਾਂ ਪੱਕੀਆਂ ਮੰਨੀਆਂ ਜਾਂਦੀਆਂ ਹਨ। ਜੇ ਅੰਨ ਦੀ ਤੋਟ ਪੈਦਾ ਹੋ ਜਾਵੇ, ਸਰਕਾਰ ਸਮੇਂ ਸਿਰ ਅੰਨ ਦਾਣਾ ਬਾਹਰੋ ਮੰਗਵਾ ਕੇ , ਲੋੜ ਪੂਰੀ ਨਾ ਕਰ ਸਕੇ, ਮਹਿੰਗਾਈ ਵਧ ਜਾਵੇ, ਤਾਂ ਸਮਝੋ ਉਸ ਸਰਕਾਰ ਦੇ ਦਿਨ ਪੁੱਗ ਗਏ ਜਾਂ ਤਾਂ ਪਹਿਲੋਂ ਹੀ ਸਰਕਾਰ ਟੁੱਟ ਜਾਵੇਗੀ, ਵਰਨਾ ਚੋਣਾਂ ਵਿਚ ਤਾਂ ਉਸ ਪਾਰਟੀ ਨੇ ਹਾਰਨਾ ਹੀ ਹਾਰਨਾ ਹੈ। ਯੋਰਪੀਨ ਮੁਲਕਾਂ ਵਿਚ ਮਸ਼ੀਨਰੀ ਬਹੁਤ ਜ਼ਿਆਦਾ ਹੈ। ਮਸ਼ੀਨਾ ਲਈ ਡੀਜ਼ਲ ਪਟਰੋਲ ਜਿੰਦ ਜਾਨ ਹੈ। ਅਰਬ ਮੁਲਕਾਂ ਵਾਲਿਆਂ ਨੇ ਆਪਣੀ ਇਕ ਯੂਨੀਅਨ ਬਣਾਈ ਹੋਈ ਹੈ ਜੋ ਇਹ ਤੈਹ ਕਰਦੀ ਹੈ ਕਿ ਹਰਰੋਜ਼ ਕਿੰਨਾ ਤੇਲ ਕੱਢਣਾ ਹੈ। ਉਸ ਤੇਲ ਦੀ ਕੀਮਤ

ਕਿੰਨੀ ਨਿਸ਼ਚਿਤ ਕਰਨੀ ਚਾਹੀਦੀ ਹੈ। ਜੇ ਉਹਨਾਂ ਤੇਲ ਮਾਲਕਾਂ ਨੇ ਤੇਲ ਦੀ ਕੀਮਤ ਵਧਾ ਦਿੱਤੀ, ਤਾਂ ਯੋਰਪ ਦੀਆਂ ਸਰਕਾਰਾਂ ਲੜਖੜਾ ਜਾਂਦੀਆਂ ਨੇ। ਉਹਨਾਂ ਦੀ ਆਰਥਕਤਾ ਡੋਲ ਜਾਂਦੀ ਹੈ। ਭਾਰਤ ਦੀਆਂ ਖਾਣਾ ਵਿਚ ਕੋਲਾ ਨਿਕਲਣਾ ਘੱਟ ਜਾਵੇ ਤਾਂ ਇਥੋਂ ਦੇ ਕਈ ਕਾਰੋਬਾਰ ਡੋਲ ਜਾਂਦੇ ਹਨ। ਤੇਲ ਦੇ ਮਾਮਲੇ ਵਿਚ ਇਰਾਕ ਨੇ ਅਮਰੀਕਾ ਅਤੇ ਯੂਰਪ ਨੂੰ ਅੱਖਾਂ ਵਿਖਾਈਆਂ ਸਨ। ਤੇ ਸਾਰਾ ਯੂਰਪ, ਅਮਰੀਕਾ, ਕੈਨੇਡਾ ਅੱਗ ਬਬੂਲਾ ਹੋ ਉਠਿਆ। ਸਾਰੀ ਦੁਨੀਆਂ ਦੇ ਮੁਲਕ ਅਤਿ ਆਧੁਨਿਕ ਹਥਿਆਰਾਂ ਨਾਲ ਲੈਸ ਹੋ ਕੇ, ਇਰਾਕ ਨੂੰ ਤਬਾਹ ਕਰਨ ਲੱਗੇ। ਅਫਗਾਨਿਸਤਾਨ ਤੋਂ ਬਾਅਦ ਹੁਣ ਇਰਾਕ ਉਜਾੜ ਦਿੱਤਾ ਗਿਆ ਹੈ। ਅਮਰੀਕਾ ਨੇ ਉਸਨੂੰ ਕੁਚਲ ਕੇ ਰੱਖ ਦਿੱਤਾ ਹੈ। ਉਸ ਦੇ ਤੇਲ ਭੰਡਾਰਾਂ ਤੇ ਕਬਜਾ ਜਮਾ ਲਿਆ ਹੈ। ਉਥੋਂ ਦੇ ਸ਼ੇਰ ਦਿਲ ਰਾਸ਼ਟਰਪਤੀ ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਹੀ ਭਾਰਤ ਵਿਚਲੇ ਸੂਬਿਆਂ ਵਿਚੋਂ, ਕਣਕ ਪੈਦਾ ਕਰਨ ਦੇ ਮਾਮਲੇ ਵਿਚ, ਪੰਜਾਬ ਮੋਹਰੀ ਸੂਬਾ ਹੈ। ਸਾਰੇ ਭਾਰਤ ਦੀ ਆਰਥਕਤਾ ਪੰਜਾਬ ਦੇ ਚਾਵਲ ਅਤੇ ਕਣਕ ਦੀ ਪੈਦਾਵਾਰ ਨਾਲ ਜੁੜੀ ਹੋਈ ਹੈ। ਭਾਰਤ ਸਰਕਾਰ ਹਰ ਹੀਲਾ ਵਰਤ ਕੇ ਪੰਜਾਬ ਦੇ ਕਿਸਾਨ ਦੀ, ਸੰਘੀ ਨੱਪ ਕੇ ਰੱਖਣਾ 'ਚਾਹੁੰਦੀ ਹੈ। ਜੇ ਕਿਸਾਨ ਨੂੰ ਜਿਣਸ ਦਾ ਚੰਗਾ ਮੁਨਾਫੇ ਵਾਲਾ ਭਾਅ ਮਿਲ ਗਿਆ, ਤਾਂ ਰੱਜ ਕੇ ਰੋਟੀ ਖਾਣ ਜੋਗਾ ਹੋ ਜਾਵੇਗਾ। ਖੁਸ਼ਹਾਲ ਕਿਸਾਨ ਫਿਰ ਹੋਰ ਸਹੂਲਤਾਂ ਦੀ ਮੰਗ ਕਰੇਗਾ। ਭਾਰਤੀ ਹਾਕਮਾਂ ਨੂੰ ਅੱਖਾਂ ਵਿਖਾਵੇਗਾ। ਇਸ ਲਈ ਅਜਿਹੀ ਮਾਰ ਮਾਰੀ ਜਾ ਰਹੀ ਹੈ ਕਿ ਰੋਟੀ ਦੇ ਸੰਸੇ ਪਏ ਰਹਿਣ, ਕਰਜਾ ਹੀ ਸਿਰੋਂ ਨਾ ਲੱਥੇ, ਸੌਖਾ ਸਾਹ ਆ ਹੀ ਨਾ ਸਕੇ। ਅਜਿਹੀ ਹਾਲਤ ਵਿਚ ਜਿਸ ਕੀਮਤ ਤੇ ਸਰਕਾਰ ਕਣਕ ਖ੍ਰੀਦਣਾ ਚਾਹੇ, ਕਿਸਾਨ ਝੱਟ ਵੇਚ ਦਿੰਦਾ ਹੈ। ਹੋਰ ਕਰ ਭੀ ਕੀ ਸਕਦਾ ਹੈ?

ਜਦੋਂ ਮੰਡੀਆਂ ਵਿਚ ਝੋਨਾ ਤੇ ਕਣਕ ਦੀ ਆਮਦ ਹੁੰਦੀ ਹੈ, ਉਸ ਸਮੇਂ ਸਰਕਾਰ ਜਾਣ ਬੁੱਝ ਕੇ ਖ੍ਰੀਦਣ ਵਿਚ ਦੇਰੀ ਕਰਦੀ ਹੈ। ਹਫਤਾ ਦਸ ਦਿਨ ਕਿਸਾਨ ਨੂੰ ਮੰਡੀ ਵਿਚ ਰਾਤਾਂ ਜਾਗਣੀਆਂ ਪੈਂਦੀਆਂ ਹਨ। ਉਥੇ ਬੈਠਿਆਂ ਲਗਾਤਾਰ ਖਰਚਾ ਹੋ ਰਿਹਾ ਹੈ। ਕਣਕ ਚੋਰੀ ਹੋ ਰਹੀ ਹੈ। ਧੁੱਪ ਨਾਲ ਸੁੱਕ ਕੇ ਵਜ਼ਨ ਘੱਟ ਰਿਹਾ ਹੈ। ਮੀਂਹ ਹਨੇਰੀ ਨਾਲ ਬਰਬਾਦੀ ਹੋ ਰਹੀ ਹੈ। ਖੁਰਾਕ ਮਹਿਕਮੇ ਦੇ ਇੰਸਪੈਕਟਰ ਫਿਰ ਆਪਣਾ ਹਿੱਸਾ ਪੱਤੀ ਤੈਹ ਕਰਦੇ ਹਨ। ਆੜਤੀਆ ਆਪਣਾ ਕੋਟਾ ਨਿਸ਼ਚਿਤ ਕਰਦਾ ਹੈ। ਉਪਰਲਿਆਂ ਤਾਈ ਬੇਈਮਾਨੀ ਦੀ ਕਮਾਈ ਵਿਚੋਂ ਬੜੀ ''ਇਮਾਨਦਾਰੀ'' ਨਾਲ, ਘਰ ਬੈਠਿਆਂ ਹਿੱਸਾ ਪੁਚਾ ਦਿੱਤਾ ਜਾਂਦਾ ਹੈ। ਜਿਸ ਕਿਸਾਨ ਨੇ ਜ਼ਮੀਨ ਵਾਹੀ, ਪਾਣੀ ਲਾਇਆ, ਖਾਦ ਪਾਈ, ਰਾਖੀ ਕੀਤੀ, ਰਾਤਾਂ ਜਾਗੀਆਂ। ਸਾਰਾ ਪਰਿਵਾਰ ਮਿੱਟੀ ਨਾਲ ਮਿੱਟੀ ਹੋਇਆ। ਉਸਦੀਆਂ ਅੱਖਾਂ ਦੇ ਸਾਹਮਣੇ ਉਸਨੂੰ ਬੇਬੱਸ ਕਰਕੇ , ਉਸ ਦੀ ਖੂਨ ਪਸੀਨੇ ਦੀ ਕਮਾਈ, **''ਧਾੜਵੀ''** ਲੁੱਟ ਕੇ ਲੈ ਗਏ। ਕਿਸਾਨ ਆਪਣੀ

ਮਿਹਨਤ ਨਾਲ ਤਿਆਰ ਕੀਤੀ ਫਸਲ ਨੂੰ ਮੰਡੀ ਵਿਚ **''ਵੇਚਕੇ''** ਨਹੀਂ ਆਉਂਦਾ, ਸਗੋਂ **''ਮੰਡੀ ਵਿਚ ਸੁੱਟਕੇ''** ਆਉਂਦਾ ਹੈ। ਇਹ ਮੁਹਾਵਰਾ ਇਸੇ ਕਲੇਜਾ ਵਿੰਨਵੀਂ ਅਵਸਥਾ ਵਿਚੋਂ ਪੈਦਾ ਹੋਇਆ ਹੈ। **''ਫਸਲ ਮੰਡੀ ਵਿਚ ਸੁੱਟ ਦਿੱਤੀ''**। ਜਿਵੇਂ ਕੂੜਾ ਕਰਕਟ ਰੂੜੀ ਤੇ ਸੁੱਟੀਦਾ ਹੈ।

**30 ਮਾਰਚ, 07 ਦੇ ਇੰਡੀਅਨ ਐਕਸਪ੍ਰੈਸ ਅਤੇ ਟਾਈਮਸ ਆਫ ਇੰਡੀਆ ਵਿਚ ਭਾਰਤ ਦੇ ਖਜ਼ਾਨੇ ਮੰਤਰੀ ਵੱਲੋਂ ਕਣਕ ਦੇ ਵਪਾਰੀਆਂ ਨੂੰ ਚਿਤਾਨਵੀ ਦਿੱਤੀ ਗਈ, ਕਿ ''ਕੋਈ ਭੀ ਬਾਹਰ ਦਾ ਵਪਾਰੀ ਕਣਕ ਦੀ ਖ੍ਰੀਦ ਕਰਨ ਲਈ ਪੰਜਾਬ ਵਿਚ ਦਾਖ਼ਲ ਨਾ ਹੋਵੇ''।** (ਹਵਾਲਾ 1-4-07 ਸਪੋਕਸਮੈਨ) 3 ਅਪ੍ਰੈਲ, 07 ਦੇ ਸਪੋਕਸਮੈਨ ਵਿਚ ਪੰਜਾਬ ਦੇ ਖੇ ਤੀ ਮੰਤਰੀ ਸੁੱਚਾ ਸਿੰਘ ਲੰਗਾਹ ਵੱਲੋਂ ਭੀ ਉਹੀ ਕੇਂਦਰ ਦੀ ਬੋਲੀ ਦੁਹਰਾਈ ਗਈ ਹੈ। **''ਕਿ ਕੋਈ ਵਪਾਰੀ ਕਿਸਾਨਾਂ ਦੇ ਖੇਤਾਂ ਵਿਚੋਂ ਕਣਕ ਖ੍ਰੀਦਣ ਦੀ ਕੋਸ਼ਿਸ਼ ਨਾ ਕਰੇ''।** ਪੰਜਾਬ ਦੀ ''ਅਕਾਲੀ'' ਸਰਕਾਰ ਭੀ ਨਹੀਂ ਚਾਹੁੰਦੀ ਕਿ ਜ਼ਿੰਮੀਦਾਰਾਂ ਨੂੰ ਕਣਕ ਦੇ ਦੋ ਪੈਸੇ ਕਿਸੇ ਤਰ੍ਹਾਂ ਵੱਧ ਮਿਲ ਜਾਣ। ਪਿਛਲੇ ਸਮੇਂ ਇੰਗਲੈਂਡ ਤੋਂ ਇਕ ਗੋਰਾ ਪੰਜਾਬ ਦੀ ਖੰਨਾ ਮੰਡੀ ਦਾ ਸਰਵੇਖਣ ਕਰ ਰਿਹਾ ਸੀ। ਉਸਨੇ ਆਪਣੇ ਦੁਭਾਸ਼ੀਏ ਰਾਹੀਂ ਸਾਰੀ ਪੜਤਾਲ ਕੀਤੀ। ਬਹੀਖਾਤੇ ਵੇਖੇ। ਖਰਚ ਤੇ ਆਮਦਨ ਵੇਖੀ। ਫਸਲ ਵਿਚੋਂ ਮਿਲਦਾ ਕਮੀਸ਼ਨ ਦਾ ਪਤਾ ਕੀਤਾ। ਜਦੋਂ ਤੁਰਨ ਲੱਗਾ ਤਾਂ ਪੱਤਰਕਾਰਾਂ ਨੇ ਪੁੱਛ ਲਿਆ ਕਿ ''ਇਸ ਮੰਡੀ ਬਾਰੇ ਆਪਣੇ ਵਿਚਾਰ ਦੱਸੋ''। ਗੋਰਾ ਕਹਿਣ ਲੱਗਾ **ਜੇ ਭਾਰਤ ਸਰਕਾਰ ਇਜ਼ਾਜ਼ਤ ਦੇਵੇ, ਮੈਂ ਇਸ ਮੰਡੀ ਵਿਚ ਇਕ ਲੱਕੜੀ ਦਾ ਖੋਖਾ ਰੱਖ ਕੇ, ਆੜਤੀਆ ਬਣਨਾ ਚਾਹਾਂਗਾ। ਕਿਉਂਕਿ ਇਕ ਪੈਸਾ ਖਰਚੇ ਤੋਂ ਬਗੈਰ, ਡੱਕਾ ਦੂਹਰਾ ਕਰਨ ਤੋਂ ਬਿਨਾ, ਆੜਤੀਆ ਹਰ ਸਾਲ ਕਈ ਕਈ ਲੱਖ ਦੀ ਕਮਾਈ ਕਰ ਲੈਂਦਾ ਹੈ। ਮੇਰੇ ਲਈ ਇਹ ਕੰਮ ਵਧੀਆ ਰਹੇਗਾ''।** ਪੰਜਾਬ ਦਾ ਸਿੱਖ (ਕਿਸਾਨ) ਸਾਰੇ ਦੇਸ਼ ਦਾ ਢਿੱਡ ਭਰਦਾ ਹੈ। ਉਸ ਨੂੰ ਪ੍ਰਵਾਰ ਸਮੇਤ ਭੁੱਖਾ ਮਾਰਨ ਲਈ, ਪੰਜਾਬ ਸਰਕਾਰ ਨੇ ਇਕ ਅਜਿਹੇ ਹਥਿਆਰ ਦੀ ਵਰਤੋਂ ਕੀਤੀ ਹੋਈ ਹੈ, ਜੋ ਅਣਪੜ੍ਹਤਾ ਕਾਰਨ, ਆਮ ਕਿਸਾਨ ਨੂੰ ਪਤਾ ਹੀ ਨਹੀਂ ਹੈ। ਪੜ੍ਹੇ ਲਿਖੇ ਕਿਸਾਨ ਦੀ ਸਰਕਾਰੇ ਦਰਬਾਰੇ ਪਹੁੰਚ ਭੀ ਹੈ, ਤੇ ਖੇਤੀ ਤੋਂ ਇਲਾਵਾ ਉਸ ਕੋਲ ਆਮਦਨ ਦੇ ਹੋਰ ਵਸੀਲੇ ਭੀ ਹਨ। ਪੰਜਾਬ ਦੇ ਕਾਂਗਰਸੀ, ਅਤੇ ਅਕਾਲੀ ਰਾਜਸੀ ਲੀਡਰ, ਇਕ ਵਾਢਿਓਂ ਪੰਜਾਬ ਨੂੰ ਬਰਬਾਦ ਕਰਨ ਤੇ ਤੁਲੇ ਹੋਏ ਹਨ। ਮੈਂ ਖੁਦ ਇਕ ਹੋਰ ਸਾਥੀ ਸਮੇਤ, ਆਪਣੇ ਪ੍ਰਵਾਰ ਲਈ ਪਟਿਆਲਾ ਅਨਾਜ ਮੰਡੀ ਵਿਚੋਂ ਕਣਕ ਖ੍ਰੀਦਣ ਲਈ ਗਿਆ। ਚਾਰ ਆੜਤੀਏ ਦੁਕਾਨਦਾਰਾਂ ਨੇ 13-04-07 ਨੂੰ ਜਦੋਂ ਮੰਡੀ ਵਿਚ ਕਣਕ ਦੇ ਢੇਰ ਲੱਗੇ ਹੋਏ ਸਨ, ਕਣਕ ਦੇਣ ਤੋਂ ਨਾਂਹ ਕਰ ਦਿੱਤੀ। ਅਖੇ ''ਸਾਨੂੰ ਅਗੇ ਵੇਚਣ ਦੀ ਆਗਿਆ ਨਹੀਂ ਹੈ''। ਆੜਤੀਆ ਅਮਰਨਾਥ, ਸੰਜੇ ਕੁਮਾਰ ਕਣਕ ਦੇਣੀ ਮੰਨ ਗਿਆ, ਪਰ 1030 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ। ਜਦੋਂ ਅਸੀਂ ਕਿਸਾਨ ਨੂੰ ਪੁਛਿਆ ਕਿ ਤੁਹਾਨੂੰ ਪੈਸੇ ਕਿਸ ਰੇਟ ਦੇ

ਮਿਲਦੇ ਹਨ। ਉਸ ਦਸਿਆ ਕਿ 850 ਦੇ ਹਿਸਾਬ। ਇਕ ਸੌ ਅੱਸੀ ਰੁਪਏ ਆੜਤੀਆ ਸਿੱਧਾ ਹੀ ਹੜੱਪ ਕਰ ਗਿਆ। ਉਤੋਂ ਹੁਕਮ ਇਕ ਚਾਹੜਿਆ ਕਿ ਰਾਤੀਂ 9 ਵਜੇ ਤੋਂ ਬਾਅਦ ਮੰਡੀ ਵਿਚੋਂ ਕਣਕ ਚੁੱਕਣੀ ਹੈ। ਮਤਾਂ ਕੋਈ ਵੇਖ ਨਾ ਲਵੇ। ਜਿਵੇਂ ਅਸੀਂ ਕਣਕ ਖਰੀਦ ਕੇ ਨਹੀਂ ਆ ਰਹੇ, ਸਗੋਂ ਭੁੱਕੀ ਦੀਆਂ ਬੋਰੀਆਂ ਲੈ ਕੇ ਅ ਰਹੇ ਹੋਈਏ।

ਇਥੇ ਖਾਸ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸਾਰੇ ਭਾਰਤ ਨਾਲੋਂ, ਪੰਜਾਬ ਵਿਚ ਅਨਾਜ ਤੇ ਮੰਡੀ ਫੀਸ ਵਧ ਹੈ। ਸਾਰੀਆਂ ਸਟੇਟਾਂ ਵਿਚ ਇਕ ਪ੍ਰਸੈਂਟ ਤੋਂ ਲੈ ਕੇ 3 ਪ੍ਰਤੀਸ਼ਤ ਤੱਕ ਮੰਡੀ ਫੀਸ ਹੈ। ਪੰਜਾਬ ਦੇ ਕਿਸਾਨ ਨੂੰ ਤਬਾਹ ਕਰਨ ਵਾਸਤੇ ਇਥੇ ਅਨਾਜ ਤੇ, ਮੰਡੀ ਫੀਸ ਸਾਢੇ ਗਿਆਰਾਂ (11.5 ਪ੍ਰਤੀਸ਼ਤ) ਹੈ। ਜੋ ਸਿੱਧਾ ਹੀ ਕਿਸਾਨਾਂ ਦੀ ਮਿਹਨਤ ਤੇ ਡਾਕਾ ਹੈ। ਸਰਕਾਰ ਕਿਸਾਨਾਂ ਨੂੰ ਬੋਨਸ ਦੇਣ ਦਾ ਹਰ ਸਾਲ ਖੇਖਣ ਕਰਦੀ ਹੈ। ਜੇ 11.5 ਪ੍ਰਤੀਸ਼ਤ ਫੀਸ ਘਟਾ ਕੇ, ਇਕ-ਦੋ ਪ੍ਰਤੀਸ਼ਤ ਕਰ ਦੇਵੇ, ਤੇ ਬੋਨਸ ਦੇਣ ਦਾ ਨਾਟਕ ਫਿਰ ਨਾ ਕਰਨਾ ਪਵੇ। ਇਸ ਤਰ੍ਹਾਂ ਇਕ ਕਰੋੜ ਟਨ ਕਣਕ ਤੋਂ ਖਰਬਾਂ ਰੁਪਿਆ, ਸਰਕਾਰ ਅਤੇ ਆੜਤੀਏ ਹੜੱਪ ਕਰ ਲੈਂਦੇ ਹਨ। ਇਸ ਵਾਰੀ ਭਾਰਤੀ ਕਿਸਾਨ ਯੂਨੀਅਨ ਦਾ ਸੰਸਥਾਪਕ ਲੰਮੇ ਘੋਲ ਤੋਂ ਬਾਅਦ, ਪੰਜਾਬ ਮੰਡੀ ਬੋਰਡ ਦਾ ਚੇਅਰਮੈਨ, ਸ੍ਰ: ਅਜਮੇਰ ਸਿੰਘ ਲੱਖੋਵਾਲ, ਰਾਜ ਗੱਦੀ ਦੇ ਸੁੱਖ ਵਿਚ ਹੀ ਮਦਹੋਸ਼ ਹੋ ਕੇ ਕਿਸਾਨਾਂ ਨਾਲ ਗੱਦਾਰੀ ਕਰੇਗਾ ਜਾਂ ਫਿਰ ਆਪਣੀ ਕੁਰਸੀ ਦੀ ਤਾਕਤ ਨੂੰ ਕਿਸਾਨ ਹਿੱਤਾਂ ਲਈ ਵਰਤੇਗਾ? ਇਹ ਵੇਖਣਾ ਅਜੇ ਬਾਕੀ ਹੈ। ਸ੍ਰ: ਪ੍ਰਕਾਸ਼ ਸਿੰਘ ਬਾਦਲ ਚਾਰ ਰੁਪਏ ਕਿਲੋ ਆਟਾ ਦੇਣ ਦੇ ਝੂਠੇ ਵਾਅਦੇ ਕਰਨ ਦੀ ਥਾਵੇਂ ਕਿਸਾਨਾਂ ਨੂੰ ਉਹਨਾਂ ਦੀ ਮਿਹਨਤ ਦਾ ਵਾਜਬ ਮੁੱਲ ਹੀ ਦੇ ਦੇਵੇ।

ਬਾਜ਼ਾਰ ਵਿਚੋਂ ਕਦੀ ਬਿਸਕੁਟ ਖ੍ਰੀਦ ਕੇ ਹਿਸਾਬ ਲਾਓ, ਇਕ ਸੌ ਗ੍ਰਾਮ ਦਸ ਰੁਪਏ ਦੇ ਮਿਲਣਗੇ। ਯਾਨੀ ਇਕ ਸੌ ਰੁਪਏ ਕਿਲੋ। ਕਣਕ ਵਿਕੀ ਸੀ ਅੱਠ-ਨੌਂ ਰੁਪਏ ਕਿਲੋ। ਤੇ ਬਿਸਕੁਟ 100 ਰੁਪਏ ਕਿਲੋ? ਐਡਾ ਹਨੇਰ? ਫਿਰ ਇਸੇ ਕਣਕ ਤੇ ਸਰੱਕ ਵਰਗੀ ਇਕ ਹੋਰ ਚੀਜ਼ ਬਣਦੀ ਹੈ ''ਰਸ''। ਇਹ ਰਸ ਜਿਹੇ ਭੀ ਚਾਲੀ ਰੁਪਏ ਕਿਲੋ ਮਿਲਦੇ ਹਨ। ਫਰਕ ਇੰਨਾ ਹੀ ਹੈ ਕਿ ਇਹਨਾਂ ਨੂੰ ਭੱਠੀ ਵਿਚ ਪਕਾ ਲਿਆ ਗਿਆ ਹੈ। ਕਣਕ ਦਾ ਦਲੀਆ ਭੀ ਤੀਹ ਰੁਪਏ ਕਿਲੋ ਤੋਂ ਘੱਟ ਨਹੀਂ ਮਿਲਦਾ। ਡਬਲ ਰੋਟੀ ਭੀ ਚਾਲੀ ਪੰਜਾਹ ਰੁਪਏ ਕਿਲੋ ਹੀ ਮਿਲਦੀ ਹੈ ਤੇ ਕਣਕ ਵਿਕਦੀ ਹੈ ਅਠ ਦਸ ਰੁਪਏ ਕਿਲੋ। ਫਿਰ ਪੰਜਾਬ ਵਿਚ ਡਬਲ ਰੋਟੀ ਅਤੇ ਬਿਸਕੁਟ ਤਿਆਰ ਕਰਨ ਲਈ, ਕੋਈ ਵੱਡੀਆਂ ਫੈਕਟਰੀਆਂ ਲਾਈਆਂ ਹੀ ਨਹੀਂ। ਪੰਜਾਬ ਵਿਚੋਂ ਕਣਕ, ਬਾਹਰਲੇ ਸੂਬਿਆਂ ਵਿਚ ਜਾਂਦੀ ਹੈ। ਉਥੋਂ ਫਿਰ ਬਿਸਕੁਟ ਆਦਿ ਬਣਕੇ ਵਾਪਸ ਆਉਂਦੇ ਹਨ, ਪਰ ਦਸ ਪੰਦਰਾਂ ਗੁਣਾਂ ਮਹਿੰਗੇ ਮੁੱਲ ਤੇ।

ਪਾਕਿਸਤਾਨ ਵਾਲੇ ਪਾਸੇ ਪੰਜਾਬ ਦੇ ਬਾਰਡਰ ਤੇ, ਅਰਬਾਂ ਰੁਪਏ ਖਰਚ ਕਰਕੇ,

ਭਾਰਤ ਸਰਕਾਰ ਨੇ ਕੰਡਿਆਲੀ ਤਾਰ ਲਾਈ ਹੈ। ਕਿ ਉਧਰੋਂ ਇਧਰ ਤੇ ਇਧਰੋਂ ਉਧਰ ਸਮਗਲਿੰਗ ਨਾ ਹੋਵੇ। ਨਸ਼ੇ ਤੇ ਹਥਿਆਰ ਨਾ ਆਉਣ ਨਾ ਜਾਣ। ਪਰ ਇਹ ਅਧੂਰਾ ਸੱਚ ਹੈ। ਨਸ਼ੇ ਤੇ ਹਥਿਆਰਾਂ ਦੀ ਸਮਗਲਿੰਗ ਫਿਰ ਭੀ ਧੜੱਲੇ ਨਾਲ ਹੋ ਰਹੀ ਹੈ। **ਅਸਲ ਵਿਚ ਪੰਜਾਬ ਵਿਚੋਂ, ਪਾਕਿਸਤਾਨ ਵਲ ਕਣਕ ਚੋਰ ਰਸਤੇ ਨਾ ਚਲੀ ਜਾਵੇ। ਪੰਜਾਬ ਦੀ ਕਣਕ ਉਧਰ ਜਾ ਕੇ ਪੰਦਰਾਂ ਸੌ ਰੁਪਏ ਕੁਇੰਟਲ ਨੂੰ ਵਿਕਦੀ ਹੈ। ਇਹ ਵਾਧੂ ਪੈਸੇ ਕਿਤੇ ਪੰਜਾਬ ਨੂੰ ਅਮੀਰ ਨਾ ਬਣਾ ਦੇਣ।** ਕਈ ਵੱਡੇ ਕਿਸਾਨ ਕਣਕ ਕੱਢਕੇ ਤੁਰੰਤ ਮੰਡੀ ਵਿਚ ਨਹੀਂ ਭੇਜਦੇ। ਆਪਣੇ ਸਟੋਰਾਂ ਵਿਚ ਰੱਖ ਲੈਂਦੇ ਹਨ। ਅਜਿਹੇ ਕਿਸਾਨਾਂ ਤੇ ਸਰਕਾਰ ਨੇ ਕਣਕ, ਪੁਲਿਸ ਦੀ ਤਾਕਤ ਨਾਲ ਬਾਹਰ ਕਢਵਾਈ ਹੈ, ਤੇ ਕਿਸਾਨ ਨੂੰ ਆਪਣੀ ਹੀ ਚੀਜ਼ ਰੱਖਣ ਦੇ ਦੋਸ਼ ਵਿਚ ਬੇਇਜ਼ਤ ਕੀਤਾ ਗਿਆ। ਜਖੀਰੇਬਾਜੀ ਦਾ ਮੁਕੱਦਮਾ ਦਰਜ ਕੀਤਾ ਗਿਆ। ਘਾਟੇ ਵਿਚ ਕਣਕ ਵੇਚਣ ਤੇ ਮਜਬੂਰ ਕੀਤਾ ਗਿਆ। ਇਹਨਾਂ ਜੁਲਮਾਂ ਦੇ ਵਿਰੁੱਧ ਕਿਸੇ ਅਕਾਲੀ ਲੀਡਰ ਨੇ ਜੁਬਾਨ ਨਹੀਂ ਖੋਹਲੀ। ਹਾਅ ਦਾ ਨਾਅਰਾ ਨਹੀਂ ਲਾਇਆ। ਜਦੋਂ ਅਕਾਲੀਆਂ ਦਾ ਰਾਜ ਆਉਂਦਾ ਹੈ, ਤਦੋਂ ਭੀ ਇਹੀ ਵਰਤਾਰਾ ਵਰਤਦਾ ਹੈ। ਇਹਨਾਂ ਪਾਪ ਕਰਮਾਂ ਅਤੇ ਧੱਕੇਸ਼ਾਹੀ ਵਿਰੁੱਧ ਸ਼ਾਇਦ ਹੀ ਕਿਸੇ ਵਿਦਵਾਨ ਨੇ ਦੋ ਅੱਖਰ ਲਿਖੇ ਹੋਣ। **ਆਪਣੇ ਆਪ ਨੂੰ ਧਰਮੀ ਅਖਵਾਉਣ ਵਾਲੇ ''ਸੰਤ ਬ੍ਰਹਮ ਗਿਆਨੀ ਤੇ ਜਥੇਦਾਰਾਂ'' ਨੇ ਇਹਨਾਂ ਦੁਸ਼ਟ ਕਰਮਾਂ ਬਦਲੇ , ਕਦੀ ਮੂੰਹ ਨਹੀਂ ਖੋਲ੍ਹਿਆ। ਅਖੇ ਜੀ ''ਅਸੀਂ ਤਾਂ ਨਿਰੋਲ ਧਾਰਮਿਕ ਵਿਅਕਤੀ ਹਾਂ''। ਰਾਜਨੀਤੀ ਨਾਲ ਸਾਡਾ ਕਾਹਦਾ ਵਾਸਤਾ? ਜੋ ''ਧਰਮੀ ਵਿਅਕਤੀ'' ਮਨੁੱਖਤਾ ਦੇ ਹੱਕ ਵਿਚ ਹਿੱਕ ਤਾਣ ਕੇ ਨਹੀਂ ਖਲੋਂਦਾ, ਗਰੀਬਾਂ ਨਿਮਾਣਿਆਂ ਦੀ ਧਿਰ ਨਹੀਂ ਬਣਦਾ, ਸੱਚ ਦੀ ਆਵਾਜ਼ ਬੁਲੰਦ ਨਹੀਂ ਕਰਦਾ, ਫਿਰ ਉਹ ਧਰਮੀ ਨਹੀਂ ਹੈ। ਠੱਗ ਹੈ ਫਰੇਬੀ ਹੈ ਪਾਖੰਡੀ ਹੈ ਲੁਟੇਰਾ ਹੈ। ਭਾਵੇਂ ਕਿੰਨੇ ਵੱਡੇ ਧਰਮ ਅਸਥਾਨ ਦਾ ਮੁਖੀ ਹੀ ਕਿਉਂ ਨਾ ਹੋਵੇ। ਗੁਰੂ ਨਾਨਕ ਸਾਹਿਬ ਬਾਬਰ ਦੇ ਵਿਰੁੱਧ ਸਚ ਦੀ ਆਵਾਜ਼ ਬੁਲੰਦ ਕਰਦੇ ਸਨ। ਮਲਕ ਭਾਗੋ ਨੂੰ ਭਰੇ ਇਕੱਠ, ਵਿਚ ਫਿਟਕਾਰਾਂ ਪਾਉਂਦੇ ਸਨ, ਤੇ ਭਾਈ ਲਾਲੋ (ਗਰੀਬ, ਕਿਰਤੀ) ਨੂੰ ਗਲੇ ਲਾਉਂਦੇ ਸਨ। ਸਾਰਾ ਗੁਰੂ ਇਤਿਹਾਸ ਤੇ ਗੁਰਮਤ ਨੂੰ ਸਮਝਣ ਵਾਲੇ ਯੋਧੇ, ਹਮੇਸ਼ਾਂ ਜੁਲਮ ਦੇ ਵਿਰੁੱਧ ਜੈਕਾਰੇ ਗਜਾਉਂਦੇ ਰਹੇ, ਖੰਡੇ ਖੜਕਾਉਂਦੇ ਰਹੇ। ਅੱਜ ਦੇ ਡੇਰਿਆਂ ਵਿਚ ''ਨਾਮ ਸਿਮਰਣ'' ਕਰ ਰਹੇ, ਲਿਸ਼ਕਾਂ ਮਾਰ ਦੇ ਸਫੈਦ ਚੋਲਿਆਂ ਵਿਚ ਲਿਪਟੇ, ''ਧਰਮੀ ਪੁਰਖ'' ਜੁਲਮ ਦੇ ਵਿਰੁੱਧ ਉੱਚਾ ਸਾਹ ਤੱਕ ਨਹੀਂ ਕੱਢ ਸਕਦੇ। ਵੱਡੀਆਂ ਵੱਡੀਆਂ ਡਿਗਰੀਆਂ ਵਾਲੇ ਆਪਣੇ ਲੋਕਾਂ ਦੇ ਹੱਕ ਵਿਚ ਨਿਤਰਨ ਦੀ ਥਾਵੇਂ ਕੁਝ ਟੁਕੜਿਆਂ ਵੱਟੇ ਜ਼ਮੀਰ ਵੇਚ ਗਏ।**

**ਸਿੱਖਾਂ ਤੋਂ ਪਾਣੀ ਖੋਹਿਆ, ਬਿਜਲੀ ਖੋਹੀ, ਉਪਜਾਊ ਧਰਤੀ ਖੋਹੀ (ਹਰਿਆਣੇ ਦਾ ਬਹੁਤਾ ਇਲਾਕਾ) ਪੰਜਾਬੀ ਬੋਲੀ ਖੋਹੀ, ਵਿਦਿਆ ਖੋਹੀ, ਰੋਜ਼ਗਾਰ ਖੋਹਿਆ, ਇੱਜ਼ਤ ਆਬਰੂ**

**ਖੋਹੀ, ਢਿੱਡ ਭਰਨ ਜੋਗੀ ਰੋਟੀ (ਕਣਕ) ਖੋਹ ਲਈ। ਜੇ ਰੋਟੀ ਖੋਹਣ ਵਾਲੇ ਵਿਰੁੱਧ ਕੈਰੀ ਅੱਖ ਨਾਲ ਭੀ ਵੇਖਿਆ, ਤਾਂ ਸਾਰੇ ਭਾਰਤ ਦੀ ਫੌਜ ਚੜ੍ਹ ਪਈ। ਸਿੱਖਾਂ ਤੋਂ ਜਿਉਣ ਦਾ ਹੱਕ ਖੋਹ ਲਿਆ। ਇਸੇ ਖਤਰਨਾਕ ਹਾਲਾਤ ਵਿਚ ਕੰਮ ਕਰਨਾ ਪਵੇਗਾ, ਸਿਰ ਤੇ ਕੱਫਣ ਬੰਨ੍ਹ ਕੇ, ਆਪਣੇ ਖੁਸ ਚੁੱਕੇ ਹੱਕਾਂ ਦੀ ਲੜਾਈ ਲੜਨੀ ਪਵੇਗੀ। ਨਵੇਂ ਰਾਹ ਲੱਭਣੇ ਪੈਣਗੇ। ਵਰਨਾ ਮਰ ਤਾਂ ਜਾਣਾ ਹੀ ਹੈ।**

**000**

## 15. ਫੌਜ ਵਿਚ ਭਰਤੀ ਤੇ ਸਿੱਖ

ਭਾਰਤੀ ਲੋਕ ਸਿਕੰਦਰ ਤੋਂ ਹਰ ਗਏ, ਮੁਹੰਮਦ ਬਿਨ ਕਾਸਿਮ (712 ਈਸਵੀ) ਤੋਂ ਹਾਰ ਗਏ। ਮੁਹੰਮਦ ਗੌਰੀ ਤੋਂ ਹਾਰ ਗਏ, ਮਹਿਮੂਦ ਗਜਨਵੀ ਤੋਂ ਹਾਰ ਗਏ, ਤੈਮੂਰ ਲੰਗ ਅੱਗੇ ਗੋਡੇ ਟੇਕ ਦਿੱਤੇ, ਮੁਹੰਮਦ ਤੁਗਲਕ ਨੇ ਲੰਮੇ ਪਾ ਦਿੱਤੇ। ''ਗੁਲਾਮ ਬੰਸੀਆਂ'' ਇਥੇ ਹੀ ਪੱਕੇ ਅੱਡੇ ਜਮਾ ਲਏ। ਲੋਧੀਆਂ ਪਠਾਣਾਂ ਨੇ ਚੰਗੀ ਗਿੱਦੜ ਕੁੱਟ ਕੀਤੀ। ਫਿਰ ਬਾਬਰ ਨੇ ਧਾਵਾ ਬੋਲ ਦਿੱਤਾ। ਮੁਗਲਾਂ ਨੇ ਲੰਮਾ ਸਮਾਂ ਜੀਅ ਭਰਕੇ ਹਿੰਦੁਸਤਾਨ ਤੇ ਰਾਜ ਕੀਤਾ। ਸੰਨ 1739 ਵਿਚ ਨਾਦਰ ਸ਼ਾਹ ਨੇ ਫੌਜਾਂ ਚਾੜ੍ਹ ਦਿੱਤੀਆਂ। ਬੇਅੰਤ ਕਤਲੋਗਾਰਤ ਕਰਦਾ ਰਿਹਾ ਤੇ ਭਾਰਤ ਨੂੰ ਲੁਟਦਾ ਰਿਹਾ। ਇਸ ਤੋਂ ਮਗਰੋਂ ਇਸੇ ਦਾ ਜਾਨਸ਼ੀਂ ਅਹਿਮਦ ਸ਼ਾਹ ਉਸ ਤੋਂ ਭੀ ਭਿਆਨਕ ਹਮਲੇ ਕਰਨ ਲਗਾ। ਇਹਨਾਂ ਜਰਵਾਣਿਆਂ ਅੱਗੇ ਕਦੀ ਭੀ ਹਿੰਦੂ ਫੌਜ ਖਲੋ ਨਹੀਂ ਸਕੀ। ਬੰਦੇ ਭੇਡਾਂ ਬੱਕਰੀਆਂ ਵਾਂਗ ਵੱਢੇ ਜਾਂਦੇ ਰਹੇ। ਲੁੱਟੇ ਜਾਂਦੇ ਰਹੇ ਜਿਉਂਦੇ ਰਹਿਣ ਜੋਗਾ ਸਾਮਾਨ ਭੀ ਕੋਲ ਨਾ ਰਹਿਣ ਦਿੱਤਾ ਗਿਆ। ਹਰ ਇਕ ਸੋਹਣੀ ਤੇ ਜੁਆਨ ਔਰਤ, ਜੇਤੂ ਹਾਕਮਾਂ ਦੀ ਰੰਨ ਸੀ, ਹਰਮ ਦਾ ਸ਼ਿੰਗਾਰ ਸੀ। ਮੰਦਰ ਢਾਹੇ ਗਏ, ਮੂਰਤੀਆ ਚਕਨਾਚੂਰ ਕੀਤੀਆਂ ਗਈਆਂ। ਤਲਵਾਰ ਦੇ ਜ਼ੋਰ ਜੰਜੂ ਉਤਾਰੇ ਗਏ, ਧਰਮ ਪਰਿਵਰਤਨ ਕੀਤੇ ਗਏ। ਭਾਰਤੀ ਜਥੇਬੰਦਕ ਹੋ ਕੇ ਮੁਕਾਬਲਾ ਕਰਨ ਜੋਗੇ ਹੀ ਨਾ ਰਹੇ। ਇਸ ਬਾਰੇ ਵਿਸਥਾਰ ਵਿਚ ਪੜ੍ਹਨਾ ਚਾਹੋ ਤਾਂ ਹਿੰਦੀ ਵਿਚ ਛਪੀ ਪੁਸਤਕ **''ਹਿੰਦੂ ਇਤਿਹਾਸ ਹਾਰੋਂ ਕੀ ਦਾਸਤਾਨ''** ਪੜ੍ਹ ਸਕਦੇ ਹੋ।

ਗੁਰੂ ਨਾਨਕ ਸਾਹਿਬ ਨੇ ਇਨਕਲਾਬੀ ਬਾਣੀ ਉਚਾਰੀ, ਕਰਾਂਤੀਕਾਰ ਕੰਮ ਕੀਤੇ। ਇਥੋਂ ਦੇ ਪੱਥਰ ਬਣ ਚੁੱਕੇ ਲੋਕਾਂ ਨੂੰ ਤਰਾਸ਼ਿਆ ਸੰਵਾਰਿਆ। ਨਵੀਂ ਨੁਹਾਰ ਬਖਸ਼ੀ। ੧ਓਂ ਦੇ ਸੂਤਰ ਵਿਚ ਪਰੋਇਆ। ਖੁਦ ਮੋਹਰੀ ਹੋ ਕੇ ਪੂਰਨੈ ਪਾਏ। ਮੁਰਦਾ ਭਾਰਤੀ ਲੋਕਾਂ ਵਿਚ ਨਵੀਂ ਆਤਮਾ ਸੰਚਾਰਤ ਕੀਤੀ। ਜਿੰਨ੍ਹਾਂ ਨੂੰ ਸਤਿਗੁਰੂ ਦਾ ਉਪਦੇਸ਼ ਸਮਝ ਅਉਂਦਾ ਗਿਆ, ਉਹ ਤਨ ਮਨ ਧਨ ਲੋਕ ਹਿਤ ਵਿਚ ਅਰਪਣ ਕਰਨ ਲਈ ਤਿਆਰ ਹੋ ਗਏ। ਇਸ ਜਾਂਬਾਜ਼ ਸੂਰਮਿਆਂ ਦੀ ਛੋਈ ਜਿਹੇ ਫੌਜ ਨੇ, ਵੱਡੇ ਲਸ਼ਕਾਰਾਂ ਨੂੰ ਭਾਜੜਾਂ ਪੁਆ ਦਿੱਤੀਆਂ। ਮੌਤ ਦੇ ਨਾਮ ਤੋਂ ਥਰ ਥਰ ਕੰਬਦੇ ਲੋਕ **''ਕਬੀਰ ਮੋਹਿ ਮਰਨੇ ਕਾ ਚਾਉ ਹੈ,''** ਦੀ ਧੁਨੀ ਗਾਉਂਦੇ, ਬੇਖੌਫ ਰਣ ਤੱਤੇ

ਵਿਚ ਕੁੱਦ ਪਏ। ਸੈਂਕੜੇ ਸਾਲ ਇਹ ਅਸਾਵੀਂ ਜੰਗ ਚਲਦੀ ਰਹੀ। ਅੰਤ ਨੂੰ ਸਿੱਖ ਬਹਾਦਰਾਂ ਨੇ, ਗੁਲਾਮੀ ਦੇ ਸੰਗਲ ਤੋੜ ਦਿੱਤੇ। ਆਪਣਾ ਸੁਤੰਤਰ ਰਾਜ ਸਥਾਪਤ ਕਰ ਲਿਆ। ਜਿਨ੍ਹਾਂ ਲੋਕਾਂ ਨੂੰ ਲੜਨਾ ਮਰਨਾ ਨਹੀਂ ਆਉਂਦਾ ਸੀ, ਉਹ ਤੇਗ ਦੇ ਧਨੀ, ਤੇ ਸ਼ਾਹ ਸਵਾਰ ਹੋ ਗਏ। ਨਾਦਰਸ਼ਾਹ ਅਤੇ ਅਹਿਮਦਸ਼ਾਹ ਨੂੰ, ਅਜਿਹੀ ਮਾਰ ਮਾਰੀ ਕਿ ਭਾਰਤ ਵੱਲ ਆਉਣ ਦੀ ਹਿੰਮਤ ਗਵਾ ਬੈਠੇ। ਮਹਾਰਾਜਾ ਰਣਜੀਤ ਸਿੰਘ ਅਤੇ ਸ੍ਰ; ਹਰੀ ਸਿੰਘ ਨਲੂਆ ਵਰਗੇ, ਬੱਬਰ ਸ਼ੇਰਾ ਦੇ ਨਾਮ ਤੋਂ ਥਰਥਰ ਕੰਬਣ ਲੱਗ ਪਏ..........।

ਅੰਦਰ ਦੀ ਫੁੱਟ ਕਾਰਨ ਭਾਵੇਂ ਸਿੱਖ ਰਾਜ ਖਤਮ ਹੋ ਗਿਆ, ਅੰਗਰੇਜ਼ ਜਿੱਤ ਗਏ। ਪਰ ਪਹਿਲੀ ਵਾਰੀ ਗੋਰਿਆਂ ਨੂੰ ਅਹਿਸਾਸ ਹੋਇਆ ਕਿ ਇਥੇ ਕੋਈ ਜੰਗਜੂ ਕੌਮ ਭੀ ਮੌਜੂਦ ਹੈ। ਉਹਨਾਂ ਨੇ ਸਮਾਂ ਪਾ ਕੇ ਸਿੱਖਾਂ ਨੂੰ ਪਿਆਰ ਦਿੱਤਾ, ਕਈ ਸਹੂਲਤਾਂ ਦਿੱਤੀਆਂ। ਬਦਲੇ ਦੀ ਭਾਵਨਾ ਖਤਮ ਕਰਕੇ, ਦੋਸਤੀ ਵਾਲਾ ਹੱਥ ਵਧਾਇਆ। ਸਿੱਖਾਂ ਦੀ ਸਰੀਰਕ ਸ਼ਕਤੀ ਦੀ ਸਮਰੱਥਾ ਪਰਖ ਕੇ, ਇਹਨਾਂ ਨੂੰ ਜ਼ਮੀਨਾਂ ਮੁਰੱਬੇ ਦਿੱਤੇ। ਨਹਿਰਾਂ ਕੱਢੀਆਂ। ਖੇਤੀ ਰਾਹੀਂ ਦੇਸ਼ ਵਿਚੋਂ ਅੰਨ ਦਾਣੇ ਦੀ ਕਮੀ ਦੂਰ ਕਰਨ ਲਈ ਉਤਸ਼ਾਹਤ ਕੀਤਾ। ਸਿੱਖਾਂ ਦੀ ਜੰਗੀ ਨਿਪੁੰਨਤਾ ਅਤੇ ਲੰਮੇ ਸਮੇਂ ਦੇ ਤਜਰਬੇ ਦੀ ਕਦਰ ਕਰਦਿਆਂ, ਫੌਜੀ ਭਰਤੀ ਲਈ ਰਾਹ ਖੋਹਲ ਦਿੱਤਾ। ਸਿਹਤਮੰਦ ਗੱਭਰੂ ਲੱਗੇ ਫੌਜ ਵਿਚ ਭਰਤੀ ਹੋਣ। ਫੌਜੀ ਨੌਕਰੀ ਕਾਰਨ ਘਰੋਂ ਬਾਹਰ ਰਹਿ ਕੇ , ਦੁਨੀਆਂ ਵੇਖਣ ਦਾ ਮੌਕਾ ਮਿਲਿਆ, ਤਜਰਬੇ ਵਿਚ ਅਥਾਹ ਵਾਧਾ ਹੋਇਆ। ਘਰ ਨਗਦ ਪੈਸੇ ਆਉਣ ਲੱਗੇ ਪ੍ਰਵਾਰਾਂ ਦੀ ਪਾਲਣਾ ਚੰਗੇ ਢੰਗ ਦੀ ਹੋਣ ਲੱਗੀ। ਅੱਗੇ ਜਾ ਕੇ ਪੰਦਰਾਂ ਵੀਹ ਸਾਲ ਦੀ ਫੌਜੀ ਨੌਕਰੀ ਤੋਂ ਪੈਨਸ਼ਨ ਲੈ ਕੇ, ਸਿੱਖ ਬਦੇਸ਼ਾਂ ਵਿਚ ਵਸਣ ਲੱਗੇ। ਕਿਉਂਕਿ ਤਦੋਂ ਅੰਗੇਰਜੀ ਰਾਜ ਦੁਨੀਆਂ ਵਿਚ ਫੈਲਿਆ ਹੋਇਆ ਸੀ। ਸਿੱਖਾਂ ਨੂੰ ਅਰਬ, ਈਰਾਨ ਸਿੰਘਾਪੁਰ, ਥਾਈਲੈਂਡ ਆਦਿ ਦੇਸ਼ਾਂ ਵਿਚ ਜਾਣਾ ਪਿਆ। ਉਥੋਂ ਦੇ ਲੋਕਾਂ ਬਾਰੇ ਜਾਣਿਆ ਸਮਝਿਆ। ਬਹੁਤ ਸਾਰੇ ਸਿੱਖ ਬਦੇਸ਼ਾਂ ਵਿਚ ਰਹਿਣ ਲੱਗੇ। ਇਸ ਗਲ ਦਾ ਅਗੇ ਜਾ ਕੇ ਗਿਆਨ ਪੱਖੋਂ ਤੇ ਆਰਥਕ ਪੱਖੋਂ, ਸਿੱਖ ਸਮਾਜ ਤੇ ਬੜਾ ਵੱਡਾ ਅਸਰ ਪਿਆ। ਭਾਰਤ ਦੀ ਆਬਾਦੀ ਵਿਚ ਸਿੱਖਾਂ ਦੀ ਗਿਣਤੀ ਉਸ ਵਕਤ ਇਕ ਪ੍ਰਤੀਸ਼ਤ ਸੀ। ਲੇਕਿਨ ਫੌਜ ਵਿਚ ਸ਼ਮੂਲੀਅਤ 30 ਪ੍ਰਤੀਸ਼ਤ ਸੀ। ਸਿੱਖ ਸਿਪਾਹੀਆਂ ਨੇ ਜੰਗੀ ਮੋਰਚੇ ਤੇ ਲੜਦਿਆਂ ਆਪਣੇ ਕਮਾਂਡਰ ਨੂੰ ਕਦੀ ਨਿਰਾਸ ਨਹੀਂ ਕੀਤਾ।

15 ਅਗਸਤ, 1947 ਨੂੰ ਭਾਰਤ ਦੇਸ਼ ਆਜ਼ਾਦ ਹੋ ਗਿਆ। ਇਸ ਦੇਸ਼ ਦੇ ਹੁਕਮਰਾਨ ਫਿਰਕਾਪ੍ਰਸਤ ਸੋਚ ਵਾਲੇ ਲੋਕ ਬਣ ਗਏ। ਉਹ ਜਾਣਦੇ ਸਨ ਕਿ ਅਗਰ ਸਿੱਖ ਕੌਮ, ਗਿਆਨਵਾਨ ਹੋ ਗਈ ਤਾਂ ''ਭਾਰਤ ਦੀ ਏਕਤਾ ਔਰ ਅਖੰਡਤਾ ਖਤਰੇ ਵਿਚ ਪੈ ਜਾਵੇ ਗੀ''। ਜੇ ਸਿੱਖ ਪੰਥ ਆਰਥਕ ਖੇਤਰ ਵਿਚ ਮਜ਼ਬੂਤ ਹੋ ਗਿਆ ਤਾਂ ''ਅਖੰਡਤਾ ਖਤਰੇ'' ਵਿਚ।

ਜੇ ਕਰ ਫੌਜੀ ਤਾਕਤ ਸਿੱਖਾਂ ਕੋਲ ਹੋਈ ਤਾਂ ''ਦੇਸ਼ ਨੂੰ ਖਤਰਾ''। ਹੌਲੀ-ਹੌਲੀ ਭਾਰਤੀ ਫੌਜ ਵਿਚ ਸਿੱਖਾਂ ਦੀ ਭਰਤੀ ਘੱਟਣ ਲੱਗੀ। ਬਹਾਦਰੀ ਅਤੇ ਜੁੱਸੇ ਦੀ ਮਜ਼ਬੂਤੀ ਬੇਮਾਇਨੇ ਕਰ ਦਿੱਤੀ ਗਈ। ਸਾਰੀਆਂ ਸਟੇਟਾਂ ਨੂੰ ਆਬਾਦੀ ਦੇ ਹਿਸਾਬ ਨਾਲ ਕੋਟੇ ਅਲਾਟ ਕਰ ਦਿੱਤੇ ਗਏ। ਇਸ ਤਰ੍ਹਾਂ 30 ਪ੍ਰਤੀਸ਼ਤ ਫੌਜੀ ਭਰਤੀ ਤੋਂ ਘੱਟ ਕੇ, ਇਕ ਜਾਂ ਡੇਢ ਪ੍ਰਤੀਸ਼ਤ ਭਰਤੀ ਨਿਸ਼ਚਿਤ ਕਰ ਦਿੱਤੀ ਗਈ। ਅਕਾਲੀ ਆਗੂਆਂ ਨੇ ਇਸ ਧੱਕੇਸ਼ਾਹੀ ਵਿਰੁੱਧ ਕੋਈ ਕਾਰਗਰ ਨੀਤੀ ਨਾ ਅਪਣਾਈ। ਨਾ ਇਸ ਦਾ ਕੋਈ ਬਦਲਵਾਂ ਹੱਲ ਲਭਿਆ। ਪੰਜਾਬ ਵਿਚ ਬੇਰੁਜ਼ਗਾਰੀ ਵਧਦੀ ਗਈ।

ਸੰਨ 1977 ਵਿਚ ਮੁੱਖ ਮੰਤਰੀ ਸ੍ਰ: ਪ੍ਰਕਾਸ਼ ਸਿੰਘ ਬਾਦਲ, ਸ੍ਰ: ਗੁਰਬਚਨ ਸਿੰਘ ਟੌਹੜਾ ਆਦਿ ਅਕਾਲੀ ਲੀਡਰਾਂ ਦਾ ਇਕ ਜਥਾ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਮੋਰਾਰਜੀ ਡੇਸਾਈ ਨੂੰ ਮਿਲਿਆ। ਅਕਾਲੀਆਂ ਨੂੰ ਵਿਸ਼ਵਾਸ਼ ਸੀ ਕਿ ਕੇਂਦਰ ਅਤੇ ਪੰਜਾਬ ਵਿਚ ਸਾਂਝੀਆਂ ਸਰਕਾਰਾਂ ਹਨ। ਅਜਿਹੀ ਅਵਸਥਾ ਵਿਚ, ਸਿੱਖਾਂ ਦੀ ਜਾਇਜ਼ ਮੰਗ ਜ਼ਰੂਰ ਮੰਨ ਲਈ ਜਾਵੇਗੀ। ਮਿੱਥੇ ਸਮੇਂ ਤੇ ਇਹ ਲੋਕ ਪ੍ਰਧਾਨ ਮੰਤਰੀ ਨੂੰ ਮਿਲੇ। ਉਸਨੇ ਆਉਣ ਦਾ ਕਾਰਨ ਪੁਛਿਆ। ਅਕਾਲੀ ਲੀਡਰਾਂ ਦਸਿਆ ਕਿ, ''ਬਹੁਤ ਦੇਰ ਤੋਂ ਫੌਜ ਵਿਚ ਸਿੱਖਾਂ ਦੀ ਸ਼ਮੂਲੀਅਤ 30 ਪ੍ਰਤੀਸ਼ਤ ਚਲੀ ਆ ਰਹੀ ਸੀ। ਆਜ਼ਾਦੀ ਤੋਂ ਬਾਅਦ ਭਾਰਤ ਦੀ ਕਾਂਗਰਸੀ ਸਰਕਾਰ ਨੇ, ਇਹ ਅਨੁਪਾਤ ਘਟਾ ਕੇ ਇਕ ਪ੍ਰਤੀਸ਼ਤ ਤੇ ਲੈ ਆਂਦਾ ਹੈ। ਤੁਹਾਡੇ ਨਾਲ ਸਾਡੀ ਬਹੁਤ ਨੇੜਤਾ ਹੈ। ਤੁਸੀਂ ਕ੍ਰਿਪਾ ਕਰਕੇ ਫੌਜ ਵਿਚ ਸਿੱਖਾਂ ਦਾ ਕੋਟਾ ਵਧਾਓ।

**ਪ੍ਰਧਾਨ ਮੰਤਰੀ -** ''ਕਿਸ ਆਧਾਰ ਤੇ ਸਿੱਖਾਂ ਨੂੰ ਵੱਧ ਕੋਟਾ ਦਿੱਤਾ ਜਾਵੇ''?

**ਅਕਾਲੀ -** ''ਕਿਉਂਕਿ ਸਿੱਖ ਬਹਾਦਰ ਲੋਕ ਹਨ, ਸਰੀਰਕ ਪੱਖ ਤੋਂ ਮਜ਼ਬੂਤ ਹਨ ਅਜਿਹੇ ਲੋਕਾਂ ਦੀ ਹੀ ਫੌਜ ਵਿਚ ਲੋੜ ਹੁੰਦੀ ਹੈ''।

**ਪ੍ਰਧਾਨ ਮੰਤਰੀ -** ''ਅੱਜ ਸਾਇੰਸ ਦਾ ਜਮਾਨਾ ਹੈ। ਹੁਣ ਸਰੀਰਕ ਸ਼ਕਤੀ ਹੀ ਨਹੀਂ ਅਕਲ ਦੀ ਜ਼ਿਆਦਾ ਜ਼ਰੂਰਤ ਹੈ। ਇਕ ਬਟਣ ਨਾਲ ਦੁਨੀਆਂ ਤਬਾਹ ਹੋ ਸਕਦੀ ਹੈ''।

**ਅਕਾਲੀ -** ''ਫਿਰ ਸਾਡੀ ਬਹਾਦਰੀ ਤਾਕਤ .................''?

**ਪ੍ਰਧਾਨ ਮੰਤਰੀ -** ''ਸਾਨੂੰ ਕੁਸ਼ਤੀ ਲੜਨ ਵਾਲੇ ਪਹਿਲਵਾਨ ਨਹੀਂ ਚਾਹੀਦੇ। ਹੁਣ ਲਾਠੀ ਔਰ ਤਲਵਾਰ ਦੀ ਲੜਾਈ ਨਹੀਂ ਹੈ। ਅਕਲ ਦੀ ਲੜਾਈ ਹੈ। ਤੇ ਅਕਲ ਸਾਡੇ ਕੋਲ ਹੈ, ਤੁਸੀਂ ਜਾ ਸਕਦੇ ਹੋ''...........।

ਭਾਵੇਂ ਚੀਨ ਨਾਲ ਲੜਾਈ (1962) ਭਾਵੇਂ ਪਾਕਿਸਤਾਨ ਨਾਲ ਦੋ ਜੰਗਾਂ ਹੋਈਆਂ (1965 ਤੇ 1971) ਸਿੱਖ ਜਾਨਾਂ ਹੂਲ ਕੇ ਲੜੇ। ਭਾਰਤੀ ਹਾਕਮਾਂ ਨੇ ਕਉਡੀ ਮੁੱਲ ਨਾ

ਪਾਇਆ। ਪਾਕਿਸਤਾਨ ਨਾਲ ਲੜੀਆਂ ਦੋਵਾਂ ਜੰਗਾਂ ਦੁਹਰਾਨ ਪੰਜਾਬ ਦਾ ਅਰਬਾਂ ਰੁਪਇਆ ਦਾ (ਖੇਤੀ ਓਜਾੜੇ ਕਾਰਨ) ਨੁਕਸਾਨ ਹੋਇਆ। ਭਾਰਤ ਸਰਕਾਰ ਨੇ ਬਣਦਾ ਸਰਦਾ ਮੁਆਵਜ਼ਾ ਭੀ ਨਾ ਦਿੱਤਾ। ਜੰਗੀ ਮੈਡਲ ਭੀ ਬਹੁਤੇ ਹਿੰਦੂਆਂ ਨੂੰ ਹੀ ਦਿੱਤੇ ਜਾਂਦੇ ਹਨ। ਅਜਿਹੇ ਵਰਤਾਰੇ ਹੁੰਦੇ ਵੇਖ ਕੇ ਕੀ ਸਿੱਖ ਇਸ ਦੇਸ਼ ਨੂੰ ''ਆਪਣਾ ਦੇਸ਼'' ਸਵੀਕਾਰ ਕਰ ਸਕਦੇ ਹਨ? ਜਿਸ ਦੇਸ਼ ਵਿਚ ਰੋਜ਼ਗਾਰ ਦਾ, ਪੜ੍ਹਾਈ ਦਾ, ਸਵੈਮਾਣ ਦਾ ਮਿਲਣਾ ਤਾਂ ਦੂਰ ਦੀ ਗੱਲ ਸਗੋਂ ਮੌਤ ਦਾ ਸਾਮਾਨ ਸਿੱਖਾਂ ਨੂੰ ਥੋਕ ਵਿਚ ਦਿੱਤਾ ਜਾ ਰਿਹਾ ਹੈ। ਕੀ ਸਿੱਖ ਕੌਮ ਆਪਣੀ ਹੋਣੀ ਤੇ ਸਿਰ ਜੋੜ ਕੇ ਗਹਿਰ ਗੰਭੀਰ ਵਿਚਾਰ ਕਰੇਗੀ? ਕੀ ਇਹ ਵਰਤਾਰਾ ਐਵੇਂ ਵਰਤ ਰਿਹਾ ਹੈ?

**000**

# ਸਿੱਖ ਸਭਿਆਚਾਰ ਨੂੰ ਖੋਰਾ

ਮਨੁੱਖੀ ਸੁਭਾਅ ਨੂੰ ਤਬਦੀਲ ਕਰਨ ਵਾਸਤੇ, ਸਭਿਅਤਾ ਨੂੰ ਸਾਰਥਕ ਸੇਧ ਦੇਣ ਲਈ, ਧਰਮ ਪ੍ਰਮੁੱਖ ਹਿੱਸਾ ਪਾਉਂਦਾ ਹੈ। ਧਰਮ ਨੇ ਮਨੁੱਖੀ ਮਨਾਂ ਅੰਦਰ ਕੋਮਲ ਭਾਵਨਾਵਾਂ ਪੈਦਾ ਕੀਤੀਆਂ ਹਨ। ਧਰਮ ਹੀ ਲੋਕ ਸਮੂੰਹ ਨੂੰ ਇਸ ਸੂਤਰ ਵਿੱਚ ਪਰੋ ਕੇ ਰੱਖਣ ਵਿੱਚ ਸਹਾਈ ਹੋਇਆ। ਰਾਜਨੀਤੀ ਨੂੰ ਭੀ ਧਰਮ ਨੇ ਤਾਕਤ ਦਿੱਤੀ। ਭਾਰਤ ਦੇ ਜਨੂੰਨੀ ਹਿੰਦੂ ਰਾਜਨੀਤੀਵਾਨਾਂ ਨੇ ਪੰਜਾਬ ਤੇ ਚੌਮੁਖੀ ਧਾਵਾ ਬੋਲਿਆ ਹੋਇਆ ਹੈ। ਸ੍ਰੀ ਬੇਅੰਤ ਸਿੰਘ ਸਰਕਾਰ (1992 ਤੋਂ 1996) ਨੇ ਗੋਲੀ ਦੀ ਅਥਾਹ ਤਾਕਤ ਵਰਤ ਕੇ ਪੰਜਾਬ ਦੇ ਲਗਭਗ ਦੋ ਲੱਖ ਗੱਭਰੂਆਂ ਦੇ ਖੂਨ ਨਾਲ ਹੱਥ ਰੰਗੇ । ਇਸ ਸਰਕਾਰ ਦੇ ਮੰਤਰੀਆਂ ਵੱਲੋਂ ਕੀਤੇ ਜਾਣ ਵਾਲੇ ਰਾਜਸੀ ਜਲਸਿਆਂ ਵਿੰਚ ਆਮ ਲੋਕ ਸ਼ਾਮਿਲ ਹੋਣੋ ਕੰਨੀ ਕਤਰਾਉਣ ਲੱਗ ਪਏ। ਸ਼ੱਕ ਦੇ ਆਧਾਰ ਤੇ ਕਿਸੇ ਵਿਅਕਤੀ ਨੂੰ ਬੇਪਤ ਕੀਤਾ ਜਾ ਸਕਦਾ ਸੀ। ਤਸੀਹੇ ਦਿੱਤੇ ਜਾ ਸਕਦੇ ਸਨ। ਜੇਹਲ ਵਿੱਚ ਸੁੱਟਿਆ ਜਾ ਸਕਦਾ ਸੀ। ਜਦੋਂ ਜੀ ਚਾਹੇ ਕਿਸੇ ਨੌਜੁਆਨ ਨੂੰ ਗੋਲੀ ਮਾਰੀ ਜਾ ਸਕਦੀ ਸੀ। ਅਣਪਛਾਤਾ ਦੱਸ ਕੇ ਲਾਂਬੂ ਲਾਇਆ ਜਾ ਸਕਦਾ ਸੀ। ਸਰਕਾਰ ਦੀ ਇੱਛਾ ਤੋਂ ਵਿਰੁੱਧ ਸ਼ਾਂਤਮਈ, ਧਾਰਮਕ ਅਤੇ ਰਾਜਨੀਤਕ ਇਕੱਠ ਕਰਨ ਦੀ ਹਿੰਮਤ ਭੀ ਕਿਸੇ ਵਿੱਚ ਨਹੀਂ ਸੀ। ਸਭ ਪਾਸੇ ਮੁਰਦੇ ਹਾਣੀ ਛਾਈ ਹੋਈ ਸੀ।

ਅਜਿਹੇ ਦਹਿਸ਼ਤ ਭਰੇ ਮਹੌਲ ਵਕਤ ਆਪਣੇ ਰਾਜਸੀ ਜਲਸਿਆਂ ਵਿੱਚ ਸਰਕਾਰ ਨੇ ਨੱਚਣ ਗਾਉਣ ਵਾਲੇ ਗਰੁੱਪ ਸਟੇਜਾਂ ਤੇ ਲਿਆਉਣੇ ਸ਼ੁਰੂ ਕੀਤੇ। ਰਿਕਸ਼ੇ ਤੇ ਸਪੀਕਰ ਰੱਖ ਕੇ ਸਾਰੇ ਇਲਾਕੇ ਵਿੰਚ ਘੁੰਮ ਕੇ, ''ਅਮਕੇ ਮਹਾਨ ਗਾਇਕ ਕਲਾਕਾਰ ਆਉਣ ਦੀ ਡੌਂਡੀ ਪਿੱਟੀ ਜਾਂਦੀ''। ਲੋਕਾਂ ਵੱਲੋਂ ਚੁਣੀ ਲੋਕਾਂ ਦੀ ਹਮਦਰਦ ਸਰਕਾਰ ਲੋਕਾਂ ਦੇ ਮਨੋਰੰਜਨ ਲਈ ਆਲੀਸ਼ਾਨ ਸਭਿਆਚਾਰਕ ਪ੍ਰੋਗਰਾਮ ਕਰਵਾ ਰਹੀ ਹੈ। ਅਮਕਾ ਸਿੰਘ ਮੰਤਰੀ ਜੀ ਵਿਸ਼ੇਸ਼ ਮਹਿਮਾਨ ਹੋਣਗੇ। ਲੋਕ ਘਰਾਂ ਵਿੱਚ ਸਹਿਮੇ ਹੋਏ ਦਿਨ ਕਟੀ ਕਰ ਰਹੇ ਸਨ, ਹੌਲੀ ਹੌਲੀ ਬਾਹਰ ਨਿਕਲਣ ਲੱਗੇ । ''ਲੋਕ ਗਾਇਕ ਤੇ ਗਾਇਕਾਵਾਂ'' ਨੂੰ ਰੋਟੀ ਦੇ ਸੰਸੇ ਪਏ ਹੋਏ ਸਨ। ਉਹ ਪੈਰਾਂ ਨੂੰ ਘੁੰਗਰੂ ਬੰਨ੍ਹ ਕੇ ਵਾਜੇ ਢੋਲਕੀਆਂ ਲੈ ਕੇ, ਸਟੇਜਾਂ ਤੇ ਆ ਕੇ, ਅੱਖਾਂ ਮਟਕਾ ਕੇ, ਲੱਕ ਹਿਲਾ ਕੇ, ''ਪੰਜਾਬੀ ਸਭਿਆਚਾਰ ਨੂੰ ਚਾਰ ਚੰਨ'' ਲਾਉਣ ਲੱਗ ਪਏ। ਹੌਲੀ ਹੌਲੀ ਭੀੜਾਂ ਵਧਦੀਆਂ ਗਈਆਂ, ਕਲਾਕਾਰ ਨਵੇਂ ਨਵੇਂ ਰੂਪ ਰੰਗ ਵਿੱਚ ਚੱਕਵੇਂ ਗੀਤਾਂ ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਲੱਗ ਪਏ। ਉਸ ਤੋਂ ਮਗਰੋਂ ਗਾਇਕ ਕਲਾਕਾਰ ਡੀ.ਜੇ. ਵਾਲੇ ਆਰਕੈਸਟਰਾ ਵਾਲੇ ਗਰੁੱਪ ਮਰਨੇ ਤੋਂ ਬਿਨਾਂ ਹਰੇ ਕ ਪ੍ਰੋਗਰਾਮ ਦਾ ਜ਼ਰੂਰੀ ਅੰਗ ਬਣ ਗਏ। ਨੌਜਵਾਨ ਨੱਢੀਆਂ ਦਾ ਪੇਂਡੂ ਗਿੱਧਾ ਲੋਕ ਬੋਲੀਆਂ ਤੇ

ਗੀਤ ਸਭ ਦਫਨ ਕਰ ਦਿੱਤੇ ਗਏ। ਢੋਲ ਦੇ ਡੱਗੇ ਵਾਲਾ ਪੰਜਾਬ ਦੀ ਸ਼ਾਨ ਭੰਗੜਾ ਆਪਣੇ ਅਸਲੀ ਪੁਰਾਤਨ ਸੁਭਾਅ ਨੂੰ ਗਵਾ ਚੁੱਕਿਆ ਹੈ। ਮਲਵਈ ਗਿੱਧਾ ਆਖਰੀ ਸਾਹਾਂ ਤੇ ਹੈ। ਹੁਣ ਤਾਂ ਹਰ ਵਿਆਹ ਤੇ ਲਗਭਗ ਇਹੀ ਅਸ਼ਲੀਲਤਾ ਵਾਲੇ ਗੀਤ ਸੁਣਾਈ ਦਿੰਦੇ ਹਨ, **''ਤੂੰ ਨੀ ਬੋਲਦੀ ਤੇਰੇ 'ਚ ਤੇਰਾ ਯਾਰ ਬੋਲਦਾ''।**

ਹਿੰਦੀ ਫਿਲਮਾਂ ਦੀ ਮਸ਼ਹੂਰ ਨਾਚੀ ਬੀਬੀ ਮਧੂਮਤੀ ਨੇ ਰਾਜ ਕਪੂਰ ਦੀ ਇੱਕ ਫਿਲਮ ''ਜਾਗਤੇ ਰਹੋ'' ਵਿੱਚ ਸੁਨਾਮ ਸ਼ਹਿਰ ਦੇ ਨੌਜੁਆਨ ਭੰਗੜੇ ਦੇ ਉਸਤਾਦ ਨੂੰ ਆਪਣੇ ਸਾਥੀਆਂ ਨਾਲ ਭੰਗੜਾ ਪਾਉਂਦੇ ਵੇਖਿਆ। ਬਸ ਵੇਖਦੀ ਹੀ ਰਹਿ ਗਈ। ਇਸ ਨੌਜੁਆਨ ਦਾ ਨਾਮ ਸੀ ਮਨੋਹਰ ਦੀਪਕ। ਮਧੂਮਤੀ ਨੇ ਮਨੋਹਰ ਦੀਪਕ ਅੱਗੇ ਵਿਆਹ ਕਰਾਉਣ ਦੀ ਪੇਸ਼ਕਸ਼ ਕੀਤੀ ਜੋ ਉਸ ਨੇ ਪ੍ਰਵਾਨ ਕਰ ਲਈ। ਥੋੜ੍ਹੇ ਅਰਸੇ ਬਾਅਦ ਦੋਵਾਂ ਦਾ ਵਿਆਹ ਹੋ ਗਿਆ। ਇੱਕ ਸਮਾਗਮ ਵਿੱਚ, ਪੱਤਰਕਾਰ ਨੇ ਮਧੂਮਤੀ ਨੂੰ ਪੁੱਛਿਆ ਕਿ ਤੁਸੀਂ ਇੱਕ ਪੰਜਾਬੀ ਮੁੰਡੇ ਨਾਲ ਵਿਆਹ ਕਿਉਂ ਕਰਾਇਆ? ਇਸ ਵਿੱਚ ਕੀ ਖਾਸ ਖੂਬੀ ਵੇਖੀ? ਮਧੂਮਤੀ ਨੇ ਬੜਾ ਖੂਬਸੂਰਤ ਜੁਆਬ ਦਿੱਤਾ। ਆਖਣ ਲੱਗੀ:- ਭਾਰਤ ਵਿੱਚ ਬਹੁਤ ਤਰ੍ਹਾਂ ਦੇ ਨਾਚ ਹਨ। ਕਥਾ ਕਲੀ, ਉਡੀਸੀ, ਮਨੀਪੁਰੀ ਭਾਰਤ ਨਾਟਿਯਮ ਆਦਿ। ਇਹਨਾਂ ਨਾਚ ਕਲਾਵਾਂ ਵਿੱਚ ਇਸਤਰੀਆਂ ਭੀ ਮਾਹਿਰ ਹਨ ਤੇ ਪੁਰਸ਼ ਭੀ। **ਇਹ ਸਾਰੇ ਨਾਚ ਔਰਤਾਂ ਵਾਲੇ ਨਾਚ ਹਨ। ਪੁਰਸ਼ ਭੀ ਔਰਤਾਂ ਵਾਂਗ ਹੀ ਨੱਚਦੇ ਹਨ। ਮੈਂ ਆਪਣੀ ਜ਼ਿੰਦਗੀ ਵਿੱਚ ਮਰਦਾਂ ਨੂੰ ਮਰਦਾਂ ਵਾਂਗ ਨੱਚਦੇ ਪਹਿਲੀ ਵਾਰ ਵੇਖਿਆ ਹੈ। ਇਸੇ ਖੂਬੀ ਕਾਰਨ ਮੈਂ ਮਨੋਹਰ ਨੂੰ ਜੀਵਨ ਸਾਥੀ ਚੁਣਿਆ ਹੈ।**

ਪੰਜਾਬ ਤੇ ਗਿਣੀ ਮਿੱਥੀ ਯੋਜਨਾ ਤਹਿਤ ਇਕ ਹੋਰ ਸਭਿਆਚਾਰਕ ਮਾਰੂ ਹੱਲਾ ਕੀਤਾ ਗਿਆ ਹੈ ਜੋ ਨਿਰਬਿਘਨ ਜਾਰੀ ਹੈ। ਉਹ ਹੈ ਯੂਪੀ ਬਿਹਾਰ ਮੱਧ ਪ੍ਰਦੇਸ ਆਦਿ ਸੂਬਿਆਂ ਵਿੱਚੋਂ ਪੰਜਾਬ ਵਿੱਚ ਆ ਬਸਣਾ। ਇਹ ਲੋਕ ਅਤੀ ਗਰੀਬ ਭੀ ਹਨ ਤੇ ਪਛੜੇ ਹੋਏ ਭੀ। ਇਹਨਾਂ ਵਿੱਚੋਂ ਬਹੁਤੇ ਮਜਦੂਰੀ ਕਰਦੇ ਹਨ ਤੇ ਕੁੱਝ ਫਲ ਸਬਜੀ ਦੀਆਂ ਰੇਹੜੀਆਂ ਲਾ ਲੈਂਦੇ ਹਨ। ਘਰਾਂ ਜਾਂ ਦਫਤਰਾਂ ਵਿੱਚ ਨੌਕਰੀਆਂ ਭੀ ਕਈ ਥਾਂਈਂ ਕਰਨ ਲੱਗ ਪਏ ਹਨ। ਇਹਨਾਂ ਦਾ ਰਹਿਣ ਸਹਿਣ ਖਾਣ ਪਹਿਨਣ ਰਸਮੋਂ ਰਿਵਾਜ਼ ਅਤੇ ਬੋਲੀ ਪੰਜਾਬ ਨੂੰ ਪੰਜਾਬ ਨਹੀਂ ਰਹਿਣ ਦੇਣਗੇ। ਨਸ਼ਿਆਂ ਦੀ ਮਾਰੂ ਬਿਮਾਰੀ ਭੀ ਨਾਲ ਹੀ ਲਿਆਉਂਦੇ ਹਨ। ਵੱਡੇ ਸ਼ਹਿਰਾਂ ਵਿੱਚ ਇਹਨਾਂ ਨੂੰ ਅਕਸਰ ਕੰਮ ਮਿਲਦਾ ਰਹਿੰਦਾ ਹੈ। ਲੁਧਿਆਣੇ ਵਰਗੇ ਵੱਡੇ ਉਦਯੋਗਿਕ ਸ਼ਹਰ ਵਿੱਚ ਭਈਆਂ ਦੀ ਗਿਣਤੀ ਛੇ ਕੁ ਲੱਖ ਹੋਣ ਦਾ ਅੰਦਾਜ਼ਾ ਹੈ। ਇਹਨਾਂ ਵਿਚਲੇ ਚੁਸਤ ਚਲਾਕ ਬੰਦੇ ਉਧਰਲੇ ਅਣਜਾਣ ਬੰਦਿਆਂ ਨੂੰ ਪੰਜਾਬ ਵਿੱਚ ਜਾ ਕੇ ਚੰਗੀ ਕਮਾਈ ਕਰਨ ਬਾਰੇ ਦੱਸਦੇ ਹਨ। ਫਿਰ ਦਸ ਵੀਹ ਹਜ਼ਾਰ ਦੀ ਖੇਪ, ਪੰਜਾਬ ਵਿੱਚ ਲੈ ਆਉਂਦੇ ਹਨ। ਉਹਨਾਂ ਦੇ ਰਹਿਣ ਦਾ ਵਕਤੀ ਜਿਹਾ ਪ੍ਰਬੰਧ ਕਰਦੇ ਹਨ। ਇਥੋਂ ਦੇ ਤੌਰ ਤਰੀਕੇ ਸਿਖਾਉਂਦੇ ਹਨ। ਸਿਵਲ ਸਪਲਾਈ ਵਿਭਾਗ ਦੇ ਅਫਸਰਾਂ ਨੂੰ ਰਿਸ਼ਵਤ ਦੇ

ਕੇ ਕੁਝ ਹੀ ਦਿਨਾਂ ਵਿੱਚ ਇਹਨਾਂ ਦੇ ਰਾਸ਼ਨ ਕਾਰਡ ਬਣਵਾ ਦਿੰਦੇ ਹਨ। ਮਜਦੂਰੀ ਵਿੱਚੋਂ ਇਹਨਾਂ ਤੋਂ ਆਪਣੀ ਬਣਦੀ ਮੇਹਨਤ ਵਸੂਲ ਕਰਦੇ ਹਨ। ਕਿਸੇ ਵੇਹਲੀ ਥਾਵੇਂ ਇਹ ਲੋਕ ਝੁੱਗੀਆਂ ਪਾ ਕੇ ਬੈਠ ਜਾਂਦੇ ਹਨ। ਛੇਤੀ ਹੀ ਇਹਨਾਂ ਦੀਆਂ ਵੋਟਾਂ ਭੀ ਬਣਵਾ ਦਿੱਤੀਆਂ ਜਾਂਦੀਆਂ ਹਨ।

ਜਿਸ ਸਾਂਝੀ ਸ਼ਾਮਲਾਟ ਥਾਂ ਵਿੱਚ ਇਹਨਾਂ ਦੀ ਰਿਹਾਇਸ਼ ਹੁੰਦੀ ਹੈ, ਕੁਝ ਅਰਸੇ ਮਗਰੋਂ ਸਰਕਾਰੀ ਵਿਭਾਗ ਪੁਲਿਸ ਸਮੇਤ ਬੁਲਡੋਜ਼ਰ ਨਾਲ ਇਹਨਾਂ ਦੇ ''ਘਰ'' ਢਾਹ ਕੇ ਥਾਂ ਛੁਡਾ ਲੈਂਦੇ ਹਨ। ਉਸ ਥਾਵੇਂ ਰਹਿੰਦਿਆਂ ਇਹਨਾਂ ਨੇ ਰਾਸ਼ਨ ਕਾਰਡ ਵੋਟ, ਬਿਜਲੀ ਕੁਨੈਕਸ਼ਨ ਆਦਿ ਪ੍ਰਾਪਤ ਕਰ ਲਿਆ ਹੁੰਦਾ ਹੈ। ਇਸ ਲਈ ਇਹ ਥਾਂ ਇਹਨਾਂ ਦੀ ਪੱਕੀ ਰਿਹਾਇਸ਼ ਮੰਨੀ ਜਾਂਦੀ ਹੈ। ਭਾਰਤੀ ਸੁਪ੍ਰੀਮ ਕੋਰਟ ਦੇ ਫੈਸਲੇ ਮੁਤਾਬਕ ਜੇ ਕਿਸੇ ਵਿਅਕਤੀ ਨੂੰ ਉਜਾੜਿਆ ਜਾਵੇਗਾ, ਤਾਂ ਉਸ ਦੇ ਬਦਲੇ ਹੋਰ ਥਾਂ ਪਲਾਟ ਦੇਣੇ ਹੋਣਗੇ, ਘਰ ਬਣਾਉਣੇ ਪੈਣਗੇ। ਚੰਡੀਗੜ੍ਹ ਅਤੇ ਸਾਰੇ ਪੰਜਾਬ ਵਿੱਚ ਇਸੇ ਤਰਤੀਬ ਅਤੇ ਕਾਨੂੰਨ ਨੂੰ ਅਪਣਾਇਆ ਗਿਆ ਹੈ। ਸਸਤੇ ਭਾਅ ਵੋਟਾਂ ਖ੍ਰੀਦਣ ਵਾਸਤੇ, ਐਮ. ਐਲ. ਏ. ਅਤੇ ਐਮ. ਪੀ. (ਸਮੇਤ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੇ) ਇਹਨਾਂ ਵਾਸਤੇ ਕਈ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੇ ਵਾਅਦੇ ਭੀ ਕਰ ਜਾਂਦੇ ਹਨ। ਜਿੰਨਾਂ ਕਿਸੇ ਦਾ ਫੌਹ ਪੈਂਦਾ ਹੈ ਉਤਨੀਆਂ ਵੋਟਾਂ ਖ੍ਰੀਦ ਲੈਂਦੇ ਹਨ। ਸੰਨ 2007 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਲੁਧਿਆਣਾ ਦੇ ਸ਼ਹਿਰੀ ਹਲਕੇ ਤੋਂ ਇਹਨਾਂ ਭਈਏ ਲੋਕਾਂ ਦਾ ਨੁਮਾਇੰਦਾ ਬਣਕੇ ਇੱਕ ਵਿਅਕਤੀ ਐਮ. ਐਲ. ਏ. ਬਣ ਚੁੱਕਿਆ ਹੈ। ਬਿਹਾਰ ਦਾ ਮੁੱਖ ਮੰਤਰੀ ਇਹਨਾਂ ਦੀਆਂ ਮੁਸ਼ਕਲਾਂ ਹੱਲ ਕਰਨ ਵਾਸਤੇ ਪੰਜਾਬ ਦਾ ਦੌਰਾ ਕਰ ਚੁੱਕਿਆ ਹੈ। ਪੰਜਾਬ ਦਾ ਮੁੱਖ ਮੰਤਰੀ ਇਸ ਨੂੰ ਆਪਣੇ ਸੂਬੇ ਦੀ ਅੰਦਰੂਨੀ ਸਮੱਸਿਆ ਕਹਿ ਕੇ ਪੰਜਾਬ ਦੀ ਰਾਜਨੀਤੀ ਵਿੱਚ ਦਖਲ ਅੰਦਾਜ਼ੀ ਕਰਨੋ ਰੋਕ ਨਾ ਸਕਿਆ।

ਇਸ ਪ੍ਰਵਾਸ ਕਿਰਿਆ ਨੁ ਜਾਇਜ਼ ਠਹਿਰਾਉਣ ਵਾਲੇ ਸਿੱਖਾਂ ਬਾਰੇ ਦੱਸਦੇ ਹਨ ਕਿ ਸਿੱਖ ਭੀ ਤਾਂ ਭਾਰਤ ਦੀਆਂ ਸਾਰੀਆਂ ਸਟੇਟਾਂ ਵਿੱਚ ਰਹਿ ਰਹੇ ਹਨ। ਫਿਰ ਤੁਸੀਂ ਇਨ੍ਹਾਂ ਲੋਕਾਂ ਦਾ ਵਿਰੋਧ ਕਿਉਂ ਕਰਦੇ ਹੋ? ਸਿੱਖ ਪ੍ਰਵਾਰ ਦੂਜੀਆਂ ਸਟੇਟਾਂ ਵਿੱਚ ਵਕਤੀ ਤੌਰ ਤੇ ਨਹੀਂ ਜਾਂਦੇ। ਉਹਨਾਂ ਵਿੱਚੋਂ ਬਹੁਤੇ 1947 ਦੇ ਉਜਾੜੇ ਵਕਤ ਪਾਕਿਸਤਾਨ ਤੋਂ ਆਏ ਸਿੱਖਾਂ ਨੂੰ ਦੇਸ਼ ਭਰ ਵਿੱਚ ਬਸਾਇਆ ਗਿਆ ਸੀ। ਦੂਜੀ ਗੱਲ ਕਿ ਸਿੱਖਾਂ ਦੇ ਉਧਰ ਪੱਕੇ ਟਿਕਾਣੇ ਹਨ। ਘਰ ਹਨ ਤੇ ਕਾਰੋਬਾਰ ਹਨ। ਚਾਰ ਛੇ ਮਹੀਨਿਆਂ ਮਗਰੋਂ ਉਹਨਾਂ ਨੇ ਆਪਣਾ ਪਤਾ ਟਿਕਾਣਾ ਬਦਲਣਾ ਨਹੀਂ ਹੁੰਦਾ। ਇਧਰ ਪੰਜਾਬ ਵਿਚਲੇ ਪ੍ਰਵਾਸੀ ਲੋਕ ਕੇਵਲ ਮਜ਼ਦੂਰ ਹਨ। ਬਹੁਤੇ ਝੁੱਗੀਆਂ ਵਿੱਚ ਰਹਿੰਦੇ ਹਨ। ਕਿਸੇ ਇੱਕ ਥਾਂ ਮੰਦੀ ਵਾਰਦਾਤ ਕਰਕੇ ਦੂਜੀ ਥਾਂ ਚਲੇ ਜਾਣ ਤਾਂ ਕੋਈ ਪਛਾਣ ਨਹੀਂ ਹੁੰਦੀ। ਡਾਕੇ ਚੋਰੀਆਂ ਤੇ ਕਤਲ ਤੱਕ ਕਰ ਕੇ ਇਹ ਲੋਕ ਵਾਪਸ ਆਪਣੇ ਸੂਬਿਆਂ ਵਿੱਚ ਚਲੇ ਜਾਂਦੇ ਹਨ ਫੜੇ ਨਹੀਂ ਜਾਂਦੇ। ਪਛਾਣ ਰਹਿਤ ਹੋਣ ਕਰਕੇ ਇਹਨਾਂ ਵਿੱਚੋਂ ਬਹੁਤ ਸਾਰੇ ਸਮਗਲਿੰਗ ਕਰਦੇ ਹਨ ਨਸ਼ੇ ਵੇ ਚਦੇ ਹਨ ਤੇ ਗੈਬ ਹੋ ਜਾਂਦੇ ਹਨ।

ਆਪਣੇ ਸੂਬੇ ਵਿੱਚ ਅਮਨ ਕਾਨੂੰਨ ਨੂੰ ਕਾਬੂ ਵਿੱਚ ਰੱਖਣ ਵਾਸਤੇ ਅਤੇ ਆਪਣੀ ਸਭਿਅਤਾ ਨੂੰ ਬਚਾਉਣ ਲਈ, ਭਾਰਤ ਦੀਆਂ ਕਈ ਸਟੇਟਾਂ ਵਿੱਚ ਕਿਸੇ ਦੂਜੀ ਸਟੇਟ ਦਾ ਵਿਅਕਤੀ ਵੋਟਰ ਨਹੀਂ ਬਣ ਸਕਦਾ। ਘਰ ਜ਼ਮੀਨ ਨਹੀਂ ਖ੍ਰੀਦ ਸਕਦਾ। ਇਸ ਤਰ੍ਹਾਂ ਉਹਨਾਂ ਇਸ ਪ੍ਰਵਾਸ ਨੂੰ ਕੰਟਰੋਲ ਕਰਨ ਲਈ ਕਾਨੂੰਨ ਬਣਾ ਕੇ ਠੱਲ ਪਾਈ ਹੈ। ਕਸ਼ਮੀਰ ਹਿਮਾਚਲ ਪ੍ਰਦੇਸ਼, ਰਾਜਸਥਾਨ, ਮਣੀਪੁਰ, ਮੀਜ਼ੋਰਮ, ਆਸਾਮ ਆਦਿ ਬਹੁਤ ਸਾਰੇ ਸੂਬਿਆਂ ਨੇ ਇਹ ਪ੍ਰਵਾਸੀ ਕੰਟਰੋਲ ਐਕਟ ਬਣਾਇਆ ਹੋਇਆ ਹੈ। ਪੰਜਾਬ ਵਿੱਚ ਭੀ ਅਜਿਹਾ ਕਾਨੂੰਨ ਅਤਿ ਜ਼ਰੂਰੀ ਹੈ। ਦੂਜੀ ਇਕ ਦਲੀਲ ਦਿੱਤੀ ਜਾਂਦੀ ਹੈ ਕਿ ਸਿੱਖ ਬਦੇਸ਼ਾਂ ਵਿੱਚ ਜਾਂਦੇ ਹਨ ਉਥੇ ਐਮ.ਐਲ.ਏ. ਅਤੇ ਐਮ ਪੀ ਤੱਕ ਬਣ ਜਾਂਦੇ ਹਨ। ਫਿਰ ਪੰਜਾਬ ਵਿੱਚ ਪ੍ਰਵਾਸੀਆਂ ਦਾ ਵਿਰੋਧ ਕਿਉਂ?

ਸਿੱਖ ਜਿਨ੍ਹਾਂ ਦੇਸ਼ਾਂ ਵਿੱਚ ਜਾਂਦੇ ਹਨ ਬਕਾਇਦਾ ਪਾਸਪੋਰਟ ਦੀ ਪੱਕੀ ਪਛਾਣ ਲੈ ਕੇ ਜਾਂਦੇ ਹਨ। ਉਥੇ ਜਾ ਕੇ ਇੰਮੀਗਰੇਸ਼ਨ ਦੀ ਇੱਕ ਸਖ਼ਤ ਪੜਤਾਲੀਆ ਕਿਰਿਆ ਵਿੱਚੋਂ ਦੀ ਲੰਘਦੇ ਹਨ। ਕਿਸੇ ਭੀ ਅਣਚਾਹੇ ਵਿਅਕਤੀ ਨੂੰ ਜਦੋਂ ਜੀ ਚਾਹੇ ਉਹ ਦੇਸ਼ ਨਿਕਾਲਾ ਦੇ ਸਕਦੇ ਹਨ। ਆਪਣੇ ਦੇਸ਼ ਦੀ ਕੁੱਲ ਆਬਾਦੀ ਦੇ ਸੱਤ ਪ੍ਰਤੀਸ਼ਤ ਤੋਂ ਵੱਧ ਪ੍ਰਵਾਸੀਆਂ ਦੀ ਗਿਣਤੀ ਉਹ ਕਦੀ ਨਹੀਂ ਵਧਣ ਦਿੰਦੇ। ਜਦੋ ਉਹਨਾਂ ਦੀ ਆਪਣੀ ਆਬਾਦੀ ਖਤਰਨਾਕ ਹੱਦ ਤੱਕ ਘਟ ਜਾਂਦੀ ਹੈ। ਖੇਤਾਂ ਵਿੱਚ ਫੈਕਟਰੀਆਂ ਵਿੱਚ ਉਥੋਂ ਦੇ ਮਜ਼ਦੂਰ ਸਾਰਾ ਕੰਮ ਸੰਭਾਲ ਨਹੀਂ ਸਕਦੇ, ਉਹਨਾਂ ਹਾਲਾਤਾਂ ਵਿੱਚ ਪ੍ਰਵਾਸੀ ਮਜ਼ਦੂਰਾਂ ਨੂੰ ਆਉਣ ਦੀ ਇਜ਼ਾਜ਼ਤ ਦਿੰਦੇ ਹਨ। ਕਾਨੂੰਨ ਦਾ ਸ਼ਿਕੰਜਾ ਹਰ ਵਕਤ ਕਸ ਕੇ ਰੱਖਦੇ ਹਨ। ਇਧਰ ਪੰਜਾਬ ਦੇ ਮਾਮਲੇ ਵਿੰਚ ਕੋਈ ਨਿਅਮ ਨਹੀਂ ਹੈ। ਉਹਨਾਂ ਤੇ ਕੋਈ ਕਾਨੂੰਨੀ ਕੰਟਰੋਲ ਨਹੀਂ ਹੈ। ਪ੍ਰਵਾਸੀਆਂ ਦੀ ਕੋਈ ਪਛਾਣ ਨਹੀਂ ਹੈ। ਇਹ ਠੀਕ ਹੈ ਕਿ ਪੰਜਾਬ ਵਿੱਚ ਖੇਤ ਮਜ਼ਦੂਰਾਂ ਦੀ ਸੀਜਨ ਵਕਤ ਲੋੜ ਪੈਂਦੀ ਹੈ। ਪਰ ਕੋਈ ਨਿਅਮ ਕਾਨੂੰਨ ਤਾਂ ਹੋਣਾ ਹੀ ਚਾਹੀਦਾ ਹੈ।

ਜਿੰਨੇ ਕੁ ਪ੍ਰਵਾਸੀ ਵਿਅਕਤੀ ਇਧਰ ਪੱਕੇ ਟਿਕਾਣੇ ਬਣਾ ਕੇ ਰਹਿ ਰਹੇ ਹੋਣ। ਉਹਨਾਂ ਦੀ ਪੜਤਾਨ ਕਰਕੇ ਸ਼ਨਾਖਤੀ ਕਾਰਡ ਜਾਰੀ ਕੀਤੇ ਜਾਣ, ਅਜਿਹੇ ਪ੍ਰਵਾਰਾਂ ਵਾਸਤੇ ਸਰਕਾਰ ਨੂੰ ਅਤੇ ਸ਼੍ਰੋਮਣੀ ਕਮੇਟੀ ਨੂੰ ਮਨੁੱਖੀ ਸਹੂਲਤਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਸਫਾਈ ਦਾ ਪ੍ਰਬੰਧ, ਬਾਥਰੂਮ ਲੈਟਰੀਨਾਂ, ਬਿਜਲੀ ਪਾਣੀ। ਬੱਚਿਆਂ ਲਈ ਸਕੂਲ ਤੇ ਖੇਢ ਗਰਾਊਂਡ ਹੋਣ। ਸ਼੍ਰੋਮਣੀ ਕਮੇਟੀ (ਅਤੇ ਲੋਕਲ ਗੁਰਦਵਾਰਾ ਕਮੇਟੀਆਂ) ਇਹਨਾਂ ਨੂੰ ਗੁਰਮੁਖੀ ਸਿਖਾਉਣ। ਧਰਮ ਦੀ ਵਿੱਦਿਆ ਪੜ੍ਹਾਉਣ ਇਹਨਾਂ ਲਈ ਚੰਗੇ ਨੇਕ ਇਨਸਾਨ, ਵਿਦਵਾਨ ਟੀਚਰਾਂ ਦਾ ਪ੍ਰਬੰਧ ਕੀਤਾ ਜਾਵੇ। ਜੇ ਕੋਈ ਬਿਮਾਰੀ, ਐਕਸੀਡੈਂਟ ਜਾਂ ਮੁਕੱਦਮਾ ਆਦਿ ਕਿਸੇ ਤੇ ਬਣ ਜਾਵੇ ਤਾਂ ਉਸ ਦੀ ਯੋਗ ਢੰਗ ਨਾਲ ਸਹਾਇਤਾ ਕੀਤੀ ਜਾਵੇ। ਇਹਨਾਂ ਪਰਉਪਕਾਰ ਦੇ ਕੰਮਾਂ ਤੋਂ ਖੁਸ਼ ਹੋ ਕੇ ਬਹੁ-ਗਿਣਤੀ ਲੋਕ ਇਹਨਾਂ ਵਿੱਚੋਂ ਸਿੱਖ ਧਰਮ ਅਪਣਾ ਸਕਦੇ ਹਨ। ਕਿਉਂਕਿ ਅਸਲ ਵਿੱਚ ਇਹ ਕਹਿਣ ਮਾਤਰ ਨੂੰ ਹਿੰਦੂ ਹਨ। ਇਹਨਾਂ ਨੂੰ ਕਿਸੇ ਧਰਮ ਬਾਰੇ ਕੁੱਝ ਨਹੀਂ ਪਤਾ। ਹਿੰਦੂਆਂ ਜਾਂ ਬ੍ਰਾਹਮਣਾਂ ਨੇ ਭੀ ਇਹਨਾਂ ਨੂੰ ਲੁੱਟਿਆ ਹੀ

ਹੈ। ਵਿੱਦਿਆ ਤੇ ਰੁਜ਼ਗਾਰ ਇਹਨਾਂ ਨੂੰ ਕਿਸੇ ਨਹੀਂ ਦਿੱਤਾ, ਜੇ ਥੋੜ੍ਹੀ ਜਿੰਨੀ ਹਮਦਰਦੀ ਪੰਜਾਬ ਵਿੱਚ ਇਹਨਾਂ ਨਾਲ ਕੀਤੀ ਜਾਵੇ ਤਾਂ ਸਿੱਖਾਂ ਦੀ ਆਬਾਦੀ ਬਹੁਤ ਵੱਧ ਸਕਦੀ ਹੈ। ਪ੍ਰਚਾਰ ਵੱਲੋਂ ਹਾਲਤ ਇੰਨੀ ਨਿੱਘਰ ਚੁੱਕੀ ਹੈ ਕਿ ਪੰਜਾਬ ਵਿਚਲੇ ਸਿੱਖਾਂ ਦੇ ਪੁੱਤਰ ਭੀ ਭਈਏ ਹੀ ਤਾਂ ਬਣ ਚੁੱਕੇ ਹਨ।

ਪੰਜਾਬ ਦੇ ਧਰਮ (ਸਿੱਖ ਧਰਮ) ਨੂੰ ਬਚਾਉਣ ਵਾਸਤੇ ਪੰਜਾਬ ਦੇ ਸਭਿਆਚਾਰ ਨੂੰ ਬਚਾਉਣ ਲਈ ਸਿੱਖਾਂ ਦੇ ਸਿਆਣਿਆਂ ਨੂੰ ਫੌਰੀ ਤੌਰ ਤੇ ਪਲਾਨਿੰਗ ਬਣਾ ਕੇ ਕੰਮ ਆਰੰਭ ਕਰਨਾ ਚਾਹੀਦਾ ਹੈ। ਵਰਨਾ ਅੱਗੇ ਹੀ ਬਹੁਤ ਦੇਰ ਹੋ ਚੁੱਕੀ ਹੈ। ਸਰਕਾਰਾਂ ਤਾਂ ਸਾਜਿਸ਼ੀ ਨੀਤੀ ਵਰਤਕੇ , ਸਿੱਖਾਂ ਨੂੰ ਪੰਜਾਬ ਵਿਚੋਂ ਘੱਟ ਗਿਣਤੀ ਵਿਚ ਧੱਕਣਾ ਚਾਹੁੰਦੀਆਂ ਹਨ। ਇਸ ਮਾਰ ਤੋਂ ਬਚਣ ਵਾਸਤੇ ਸ਼੍ਰੋਮਣੀ ਕਮੇਟੀ ਨੇ ਅਤੇ ਸਿੱਖ ਦਾਨਿਸ਼ਵਰਾਂ ਨੇ, ਕਦੀ ਗੰਭੀਰਤਾ ਨਾਲ ਸੋਚਿਆ?

**000**

# ...'ਤੇ ਸਿੱਖ ਖੇਢਾਰੀ ਹਾਰ ਗਏ...।

ਸਤਿਗੁਰੂ ਜੀ ਦੀ ਬਹੁਪੱਖੀ ਅਗਵਾਈ ਸਦਕਾ, ਸਿੱਖੀ ਦਾਇਰੇ ਵਿਚ ਸ਼ਾਮਲ ਹੋਇਆ ਹਰ ਵਿਅਕਤੀ, ਜ਼ਿੰਦਗੀ ਦੇ ਹਰ ਖੇਤਰ ਵਿਚ ਅੱਗੇ ਵੱਧਦਾ ਚਲਾ ਗਿਆ। ਗੁਰਬਾਣੀ ਵਿਚ ਜਿੱਥੇ ਹੋਰ ਬੇਅੰਤ ਉੱਤਮ ਉਪਦੇਸ਼ ਹਨ। ਉਥੇ ਸਰੀਰ ਨੂੰ ਰਿਸ਼ਟਪੁਸ਼ਟ ਅਤੇ ਬਲਵਾਨ ਬਣਾ ਕੇ ਰੱਖਣ ਲਈ ਭੀ ਅਮੁੱਲੀ ਅਗਵਾਈ ਮਿਲਦੀ ਹੈ। ਮਨ ਜਾਂ ਆਤਮਾ ਭਾਵੇਂ ਕਿੰਨੀ ਭੀ ਚੇਤੰਨ ਹੋਵੇ। ਉਸਨੇ ਸਾਰੇ ਕੰਮ ਕਾਜ ਤਾਂ ਸਰੀਰ ਦੁਆਰਾ ਹੀ ਕਰਨੇ ਹੁੰਦੇ ਹਨ। ਜਿੱਥੇ ਸਰੀਰ ਨੂੰ ਵਿਕਾਰਾਂ ਤੋਂ ਬਚਾ ਕੇ ਰੱਖਣਾ ਹੁੰਦਾ ਹੈ, ਤਾਂ ਨਾਲ ਹੀ ਉਦੱਮ, ਹਿੰਮਤ ਤੇ ਸਾਰੀਆਂ ਜ਼ਿੰਮੇਵਾਰੀਆਂ ਭੀ ਨਿਭਾਉਣੀਆਂ ਹੁੰਦੀਆਂ ਹਨ। ਜੰਗ ਵਿਚ ਕੁੱਦਣ ਤੋਂ ਪਹਿਲਾਂ, ਫੌਜੀਆਂ ਨੂੰ ਜੰਗੀ ਮਸਕਾਂ ਕਰਵਾਈਆਂ ਜਾਂਦੀਆਂ ਹਨ। ਤਾਂ ਕਿ ਉਹ ਯੁੱਧ ਵਿਚ ਅਚਨਚੇਤੀ ਆ ਪੈਣ ਵਾਲੀਆਂ ਔਕੜਾਂ ਦਾ ਟਾਕਰਾ ਕਰਨ ਦੇ ਸਮਰੱਥ ਬਣ ਸਕਣ। ਕਿਸੇ ਵਿਹਲੜ ਵਿਅਕਤੀ ਨੂੰ ਖੇਤ ਵਿਚ ਕਹੀ ਪਕੜਾ ਦਿਓ, ਗੋਡੀ ਕਰਨ ਲਾ ਦਿਓ। ਪੰਜ ਮਿੰਟਾਂ ਵਿਚ ਤ੍ਰੇਲੀਓ-ਤ੍ਰੇਲੀ ਹੋ ਕੇ ਡਿੱਗ ਪਵੇਗਾ। ਜਿਹੜੇ ਰੋਜ਼ਾਨਾ ਕੰਮ ਕਰਦੇ ਹਨ, ਉਹ ਵੇਖਣ ਨੂੰ ਕਮਜ਼ੋਰ ਜਿਹੇ ਵਿਅਕਤੀ ਭੀ ਸਾਰਾ ਸਾਰਾ ਦਿਨ, ਖ਼ੂਬ ਕੰਮ ਕਰਦੇ ਰਹਿੰਦੇ ਹਨ। ਵਿਹਲੇ ਰਹਿਕੇ ਪਾਲੇ ਹੋਏ ਹੱਡਾਂ ਵਾਲਿਆਂ ਨੂੰ ਜੰਗ ਯੁੱਧ ਵਿਚ ਕਮਾਏ ਜੁੱਸੇ ਵਾਲੇ ਸਿਪਾਹੀਆਂ ਸਾਹਮਣੇ ਆਉਣਾ ਪੈ ਜਾਵੇ ਤਾਂ, ਅਜਿਹੇ ਹਾਲਾਤ ਵਿਚ ਲੜਨਾ ਤਾਂ ਕਿਤੇ ਰਿਹਾ, ਇਹ ਡਰਪੋਕ ਬੰਦੇ ਤਾਂ ਦੌੜ ਕੇ ਜਾਨ ਬਚਾਉਣ ਜੋਗੇ ਭੀ ਨਹੀਂ ਹੁੰਦੇ। ਗੁਰੂ ਸਾਹਿਬ ਨੇ ਕਿਰਤ ਨੂੰ ਪਹਿਲ ਦਿੱਤੀ। ਗੁਰੂ ਜੀ ਖੁਦ ਕਿੰਨਾ ਸਮਾਂ ਕੰਮ ਕਰਦੇ ਸਨ। ਉਹਨਾਂ ਦੀ ਜ਼ਿੰਦਗੀ ਨੂੰ ਪੜ੍ਹ ਵਿਚਾਰ ਕੇ ਸਭ ਸਮਝ ਆ ਜਾਂਦਾ ਹੈ।

ਇਸ ਮਿਹਨਤ ਦਾ ਸਦਕਾ ਭਾਰਤ ਭਰ ਵਿਚੋਂ, **ਸਿੱਖ ਨੌਜੁਆਨ ''ਸਿਰ ਕੱਢਵੇਂ'' ਬਣ ਗਏ।** ਜਿੱਥੇ ਫੌਜ ਵਿਚ ਭਰਤੀ ਹੋਕੇ, ਬਹਾਦਰੀ ਦੇ ਜੋਹਰ ਵਿਖਾਏ ਉਥੇ ਖੇਢਾਂ ਵਿਚ ਭੀ ਨਵੇਂ ਕੀਰਤੀਮਾਨ ਸਥਾਪਤ ਕੀਤੇ। ਇਕ ਸਮਾਂ ਸੀ ਕਿ ਹਾਕੀ ਵਿਚ ਗਿਆਰਾਂ ਖਿਢਾਰੀਆਂ ਵਿਚੋਂ, ਅੱਠ ਖਿਢਾਰੀ ਸਿੱਖ ਸਨ। ਇਸੇ ਤਰ੍ਹਾਂ ਫੁੱਟਬਾਲ ਤੇ ਵਾਲੀਵਾਲ ਸੀ। ਜਦੋਂ ਕਬੱਡੀ ਦੀ ਖੇਢ ਮੁਕਾਬਿਲਆਂ ਵਿਚ ਸ਼ਾਮਲ ਕੀਤੀ ਗਈ, ਤਾਂ ਸਾਰੇ ਖੇਡਾਰੀ ਲਗਭਗ ਪੰਜਾਬੀ (ਸਿੱਖ) ਸਨ। ਸ੍ਰ. ਮਿਲਖਾ ਸਿੰਘ ਨੂੰ ਦੌੜਦਾ ਵੇਖਕੇ ਲੋਕੀਂ ''ਉਡੱਣਾ ਸਿੱਖ'' ਆਖਣ ਲੱਗ ਪਏ ਸਨ। ਇਕ ਛੋਟੀ ਜਿਹੀ ਤਕਨੀਕੀ ਗਲਤੀ ਕਾਰਨ ਮਿਲਖਾ ਸਿੰਘ ਨੂੰ ਉਲੰਪਿਕ ਦੌੜ ਵਿਚ ਸੋਨ

ਤਗਮਾ ਤਾਂ ਭਾਵੇਂ ਨਹੀਂ ਦਿੱਤਾ ਜਾ ਸਕਿਆ। ਪਰ ਉਸ ਟੋਕੀਓ ਦੀ ਖੇਢ ਦਾ ਚੈਂਪੀਅਨ ਸ੍ਰ: ਮਿਲਖਾ ਸਿੰਘ ਨੂੰ ਮੰਨਿਆ ਗਿਆ।

ਦੇਸ਼-ਵਿਦੇਸ਼ ਦੀਆਂ ਖੇਢਾਂ ਵਿਚ ਜਿੰਨੀ ਕਾਮਯਾਬੀ ਮਿਲੀ, ਇਹ ਖੇਢਾਰੀਆਂ ਦੀ ਨਿੱਜੀ ਮਿਹਨਤ ਸੀ। ਜਾਂ ਪ੍ਰਵਾਰ ਦਾ ਉਤਸ਼ਾਹ ਸੀ। ਕੁਝ ਇਕ ਫੌਜ ਤੇ ਪੁਲਿਸ ਵੱਲੋਂ ਭੀ ਖੇਢਾਰੀਆਂ ਦੀ ਮੱਦਤ ਕੀਤੀ ਗਈ। ਜਦੋਂ ਭਾਰਤ ਸਰਕਾਰ ਵਿਚ ਬੈਠੀ ਕੱਟੜ ਹਿੰਦੂ ਲਾਬੀ ਨੇ ਵੇਖਿਆ ਕਿ ਇਹ ਸਿੱਖ ਲੋਕ, ਆਪਣੇ ਨਿੱਜੀ ਬਲਬੁੱਤੇ ਹੀ ਮਾਰਾਂ ਮਾਰਦੇ ਚਲੇ ਜਾ ਰਹੇ ਹਨ। ਇਹਨਾਂ ਨੂੰ ਹਰ ਹੀਲਾ ਵਰਤ ਕੇ ਰੋਕਿਆ ਜਾਵੇ। ਭਾਵੇਂ ਭਾਰਤ ਦੇਸ਼ ਦੀ ਇੱਜ਼ਤ ਮਿੱਟੀ ਵਿਚ ਮਿਲ ਜਾਵੇ ਪਰ ਸਿੱਖਾਂ ਨੂੰ ਕੱਖੋਂ ਹੋਲੇ ਜ਼ਰੂਰ ਕਰਨਾ ਹੈ। ਫਿਰ ਹਰ ਸੂਬੇ ਨੂੰ ਖੇਢਾਰੀਆਂ ਦੀ ਵੰਡ ਕੀਤੀ ਗਈ। ਖੇਢ ਦੇ ਮਿਆਰ ਅਤੇ ਸਰੀਰਕ ਸ਼ਕਤੀ ਦੀ ਕੋਈ ਵੁਕਤ ਨਹੀਂ। ਸਗੋਂ ਸੂਬਿਆਂ ਵੱਲੋਂ ਮਿਲੇ ਕੋਟੇ ਮੁਤਾਬਕ ਨੌਜੁਆਨ ਭੇਜੇ ਜਾਣ ਲੱਗੇ। ਮੰਤਰੀਆਂ ਅਤੇ ਅਫਸਰਾਂ ਦੇ ਚਹੇਤੇ, ਨਚਾਰ ਕਿਸਮ ਦੇ ਖੇਢਾਰੀ, ਖੇਢ ਮੈਦਾਨ ਵਿਚ ਲੱਕ ਹਿਲਾ ਕੇ ਦਰਸ਼ਕਾਂ ਦਾ ਮਨੋਰੰਜਨ ਕਰਨ ਲੱਗੇ। ''ਬੇਗਾਨੇ ਪੁੱਤਾਂ'' ਦੇ ਕਮਾਏ ਸਰੀਰ ਤੇ ਅੰਨੀ ਤਾਕਤ ਅੱਗੇ, ਚਾਰੋਖਾਨੇ ਚਿੱਤ ਹੁੰਦੇ ਗਏ। ਲੈ ਦੇ ਕੇ ਦੇਸ਼ ਦੀ ਸਰਕਾਰ ਨੇ ਆਪਣੀ ਸਾਰੀ ਤਾਕਤ ਕ੍ਰਿਕਟ ਤੇ ਝੋਕ ਦਿੱਤੀ। ਬਾਕੀ ਸਾਰੀਆਂ ਖੇਢਾਂ ਵਿਚੋਂ ਸਵਾ ਅਰਬ ਦੀ ਆਬਾਦੀ ਵਾਲਾ ''ਮੇਰਾ ਭਾਰਤ ਮਹਾਨ'' ਤਗਮਿਆਂ ਵੱਲੋਂ ਫਾਡੀ ਰਹਿਣ ਲਗਾ। ਖੇਢਾਂ ਬਾਰੇ ਇਕੋ ਇਕ ਨੀਤੀ ਕੰਮ ਕਰ ਰਹੀ ਸੀ, ਕਿ ਸਿੱਖਾਂ ਨੂੰ ਗਰਾਉਂਡ ਵਿਚ ਨਹੀਂ ਵੜਨ ਦੇਣਾ।

ਸੰਨ 1975 ਦੀ ਘਟਨਾ ਹੈ ਕਿ ਇੰਗਲੈਂਡ ਦੀ ਉਲੰਪਿਕ ਖੇਢਾਂ ਵਿਚ ਸੋਨ ਤਗਮਾ ਜੇਤੂ, ਉਥੋਂ ਦੀ ਹਾਕੀ ਟੀਮ ਅਤੇ ਥਾਈਲੈਂਡ ਤੋਂ ਆਈ ਨਾਮਧਾਰੀ ਇਲੈਵਨ ਹਾਕੀ ਟੀਮ ਦਾ, ਢੁੱਡੀ ਕੇ (ਜਿਲ੍ਹਾ ਮੋਗਾ) ਵਿਖੇ, ਮੁਕਾਬਲਾ ਕਰਵਾ ਦਿੱਤਾ ਗਿਆ। ਇਕ ਪਾਸੇ ਸਿਰ ਤੇ ਰੁਮਾਲਾ ਸਜਾਈ, ਤੇੜ ਸਫੇਦ ਕਛਹਿਰੇ ਪਹਿਨੀ, ਦਾੜੀ ਕੇਸਾਂ ਵਾਲੇ ਸਿੰਘ ਧੂੜਾਂ ਪੁੱਟ ਰਹੇ ਸਨ। ਦੂਜੇ ਪਾਸੇ ਗੋਲਡ ਮੈਡਲ ਜੇਤੂ ਗੋਰਿਆਂ ਦੀ ਸੰਸਾਰ ਦੀ ਸਰਬੋਤਮ ਟੀਮ। ਤਿੰਨ ਮੈਚ ਖੇਢੇ ਗਏ। ਗੱਭਰੂਆਂ ਨੇ ਧਰਤੀ ਪੁੱਟ ਦਿੱਤੀ। ਪਸੀਨੇ ਵਿਚ ਨੁਚੜਦੇ ਜੁਆਨ ਜੁੱਸੇ ਲਿਸ਼ਕਾਂ ਮਾਰ ਰਹੇ ਸਨ। ਮਾਨੋ ਦੋ ਦੇਸ਼ਾਂ ਦੀ ਜੰਗ ਹੋ ਰਹੀ ਹੋਵੇ। ਇਕ ਪਾਸੇ ਆਮ ਸਿੱਖਾਂ ਦੀ ਟੀਮ ਜਿਸ ਵਿਚ ਸਾਰੇ ਗਿਆਰਾਂ ਖਿਢਾਰੀ ਸਿੱਖ ਸਨ। ਦੂਜੇ ਪਾਸੇ ਦੁਨੀਆਂ ਦੀ ਆਹਲਾ ਟੀਮ। ਖ਼ੂਬ ਕੁੰਢੀਆਂ ਦੇ ਸਿੰਗ ਫਸੇ। ਬੜੇ ਜੈਕਾਰੇ ਲੱਗੇ, ਹਾਕੀਆਂ ਭਿੜੀਆਂ, ਜੁਆਨੀ ਨਾਲ ਜੁਆਨੀ ਟਕਰਾਈ.......। ਅੰਤ ਜਿੱਤ ਗਏ ਬਹਾਦਰ ਸਿੱਖ। ਹਾਰ ਗਈ ਉਲੰਪਿਕ ਜੇਤੂ ਟੀਮ। ਬੜੀ ਚਰਚਾ ਹੋਈ, ਸੰਸਾਰ ਭਰ ਦੇ ਅਖਬਾਰ ਰਸਾਲਿਆਂ ਵਿਚ। ਉਸ ਤੋਂ ਮਗਰੋਂ ਇਸ ਤਰ੍ਹਾਂ ਦੇ ''ਦੋਸਤਾਨਾ ਮੈਚ'' ਭੀ ਭਾਰਤ ਵਿਚ ਹੋਣੋ ਹਟ ਗਏ। ਸਿੱਖਾਂ ਦੇ ਮਨਾਂ ਵਿਚੋਂ ਜਿੱਤ ਦਾ ਮਾਣ ਸਦਾ ਵਾਸਤੇ ਕੱਢ

ਦੇਣਾ ਹੈ। ਵਿਅਕਤੀਗਤ ਜਾਂ ਗਰੁੱਪ ਵਿਚ ਸ਼ਾਮਿਲ ਹੋਕੇ, **''ਸਿੱਖ ਨਹੀਂ ਜਿੱਤਣਾ ਚਾਹੀਦਾ'', ਇਹੀ ਨੀਤੀ ਹੈ ਭਾਰਤ ਸਰਕਾਰ ਦੀ। ਨਚਾਰ ਕਿਸਮ ਦੇ ਮੁੰਡਿਆਂ ਤੋਂ ਖੇਢਾਂ ਵਿਚ ਜਿੱਤ ਨਹੀਂ ਮਿਲਣੀ। ਹਾਂ ਜੇ ਕੱਥਾ ਕਲੀ ਨਾਚ, ਉੜੀਸੀ ਡਾਂਸ ਜਾਂ ਭਾਰਤ ਨਾਟਿਅਮ ਕਿਸਮ ਦੇ ਕੋਈ ਪੈਰਾਂ ਨੂੰ ਘੁੰਗਰੂ ਬੰਨ ਕੇ, ਨੱਚ ਕੇ ਗਰਾਊਂਡ ਵਿਚ ਜਾਣਾ ਪਵੇ, ਤਾਂ ''ਭਾਰਤ ਮਹਾਨ'' ਸ਼ਾਇਦ ਆਪਣੀ ਕਲਾ ਦੇ ਜੋਹਰ'' ਵਿਖਾ ਸਕੇ।**

ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ, ਜਿਸਦਾ ਸਾਢੇ ਤਿੰਨ ਸੌ ਕਰੋੜ ਦਾ ਸਲਾਨਾ ਬੱਜਟ ਹੈ। ਸੋਚ ਕੇ ਕਲੇਜੇ ਦਾ ਰੁੱਗ ਭਰਿਆ ਜਾਂਦਾ ਹੈ, ਕਿ ਨੌਜਵਾਨਾਂ ਨੂੰ ਖੇਢਾਂ ਵਾਲੇ ਪਾਸੇ ਲਿਆਉਣ ਵਾਸਤੇ, ਨਸ਼ਿਆਂ ਤੋਂ ਬਚਾ ਕੇ ਚੰਗੀ ਸਿਹਤ ਬਣਾਉਣ ਵਾਸਤੇ, ਕਦੀ ਇਕ ਪੈਸਾ ਨਹੀਂ ਖਰਚਿਆ। ਸਾਰੇ ਅਕਾਲੀ ਲੀਡਰ ਡੀਗਾਂ ਮਾਰਨਗੇ, ਸ੍ਰ: ਜੱਸਾ ਸਿੰਘ ਆਹਲੂਵਾਲੀਏ ਦੀ ਬਹਾਦਰੀ ਦੀਆਂ। ਸ਼ੇਖੀਆਂ ਮਾਰਨਗੇ ਸ੍ਰ: ਹਰੀ ਸਿੰਘ ਨਲੂਏ ਦੀ ਜਵਾਂ ਮਾਰਦੀ ਦੀਆਂ। ਖ਼ੁਦ ਉਸ ਪਾਸੇ ਆਪਣੇ ਧੀਆਂ ਪੁੱਤਰਾਂ ਨੂੰ ਲਾਉਣ ਵਾਸਤੇ ਕਾਣੀ ਕਉਡੀ ਨਹੀਂ ਖਰਚ ਦੇ। ਚੋਣਾਂ ਦੇ ਨੇੜੇ ਤੇੜੇ ਅਕਾਲੀ ਚੌਧਰੀਆਂ ਨੂੰ ''ਸਿੱਖਾਂ ਦੇ ਭਵਿੱਖ'' ਦਾ ਬੜਾ ਹੇਜ਼ ਜਾਗਦਾ ਹੈ। ਅਸੀਂ ਵੋਟਾਂ ਜਿੱਤ ਕੇ ਨੌਕਰੀਆਂ ਦਿਆਂਗੇ । ਇੰਜੀਨੀਅਰ ਕਾਲਜ ਖੋਲ੍ਹਾਂਗੇ। ਖੇਢਾਂ ਨੂੰ ਉਤਸ਼ਾਹਤ ਕਰਾਂਗੇ''। ਦੂਜੇ ਬੰਨੇ ਦੁਖਦਾਈ ਸੱਚ ਇਹ ਹੈ ਕਿ ਸਿੱਖਾਂ ਕੋਲ ਨੌਜਵਾਨਾਂ ਦਾ ਕੋਈ ''ਹਰਿਆਵਲ'' ਦਸਤਾ ਹੀ ਨਹੀਂ ਹੈ। ਲੀਡਰਾਂ ਦੇ ਪੁੱਤਰ ਭਤੀਜੇ ਜਵਾਈ ਆਦਿ ਹੀ ਘਸੀਟ ਕੇ ਅੱਗੇ ਲਿਆਂਦੇ ਗਏ ਹਨ। ''ਸਿੱਖ ਸਟੂਡੈਂਟ ਫੈਡਰੇਸ਼ਨ'', ਸਾਰੀਆਂ ਬੁਢਾਪੇ ਵਿਚ ਪਹੁੰਚ ਚੁੱਕੀਆਂ ਹਨ। ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲਾਂ ਦਾ ਬਦਲ, ਸਥਾਪਤ ਲੀਡਰਾਂ ਨੇ ਪੈਦਾ ਹੀ ਨਹੀਂ ਹੋਣ ਦਿੱਤਾ।

ਚਾਹੀਦਾ ਤਾਂ ਇਹ ਸੀ ਕਿ ਸਾਰੇ ਸ਼ਹਿਰਾਂ ਵਿਚ ਸ਼੍ਰੋਮਣੀ ਕਮੇਟੀ ਦੇ ਫੰਡਾਂ ਨਾਲ, ਸਪੋਰਟ ਕਲੱਬ ਚਲਾਏ ਜਾਂਦੇ। ਲੜਕੇ ਲੜਕੀਆਂ ਦੀ ਦਿਲਚਸਪੀ ਮੁਤਾਬਕ ਉਹਨਾਂ ਨੂੰ ਖੇ ਢਾਂ ਲਈ ਸੁਚੱਜੀ ਅਗਵਾਈ ਦਿੱਤੀ ਜਾਂਦੀ। **''ਗਧਿਆਂ ਨੂੰ ਲੰਗਰ'' ਖਵਾ ਕੇ ਕੌਮ ਦਾ ਪੈਸਾ ਰੋਹੜਨ ਦੀ ਥਾਵੇਂ (ਹੋਰ ਲੋੜਾਂ ਪੂਰੀਆਂ ਕਰਦਿਆਂ) ਇਸੇ ਲੰਗਰ ਦੇ ਅੰਨ ਦਾਣੇ, ਦੁੱਧ ਘਿਓ ਨੂੰ ਖੇਢਾਰੀਆਂ ਦੀ ਚੰਗੀ ਸਿਹਤ ਲਈ ਵਰਤਿਆ ਜਾਂਦਾ। ਇਹ ਨੌਜੁਆਨ ਗੁਰੂ ਨਾਨਕ ਦੇ ਚਰਨਾਂ ਨਾਲ ਜੁੜੇ ਰਹਿੰਦੇ। ਬਹੁਤ ਸਾਰੇ ਇਹਨਾਂ ਵਿਚੋਂ ਗੁਰਬਾਣੀ ਪੜ੍ਹਦੇ ਸਮਝਦੇ। ਕਿੰਨੇ ਸਾਰੇ ਰਹਿਤ ਵਿਚ ਪਰਪੱਕ ਹੋ ਕੇ ਜੀਵਨ ਬਤੀਤ ਕਰਦੇ। ਭਾਰਤ ਸਰਕਾਰ ਮਜ਼ਬੂਰ ਹੋ ਕੇ, ਇਹਨਾਂ ਤਿਆਰ ਹੋਏ ਨੌਜੁਆਨਾਂ ਨੂੰ ਆਪਣੀਆਂ ਟੀਮਾਂ ਵਿਚ ਜ਼ਰੂਰ ਪਾਉਂਦੀ। ਬੇਲੋੜੀਆਂ ਖੇਢ ਪਾਬੰਦੀਆਂ ਤੋਂ ਤੰਗ ਆ ਕੇ ਬਹੁਤੇ ਨੌਜਵਾਨ ਕੇਸ ਕਟਵਾ ਦਿੰਦੇ ਹਨ। ਉਹਨਾਂ ਦੀ ਬਾਂਹ ਫੜ੍ਹਨ ਵਾਲਾ ਕੋਈ ਨਹੀਂ ਹੈ। ਅਗਰ ਸ਼੍ਰੋਮਣੀ ਕਮੇਟੀ ਪਿੱਠ ਤੇ ਹੁੰਦੀ, ਤਾਂ ਸਿੱਖ ਖੇਢਾਰੀਆਂ**

**ਦੀ, ਇੰਨੀ ਦੁਰਦਸ਼ਾ ਕਦੇ ਨਾ ਹੁੰਦੀ।**

ਖਾੜਕੂਵਾਦ ਨੂੰ ਦਬਾਉਣ ਦੇ ਬਹਾਨੇ, ਸਿੱਖਾਂ ਤੇ ਜੋ ਜ਼ੁਲਮ ਹੋਏ, ਉਹਨਾਂ ਨੂੰ ਕੋਈ ਕਲਮ ਪੂਰੀ ਤਰਾਂ ਕਦੇ ਭੀ ਬਿਆਨ ਨਹੀਂ ਕਰ ਸਕੇਗੀ। ਜਦੋਂ 1994 ਵਿਚ ਪੰਜਾਬ ਦੇ ਹਰ ਪਿੰਡ ਵਿਚ ਸਿਵਿਆਂ ਦੇ ਭਾਂਬੜ ਬਾਲ ਕੇ, ਚੌਰਸਤਿਆਂ ਵਿਚ ਖੂਨ ਦੀ ਹੋਲੀ ਖੇਡ ਕੇ, ਬਜ਼ੁਰਗਾਂ ਦੀਆਂ ਦਾਹੜੀਆਂ ਪੁੱਟ ਕੇ, ਸਿੱਖਾਂ ਦੀਆਂ ਨੂੰਹਾਂ ਧੀਆਂ ਦੀਆਂ ਇੱਜਤਾਂ ਲੁੱਟ ਕੇ, ''ਸਾਂਤੀ ਵਾਰਤਾ'' ਦਿੱਤੀ ਤਾਂ ਆਪਣੇ ਆਪ ਨੂੰ ਪੈਰਾਂ ਤੇ ਖੜੇ ਕਰਨ ਲਈ, SGPC ਨੇ ''ਵਿਸ਼ਵ ਸਿੱਖ ਸੰਮੇਲਨ'' ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਉਹਨਾਂ ਦਿਨਾਂ ਵਿਚ ਲੇਖਕ (ਇੰਦਰ ਸਿੰਘ ਘੱਗਾ) ਅਕਾਲ ਤਖਤ ਦੇ ਮੁੱਖ ਸੇਵਾਦਾਰ ਨਾਲ ਨਿੱਜੀ ਸਹਾਇਕ ਸੀ। ਇਸ ਲਈ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਕਾਰਕੁਨਾਂ ਬਾਰੇ, ਬਹੁਤ ਕੁੱਝ ਨੇੜੇ ਹੋ ਕੇ ਪਰਖਣ ਦਾ ਮੌਕਾ ਮਿਲਦਾ ਰਿਹਾ ਹੈ। ਉਸ ਵਕਤ ਦੇ ''ਜਥੇਦਾਰ'' ਭਾਈ ਮਨਜੀਤ ਸਿੰਘ ਨੇ ਮੇਰੀ ਜਿੰਮੇਵਾਰੀ ਲਾਈ ਕਿ ਸਾਬਕਾ ਸਿੱਖ ਖਿਢਾਰੀਆਂ ਨੂੰ ਮਿਲੋ।'' ਸਿੱਖੀ ਸ਼ਕਲ ਸੂਰਤ ਵਾਲਿਆਂ ਨੂੰ ਵਿਸ਼ੇਸ਼ ਸਨਮਾਨ ਦਿਆਂਗੇ। ਜਿਨਾਂ ਨੇ ਦਾਹੜੀ ਕੇਸ ਕਟਾਏ ਹੋਏ ਹਨ, ਉਹਨਾਂ ਨੂੰ ਕੌਮ ਰੱਖਣ ਵਾਸਤੇ ਪ੍ਰੇਰਨਾ ਕੀਤੀ ਜਾਵੇਗੀ। ਅਗੋਂ ਅਕਾਲ ਤਖਤ ਦੀ ਸਰਪ੍ਰਸਤੀ ਵਿਚ ਇਕ ਖੇਢ ਵਿਭਾਗ ਸਥਾਪਿਤ ਕੀਤਾ ਜਾਵੇਗਾ। ਅਗੋਂ ਸ਼੍ਰੋਮਣੀ ਕਮੇਟੀ ਦੀ ਸਹਾਇਤਾ ਨਾਲ ਮੁੱਖੀ ਵਿਅਕਤੀ, ਖਿਢਾਰੀਆਂ ਦੀਆਂ ਮੁਸ਼ਕਲਾਂ ਦੂਰ ਕਰਨ ਦੀ ਕੋਸ਼ਿਸ਼ ਕਰੇਗਾ। ਖੇਢਾਂ ਵਿਚ ਨੌਜਆਨਾਂ ਦੀ ਰੁਚੀ ਪੈਦਾ ਕਰਨ ਲਈ ਢੰਗ ਲਭੇਗਾ। ਖਿਢਾਰੀਆਂ ਨੂੰ ''ਸਾਬਤ ਸੂਰਤ'' ਰਹਿਣ ਲਈ ਗਿਆਨ ਦੇਵੇਗਾ.........।''

ਇਸ **''ਹਰਿ ਚੰਦਉਰੀ''** ਵਾਲੇ ਭਾਸ਼ਣ ਦੀ ਪੰਡ ਸਿਰ ਤੇ ਚੁੱਕ ਕੇ, ਮੈਂ ਪ੍ਰਸਿੱਧ ਦੌੜਾਕ ਸ੍ਰ: ਮਿਲਖਾ ਸਿੰਘ ਨੂੰ ਮਿਲਿਆ। ਸਾਰੀ ਗਲਬਾਤ ਉਸਨੂੰ ਜਦੋਂ ਸੁਣਾਈ ਗਈ ਤਾਂ ਉਸ ਤੋਂ ਖੁਸ਼ੀ ਸਾਂਭੀ ਨਾ ਜਾਵੇ।ਬੜੀ ਗਰਮਜੋਸ਼ੀ ਨਾਲ ਉਸਨੇ ਹਰ ਤਰਾਂ ਦਾ ਸਹਿਯੋਗ ਦੇਣ ਬਾਰੇ ਵਿਸ਼ਵਾਸ ਦੁਆਇਆ। ਕੁਝ ਦਿਨਾਂ ਤੋਂ ਮਗਰੋਂ ਮੈਂ ਸ੍ਰ: ਬਿਸ਼ਨ ਸਿੰਘ ਬੇਦੀ, ਕ੍ਰਿਕਟ ਖਿਢਾਰੀ ਨੂੰ ਮਿਲਕੇ ਸਾਰੀ ਗਲ ਦੱਸੀ। ਹਾਥੀ ਵਰਗੀ ਡੀਲ ਡੌਲ ਅਤੇ ਤਾਕਤ ਦੇ ਮਾਲਕ ਸ੍ਰ: ਪ੍ਰਦੂਮਣ ਸਿੰਘ ਗੋਲਾ ਸੁੱਟਣ ਵਾਲੇ ਨੂੰ ਮਿਲਿਆ। ਸ: ਨਵਜੋਤ ਸਿੰਘ ਸਿੱਧੂ ਨੂੰ ਮਿਲਿਆ। ਲਗਭਗ ਸਾਰੇ ਖਿਢਾਰੀਆਂ ਨੇ ਪੂਰੇ ਉਤਸ਼ਾਹ ਨਾਲ ਇਹੀ ਕਿਹਾ ਕਿ, ''ਸਾਡੇ ਧੰਨਭਾਗ ਹਨ, S.G.P.C. ਅਤੇ ਅਕਾਲ ਤਖਤ ਸਾਹਿਬ ਨੇ ਸਾਨੂੰ ਯਾਦ ਕੀਤਾ ਹੈ। ਅਸੀਂ ਤਾਂ ਸਮਝਦੇ ਸੀ, ਕਿ ਉਥੇ ਸਾਰੇ ਪੱਥਰ ਦੀਆਂ ਮੂਰਤਾਂ ਹੀ ਬੈਠੇ ਹਨ। ਲਗਦੈ ਕਿ ਇਹਨਾਂ ਪੱਥਰਾਂ ਵਿਚ ਜਾਨ ਪੈ ਗਈ ਹੈ। ਤੁਸੀਂ ਜਿੱਦਣ ਆਵਾਜ਼ ਦਿਓਗੇ, ਅਸੀਂ ਨਾ ਦਿਨ ਵੇਖਾਂਗੇ ਨਾ ਰਾਤ, ਤੁਰੰਤ ਪਹੁੰਚ ਜਾਵਾਂਗੇ।'' ਸ੍ਰ: ਮਿਲਖਾ ਸਿੰਘ ਪੰਜਾਬ ਸਰਕਾਰ ਦੇ ਖੇਢ ਵਿਭਾਗ ਦਾ ਮੁੱਖੀ ਭੀ ਸੀ। ਉਸਨੇ

ਕੁਝ ਚੋਣਵੇਂ ਖਿਢਾਰੀਆਂ ਨਾਲ ਮਸ਼ਵਰਾ ਕੀਤਾ। ਸਾਰਿਆਂ ਨੇ ਇਸ ਨੇਕ ਕਾਰਜ ਵਿਚ ਉਸਦੇ ਨਾਲ ਖੜੇ ਹੋਣ ਦਾ ਵਚਨ ਦਿੱਤਾ। ਫਿਰ ਸ੍ਰ: ਮਿਲਖਾ ਸਿੰਘ, ਭਾਈ ਮਨਜੀਤ ਸਿੰਘ ਨੂੰ ਬੜੇ ਉਤਸ਼ਾਹ ਨਾਲ ਮਿਲਿਆ। **''ਅਸੀਂ ਸਾਰੇ ਖੇਢਾਰੀ ਤੁਹਾਡੇ ਹਰ ਹੁਕਮ ਅੱਗੇ ਸਿਰ ਝੁਕਾਵਾਂਗੇ ''** ਦਾ ਵਿਸ਼ਵਾਸ ਦੁਆਇਆ।

ਅਫਸੋਸ, ਸਦ ਅਫਸੋਸ ! ਇਹਨਾਂ ਆਪਣਿਆਂ ਤੋਂ S.G.P.C. ਨੇ ਅਤੇ ਅਕਾਲ ਤਖਤ ਦੇ ''ਜਥੇਦਾਰ'' ਨੇ, ਮੂੰਹ ਮੋੜ ਲਿਆ। ਮੁੜਕੇ ਕਦੀ ਆਉਣ ਬਾਰੇ ਚਿੱਠੀ ਨਾ ਪਾਈ, ਫੋਨ ਨਾ ਕੀਤਾ। ਗੁਰੂ ਦਰ ਤੇ ਆਏ, ਗੁਰੂ ਕੇ ਬੇਟੇ ਧੱਕ ਦਿੱਤੇ ਗਏ। ਸੰਨ 1995 ਦਾ ''ਵਿਸ਼ਵ ਸਿੱਖ ਸੰਮੇਲਨ'' ਕਰੋੜਾਂ ਰੁਪਏ ਫੂਕ ਕੇ ਲੰਘ ਗਿਆ। ਥੋੜ੍ਹੀ ਦੇਰ ਪਿਛੋ S.G.P.C. ਦੀਆਂ ਚੋਣਾਂ ਆ ਗਈਆਂ। ਅਕਾਲੀ ਦਲ ਨੇ ਚੋਣਾਂ ਜਿੱਤ ਲਈਆਂ। ਸੰਨ 1997 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਆ ਗਈਆਂ। ਇਹਨਾਂ ਵਿਚ ਭੀ ਅਕਾਲੀ ਦਲ ਜਿੱਤ ਗਿਆ। ਉਸਤੋਂ ਮਗਰੋਂ ਕੀਤੇ ਗਏ ਸਾਰੇ ਵਾਇਦੇ ਬੜੀ ਬੇਸ਼ਰਮੀ ਨਾਲ ਵਿਸਾਰ ਦਿੱਤੇ ਗਏ । ਬਸ ਆਪਣੀਆਂ ਤਿਜੋਰੀਆਂ ਭਰਨ ਵਾਲੇ ਪਾਸੇ, ਖਾਸ ਤਵੱਜੋਂ ਦਿੱਤੀ ਗਈ। ਇਥੇ ਹਰਇਕ ਧਾਰਮਕ ਜਾਂ ਸਮਾਜਿਕ ਕੰਮ ਗੰਦੀ ਰਾਜਨੀਤੀ ਥੱਲੇ ਦਫ਼ਨ ਕਰ ਦਿੱਤਾ ਜਾਂਦਾ ਹੈ। ਜਿਥੇ ਬੇ ਗਾਨੇ ਲੋਕ ਸਿੱਖਾਂ ਨੂੰ ਬਰਬਾਦ ਕਰਨ ਤੇ ਲੱਗੇ ਹੋਏ ਹਨ, ਉਥੇ ''ਆਪਣਿਆਂ'' ਜੋ ਕੀਤੀ ਹੈ, ਉਹ ਪੜ੍ਹ ਸੁਣਕੇ ਰੂਹ ਕੰਬ ਉਠਦੀ ਹੈ। ਭੁੱਬਾਂ ਨਿਕਲਦੀਆਂ ਹਨ। ਕਿਸ ਅੱਗੇ ਜਾ ਕੇ ਦੁਖੱੜੇ ਫੋਲੀਏ?

**ਮਨਮੁਖ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ।।**
**ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮ ਨਿਸਤਾਰੇ।। (ਪੰਨਾ 981)**

# ਪੰਜਾਬੀ ਬੋਲੀ ਦੇ ਵਾਰਿਸ-ਸਿੱਖ

ਮਨੁੱਖੀ ਜ਼ਿੰਦਗੀ ਵਿਚ ਬੋਲੀ ਦਾ ਅਤੀ ਮਹੱਤਵ ਪੂਰਨ ਸਥਾਨ ਹੈ। ਬੋਲੀ ਬਣਨ, ਵਿਗਸਣ ਅਤੇ ਪ੍ਰਫੁੱਲਤ ਹੋਣ ਲਈ, ਸਦੀਆਂ ਦਾ ਪੰਧ ਤਹਿ ਕਰਨਾ ਹੁੰਦਾ ਹੈ। ਹਾਲਾਤ ਮੁਤਾਬਿਕ ਸਾਰੀਆਂ ਬੋਲੀਆਂ, ਅਣਲੋੜੀਂਦੇ ਸ਼ਬਦ ਤਿਆਗਦੀਆਂ ਚਲੀਆਂ ਜਾਂਦੀਆਂ ਹਨ, ਤੇ ਨਵੇਂ ਸ਼ਬਦਾਂ ਨੂੰ ਆਪਣੇ ਸੁਭਾ ਮੁਤਾਬਿਕ, ਵਿਚ ਸਮੋ ਲੈਂਦੀਆਂ ਹਨ। ਮਨੁੱਖੀ ਜ਼ਿੰਦਗੀ ਵਿਚ ਉਸ ਸਮੇਂ ਇਕ ਵੱਡਾ ਇਨਕਲਾਬ ਆਇਆ ਸੀ, ਜਦੋਂ ਮਨੁੱਖ ਪਹਿਲੀ ਵਾਰ, ਜਾਨਵਰਾਂ ਵਾਂਗ ਚਾਰ ਪੈਰਾਂ ਤੇ ਟੁਰਨ ਦੀ ਥਾਂ, ਦੋ ਪੈਰਾਂ ਤੇ ਖੜਾ ਹੋ ਕੇ ਟੁਰਨ ਲੱਗ ਪਿਆ। ਅੱਗੇ ਵਾਲੇ ਦੋ ''ਪੈਰਾਂ'' ਤੋਂ ਹੱਥਾਂ ਦਾ ਕੰਮ ਲੈਣ ਲੱਗ ਪਿਆ। ਦੂਜਾ ਇਨਕਲਾਬ ਸੀ, ਜਦੋਂ ਮਨੁੱਖ ਨੇ ਆਪਣੇ ਮਨੋਭਾਵਾਂ ਨੂੰ, ਬੋਲੀ ਰਾਹੀਂ ਦੂਜੇ ਮਨੁੱਖ ਤੱਕ ਪੁਚਾਉਣਾ ਸਿੱਖ ਲਿਆ। ਤੀਜਾ ਇਨਕਲਾਬ ਸੀ, ਪਹੀਏ ਦੀ ਕਾਢ, ਜਿਸ ਨਾਲ ਢੋਆ-ਢੋਆਈ ਦਾ ਵਿਕਾਸ ਹੋਇਆ। ਚੌਥੀ ਕਰਾਂਤੀ ਸੀ ਆਪਣੇ ਗਿਆਨ ਨੂੰ ਲਿੱਪੀ ਬੱਧ ਕਰਕੇ ਸਾਂਭ ਲੈਣਾ ਤੇ ਲਿਖਕੇ ਅਗਲੀ ਨਸਲ ਤੱਕ ਪੁੱਜਦਾ ਕਰਨਾ। ਇਸ ਤੋਂ ਅੱਗੇ ਵਿਕਾਸ ਦੀ ਗਤੀ ਬਹੁਤ ਤੀਖਣ ਹੁੰਦੀ ਚਲੀ ਗਈ। ਬੋਲੀ ਮਨੁੱਖੀ ਸੁਭਾ ਵਿਚੋਂ ਪ੍ਰਗਟ ਹੁੰਦੀ ਹੈ, ਤੇ ਫਿਰ ਮਨੁੱਖੀ ਸੁਭਾ ਨੂੰ ਤਰਾਸ਼ਣ ਵਿਚ ਸਹਾਇਕ ਹੁੰਦੀ ਹੈ। ਅੱਜ ਸਾਰਾ ਸਾਹਿਤ ਇਤਿਹਾਸ, ਧਰਮ ਵਿਗਿਆਨ, ਅੱਖ਼ਰਾਂ ਦੁਆਰਾ ਹੀ ਸਾਂਭਿਆ ਜਾ ਰਿਹਾ ਹੈ? ਤਾਂ ਜੋ ਅਗਲੀ ਨਸਲ ਨੂੰ ਵਿਕਾਸ ਵਿਚ ਸੌਖ ਹੋ ਸਕੇ।

ਪੰਜਾਬੀ ਬੋਲੀ ਕਈ ਹਜ਼ਾਰ ਸਾਲ ਤੋਂ ਪੰਜਾਬੀਆਂ ਦੇ ਦਿਲਾਂ ਦੀ ਧੜਕਣ ਬਣੀ ਰਹੀ ਹੈ। ਆਰੀਅਨ ਲੋਕਾਂ ਦੇ ਭਾਰਤ ਵਿਚ ਆਉਣ ਨਾਲ ਪੰਜਾਬੀ ਬੋਲੀ ਨੂੰ ਪਛਾੜਨ ਦੇ ਮਨਸੂਬੇ ਘੜੇ ਜਾਂਦੇ ਰਹੇ। ਮੁਸਲਮਾਨਾਂ ਦੇ ਰਾਜ ਤੱਕ ਸਰਕਾਰੀ ਬੋਲੀ ਫਾਰਸੀ ਬਣਾ ਦਿੱਤੀ ਗਈ। ਅੰਗਰੇਜ਼ਾਂ ਨੇ ਸਰਕਾਰੀ ਬੋਲੀ ਇੰਗਲਿਸ਼ ਬਣਾ ਦਿੱਤੀ। ਪੰਜਾਬੀ ਬੋਲੀ ਫਿਰ ਭੀ ਜਿਉਂ ਦੀ ਤਿਉਂ ਆਮ ਜਨ ਸਮੂੰਹ ਦੇ ਦਿਲਾਂ ਵਿਚ ਵਸਦੀ ਰਹੀ। ਸਤਿਗੁਰੂ ਬਾਬਾ ਨਾਨਕ ਜੀ ਨੇ, ਆਪਣੇ ਰੱਬੀ ਕਲਾਮ ਰਾਹੀਂ ਇਸ ਬੋਲੀ ਨੂੰ ਬੁਲੰਦੀਆਂ ਤੇ ਪੁਚਾ ਦਿੱਤਾ। ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਲਿਖਤ ਵਿਚ ਸਾਨੂੰ ਪੰਜਾਬੀ ਦੀ ਕੋਈ ਰਚਨਾਂ ਨਹੀਂ ਮਿਲਦੀ। ਆਪਣੀ ਪਾਵਨ ਬਾਣੀ ਇਸ ਬੋਲੀ ਵਿਚ ਲਿਖਕੇ, ਜਿੱਥੇ ਪੰਜਾਬੀ ਨੂੰ ਗਗਨਾਂ ਤੱਕ ਉੱਚੀ ਕਰ ਦਿੱਤਾ, ਉਥੇ ਹੀ ਪੰਜਾਬੀਆਂ ਨੇ ਗੁਰੂ ਨਾਨਕ ਸਾਹਿਬ ਵੱਲੋਂ ਦਿੱਤੇ ਗਏ ਵਡੇਰੇ ਮਾਣ ਲਈ ਪੰਜਾਬੀ ਨੂੰ ਗੁਰਮੁਖੀ ਕਹਿਣਾ ਪ੍ਰਵਾਨ ਕਰ ਲਿਆ। ਭਾਵ ਗੁਰੂ ਦੇ ਮੁੱਖ ਤੋਂ ਉਚਾਰੇ ਪਿਆਰੇ ਬਚਨ ''ਗੁਰਮੁੱਖੀ''।

ਇਹੀ ''ਗੁਰਮੁੱਖੀ'' ਗੁਰੂ ਨਾਲ ਸਾਂਝ ਪੁਆਉਣ ਲਈ, ਮਾਧਿਅਮ ਬਣ ਗਈ। ਬਾਕੀ ਬਾਣੀਕਾਰਾਂ ਨੇ ਅਤੇ ਭਾਈ ਗੁਰਦਾਸ ਜੀ ਨੇ ਇਸ ਬੋਲੀ ਵਿਚ ਹੋਰ ਰਸ ਅਤੇ ਰੰਗ ਭਰ ਦਿੱਤੇ।

ਅਰਬ ਦੇਸ਼ਾਂ ਵਿਚੋਂ ਆਏ ਹਮਲਾਵਰਾਂ ਲਈ ਭਾਰਤ ਵਿਚ ਹਰ ਇਕ ਬੋਲੀ ਓਪਰੀ ਸੀ। ਫਾਰਸੀ ਰਾਹੀਂ ਉਹਨਾਂ ਆਪਣਾ ਡੰਗ ਟਪਾ ਲਿਆ। ਇੰਗਲੈਂਡ ਵਿਚੋਂ ਆਏ ਗੋਰਿਆਂ ਲਈ, ਪੰਜਾਬੀ ਸਮਝਣੀ ਬੋਲਣੀ ਮੁਸ਼ਕਿਲ ਸੀ, ਉਹਨਾਂ ਅੰਗਰੇਜ਼ੀ ਵਿਚ ਆਪਣਾ ਬੁੱਤਾ ਸਾਰ ਲਿਆ। **ਅਫਸੋਸ ਕਿ ਪੰਜਾਬੀ ਹਿੰਦੂ, ਪੰਜਾਬ ਵਿਚ ਜਨਮ ਲੈ ਕੇ, ਪੰਜਾਬੀ ਵਿਚ ਲੋਰੀਆਂ ਲੈ ਕੇ, ਪੰਜਾਬੀ ਗੀਤਾਂ ਰਾਹੀਂ ਵਿਆਹ ਰਚਾ ਕੇ, ਮੌਤ ਸਮੇਂ ਪੰਜਾਬੀ ਵਿਚ ਵੈਣ ਪਾ ਕੇ ਭੀ, ਕੁਫ਼ਰ ਤੋਲਦਾ ਰਿਹਾ, ਕਿ ਸਾਡੀ ਮਾਤ ਬੋਲੀ ਪੰਜਾਬੀ ਨਹੀਂ ਹੈ। ਬੋਲੀ ਦਾ ਧਰਮ ਨਾਂਲ ਕੋਈ ਸਿਧਾ ਸੰਬੰਧ ਨਹੀਂ ਹੁੰਦਾ। ਪੰਜਾਬ ਵਿਚ ਈਸਾਈ, ਮੁਸਲਮਾਨ, ਸਿੱਖ ਤੇ ਹਿੰਦੂ ਸਾਰੇ ਹੀ ਵਸਦੇ ਹਨ। ਕੀ ਸਾਰਿਆਂ ਦੀ ਬੋਲੀ ਅੱਡੋ-ਅੱਡ ਹੋ ਸਕਦੀ ਹੈ? ਹਿੰਦੂ ਸਮਾਜ ਦੇ ਸ਼ਾਤਰ ਮੁਖੀਆਂ ਨੇ, ਵੈਸੇ ਤਾਂ ਸਿੱਖਾਂ ਨਾਲ ਸੰਬੰਧਤ ਹਰ ਵਿਚਾਰ ਜਾਂ ਹਰਇਕ ਵਿਹਾਰ ਤੋਂ ਮੂੰਹ ਮੋੜਿਆ ਹੈ। ਪਰ ਪੰਜਾਬ ਵਿਚ ਰਹਿ ਕੇ ਪੰਜਾਬੀ ਬੋਲ ਕੇ, ਪੰਜਾਬੀ ਨੂੰ ਆਪਣੀ ਮਾਂ ਬੋਲੀ ਨਾ ਮੰਨਣਾ, ਘਿਰਣਾ ਜੋਗ ਕਰਮ ਹੈ।**

ਬੰਗਾਲੀ ਹਿੰਦੂ ਨੇ ਅੱਜ ਤੱਕ ਕਦੀ ਦਾਹਵਾ ਨਹੀਂ ਕੀਤਾ, ਕਿ ਸਾਡੀ ਮਾਤ ਬੋਲੀ ਬੰਗਲਾ ਨਹੀਂ, ਹਿੰਦੀ ਹੈ। ਤਾਮਿਲ ਹਿੰਦੂ ਨੇ ਕਦੀ ਬਿਆਨ ਨਹੀਂ ਦਿੱਤਾ, ਕਿ ਸਾਡੀ ਬੋਲੀ ਤਾਮਿਲ ਨਾ ਹੋ ਕੇ ਹਿੰਦੀ ਹੈ। ਸਾਰੇ ਭਾਰਤ ਵਿਚ ਕਿੰਨੀਆਂ ਸਾਰੀਆਂ ਬੋਲੀਆਂ, ਅੱਡੋ-ਅੱਡ ਸੂਬਿਆਂ ਵਿਚ ਬੋਲੀਆਂ ਜਾਂਦੀਆਂ ਹਨ। ਕਿਸੇ ਇਲਾਕੇ ਵਿਚ ਭੀ ਆਪਣੀ ਲੋਕਲ ਇਲਾਕਾਈ ਬੋਲੀ ਨੂੰ ਪਿੱਠ ਦੇਕੇ, ਹਿੰਦੀ ਬੋਲੀ ਕਿਸੇ ਹਿੰਦੂ ਨੇ ਨਹੀਂ ਮੰਨੀ। ਬਸ ਇਹ ਕੇਵਲ ਪੰਜਾਬ ਦਾ ਹਿੰਦੂ ਹੀ ਹੈ ਜੋ ਖਾਂਦਾ ਪੰਜਾਬ ਦਾ ਹੈ, ਤੇ ਗਦਾਰੀ ਭੀ ਪੰਜਾਬੀ ਨਾਲ ਹੀ ਕਰਦਾ ਹੈ। ਇਥੇ ਸਿੱਖਾਂ ਦੇ ਧਰਮ ਗ੍ਰੰਥ ਗੁਰਮੁੱਖੀ ਵਿਚ ਲਿਖੇ ਹੋਣ ਕਰਕੇ, ਗੁਰੂ ਸਾਹਿਬਾਨ ਵੱਲੋਂ ਗੁਰਮੁਖੀ ਨੂੰ ਸਤਿਕਾਰ ਦੇਣ ਕਰਕੇ, ਇਹ ਲੋਕ ਪੰਜਾਬੀ ਬੋਲੀ ਅਤੇ ਪੰਜਾਬੀ ਰਵਾਇਤਾਂ ਨੂੰ ਦਗਾ ਦੇ ਰਹੇ ਹਨ। **ਗੁਰੂ ਸਾਹਿਬ ਜੀ ਨੇ ਅਤੇ ਬਹਾਦਰ ਸਿੱਖਾਂ ਨੇ, ਇਹਨਾਂ ਲੋਕਾਂ ਲਈ ਬੜੇ ਪਰਉਪਰਕਾਰ ਕੀਤੇ। ਚਾਹੀਦਾ ਤਾਂ ਇਹ ਸੀ ਕਿ ਸਮੁੱਚੀ ਹਿੰਦੂ ਵਸੋਂ ਗੁਰੂ ਸਾਹਿਬ ਪ੍ਰਤੀ ਰੋਮ-ਰੋਮ ਤੋਂ ਰਿਣੀ ਹੁੰਦੀ। ਅਘ੍ਰਿਤਘਣਤਾ ਦੀ ਇੰਤਹਾ ਵੇਖੋ ਕਿ ਸਾਰੇ ਉਪਕਾਰ ਵਿਸਾਰ ਕੇ, ਪੰਜਾਬੀ (ਅਸਲ ਵਿਚ ਗੁਰਮੁਖੀ) ਬੋਲੀ ਨੂੰ ਹੀ ਧੋਖਾ ਦੇ ਗਏ। ਇੰਨਾ ਫਰੇਬੀ ਤੇ ਝੂਠਾ ਵਿਅਕਤੀ ਸ਼ਾਇਦ ਦੁਨੀਆਂ ਵਿਚ ਕਿਧਰੇ ਨਾ ਮਿਲੇ, ਜਿੰਨਾਂ ਪੰਜਾਬੀ ਹਿੰਦੂ ਹੈ। ਬਦੇਸ਼ਾਂ ਵਿਚ ਜਾ ਕੇ, ਲੋਕੀਂ ਉਥੋਂ ਦੀ ਬੋਲੀ ਪੜ੍ਹਦੇ ਲਿਖਦੇ ਤੇ ਬੋਲਦੇ ਹਨ। ਭਾਵੇਂ ਇਸ ਲਈ ਕਿੰਨੀ**

**ਮਿਹਨਤ ਹੀ ਕਿਉਂ ਨਾ ਕਰਨੀ ਪਵੇ। ਇਧਰ ਜਨਮ ਤੋਂ ਹੀ ਪੰਜਾਬ ਦਾ ਪਾਣੀ ਪੀਕੇ, ਸਾਰੇ ਕਾਰ ਵਿਹਾਰ ਵਿਚ ਪੰਜਾਬੀ ਵਰਤ ਕੇ, ਹਿੰਦੂ ਸਿੱਧਾ ਕੁਫ਼ਰ ਤੋਲ ਰਹੇ ਹਨ ਕਿ ''ਸਾਡੀ ਮਾਂ ਬੋਲੀ ਪੰਜਾਬੀ ਨਹੀਂ ਹੈ''।**

ਇਹਨਾਂ ਜਨੂੰਨੀ ਹਿੰਦੂਆਂ ਦੇ ਪਿਛਲੱਗ, ਕਈ ਸਾਰੇ ''ਅਗਾਂਹਵਧੂ'' ਸੋਚ ਵਾਲੇ ਵਿਅਕਤੀ, ਆਪਣੇ ਆਪਨੂੰ ਸਿੱਖ ਨਾ ਅਖਵਾ ਕੇ, ਪੰਜਾਬੀ ਅਖਵਾਣ ਵਿਚ ''ਫਖ਼ਰ'' ਮਹਿਸੂਸ ਕਰਦੇ ਹਨ। ਉਹ ਜਾਣਦੇ ਹੋਏ ਭੀ ਫਰੇਬ ਕਰ ਰਹੇ ਹੁੰਦੇ ਹਨ ਕਿ ਅਗਰ ਪੰਜਾਬ ਦੇ ਇਤਿਹਾਸ ਵਿਚੋਂ, ਦਸ ਗੁਰੂਆਂ ਦੇ ਪਰਉਪਕਾਰ ਭੁਲਾ ਦਿੱਤੇ ਜਾਣ, ਸਿੱਖ ਸੂਰਮਿਆਂ ਦੀ ਬਹਾਦਰੀ ਨੂੰ ਵੱਖ ਕਰ ਦਿੱਤਾ ਜਾਵੇ, ਤਾਂ ਬਾਕੀ ਇਥੇ ਫਖ਼ਰਯੋਗ ਬਚੇਗਾ ਹੀ ਕੀ? ਕੇਵਲ ਨਮੋਸ਼ੀਆਂ ਸ਼ਰਮਸਾਰੀਆਂ, ਹਾਰਾਂ ਤੇ ਗਦਾਰੀਆਂ ਹੀ ਬਾਕੀ ਰਹਿ ਜਾਣਗੀਆਂ। ਜਿੰਨਾ ਕੁ ਸਿਰ ਉੱਚਾ ਕਰਕੇ ਅਸੀਂ ਜਿਉ ਸਕੇ ਹਾਂ, ਇਹ ਸਿਰਫ ਗੁਰੂ ਨਾਨਕ ਵਿਚਾਰਧਾਰਾ ਦੇ ਪ੍ਰਫੁਲੱਤ ਹੋਣ ਕਰਕੇ ਹੈ। ਇਸ ਦਾ ਦੂਜਾ ਪੱਖ ਤਾਂ ਇਹੀ ਦਸਦਾ ਹੈ ਕਿ ਧਾੜਵੀ ਵਿਦੇਸ਼ਾਂ ਵਿਚੋਂ ਆਉਂਦੇ ਸੀ। ਮਨ ਆਈਆਂ ਲੁੱਟਾਂ ਕਰਦੇ ਸੀ। ਜੋਬਨ ਮਤੀਆਂ ਮੁਟਿਆਰਾਂ ਨੂੰ ਭੇਡਾਂ ਵਾਂਗ ਅੱਗੇ ਲਾਉਂਦੇ ਸੀ। ਅਥਾਹ ਧਨ, ਅਤੇ ਰੂਪ ਲੁੱਟ ਕੇ ਵਾਪਸ ਪਰਤ ਜਾਂਦੇ ਸੀ। ਕੋਈ ਰਾਹ ਰੋਕਣ ਵਾਲਾ ਨਹੀਂ ਸੀ। **ਇਹੀ ਸੀ ਨਾ ਪੰਜਾਬੀ ਕੌਮ? ਇਸ ''ਪੰਜਾਬੀ ਕੌਮ'' ਨੂੰ ਕੁਰਾਹੇ ਪਾਉਣ ਵਾਲਾ ਜੋਗੀ ਤਬਕਾ ਸੀ। ਲੁੱਟ ਕੇ ਖਾਣ ਵਾਲਾ ਬ੍ਰਾਹਮਣ ਟੋਲਾ ਸੀ। ਅਗਿਆਨਤਾ ਵਿਚ ਗਰਕਿਆ ਆਮ ਜਨਸਮੂੰਹ ਸੀ। ਜੇ ਗੁਰੂ ਨਾਨਕ ਸਾਹਿਬ, ਇਸ ਵਰਤ ਰਹੇ ਘਿਰਣਤ ਵਰਤਾਰੇ ਨੂੰ ਕਰਾਂਤੀਕਾਰੀ ਮੋੜ ਨਾ ਦਿੰਦੇ, ਤਾਂ ਬੇਸ਼ਰਮੀ ਅਤੇ ਜਹਾਲਤ ਤੋਂ ਸਿਵਾਏ ਹੈ ਹੀ ਕੀ ਸੀ, ''ਪੰਜਾਬੀ ਕੌਮ'' ਕੋਲ?**

ਦੂਜਾ **''ਮਾਣ ਯੋਗ ਸਾਹਿਤ''** ਜੇ ਸੀ ਪੰਜਾਬ ਕੋਲ ਤਾਂ ਉਹ ਸੀ ਹੀਰ ਰਾਂਝੇ ਦਾ ਲੁੱਚਪੁਣਾ। ਮਰੀ ਆਤਮਾ ਨਾਲ, ਬਿਨਾਂ ਕਿਸੇ ਵਡੇਰੇ ਟੀਚੇ ਤੋਂ, ਬਾਰਾਂ ਸਾਲ ਤੱਕ ਹੀਰ ਦੇ ਘਰ ਮੱਝਾਂ ਨੂੰ ਪੱਠੇ ਪਾਉਣੇ ਤੇ ਗੋਹਾ ਕੂੜਾ ਕਰਨਾ। ਇਹੀ ਸੀ ਨਾਂ ਰਾਂਝੇ ਦੀ **''ਬਹਾਦਰੀ''?** ਬਾਰਾਂ ਸਾਲ ਤੱਕ ਮੱਝਾਂ ਸਾਂਭਣ ਵਾਲੇ ਗੈਰਤ ਹੀਣ ਰਾਂਝੇ ਲਈ, ਮਾਂ ਪਿਉ ਤੋਂ ''ਚੋਰੀ ਚੋਰੀ ਹੀਰ ਚੂਰੀਆਂ ਕੁੱਟ ਕੇ ਖਵਾਉਂਦੀ ਹੈ। ਕੀ ਬਾਰਾਂ ਸਾਲਾਂ ਤੱਕ ''ਚੋਰੀ ਇਸ਼ਕ'' ਹੀ ਪੰਜਾਬੀਆਂ ਦੀ ਸ਼ਾਨ ਹੈ? ਰਾਂਝਾਂ ਫਿਰ ਭੀ ਹੀਰ ਨੂੰ ਵਿਆਹ ਨਾ ਸਕਿਆ। ਵਿਲਕਦਾ ਤੜਫਦਾ ਜੋਗੀ ਬਣਕੇ ਕੱਢ ਲੈ ਜਾਂਦਾ ਹੈ। ਵਾਹ ਮੇਰੇ ਪੰਜਾਬੀਓ ! ਇਹੀ ਹੈ ਤੁਹਾਡਾ ਵਿਰਸਾ? ਸਾਹਿਬਾਂ ਨੂੰ ਉਧਾਲ ਕੇ ਮਿਰਜ਼ੇ ਨੇ ਜੋ ਕੜ੍ਹੀ ਘੋਲੀ ਹੈ, ਉਹ ਕਿਸੇ ਤੋਂ ਗੁੱਝੀ ਛਿਪੀ ਨਹੀਂ ਹੈ। ਕਿਹੜੇ ''ਧਰਮ ਦੀ ਰਾਖੀ'' ਕਰਦਾ ਜੰਡ ਹੇਠ ਵੱਢਿਆ ਗਿਆ ਭਲਾ? **''ਪੰਜਾਬੀ ਕੌਮ''** ਨੂੰ ਕਿਸ ਅੰਧਕਾਰ ਵਿਚ ਡੋਬ ਰਹੀਆਂ ਹਨ ਇਹ ਕਹਾਣੀਆਂ? **''ਪੰਜਾਬੀ ਕੌਮ''** ਦੇ ਲੰਬੜਦਾਰਾਂ ਵੱਲੋਂ ਸਪਸ਼ੱਟ

ਕਰਨਾ ਬਣਦਾ ਹੈ। ਸਿੱਖਾਂ ਦੇ ਕੁਝ ਨਾਸਮਝ ਵਿਅਕਤੀ ਭੀ, ਇਸ ''ਪੰਜਾਬੀ ਕੌਮ'' ਵਾਲੇ ਸ਼ਬਦ ਜਾਲ ਵਿਚ ਉਲਝ ਕੇ, ਆਪਣੇ ਆਪ ਨੂੰ **''ਸੈਕੂਲਰ ਤੇ ਆਗਾਂਹ ਵਧੂ''** ਅਖਵਾਉਣ ਦੇ ਸ਼ੌਂਕ ਵਿਚ, ਗੁਰੂ ਨਾਨਕ ਵਿਚਾਰਧਾਰਾ ਨੂੰ ਅਚੇਤ (ਜਾਂ ਸੁਚੇਤ)ਰੂਪ ਵਿਚ ਪਿੱਠ ਦੇ ਜਾਂਦੇ ਹਨ। ਸਿੱਖੀ ਦਾਇਰੇ ਵਿਚ ਰਹਿਕੇ, ਉਹਨਾਂ ਨੂੰ ਸੰਜਮ ਵਾਲਾ ਜੀਵਨ ਜਿਉਣਾ ਪਵੇਗਾ। ਨਸ਼ਿਆ ਦਾ ਤਿਆਗ ਕਰਨਾ ਹੋਵੇਗਾ। ਕਾਮਨਾਵਾਂ ਤੇ ਕਾਬੂ ਰੱਖਣਾ ਪਵੇਗਾ। ਰਿਸ਼ਵਤਾਂ, ਬੇ ਈਮਾਨੀਆਂ ਤੋਂ ਬਚਣਾ ਪਵੇਗਾ....। ਇਹ ਸਾਰੀਆਂ ਮੰਦ ਕਰਤੂਤਾਂ ਕਰਨ ਲਈ, ਰਾਹ ਪੱਧਰਾ ਬਣਾਉਣ ਵਾਸਤੇ, ''ਸਿੱਖ ਕੌਮ'' ਦੀ ਥਾਂ ਫਿਰ ''ਪੰਜਾਬੀ ਕੌਮ'' ਦਾ ਢੰਡੋਰਾ ਪਿੱਟਿਆ ਜਾਂਦਾ ਹੈ। ਮੈਂ ਜਾਣਦਾ ਹਾਂ, ਕਿ ਸਿੱਖ ਅਖਵਾਉਣ ਵਾਲੇ, ਸਿੱਖੀ ਦਾ ਜਾਂ ਗੁਰਬਾਣੀ ਦਾ ਵਾਸਤਾ ਪਾ ਕੇ ਦੁਸ਼ਟ ਕਰਮਾਂ ਤੋਂ ਹੋੜਨ ਦੇ ਚਾਂਸ ਹੈਗੇ ਨੇ। ਜੋ ਗੁਰੂ ਨਾਨਕ ਦੇ ਨਾਮ ਤੋਂ ਹੀ ਮੁਨਕਰ ਹੋ ਗਿਆ, ਉਸ ਨੂੰ ਕਿਸ ਗੱਲ ਦਾ ਵਾਸਤਾ ਪਾਈਏ? ਅਜਿਹੇ **''ਪੰਜਾਬੀਆਂ''** ਨੂੰ ਬਾਬਾ ਬੰਦਾ ਸਿੰਘ ਦੀ ਸੂਰਮਗਤੀ ਵਿਸਰ ਗਈ। ਨਵਾਬ ਕਪੂਰ ਸਿੰਘ, ਸ੍ਰ: ਜੱਸਾ ਸਿੰਘ ਆਹਲੂਵਾਲੀਆ, ਸ੍ਰ: ਚੜ੍ਹਤ ਸਿੰਘ ਭੁੱਲ ਗਏ। ਇਹਨਾਂ ਨੂੰ ਮਹਾਰਾਜਾ ਰਣਜੀਤ ਸਿੰਘ ਚੰਗਾ ਨਾ ਲੱਗਾ। ਹਰੀ ਸਿੰਘ ਨਲੂਆ, ਸ੍ਰ: ਸ਼ਾਮ ਸਿੰਘ ਅਟਾਰੀਵਾਲਾ ਫੁੱਟੀ ਅੱਖ ਨਾ ਭਾਏ। ਸ਼ਾਇਦ ਇਹ ਲੋਕ ਗੁਲਾਮ ਜਹਿਨੀਅਤ ਵਾਲੇ, **''ਪੰਜਾਬੀਆਂ''** ਦੇ ਵਾਰਿਸ ਬਣਨ ਵਿਚ ਜ਼ਿਆਦਾ **''ਫਖ਼ਰ''** ਮਹਿਸੂਸ ਕਰਦੇ ਹਨ।

ਦੁਖਦਾਈ ਪਹਿਲੂ ਇਹ ਹੈ ਕਿ ਆਪਣੇ ਆਪ ਨੂੰ ਸਿੱਖੀ ਦੇ ਝੰਡਾ ਬਰਦਾਰ, ਪੰਜਾਬ ਦੇ ਪਹਿਰੇਦਾਰ, ਤੇ ਪੰਜਾਬੀ ਬੋਲੀ ਦੇ ਜਾਂਬਾਜ ਰਾਖੇ ਹੋਣ ਦੇ ਦਮਗਜੇ ਮਾਰਨ ਵਾਲੇ, ਅਕਾਲੀਆਂ ਨੇ ਪੰਜਾਬ ਦੀ ਰਾਜ ਸੱਤਾ ਤੇ ਕਾਬਜ਼ ਹੋਕੇ ਭੀ, ਪੰਜਾਬੀ ਬੋਲੀ ਦਾ ਕੋਈ ਜ਼ਿਕਰਯੋਗ ਭਲਾ ਨਹੀਂ ਕੀਤਾ। ਸਗੋਂ ਸ੍ਰੀ ਪ੍ਰਕਾਸ਼ ਸਿੰਘ ਬਾਦਲ ਸਰਕਾਰ (1997 ਤੋਂ 2002) ਵਿਚ ਵਿਦਿਆ ਮੰਤਰੀ ਸ੍ਰ: ਤੋਤਾ ਸਿੰਘ ਨੇ, ਪੰਜਾਬੀ ਨਾਲ ਧ੍ਰੋਹ ਕਮਾਉਣ ਵਾਲੇ ਕੰਮ ਕੀਤੇ । ਇਕ ਤਾਂ ਸਾਰੇ ਸਰਕਾਰੀ ਤੇ ਗੈਰ ਸਰਕਾਰੀ ਦਫਤਰਾਂ ਵਿਚ ਪੰਜਾਬੀ ਵਿਚ ਕੰਮ ਕਾਜ ਕਰਨ ਲਈ ਸਖ਼ਤ ਹਦਾਇਤਾਂ ਜਾਰੀ ਕਰਨੀਆਂ ਬਣਦੀਆਂ ਸਨ, ਨਹੀਂ ਕੀਤੀਆਂ। ਪੰਜਾਬੀ ਭਾਸ਼ਾ ਵਿਚ ਕੰਮ ਕਰਨ ਤੋਂ ਲਾਪ੍ਰਵਾਹੀ ਵਰਤਣਾ,''ਸਜ਼ਾਯੋਗ'' ਬਣਾਉਣਾ ਚਾਹੀਦਾ ਸੀ, ਨਹੀਂ ਬਣਾਇਆ। ਪੰਜਾਬ ਵਿਚ ਹਿੰਦੂ ਜਥੇਬੰਦੀਆਂ ਵੱਲੋਂ (ਜਿਵੇਂ ਐਸ.ਡੀ. ਸਕੂਲ, ਕਾਲਜ ਤੇ ਡੀ.ਏ.ਵੀ. ਸਕੂਲ, ਕਾਲਜ ਤੇ ਸੀ.ਬੀ.ਐਸ.ਈ. ਸੰਸਥਾਵਾਂ) ਸਿੱਧੀਆਂ ਆਪਣੀ ਮਨਮਰਜ਼ੀ ਦਾ ਸਿਲੇਬਸ ਬਣਾ ਕੇ ਲਾਗੂ ਕਰਦੀਆਂ ਹਨ। ਇਹਨਾਂ ਸੰਸਥਾਵਾਂ ਨੇ ਪੰਜਾਬੀ ਨੂੰ ਪੰਜਾਬ ਵਿਚ ਰਹਿ ਕੇ, ਪੂਰੀ ਤਰ੍ਹਾਂ ਤਿਲਾਂਜਲੀ ਦੇ ਦਿੱਤੀ ਹੈ। ਜੇ ਕੋਈ ਸਕੂਲ ਵਿਚ ਪੜ੍ਹਦਾ ਬੱਚਾ ਪੰਜਾਬੀ ਬੋਲਦਾ **''ਫੜਿਆ''** ਜਾਵੇ ਤਾਂ ਇਸ **''ਅਪਰਾਧ''** ਬਦਲੇ ਸਜ਼ਾ ਦਾ ਹਕਦਾਰ ਹੈ। ਸ੍ਰ: ਤੋਤਾ ਸਿੰਘ ਜੀ ਅਤੇ ਉਸ

ਦੀ ਅਕਾਲੀ ਸਰਕਾਰ ਨੇ ਕੇਂਦਰ ਵਿਚਲੀ ਭਾਜਪਾ ਭਾਈਵਾਲ ਹਾਕਮ ਸਰਕਾਰ ਕੋਲ, ਡੰਡਉਤ ਤਾਂ ਬੜੀ ਕੀਤੀ, ਪਰ ਨਮੋਸ਼ੀ ਤੋਂ ਸਿਵਾਏ ਪ੍ਰਾਪਤ ਕੁਝ ਨਾ ਕਰ ਸਕੇ। ਸੰਨ 1968 ਵਿਚ ਥੋੜੇ ਕੁ ਸਮੇਂ ਲਈ ਬਣਿਆ ਮੁੱਖ ਮੰਤਰੀ ਸ੍ਰ: ਲਛਮਣ ਸਿੰਘ ਗਿੱਲ, ਨਵੇਂ ਬਣੇ ਪੰਜਾਬੀ ਸੂਬੇ ਦੀ **''ਪਹਿਲੀ ਸਰਕਾਰੀ ਬੋਲੀ ਪੰਜਾਬੀ''** ਦਾ ਮਤਾ ਪਾਸ ਕਰਵਾ ਗਿਆ। ਵੈਸੇ 40 ਕੁ ਸਾਲ ਤੋਂ ਪੰਜਾਬੀ ਬੋਲੀ ਬਾਰੇ ''ਪਰਨਾਲਾ ਉਥੇ ਦਾ ਉਥੇ'' ਹੀ ਹੈ।

ਸਗੋਂ ਅਕਾਲੀ ਸਰਕਾਰ ਵਿਚ ਮੰਤਰੀ ਸ੍ਰੀਮਤੀ ਲੱਛਮੀਕਾਂਤ ਚਾਵਲਾ ਨੇ, ਮੁਕੱਦਮੇ ਭੁਗਤ ਰਹੇ, ਬੇਦੋਸ਼ੇ ਸਿੱਖ ਗਭਰੂਆਂ ਦੇ ਕਾਤਿਲ ਪੁਲਿਸ ਵਾਲਿਆਂ ਨੂੰ ਮੋਟੀਆਂ ਰਕਮਾਂ ਦੇ ਕੇ ਸਨਮਾਨ ਕਰਦੀ ਰਹੀ। ਜੋ ਕਾਤਿਲ ਪੁਲਸੀਏ ਜੇਹਲਾਂ ਵਿਚ ਬੰਦ ਸਨ, ਉਹਨਾਂ ਨੂੰ ਜੇਹਲ ਵਿਚ ਜਾ ਕੇ ਇਹੀ ਜਨਾਨੀ ਚਾਵਲਾ, ਰੱਖੜੀਆਂ ਬੰਨ ਕੇ ਆਉਂਦੀ ਰਹੀ। ਸਾਡੇ **''ਅਕਾਲੀ ਸ਼ੇਰ'' ਸਰਕਸ ਵਿਚ ਤਮਾਸ਼ਾ ਵਿਖਾਉਣ ਵਾਲੇ ਸ਼ੇਰਾਂ ਨਾਲੋਂ ਭੀ ਨਿੱਘਰ ਗਏ। ਇਸ ਜਨਾਨੀ ਦੇ ਵਿਰੋਧ ਵਿਚ ਤੇ ਹਜਾਰਾਂ ਬੇਦੋਸ਼ਿਆਂ ਦੇ ਹੱਕ ਵਿਚ, ਇਕ ਹਉਕਾ ਭੀ ਨਾ ਲੈ ਸਕੇ, ਦੋ ਅਥਰੂ ਹੀ ਨਾ ਕੇਰ ਸਕੇ। ਇਹ ਹੈ ''ਸਿਰਲੱਥ ਸੂਰਮਿਆਂ, ਕੁਰਬਾਨੀ ਵਾਲੇ ਗੁਰਸਿੱਖਾਂ ਦਾ ਸ਼੍ਰੋਮਣੀ ਅਕਾਲੀ ਦਲ''?** ਇਹੀ ਲੱਛਮੀ ਕਾਂਤ ਸ੍ਰੀ ਮਤੀ ਜੀ 2007 ਤੋਂ ਬਣੀ ਅਕਾਲੀ ਭਾਜਪਾ ਸਰਕਾਰ ਵਿਚ ਆਪਣੇ ਮੰਤਰੀ ਪੁਣੇ ਦੀ ਰਸਮੀ ਸਹੁੰ ਚੁਕਣਗੇ ਸਮੇਂ ਭੀ, ਦੋ ਅੱਖਰ ਪੰਜਾਬੀ ਵਿਚ ਬੋਲਣ ਤੋਂ ਸਾਫ ਇਨਕਾਰ ਕਰ ਗਈ। ਹਿੰਦੀ ਵਿਚ ਸਹੁੰ ਚੁੱਕ ਕੇ, ਸਾਰੇ ਅਕਾਲੀ ਦਲ ਦੇ ਮੂੰਹ ਤੇ ਫਿਰ ਕਰਾਰੀ ਚਪੇੜ ਮਾਰ ਗਈ। ਅੱਜ ਕੱਲ ''ਅਕਾਲੀ ਦਲ'', ਪੰਜਾਬੀ ਪਾਰਟੀ ਬਨਾਮ ਦਾਹੜੀ ਵਾਲੀ ਭਾਜਪਾ ਦਾ ਰੂਪ ਧਾਰਨ ਕਰ ਚੁਕਿਆ ਲਗਦਾ ਹੈ।

ਗੁਰੂ ਸਾਹਿਬ ਦੀ ਉੱਤਮ ਵਿਚਾਰਧਾਰਾ, ਅਤੇ ਸਿੱਖ ਯੋਧਿਆਂ ਵੱਲੋਂ ਆਪਣਾ ਆਪਾ ਕੁਰਬਾਨ ਕਰਕੇ ਜੋ ਪੂਰਨੇ ਪਾਏ, ਉਸ ਕਾਰਨ ਪੰਜਾਬ ਦੇ ਹਿੰਦੂ 1916 ਤੱਕ ਆਪਣੇ ਆਪ ਨੂੰ ''ਸਹਿਜਧਾਰੀ ਸਿੱਖ'' ਅਖਵਾਂਦੇ ਰਹੇ, ਹਿੰਦੂ ਨਹੀਂ। ਪੰਜਾਬ ਵਿਚ ਪਹਿਲੀਵਾਰ ਸ਼ਰਧਾਰਾਮ ਫਿਲੌਰੀ (1837-1881) ਨੇ, ਅੰਗਰੇਜ਼ਾਂ ਦੀ ਸਰਪ੍ਰਸਤੀ ਹੇਠ ਸਿੱਖ ਧਰਮ ਦੇ ਵਿਰੁਧ ਕੂੜ ਕੁਫਰ ਬੋਲਿਆ ਤੇ ਲਿਖਿਆ। ਇਸ ਭੱਦਰ ਪੁਰਸ਼ ਦੀਆਂ ਅਹਿਮਕਾਨਾ ਅਪਮਾਨ ਜਨਕ ਟਿਪੱਣੀਆਂ ਦਾ ਜੁਆਬ ਦੇਣ ਲਈ ਹੀ **''ਸਿੰਘ ਸਭਾ''** ਦੀ ਸਥਾਪਨਾ ਹੋਈ ਸੀ। ਮੌਜੂਦਾ ਦੌਰ ਵਿਚ, ਲਾਲਾ ਜਗਤ ਨਾਰਾਇਣ (ਮੌਤ 1981) ਨੇ ਸਿੱਖਾਂ ਦੇ ਜ਼ਖਮਾਂ ਤੇ ਲੂਣ ਹੀ ਛਿੜਕਿਆ। ਸੁਆਮੀ ਦਇਆ ਨੰਦ, ਗੁਜਰਾਤੀ ਸੀ। ਉਸਨੇ ਪੰਜਾਬੀ ਹਿੰਦੂਆਂ ਨੂੰ, ਗੁਰਬਾਣੀ ਪੜ੍ਹਦੇ, ਗੁਰਦੁਵਾਰੇ ਜਾਂਦੇ ਵੇਖਿਆ। ਤਾਂ ਅੱਗ ਬਬੂਲਾ ਹੋ ਗਿਆ। ਉਸ ਨੇ ਪੰਜਾਬੀ ਦਾ ਵਿਰੋਧ ਤਾਂ ਕੀਤਾ ਹੀ, ਸਗੋਂ ਗੁਰਬਾਣੀ ਅਤੇ ਗੁਰੂ ਸਾਹਿਬਾਨ ਦੀ ਪਵਿੱਤਰ ਸ਼ਖਸੀਅਤ ਤੇ ਭੀ ਚਿੱਕੜ ਸੁੱਟਿਆ। ਇਸ ਤਰ੍ਹਾਂ ਇਹਨਾਂ ਜਨੂੰਨੀ ਲੋਕਾਂ ਨੇ, ਹਿੰਦੂ ਸਿੱਖ ਵੱਖੋ ਵੱਖ ਹਨ, ਦਾ ਅਜਿਹਾ ਜ਼ਹਿਰ ਘੋਲਿਆ

ਕਿ ਬਹੁਗਿਣਤੀ ਹਿੰਦੂਆਂ ਦੇ ਹੱਡਾਂ ਵਿਚ ਉਤਰ ਗਿਆ। ਇਕੋ ਪਉਣ ਪਾਣੀ ਜਾਂ ਵਾਤਾਵਰਣ ਵਿਚ ਰਹਿੰਦੇ ਹੋਏ ਭੀ, ਸਿੱਖ ਅਤੇ ਹਿੰਦੂ ਸੁਭਾ ਕਰਕੇ ਬਹੁਤ ਦੂਰ ਦੂਰ ਹਨ। ਇਸ ਵਧ ਰਹੀ ਦੂਰੀ ਤੋਂ ਘਬਰਾ ਕੇ ''ਹਿੰਦੂ ਸਿੱਖ ਏਕਤਾ ਜ਼ਿੰਦਾਬਾਦ'' ਦੇ ਨਾਹਰੇ ਲਾਉਣੇ ਪੈ ਰਹੇ ਹਨ। ਦੇਸ਼ ਦੇ ਟੁਕੜੇ (ਸਿੱਖ ਰਾਜ) ਹੋਣ ਤੋਂ ਭੈਅ ਖਾਕੇ, ''ਦੇਸ਼ ਦੀ ਏਕਤਾ ਔਰ ਅਖੰਡਤਾ'' ਦੇ ਕੰਨਪਾੜਵੇਂ ਬੇਲੋੜੇ ਰਾਗ ਅਲਾਪੇ ਜਾ ਰਹੇ ਹਨ। ਉੱਤਮ ਵਿਚਾਰਧਾਰਾ ਦਾ ਖ਼ਜ਼ਾਨਾ ਗੁਰਬਾਣੀ ਭੀ ਇਹਨਾ ਜਨੂੰਨੀ ਲੋਕਾਂ ਨੂੰ, ਪਸੰਦ ਨਹੀਂ ਹੈ। ਇਸ ਦੀ ਥਾਵੇਂ ਕਰਮਕਾਡਾਂ ਵਹਿਮਾਂ ਭਰਮਾਂ ਨਾਲ ਭਰੀ, ਵੈਦਿਕ ਬਾਣੀ ਚੰਗੀ ਲਗਦੀ ਹੈ। ਮਹਾਨ ਪਰਉਪਕਾਰੀ ਗੁਰੂ ਸਾਹਿਬਾਨ ਭੀ ''ਫੁੱਟੀ ਆਂਖ'' ਨਹੀਂ ਭਾਉਂਦੇ। ਉਹਨਾਂ ਦੀ ਥਾਵੇਂ ਡਮਰੂ ਵਾਲੇ, ਸੱਪਾਂ ਵਾਲੇ ਸ਼ਿਵ ਜੀ ਸਤਿਕਾਰਯੋਗ ਹਨ। ਲਾਲ ਮੂੰਹ ਵਾਲੇ, ਲੰਮੀ ਪੂਛ ਵਾਲੇ ਹਨੂੰਮਾਨ ਜੀ ਸ਼ਰਧਾ ਦੇ ਪਾਤਰ ਹਨ। ਹਾਥੀ ਦੇ ਮੂੰਹ ਵਾਲੇ, ਚੂਹੇ ਦੀ ਸਵਾਰੀ ਵਾਲੇ, ਮੈਲੇ ਤੋਂ ਬਣੇ, ਗਣੇਸ਼ ਜੀ ਬੜੇ ਚੰਗੇ ਲਗਾਏ ਹਨ। ਅੱਠ ਬਾਹਵਾਂਵਾਲੀ, ਸ਼ੇਰ ਦੀ ਸਵਾਰੀ ਕਰਨ ਵਾਲੀ, ਕਾਲੀ ਪੀਲੀ ਜਾਂ ਕਾਮਵਾਸਨਾਂ ਵਿਚ ਡੁੱਬੀ ਦੇਵੀ, ਸਤਿਕਾਰਯੋਗ ਹੈ ''ਪੱਥਰ ਦੇ ਭਗਵਾਨਾਂ'' ਅੱਗੇ ਨੱਕ ਰਗੜਿਆ ਜਾ ਸਕਦਾ ਹੈ। ਦਰਿਆਵਾਂ ਦੀ ਪੂਜਾ ਕੀਤੀ ਜਾ ਸਕਦੀ ਹੈ। ''ਸਚ ਕੀ ਬਾਣੀ'' ਉਚਾਰਨ ਵਾਲੇ, ਸੱਚ ਦੇ ਰਾਹ ਤੇ ਅਡੋਲ ਚੱਲਣ ਵਾਲੇ, ਗੁਰੂ ਨਾਨਕ ਸਾਹਿਬ ਪ੍ਰਵਾਨ ਨਹੀਂ ਹਨ। ਸੰਸਕ੍ਰਿਤ ਇਕ ਮਰ ਚੁੱਕੀ ਭਾਸ਼ਾ ''ਆਦਰਨੀਯ'' ਹੈ। ਹਿੰਦੀ ਜੋ 1835 ਤੋਂ ਪਹਿਲਾਂ ਐਨਕ ਲਾਕੇ ਵੇਖਿਆ ਭੀ ਕਿਧਰੇ ਵਿਖਾਈ ਨਹੀਂ ਦਿੰਦੀ ਸੀ, ਅੱਜ ਉਹ ਸਤਿਕਾਰਯੋਗ ਹੈ। ਪੰਜਾਬੀ ਜਿਸਨੂੰ ਬੋਲਣ ਵਾਲੇ (ਮਹਾਨ ਕੋਸ਼ ਮੁਤਾਬਕ 1927 ਵਿਚ) ਬਾਈ ਕਰੋੜ ਲੋਕ ਹਨ। ਅਮਰੀਕਾ, ਕੈਨੇਡਾ, ਇੰਗਲੈਂਡ ਤੇ ਥਾਈਲੈਂਡ ਵਿਚ, ਪੰਜਾਬੀ ਸਰਕਾਰੀ ਸਕੂਲਾਂ ਵਿਚ ਪੜ੍ਹਾਉਣ ਦੀ ਪਰਵਾਨਗੀ ਹੈ। ਜੇ ਪੰਜ ਕੁ ਬੱਚੇ ਇਕ ਸਕੂਲ ਵਿਚ, ਪੰਜਾਬੀ ਪੜ੍ਹਨ ਦੀ ਇੱਛਾ ਪ੍ਰਗਟ ਕਰਨ, ਤਦ ਸਰਕਾਰ ਉਹਨਾਂ ਲਈ ਮਾਸਟਰਾਂ ਦਾ ਪ੍ਰਬੰਧ ਕਰੇਗੀ। ਹਸਪਤਾਲ, ਬੈਂਕਾਂ ਆਦਿ ਵਿਚ, ਬੋਰਡ ਲਿਖ ਕੇ ਲਾਏ ਹੋਏ ਹਨ -''ਅਸੀਂ ਪੰਜਾਬੀ ਬੋਲਦੇ ਹਾਂ''। ਬਹੁਤ ਥਾਵਾਂ ਤੇ ਪੰਜਾਬੀ ਵਿਚ ''ਜੀ ਆਇਆਂ ਨੂੰ'' ਲਿਖਿਆ ਹੋਇਆ ਮਿਲ ਜਾਂਦਾ ਹੈ। ਵਿਦੇਸ਼ਾਂ ਵਿਚ ਪੰਜਾਬੀ ਵਿਕਾਸ ਕਰ ਰਹੀ ਹੈ। ਭਾਰਤ ਵਿਚ ਖਾਸ ਕਰ ਹਿਮਾਚਲ, ਹਰਿਆਣਾ, ਕਸ਼ਮੀਰ, ਦਿੱਲੀ ਤੇ ਪੰਜਾਬ ਵਿਚ ਪੰਜਾਬੀ ਮਰ ਰਹੀ ਹੈ। ਪਾਕਿਸਤਾਨੀ ਪੰਜਾਬ ਵਿਚ ਵੀ ਲਗਭੱਗ ਇਹੀ ਹਾਲਤ ਹੈ। ਉਹਨਾਂ ਨੇ ਤਾਂ ਪੰਜਾਬੀ ਦੀ ਲਿਪੀ ਭੀ ''ਸ਼ਾਹ ਮੁਖੀ'' (ਭਾਵ ਫਾਰਸੀ) ਵਾਲੀ ਚਾਲੂ ਕੀਤੀ ਹੋਈ ਹੈ। ਇਧਰਲੀ ਪੰਜਾਬੀ ਵਿਚ ਸੰਸਕ੍ਰਿਤ ਹਾਵੀ ਹੋ ਗਈ ਹੈ। ਪਾਕਿਸਤਾਨੀ ਪੰਜਾਬ ਵਿਚ ਫਾਰਸੀ ਸਵਾਰ ਹੋ ਗਈ ਹੈ। ਵਿਚਾਰੀ ਪੰਜਾਬੀ ਮਾਂ ਫਿਰ ਭੀ ਅਜੇ ਜੀਵਤ ਹੈ।

**''ਹਿੰਦੂ ਸਿੱਖ ਏਕਤਾ'' ਦੇ ਸੰਘ ਪਾੜੂ ਨਾਹਰੇ ਲਾਉਣ ਵਾਲਿਆਂ ਨੂੰ ਕਦੀ ਪੁੱਛ**

**ਵੇਖਣਾ, ਕਿ ਸਿੱਖ ਰਵਾਇਤਾਂ ਨੂੰ ਖਤਮ ਕਰਕੇ, ਏਕਤਾ ਕਰਨੀ ਚਾਹੁੰਦੇ ਹੋ? ਪੰਜਾਬੀ ਬੋਲੀ ਨੂੰ ਕਤਲ ਕਰਕੇ ਏਕਤਾ ਚਾਹੁੰਦੇ ਹੋ? ਸਿੱਖੀ ਸਰੂਪ ਨੂੰ ਨਫ਼ਰਤ ਕਰਕੇ ਏਕਤਾ ਚਾਹੁੰਦੇ ਹੋ? ਗੁਰੂ ਗ੍ਰੰਥ ਸਾਹਿਬ ਦੀ ਉੱਤਮ ਵਿਚਾਰਧਾਰਾ ਨੂੰ ਤਿਆਗ ਕੇ, ਏਕਤਾ ਚਾਹੁੰਦੇ ਹੋ? ਫਿਰ ਸਿੱਖ ਸਮਾਜ ਨੂੰ ਸਮਝ ਲੈਣਾ ਚਾਹੀਦਾ ਹੈ, ਇਹ ਏਕਤਾ ਸਿੱਖਾਂ ਦੀ ਜ਼ਮੀਰ ਦੇ ਕਬਰਸਤਾਨ ਤੇ ਹੋ ਸਕੇਗੀ। ਸਿੱਖੀ ਮਹਿਲ ਦੇ ਖੰਡਰਾਂ ਤੇ ਹੋ ਸਕੇਗੀ। ਸਮੁੱਚੇ ਪੰਜਾਬ ਵਿਚੋਂ ਸਿੱਖਾਂ ਨੂੰ ਉਜਾੜ ਕੇ, ਇਥੇ ਭਈਏ, ਬੰਗਾਲੀ, ਬਿਹਾਰੀ ਬਸਾ ਕੇ ਜ਼ਰੂਰ ਹੋ ਸਕੇਗੀ।** ਕਾਸ਼ ਕਿ ਸਿੱਖ ਮੁਖੀ ਕਦੀ ਗਫਲਤ ਦੀ ਨੀਂਦ ਵਿਚੋਂ ਜਾਗ ਪੈਣ। ਪੰਜਾਬੀ ਨੂੰ ਬਚਾਉਣ ਵਾਸਤੇ ਉਚਿਤ ਕਾਰਜ ਉਲੀਕ ਲੈਣ..........।

ਪੰਜਾਬੀ ਵਿਚੋਂ ਗੁਰਇਤਿਹਾਸ ਕੱਢ ਦਿੱਤਾ ਜਾਵੇ ਤਾਂ ਬਾਕੀ ਸ਼ਰਮਸਾਰੀ ਹੀ ਬਚੇਗੀ। ਪੰਜਾਬੀ ਬੋਲੀ ਵਿਚੋਂ ਗੁਰਬਾਣੀ ਕੱਢ ਦਿੱਤੀ ਜਾਵੇ ਤਾਂ ਲੱਚਰਤਾ ਹੀ ਰਹਿ ਜਾਵੇਗੀ। ਪੰਜਾਬੀ ਸਭਿਆਚਾਰ ਵਿਚ ਸਿੱਖਾਂ ਦਾ ਜ਼ਿਕਰ ਨਾ ਕੀਤਾ ਜਾਵੇ ਤਾਂ ਬਾਕੀ ਕਾਇਰਤਾ ਹੀ ਰਹਿ ਜਾਵੇ ਗੀ। ਪੰਜਾਬ ਭਾਰਤ ਲਈ ਲੋਹੇ ਦਾ ਦਰਵਾਜ਼ਾ ਸੀ ਹਮਲਾਵਰਾਂ ਨੂੰ ਰੋਕਣ ਲਈ। ਸਿੱਖ ਇਸ ਦਰਵਾਜ਼ੇ ਦੇ ਬਹਾਦਰ ਪਹਿਰੇਦਾਰ ਸਨ। ਉਹ ਅਜਿੱਤ ਦਰਵਾਜ਼ਾ ਤੋੜ ਦਿੱਤਾ ਗਿਆ ਹੈ। ਉਸਦੇ ''ਸਿੱਖ ਪਹਿਰੇਦਾਰਾਂ'' ਕੋਲੋਂ, ਜੋ ਕੁਝ ਭੀ ਮਾਣਯੋਗ ਸੀ, ਸਭ ਖੋਹ ਲਿਆ ਗਿਆ ਹੈ। ਦਾਗਿਸਤਾਨ ਦਾ ਪ੍ਰਸਿਧ ਲੇਖਕ, ਰਸੂਲ ਹਮਜਾਤੋਵ ਲਿਖਦਾ ਹੈ ਕਿ ਸਾਡੇ ਦੇਸ਼ ਵਿਚ ਜਦੋਂ ਕਿਸੇ ਨੂੰ ਸਭਿੱਅਕ ਬੋਲੀ ਵਿਚ, ਸਿਰੇ ਦੀ ਬੇਇਜ਼ਤੀ ਕਰਨ ਵਾਲੀ ਗਾਲ ਕੱਢੀ ਜਾਂਦੀ ਹੈ ਤਾਂ ਇਉਂ ਹੈ- **''ਤੈਨੂੰ ਆਪਣੀ ਮਾਂ ਬੋਲੀ ਭੁੱਲ ਜਾਵੇ। ਤੈਨੂੰ ਆਪਣੇ ਹਮਵਤਨਾ ਤੋਂ ਵਿਛੋੜ ਦਿੱਤਾ ਜਾਵੇ''।**

ਹਿੰਦੀ ਫਿਲਮਾਂ ਦਾ ਮਸ਼ਹੂਰ ਕਲਾਕਾਰ ਬਲਰਾਜ ਸਾਹਨੀ ਬੰਗਾਲ ਵਿਚ ਸ੍ਰੀ ਰਾਬਿੰਦਰ ਨਾਥ ਟੈਗੋਰ ਵੱਲੋਂ ਚਲਾਏ ਜਾ ਰਹੇ ਕਾਲਜ, ਸ਼ਾਂਤੀ ਨਿਕੇਤਨ ਵਿਚ ਪੜ੍ਹਦਾ ਸੀ। ਅੰਗਰੇਜ਼ੀ ਵਿਚ ਕਹਾਣੀ ਲਿਖ ਕੇ, ਸਾਹਨੀ ਨੇ ਟੈਗੋਰ ਨੂੰ ਵਿਖਾਈ। ਕਹਾਣੀ ਪੜ੍ਹ ਕੇ ਟੈਗੋਰ ਨੇ ਸਾਹਨੀ ਨੂੰ ਸੁਝਾ ਦਿੱਤਾ - ''ਕਹਾਣੀ ਚੰਗੀ ਹੈ, ਪਰ ਜਿੰਨੀ ਵਧੀਆ ਕਹਾਣੀ ਤੂੰ ਆਪਣੀ ਮਾਂ ਬੋਲੀ (ਪੰਜਾਬੀ) ਵਿਚ ਲਿਖ ਸਕਦਾ ਹੈਂ, ਹੋਰ ਕਿਸੇ ਬੋਲੀ ਵਿਚ ਨਹੀਂ''। ਉਸਤੋਂ ਮਗਰੋਂ ਬਲਰਾਜ ਸਾਹਨੀ, ਪੰਜਾਬੀ ਵਲ ਪਰਤ ਆਇਆ। ਹੋਰ ਲੇਖਾਂ ਕਿਤਾਬਾਂ ਤੋਂ ਇਲਾਵਾ, ਦੋ ਬਹੁਤ ਹੀ ਉਤਮ ਕਿਤਾਬਾਂ ਪੰਜਾਬੀ ਪਿਆਰਿਆਂ ਦੀ ਝੋਲੀ ਵਿਚ ਪਾਈਆਂ, ''ਮੇਰਾ ਪਾਕਿਸਤਾਨੀ ਸਫ਼ਰਨਾਮਾ ਤੇ ਮੇਰਾ ਰੂਸੀ ਸਫ਼ਰਨਾਮਾ''।

ਜੂਨ 24 ਸੰਨ 1962 ਵਿਚ ਪੰਜਾਬੀ ਬੋਲੀ ਦੀ ਉੱਨਤੀ ਵਾਸਤੇ ਪਟਿਆਲਾ ਵਿਖੇ ''ਪੰਜਾਬੀ ਯੂਨੀਵਰਸਿਟੀ ਸਥਾਪਤ ਕੀਤੀ। ਇਸ ਸਮੇਂ ਭਾਰਤ ਦੇ ਰਾਸ਼ਟਰਪਤੀ ਡਾ: ਰਾਧਾਕ੍ਰਿਸ਼ਨ,

ਪੰਜਾਬ ਦੇ ਗਵਰਨਰ ਐਨ.ਵੀ.ਗਾਡਗਿਲ, ਮੁੱਖ ਮਹਿਮਾਨ ਸਨ। ਉਦੋਂ ਮੁੱਖ ਮੰਤਰੀ ਸਃ ਪ੍ਰਤਾਪ ਸਿੰਘ ਕੈਰੋਂ ਨੇ ਆਪਣੇ ਭਾਸ਼ਣ ਵਿਚ ਇਹ ਸ਼ਬਦ ਭੀ ਕਹੇ- ''ਮਾਣਯੋਗ ਰਾਸ਼ਟਰਪਤੀ ਜੀ ! ਪੰਜਾਬੀ ਬੋਲੀ ਬੜੇ ਝੱਖੜਾਂ, ਤੂਫਾਨਾਂ ਤੇ ਮੁਸੀਬਤਾਂ ਵਿਚੋਂ ਨਿਕਲੀ ਹੈ। ਇਸ ਨੇ ਤਲਵਾਰਾਂ, ਤੀਰਾਂ, ਖੰਡਿਆਂ, ਨੇਜ਼ਿਆਂ ਦੇ ਗੀਤ ਗਾਏ ਹਨ। ਜੰਗਲਾਂ ਬੇਲਿਆਂ ਤੇ ਮਾਰੂਥਲਾਂ ਵਿਚ, ਰੁਮਾਂਟਿਕ ਢੋਲੇ ਗਾਏ ਨੇ। ਇਸ ਬੋਲੀ ਨੇ ਸੂਰਮਿਆਂ, ਯੋਧਿਆਂ ਤੇ ਸ਼ਹੀਦਾਂ ਦੀਆਂ ਅਣਖੀ ਵਾਰਾਂ ਦੀਆਂ ਗੂੰਜਾਰਾਂ ਪਾਈਆਂ ਨੇ। ਇਸ ਨੇ ਭਗਤ ਬਾਣੀ, ਗੁਰੂਬਾਣੀ ਤੇ ਪ੍ਰਭੂ ਭਗਤੀ ਦਾ ਰਾਗ ਅਲਾਪਿਆ ਹੈ। ਅੱਜ ਇਹ ਇਕ ਗਿਆਨ ਮੰਦਰ, ਪੰਜਾਬੀ ਯੂਨੀਵਰਸਿਟੀ ਵਿਚ ਆ ਬਿਰਾਜੀ ਹੈ.......''। (ਸਿੱਖ ਪੰਥ ਵਿਸ਼ਵ ਕੋਸ਼ ਪੰਨਾ 1172)

ਜ਼ਹਿਰੀਲੇ ਫਿਰਕੂ ਪ੍ਰਚਾਰ ਕਾਰਨ ਅਤੇ ਸੌੜੀ ਰਾਜਨੀਤੀ ਦੇ ਦਬਾਉ ਵਿਚ, ਪੰਜਾਬੀ ਬੋਲੀ ਅਣਗਿਣਤ ਪੱਖਾਂ ਤੋਂ ਹਮਲਿਆਂ ਦਾ ਸ਼ਿਕਾਰ ਹੋਈ ਹੈ। ਹਿੰਦੂ ਤੇ ਮੁਸਲਮਾਨ (ਵਿਰਲਿਆਂ ਨੂੰ ਛੱਡਕੇ) ਇਸ ਨੂੰ ਪਿੱਠ ਦੇ ਗਏ ਹਨ। ਜੇ ਸਿੱਖਾਂ ਨੇ ਆਪਣੀ ਜ਼ਿੰਮੇਵਾਰੀ ਨਾ ਸੰਭਾਲੀ ਤਾਂ ਇਹ ਮਾਖਿਓਂ ਮਿੱਠੀ ਬੋਲੀ, ਕਿਤੇ ਸਾਨੂੰ ਆਪਣੀ ''ਮਾਂ ਬੋਲੀ ਭੁੱਲ ਜਾਣ ਦਾ ਸਰਾਪ'' ਨਾ ਦੇ ਦੇਵੇ। ਪ੍ਰਿਥਵੀ ਰਾਜ ਕਪੂਰ ਇਕ ਪੰਜਾਬੀ ਸੀ। ਉਸ ਦਾ ਸਾਰਾ ਖਾਨਦਾਨ ਭਾਰਤ ਵਿਚੋਂ ਸਿਰਕੱਢਵੇਂ ਸਥਾਨ ਤੇ ਰਿਹਾ ਹੈ। ਜਿਵੇਂ ਰਾਜ ਕਪੂਰ, ਸ਼ੰਮੀ ਕਪੂਰ ਤੇ ਸ਼ਸ਼ੀ ਕਪੂਰ, ਉਸ ਦੇ ਪੁੱਤਰ ਸਨ। ਦੇਵ ਆਨੰਦ, ਰਾਜੇਸ਼ ਖੰਨਾ, ਧਰਮਿੰਦਰ, ਚੋਪੜਾ ਭਰਾ, ਰਾਜਿੰਦਰ ਸਿੰਘ ਬੇਦੀ ਆਦਿ ਸਾਰੇ ਪੰਜਾਬੀ ਸਨ। ਆਰਥਕ ਪੱਖੋਂ ਸਮਰਥ ਸਨ। ਸਿਆਣਪ ਵਿਚ ਸਿਖਰਲੇ ਡੰਡੇ ਤੇ ਸਨ। ਅਫਸੋਸ ਕਿ ਇਹਨਾਂ ਸਾਰਿਆਂ ਨੇ, ਪੰਜਾਬੀ ਵਾਸਤੇ ਕੋਈ ਸਾਰਥਕ ਉਪਰਾਲੇ ਨਾ ਕੀਤੇ। ਇਕੋ ਇਕ ਵਿਅਕਤੀ ਪ੍ਰਸਿੱਧ ਫਿਲਮੀ ਡਾਇਰੈਕਟਰ ਗੁਲਜ਼ਾਰ ਹੀ ਸੀ, ਜਿਸ ਨੇ ਦੇਰ ਸਵੇਰ, ਪੰਜਾਬੀ ਬੋਲੀ ਬਾਰੇ ਥੋੜ੍ਹਾ ਬਹੁਤ ਕੰਮ ਕੀਤਾ ਹੈ। ਉਹ ਭੀ ਸ਼ਾਇਦ ਇਸ ਕਾਰਨ ਕਿ ਇਸ ਦਾ ਪਿਛੋਕੜ ਸਿੱਖੀ ਵਜੋਂ ਸੀ, ਤੇ ਗੁਲਜ਼ਾਰ ਦਾ ਅਸਲੀ ਨਾਮ ''ਸ੍ਰ: ਪੂਰਨ ਸਿੰਘ'' ਸੀ।

ਦੇਸ਼-ਵਿਦੇਸ਼ ਵਿਚ ਅਨੰਤ ਗੁਰਦਵਾਰੇ ਹਨ, ਬੇਅੰਤ ਚੜ੍ਹਾਵਾ ਭੀ ਚੜ੍ਹਦਾ ਹੈ। ਲੰਗਰ, ਇਮਾਰਤਾਂ ਨਗਰ ਕੀਰਤਨ ਤੇ ਮੁਕੱਦਮੇ ਬਹੁਤ ਚਲਦੇ ਹਨ। ਧਰਮ ਪ੍ਰਚਾਰ ਵਾਸਤੇ , ਅਤੇ ਪੰਜਾਬੀ ਬੋਲੀ ਬੱਚਿਆਂ ਨੂੰ ਸਿਖਾਉਣ ਲਈ, ਪ੍ਰਬੰਧਕਾਂ ਕੋਲ ਕੋਈ ਪੈਸਾ ਨਹੀਂ ਹੈ। ਅਜਿਹੇ ਮਾਰੂ ਪ੍ਰਬੰਧ ਵਿਚ ਸਿੱਖੀ ਭੀ ਮਰ ਰਹੀ ਹੈ, ਤੇ ਪੰਜਾਬੀ ਬੋਲੀ ਭੀ ਮਰਦੀ ਜਾ ਰਹੀ ਹੈ। ਚਾਹੀਦਾ ਤਾਂ ਇਹ ਸੀ ਕਿ ਗੁਰਮਤ ਦੇ ਗਿਆਨ ਵਾਲੇ ਬੱਚਿਆਂ ਨੂੰ, ਵੱਡੇ ਨਗਦ ਇਨਾਮ ਦਿੱਤੇ ਜਾਂਦੇ। ਗੁਰਮਤ ਗਿਆਨ ਦੇ ਨਾਲ ਨਾਲ ਸਿੱਖੀ ਸਰੂਪ ਵਿਚ ਸਜੇ ਬੱਚਿਆਂ ਨੂੰ ਹੋਰ ਭੀ ਵੱਡੇ ਇਨਾਮ ਦਿੱਤੇ ਜਾਂਦੇ। ਠੇਠ ਪੰਜਾਬੀ ਬੋਲਣ ਵਾਲੇ ਸ਼ੁੱਧ ਲਿਖਣ ਵਾਲਿਆਂ ਨੂੰ, ਹੋਰ ਵੱਧ ਸਨਮਾਨ ਦਿੱਤਾ ਜਾਂਦਾ। ਤਾਂ ਕਿ ਇਹਨਾਂ ਨੂੰ ਵੇਖਕੇ ਹੋਰ ਬੱਚੇ ਇਸ ਪਾਸੇ ਆਪਣੇ ਆਪ, ਖਿੱਚੇ

ਚਲੇ ਆਉਂਦੇ। ਇਹਨਾਂ ਸਿਰੋਪਿਆਂ ਅਤੇ ਸਨਮਾਨਾਂ ਚਿੰਨ੍ਹਾਂ ਨਾਲ ਕੁਝ ਨਹੀਂ ਸੰਵਰਨਾ। ਇਸ ਤੋਂ ਅੱਗੇ ਕਦਮ ਪੁੱਟਣਾ ਪਵੇਗਾ। ਗੁਰੂ ਕੀਆਂ ਗੋਲਕਾਂ ਦੇ ਮੂੰਹ ਇਸ ਕੰਮ ਲਈ ਖੋਲ੍ਹਣੇ ਪੈਣਗੇ।

ਟੀ.ਵੀ.ਚੈਨਲਾਂ ਰਾਹੀਂ ਜਿਥੇ ਲੱਚਰਤਾ ਭਰਪੂਰ ਕਲਚਰ, ਸਾਡੇ ਘਰਾਂ ਵਿਚ ਪੂਰੀ ਤਰ੍ਹਾਂ ਕਾਬਜ਼ ਹੋ ਚੁੱਕਿਆ ਹੈ। ਉੱਥੇ ਪੰਜਾਬੀ ਬੋਲੀ ਦਾ ਭੋਗ ਪਾਉਣ ਵਾਸਤੇ ਇਹ ਬਹੁਤ ਤਾਕਤਵਰ ਹਥਿਆਰ ਹੈ। ਸਵੇਰ ਤੋਂ ਸ਼ਾਮ ਤਕ ਘਰਾਂ ਵਿਚ ਕੇਵਲ ਹਿੰਦੀ ਦਾ ਹੀ ਰਾਜ ਹੁੰਦਾ ਹੈ। ਜਿੰਨੀ ਕੁ ਪੰਜਾਬੀ ਅਸੀਂ ਬੋਲਦੇ ਹਾਂ, ਉਸ ਵਿਚ ਹਿੰਦੀ ਅਤੇ ਸੰਸਕ੍ਰਿਤ ਘੁਸਪੈਠ ਕਰਦੀ ਚਲੀ ਜਾਂਦੀ ਹੈ। ਮਾਸੂਮਾਂ ਦਾ ਜਨਮ ਤੇ ਖੇਢਾਂ ਟੀ.ਵੀ. ਵਾਲੇ ਕਮਰੇ ਵਿਚ ਹੀ ਅਕਸਰ ਹੁੰਦੀਆਂ ਹਨ। ਬਚਪਨ ਤੋਂ ਹੀ ਹਿੰਦੀ ਹਿੰਦੂ ਤੇ ਲੱਚਰਤਾ ਉਸਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਜਾਂਦੇ ਹਨ। ਸਿੱਖੀ ਦੇ ''ਮਾਲਕਾਂ'' ਨੇ ਇਸ ਪਾਸੇ ਵੇਖਣ ਦਾ ਕਦੀ ਯਤਨ ਹੀ ਨਹੀਂ ਕੀਤਾ। ਭਾਰਤ ਵਿਚਲੇ ਅਰਬਪਤੀਆਂ ਵੱਲੋਂ, ਪੰਜਾਬ ਵਿਚ ਕਈ ਹਿੰਦੀ ਅਖ਼ਬਾਰ ਚਾਲੂ ਕਰ ਦਿੱਤੇ ਗਏ ਹਨ। ਇਹਨਾਂ ਦੀ ਕੀਮਤ ਘੱਟ ਹੈ, ਸਮੱਗਰੀ ਵਧ ਹੈ। ਨਿੱਜੀ ਰਸੂਖ ਵਰਤ ਕੇ, ਆਪਣੀ ਗਿਣਤੀ ਵਧਾ ਰਹੇ ਹਨ। ਪੰਜਾਬੀ ਵਿਚ ਛਪਣ ਵਾਲੇ ਅਖ਼ਬਾਰ, ਇਹਨਾਂ ਦਾ ਮੁਕਾਬਲਾ ਕਰਨੋਂ ਅਸਮਰੱਥ ਨੇ। ਹੌਲੀ ਹੌਲੀ ਦਮ ਤੋੜਦੇ ਚਲੇ ਜਾਣਗੇ। ਅਰਬਾਂ ਰੁਪੈ ਦੇ ਬਜਟਵਾਲੀ ਸ਼੍ਰੋਮਣੀ ਕਮੇਟੀ ਨੇ, ਇਸ ਪਾਸੇ ਕਦੀ ਸੁਪਨਾ ਤੱਕ ਨਹੀਂ ਲਿਆ। ਆਪਣੀ ਕੁੰਭਕਰਨੀ ਨੀਂਦ ਵਿਚੋਂ ਕਦੀ ਨਹੀਂ ਜਾਗੀ। ਰਾਜਨੀਤਿਕ ਪਾਰਟੀਆਂ ਦੇ ਆਪਣੇ ਅਖ਼ਬਾਰ ਹਨ। ਪਰ ਇਧਰ ਸਾਡੇ ''ਸ਼੍ਰੋਮਣੀ ਅਕਾਲੀ ਦਲ'' (ਉਰਫ ਪੰਜਾਬੀ ਪਾਰਟੀ) ਨੇ, ਇਸ ਦੀ ਜ਼ਰੂਰਤ ਹੀ ਨਹੀਂ ਸਮਝੀ। ਅਤਿਅੰਤ ਲੋੜ ਹੈ ਗੁਰਬਾਣੀ ਦੀ ਸੁੱਚੀ ਵਿਚਾਰਧਾਰਾ ਨੂੰ ਜੀਵਤ ਰੱਖਣ ਲਈ, ਨਿੱਜੀ ਯਤਨ ਕਰਕੇ, ਪੰਜਾਬੀ ਬੋਲੀ ਨੂੰ ਪ੍ਰਫੁਲੱਤ ਕਰਨ ਵਾਸਤੇ, ਬਣਦਾ ਸਰਦਾ ਯੋਗਦਾਨ ਪਾਈਏ। ਸਿੱਖਾਂ ਨੂੰ ਆਪਣੀ ਜ਼ਿੰਮੇਵਾਰੀ ਪਹਿਲ ਦੇ ਆਧਾਰ ਤੇ ਕਬੂਲ ਕਰਨੀ ਚਾਹੀਦੀ ਹੈ। ਜੇ ਦੂਜੇ ਪੰਜਾਬੀ ਤੋਂ ਮੂੰਹ ਮੋੜ ਗਏ ਹਨ, ਤਾਂ ਕੀ ਸਿੱਖ ਭੀ ਉਸੇ ਪਾਪ ਦੇ ਭਾਗੀਦਾਰ ਬਣਨਗੇ। ਨਹੀ ! ਸਿੱਖਾਂ ਨੂੰ ਸੱਚੇ ਸਪੂਤ ਬਣਨਾ ਚਾਹੀਦਾ ਹੈ। ਗੁਰਵਾਕ ਹਨ -

**ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ।।**
**ਬਿਨੁ ਗੁਰ ਪੰਥ ਨਾ ਸੂਝਈ ਕਿਤੁ ਬਿਧਿ ਨਿਰਬਹੀਐ।।** **(229)**

**000**

# ਗਾਂਧੀ ਦਾ ਸਿੱਖਾਂ ਨਾਲ ਧਰੋਹ

ਇਕ ਵਾਰੀ (1969) ਅਮਰੀਕੀ ਸਰਕਾਰ ਵੱਲੋਂ ਕਰਮਚੰਦ ਗਾਂਧੀ ਨੂੰ ਯਾਦ ਕਰਦਿਆਂ ਡਾਕ ਟਿਕਟ ਛਾਪ ਕੇ, ਉੱਪਰ ਇਹ ਅੱਖਰ ਅੰਕਿਤ ਕਰ ਦਿੱਤੇ -''ਹਿੰਦੂ ਰਾਸ਼ਟਰ ਦਾ ਨੇਤਾ ਗਾਂਧੀ''। ਬਸ ਫਿਰ ਕੀ ਸੀ। ਸਾਰੀ ਹਿੰਦੂ ਪ੍ਰੈਸ ਨੇ ਅਸਮਾਨ ਸਿਰ ਤੇ ਚੁੱਕ ਲਿਆ।ਅਖੇ ਗਾਂਧੀ ਨੂੰ ਰਾਸ਼ਟਰ ਪਿਤਾ ਲਿਖ ਦੇਂਦੇ ਤਾਂ ਠੀਕ ਸੀ। ਹਿੰਦੂ ਰਾਸ਼ਟਰ ਦਾ ਨੇਤਾ ਕਿਉਂ ਲਿਖਿਆ? ਧਿਆਨ ਦੇਣਯੋਗ ਗੱਲ ਇਹ ਹੈ ਕਿ ਗਾਂਧੀ ਸਾਰੀ ਉਮਰ, ਹਿੰਦੂ ਰਾਸ਼ਟਰ, ਤੇ ਹਿੰਦੂ ਰਾਜ ਬਣਾਉਣ ਲਈ (ਲੁਕਵੇਂ ਤਰੀਕੇ) ਕੰਮ ਕਰਦਾ ਰਿਹਾ। ਹਿੰਦੂ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਰਿਹਾ। ਹਿੰਦੂ ਰਹੁ ਰੀਤਾਂ ਨਿਭਾਉਂਦਾ ਰਿਹਾ ਤਾਂ ਹਿੰਦੂ ਰਾਸ਼ਟਰ ਦਾ ਹੀ ਨੇ ਤਾ ਹੋਇਆ, ਗੁੱਸਾ ਕਿਉਂ?

ਕਿਸੇ ਸਮੇਂ ਜਾਤਾਂ ਭਾਵੇਂ ਕੰਮਾਂ ਤੇ ਆਧਾਰਤ ਸਨ। ਗਾਂਧੀ ਜਨਮ ਤੋਂ ਹੀ ਜਾਤ ਪਾਤੀ ਪ੍ਰਬੰਧ ਵਿਚ ਵਿਸ਼ਵਾਸ਼ ਰੱਖਦਾ ਸੀ। ਉਹ ਗੀਤਾ ਰਾਮਾਇਣ, ਮਹਾਂਭਾਰਤ, ਵੇਦ ਆਦਿ ਨੂੰ ''ਪਵਿੱਤਰ ਧਰਮ ਗ੍ਰੰਥ'' ਮੰਨਦਾ ਸੀ। ਸਭ ਤੋਂ ਕਠੋਰ ''ਧਾਰਮਕ ਕਾਨੂੰਨ ਮੰਨੂੰ ਸਿਮ੍ਰਿਤੀ'' ਵਿਰੁੱਧ ਗਾਂਧੀ ਕਦੀ ਇੱਕ ਲਫਜ਼ ਤੱਕ ਨਹੀਂ ਬੋਲ ਸਕਿਆ। ਜਦੋਂ ਡਾਕਟਰ ਅੰਬੇਦਕਰ ਨੇ ਸੰਨ 1927 ਈ: ਵਿਚ ਮਨੁੱਖਤਾ ਨਾਲ ਕਹਿਰ ਕਮਾਉਣ ਵਾਲੀ, ਮੰਨੂੰ ਸਿਮ੍ਰਿਤੀ ਨੂੰ ਚੌਂਕਾਂ ਚੌਰਾਹਿਆਂ ਵਿਚ ਅੱਗ ਲਾ ਕੇ ਸਾੜ ਦੇਣ ਦਾ ਐਲਾਨ ਕੀਤਾ। ਉਸ ਵਕਤ ਗਾਂਧੀ ਨੂੰ ਭੀ ਸੱਦਾ ਦਿੱਤਾ ਗਿਆ। ਜੇ ਤੂੰ ਸੱਚੇ ਮਨੋ, ਅਛੂਤਾਂ ਨੂੰ ਬਰਾਬਰ ਮੰਨਦਾ ਹੈਂ, ਤਾਂ ਇਹਨਾਂ ਪਾਪ ਭਰੀਆਂ (ਅਖੌਤੀ) ਧਾਰਮਿਕ ਕਿਤਾਬਾਂ ਨੂੰ ਸਾੜਨਾ ਹੀ ਪਵੇਗਾ। ਗਾਂਧੀ ਸਾਫ ਮੁਕਰ ਗਿਆ, ''ਹਮ ਐਸਾ ਨਹੀਂ ਕਰ ਸਕਦੇ''। ਗਾਂਧੀ ਆਮ ਹੀ ਕਿਹਾ ਕਰਦਾ ਸੀ ਕਿ ਭਾਵੇਂ ਮੇਰੇ ਆਸ਼ਰਮ ਵਿਚ ਸਾਰੇ ਇਕੱਠੇ ਖਾਣਾ ਖਾਂਦੇ ਹਨ ਪਰ ਜੇ ਕੋਈ ਪ੍ਰਹੇਜ਼ ਕਰੇ ਤਾਂ ਮੈਂ ਉਸ ਨਾਲ ਨਾਰਾਜ਼ ਨਹੀਂ ਹੁੰਦਾ। ਮੈਂ ਖੁਦ ਛੂਆ ਛੂਤ ਨੂੰ ਮੰਨਦਾ ਹਾਂ। ਹਿੰਦੂ ਜੋ ਵਿਹਾਰ ਕਰਦੇ ਹਨ, ਆਪਣੇ ਧਰਮ ਗ੍ਰੰਥ ਦੇ ਹੁਕਮ ਮੁਤਾਬਕ ਕਰਦੇ ਹਨ, ਇਹ ਕੋਈ ਬੁਰਾ ਨਹੀਂ ਹੈ।

ਡਾ. ਅੰਬੇਦਕਰ ਚਾਹੁੰਦਾ ਸੀ ਕਿ ਦਲਿਤ, ਈਸਾਈ, ਮੁਸਲਮਾਨ ਜਾਂ ਸਿੱਖ ਬਣ ਜਾਣ, ਹਿੰਦੂ ਧਰਮ ਵਿਚ ਇਹਨਾਂ ਲਈ ਸਿਵਾਏ ਅਪਮਾਨ ਦੇ ਹੋਰ ਕੁੱਛ ਨਹੀਂ ਹੈ। ਗਾਂਧੀ ਨੇ ਡਾ: ਅੰਬੇਦਕਰ ਨਾਲ ਕਈ ਵਾਰੀ ਮੀਟਿੰਗਾਂ ਕੀਤੀਆਂ। ''ਨੇਕ ਸਲਾਹ'' ਦਿੰਦਿਆਂ ਗਾਂਧੀ ਨੇ ਕਿਹਾ - ''ਅਛੂਤ ਲੋਕ ਅਗਰ ਈਸਾਈ ਧਰਮ ਗ੍ਰਿਹਣ ਕਰਨਗੇ, ਤਦ ਸਮਝੋ ਅੰਗਰੇਜ਼ਾਂ ਵੱਲੋਂ

ਭਾਰਤ ਤੇ ਤਿੰਨ ਸੌ ਸਾਲ ਕੀਤੇ ਗਏ ਜ਼ੁਲਮਾਂ ਨੂੰ ਸਹੀ ਠਹਿਰਾ ਰਹੇ ਹੋਣਗੇ। ਆਪਣੀ ਸਭਿਅਤਾ ਤੋਂ ਭੀ ਦੂਰ ਹੋ ਜਾਣਗੇ। ਮੁਸਲਮਾਨ ਬਣ ਜਾਣ ਦਾ ਅਰਥ ਹੈ, ਉਹਨਾਂ ਦੇ ਜ਼ੁਲਮਾਂ ਨੂੰ ਪ੍ਰਵਾਨਗੀ ਦੇਣੀ ਅਤੇ ਆਪਣੀ ਸਭਿਅਤਾ ਤੋਂ ਮੂੰਹ ਮੋੜ ਲੈਣਾ। ਜੇ ਤੁਸੀਂ ਕੋਈ ਹੋਰ ਧਰਮ ਅਪਣਾਉਣਾ ਚਾਹੁੰਦੇ ਹੋ, ਤਾਂ ਸਿੱਖ ਬਣ ਜਾਉ। ਸਿੱਖ ਕਿਤੋਂ ਬਾਹਰੋਂ ਨਹੀਂ ਆਏ, ਇਹਨਾਂ ਕਿਤੇ ਬਾਹਰ ਜਾਣਾ ਭੀ ਨਹੀਂ। ਇਸ ਲਈ ਮੈਂ ਚਾਹੁੰਦਾ ਹਾਂ ਤੁਸੀਂ ਸਿੱਖੀ ਧਰਮ ਧਾਰਨ ਕਰ ਲਓ।'' ਇਹ ਗੁਪਤ ਯੋਜਨਾ ਸਵੀਕਾਰ ਕਰ ਲਈ ਗਈ। ਗਾਂਧੀ ਨੇ ਵਿਸ਼ਵਾਸ਼ ਦੁਆਇਆ ਕਿ ਤੁਸੀਂ ਸਿੱਖ ਬਣਨ ਲਈ ਜੋ ਭੀ ਕਰਨਾ ਹੈ ਕਰੋ, ਮੈਂ ਕਿਸੇ ਕੋਲ ਇਹ ਭੇਤ ਨਹੀਂ ਦੱਸਾਂਗਾ। ਡਾ. ਅੰਬੇਦਕਰ ਨੇ ਇਸ ਪਾਸੇ ਸਿੱਖਾਂ ਨਾਲ ਮਿਲਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਨਨਕਾਣਾ ਸਾਹਿਬ ਗੁਰਦੁਵਾਰੇ ਦੇ ਮੈਨੇਜਰ ਭਾਈ ਨਰੈਣ ਸਿੰਘ ਨੇ ਵਿਸ਼ੇਸ਼ ਦਿਲਚਸਪੀ ਨਾਲ, ਬੰਬਈ (ਅੱਜ ਕੱਲ੍ਹ ਮੁੰਬਈ) ਵਿਚ ''ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ'' ਸਥਾਪਿਤ ਕੀਤਾ। ਮਹਾਰਾਸ਼ਟਰ ਦੇ ਅਛੂਤਾਂ ਲਈ ਦੁਨਿਆਵੀਂ ਵਿੱਦਿਆ ਦੇ ਨਾਲ-ਨਾਲ, ਸਿੱਖ ਧਰਮ ਦੀ ਵਿੱਦਿਆ ਦਿੱਤੀ ਜਾਣ ਲੱਗੀ। ਨਾਲ ਹੀ ਡਾਕਟਰ ਅੰਬੇਦਕਰ ਲਈ ਇੱਕ ਛਾਪਾਖਾਨਾ ਲਾ ਕੇ ਦਿੱਤਾ, ਤਾਂ ਕਿ ਉਹ ਆਪਣੀ ਲਿਖਤ ਰਾਹੀਂ ਲੋਕਾਂ ਤੱਕ ਵਿਚਾਰ ਪੁਚਾ ਸਕਣ।

ਗਾਂਧੀ ਨੇ ਜਦੋਂ ਵੇਖਿਆ ਕਿ ਅੰਬੇਦਕਰ ਨੇ ਮੁਸਲਮਾਨਾਂ ਅਤੇ ਈਸਾਈਆਂ ਵੱਲੋਂ ਪਾਸਾ ਵੱਟ ਲਿਆ ਹੈ। ਸਿੱਖੀ ਵਾਲੇ ਪਾਸੇ ਅਛੂਤਾਂ ਦੇ ਝੁਕਾਉ ਬਾਰੇ ਉਹਨਾਂ ਦੇ ਧਰਮ ਮੁਖੀਆਂ ਨੂੰ ਪਤਾ ਲੱਗ ਚੁੱਕਿਆ ਹੈ। ਉਸ ਸਮੇਂ ਗਾਂਧੀ ਨੇ ਕਮੀਣੀ ਚਾਲ ਚਲਦਿਆਂ ਇਕ ਧਨਾਢ ਕਾਰਖਾਨੇਦਾਰ ਹੀਰਾ ਚੰਦ ਤੇ ਜਮਨਾ ਲਾਲ ਰਾਹੀਂ ਡਾ. ਅੰਬੇਦਕਰ ਤੇ ਮਾਇਆ ਦਾ ਲਾਲਚ ਦੇ ਕੇ ਬੜਾ ਦਬਾ ਪਾਇਆ ਕਿ ਉਹ ਸਿੱਖ ਨਾ ਬਣੇ। ਡਾ. ਸਾਹਿਬ ਅਡੋਲ ਰਹੇ। ਇਧਰ ਸਿੱਖਾਂ ਦੇ ਇੱਕ ਨੁਮਾਇੰਦੇ ਸ੍ਰ: ਸੁਜਾਨ ਸਿੰਘ ਨੇ ਗਾਂਧੀ ਨਾਲ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ ਗਾਂਧੀ ਡਾਕਟਰ ਅੰਬੇਦਕਰ ਨੂੰ ਇਹ ਵਿਸਵਾਸ਼ ਦੁਆ ਚੁੱਕਿਆ ਸੀ ਕਿ ਪਛੜੀਆਂ ਜਾਤਾਂ ਦਾ ਸਿੱਖ ਧਰਮ ਵਿਚ ਪ੍ਰਵੇਸ਼ ਕਰਨ ਵਿਚ, ਹਿੰਦੂ ਮਹਾਂ ਸਭਾ ਕੋਈ ਰੋਕ ਨਹੀਂ ਪਾਵੇ ਗੀ। ਪਛੜੀਆਂ ਤੇ ਅਛੂਤ ਸ਼੍ਰੇਣੀਆਂ ਨੂੰ ਸਿੱਖੀ ਧਾਰਨ ਕਰਨ ਮਗਰੋਂ ਭੀ ਘੱਟ ਗਿਣਤੀ ਵਾਲੀਆਂ ਰਾਖਵੀਆਂ ਸਹੂਲਤਾਂ ਮਿਲਦੀਆਂ ਰਹਿਣਗੀਆਂ।

ਨਵੇਂ ਬਣੇ ਸਿੱਖਾਂ ਨੂੰ ਰਾਜਨੀਤੀ ਵਿਚ ਭੀ ਰਾਖਵਾਂਕਰਨ ਦਿੱਤਾ ਜਾਵੇਗਾ। ਜੁਗਲ ਕਿਸ਼ੋਰ ਬਿਰਲਾ ਨੇ ਇਸ ਸਮਝੌਤੇ ਤੋਂ ਖੁਸ਼ ਹੋ ਕੇ, ਨਵੇਂ ਬਣਨ ਵਾਲੇ ਸਿੱਖਾਂ ਦੇ ਉਥਾਨ ਲਈ (1936 ਵਿਚ) 25,000 ਰੁਪਏ ਅਰਪਣ ਕੀਤੇ। ਐਨ ਆਖ਼ਰੀ ਸਮੇਂ, ਗਾਂਧੀ ਨੇ ਸਾਰੇ ਵਿਸਵਾਸ਼ ਤੋੜ ਕੇ 22 ਅਗਸਤ 1936 ਨੂੰ ਆਪਣੇ ਅਖ਼ਬਾਰ ''ਹਰੀਜਨ'' ਵਿਚ ਲਿਖ ਦਿੱਤਾ ਕਿ ''ਮੈਂ ਅਛੂਤਾਂ ਦਾ ਹਿੰਦੂ ਧਰਮ ਵਿਚੋਂ ਜਾਣਾ ਪਰਵਾਨ ਨਹੀਂ ਕਰਾਂਗਾ''। ਗਾਂਧੀ ਨੇ 07-09-36 ਦੇ

ਹਰੀਜਨ ਅਖ਼ਬਾਰ ਵਿਚ ਲਿਖਿਆ- **''ਡਾ. ਅੰਬੇਦਕਰ ਸਿੱਖਾਂ ਨੂੰ ਹਿੰਦੂ ਨਹੀਂ ਮੰਨਦਾ। ਉਹ ਨਿਸ਼ਚਿਤ ਤੌਰ ਤੇ ਧਰਮ ਬਦਲਣਾ ਚਾਹੁੰਦਾ ਹੈ। ਜੇ ਸਿੱਖ ਹਿੰਦੂ ਹੁੰਦੇ ਤਾਂ ਕੋਈ ਗੱਲ ਨਹੀਂ ਸੀ। ਪਰ ਸਿੱਖ ਤਾਂ ਆਪਣੇ ਆਪ ਨੂੰ ਹਿੰਦੂ ਨਹੀਂ ਮੰਨਦੇ। ਇਸ ਲਈ ਮੈਂ ਪਹਿਲਾਂ ਕੀਤੇ ਇਕਰਾਰ ਤੇ ਕਾਇਮ ਨਹੀਂ ਰਹਿ ਸਕਾਂਗਾ''।**

ਇਹਨਾਂ ਖਬਰਾਂ ਤੋਂ ਮਗਰੋਂ ਮਾ: ਤਾਰਾ ਸਿੰਘ ਨੇ ਭਾਰਤੀ ਸਿੱਖ ਮਿਸ਼ਨ ਦੇ ਜਨਰਲ ਸਕੱਤਰ, ਭਾਈ ਸੁਜਾਨ ਸਿੰਘ ਨੂੰ ਗਾਂਧੀ ਨਾਲ ਮੁਲਾਕਾਤ ਕਰਨ ਲਈ ਭੇਜਿਆ। ਜੋ ਗਲਬਾਤ ਹੋਈ ਉਹ ਸੁਜਾਨ ਸਿੰਘ ਦੀ ਜ਼ਬਾਨੀ ਇਉਂ ਹੋਈ - ''ਪਹਿਲਾਂ ਗਾਂਧੀ ਨੇ ਘੜੀ ਕੱਢੀ ਤੇ ਆਖਿਆ ਤੁਹਾਨੂੰ ਪੰਜ ਮਿੰਟ ਦਿੱਤੇ ਜਾਂਦੇ ਹਨ, ਛੇਤੀ ਗਲ ਮੁਕਾਉ।''

ਸੁਜਾਨ ਸਿੰਘ-''ਤੁਹਾਨੂੰ ਅਛੂਤਾਂ ਦੇ ਸਿੱਖ ਬਣਨ ਵਿਚ ਕੋਈ ਇਤਰਾਜ਼ ਹੈ?''

ਗਾਂਧੀ- ਕੀ ਸਿੱਖ ਹਿੰਦੂ ਹਨ?

ਸੁਜਾਨ ਸਿੰਘ - ਨਹੀਂ !

ਗਾਂਧੀ - ਜੇ ਸਿੱਖ ਹਿੰਦੂ ਨਹੀਂ ਹਨ ਤਾਂ ਮੁਸਲਮਾਨਾਂ ਅਤੇ ਸਿੱਖਾਂ ਵਿਚ ਕੀ ਫਰਕ ਹੈ? ਜਦੋਂ ਅਛੂਤ ਹਿੰਦੂ ਨਹੀਂ ਰਹਿਣਾ ਚਾਹੁੰਦੇ, ਤਾਂ ਉਹ ਸਿੱਖ ਕਿਉਂ ਬਣਨ? ਮੁਸਲਮਾਨ ਕਿਉਂ ਨਾ ਬਣਨ?

ਸੁਜਾਨ ਸਿੰਘ - ਤੁਸੀਂ ਆਪਣੇ ਆਪ ਨੂੰ ਭਾਰਤੀ ਕਹਿੰਦੇ ਹੋ ਤਾਂ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਫਕਰ ਕਿਉਂ ਕਰਦੇ ਹੋ? ਸਾਰੇ ਰਹਿਣਗੇ ਤਾਂ ਭਾਰਤੀ ਹੀ ਨਾ?

ਗਾਂਧੀ - ਜ਼ਰਾ ਖਿੱਝ ਕੇ, ਸਰਦਾਰ ਜੀ, ਮੇਰੇ ਕੋਲ ਹੋਰ ਵਕਤ ਨਹੀਂ ਹੈ।

ਸੁਜਾਨ ਸਿੰਘ - ਤੁਸੀਂ ਪਾਖੰਡੀ ਹੋ? (ਡਾ. ਸੰਗਤ ਸਿੰਘ- ਇਤਿਹਾਸ ਵਿਚ ਸਿੱਖ, ਪੰਨਾ 215-16)

ਹਿੰਦੂਆਂ ਦੇ ਚਤਰ ਰਾਜਨੀਤੀਵਾਨਾਂ ਨੇ ਗਾਂਧੀ ਨੂੰ ਮਹਾਤਮਾ ਅਤੇ ਧਾਰਮਿਕ ਵਿਅਕਤੀ ਸਿੱਧ ਕਰਨ ਵਿਚ, ਅੱਡੀ ਚੋਟੀ ਦਾ ਜੋਰ ਲਾ ਦਿੱਤਾ। ਇਸੇ ਲਈ ਗਾਂਧੀ ਮੰਦਰਾਂ ਵਿਚ ਜਾ ਕੇ ਟੱਲੀਆਂ ਖੜਕਾਉਂਦਾ, ਭਜਨ ਗਾਉਂਦਾ ਤੇ ''ਪ੍ਰਾਥਨਾ'' ਕਰਦਾ। ਅਖ਼ੀਰਲੇ ਸਮੇ ' (1940) ਵਿਚ ਤਾਂ ਉਹ ਖਤਾਂ ਦਾ ਜੁਆਬ ਦੇਣ ਲੱਗਿਆਂ ਅਖ਼ੀਰ ਵਿਚ ਦਸਤਖ਼ਤ ਕਰਨ ਦੀ ਥਾਵੇਂ ''ਬਾਪੂ'' ਲਿਖਣ ਲੱਗ ਪਿਆ ਸੀ। ਗਾਂਧੀ ਨੂੰ ਅਹਿੰਸਾ ਦਾ ਜਨਮਦਾਤਾ ਕਰਕੇ ਭੀ ਬਹੁਤ ਚੁੱਕਿਆ ਗਿਆ ਹੈ। ਇਸ ਤੋਂ ਬਹੁਤ ਪਹਿਲਾਂ, ਗੁਰੂ ਅਰਜਨ ਸਾਹਿਬ ਸਾਂਤ ਮਈ ਰਹਿੰਦਿਆਂ ਸ਼ਹੀਦ ਹੋ ਚੁੱਕੇ ਸਨ। ਗੁਰੂ ਤੇਗ ਬਹਾਦਰ ਸਾਹਿਬ ਅਹਿੰਸਾ ਦੀ ਸਿਖ਼ਰ ਸਨ। ਭਾਈ ਮਤੀ ਦਾਸ, ਸਤੀ ਦਾਸ ਤੇ ਦਿਆਲਾ ਜੀ ਸ਼ਾਂਤਮਈ ਰਹਿੰਦੇ ਸ਼ਹੀਦ ਹੋ ਗਏ। ਇਸ ਤੋਂ ਮਗਰੋਂ ਬੇਅੰਤ ਸਿੰਘ- ਸਿੰਘਣੀਆਂ ਸ਼ਾਂਤਮਈ ਰਹਿੰਦੇ ਸਰੀਰ ਲੇਖੇ ਲਾ ਗਏ। ਗਾਂਧੀ ਨੇ ਸਾਰੇ ਇਨਸਾਨੀ ਅਸੂਲ ਤਿਆਗਦਿਆਂ 1940 ਵਿਚ ਸਪਸ਼ੱਟ ਕਹਿ ਦਿੱਤਾ ਸੀ ਕਿ **''ਜਦੋਂ ਤੱਕ**

**ਸਿੱਖ ਕਿਰਪਾਨ ਨਹੀਂ ਤਿਆਗਦੇ, ਮੈਂ ਉਹਨਾਂ ਦੀ ਹਮਾਇਤ ਨਹੀਂ ਕਰਾਂਗਾ।''** ਗੁਰੂ ਗੋਬਿੰਦ ਸਿੰਘ ਬਾਰੇ ਭੀ ਗਾਂਧੀ ਨੇ ਦੁਖਦਾਈ ਟਿੱਪਣੀ ਕੀਤੀ, **''ਗੁਰੂ ਗੋਬਿੰਦ ਸਿੰਘ ਇੱਕ ਭਟਕਿਆ ਹੋਇਆ ਨੇਤਾ ਸੀ''।** ਜਦੋਂ ਇਤਿਹਾਸ ਵਿਚੋਂ ਹਵਾਲੇ ਦੇ ਕੇ ਸਿੱਖਾਂ ਨੇ ਦੱਸਣਾ ਚਾਹਿਆ ਕਿ ਹਥਿਆਰ ਵਰਤਣੇ ਸਮੇਂ ਦੀ ਲੋੜ ਸੀ। ਰਾਮ ਚੰਦਰ ਨੇ ਰਾਵਣ ਨਾਲ ਜੰਗ ਕੀਤਾ। ਕ੍ਰਿਸ਼ਨ ਨੇ ਅਰਜਣ ਨੂੰ ਅਤੇ ਉਸਦੀ ਹਮਾਇਤੀ ਫੌਜ ਨੂੰ ਲੜਨ ਲਈ ਤਿਆਰ ਕੀਤਾ। ਕੀ ਉਹ ਭੀ ਗਲਤ ਸਨ? (ਕੋਈ ਜੁਆਬ ਨਹੀਂ)। ਤਾਂ ਆਖਿਆ, **''ਮੈਂ ਅਜਿਹੇ ਇਤਿਹਾਸ ਤੇ ਵਿਸ਼ਵਾਸ ਨਹੀਂ ਕਰਦਾ''।**(ਸ੍ਰ: ਗੁਰਮੀਤ ਸਿੰਘ - ਗਾਂਧੀ ਅਤੇ ਸਿੱਖ)

ਇਸੇ ਤਰ੍ਹਾਂ ਗਾਂਧੀ ਦੇ ਇਕ ਪ੍ਰਮੁੱਖ ਚੇਲੇ, ਵਿਨੋਬਾ ਭਾਵੇ ਨੇ, 1972 ਵਿਚ ਕਿਰਪਾਨ ਨੂੰ ਵੇਲਾ ਵਿਹਾ ਚੁੱਕਿਆ ਹਥਿਆਰ ਕਹਿ ਕੇ ਨਿੰਦਿਆ ਸੀ। ਮੋਰਚਾ ਗੰਗਸਰ, ਗੁਰੂ ਕਾ ਬਾਗ ਤੇ ਨਨਕਾਣਾ ਸਾਹਿਬ ਵਿਚ, ਸਿੱਖਾਂ ਦੇ ਸ਼ਾਂਤਮਈ ਸਿਦਕ ਦੀ ਸਿਖ਼ਰ ਸੀ। ਇਸਾਈ ਪਾਦਰੀ ਸੀ.ਐਫ. ਐਂਡਰੀਊ ਨੇ, ਅਤਿਅੰਤ ਦੁਖੀ ਮਨ ਨਾਲ ਇਥੋਂ ਤੱਕ ਕਹਿ ਦਿੱਤਾ ਸੀ ਕਿ ''ਮੈਂ ਯਸੂ ਬਾਰੇ ਪੜ੍ਹਿਆ ਹੈ, ਸੁਣਿਆ ਹੈ, ਕਿ ਉਹ ਸ਼ਾਂਤ ਚਿਤ ਸੂਲੀ ਤੇ ਚੜ੍ਹ ਗਏ। ਇਸ ਗਾਥਾ ਨੂੰ ਯਾਦ ਕਰਦਿਆਂ ਮੈਂ ਅਨੇਕ ਵਾਰ ਰੋਇਆ ਹਾਂ। ਹਰ ਇਸਾਈ ਵਿਲਕਦਾ ਹੈ। ਅੱਜ ਮੈਂ ਪੰਜ ਸੌ ਯਸੂ (ਸਿੱਖ) ਸੂਲੀ ਚੜ੍ਹਦੇ ਆਪਣੀਆਂ ਅੱਖਾਂ ਨਾਲ ਵੇਖ ਚੁੱਕਿਆ ਹਾਂ''। ਪਰ ਗਾਂਧੀ ਦਾ ਬਿਆਨ ਇਉਂ ਸੀ- ''ਸਿੱਖ ਗਲਤੀ ਤੇ ਹਨ, ਇਸ ਲਈ ਉਹਨਾਂ ਨੂੰ ਸਜ਼ਾ ਤਾਂ ਮਿਲਣੀ ਹੀ ਸੀ''। ਸ਼੍ਰੋਮਣੀ ਕਮੇਟੀ ਨੇ ਬਾਰ ਬਾਰ ਐਲਾਨ ਕੀਤੇ ਕਿ ਜੈਤੋ ਵਾਲਾ ਮਸਲਾ ਨਿਰੋਲ ਧਾਰਮਕ ਹੈ। ਪਰ ਗਾਂਧੀ ਦੀ ਸਿੱਖ ਦੁਸ਼ਮਣੀ ਇਉਂ ਪ੍ਰਗਟ ਹੋ ਰਹੀ ਸੀ - ''ਸਿੱਖਾਂ ਦੀ ਇਹ ਲਹਿਰ ਕਿਸੇ ਜਾਤੀ ਜਾਂ ਧਰਮ ਦੇ ਵਿਰੁੱਧ ਤਾਂ ਨਹੀਂ? ਇਸ ਦੇ ਪਿਛੇ ਕੋਈ ਰਾਜਸੀ ਭਾਵਨਾਂ ਤਾਂ ਕੰਮ ਨਹੀਂ ਕਰਦੀ? ਤੁਸੀਂ ਪੰਜ-ਪੰਜ ਸੌ ਦੇ ਜਥੇ ਨਾ ਭੇਜੋ। ਇਕ ਦੋ ਸਿੱਖ ਜਾ ਕੇ, ਨੀਵੇਂ ਹੋ ਕੇ, ਗਲਬਾਤ ਕਰ ਲਵੇ। ਹੋਰ ਜਥੇ ਨਾ ਭੇਜੋ, ਦੇਸ਼ ਨੂੰ ਆਜ਼ਾਦੀ ਮਿਲ ਲੈਣ ਦਿਓ''। ਜਦੋਂ ਇਸ ਬਾਰੇ ਸਪੱਸ਼ਟੀਕਰਨ ਮੰਗਿਆ ਤਾਂ ਪੈਂਤਰਾ ਬਦਲਦਾ ਹੋਇਆ ਆਖਣ ਲੱਗਾ, ''ਮੈਂ ਸ਼ਹੀਦੀ ਜਥੇ ਨਾ ਭੇਜਣ ਬਾਰੇ ਕਿਹਾ ਸੀ''। ਉਹ ਇਸ ਤਰ੍ਹਾਂ ਦੀ ਡੀਂਗ ਭੀ ਮਾਰ ਦਿੰਦਾ ਸੀ, ''ਇਹ ਗੋਰੀ ਸਰਕਾਰ ਤਾਕਤ ਵਰਤੇ ਤੋਂ ਬਗੈਰ, ਭਾਰਤ ਨੂੰ ਆਜ਼ਾਦੀ ਨਹੀਂ ਦੇਵੇਗੀ। ਇਹਨਾਂ ਦੀਆਂ ਵਧੀਕੀਆਂ ਦਾ ਮੂੰਹ ਤੋੜ ਜੁਆਬ ਦਿਓ, ਪਰ ਅਹਿੰਸਕ ਰਹੋ''। (ਗਾਂਧੀ ਅਤੇ ਸਿੱਖ - ਸ੍ਰ: ਗੁਰਮੀਤ ਸਿੰਘ)

ਬੰਗਾਲ ਵਿਚ ਨਾਬਾ ਗੋਬਾਲ ਨੇ ਨੈਸ਼ਨਲ ਸੋਸਾਇਟੀ ਬਣਾਈ ਤਾਂ ਕਿ ਹਿੰਦੂ ਰਾਸ਼ਟਰ ਪ੍ਰਾਪਤ ਕੀਤਾ ਜਾ ਸਕੇ। ਇਹੋ ਸੋਸਾਇਟੀ ਬਾਦ ਵਿਚ ਰੰਗ ਬਦਲਦੀ ਹੋਈ, R.S.S.S. ਦੇ ਰੂਪ ਵਿਚ ਇਕ ਨਿਰੋਲ ਫਿਰਕੂ ਪਾਰਟੀ ਤੇ ਤੌਰ ਤੇ ਉਭਰੀ। ਇਹ

(RSSS) ਗਾਂਧੀ ਨੂੰ ਸਮਰਥਨ ਦਿੰਦੀ ਸੀ, ਵੱਟੇ ਵਿਚ ਗਾਂਧੀ ਹਿੰਦੂ ਰਾਸ਼ਟਰ ਦੀ ਵਕਾਲਤ ਕਰਦਾ ਸੀ। ਜਿਵੇਂ ਕਿ ''ਮੈਂ ਸਨਾਤਨੀ ਹਿੰਦੂ ਹਾਂ, ਵੇਦਾਂ, ਪੁਰਾਣਾਂ, ਉਪਨਿਸ਼ਦਾਂ, ਅਵਤਾਰਾਂ ਵਿਚ ਪੂਰਾ ਵਿਸ਼ਵਾਸ ਰਖਦਾ ਹਾਂ। ਮੈਂ ਆਦਮੀਆਂ ਨਾਲੋਂ ਗਊ ਦੀ ਰੱਖਿਆ ਵੱਡੇ ਪੱਧਰ ਤੇ ਚਾਹੁੰਦਾ ਹਾਂ। ਮੈਂ ਵਰਨ ਆਸ਼ਰਮ (ਜਾਤਪਾਤ) ਵਿਚ ਵਿਸ਼ਵਾਸ ਰੱਖਦਾ ਹਾਂ, ਕਿਉਂਕਿ ਇਹ ਵੇਦਾਂ ਅਨੁਸਾਰ ਹੈ। ਮੈਂ ਮੂਰਤੀ ਪੂਜਾ ਦਾ ਪੂਰਾ ਹਾਮੀ ਹਾਂ।

**''ਅਛੂਤਾਂ ਦਾ ਹਿੰਦੂ ਸਮਾਜ ਨਾਲੋਂ ਵੱਖ ਹੋਕੇ, ਕਿਸੇ ਹੋਰ ਧਰਮ ਨੂੰ ਅਪਣਾ ਲੈਣਾ, ਆਤਮ ਹੱਤਿਆ ਵਰਗਾ ਹੈ। ਮੈਂ ਸਿੱਖਾਂ ਅਤੇ ਹਿੰਦੂਆਂ ਨੂੰ ਅੱਡ ਨਹੀਂ ਮੰਨਦਾ। ਸਿੱਖੀ ਇਕ ਸੁਧਾਰਕ ਰੂਪ ਹੀ ਹੈ''। (ਗਾਂਧੀ ਯੰਗ ਇੰਡੀਆ, 01-10-25)**

ਸਭ ਘੱਟ ਗਿਣਤੀਆਂ ਨੂੰ ਖਾਸ ਅਧਿਕਾਰ ਦਿੱਤੇ ਗਏ, ਪਰ ਸਿੱਖਾਂ ਨੂੰ ਵਾਂਝਿਆਂ ਕਰ ਦਿੱਤਾ। ਕਾਂਗਰਸ ਪਾਰਟੀ ਨੇ ਆਪਣੇ ਸੇਵਕਾਂ ਦਾ ਉਤਸ਼ਾਹ ਵਧਾਉਣ ਲਈ ''ਗਾਂਧੀ ਕਰਾਸ'' ਮੈਡਲ ਦੇਣਾ ਸ਼ੁਰੂ ਕੀਤਾ। ਸਿੱਖਾਂ ਨੂੰ ਮਨ੍ਹਾਂ ਕਰ ਦਿੱਤਾ ਗਿਆ। ਕਿਉਂਕਿ ਇਹ ਕਿਰਪਾਨਧਾਰੀ ਹਨ। ਜੇ ਕਿਰਪਾਨ ਉਤਾਰ ਦੇਣ ਤਾਂ ਸਨਮਾਨ ਕੀਤਾ ਜਾਵੇਗਾ। ਰਾਵੀ ਨੇੜੇ ਸੰਨ 1939 ਵਿਚ, ਅਕਾਲੀ ਦਲ ਵੱਲੋਂ ਬਹੁਤ ਵੱਡੀ ਕਾਨਫਰੰਸ ਕੀਤੀ ਗਈ। ਇਕ ਅੰਦਾਜ਼ੇ ਮੁਤਾਬਕ ਇਸ ਵਿਚ ਪੰਜ ਲੱਖ ਲੋਕਾਂ ਨੇ ਸ਼ਿਰਕਤ ਕੀਤੀ। ਉਧਰ ਕਾਂਗਰਸ ਦੇ ਇਕੱਠ ਵਿਚ ਦਸ ਕੁ ਹਜ਼ਾਰ ਦੀ ਗਿਣਤੀ ਮਸੀਂ ਪੁੱਜੀ। ਕਾਂਗਰਸ ਨੇ ਬਾਬਾ ਖੜਕ ਸਿੰਘ ਨੂੰ ਭਰਮਾ ਕੇ, ਅਕਾਲੀ ਦਲ ਦੇ ਪ੍ਰਧਾਨ ਦੇ ਨਾਲ ਨਾਲ, ਕਾਂਗਰਸ ਕਮੇਟੀ ਦਾ ਪੰਜਾਬ ਦਾ ਪ੍ਰਧਾਨ ਭੀ ਬਣਾ ਦਿੱਤਾ। ਸਮਾਂ ਆਉਣ ਤੇ ਸਾਰੇ ਵਾਇਦੇ ਤੋੜ ਦਿੱਤੇ ਗਏ। ਸਿੱਖਾਂ ਨੇ ਕਾਂਗਰਸ ਤੇ ਅੰਧ ਵਿਸ਼ਵਾਸ ਦੀ ਹੱਦ ਤੱਕ ਭਰੋਸਾ ਕਰ ਲਿਆ। ਉਹਨਾਂ ਵਕਤ ਆਉਣ ਤੇ ਠੂਠ ਵਿਖਾ ਦਿੱਤਾ। ਹਾਲਾਂਕਿ ਕਾਂਗਰਸ ਦੀ ਪ੍ਰਧਾਨਗੀ ਸੰਭਾਲਣ ਤੋਂ ਪਹਿਲਾਂ, ਬਾਬਾ ਖੜਕ ਸਿੰਘ ਨੇ ਕਾਂਗਰਸੀ ਮੁਖੀਆਂ ਨੂੰ ਕੁਝ ਸ਼ਰਤਾਂ ਪ੍ਰਵਾਨ ਕਰਨ ਲਈ ਕਿਹਾ ਸੀ। ਉਹਨਾਂ ''ਸਾਰੀਆਂ ਹੀ ਪ੍ਰਵਾਨ'' ਕਰਨ ਦਾ ਵਚਨ ਦਿੱਤਾ ਸੀ। **''ਅਸੀਂ ਪ੍ਰਮਾਤਮਾ ਨੂੰ ਹਾਜ਼ਰ ਜਾਣ ਕੇ, ਜੰਤਾ ਦੀ ਕਚਹਿਰੀ ਵਿਚ ਵਚਨ ਦਿੰਦੇ ਹਾਂ, ਕਿ ਭਾਰਤ ਦੇ ਉਤਰ ਵਿਚ ਇਕ ਅਜਿਹਾ ਖਿੱਤਾ ਰਾਖਵਾਂ ਕਰ ਦਿੱਤਾ ਜਾਵੇਗਾ, ਜਿਸ ਵਿਚ ਸਿੱਖ ਭੀ ਆਜ਼ਾਦੀ ਦਾ ਨਿੱਘ ਮਾਣ ਸਕਣ। ਕੋਈ ਸੰਵਿਧਾਨ ਉਦੋਂ ਤਕ ਲਾਗੂ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਸਿੱਖਾਂ ਦੇ ਚੁਣੇ ਹੋਏ ਮੈਂਬਰ, ਉਸ ਨੂੰ ਸਵੀਕਾਰ ਨਾ ਕਰਨ। ਕੁਲ ਸੰਸਾਰ ਦੇ ਰੂ-ਬ-ਰੂ ਇਹ ਸਾਡਾ ਵਚਨ ਹੈ, ਕਸਮ ਹੈ''।** ਜਦੋਂ 26 ਜਨਵਰੀ 1950 ਨੂੰ ਸੰਵਿਧਾਨ ਲਾਗੂ ਕੀਤਾ ਗਿਆ ਤਾਂ ਸਿੱਖ ਮੁਖੀਆਂ ਨੇ ਇਸ ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ। ਕਿਉਂਕਿ ਇਹ ਸਿੱਖਾਂ ਨੂੰ ਰਾਈ ਮਾਤਰ ਭੀ **''ਵਿਸ਼ੇਸ਼''** ਅਧਿਕਾਰ ਨਹੀਂ ਦਿੰਦਾ ਸੀ। ਇਸ ਦੀ 25 ਧਾਰਾ ਮੁਤਾਬਕ ਸਿੱਖਾਂ ਨੂੰ ਹਿੰਦੂਆਂ ਦਾ ਹੀ ਇਕ ਫਿਰਕਾ ਮੰਨਿਆ ਗਿਆ ਸੀ।

ਦੂਜੇ ਲਫਜ਼ਾਂ ਵਿਚ, ਹਿੱਕ ਦੇ ਤਾਣ, ਇਹ ਸਿੱਖ ਮਾਰੂ ਸੰਵਿਧਾਨ ਸਿੱਖਾਂ ਤੇ ਠੋਸ ਦਿੱਤਾ ਗਿਆ। ਜਦੋਂ ਨਹਿਰੂ ਨੂੰ ਖਾਧੀਆਂ ਕਸਮਾਂ ਦਾ ਚੇਤਾ ਕਰਵਾਇਆ ਗਿਆ ਤਾਂ ਉਸ ਨੇ ਬੜੀ ਬੇਹਯਾਈ ਨਾਲ ਕਿਹਾ-**''ਅਬ ਵਕਤ ਬਦਲ ਗਿਆ ਹੈ''।**

ਜਦੋਂ ਆਜ਼ਾਦ ਭਾਰਤ ਦਾ ਝੰਡਾ ਬਣਾਉਣ ਦੀ ਗੱਲ ਚੱਲੀ ਤਾਂ ਸਿੱਖਾਂ ਨੇ, ਆਪਣਾ ਬਸੰਤੀ ਰੰਗ ਵਿਚ ਸ਼ਾਮਲ ਕਰਨ ਲਈ ਜ਼ੋਰ ਪਾਇਆ। ਕਿਉਂਕਿ ਹਿੰਦੂਆਂ ਦਾ ਲਾਲ, ਮੁਸਲਮਾਨਾਂ ਦਾ ਹਰਾ ਤੇ ਇਸਾਈਆਂ ਦਾ ਸਫੈਦ ਰੰਗ ਹੈ। ਜਦੋਂ ਅਕਾਲੀ ਦਲ ਦੇ ਪ੍ਰਧਾਨ (ਜੋ ਤਦੋਂ ਪੰਜਾਬ ਕਾਂਗਰਸ ਦਾ ਪ੍ਰਧਾਨ ਵੀ ਸੀ) ਬਾਬਾ ਖੜਕ ਸਿੰਘ ਨੇ, ਇਸ ਬਾਰੇ ਗੱਲ ਕੀਤੀ ਤਾਂ ਉਸਨੂੰ ਬੇਇੱਜ਼ਤ ਕੀਤਾ ਗਿਆ। ਫਿਰਕੂ ਤੱਕ ਆਖਣੋ ਗੁਰੇਜ਼ ਨਾ ਕੀਤਾ। ਬਾਦ ਵਿਚ ਜਦੋਂ ਕਦੀ ਝੰਡੇ ਦੇ ਰੰਗਾਂ ਦੀ ਗਲ ਚੱਲੀ, ਤਾਂ ਮਜਾਕ ਕਰਕੇ ਕਿਹਾ ਜਾਂਦਾ - ''ਦੇਖੋ ਜੀ ! ਬਾਕੀ ਰੰਗ ਤਾਂ ਹਿੰਦੂਆਂ, ਮੁਸਲਮਾਨਾਂ ਵਾਲੇ ਹੋ ਗਏ, ਹਾਂ ਅਕਾਲੀਆਂ ਦੀ ਝੰਡੇ ਵਾਲੀ ਡਾਂਗ ਜੋ ਹੈ।'' ਗਾਂਧੀ ਨੇ ਇਸ ਵਿਵਾਦ ਬਾਰੇ ਇਥੋਂ ਤੱਕ ਢੀਠਤਾਈ ਵਾਲੀ ਸ਼ਬਦਾਵਲੀ ਵਰਤੀ - **''ਤੁਸੀਂ (ਸਿੱਖ) ਕੇਵਲ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰੋ, ਰਾਹ ਦੇ ਰੋੜੇ ਨਾ ਬਣੋ। ਜੇ ਇਸੇ ਤਰ੍ਹਾਂ ਅੜਿੱਕੇ ਡਾਹੁੰਦੇ ਰਹੇ ਤਾਂ ਨਤੀਜੇ ਭੁਗਤਣ ਲਈ ਤਿਆਰ ਰਹੋ''।** ਸਿੱਖਾਂ ਨੂੰ ਫਿਰ ਭੀ ਜਾਗ ਨਾ ਆਈ। ਕਾਂਗਰਸੀਆਂ ਦੇ ਹੀ ਪਿਛਲੱਗ ਬਣੇ ਰਹੇ।

ਦੂਜੇ ਪਾਸੇ ਆਜ਼ਾਦੀ ਲਈ ਜੱਦੋ ਜਹਿਦ ਜੋਰਾਂ ਤੇ ਸੀ। ਜਿਥੇ ਕਿਤੇ ਕਾਂਗਰਸੀਆਂ ਦਾ ਇਕੱਠ ਹੁੰਦਾ ਤਾਂ ਪੁਲਿਸ ਰੁਕਾਵਟਾਂ ਪਾਉਂਦੀ। ਤੰਬੂ ਵਗੈਰਾ ਉਖਾੜ ਦਿੱਤੇ ਜਾਂਦੇ। ਇਸ ਧੱਕੇ ਸ਼ਾਹੀ ਨੂੰ ਰੋਕਣ ਲਈ, ਇੱਕ ਸੌ ਸਿੰਘਾਂ ਦਾ ਆਪਾ ਵਾਰੂ ਜਥਾ, ਨਿਸ਼ਚਿਤ ਥਾਂ ਪਹਿਲਾਂ ਪਹੁੰਚ ਜਾਂਦਾ। ਪੁਲਿਸ ਵਧੀਕੀਆਂ ਇਨਾਂ, ਵਲੰਟੀਅਰ ਸਿੱਖਾਂ ਤੇ ਹੀ ਹੁੰਦੀਆਂ। ਲਾਠੀਆਂ, ਕੋਰੜੇ, ਬੈਂਤਾਂ ਦੀ ਬੇਤਹਾਸ਼ਾ ਮਾਰ ਖਾ ਕੇ ਭੀ, ਇਹ ਆਪਣੀ ਥਾਂ ਅੜੇ ਰਹਿੰਦੇ। ਤਾਂ ਕਿਤੇ ਕਾਂਗਰਸੀ ਜਲਸਾ ਕਰਦੇ। ਆਖਰ ਉਹੀ ਗੱਲ ਹੋਈ, ''ਖਾਣ ਪੀਣ ਨੂੰ ਬਾਂਦਰੀ ਤੇ ਡੰਡੇ ਖਾਣ ਨੂੰ ਰਿੱਛ''। ਜਦੋਂ 1935 ਵਿਚ ਭਾਰਤ ਦੇ ਸੱਤ ਸੂਬਿਆਂ ਵਿਚ, ਆਰਜ਼ੀ ਕਾਂਗਰਸੀ ਸਰਕਾਰਾਂ ਬਣੀਆਂ, ਤਾਂ ਬੰਬਈ ਵਿਚਲੇ ਪੰਜਾਹ ਸਿੱਖ ਗਾਰਡਾਂ ਨੂੰ, ਬਿਨਾਂ ਕੋਈ ਕਾਰਨ ਦੱਸੇ ਨੌਕਰੀ ਤੋਂ ਹਟਾ ਦਿੱਤਾ ਗਿਆ। ਉਹਨਾਂ ਦਾ ''ਕਸੂਰ'' ਏਨਾ ਹੀ ਸੀ ਕਿ ਉਹ ਸਿੱਖ ਸਨ। ਉਹਨਾਂ ਦੀ ਥਾਵੇਂ ਹਿੰਦੂ ਨੌਜਵਾਨ ਰੱਖ ਲਏ। ਇਸ ਧੱਕੇਸ਼ਾਹੀ ਵਿਰੁੱਧ, ਸਿੱਖਾਂ ਨੇ ਬੜਾ ਵਾਵੇਲਾ ਕੀਤਾ, ਕਿਤੇ ਸੁਣਵਾਈ ਨਾ ਹੋਈ। ਗਾਂਧੀ ਤੱਕ ਭੀ ਪਹੁੰਚ ਕੀਤੀ, ਪਰ ਉਸਨੇ ਗਲ ਹੀ ਨਾ ਸੁਣੀ। ਕਿਉਂਕਿ ਇਹ ਕੰਮ ਉਸਦੀ ਇੱਛਾ ਮੁਤਾਬਕ ਹੀ ਹੋਇਆ ਸੀ, ਸੁਣਵਾਈ ਕਿਉਂ ਕਰਦਾ?

ਸੰਨ 1919 ਈ: ਦੀ ਵਿਸਾਖੀ ਨੂੰ ਜ਼ਿਲ੍ਹਿਆਂ ਵਾਲੇ ਬਾਗ ਅੰਮ੍ਰਿਤਸਰ ਵਿਚ, ਲਗਭਗ ਦਸ ਕੁ ਹਜ਼ਾਰ ਵਿਅਕਤੀ ਅਰਾਮ ਕਰ ਰਿਹਾ ਸੀ। ਕੁਝ ਕਾਂਗਰਸੀ ਨੇਤਾ ਬਿਨਾ ਵਜਾ

ਵਿਚ ਆ ਕੇ ਭਾਸ਼ਣ ਬਾਜੀ ਕਰਨ ਲੱਗ ਪਏ। ਜਨਰਲ ਡਾਇਰ ਨੂੰ ਕਿਸੇ ਨੇ ਗਲਤ ਖ਼ਬਰ ਦੇ ਦਿੱਤੀ, ਕਿ ਉਥੇ ਬੜਾ ਭਾਰੀ ਰਾਜਸੀ ਜਲਸਾ ਹੋ ਰਿਹਾ ਹੈ। ਉਸ ਨੇ ਸੱਚ ਜਾਨਣ ਤੋਂ ਬਿਨਾਂ, ਨਿਹੱਥੇ ਲੋਕਾਂ ਤੇ ਗੋਲੀ ਚਲਵਾ ਦਿੱਤੀ। ਕਰੀਬ ਸੱਤ ਸੌ ਵਿਅਕਤੀ ਮਾਰੇ ਗਏ, ਤੇਰਾਂ ਸੌ ਜਖ਼ਮੀ ਹੋ ਗਏ । ਅੰਮ੍ਰਿਤਸਰ ਸ਼ਹਿਰ ਵਿਚ ਮਾਰਸ਼ਲ ਲਾਅ ਲਾਗੂ ਕਰ ਦਿੱਤਾ ਗਿਆ। ਇਸੇ ਦੌਰਾਨ ਕੁਝ ਭੜਕੇ ਨੌਜਵਾਨਾਂ ਨੇ, ਗੁੱਸੇ ਵਿਚ ਆਕੇ, ਇੱਕਾ ਦੁੱਕਾ ਅੰਗਰੇਜ਼ ਮਾਰ ਦਿੱਤੇ । ਸਖ਼ਤੀ ਹੋਰ ਵੱਧ ਗਈ। ਲੰਮੇ ਸਮੇਂ ਤੱਕ ਲੋਕਾਂ ਨੂੰ ਆਪਣੇ ਘਰਾਂ ਤੱਕ ਪੁੱਜਣ ਲਈ, ਢਿੱਡ ਪਰਨੇ ਰਿੜ੍ਹ ਕੇ ਲੰਘਣਾ ਪੈਂਦਾ ਸੀ। ਖਾਦ ਖੁਰਾਕ ਦੀ ਬੇਹੱਦ ਘਾਟ ਹੋ ਗਈ। ਬਿਮਾਰੀ ਫੈਲ ਗਈ। ਧੜਾ ਧੜ ਹੋਰ ਮੌਤਾਂ ਹੋਣ ਲੱਗੀਆਂ। ਬਹੁਤ ਸਾਰੇ ਲੋਕਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰਕੇ, ਜੇਲ੍ਹੀਂ ਬੰਦ ਕਰ ਦਿੱਤਾ। ਸਾਰੇ ਸ਼ਹਿਰ ਵਿਚ ਕੁਰਲਾਹਟ ਮਚਿਆ ਹੋਇਆ ਸੀ। ਲੋਕ ਵਿਲਕ ਰਹੇ ਸਨ, ਤੜਪ ਰਹੇ ਸਨ, ਮਰ ਰਹੇ ਸਨ। ਪਰ ਗਾਂਧੀ ਨੇ ਦੁੱਖ ਸਾਂਝਾ ਕਰਨ, ਪੰਜਾਬ ਆਉਣਾ ਤਾਂ ਕਿਤੇ ਰਿਹਾ, ਸਰਕਾਰ ਵਿਰੁੱਧ ਇਕ ਬਿਆਨ ਤੱਕ ਨਾ ਦਿੱਤਾ। ਲੋਕਾਂ ਦੇ ਜਖ਼ਮਾਂ ਤੇ ਮਲ੍ਹਮ ਲਾਉਣ ਲਈ ਹਮਦਰਦੀ ਵਾਲਾ ਇਕ ਬਚਨ ਤੱਕ ਨਾ ਬੋਲਿਆ। ਬਸ ਇਕੋ ਰਟ ਲਾਈ ਗਿਆ **''ਓਮ ਸ਼ਾਂਤੀ ਓਮ ਸ਼ਾਂਤੀ''। ਬੇਸ਼ਰਮੀ ਦੀਆਂ ਸੀਮਾਵਾਂ ਲੰਘ ਕੇ, ਗਾਂਧੀ ਨੇ ਜਨਰਲ ਡਾਇਰ ਨੂੰ ਬੇਕਸੂਰ ਹੀ ਆਖ ਦਿੱਤਾ। ਡਾਇਰ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਤੇ ਲੋਕਾਂ ਨੂੰ ਹੀ ਕਸੂਰਵਾਰ ਠਹਿਰਾਉਂਦਾ ਰਿਹਾ। ਇਸ ਜੁਲਮ ਤੋਂ ਪ੍ਰੇਸ਼ਾਨ ਹੋਕੇ, ਪ੍ਰਸਿੱਧ ਉਰਦੂ ਸ਼ਾਇਰ ਮੁਹੰਮਦ ਇਕਬਾਲ ਨੇ, ਤੇ ਰਾਬਿੰਦਰ ਨਾਥ ਟੈਗੋਰ ਨੇ, ਆਪਣੇ ''ਸਰ'' ਦੇ ਖਿਤਾਬ ਸਰਕਾਰ ਨੂੰ ਵਾਪਿਸ ਮੋੜ ਦਿੱਤੇ। ਗਾਂਧੀ ਨੇ ਆਪਣਾ ''ਕੈਸਰ-ਏ-ਹਿੰਦ'' ਖਿਤਾਬ ਭੀ ਵਾਪਸ ਨਾ ਕੀਤਾ।** ਇਹ ਵੱਖਰੀ ਗੱਲ ਹੈ ਕਿ ਬਰਤਾਨੀਆਂ ਦੇ ਕਾਕਸਟਨ ਹਾਲ ਵਿਚ, ਲੈਕਚਰ ਕਰ ਰਹੇ ਜਨਰਲ ਡਾਇਰ ਨੂੰ ਸ੍ਰ: ਉਧਮ ਸਿੰਘ ਨੇ ਕੀਤੇ ਦੀ ਸਜਾ ਦੇ ਦਿੱਤੀ ਤੇ ਮਾਈਕਲ ਐਡਵਾਇਰ (ਪੰਜਾਬ ਦਾ ਗਵਰਨਰ) ਸੰਨ 1929 ਵਿਚ ਪਹਿਲਾਂ ਹੀ ਮਰ ਗਿਆ ਸੀ।

ਨਾਭੇ ਦਾ ਰਾਜ ਘਰਾਣਾ ਜਿਥੇ ਸਿੱਖੀ ਪਿਆਰ ਵਾਲਾ ਸੀ, ਉਥੇ ਇਹ ਖਾਨਦਾਨ ਪੱਕਾ ਦੇਸ਼ ਭਗਤ ਭੀ ਸੀ। ਜਦੋਂ 1846 ਤੋਂ 1849 ਤੱਕ ਅੰਗਰੇਜ਼ਾਂ ਤੇ ਸਿੰਘਾਂ ਦੇ ਖੂਨੀ ਜੰਗ ਹੋਏ, ਤਦੋਂ ਮਾਲਵੇ ਦੇ ਹੋਰ ਦੇਸੀ ਰਾਜਿਆਂ ਨੇ, ਸਿੱਖਾਂ ਦਾ ਰਾਜ (ਰਣਜੀਤ ਸਿੰਘ ਵਾਲਾ) ਤਬਾਹ ਕਰਨ ਵਾਸਤੇ, ਆਪਣੀਆਂ ਫੌਜਾਂ ਭੇਜੀਆਂ। ਇਕੋ ਇਕ ਸੂਰਬੀਰ ਰਾਜਾ ਜਸਵੰਤ ਸਿੰਘ ਨਾਭਾਪਤੀ ਨੇ, ਅੰਗਰੇਜ਼ਾਂ ਦੇ ਪੱਖ ਵਿਚ ਆਪਣੀ ਫੌਜ ਭੇਜਣ ਤੋਂ ਇਨਕਾਰ ਕਰ ਦਿੱਤਾ। ਉਸ ਵਕਤ ਗੋਰੀ ਸਰਕਾਰ ਦੜ ਵੱਟ ਗਈ। ਸਮਾਂ ਪਾ ਕੇ, ਪਟਿਆਲਾ ਪਤੀ ਰਾਜੇ ਨੂੰ ਨਾਭਾ ਰਾਜੇ ਨਾਲ ਲੜਾ ਦਿੱਤਾ। ਉਹੀ ਪੁਰਾਣੀ ਕਿੜ ਕੱਢਣ ਲਈ। ਜਦੋਂ 1921 ਵਿਚ ਅੰਗਰੇਜ਼ਾਂ ਦੀ ਸ਼ਹਿ

ਪ੍ਰਾਪਤ ਮਹੰਤ ਨਰੈਣ ਦਾਸ ਨੇ, ਸ਼ਾਂਤਮਈ ਸਿੰਘਾਂ ਨੂੰ ਛਲਣੀ-ਛਲਣੀ ਕਰ ਦਿੱਤਾ, ਤਾਂ ਸੋਗ ਵਜੋਂ, ਸ਼੍ਰੋਮਣੀ ਕਮੇਟੀ ਨੇ ਮਤਾ ਪਾਸ ਕਰਕੇ, ਸਮੂੰਹ ਸਿੱਖਾਂ ਨੂੰ ਕਾਲੀਆਂ ਦਸਤਾਰਾਂ ਸਜਾਉਣ ਦੀ ਅਪੀਲ ਕੀਤੀ। ਪੰਥ ਦਾ ਨਿਮਾਣਾ ਸੇਵਕ ਹੋਣਦੇ ਨਾਤੇ, ਨਾਭਾਪਤੀ ਰਾਜਾ ਰਿਪੁਦਮਣ ਸਿੰਘ ਨੇ, ਖੁਦ ਕਾਲੀ ਦਸਤਾਰ ਸਜਾਈ ਤੇ ਉਹਨਾਂ ਦੇ ਦਰਬਾਰੀ ਸਿੱਖਾਂ ਨੇ ਭੀ ਇਵੇਂ ਹੀ ਕੀਤਾ। ਬਾਕੀ ਸਾਰੇ ਮਲਵਈ ਰਾਜਿਆਂ ਨੇ, ਪੰਥ ਦਾ ਇਹ ਹੁਕਮ ਨਾ ਮੰਨਿਆ। ਸਗੋਂ ਪਟਿਆਲਾ ਰਾਜ ਵਿਚ ਤਾਂ ਕਾਲੀ ਦਸਤਾਰ ਬੰਨਣ ਤੇ ਪਾਬੰਦੀ ਲਾ ਦਿੱਤੀ। ਸੇਵਾ ਸਿੰਘ ਠੀਕਰੀ ਵਾਲੇ ਦਾ ਵਿਰੋਧ ਪਟਿਆਲਾ ਰਾਜ ਨਾਲ, ਕਾਲੀ ਦਸਤਾਰ ਬੰਨਣ ਤੋਂ ਹੀ ਸ਼ੁਰੂ ਹੋਇਆ ਸੀ।ਜੈਤੋ ਦੇ ਮੋਰਚੇ ਵਕਤ ਭੀ ਨਾਭਾ ਰਾਜ ਨੇ, ਸਿੱਖਾਂ ਦੇ ਹੱਕ ਵਿਚ ਅਵਾਜ਼ ਉਠਾਈ। ਸਾਰੇ ਹਾਲਾਤ ਦਾ ਜਾਇਜ਼ਾ ਲੈ ਕੇ, ਅੰਗਰੇਜ਼ਾਂ ਨੇ ਗਾਂਧੀ ਨੂੰ ਆਪਣੇ ਹੱਕ ਵਿਚ ਤਿਆਰ ਕੀਤਾ। ਰਾਜਾ ਰਿਪੁਦਮਣ ਸਿੰਘ ਨੂੰ ਗੱਦੀਓਂ ਉਤਾਰ ਦਿੱਤਾ ਤੇ ਗ੍ਰਿਫਤਾਰ ਕਰ ਲਿਆ। **ਇਸ ਧੱਕੇਸ਼ਾਹੀ ਵਿਰੁੱਧ ਗਾਂਧੀ ਨੇ ਇਕ ਬਿਆਨ ਤਕ ਨਾ ਦਿੱਤਾ। ਉਲਟਾ ਸਿੱਖਾਂ ਨੂੰ ਹੀ ''ਸ਼ਾਂਤਮਈ'' ਦਾ ਉਪਦੇਸ਼ ਕਰਨ ਲੱਗ ਪਿਆ। ਅਖੇ-''ਸਿੱਖਾਂ ਨੂੰ ਰਿਪੁਦਮਣ ਸਿੰਘ ਦੇ ਪਿੱਛੇ ਨਹੀਂ ਲੱਗਣਾ ਚਾਹੀਦਾ। ਰਿਪੁਦਮਣ ਸਿੰਘ ਨੂੰ ਭੀ ਸੰਭਲ ਕੇ ਚਲਣਾ ਚਾਹੀਦਾ ਹੈ। ਵਰਨਾ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ। ਜੇ ਮਹਾਰਾਜਾ ਤੇ ਅਕਾਲੀ ਭਲਾ ਚਾਹੁੰਦੇ ਹਨ ਤਾਂ ਜੋ ਮੈਂ ਕਹਿੰਦਾ ਹਾਂ ਉਹੀ ਕਰੋ''।**

ਕਰਮਚੰਦ ਗਾਂਧੀ ਪਹਿਲਾਂ ਓਪਰੇ ਮਨ ਨਾਲ ਕਿਰਪਾਨ ਨੂੰ ਸਲਾਹੁੰਦਾ ਭੀ ਰਿਹਾ। ਪਰ ਉਸਦੀ ਅਸਲੀਅਤ ਛੇਤੀ ਹੀ ਉਘੜ ਕੇ ਸਾਹਮਣੇ ਆ ਗਈ। ਜਦੋਂ ਉਸਨੇ ਕਿਰਪਾਨ ਵਿਰੁੱਧ ਭੰਡੀ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਉਸ ਇਥੋਂ ਤੱਕ ਕਿਹਾ - **''ਕਿਰਪਾਨ ਨਾਲੋਂ ਅਹਿੰਸਾ ਦਾ ਹਥਿਆਰ ਬਹੁਤ ਸ਼ਕਤੀਸ਼ਾਲੀ ਹੈ''।** ਸਿੱਖਾਂ ਨੂੰ ਕਿਰਪਾਨ ਰਹਿਤ ਕਰਨ ਲਈ, ਉਸਨੇ ਕਈ ਕਮੀਣੀਆਂ ਚਾਲਾਂ ਚਲੀਆਂ। ਬੰਗਾਲ ਦੇ ਇਕ ਬਹੁਤ ਵੱਡੇ ਇਕੱਠ ਵਿਚ, ਕੁਝ ਨਾ ਸਮਝ ਸਿੱਖਾਂ ਨੇ, ਗਾਂਧੀ ਦੀਆਂ ਮੋਮੋਠਗਣੀਆਂ ਵਿਚ ਆਕੇ, ਕਿਰਪਾਨ ਉਤਾਰਨੀ ਮੰਨ ਲਈ। ਗਾਂਧੀ ਅਤੇ ਉਸਦੇ ਫਿਰਕੂ ਸਾਥੀਆਂ ਦੀ ਖੁਸ਼ੀ ਦਾ ਪਾਰਾਵਾਰ ਨਾ ਰਿਹਾ। ਭੁੱਲੜ ਸਿੱਖਾਂ ਨੂੰ ਸਟੇਜ ਤੇ ਬੁਲਾ ਕੇ, ਸਾਰਿਆਂ ਦੇ ਸਾਹਮਣੇ ਉਹਨਾਂ ਦੀਆਂ ਕਿਰਪਾਨਾਂ ਉਤਾਰੀਆਂ ਗਈਆਂ। ਆਪਣੇ ਨੇੜੇ ਬੈਠਣ ਲਈ ਉਹਨਾਂ ਨੂੰ ਥਾਂ ਦਿੱਤੀ। ਉਹਨਾਂ ਸਭ ਦੀ ਖੂਬ ਪ੍ਰਸੰਸਾ ਕੀਤੀ ਗਈ। ਇਹ ਮੰਦਭਾਗੀ ਘਟਨਾ 6 ਜਨਵਰੀ, 1947 ਦੀ ਹੈ।

ਇਸੇ ਜਲਸੇ ਵਿਚ ਗਾਂਧੀ ਨੇ ਹੋਰ ਕੁਫਰ ਤੋਲਿਆ - ''ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਦੀ ਪੂਰਤੀ, ਕ੍ਰਿਪਾਨ ਤਿਆਗਣ ਤੇ ਅਹਿੰਸਾ ਪ੍ਰਵਾਨ ਕਰਨ ਵਿਚ ਹੀ ਹੋ ਸਕਦੀ ਹੈ''। ਭਾਰਤ ਵਿਚਲੀ ਪ੍ਰੀਵੀ ਕੌਂਸਲ ਵੱਲੋਂ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਮੰਜ਼ੂਰੀ ਮਿਲ

ਗਈ। ਇਸ ਨੂੰ ਧਰਮ ਅਤੇ ਸਿੱਖ ਰਹਿਤ ਦਾ ਇਕ ਜ਼ਰੂਰੀ ਹਿੱਸਾ ਮੰਨ ਲਿਆ। ਗਾਂਧੀ ਨੇ ਫਿਰ ਭੀ ਕਿਰਪਾਨ ਦਾ ਵਿਰੋਧ ਜਾਰੀ ਰੱਖਿਆ। ਉਸ ਨੇ ਇਹ ਨੀਵੇਂ ਸ਼ਬਦ ਵਰਤਕੇ ਆਪਣਾ ਗੁਬਾਰ ਕੱਢਿਆ- **''ਮਹਾਨ ਸਿੱਖ ਧਰਮ ਨੂੰ ਕਿਰਪਾਨ ਪਹਿਨ ਕੇ ਕਲੰਕਤ ਨਾ ਕਰੋ। ਸ਼ਹੀਦਾਂ ਨੂੰ ਬਦਨਾਮ ਨਾ ਕਰੋ। ਮੇਰੀ ਗਲ ਮੰਨੋ ਤੇ ਕਿਰਪਾਨ ਤਿਆਗ ਦਿਓ''। ਅਜ਼ਾਦੀ ਤੋਂ ਮਗਰੋਂ ਤਾਂ ਗਾਂਧੀ ਇਥੋਂ ਤੱਕ ਭੂਤਰ ਗਿਆ ਸੀ ਕਿ - ''ਮੇਰੀ ਨੇਕ ਸਲਾਹ ਕਾਰਨ ਹੀ ਹੁਣ ਤੱਕ ਸਿੱਖ ਬਚੇ ਹੋਏ ਹਨ, ਵਰਨਾ ਕਦੋਂ ਦੇ ਮਾਰੇ ਜਾ ਚੁੱਕੇ ਹੁੰਦੇ। ਮੈਂ ਜੋ ਬੋਲਦਾ ਹਾਂ ਸੋਚ ਸਮਝ ਕੇ ਬੋਲਦਾ ਹਾਂ। ਮੈਨੂੰ ਕਿਸੇ ਦੀ ਸਲਾਹ ਦੀ ਲੋੜ ਨਹੀਂ ਹੈ। ਸਿੱਖਾਂ ਨੂੰ ਮੂਰਖ ਬਣਨ ਤੋਂ ਰੋਕੋ। ਹੁਣ ਤੱਕ ਉਹਨਾਂ ਨੇ ਬਹੁਤ ਖੂਨ ਬਹਾ ਲਿਆ ਹੈ। ਉਹਨਾਂ ਬੜੀ ਬੇਰਹਿਮੀ ਨਾਲ ਕਿਰਪਾਨ ਵਰਤੀ ਹੈ। ਹੁਣ ਮੇਰੀ ਮੰਨ ਲੈਣ ਤੇ ਕਿਰਪਾਨ ਤਿਆਗ ਦੇਣ''।** ਗਾਂਧੀ ਨੇ 29 ਜਨਵਰੀ, 1947 ਨੂੰ ਇਕ ਗੁਰਪੁਰਬ ਦੇ ਮੌਕੇ ਤੇ, ਸਿੱਖ ਸੰਗਤਾਂ ਨੂੰ ਅਸਭਿਅਕ ਤੇ ਮੂਰਖ ਤੱਕ ਆਖਣ ਦਾ ਪਾਪ ਕੀਤਾ। ਸੰਨ ਸੰਤਾਲੀ ਵਿਚ ਹੀ ਗਾਂਧੀ ਪੰਜਾ ਸਾਹਿਬ ਗੁਰਦੁਆਰੇ ਪੁੱਜਿਆ। ਤਾਂ ਉਥੋ ਦੇ ਸਿੱਖਾਂ ਨੇ ਆਪਣੀਆਂ ਤਕਲੀਫਾਂ ਦੱਸੀਆਂ। ਕਿਉਂਕਿ ਗਾਂਧੀ ਪੱਖੀ ਹੋਣ ਕਰਕੇ ਮੁਸਲਮਾਨਾਂ ਵੱਲੋਂ ਸਿੱਖਾਂ ਨੂੰ ਨਿਸ਼ਾਨਾਂ ਬਣਾਇਆ ਜਾਂਦਾ ਸੀ। ਸਿੱਖਾਂ ਲਈ ਇਕ ਵੱਖਰੀ ਸਟੇਟ ਦੀ ਮੰਗ ਭੀ ਕੀਤੀ ਗਈ। ਸੁਣਕੇ ਗਾਂਧੀ ਲੋਹਾ ਲਾਖਾ ਹੋ ਗਿਆ। ਤੇ ਕਿਹਾ **''ਸਿੱਖ ਸਟੇਟ ਵਿਚ ਸਿੱਖਾਂ ਦਾ ਨੁਕਸਾਨ ਹੈ, ਤੁਹਾਡਾ ਭਲਾ ਇਸੇ ਵਿਚ ਹੈ, ਕਿ ਬਸ ਸੇਵਾ ਕਰੋ। ਤੁਹਾਡੇ ਬਾਰੇ ਸੋਚਣ ਲਈ ਮੈਂ ਹਾਂ, ਕਾਂਗਰਸ ਪਾਰਟੀ ਹੈ''।**

ਪਿੰਡੀ ਆਦਿ ਸਟੇਸ਼ਨਾਂ ਤੇ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਔਰਤਾਂ ਅਤੇ ਬੱਚਿਆਂ ਤੇ ਭੀ ਘੋਰ ਜੁਲਮ ਹੋਏ। ਜੋ ਸਿੱਖ ਬੀਬੀਆਂ ਬਚ ਗਈਆਂ, ਉਹਨਾਂ ਧਾਹਾਂ ਮਾਰ-ਮਾਰ ਕੇ ਅੱਖੀਂ ਵੇਖੀ ਤੇ ਪਿੰਡੇ ਤੇ ਬੀਤੀ ਦਾਸਤਾਨ ਗਾਂਧੀ ਨੂੰ ਕਹਿ ਸੁਣਾਈ। ਰਸਮੀ ਜਿਹੇ ਤਰੀਕੇ ਗਲਬਾਤ ਸੁਣਕੇ, ਗਾਂਧੀ ਦਾ ਦਿਲ ਚੀਰਵਾਂ ਇਉਂ ਬਿਆਨ ਆਇਆ **''ਪੂਰਬੀ ਪੰਜਾਬ ਵਿਚ ਸਾਰੇ ਪੁਆੜੇ ਦੀ ਜੜ੍ਹ, ਹਿੰਦੂ ਅਤੇ ਸਿੱਖ ਹਨ। ਫਰਕ ਸਿਰਫ ਇਤਨਾ ਹੈ ਕਿ ਸਿੱਖਾਂ ਦੇ ਹੱਥਾਂ ਵਿਚ ਕਿਰਪਾਨ ਹੈ, ਤੇ ਹਿੰਦੂ ਖਾਲੀ ਹੱਥ ਹਨ। ਬਿਰਲਾ ਮੰਦਰ ਦਿੱਲੀ ਵਿਚ ਪ੍ਰਾਥਨਾ ਵਕਤ, ਗਾਂਧੀ ਨੇ ਇਥੋਂ ਤੱਕ ਕੁਫਰ ਬੋਲਿਆ- ''ਸਿੱਖ ਵੱਡੀਆਂ ਨੰਗੀਆਂ ਕਿਰਪਾਨਾਂ ਹੱਥਾਂ ਵਿਚ ਲੈ ਕੇ, ਸ਼ਰੇਆਮ ਸੜਕਾਂ ਤੇ ਘੁੰਮਦੇ ਹਨ। ਲੋਕਾਂ ਦੇ ਘਰ ਲੁੱਟਦੇ ਹਨ, ਡਾਕੇ ਮਾਰਦੇ ਹਨ। ਦਿੱਲੀ ਵਿਚ ਜੋ ਘਟਨਾਵਾਂ ਵਾਪਰ ਰਹੀਆਂ ਹਨ, ਇਹ ਸਿੱਖਾਂ ਦੀ ਹੀ ਕਾਰਸਤਾਨੀ ਹੈ। ਸਿੱਖ ਅੱਤ ਦਰਜੇ ਦੇ ਸ਼ਰਾਬੀ ਹਨ, ਮਾਰੂ ਹਥਿਆਰ ਕੋਲ ਰੱਖਦੇ ਹਨ। ਵਰਜਿਤ ਥਾਵਾਂ ਤੇ ਮੀਟ ਵੇਚਦੇ ਹਨ..........''।**

ਜਦੋਂ ਸਿੱਖਾਂ ਦਾ ਇਕ ਬਹੁਤ ਵੱਡਾ ਪ੍ਰਤੀਨਿਧੀ ਮੰਡਲ, ਗਾਂਧੀ ਕੋਲ ਰੋਸ ਪ੍ਰਗਟ

ਕਰਨ ਲਈ ਪੁੱਜਿਆ ਤੇ ਉਸਦੀਆਂ ਆਖੀਆਂ ਗਲਤ ਗੱਲਾਂ ਬਾਰੇ ਸਪਸ਼ਟੀਕਰਨ ਮੰਗਿਆ ਤਾਂ ਗਾਂਧੀ ਨੇ ਗੋਲਮੋਲ ਜਿਹੀ ਗਲ ਕਰਕੇ ਟਾਲ ਦਿੱਤਾ-''ਮੈਂ ਤਾਂ ਸਿੱਖਾਂ ਦੀਆਂ ਕਮੀਆਂ ਦਾ ਹੀ ਜ਼ਿਕਰ ਕੀਤਾ ਸੀ, ਤਾਂ ਕਿ ਅੱਗੋਂ ਸੁਧਾਰ ਕੀਤਾ ਜਾ ਸਕੇ''। ਦੇਸ਼ ਵੰਡ ਵਕਤ ਨਨਕਾਣਾ ਸਾਹਿਬ ਨੂੰ ''ਵੈਟੀਕਨ ਸਿਟੀ'' ਦਾ ਦਰਜਾ ਸਹਿਜੇ ਹੀ ਮਿਲ ਸਕਦਾ ਸੀ। ਧਾਰਮਕ ਤੌਰ ਤੇ ਵਿਸ਼ੇਸ਼ ਹਾਲਤ ਅਧੀਨ, ਮੁਸਲਮਾਨ ਤੇ ਅੰਗਰੇਜ਼ ਇਹ ਸਿੱਖਾਂ ਨੂੰ ਦੇਣ ਲਈ ਸਹਿਮਤ ਸਨ। ਪਰ ਇਸ ਬਾਰੇ ਨਹਿਰੂ ਤੇ ਪਟੇਲ ਨੇ ਕਦੀ ਗਲ ਹੀ ਨਾ ਕੀਤੀ। ਸਿੱਖ ਇਹਨਾਂ ਦੇ ਪਿਛਲੱਗ ਬਣੇ ਰਹੇ। ਉਪਰਲੇ ਘਟਨਾ ਚੱਕਰ ਤੋਂ ਅਤੀ ਨਿਰਾਸ਼ ਹੋ ਕੇ, ਸਭ ਕੁਝ ਲੁਟਾ ਗੁਆਕੇ, ਵਕਤ ਖੁੰਝਾ ਕੇ ਮਾ: ਤਾਰਾ ਸਿੰਘ ਨੇ ਕਿਹਾ ਸੀ- ''ਜੋ ਫੈਸਲਾ ਮੇਰੇ ਲੋਕਾਂ ਬਾਰੇ (ਸਿੱਖਾਂ) ਦਿੱਲੀ ਵਿਚ ਹੋਵੇਗਾ, ਉਹ ਸਿੱਖਾਂ ਨੂੰ ਖਾਨਾ ਬਦੋਸ਼ ਤੇ ਯਤੀਮ ਕਰ ਦੇਵੇਗਾ।'' ਇਹੀ ਘਟਨਾਵਾਂ ਲਗਾਤਾਰ ਵਾਪਰਦੀਆਂ ਆ ਰਹੀਆਂ ਹਨ।'' **ਮੁਲਕ ਹਿੰਦੂ ਕਾ ਰਾਜ ਤਿਗੜੇ ਕਾ। ਗੁਰੂ ਰਾਖਾ ਹੈ ਭਾਈ ਸਿਖੜੇ ਕਾ''।**

- ਮੋਤੀ ਲਾਲ ਨਹਿਰੂ ਦਾ ਇਕ ਬਿਆਨ - ''ਜੇ ਮੇਰੇ ਬਸ ਵਿਚ ਹੋਵੇ ਤਾਂ ਮੈਂ ਸਿੱਖਾਂ ਨੂੰ ਪੰਜਾਬ ਵਿਚੋਂ ਖਤਮ ਕਰ ਦਿਆਂ। ਤੇ ਪੰਜਾਬ ਨੂੰ ਭਾਰਤ ਦੇ ਨਕਸ਼ੇ ਵਿਚੋਂ ਉਡਾ ਦਿਆਂ।''
- ''ਹਰੀਜਨ'' ਅਖ਼ਬਾਰ ਵਿਚ ਗਾਂਧੀ ਨੇ ''ਇਕੋ ਰਾਹ'' ਲੇਖ ਵਿਚ ਲਿਖਿਆ ਕਿ 1929 ਵਿਚ ਸਿੱਖਾਂ ਨਾਲ ਕੀਤੇ ਸਾਰੇ ਵਾਅਦੇ ਰੱਦ ਕੀਤੇ ਜਾਂਦੇ ਹਨ। (ਹਰੀਜਨ 25-11-1939, ਸੰਗਤ ਸਿੰਘ ਇਤਿਹਾਸ ਵਿਚ ਸਿੱਖ, ਪੰਨਾ 221)।
- ਬਾਬਾ ਖੜਕ ਸਿੰਘ ਅਜ਼ਾਦੀ ਸੰਗਰਾਮ ਵਿਚ ਸਖ਼ਤ ਰਾਹ ਅਖ਼ਤਿਆਰ ਕਰਦਾ ਸੀ। ਇਸੇ ਕਾਰਨ ਉਹ ਕਾਂਗਰਸ ਲਈ ਇਕ ਅਣਚਾਹਿਆ ਵਿਅਕਤੀ ਹੋ ਗਿਆ। ਮਾ: ਤਾਰਾ ਸਿੰਘ ਕਾਂਗਰਸ ਦੇ ਆਖੇ ਮੁਤਾਬਕ ਚਲਦਾ ਸੀ। ਇਸੇ ਲਈ ਇਹ ਕਾਂਗਰਸ ਨੂੰ ਪਰਵਾਨ ਸੀ। (ਇਤਿਹਾਸ ਵਿਚ ਸਿੱਖ -211)।
- ਸਿੱਖ ਲੀਡਰਾਂ ਨੇ ਅੰਗਰੇਜ਼ਾਂ ਦੀ ਫੌਜ ਵਿਚ ਭਰਤੀ ਹੋ ਕੇ ਸਿੱਖਾਂ ਦੀ ਤਾਕਤ ਵਧਾਉਣ ਦਾ ਫੈਸਲਾ ਲੈ ਲਿਆ। ਇਸਤੇ ਗਾਂਧੀ ਨੇ ਤਾਰਾ ਸਿੰਘ ਨੂੰ ਨਫਰਤ ਭਰੀ ਚਿੱਠੀ ਲਿਖੀ - **''ਮੇਰੇ ਵਿਚਾਰ ਮੁਤਾਬਕ ਨਾ ਤੁਹਾਡੀ ਕਾਂਗਰਸ ਨਾਲ ਨਾ ਕਾਂਗਰਸ ਦੀ ਤੁਹਾਡੇ ਨਾਲ ਕੋਈ ਸਾਂਝ ਹੈ। ਤੁਸੀਂ ਤਲਵਾਰ ਨਾਲ ਮਸਲੇ ਹੱਲ ਕਰਨੇ ਚਾਹੁੰਦੇ ਹੋ। ਕਾਂਗਰਸ ਇਸ ਤਰਾਂ ਨਹੀਂ ਚਾਹੁੰਦੀ। ਸਿੱਖਾਂ ਦੀ ਸਿਵਲ ਨਾ ਫੁਰਮਾਨੀ ਭੀ ਨਿਰੋਲ ਮਾਰਕਾਟ ਹੈ। ਮੇਰਾ ਯਕੀਨ ਹੈ ਕਿ ਤੁਸੀਂ ਕਾਂਗਰਸ ਵਿਚ ਰਹਿਕੇ, ਸਿੱਖਾਂ ਅਤੇ ਕਾਂਗਰਸ ਦੋਵਾਂ ਦਾ ਨੁਕਸਾਨ ਕਰਦੇ ਹੋ। ਜਾਂ ਤਾਂ ਤੁਸੀਂ ਪੱਕੇ ਅਹਿੰਸਕ ਰਾਸ਼ਟਰਵਾਦੀ ਬਣੋ, ਜਾਂ ਪੱਕਾ ਫਿਰਕੂ ਰਾਹ ਚੁਣੋ। ਯਾਦ ਰੱਖਣਾ ਇਸ ਵਾਸਤੇ ਤੁਹਾਨੂੰ ਕਿਸੇ ਵਿਦੇਸ਼ੀ ਤਾਕਤ ਦੀ ਸਹਾਇਤਾ ਲੈਣੀ ਪਵੇਗੀ,**

**ਕਾਂਗਰਸ ਤੁਹਾਡੇ ਨਾਲ ਨਹੀਂ ਹੋਵੇਗੀ।''** ਇਹ ਖ਼ਤ ਗਾਂਧੀ ਨੇ ਮਾ: ਤਾਰਾ ਸਿੰਘ ਵਲ 16-8-1940 ਨੂੰ ਲਿਖਿਆ (ਸੰਗਤ ਸਿੰਘ ਇਤਿਹਾਸ ਵਿਚ ਸਿੱਖ - 225)।

- ਸੰਨ 1921 ਤੋਂ 1923 ਤੱਕ ਗਾਂਧੀ ਨੇ ਤਿਲਕ ਸਵਰਾਜ ਫੰਡ ਵਾਸਤੇ, ਅਛੂਤਾਂ ਦੇ ਭਲੇ ਹਿੱਤ ਇਕ ਕਰੋੜ, ਤੀਹ ਲੱਖ, ਉਨੀ ਹਜ਼ਾਰ ਚਾਰ ਸੌ ਪੰਦਰਾਂ ਰੁਪਏ ਪੰਦਰਾਂ ਆਨੇ ਸਤ ਪਾਈ ਇਕੱਠੇ ਕੀਤੇ। ਪਰ ਅਛੂਤ ਭਲਾਈ ਲਈ ਸਿਰਫ 43,381 ਰੁਪਏ ਹੀ ਖਰਚ ਕੀਤੇ। ਬਾਕੀ ਸਾਰੀ ਵੱਡੀ ਰਕਮ ਖੁਦ ਗਾਂਧੀ ਹੜੱਪ ਕਰ ਗਿਆ। (ਭਾਰਤੀ ਲੋਕ ਨੀਚ ਕਿਵੇਂ ਬਣੇ - 89) (ਸ. ਗੁਰਨਾਮ ਸਿੰਘ)

**ਨਾਲਿ ਕਿਰਾੜਾਂ ਦੋਸਤੀ ਕੂੜੈ ਕੂੜੀ ਪਾਇ।।**
**ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ।।(ਮਹਲਾ ਪਹਿਲਾ 1412)**

ਸਿੱਖਾਂ ਦੇ ਲੀਡਰ ਇੰਨੇ ਨਿਕੰਮੇ ਸਾਬਤ ਹੋਏ ਕਿ ਨਿਤ ਦਿਨ ਅਪਮਾਨ ਅਤੇ ਧੋਖੇ ਖਾ ਕੇ ਭੀ ਉਹਨਾਂ ਹੀ ਫਿਰਕੂ ਹਿੰਦੂ ਲੀਡਰਾਂ ਦੇ ਪਿਛਲੱਗ ਬਣੇ ਰਹੇ। ''ਗੁਰਬਾਣੀ ਮਹਾਨ ਹੈ'' ਦੀਆਂ ਟਾਹਰਾਂ ਸਟੇਜਾਂ ਤੇ ਬੜੀਆਂ ਲਾਈਆਂ ਜਾਂਦੀਆਂ ਹਨ। ਕੀ ਗੁਰਬਾਣੀ ਵਿਚੋਂ ਸਿੱਖਿਆ ਲੈ ਕੇ ਆਪਣੇ ਲੋਕਾਂ ਲਈ ਕੋਈ ਭਵਿੱਖ ਦੀ ਰੂਪ ਰੇਖਾ ਭੀ ਉਲੀਕ ਸਕਣਗੇ? ਅਫਸੋਸ, ਸਦ ਅਫਸੋਸ ! ਕਿ ਅਕਾਲੀ ਲੀਡਰ ਅਤੇ ਧਾਰਮਕ ਮੁਖੀ (ਸਮੇਤ ਸੰਤਾਂ, ਬ੍ਰਹਮ ਗਿਆਨੀਆਂ ਦੇ) ਉਸੇ ਤਰ੍ਹਾਂ ਫਿਰਕੂ ਸੋਚ ਰਖਣ ਵਾਲੇ ਹਿੰਦੂ ਲੀਡਰਾਂ ਦੇ ਦੁੰਮਛਲੇ ਬਣੇ, ਸਿੱਖਾਂ ਦਾ ''ਸਰਬ ਪੱਖੀ ਘਾਣ'' ਕਰਵਾ ਰਹੇ ਹਨ।

**000**

# ਕਰੋ ਜਾਂ ਮਰੋ ਦੀ ਨੀਤੀ

ਸਿੱਖ ਹੱਕਾਂ ਲਈ ਅਕਾਲੀ ਦਲ ਨੇ ਬੜੀ ਲੰਮੀ ਲੜਾਈ ਲੜੀ ਹੈ। ਮੁਖੀਆਂ ਦੀ ਵੰਗਾਰ ਤੇ ਖ਼ੂਨੀ ਮੋਰਚਿਆਂ ਦਾ ਸੇਕ ਭੀ ਸਿੱਖ ਸੇਵਕਾਂ ਨੇ ਝੱਲਿਆ ਹੈ। ਗੁਰੂ ਦਾ ਵਾਸਤਾ ਪਾ ਕੇ ਭਾਵੇਂ ਵੋਟਾਂ ਮੰਗੀਆਂ, ਭਾਵੇਂ ਪੈਸਾ ਉਗਰਾਹਿਆ, ਭਾਵੇਂ ਕੈਦਾਂ ਕਟਵਾਈਆਂ, ਤੇ ਭਾਵੇ ਂ ਸੀਨੇ ਵਿਚ ਗੋਲੀਆਂ ਖਾਣੀਆਂ ਪਈਆਂ। ਸਭ ਕੁਝ ਗੁਰੂ ਦੇ ਨਾਮ ਤੇ ਸਿੱਖਾਂ ਪ੍ਰਵਾਨ ਕੀਤਾ। ਸਿੱਖ ਲੀਡਰਾਂ ਨੇ ਸਦਾ ਹੀ ਅਵਾਮ ਨਾਲ ਬੇਵਫਾਈ ਕੀਤੀ। ਨਿੱਜੀ ਗਰਜਾਂ ਵਿਚ ਬਹਿ ਕੇ, ਸਿੱਖ ਮੰਗਾਂ ਵਿਸਾਰ ਦਿੱਤੀਆਂ ਜਾਂਦੀਆਂ ਰਹੀਆਂ। ਫਿਰ ਫਿਰ ਮੋਰਚੇ ਲਗਦੇ, ਸਿੱਖ ਸੇਵਕ ਜੇਲ੍ਹਾਂ ਭਰਦੇ, ਸਰਕਾਰ ਸਾਂਭਣ ਤੋਂ ਅਸਮਰੱਥ ਹੋ ਜਾਂਦੀ। ਇਉਂ ਕਹਿ ਲਈਏ ਸਰਕਾਰ ਵਿਰੁੱਧ ਮੋਰਚਾ ਲਾਉਣਾ, ਮਾਨੋ ਲੀਡਰੀ ਚਮਕਾਉਦ ਦਾ ਸਾਧਨ ਮਾਤਰ ਰਹਿ ਗਿਆ। ਹੌਲੀ ਹੌਲੀ ਮੋਰਚਿਆਂ ਪ੍ਰਤੀ ਉਦਾਸੀਨਤਾ ਪਸਰਨ ਲੱਗੀ। ਸਮੇਂ ਦੀਆਂ ਸਰਕਾਰਾਂ ਨੂੰ ਹੋਰ ਵੱਧ ਨਿੰਦਿਆ ਜਾਣ ਲੱਗਾ। **''ਹੱਥਾਂ ਬਾਝ ਕਰਾਰਿਆਂ ਵੈਰੀ ਮਿੱਤ ਨਾ ਹੋਇ''**, ਦੇ ਨਾਹਰੇ ਭੀ ਗੂੰਜਣ ਲੱਗ ਪਏ। ਅਕਾਲੀ ਦਲਾਂ ਵੱਲੋਂ ਮਾਯੂਸੀ ਨੇ, ਬਦਲਵਾਂ ਨਵਾਂ ਰਾਹ ਪੱਧਰਾ ਕਰਨ ਲਈ, ਹਾਲਾਤ ਪੈਦਾ ਕਰ ਦਿੱਤੇ।

ਸਿੱਖਾਂ ਤੇ ਹੋ ਰਹੇ ਜ਼ੁਲਮਾਂ ਨੂੰ ਅਕਾਲੀ ਲੀਡਰਾਂ ਨੇ ਭੀ ਬਾਰ ਬਾਰ ਉਭਾਰਿਆ। ਸਰਕਾਰ ਨੂੰ ਔਰੰਗਜੇਬ ਨਾਲ, ਜਕਰੀਆ ਖਾਨ ਨਾਲ, ਜਾਂ ਜਨਰਲ ਡਾਇਰ ਨਾਲ ਮੁਕਾਬਲਾ ਕਰਕੇ ਭੰਡਿਆ। ਇਤਨੇ ਵਿਚ ਸੰਨ 1978 ਦੀ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਵਿਖੇ, ਨਿਰੰਕਾਰੀਆਂ ਦੇ ਹਥਿਆਰਬੰਦ ਵਿਅਕਤੀਆਂ ਨੇ, ਸਿੱਖ ਜਥੇ ਤੇ ਗੋਲੀਆਂ ਵਰ੍ਹਾ ਦਿੱਤੀਆਂ। ਜਿਸ ਵਿਚ ਤੇਰਾਂ ਸਿੱਖ ਤੇ ਚਾਰ ਆਮ ਨਾਗਰਿਕ ਮਾਰੇ ਗਏ। ਲੰਮੇ ਸਮੇਂ ਤੋਂ ਸਰਕਾਰ ਵੱਲੋਂ ਸਿੱਖਾਂ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਦੀ, ਇਕ ਖ਼ੂਨੀ ਮਿਸਾਲ ਕਾਇਮ ਹੋ ਗਈ। ਭਾਈ ਜਰਨੈਲ ਸਿੰਘ ਭਿੰਡਰਾਂ ਵਾਲੇ ਰਾਹੀਂ ਸਿੱਖਾਂ ਦੇ ਸਮੂੰਹਕ ਗੁੱਸੇ ਦਾ, ਮਾਨੋ ਲਾਵਾ ਫੁੱਟ ਪਿਆ। ਭਾਵੇਂ ਪੰਜਾਬ ਨੂੰ ਅੱਗ ਲਾਉਣ ਵਿਚ ਕੇਂਦਰ ਸਰਕਾਰ ਨੇ ਚੰਗਿਆੜੀ ਸੁਲਗਾਈ ਸੀ। ਇਸ ਨੂੰ ਪੰਜਾਬ ਵਿਚਲੀ ਫਿਰਕਾਪ੍ਰਸਤ ਹਿੰਦੂ ਲਾਬੀ (ਪੰਜਾਬ ਕੇਸਰੀ ਗਰੁੱਪ ਆਦਿ) ਹਵਾ ਦੇ ਰਹੀ ਸੀ। ਸ੍ਰੀ ਪ੍ਰਕਾਸ਼ ਸਿੰਘ ਬਾਦਲ (ਉਸ ਸਮੇਂ ਮੁੱਖ ਮੰਤਰੀ) ਉਸ ਬਲ ਰਹੀ ਭੱਠੀ ਦਾ ਬਾਲਣ ਬਣਨ ਲਈ, ਹਿੰਦੂ ਲਾਬੀ ਦਾ ਇਕ ਹੱਥ ਠੋਕਾ ਬਣਕੇ ਕੰਮ ਕਰਦਾ ਪ੍ਰਤੀਤ ਹੋ ਰਿਹਾ ਸੀ।

ਅੱਗੇ ਜਾਕੇ ਸ੍ਰੀ ਦਰਬਾਰਾ ਸਿੰਘ ਪੰਜਾਬ ਦਾ ਮੁੱਖ ਮੰਤਰੀ (ਕਾਂਗਰਸੀ) ਬਣ ਗਿਆ। ਗਿਆਨੀ ਜੈਲ ਸਿੰਘ ਕੇਂਦਰ ਵਿਚ ਗ੍ਰਿਹ ਮੰਤਰੀ। ਇਹਨਾਂ ਦੋਵਾਂ ਭੱਦਰ ਪੁਰਸ਼ਾਂ ਦੀ, ਆਪਸੀ

ਖਿੱਚੋਤਾਣ ਸੀ। ਗਿਆਨੀ ਜੈਲ ਸਿੰਘ ਨਹੀਂ ਚਾਹੁੰਦਾ ਸੀ ਕਿ ਦਰਬਾਰਾ ਸਿੰਘ ਸਰਕਾਰ ਸੰਵਿਧਾਨਿਕ ਤਰੀਕੇ ਚਲੇ। ਜੇ ਅਕਾਲੀ ਇਸ ਦੇ ਗਲ ਨਹੀਂ ਪੈਂਦੇ ਤਾਂ ਕੋਈ ਹੋਰ ਤਾਕਤ ਉਭਾਰੀ ਜਾਵੇ। ਕੁਝ ਅਣਪਛਾਤੇ ਹਥਿਆਰ ਬੰਦ ਗਰੋਹਾਂ ਵੱਲੋਂ, ਅੰਧਾ ਧੁੰਦ ਗੋਲੀਆਂ ਚਲਾ ਕੇ, ਇਕ ਰੇਲ ਦੇ ਮੁਸਾਫਰਾਂ ਨੂੰ ਕਤਲ ਕਰ ਦਿੱਤਾ ਗਿਆ ਤਾਂ ਇਸ ਬਹਾਨੇ ਦਰਬਾਰਾ ਸਿੰਘ ਦੀ ਕਾਂਗਰਸੀ ਵਜਾਰਤ ਤੋੜਕੇ, ਗਵਰਨਰੀ ਰਾਜ (06-10-1983) ਨੂੰ ਲਾਗੂ ਕਰ ਦਿੱਤਾ ਗਿਆ। ਅਸਲ ਵਿਚ ਸ੍ਰੀ ਮਤੀ ਇੰਦਰਾ ਗਾਂਧੀ, ਗਿਆਨੀ ਜੈਲ ਸਿੰਘ ਰਾਹੀਂ ਪੰਜਾਬ ਵਿਚ ਪੂਰੀ ਤਰਾਂ ਅਮਨ ਕਾਨੂੰਨ ਦੀ ਸਥਿਤੀ ਵਿਗੜ ਜਾਣ ਦੇਣਾ ਚਾਹੁੰਦੀ ਸੀ। ਤਾਂ ਕਿ ਇਸੇ ਹਾਲਾਤ ਦਾ ਬਹਾਨਾ ਬਣਾ ਕੇ, ਪੰਜਾਬ ਨੂੰ ''ਸਬਕ'' ਸਿਖਾਇਆ ਜਾ ਸਕੇ। ਹਥਿਆਰਬੰਦ ਗਰੋਹ ਵਧਣ ਫੁੱਲਣ ਦਾ ਪੂਰਾ ਮੌਕਾ ਦਿੱਤਾ ਗਿਆ। ਭਾਈ ਜਰਨੈਲ ਸਿੰਘ ਅਤੇ ਉਸਦੇ ਹਥਿਆਰਬੰਦ ਸਾਥੀਆ ਨੂੰ ਬਿਨਾਂ ਰੋਕ ਟੋਕ ਦੇ ਆਪਣੀਆਂ ਦਹਿਸ਼ਤ ਵਾਲੀਆਂ ਕਾਰਵਾਈਆਂ ਕਰਨ ਦੀ ਖੁੱਲ ਦਿੱਤੀ ਗਈ। ਨਿਰੰਕਾਰੀਆਂ ਦੇ ਕਤਲ ਹੁੰਦੇ ਰਹੇ। ਬੇ-ਦੋਸ਼ੇ ਲੋਕ ਮਾਰ ਜਾਂਦੇ ਰਹੇ, ਬੈਂਕਾਂ ਲੁਟੀਦੀਆਂ ਰਹੀਆਂ। ਸਰਕਾਰ ਤਮਾਸ਼ਾ ਵੇਖਦੀ ਰਹੀ। ਕੁਝ ਸਮੇਂ ਵਾਸਤੇ ਸ੍ਰ: ਭਗਵਾਨ ਸਿੰਘ ਦਾਨੇਵਾਲੀਆ, ਪੰਜਾਬ ਪੁਲਿਸ ਦਾ ਮੁੱਖੀ ਬਣਿਆ। ਉਸਨੇ ਨਾਜਾਇਜ਼ ਹਥਿਆਰਾਂ ਅਤੇ ਮਾਰਕਾਟ ਦੀਆਂ ਕਾਰਵਾਈਆਂ ਰੋਕਣ ਲਈ ਸਖਤ ਦਿਸ਼ਾ ਨਿਰਦੇਸ਼ ਜਾਰੀ ਕਰ ਦਿੱਤੇ। ਇਸੇ ਸਮੇਂ ਇਕ ਖੁਫੀਆ ਇਤਲਾਹ ਮਿਲੀ ਕਿ ਆਟੇ ਵਾਲੇ ਟਰੱਕ ਵਿਚ ਹਥਿਆਰਾਂ ਦੀ ਬਹੁਤ ਵੱਡੀ ਖੇਪ ਦਰਬਾਰ ਸਾਹਿਬ ਸਮੂੰਹ ਵਿਚ ਦਾਖਲ ਹੋਣ ਲਈ ਆ ਰਹੀ ਹੈ। ਦਰਬਾਰ ਸਾਹਿਬ ਲਾਗੇ ਤਾਇਨਾਤ ਪੁਲਿਸ ਨੇ ਦੱਸੇ ਨੰਬਰ ਵਾਲੇ ਟਰੱਕ ਦੀ ਤਲਾਸ਼ੀ ਲੈਣੀ ਚਾਹੀ। ਦੂਰ ਦੂਰ ਤੱਕ ਤਾਰਾਂ ਖੜਕ ਗਈਆਂ। ਟਰੱਕ ਵਿਚ ਸਵਾਰ ''ਸੇਵਾਦਾਰਾਂ'' ਨੇ ਤਲਾਸ਼ੀ ਕਰਾਉਣ ਤੋਂ ਇਨਕਾਰ ਕਰ ਦਿੱਤਾ। ਨਾਕੇ ਵਾਲੇ ਪੁਲਿਸ ਇੰਸਪੈਕਟਰ ਨੇ, ਜ਼ਿਲ੍ਹਾ ਪੁਲਿਸ ਮੁਖੀ ਨੂੰ ਖ਼ਬਰ ਦਿੱਤੀ। ਉਹ ਤੁਰੰਤ ਮੌਕੇ ਤੇ ਪਹੁੰਚ ਗਿਆ। ਪਰ ਟਰੱਕ ਵਾਲੇ ਬੰਦੇ ''ਬਹੁਤ ਵੱਡੇ'' ਸਨ। S.S.P. ਉਹਨਾਂ ਨੂੰ ਹੱਥ ਨਾ ਪਾ ਸਕਿਆ। ਟਰੱਕ ਪਾਸੇ ਕਰਕੇ ਘੇਰੇ ਵਿਚ ਲੈ ਕੇ, ਖੜਾ ਕਰਵਾ ਲਿਆ। ਪੰਜਾਬ ਦੇ ਪੁਲਿਸ ਮੁਖੀ ਸ੍ਰ: ਦਾਨੇਵਾਲੀਆ ਨੂੰ ਸਾਰੀ ਇਤਲਾਹ ਦਿੱਤੀ ਗਈ। ਉਹ ਚੰਡੀਗੜ੍ਹ ਤੋਂ ਹੈਲੀਕਪਟਰ ਤੇ ਸਵਾਰ ਹੋ ਕੇ ਤੁਰੰਤ ਦਰਬਾਰ ਸਾਹਿਬ ਪੁਜਿਆ। ਸਾਰੀ ਜਾਣਕਾਰੀ ਲਈ। ਟਰੱਕ ਵਿਚ ਬੈਠੇ ਬੰਦਿਆਂ ਨੂੰ ਤਲਾਸ਼ੀ ਦੇਣ ਲਈ ਕਿਹਾ ਤਾਂ ਉਹਨਾਂ ਅਗੋਂ ਕੁਝ ''ਗੁਪਤ ਨਾਮ'' ਅਤੇ ਟੈਲੀਫੋਨ ਨੰਬਰ ਦਿੱਤੇ। ਸ੍ਰ: ਦਾਨੇਵਾਲੀਆ ਨੇ ਉਥੇ ਸੰਪਰਕ ਕੀਤਾ। ਪਤਾ ਲਗਿਆ ਕਿ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਦੇ ਖਾਸ (ਖੁਫੀਆ ਏਜੰਸੀਆਂ) ਫੋਨ ਸਨ। ਉਹਨਾਂ ਵੱਲੋਂ ਸ: ਦਾਨੇਵਾਲੀਆ ਨੂੰ ਸਪੱਸ਼ਟ ਆਦੇਸ਼ ਆ ਗਿਆ ਕਿ ''ਇਸ ਟਰੱਕ ਨੂੰ ਬਿਨਾਂ ਤਲਾਸ਼ੀ ਲਏ ਲੰਗਰ ਵੱਲ ਜਾਣ ਦਿਓ। ਮੈਡਮ ਦਾ ਇਹੀ ਹੁਕਮ ਹੈ।'' ਸ੍ਰ: ਭਗਵਾਨ

ਸਿੰਘ ਨੇ ਜੁਆਬ ਦਿੱਤਾ, ''ਪੰਜਾਬ ਵਿਚ ਅਮਨ ਰੱਖਣਾ ਤੇ ਕਾਨੂੰਨ ਮੁਤਾਬਕ ਕੰਮ ਕਰਨੇ, ਮੇ ਰੀ ਸਰਕਾਰੀ ਡਿਊਟੀ ਹੈ। ਇਸ ਟਰੱਕ ਵਿਚ ਜੋ ਹਥਿਆਰ ਜਾ ਰਹੇ ਹਨ, ਇਹਨਾਂ ਨਾਲ ਆਉਣ ਵਾਲੇ ਸਮੇਂ ਵਿਚ ਕਈ ਮੰਦੀਆਂ ਘਟਨਾਵਾਂ ਵਾਪਰਨਗੀਆਂ। ਮੈਂ ਅਜਿਹਾ ਨਹੀਂ ਹੋਣ ਦਿਆਂਗਾ।''

ਪ੍ਰਧਾਨ ਮੰਤਰੀ ਦੇ ਦਫਤਰ ਵੱਲੋ ਹੁਕਮ ਆ ਗਿਆ ਕਿ, ''ਤੁਸੀਂ ਛੁੱਟੀ ਚਲੇ ਜਾਓ! ਇਥੇ ਕਿਸੇ ਹੋਰ ਨੂੰ ਲਾ ਦਿਤਾ ਜਾਵੇਗਾ... ਪਰ ਇਹ ਆਟੇ ਵਾਲਾ ਟਰੱਕ ਬਿਨਾਂ ਪ੍ਰੇਸ਼ਾਨੀ ਦੇ ਅੰਦਰ ਜਰੂਰ ਜਾਵੇਗਾ''। ਉਸੇ ਵਕਤ ਸ੍ਰ: ਭਗਵਾਨ ਸਿੰਘ (ਪੁਲਿਸ ਮੁਖੀ) ਲੰਮੀ ਛੁੱਟੀ ਤੇ ਚਲਾ ਗਿਆ। ਉਸ ਦੀ ਥਾਵੇ ਹੋਰ ਪੁਲਿਸ ਮੁਖੀ ਆ ਗਿਆ। ਬਿਨਾ ਚੈਕਿੰਗ ਦੇ ਟਰੱਕ **''ਆਟੇ ਦਾਲ ਦੀਆਂ ਬੋਰੀਆਂ''** ਲੈਕੇ, ਲੰਗਰ ਵਿਚ ਜਾਣ ਲੱਗੇ। ਅਗਸਤ ਸਤੰਬਰ 1984 ਦੇ ''ਸੂਰੀਆ'' ਮਹੀਨੇਵਾਰ ਅੰਗ੍ਰੇਜੀ ਮੈਗਜੀਨ ਵਿਚ, ਬੜੇ ਵਿਸਤਾਰ ਨਾਲ ਪੰਜਾਬ ਵਿਚ ਵਾਪਰੇ ਘਟਨਾ ਕਰਮਬਾਰੇ, ਸਬੂਤਾਂ ਤੇ ਅਧਾਰਿਤ ਫੋਟੋਆਂ ਸਮਤੇ, ਰਿਪੋਰਟ ਛਾਪੀ ਗਈ ਸੀ। ਪਈ ਇਕ ਸਿੱਖ ਸ਼ਕਲ ਵਾਲਾ ਵਿਅਕਤੀ, ਜਿਸ ਨੇ ਆਪਣਾ ਨਾਮ ਸ੍ਰ: ਪ੍ਰਭਦਿਆਲ ਸਿੰਘ ਦੱਸਿਆ। ਭਾਈ ਜਰਨੈਲ ਸਿੰਘ ਭਿੰਡਰਾਂ ਵਾਲੇ ਦੇ ਨੇੜੇ ਹੋਣ ਵਿਚ ਕਾਮਯਾਬ ਹੋ ਗਿਆ । ਇਸ ਸ਼ਖਸ਼ ਨੇ ਰਾਜਸਥਾਨ ਵਿਚ ਪਾਕਿਸਤਾਨ ਦੇ ਬਾਡਰ ਨਾਲ ਲੱਗਦੀ, ਕਈ ਸੌ ਏਕੜ ਜਮੀਨ ਖ੍ਰੀਦੀ। ਇਹ ਵਿਅਕਤੀ ਪਾਕਿਸਤਾਨ ਵਿਚੋਂਰੂਸੀ ਆਟੋ ਮੈਟਿਕ, ਏ.ਕੇ. ਸੰਤਾਲੀ ਰਾਈਫਲਾਂ ਮੰਗਵਾ ਕੇ , ਆਟੇ ਦੀਆਂ ਬੋਰੀਆਂ ਵਿਚ ਲੁਕਾ ਕੇ ਦਰਬਾਰ ਸਾਹਿਬ ਵਿਚ ਭੇਜਦਾ ਸੀ। ਅੱਗੋਂ ਇਹਨਾਂ ਹਥਿਆਰਾਂ ਦੀ ਕਿੰਨੀ ਬੇਦਰਦੀ ਨਾਲ ਗਲਤ ਵਰਤੋ ਹੋਈ ਹੈ, ਜੇ ਇਹ ਕਾਂਡ ਲਿਖਣ ਲੱਗੀਏ ਤਾਂ ਥੱਬਾ ਕਾਗਜ਼ ਕਾਲੇ ਕੀਤੇ ਜਾ ਸਕਦੇ ਹਨ। ਸ਼ਾਂਤਮਈ ਮੁਜ਼ਾਹਰਾ ਕਾਰੀਆਂ ਤੇ ਭਾਂਵੇ ਪੁਲਿਸ ਧੱਕਾ ਕਰ ਜਾਂਦੀ ਹੈ, ਪਰ ਫਿਰ ਭੀ ਕਿਸੇ ਜਾਬਤੇ ਵਿਚ ਰਹਿ ਕੇ। ਪੁਲਿਸ ਦੇ ਜ਼ੁਲਮਾਂ ਦੀ ਪੜਤਾਲ ਵਾਸਤੇ ''ਕਮਿਸਨ'' ਭੀ ਬਣਦੇ ਹਨ। ਕਈ ਵਾਰੀ ਕੋਰਟਾਂ ਵਿਚ ਪੁਲਿਸ ਮੁਲਾਜਮਾਂ ਨੂੰ ਸਜਾ ਭੀ ਹੋ ਜਾਂਦੀ ਹੈ। ਤੇ ਪੁਲਿਸ ਵੱਲੋ ਜ਼ੁਲਮ ਦਾ ਸ਼ਿਕਾਰ ਵਿਅਕਤੀ, ਜਾਂ ਪ੍ਰਵਾਰ ਨੂੰ ਕੋਈ ਨਾ ਕੋਈ ਮੁਆਵਜਾ ਆਦਿ ਭੀ ਦਿਤਾ ਜਾਂਦਾ ਹੈ। ਜਦੋ ਹਥਿਆਰਬੰਦ ਜੰਗ ਛੇੜ ਦਿੱਤੀ ਜਾਵੇ, ਫਿਰ ਕੋਈ ਰਿਆਇਤ ਨਹੀਂ, ਨਰਮਾਈ ਨਹੀਂ। ਉਸ ਵਕਤ ਪ੍ਰੈਸ ਤੇ ਲੋਕ ਰਾਏ ਭੀ ਖਾੜਕੂਆਂ ਦੇ ਵਿਰੁੱਧ ਭੁਗਤਦੀ ਹੈ।

ਭਾਈ ਜਰਨੈਲ ਸਿੰਘ ਦੁਆਲੇ ਜੋਸ਼ੀਲੇ ਨੌਜੁਆਨ ਇਕੱਠੇ ਹੋਣ ਦਿੱਤੇ ਗਏ। ਭਾਈ ਜਰਨੈਲ ਸਿੰਘ ਨੂੰ ਗਰਮਾ ਗਰਮ ਭਾਸ਼ਣ ਦੇਣ ਤੋਂ ਭੀ ਮੁੱਢਲੇ ਸਮੇਂ ਵਿਚ ਨਾ ਰੋਕਿਆ ਗਿਆ। ਉਹਨਾਂ ਨੂੰ ਅਖ਼ਬਾਰਾਂ ਦੁਆਰਾ ਜਾਣ ਬੁੱਝ ਕੇ ਮਸ਼ਹੂਰੀ ਪ੍ਰਦਾਨ ਕਰਵਾਈ ਗਈ। ਜਦੋਂ ਲਾਲਾ ਜਗਤ ਨਾਰਾਇਣ ਨੂੰ ਦੋ ਅਗਿਆਨਤ ਬੰਦੂਕ ਧਾਰੀਆਂ ਨੇ ਮਾਰ ਦਿੱਤਾ ਤਾਂ ਇਸ ਕੇਸ ਵਿਚ

ਭਾਈ ਜਰਨੈਲ ਸਿੰਘ ਨੂੰ ਨਾਮਜਦ ਕਰ ਦਿਤਾ। ਉਧਰ ਭਾਈ ਜੀ ਨੂੰ ਫੜਨ ਵਾਸਤੇ ਫੌਰੀ ਤੌਰ ਤੇ ਕੋਈ ਕਾਰਵਾਈ ਨਾ ਕੀਤੀ। ਸਗੋਂ ਭਾਈ ਜਰਨੈਲ ਸਿੰਘ ਨੇ ਮਹਿਤੇ ਚੌਂਕ ਗੁਰਦਵਾਰੇ ਵਿਚ ਬਹੁਤ ਵੱਡਾ ਇਕੱਠ ਕਰਕੇ, ਆਪਣੀ ਸ਼ਹੀਦੀ ਦੀ ਤਾਰੀਕ ਗ੍ਰਿਫਤਾਰੀ ਲਈ ਰੱਖ ਦਿੱਤੀ। ਸਾਰਾ ਦਿਨ ਧੂੰਆਂ ਧਾਰ ਤਕਰੀਰਾਂ ਹੁੰਦੀਆਂ ਰਹੀਆਂ। ਸ਼ਾਮੀ ਚਾਰ ਕੁ ਵਜੇ ਬੜੇ ਸ਼ਹਾਨਾ ਠਾਠ ਨਾਲ, ਭਾਈ ਜਰਨੈਲ ਸਿੰਘ ਨੇ ''ਗ੍ਰਿਫਤਾਰੀ'' ਦਿੱਤੀ। ਪੁਲਿਸ ਨੇ ਜਾਣ ਬੁੱਝ ਕੇ, ਭੜਕਾਹਟ ਪੈਦਾ ਕਰਨ ਲਈ ਗੋਲੀ ਚਲਾ ਦਿੱਤੀ, ਕੁਝ ਵਿਅਕਤੀ ਮਾਰ ਦਿੱਤੇ ਗਏ।ਭਾਈ ਜਰਨੈਲ ਸਿੰਘ ਨੂੰ ਪਹਿਲਾਂ ਕਈ ਦਿਨ ''ਪੁੱਛ ਗਿੱਛ'' ਕਰਨ ਲਈ, ਗੈਸਟ ਹਾਊਸਾਂ ਵਿਚ ਰੱਖਿਆ ਗਿਆ। ਗੈਸਟ ਹਾਊਸ ਵਿਚ ਹੀ ਜੱਜ ਆ ਕੇ ਕਚਹਿਰੀ ਲਾਉਂਦਾ ਸੀ। ਲੋੜ ਮੁਤਾਬਕ ਕਾਗਜੀ ਕਾਰਵਾਹੀ ਪੂਰੀ ਕਰਕੇ, ਵਾਪਿਸ ਚਲਾ ਜਾਂਦਾ ਸੀ। ਉਸ ਸਮੇਂ ''ਅੱਜ ਦੀ ਆਵਾਜ਼'' ਰੋਜ਼ਾਨਾ ਅਖ਼ਬਾਰ ਵਿਚ ਸ੍ਰ: ਗੁਰਨਾਮ ਸਿੰਘ ਤੀਰ ਦੇ ਵਿਅੰਗਮਈ ਮਜਮੂਨ ਬਹੁਤ ਕਮਾਲ ਦਾ ਦ੍ਰਿਸ਼ ਪੇਸ਼ ਕਰਦੇ ਰਹੇ ਹਨ। ਮਿਸਾਲ ਲਈ - **''ਕਤਲ ਕੋਈ ਹੋਰ ਕਰੇ ਕੇਸ ਕਿਸੇ ਹੋਰ ਤੇ ਬਣੇ, ਪਹਿਲੀ ਵਾਰ ਹੋਇਆ ਹੈ। ਮੁਜਰਿਮ ਨੂੰ ਗ੍ਰਿਫਤਾਰ ਕਰਨ ਦੇ ਵਰੰਟ ਜਾਰੀ ਹੋ ਗਏ ਹੋਣ, ਤੇ ਅਗੋਂ ''ਮੁਜਰਿਮ'' ਗ੍ਰਿਫਤਾਰੀ ਦੇਣ ਲਈ ਆਪਣੀ ਮਰਜ਼ੀ ਦੀ ਤਰੀਕ ਨਿਸਚਿਤ ਕਰੇ, ਪਹਿਲੀ ਵਾਰ ਹੋਇਆ ਹੈ। ਮੁਜਰਿਮ ਨੂੰ ਅਦਾਲਤ ਵਿਚ ਪੇਸ਼ ਕਰਨ ਦੀ ਥਾਵੇਂ ਜੱਜ ਸਾਹਿਬ ਆਪਣੀ ਅਦਾਲਤ ਮੁਜਰਿਮ ਦੇ ਪਿਛੇ-ਪਿਛੇ ਲਈ ਫਿਰਨ, ਇਹ ਪਹਿਲੀ ਵਾਰ ਹੋਇਆ ਹੈ। ਜੇਲ੍ਹ ਵਿਚ ਮੁਜਰਿਮ ਨੂੰ ਬਹੁਤ ਹੀ ਉਚ ਕੋਟੀ ਦੀਆਂ ਸਹੂਲਤਾਂ ਮਿਲਣ, ਸਾਰਾ ਜੇਲ੍ਹ ਸਟਾਫ ਅੱਗੇ ਹੱਥ ਜੋੜੀ ਖਲੋਤਾ ਹੋਵੇ, ਇਹ ਪਹਿਲੀ ਵਾਰ ਹੋਇਆ ਹੈ''। ਅਜਿਹਾ ਹੋਰ ਬਹੁਤ ਕੁਝ ਪਹਿਲੀ ਵਾਰ ਹੀ ਹੋ ਰਿਹਾ ਸੀ।**

ਫਿਰੋਜ਼ਪੁਰ ਜੇਲ੍ਹ ਵਿਚੋਂ ਰਿਹਾ ਹੋ ਕੇ ਭਾਈ ਜਰਨੈਲ ਸਿੰਘ ਦਰਬਾਰ ਸਾਹਿਬ ਵਿਖੇ ਆ ਗਏ। ਅਖ਼ਬਾਰਾਂ ਰਾਹੀਂ ਉਹਨਾਂ ਨੂੰ ਇਕ ਮਹਾਨ ਜੇਤੂ ਦੀ ਨਿਆਈਂ ਪੇਸ਼ ਕੀਤਾ ਗਿਆ। ਇਸ ਅਖ਼ਬਾਰੀ ਚੜ੍ਹਤ ਕਾਰਨ, ਜੋਸ਼ੀਲੇ ਨੌਜੁਆਨ ਵੱਡੀ ਗਿਣਤੀ ਵਿਚ, ਉਸ ਦੁਆਲੇ ਇਕੱਤਰ ਹੋਣ ਲੱਗੇ। ਮਾਰਕਾਟ ਦੀਆਂ ਵਾਰਦਾਤਾਂ ਵਿਚ ਹੋਰ ਵਾਧਾ ਹੋਣ ਲੱਗ ਪਿਆ। ਭਾਰਤ ਸਰਕਾਰ ਵੱਲੋਂ ਪੰਜਾਬ ਦੀਆਂ ਜਾਇਜ਼ ਮੰਗਾਂ ਭੀ ਨਾ ਮੰਨੇ ਜਾਣ ਕਰਕੇ, ਹਰ ਸਿੱਖ ਗੁੱਸੇ ਵਿਚ ਸੀ। ਭਾਈ ਜਰਨੈਲ ਸਿੰਘ ਨੇ ਸਿੱਖਾਂ ਦੀ ਮਨੋ ਦਸ਼ਾ ਨੂੰ ਸਮਝਿਆ, ਤੇ ਨੌਜਵਾਨਾਂ ਨੂੰ ''ਪੁਰਾਤਨ ਰਵਾਇਤਾਂ'' ਮੁਤਾਬਕ ਹਥਿਆਰਬੰਦ ਸੰਘਰਸ਼ ਦੀ ਵੰਗਾਰ ਪਾਈ। ਇਸ ਵੰਗਾਰ ਨੂੰ **''ਧਰਮਯੁੱਧ''** ਮਹਿਸੂਸ ਕਰਦਿਆਂ, ਹਜ਼ਾਰਾਂ ਦੀ ਤਾਦਾਦ ਵਿਚ ਗੱਭਰੂ **''ਜੰਗ''** ਵਿਚ ਕੁੱਦ ਪਏ। ਪੁਲਿਸ ਫੋਰਸਾਂ ਨੂੰ ਸਖ਼ਤ ਕਾਰਵਾਈ ਕਰਨ ਤੋਂ ਰੋਕਿਆ ਗਿਆ। ਦਰਬਾਰ ਸਾਹਿਬ ਸਮੂੰਹ ਨੂੰ ਖਾੜਕੂਆਂ ਦੀ ਪਨਾਹਗਾਹ ਬਣਨ ਦਿੱਤਾ ਗਿਆ। ਚਾਣਕੀ ਦਾ ਕਥਨ ਹੈ:- **''ਪਹਿਲਾਂ ਕਿਸੇ ਮੁੱਦੇ ਨੂੰ**

**ਪੈਦਾ ਕਰੋ, ਉਸ ਨੂੰ ਵਧਣ ਫੂਲਣ ਵਿਚ ਸਹਾਇਤਾ ਕਰੋ। ਜਦੋਂ ਸਾਰੇ ਪਾਸੇ ਹਾਹਾ ਕਾਰ ਮਚ ਜਾਵੇ, ਤਾਂ ਪੂਰੀ ਫੌਜੀ ਤਾਕਤ ਵਰਤਕੇ, ਕੁਚਲ ਦਿਓ। ਇਸ ਤਰ੍ਹਾਂ ਲੋਕਾਂ ਦੀ ਪ੍ਰਸੰਸਾ ਦੇ ਪਾਤਰ ਬਣੋ। ਤੇ ਕਾਮਯਾਬੀ ਨਾਲ ਰਾਜ ਕਰੋ''।** ਸ੍ਰੀਮਤੀ ਇੰਦਰਾ ਨੇ ਇਹੀ ਨੀਤੀ ਅਪਣਾਈ ਹੋਈ ਸੀ। ਸਿੱਖ ਗੱਭਰੂਆਂ ਨੂੰ ਉਕਸਾ ਕੇ ਵਾਰਦਾਤਾਂ ਕਰਵਾਓ। ਹਿੰਦੂ ਸਿੱਖਾਂ ਵਿਚ ਨਫਰਤ ਪੈਦਾ ਕਰੋ। ਜਦੋਂ ਕੋਈ ਵਿਅਕਤੀ ਮਰੇ ਤਾਂ ਹਿੰਦੂ ਮਰਿਆ ਜਾਂ ਸਿੱਖ ਮਰਿਆ ਜ਼ਰੂਰ ਲਿਖੋ ਤਾਂ ਕਿ ਇਹ ਖਾਈ ਚੋੜੀ ਹੁੰਦੀ ਜਾਵੇ।

ਸਾਰੇ ਬੰਨਿਓ ਮਾਹੌਲ ਦੀ ਸਿਰਜਣਾ ਕਰਕੇ ਭਾਰਤੀ ਫੌਜ ਨੇ ਦਰਬਾਰ ਸਾਹਿਬ ਤੇ ਹਮਲਾ ਕਰ ਦਿੱਤਾ। ਐਨ ਆਖਰੀ ਸਮੇਂ (ਸ੍ਰ: ਦਲਬੀਰ ਸਿੰਘ ਪੱਤਰਕਾਰ ਮੁਤਾਬਕ) ਭਾਈ ਜਰਨੈਲ ਸਿੰਘ ਨੂੰ ਗ੍ਰਿਫਤਾਰੀ ਦੇਣ ਲਈ, ਸਿੰਘ ਮਿਲੇ। ''ਵੇਖੋ ਫੌਜ ਨੇ ਘੇਰਾ ਪਾ ਲਿਆ ਹੈ, ਦਰਬਾਰ ਸਾਹਿਬ ਦੀ ਬੇਅਦਬੀ ਹੋਵੇਗੀ। ਪਰ ਭਾਈ ਜੀ ਨਹੀਂ ਮੰਨੇ। ਠੀਕ ਹੈ ਫਿਰ ਜਾਨ ਬਚਾ ਕੇ ਨਿਕਲ ਜਾਓ। ਆਖਣ ਲੱਗੇ - **''ਦਲਬੀਰ ਸਿੰਘ ਮੈਂ ਇੰਨਾ ਅੱਗੇ ਨਿਕਲ ਗਿਆ ਹਾਂ, ਹੁਣ ਵਾਪਿਸ ਆਉਣਾ ਸੰਭਵ ਨਹੀਂ। ਹੁਣ ਤਾਂ ਨੌਬਤ ਏਥੋਂ ਤੱਕ ਪੁੱਜ ਗਈ ਹੈ ਕਿ ਜੇ ਮੈਂ ਜਿਉਂਦਾ ਰਹਿਣ ਦੀ ਕੋਸ਼ਿਸ਼ ਕੀਤੀ ਤਾਂ ਸਦਾ ਵਾਸਤੇ ਮਰ ਜਾਵਾਂਗਾ। ਜੇ ਇਥੇ ਮਰ ਗਿਆ ਤਾਂ ਸਦਾ ਵਾਸਤੇ ਜਿਉਂਦਾ ਹੋ ਜਾਵਾਂਗਾ''।** ਦਰਬਾਰ ਸਾਹਿਬ ਤੇ 03-06-1984 ਨੂੰ ਹਮਲਾ ਕਰ ਦਿੱਤਾ ਗਿਆ। ਇਥੇ ਕੀ ਕੀ ਵਾਪਰਿਆ ਕਿਵੇਂ ਵਾਪਰਿਆ? ਬਾਰੇ ਦਸ ਕਿਤਾਬਾਂ ਛਪ ਕੇ ਆ ਚੁੱਕੀਆਂ ਹਨ। ਜੀਹਦੇ ਵਿਚ ਸ: ਦਲਬੀਰ ਸਿੰਘ ਦੀ ਨੇੜਿਓਂ ਡਿੱਠੇ ਭਿੰਡਰਾਂ ਵਾਲੇ , A.R. ਦਰਸ਼ੀ ਦੀ ਜਾਂਬਾਜ ਰਾਖਾ) ਮਾਰਕ ਟਲੀ ਤੇ ਸਤੀਸ਼ ਜੈਕਬ ਦੀ ਇੰਦਰਾ ਗਾਂਧੀ ਦੀ ਆਖਰੀ ਲੜਾਈ। ਇਸੇ ਤਰਾਂ ਹੋਰ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ ਜਾ ਸਕਦੀਆਂ ਹਨ।

ਮੇਰਾ ਮਕਸਦ ਕੇਵਲ ਇਹ ਦਸਣਾ ਹੈ ਕਿ ਇੰਦਰਾ ਗਾਂਧੀ ਜਿਸ ਰਾਹ ਇਸ ਸੰਘਰਸ਼ ਨੂੰ ਮੋੜ ਦੇਣਾ ਚਾਹੁੰਦੀ ਸੀ, ਉਸੇ ਪਾਸੇ ਮੁੜ ਗਿਆ। ਇਕੋ ਗਲ ਉਸ ਦੇ ਹੱਕ ਵਿਚ ਨਹੀਂ ਗਈ ਕਿ 31 ਅਕਤੂਬਰ 84 ਵਿਚ ਉਸਨੂੰ ਭੀ ਭਾਈ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਕੀਤੇ ਪਾਪ ਦੀ ਸਜਾ ਦੇ ਦਿੱਤੀ। ਉਂਵ ਇੰਦਰਾ ਨੂੰ ਪਤਾ ਸੀ ਕਿ ਭਾਣਾ ਵਾਪਰ ਸਕਦਾ ਹੈ। ਇਸੇ ਲਈ ਦਿੱਲੀ ਵਿਚ ਸਿੱਖਾਂ ਨੂੰ ਚੁਣ ਚੁਣ ਕੇ ਮਾਰਨ ਦਾ ਪ੍ਰਬੰਧ ਪਹਿਲਾਂ ਕਰ ਲਿਆ ਸੀ। ਦਰਬਾਰ ਸਾਹਿਬ ਤੇ ਹਮਲਾ ਕਰਕੇ ਭਾਰਤੀ ਹੁਕਮਰਾਨਾਂ ਨੇ ਪੂਰੀ ਤਰ੍ਹਾਂ ਸਿੱਖ ਕੌਮ ਨੂੰ ਅਹਿਸਾਸ ਕਰਵਾ ਦਿੱਤਾ ਕਿ ਤੁਸੀਂ ਲੋਕ **''ਸਾਡੇ ਆਪਣੇ ਨਹੀਂ ਹੋ''। ਨਿਤਦਿਨ ਦੀ ਖਾੜਕੂ ਜੰਗ ਨੂੰ ਖਤਮ ਕਰਨ ਲਈ ਜਾਂ ਤੇ ਮੰਗਾਂ ਮੰਨ ਲਓ। ਦੂਜੀ ਇੰਨੀ ਸਖਤੀ ਕਰੋ ਕਿ ਉਠਣ ਜੋਗੇ ਹੀ ਨਾ ਛੱਡੋ। ਤੀਜਾ ਕੁਰਾਹੇ ਪਾ ਦਿਓ। ਚੌਥਾ ਨਸ਼ੇੜੀ ਬਣਾ ਦਿਓ, ਅਣਪੜ੍ਹ ਰੱਖ ਦਿਓ...........ਪੰਜਾਬ ਵਿਚ ਇਹੀ ਤਾਂ ਕੀਤਾ ਗਿਆ ਹੈ।**

000

# ਆਪਣੇ ਨਾਗਰਿਕਾਂ ਤੇ ਵਹਿਸ਼ੀ ਹਮਲਾ

ਸੰਨ 1971 ਵਿਚ ਬੰਗਲਾ ਦੇਸ਼ ਵਿਚ ਆਪਣੀ ਫੌਜ ਨੂੰ ਭੇਜਣ ਤੋਂ ਪਹਿਲਾਂ, ਇੰਦਰਾ ਗਾਂਧੀ ਨੇ ਭਾਰਤੀ ਮੀਡੀਏ ਨੂੰ ਆਪਣੇ ਹੱਕ ਵਿਚ ਉਲਾਰ ਅਵਸਥਾ ਵਿਚ ਲੈ ਆਂਦਾ ਸੀ। ਫਿਰ ਇੰਦਰਾ ਵਿਦੇਸ਼ਾਂ ਦੇ ਇਕ ਲੰਮੇ ਦੌਰੇ ਤੇ ਨਿਕਲੀ, ਇਹ ਦੱਸਣ ਕਿ ਜੰਗ ਲੜਨੀ, ਬੰਗਲਾ ਦੇਸ਼ (ਉਸ ਸਮੇਂ ਪੂਰਬੀ ਪਾਕਿਸਤਾਨ) ਦੀ ਫੌਜੀ ਮਦਤ ਕਰਨੀ, ਸਾਡਾ ਸ਼ੌਕ ਨਹੀਂ ਸਗੋਂ ਮਜਬੂਰੀ ਹੈ, ਮਤਾਂ ਕੱਲ ਨੂੰ ਕੋਈ ਸਾਨੂੰ ਬੁਰਾ ਨਾ ਆਖੇ। ਇਸ ਮਿਸ਼ਨ ਵਿਚ ਉਹ ਸਫਲ ਰਹੀ ਤੇ ਬੰਗਲਾ ਦੇਸ਼ ਨੂੰ ਪਾਕਿਸਤਾਨ ਨਾਲੋਂ ਵੱਖ ਕਰ ਦਿੱਤਾ। ਇਸੇ ਤਰ੍ਹਾਂ ਆਪਣੇ ਸਾਧਨਾਂ ਰਾਹੀ, ਸਿੱਖਾਂ ਨੂੰ ਖਤਰਨਾਕ ਅਪਰਾਧੀ ਰੂਪ ਵਿਚ ਪੇਸ਼ ਕੀਤਾ ਗਿਆ। ''ਦੇਸ਼ ਦੀ ਏਕਤਾ ਅਤੇ ਅਖੰਡਤਤਾ'' ਲਈ ਖਤਰਾ ਹੈ, ਦੀਆਂ ਟਾਹਰਾਂ ਮਾਰੀਆਂ ਗਈਆਂ। ਅਖਬਾਰਾਂ ਤੋਂ ਇਲਾਵਾ ਸਾਰੀਆਂ ਵਿਰੋਧੀ ਪਾਰਟੀਆਂ ਭੀ ਸਿੱਖਾਂ ਦੇ ਵਿਰੁੱਧ ਅਤੇ ਇੰਦਰਾ ਗਾਂਧੀ ਦੇ ਹੱਥਾਂ ਵਿਚ ਖੇਢਦੀਆਂ ਰਹੀਆਂ। ਜੋ ਇੰਦਰਾ ਨੇ ਚਾਹਿਆ ਉਹਨਾਂ ਉਹੀ ਕਿਹਾ ਤੇ ਕੀਤਾ। ਮਾਹੌਲ ਦੀ ਸਿਰਜਣਾ ਕਰਕੇ, ਭਾਰਤੀ ਫੌਜ ਨੂੰ ਆਪਣੇ ਹੀ ਸ਼ਹਿਰੀਆਂ ਨੂੰ ਮਾਰਨ ਵਾਸਤੇ, ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਹਾੜੇ ਤੇ ਇਕੱਤਰ ਹੋਈਆਂ ਬੇਅੰਤ ਸੰਗਤਾਂ ਤੇ ਸਿੱਖਾਂ ਦੇ ਪ੍ਰਮੁੱਖ ਧਾਰਮਿਕ ਅਸਥਾਨ ਤੇ, ਤੋਪਾਂ ਟੈਂਕਾਂ ਦੁਆਰਾ ਹਮਲਾ ਕਰ ਦਿੱਤਾ ਗਿਆ। ਜੂਨ ਦਾ ਪਹਿਲਾ ਹਫਤਾ ਅਤਿ ਦੀ ਗਰਮੀ ਸ਼ਰਧਾਲੂਆਂ ਦਾ ਭਾਰੀ ਇਕੱਠ ਤੇ ਫੌਜੀ ਹਮਲਾ।

**ਜੇ ਸਰਕਾਰ ਦਿਆਨਤਦਾਰ ਹੁੰਦੀ ਤਾਂ ਦਰਬਾਰ ਸਾਹਿਬ ਵਿਚ ਹਥਿਆਰ ਆਉਣ ਹੀ ਨਾ ਦਿੰਦੀ। ਜੇ ਸਰਕਾਰ ਇਮਾਨਦਾਰ ਹੁੰਦੀ, ਤਾਂ ਇੱਕਾ ਦੁੱਕਾ ਵਾਰਦਾਤਾਂ ਕਰਕੇ, ਪ੍ਰਕਰਮਾ ਵਿਚ ਗਏ ਅਪਰਾਧੀਆਂ ਨੂੰ ਅੰਦਰ ਜਾ ਕੇ ਫੜਿਆ ਜਾ ਸਕਦਾ ਸੀ। ਸਮੇਂ ਸਿਰ ਅਜਿਹਾ ਨਾ ਕੀਤਾ ਗਿਆ। ਜਦੋਂ ਹਾਲਾਤ ਪੂਰੀ ਤਰ੍ਹਾਂ ਵਿਗੜ ਗਏ ਉਸ ਵਕਤ ਟੈਂਕ ਅਤੇ ਤੋਪਾਂ ਚਾਹੜ ਦਿੱਤੀਆਂ। ਅੰਦਰ ਖੂਨ ਦੀਆਂ ਨਦੀਆਂ ਬਹਾ ਦਿੱਤੀ। ਬੇਦੋਸ਼ਿਆਂ ਦੇ ਚੀਥੜੇ ਉਡਾ ਦਿੱਤੇ। ਬੱਚਿਆਂ ਤਕ ਨੂੰ ਕੋਹ ਕੋਹ ਕੇ ਮਾਰਿਆ ਗਿਆ। ਬੀਬੀਆਂ ਨਾਲ ਸ਼ਰਮਨਾਕ ਸਲੂਕ ਕੀਤਾ ਗਿਆ। ਛੇ ਜੂਨ 84 ਭਾਈ ਜਰਨੈਲ ਸਿੰਘ ਤੇ ਸ: ਸੁਬੇਗ ਸਿੰਘ ਨੂੰ ਮਾਰ ਦਿੱਤਾ ਗਿਆ।** ਸੱਤ ਜੂਨ ਨੂੰ ਸਿੱਖ ਰੈਫਰੈਂਸ ਲਾਇਬਰੇਰੀ ਵਿਚੋਂ ਕਈ ਟਰੱਕ ਭਰ ਕੇ ਲਿਟਰੇਚਰ ਕੱਢ ਲਿਆ ਗਿਆ। ਬਾਕੀ ਬਚੇ ਨੂੰ ਅੱਗ ਲਾ ਦਿੱਤੀ ਗਈ। ਬਚੇ ਹੋਏ ਗ੍ਰਿਫਤਾਰ ਵਿਅਕਤੀਆਂ ਨਾਲ ਅਤਿ ਘਟੀਆ ਵਿਹਾਰ ਕੀਤਾ। ਦੋ ਦੇਸ਼ਾਂ ਦੀ ਜੰਗ ਸਮੇਂ ਭੀ ਆਮ

ਨਾਗਰਿਕਾਂ ਅਤੇ ਗ੍ਰਿਫ਼ਤਾਰ ਕੀਤੇ ਗਏ ਫੌਜੀਆਂ ਨਾਲ ਭੀ ਨਰਮੀ ਵਾਲਾ ਸਲੂਕ ਕਰਨ ਦੇ ਸਮਝੌਤੇ ''ਜਨੇਵਾ ਸੰਧੀ'' ਵਿਚ ਹੋਏ ਸਨ। ਭਾਰਤੀ ਫੌਜ ਨੇ ਆਪਣੇ ਹੀ ਦੇਸ਼ ਦੇ ਸ਼ਹਿਰੀਆਂ ਤੇ ਉਸ ਸੰਧੀ ਨੂੰ ਲਾਗੂ ਨਹੀਂ ਕੀਤਾ। ਸ੍ਰੀ ਹਰਚੰਦ ਸਿੰਘ ਲੋਗੋਂਵਾਲ, ਤੇ ਸ੍ਰੀ ਗੁਰਚਰਨ ਸਿੰਘ ਟੌਹੜਾ, ਆਪਣੇ ਕੁਝ ਸਾਥੀਆਂ ਸਮੇਤ ਫੌਜ ਨੇ ''ਗ੍ਰਿਫ਼ਤਾਰ'' ਕਰ ਲਏ, ਤੇ ਗੈਸਟ ਹਾਊਸ ਵਿਚ ਆਰਾਮ ਫੁਰਮਾਉਣ ਲਈ ਭੇਜ ਦਿੱਤਾ। ਬਾਕੀਆਂ ਨੂੰ ਭੀ ਥਾਉਂ ਥਾਂਈ ਕੇਸ ਬਣਾ ਕੇ ਜੇਲ੍ਹਾਂ ਵਿਚ ਭੇਜ ਦਿੱਤਾ।

**ਜੇ ਭਾਰਤ ਸਰਕਾਰ ਚਾਹੁੰਦੀ ਤਾਂ ਦਰਬਾਰ ਸਾਹਿਬ ਨੂੰ ਹਥਿਆਰਬੰਦ ਗਿਰੋਹਾਂ ਦਾ ਟਿਕਾਣਾ ਨਾ ਬਣਨ ਦਿੰਦੀ। ਜੇ ਸਰਕਾਰ ਚਾਹੁੰਦੀ ਤਾਂ ਅੰਦਰ ਹਥਿਆਰ ਆਉਣ ਹੀ ਨਾ ਦਿੰਦੀ। ਜੇ ਸਰਕਾਰ ਚਾਹੁੰਦੀ ਤਾਂ ਮੰਗਾਂ ਮੰਨ ਕੇ ਸਿੱਖਾਂ ਦੇ ਮਨ ਜਿੱਤ ਲੈਂਦੀ। ਜੇ ਸਰਕਾਰ ਚਾਹੁੰਦੀ ਤਾਂ ਯਾਤਰੂਆਂ ਨੂੰ ਬਾਹਰ ਆਉਣ ਦੀ ਇਜਾਜਤ ਦੇ ਦਿੰਦੀ। ਜੇ ਸਰਕਾਰ ਇਮਾਨਦਾਰ ਹੁੰਦੀ, ਤਾਂ ਸ਼ਹੀਦੀ ਪੁਰਬ ਵਾਲੇ ਦਿਨ ਨਹੀਂ, ਕਿਸੇ ਹੋਰ ਦਿਨ ਘੇਰਾ ਪਾਉਂਦੀ। ਜੇ ਸਰਕਾਰ ਦਿਆਨਤਦਾਰ ਹੁੰਦੀ ਤਾਂ ਦਰਬਾਰ ਸਾਹਿਬ ਪ੍ਰੀਸਰ ਦਾ ਬਿਜਲੀ, ਪਾਣੀ ਆਦਿ ਬੰਦ ਕਰ ਦਿੰਦੀ। ਜੇ ਫਿਰ ਭੀ ਹਾਲਾਤ ਕਾਬੂ ਨਾ ਆਉਂਦੇ ਤਾਂ ਲੰਮੇ ਸਮੇਂ ਤੱਕ ਨਾਕੇ ਬੰਦੀ ਕੀਤੀ ਜਾ ਸਕਦੀ ਸੀ। ਅਖੀਰ ਵਿਚ ਬੇਹੋਸ਼ ਕਰਨ ਵਾਲੇ ਗੋਲੇ ਸੁੱਟ ਕੇ ਅੰਦਰ ਲੁਕੇ ਵਿਅਕਤੀਆਂ ਨੂੰ ਫੜਿਆ ਜਾ ਸਕਦਾ ਸੀ। ਅਫਸੋਸ ਕਿ ਇਹਨਾ ਵਿਚੋਂ ਕੋਈ ਰਾਹ ਨਹੀਂ ਅਪਣਾਇਆ ਗਿਆ। ਸਗੋਂ ਜਾਣ ਬੁੱਝ ਕੇ, ਸਿੱਖਾਂ ਨੂੰ ''ਸਬਕ'' ਸਿਖਾਉਣ ਲਈ ਅਤੇ ਅਪਮਾਨਤ ਕਰਨ ਲਈ, ਇਹ ਮਾਰੂ ਰਾਹ ਅਖਤਿਆਰ ਕੀਤਾ ਗਿਆ।**

ਅੰਦਰ ਦੇ ਵਹਿਸ਼ੀਆਨਾ ਕਾਰਿਆਂ ਦਾ ਸ਼ਾਇਦ ਪਤਾ ਹੀ ਨਾ ਲਗਦਾ, ਅਗਰ A.P. (ਐਸੋਸ਼ੀਏਟਡ ਪ੍ਰੈਸ) U.K. ਦੀ ਖਬਰ ਏਜੰਸੀ ਦਾ ਪੱਤਰਕਾਰ, ਬ੍ਰਹਮ ਚੇਲਾਨੀ, ਦਰਬਾਰ ਸਾਹਿਬ ਦੇ ਬਿਲਕੁਲ ਨੇੜੇ, ਇਕ ਉੱਚੀ ਥਾਵੇਂ ਜੇ ਨਾ ਲੁਕਿਆ ਹੁੰਦਾ। ਉਸ ਚਤਰ ਵਿਅਕਤੀ ਨੇ, ਅੰਦਰ ਹੋ ਰਹੇ ਘਟਨਾ ਕਰਮ ਨੂੰ ਸ਼ਕਤੀ ਸ਼ਾਲੀ ਕੈਮਰੇ ਨਾਲ ਫੜਨਾ, ਖਬਰ ਬਣਾਉਣੀ ਤੇ ਡੁਬਈ ਦੇ ਰਸਤੇ ਇੰਗਲੈਂਡ ਨੂੰ ਭੇਜਣੀ। ਡੁਬਈ ਦੇ ਰਸਤੇ ਇਸ ਕਰਕੇ, ਪਈ ਭਾਰਤ ਸਰਕਾਰ ਦੇ ਖੁਫੀਆ ਵਿਭਾਗ, ਪੱਛਮ ਵੱਲ ਜਾ ਰਹੀਆਂ ਖਬਰਾਂ ਦੀ ਜਿਆਦਾ ਛਾਣ ਬੀਣ ਕਰਦੀ ਸੀ, ਡੁਬਈ ਵੱਲ ਨਹੀਂ। ਇਕ ਹਫਤਾ ਲਗਾਤਾਰ ਸਾਰੀ ਖਬਰ ਦੁਨੀਆਂ ਭਰ ਵਿਚ ਜਾਂਦੀ ਰਹੀ। ਅਖਬਾਰਾਂ ਵਿਚ ਛਪਦੀ ਰਹੀ, T.V. ਚੈਨਲਾਂ ਤੇ ਹੂ-ਬ-ਹੂ ਵਿਖਾਈ ਜਾਂਦੀ ਰਹੀ। ਭਾਰਤ ਸਰਕਾਰ ਨੂੰ ਬੜੀ ''ਸ਼ਰਮ'' ਆ ਰਹੀ ਸੀ। ਫਿਰ ਸਖਤੀ ਨਾਲ ਭਾਲ ਕੀਤੀ ਗਈ, ਤਾਂ ਬ੍ਰਹਮ ਚੇਲਾਨੀ ਪੱਤਰਕਾਰ ਨੂੰ ਗ੍ਰਿਫ਼ਤਾਰ ਕਰਕੇ ਦੇਸ਼ ਧ੍ਰੋਹ ਦਾ ਮੁਕੱਦਮਾ ਬਣਾ ਕੇ ਜੇਲ੍ਹ ਬੰਦ ਕੀਤਾ ਗਿਆ। ਨੌ ਮਹੀਨੇ ਕੈਦ ਵਿਚ ਰਹਿ ਕੇ, ਪੱਛਮੀ ਮੁਲਕਾਂ ਵੱਲੋਂ ਦਬਾਉ ਪੈਣ

ਤੇ, ਉਸ ਨੂੰ ਰਿਹਾ ਕਰ ਦਿੱਤਾ ਗਿਆ ਅਤੇ ਤੁਰੰਤ ਦੇਸ਼ ਵਿਚੋਂ ਨਿਕਲ ਜਾਣ ਦਾ ਹੁਕਮ ਦੇ ਦਿੱਤਾ ਗਿਆ।

ਭਾਈ ਜਰਨੈਲ ਸਿੰਘ ਨੇ ਅਗਰ ਹਥਿਆਰਬੰਦ ਜੰਗ ਲੜਨੀ ਹੀ ਸੀ, ਤਾਂ ਦਰਬਾਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਬੈਠ ਕੇ ਨਹੀਂ ਲੜਨੀ ਚਾਹੀਦੀ ਸੀ। ਕਈ ਲੋਕਾਂ ਦਾ ਤਰਕ ਹੈ ਕਿ ਗੁਰੂ ਹਰਿਗੋਬਿੰਦ ਸਾਹਬਿ ਨੇ ਇਥੇ ਜੰਗ ਲੜੀ ਸੀ। ਜੀ ਨਹੀਂ। ਦਰਬਾਰ ਸਾਹਿਬ ਤੋਂ ਬਾਹਰ ਜਾਕੇ, ਪਿੱਪਲੀ ਵਾਲੇ ਅਸਥਾਨ ਤੇ ਲੜਾਈ ਲੜੀ ਗਈ ਸੀ। ਖੂਨ ਖਰਾਬੇ ਤੋਂ ਬਚਾਉਣ ਹਿਤ, ਸਤਿਗੁਰੂ ਰਾਮਪੁਰਾ ਫੂਲ ਵੱਲ ਚਲੇ ਗਏ। ਅਗਲੀ ਜੰਗ ਉਥੇ ਹੀ ਮਰ੍ਹਾਜ ਦੇ ਸਥਾਨ ਤੇ ਹੋਈ ਸੀ। ਮਨੁਖੀ ਜਾਨਾਂ ਅਜਾਈ ਜਾਣ ਤੋਂ ਬਚਾਉਣ ਵਾਸਤੇ ਗੁਰੂ ਹਰਿਗੋਬਿੰਦ ਜੀ ਨੇ ਆਪਣੀ ਬੇਟੀ ਬੀਬੀ ਵੀਰੋ ਦਾ ਵਿਆਹ ਭੀ ਦਰਬਾਰ ਸਾਹਿਬ ਅੰਦਰ ਨਾ ਕੀਤਾ। ਫਿਰ ਕਰਤਾਰ ਪੁਰ ਵਾਲੀ ਜੰਗ ਤੋਂ ਬਾਅਦ ਸਿੱਖਾਂ ਸਮੇਤ ਕੀਰਤਪੁਰ, ਪਹਾੜੀ ਇਲਾਕੇ ਵੱਲ ਚਲੇ ਗਏ, ਤਾਂ ਕਿ ਲੜਾਈ ਤੋਂ ਬਚਿਆ ਜਾ ਸਕੇ। ਦਸਮ ਪਾਤਿਸ਼ਾਹ ਨੇ ਜੰਗ ਲੜਨ ਲਈ ਕਿਲੇ ਬਣਵਾਏ ਸਨ। ਕਈ ਵਾਰੀ ਉਹ ਅਨੰਦਪੁਰ ਤੋਂ ਬਾਹਰ ਭੀ ਚਲੇ ਜਾਂਦੇ ਰਹੇ, ਤਾਂ ਕਿ ਲੜਾਈ ਨੂੰ ਟਾਲਿਆ ਜਾ ਸਕੇ। ਕੁਝ ਲੋਕਾਂ ਦਾ ਵਿਚਾਰ ਹੈ ਕਿ ਲੜਾਈ ਤਾਂ ਦੋ ਤਖਤਾਂ ਦੀ ਸੀ, ਦਿੱਲੀ ਦਾ ਤਖਤ ਤੇ ਅਕਾਲ ਤਖਤ। ਫਿਰ ਅਕਾਲ ਤਖਤ ਤੋਂ ਲੜਾਈ ਲੜਨੀ ਗਲਤ ਕਿਵੇਂ ਹੈ? ਪਹਿਲੀ ਗੱਲ ਤਾਂ ਇਹ ਕਿ ਅਕਾਲ ਪੁਰਖ ਦਾ ਕੋਈ ਇਕ ''ਤਖਤ'' ਜਾਂ ਟਿਕਾਣਾ ਨਹੀਂ ਹੈ। ਉਹ ਨਿਰੰਕਾਰ ਹੈ ਸਰਬ ਵਿਆਪਕ ਹੈ। ਦੂਜੀ ਗੱਲ ਕੋਈ ਦੁਨਿਆਵੀਂ ਫੌਜ ਅਕਾਲ ਪੁਰਖ ਤੇ ਹਮਲਾ ਨਹੀਂ ਕਰ ਸਕਦੀ। ਉਸਦੇ ਤਖਤ ਨੂੰ ਨਹੀਂ ਢਾਹ ਸਕਦੀ। ਇਥੇ ਭਾਰਤੀ ਫੌਜ ਨੇ ''ਅਕਾਲ ਤਖਤ'' ਮਲਬੇ ਦਾ ਢੇਰ ਬਣਾ ਦਿੱਤਾ। ਅਗਲੀ ਗੱਲ ਇੰਦਰਾ ਗਾਂਧੀ ਨੇ ਇਹ ਲੜਾਈ ਆਪਣੇ ਤਖਤ ਤੇ ਬੈਠ ਕੇ ਨਹੀਂ ਲੜੀ, ਆਪਣੇ ਤਖਤ ਤੋਂ (ਦਫਤਰ) ਕੇਵਲ ਹੁਕਮ ਜਾਰੀ ਕੀਤਾ ਹੈ। ਉਸ ਵੱਲੋਂ ਭੇਜੀਆਂ ਫੌਜਾਂ ਨੇ, ਲੜਾਈ ਬਾਹਰ ਮੈਦਾਨ ਵਿਚ ਲੜੀ ਹੈ। ਸਿੱਖਾਂ ਦੇ ਸਨਮੁੱਖ ਲੜੀ ਸੀ। ਤਖਤ ਕੇਵਲ ਹੁਕਮ ਜਾਰੀ ਕਰਨ ਲਈ, ਪ੍ਰਬੰਧਕੀ ਕੰਮਾਂ ਲਈ ਹੋਇਆ ਕਰਦਾ ਹੈ, ਜੰਗ ਲੜਨ ਲਈ ਨਹੀਂ। ਜੰਗ ਲਈ ਕਿਲੇ ਹੋ ਸਕਦੇ ਹਨ। ਪਰ ਅੱਜ ਦੇ ਮਾਰੂ ਹਥਿਆਰਾਂ ਸਾਹਮਣੇ ਕਿਲੇ ਭੀ ਕਮਜ਼ੋਰ ਪੈ ਗਏ ਹਨ। ਸਿੱਖ ਯੋਧਿਆਂ ਨੂੰ ਭੀ ਇਹ ਲੜਾਈ ਗੁਰਦੁਆਰਿਆਂ ਵਿਚ ਵੜਕੇ ਨਹੀਂ, ਕਿਤੇ ਬਾਹਰ ਨਿਕਲ ਕੇ ਲੜਨੀ ਚਾਹੀਦੀ ਸੀ। ਜਿਵੇਂ ਕਿ 1984 ਤੋਂ ਮਗਰੋਂ ਦੀ ਯੁੱਧ ਨੀਤੀ (ਗੁਰੀਲਾ ਜੰਗ) ਅਪਣਾਈ ਗਈ ਸੀ। ਧਰਮ ਅਸਥਾਨ ਨੂੰ, ਜਾਂ ਗੁਰੂ ਗ੍ਰੰਥ ਸਾਹਿਬ ਨੂੰ, ਆਪਣੀ ਕਿਸੇ ਨਿੱਜੀ ਗਰਜ ਲਈ ਵਰਤਣਾ, ਵਾਜ਼ਬ ਨਹੀਂ ਹੈ। ਸਿਕੰਦਰ ਨੇ ਆਪਣੇ ਤਖਤ ਤੇ ਬੈਠ ਕੇ ਜੰਗ ਨਹੀਂ ਲੜੀ, ਮੈਦਾਨਾਂ ਵਿਚ, ਮੋਰਚਿਆਂ ਵਿਚ ਜਾਂ ਪਹਾੜਾਂ ਵਿਚ ਲੜੀ ਸੀ। ਵਾਟਰਲੂ ਦੀ ਭਿਆਨਕ ਜੰਗ ਜਿਸ ਵਿਚ ਸੱਤਰ ਹਜ਼ਾਰ ਸਿਪਾਹੀ

ਮੌਤ ਦਾ ਖਾਜਾ ਬਣ ਗਏ ਸਨ, ਤਖਤ ਤੋਂ ਨਹੀਂ ਨੈਪੋਲੀਅਨ ਨੇ ਮੋਰਚਿਆਂ ਵਿਚੋਂ ਲੜੀ ਸੀ। ਬਾਬਰ ਨੇ, ਨਾਦਰ ਨੇ, ਅਹਿਮਦ ਸ਼ਾਹ ਨੇ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਕਦੀ ਤਖਤਾਂ ਤੋਂ ਲੜਾਈ ਨਹੀਂ ਲੜੀ। ਜਦੋਂ ਦੁਸ਼ਮਣ ਦੇ ਹਮਲੇ ਦਾ ਖਤਰਾ ਹੁੰਦਾ, ਸਿੰਘ ਸਮੇਂ ਦੀ ਨਜ਼ਾਕਤ ਨੂੰ ਵਿਚਾਰ ਕੇ, ਅੰਮ੍ਰਿਤਸਰ ਤੋਂ ਬਾਹਰ ਚਲੇ ਜਾਂਦੇ। ਮਤਾਂ ਦਰਬਾਰ ਸਾਹਿਬ ਅਤੇ ਸ਼ਹਿਰਵਾਸੀਆਂ ਦਾ ਕੋਈ ਨੁਕਸਾਨ ਨਾ ਹੋ ਜਾਏ। ਬਹਾਦਰ ਲੋਕ ਧਰਮ ਅਸਥਾਨਾਂ ਦੇ ਤਹਿਖਾਨਿਆਂ ਵਿਚ ਲੁਕਕੇ, ਪਵਿੱਤਰ ਧਰਮ ਅਸਥਾਨਾਂ ਨੂੰ ਜੰਗੀ ਮੋਰਚਿਆਂ ਦਾ ਰੂਪ ਦੇ ਕੇ , ਕਿਵੇਂ ਭੀ ਬਹਾਦਰੀ ਦਾ ਢੰਡੋਰਾ ਨਹੀਂ ਪਿੱਟ ਸਕਦੇ।

**ਭਾਈ ਜਰਨੈਲ ਸਿੰਘ ਭਿੰਡਰਾਂ ਵਾਲੇ ਵਿਅਕਤੀਗਤ ਤੌਰ ਤੇ ਨੇਕ ਇਨਸਾਨ ਸਨ। ਨਿਡਰ ਸਨ, ਕੌਮ ਲਈ ਕੁਝ ਕਰਨਾ ਲੋਚਦੇ ਸਨ। ਅਕਾਲੀ ਲੀਡਰਾਂ ਦੀਆਂ ਗਦਾਰੀਆਂ ਅਤੇ ਲੂੰਬੜ ਚਾਲਾਂ ਤੋਂ ਦੁਖੀ ਸਨ। ਅਫਸੋਸ ਕਿ ਉਹ ਨਿਪੁੰਨ ਨੀਤੀਵਾਨ ਨਹੀਂ ਸਨ। ਜੇ ਕਦੀ ਉਹਨਾਂ ਨੂੰ ਆਪਣਾ ਮੋਰਚਾ, ਬੇ ਕਾਬੂ ਹੁੰਦਾ ਨਜ਼ਰ ਆਉਦਾ ਤਾਂ (ਲਚਕਦਾਰ ਨੀਤੀ ਅਪਣਾਕੇ) ਉਸ ਹਾਲਾਤ ਵਿਚ ਵਾਪਸ ਲਿਆ ਜਾਣਾ ਚਾਹੀਦਾ ਸੀ।** ਰਾਜਨੀਤੀ ਵਿਚ ਕੋਈ ਸਦਾ ਦੋਸਤ ਜਾਂ ਦੁਸ਼ਮਣ ਨਹੀਂ ਹੋਇਆ ਕਰਦਾ। ਜੰਗ ਵਿਚ ਆਹਮੋ ਸਾਹਮਣੇ ਲੜਨ ਵਾਲੇ , ਇਕੋ ਮੇਜ਼ ਦੁਆਲੇ ਬੈਠ ਕੇ, ਮਸਲੇ ਦਾ ਹੱਲ ਭੀ ਕਰ ਰਹੇ ਹੁੰਦੇ ਹਨ। ਇਕੱਠੇ ਵਿਚਾਰ ਵਟਾਂਦਰਾ ਕਰਦੇ ਹਨ, ਜਲ ਪਾਣੀ ਛਕ ਰਹੇ ਹੁੰਦੇ ਹਨ। ਸਮਝਦਾਰ ਆਗੂ ਉਹ ਹੋਇਆ ਕਰਦਾ ਹੈ, ਜੋ ਆਪਣੀ ਕੌਮ ਦਾ ਘੱਟ ਤੋਂ ਘੱਟ ਨੁਕਸਾਨ ਕਰਵਾ ਕੇ, ਵੱਧ ਤੋਂ ਵੱਧ ਫਾਇਦਾ ਕਰ ਵਿਖਾਵੇ। ਇਕ ਵਿਅਕਤੀ ਦੀ ਇੱਛਾ ਤੇ ਸਾਰੀ ਕੌਮ ਨੂੰ ਬਲਦੀ ਦੇ ਬੁੱਥੇ ਦੇ ਦੇਣਾ, ਕਿਸੇ ਤਰਾਂ ਭੀ ਸਿਆਣਪ ਨਹੀਂ ਆਖੀ ਜਾ ਸਕਦੀ।

ਭਾਈ ਜਰਨੈਲ ਸਿੰਘ ਜਥੇਦਾਰ ਸੰਤੋਖ ਸਿੰਘ ਦੇ ਭੋਗ ਤੇ ਦਿੱਲੀ ਗਿਆ। ਉੱਥੇ ਹੀ ਦੇਸ਼ ਦਾ ਗ੍ਰਿਹ ਮੰਤਰੀ ਗਿਆਨੀ ਜੈਲ ਸਿੰਘ ਹਾਜਰ ਸੀ। ਭਾਰਤ ਸਰਕਾਰ ਜੇ ਗ੍ਰਿਫਤਾਰ ਕਰਨਾ ਚਾਹੁੰਦੀ ਤਦੋਂ ਕਰ ਸਕਦੀ ਸੀ। ਫਿਰ ਭਾਈ ਜਰਨੈਲ ਸਿੰਘ ਮੁੰਬਈ ਪ੍ਰਚਾਰ ਦੌਰੇ ਤੇ ਗਿਆ। ਲੰਮੇ ਸਫਰ ਵਿਚ ਆਉਂਦੇ ਜਾਂਦੇ ਕਿਸੇ ਨੇ ਨਾ ਫੜਿਆ। ਹਰਿਆਣੇ ਦੇ ਪਿੰਡ ਚੰਦੋ ਕਲਾਂ ਵਿਚੋਂ ਨਿਕਲ ਜਾਣ ਦਿੱਤਾ ਗਿਆ। ਚਾਰੇ ਬੰਨਿਓਂ ਘੇਰ ਕੇ, ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਲੈ ਆਂਦਾ। ਸਰਕਾਰ ਦਾ ਮਨਸਾ ਇਹੀ ਸੀਕਿ ਸਿੱਖ ਜੋ ਬਹਾਦਰੀ ਦੀਆਂ ਡੀਂਗਾਂ ਨਿਤ ਮਾਰਦੇ ਹਨ, ਇਹਨਾਂ ਨੂੰ **''ਕਰਾਰਾ ਸਬਕ ਸਿਖਾਉਣਾ''** ਹੈ। ਮਲੋਏ ਕ੍ਰਿਸਨਾ ਧਰ ਦੀ ਪੁਸਤਕ ''ਖੁੱਲੇ ਭੇਦ'' ਦੇ ਪੰਨਾ 335 ਤੋਂ 365 ਤੱਕ ਪੰਜਾਬ ਵਿਚਲੇ ਖਾੜਕੂ ਵਾਦ ਦਾ ਸੰਖੇਪ ਵੇਰਵਾ ਹੈ। ਕਿ ਕਿਵੇਂ ਭਾਰਤ ਸਰਕਾਰ ਦੀਆਂ ਖੁਫੀਆਂ ਏਜੰਸੀਆਂ, ਇਸ ਜੱਦੋ ਜਹਿਦ ਨੂੰ ਕੁਰਾਹੇ ਪਾ ਰਹੀਆਂ ਸਨ। ਕਿਵੇਂ ਸਰਕਾਰ ਉਹਨਾਂ ਨੂੰ ਹਥਿਆਰ ਅਤੇ ਪੈਸਾ ਪੁਚਾ ਰਹੀ ਸੀ।

ਭਾਈ ਭਿੰਡਰਾਂ ਵਾਲਾ ਇਸ ਜ਼ਮੀਨੀ ਸੱਚ ਨੂੰ ਭੀ ਨਾ ਪਛਾਣ ਸਕਿਆ ਪਈ ਮੁਗਲਾਂ ਨਾਲ ਜੰਗ ਸਮੇਂ, ਪੰਜਾਬ ਵਿਚ ਜੰਗਲ ਬਹੁਤ ਸਨ। ਜਿਥੇ ਗੁਰੀਲਾ ਵਾਰ ਕਰਕੇ ਲੁਕਿਆ ਜਾ ਸਕਦਾ ਸੀ। ਆਵਾਜਾਈ ਦੇ ਸਾਧਨ ਕੇਵਲ ਘੋੜੇ ਹੀ ਸਨ, ਜੋ ਸਭ ਤੋਂ ਤੇਜ ਸਨ। ਹਕੂਮਤ ਅਤੇ ਸਿੰਘਾਂ ਕੋਲ ਇਕੋ ਜਿਹੇ ਸਨ। ਸੰਚਾਰ ਸਿਸਟਮ ਨਾਂਹ ਦੇ ਬਰਾਬਰ ਸੀ। ਹਥਿਆਰ ਦੋਵੇ ਂ ਧਿਰਾਂ ਕੋਲ ਤੋੜੇਦਾਰ ਬੰਦੂਕਾਂ, ਤੀਰ ਕਮਾਣ, ਬਰਛੇ, ਤਲਵਾਰਾਂ ਤੇ ਬਸ। ਫੌਜ ਦੀ ਗਿਣਤੀ ਘੱਟ ਵੱਧ ਹੋ ਸਕਦੀ ਸੀ। ਸਾਧਨ ਇਕੋ ਜਿਹੇ ਸਨ। ਅੱਜ ਦੇ ਵਿਗਿਆਨਕ ਯੁੱਗ ਵਿਚ ਸੰਚਾਰ ਸਾਧਨ ਇੰਨੇ ਤੇਜ਼ ਹਨ ਕਿ ਅੱਖ ਦੇ ਫੋਰ ਵਿਚ, ਇਥੇ ਵਾਪਰੀ ਘਟਨਾਂ ਦੁਨੀਆਂ ਦੇ ਕੋਨੇ-ਕੋਨੇ ਵਿਚ ਪੁਚਾਈ ਜਾ ਸਕਦੀ ਹੈ। ਆਵਾਜਾਈ ਦੇ ਸਾਧਨ ਬਹੁਤ ਹੋ ਚੁੱਕੇ ਹਨ। ਹਥਿਆਰਾਂ ਦੀ ਮਾਰੂ ਸ਼ਕਤੀ ਅਸੀਮ ਹੈ। ਇਕੋ ਬਟਣ ਦਬਾਉਣ ਨਾਲ, ਦੁਨੀਆਂ ਤਬਾਹ ਕੀਤੀ ਜਾ ਸਕਦੀ ਹੈ। ਅਜਿਹੇ ਤਾਕਤਵਰ ਸਾਧਨ ਸਾਰੇ ਸਰਕਾਰ ਕੋਲ ਹਨ। ਇਸ ਦੇ ਮੁਕਾਬਲੇ ਸਿੱਖ ਖਾੜਕੂਆਂ ਕੋਲ ਕੀ ਸੀ? ਕੇਵਲ ਏ.ਕੇ. 47 ਰਾਈਫਲਾਂ, ਪਿਸਟਲ ਤੇ ਮੋਟਰ ਸਾਈਕਲ। ਜਾਂ ਆਤਮ ਸਮਰਪਣ ਕਰਨ ਦੀ ਥਾਵੇਂ (ਫੜੇ ਜਾਣ ਦੀ ਸੂਰਤ ਵਿਚ) ਸਾਈਨਾਈਡ ਦੇ ਕੈਪਸੂਲ। ਮੂੰਹ ਵਿਚ ਪਾਓ ਤੇ ਸਕਿੰਟਾਂ ਵਿਚ ਪ੍ਰਾਣ ਪੰਖੇਰੂ ਖਤਮ।

**ਅਜਿਹੇ ਹਾਲਾਤ ਵਿਚ ਲੋਕ ਰਾਏ ਆਪਣੇ ਨਾਲ ਜੋੜ ਕੇ ਸੰਸਾਰ ਦੇ ਦਾਨਿਆਂ ਵੱਲੋਂ ਪ੍ਰਵਾਨਿਤ ਤਰੀਕਿਆਂ ਮੁਤਾਬਕ, ਸ਼ਾਂਤਮਈ ਢੰਗ ਅਪਣਾ ਕੇ, ਆਪਣੀ ਜੱਦੋ ਜਹਿਦ ਅੱਗੇ ਤੋਰਨੀ ਚਾਹੀਦੀ ਸੀ। ਭਾਰਤ ਸਰਕਾਰ ਦੀ ਫੌਜੀ ਸ਼ਕਤੀ ਦਾ ਸਿੱਖ ਲੀਡਰਾਂ ਨੂੰ ਪਤਾ ਹੋਣਾ ਚਾਹੀਦਾ ਹੈ। ਭਾਰਤੀ ਹਾਕਮਾਂ ਦੀ ਮੱਕਾਰੀ ਦਾ ਭੀ ਸਿੱਖ ਮੁਖੀਆਂ ਨੂੰ ਇਲਮ ਹੋਣਾ ਚਾਹੀਦਾ ਹੈ। ਇਸ ਲਈ ਪ੍ਰਵਾਣਿਤ ਹੱਦਾਂ ਵਿਚ ਰਹਿ ਕੇ ਲੜਾਈ ਲੜਨੀ ਬਣਦੀ ਸੀ। ਫਿਰ ''ਔਖੇ ਵੇਲੇ'' ਕਿਸੇ ਵਿਦੇਸ਼ੀ ਤਾਕਤ ਤੋਂ ਸਹਾਇਤਾ ਲਈ ਜਾ ਸਕੇ, ਭਾਈ ਜਰਨੈਲ ਸਿੰਘ ਨੂੰ ਕੋਈ ਪਤਾ ਨਹੀਂ ਸੀ। ਕਿਸੇ ਵਿਦੇਸ਼ੀ ਮਦਤਗਾਰ ਹਕੂਮਤ ਨਾਲ ਤਾਲਮੇਲ ਨਹੀਂ। ਇਹ ਆਜ਼ਾਦੀ ਦੀ ਲੜਾਈ ਇਕ ਧਰਮ ਅਸਥਾਨ ਦੀ ਚਾਰ ਦੀਵਾਰੀ ਅੰਦਰ ਬੈਠ ਕੇ, ਕੁਝ ਬਾਣੀਆਂ ਦਾ ਬਾਰ-ਬਾਰ ਪਾਠ ਕਰਕੇ, ਆਪਣੇ ਹੀ ਸਿੱਖ ਭਰਾਵਾਂ ਨੂੰ ਧਮਕਾ ਕੇ, ਕੇਸਰੀ ਝੰਡੇ ਗੁਰਦੁਆਰਿਆਂ ਵਿਚ ਲਹਿਰਾ ਕੇ, ਉਚੇ ਜੈਕਾਰੇ ਗਜਾ ਕੇ, ਕਿਰਪਾਨਾਂ ਲਿਸ਼ਕਾ ਕੇ, ਲੰਮੇ ਲਿਸ਼ਕਾਂ ਮਾਰਦੇ ਚੋਲੇ ਪਾਕੇ, ਹਵਾ ਵਿਚ ਪਸਤੌਲ ਦੀਆਂ ਗੋਲੀਆਂ ਚਲਾ ਕੇ ਨਹੀਂ ਆਉਣੀ। ਇਹ ਆਜ਼ਾਦੀ ਦੀ ਲੜਾਈ ਸਿਆਣਪ ਸਮਝਦਾਰੀ ਦੂਰ ਅੰਦੇਸ਼ੀ ਤੋਂ ਕੰਮ ਲੈ ਕੇ ਲੜੀ ਜਾਵੇ ਗੀ। ਅਜੇ ਭੀ ਸੰਭਲ ਜਾਣ ਦਾ ਵੇਲਾ ਹੈ।**

**ਨੋਟ:-** ਲੇਖਕ ਆਪਣੇ ਇੱਕ ਸੌ ਤੋਂ ਵੱਧ ਸਾਥੀਆਂ ਸਮੇਤ, 10, 11 ਮਾਰਚ 1984 ਵਿਚ, ਭਾਈ ਜਰਨੈਲ ਸਿੰਘ ਨੂੰ ਸੁਣਨ ਵੇਖਣ ਉਤਸ਼ਾਹ ਨਾਲ ਅੰਮ੍ਰਿਤਸਰ ਗਿਆ। ਗੁਰੂ

ਰਾਮਦਾਸ ਲੰਗਰ ਦੀ ਛੱਤ ਉੱਤੇ ਉਹਨਾਂ ਦੇ ਵਿਚਾਰ ਨੇੜੇ ਹੋ ਕੇ ਸੁਣੇ। ਗੁਰਮਤਿ ਬਾਰੇ ਕਈ ਸਵਾਲ ਭੀ ਕੀਤੇ। ਉਹਨਾਂ ਦੇ ਲੈਕਚਰਾਂ ਦੀਆਂ ਕੈਸਟਾਂ ਭੀ ਲਿਆਂਦੀਆਂ।ਉਹਨਾਂ ਦਾ ਸਿੱਖੀ ਪ੍ਰਤੀ ਪਿਆਰ, ਪੰਥ ਦੀ ਚੜ੍ਹਦੀਕਲਾ ਲਈ ਕੁਝ ਨਵੇਕਲਾ ਕਰ ਗੁਜ਼ਰਨ ਦੀ, ਮੈਂ ਕਦਰ ਕਰਦਾ ਹਾਂ। ਉੱਘੇ ਵਿਅਕਤੀਆਂ ਬਾਰੇ, ਸਾਡੇ ਲੇਖਕਾਂ ਨੇ ਆਪੋ-ਆਪਣੀ ਬੁੱਧੀ ਅਤੇ ਖੋਜ ਸਮਰੱਥਾ ਮੁਤਾਬਿਕ ਲਿਖਿਆ ਹੈ। ਬਾਬਾ ਬੰਦਾ ਸਿੰਘ ਦੀ ਸੂਰਮਗਤੀ ਦੇ ਸੋਹਲੇ ਵੀ ਗਾਏ ਹਨ ਤੇ ਅਲੋਚਨਾ ਭੀ ਕੀਤੀ ਹੈ। ਇਸੇ ਤਰ੍ਹਾਂ ਨਵਾਬ ਕਪੂਰ ਸਿੰਘ, ਸ੍ਰ: ਜੱਸਾ ਸਿੰਘ ਆਹਲੂਵਾਲੀਆ, ਸ੍ਰ: ਜੱਸਾ ਸਿੰਘ ਰਾਮਗੜ੍ਹੀਆ, ਮਹਾਰਾਜਾ ਰਣਜੀਤ ਸਿੰਘ, ਸ੍ਰ: ਹਰੀ ਸਿੰਘ ਨਲੂਆ ਤੇ ਅਕਾਲੀ ਫੂਲਾ ਸਿੰਘ ਦੀ ਪ੍ਰਸ਼ੰਸਾ ਭੀ ਕੀਤੀ ਹੈ ਤੇ ਅਲੋਚਨਾ ਭੀ ਕੀਤੀ ਹੈ। ਕਿਉਂਕਿ ਇਹ ਸਾਰੇ (ਅਤੇ ਹੋਰ ਸਿੱਖ) ਸਿੱਖ ਸਨ, ਗੁਰੂ ਨਹੀਂ ਸਨ। ਅਲੋਚਨਾ ਤੋਂ ਰਹਿਤ ਕੇਵਲ ਗੁਰੂ ਹੈ।ਇਸੇ ਤਰ੍ਹਾਂ ਭਾਈ ਜਰਨੈਲ ਸਿੰਘ ਇਕ ਸਿੱਖ ਸੀ, ਗੁਰੂ ਨਹੀਂ ਸੀ। ਲੇਖਕਾਂ ਨੂੰ ਉਸਾਰੂ ਅਲੋਚਨਾ ਤੋਂ ਰੋਕਣ ਵਾਸਤੇ, ਜੋ ਲੱਠਮਾਰ ਲਾਣਾ ਬੇਚੈਨ ਹੋਇਆ ਨਜ਼ਰ ਆ ਰਿਹਾ ਹੈ। ਅਸਲ ਵਿਚ ਭਾਈ ਜਰਨੈਲ ਸਿੰਘ ਨੂੰ ਸਭ ਤੋਂ ਵੱਧ ਅਪਮਾਨਿਤ ਇਨ੍ਹਾਂ ਹੀ ਲੋਕਾਂ ਨੇ ਕੀਤਾ ਹੈ।ਪੂਰੇ ਇੱਕੀ ਸਾਲ ਉਸ ਮਹਾਨ ''ਸ਼ਹੀਦ'' ਨੂੰ ਕਾਇਰ, ਬੁਝਦਿੱਲ ਤੇ ਭਗੌੜਾ ਬਣਾਈ ਰੱਖਿਆ। ਅਜਿਹੇ ਲੋਕ ''ਇੱਕੀ ਸਾਲਾ ਕੁਫ਼ਰ'' ਲਈ, ਰੱਬ ਕੋਲੋਂ ਅਤੇ ਪੰਥ ਤੋਂ ਕਦੀ ਮੁਆਫੀ ਮੰਗਣਗੇ? ''ਤਖ਼ਤਾਂ ਦੇ ਜਥੇਦਾਰ'' ਕਦੀ ਇਉਂ ਕਰਵਾ ਸਕਣਗੇ?

ਹਥਿਆਰ ਬੰਦ ਜੰਗ ਨੂੰ ਅਲਵਿਦਾ ਆਖਕੇ ਭਾਰਤੀ ਸੰਵਿਧਾਨ ਨੂੰ ਪ੍ਰਵਾਨ ਕਰਦਿਆਂ ਇਹ ਸਿੱਖ ਖਾੜਕੂ ਮੁਖਧਾਰਾ ਵਿਚ ਸ਼ਾਮਲ ਹੋ ਗਏ ਹਨ :-

1. ਸ. ਸਿਮਰਨਜੀਤ ਸਿੰਘ ਮਾਨ
2. ਡਾ. ਜਗਜੀਤ ਸਿੰਘ ਚੋਹਾਨ (ਮਰਹੂਮ)
3. ਸ੍ਰ. ਵੱਸਣ ਸਿੰਘ ਜੱਫਰਵਾਲ
4. ਸ. ਅਤਿੰਦਰਪਾਲ ਸਿੰਘ (ਸਾਬਕਾ ਐਮ.ਪੀ.)
5. ਸ੍ਰ. ਦਲਜੀਤ ਸਿੰਘ ਬਿੱਟੂ ਅਤੇ ਹੋਰ ਬਹੁਤ ਸਾਰੇ।

ਬਦੇਸ਼ਾਂ ਵਿਚ ਰਹਿ ਰਹੇ ਖਾੜਕੂ 15 ਅਗਸਤ ਤੇ 26 ਜਨਵਰੀ ਨੂੰ ਬਦੇਸ਼ ਵਿਚਲੇ ਸਫਾਰਤ ਖਾਨਿਆ ਨੇੜੇ ਨਾਹਰੇ ਲਾਉਣ ਇਕੱਠੇ ਹੋ ਜਾਂਦੇ ਹਨ। ਪੂਰਨ ਸਾਂਤਮਈ ਤਰੀਕੇ ਨਾਲ। ਕੋਈ ਇਕ ਲੀਡਰ ਨਹੀਂ ਕੋਈ ਸਾਂਝੀ ਯੋਜਨਾ ਨਹੀਂ, ਧਰਮ ਦਾ ਗਿਆਨ ਨਹੀਂ, ਇਤਿਹਾਸ ਪੜ੍ਹਿਆ ਨਹੀਂ। ਨਾਅਰੇ ਮਾਰਨ ਨਾਲ ਖਾਲਿਸਤਾਨ ਨਹੀਂ ਬਣਨਾ, ਸਿਆਣਪ ਨਾਲ ਕੰਮ ਕਰਨਾ ਪਵੇਗਾ।

000

# ਦਿੱਲੀ ਵਿਚ ਸਿੱਖਾਂ ਤੇ ਕਹਿਰ

ਦਰਬਾਰ ਸਾਹਿਬ ਤੇ ਕੀਤਾ ਗਿਆ ਫੌਜੀ ਹਮਲਾ, ਆਪਣੇ ਸਾਰੇ ਸਾਧਨ ਵਰਤ ਕੇ ਭੀ ਇੰਦਰਾ ਗਾਂਧੀ ਸਹੀ ਸਿੱਧ ਨਾ ਕਰ ਸਕੀ। ਸਿੱਖ ਦੁਸ਼ਮਣ ਹਿੰਦੂ ਲਾਬੀ ਨੂੰ ਭਾਵੇਂ ਉਸਨੇ ਖੁਸ਼ ਕਰ ਲਿਆ, ਪਰ ਸਿੱਖ ਉਸ ਤੋਂ ਸਦਾ ਵਾਸਤੇ ਦੂਰ ਹੋ ਗਏ। ਹਰ ਇਕ ਸਿੱਖ ਇਸ ਪਾਪ ਕਰਮ ਤੇ ਭੁੱਬਾਂ ਮਾਰ ਕੇ ਰੋਇਆ, ਨੀਂਦਾਂ ਉੱਡ ਗਈਆਂ। ਦੁਨੀਆਂ ਭਰ ਵਿਚ ਫੈਲੇ ਸਿੱਖਾਂ ਦੇ ਮਨਾ ਵਿਚ ਕਰੋਧ ਦੇ ਭਾਂਬੜ ਬਲ ਪਏ। ਵੱਡੇ ਵੱਡੇ ਅਹੁਦਿਆਂ ਤੇ ਬੈਠੇ ਸਿੱਖਾਂ ਨੇ ਅਸਤੀਫੇ ਦੇ ਦਿੱਤੇ। ਭਗਤ ਪੂਰਨ ਸਿੰਘ ਜੀ ਨੇ ਆਪਣਾ ਪਦਮ ਸ੍ਰੀ ਦਾ ਸਨਮਾਨ ਵਾਪਿਸ ਕਰ ਦਿੱਤਾ। ਸ੍ਰ: ਖੁਸ਼ਵੰਤ ਸਿੰਘ ਨੇ ਭੀ ਆਪਣਾ ਸਨਮਾਨ ਮੋੜ ਦਿੱਤਾ। ਸ੍ਰ: ਹਰਿੰਦਰ ਸਿੰਘ ਨੇ ਨਾਰਵੇ ਵਿਚਲੇ ਰਾਜਦੂਤ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਸ੍ਰ: ਸਿਮਰਨਜੀਤ ਸਿੰਘ ਮਾਨ ਆਈ.ਪੀ.ਐਸ. ਨੇ ਪੁਲਿਸ ਅਫਸਰ ਦੇ ਮਹੱਤਵਪੂਰਨ ਅਹੁਦੇ ਤੋਂ ਤਿਆਗ ਪੱਤਰ ਦੇ ਦਿੱਤਾ। ਫੌਜਾਂ ਵਿਚਲੇ ਸਿੱਖਾਂ ਨੇ ਨੌਕਰੀਆਂ ਛੱਡ ਕੇ, ਅੰਮ੍ਰਿਤਸਰ ਵੱਲ ਨੂੰ ਚਾਲੇ ਪਾ ਦਿੱਤੇ। ਗਿਣੇ ਚੁਣੇ ਹਿੰਦੂ ਦਰਦਮੰਦਾਂ ਨੇ, ਸਿੱਖਾਂ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਿਆ। ਜਿੰਨਾਂ ਵਿਚ ਸ੍ਰੀ ਚੰਦਰ ਸ਼ੇਖਰ, ਸ੍ਰੀ ਰਾਮਜੇਠ ਮਲਾਠੀ, ਸ੍ਰੀ ਵੀ.ਪੀ. ਸਿੰਘ ਅਤੇ ਸ੍ਰੀ ਕਲਿਆਣ ਸਿੰਘ ਸ੍ਰੀ ਗੋਬਿੰਦਾ ਮਖੋਟੀ, ਸ੍ਰੀ ਵੀ ਐਮ. ਤਾਰਕੁੰਡੇ ਆਦਿਕ ਸਨ।

31 ਅਕਤੂਬਰ 1984 ਨੂੰ ਸ੍ਰ: ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ ਸਵੇਰੇ 10.30 ਦੇ ਨੇੜੇ ਆਪਣੀ ਰਿਹਾਇਸ਼ ਤੋਂ ਦਫਤਰ ਵੱਲ ਜਾ ਰਹੀ ਇੰਦਰਾ ਗਾਂਧੀ ਨੂੰ ਕੀਤੇ ਪਾਪ ਦੀ ਸਜਾ ਦੇ ਦਿੱਤੀ। ਇੰਨੀਆਂ ਗੋਲੀਆਂ ਵਰਾਈਆਂ ਕਿ ਲਾਸ਼ ਇਕੱਠੀ ਕਰਨੀ ਔਖੀ ਹੋ ਗਈ। ਇਹਨਾਂ ਬਹਾਦਰਾਂ ਨੇ ਮਿਥਿਆ ਕੰਮ ਕਰਕੇ ਹਥਿਆਰ ਪਾਸੇ ਰੱਖ ਦਿੱਤੇ। ਬਾਕੀ ਦੇ ਗਾਰਡਾਂ ਨੇ ਸ੍ਰ: ਬੇਅੰਤ ਸਿੰਘ ਨੂੰ ਥਾਏਂ ਮਾਰ ਮੁਕਾਇਆ ਤੇ ਸ੍ਰ: ਸਤਵੰਤ ਸਿੰਘ ਮਰਦਾ ਮਰਦਾ ਬਚ ਗਿਆ। ਜਿਸਨੂੰ ਬਾਅਦ ਵਿਚ ਸ: ਕੇਹਰ ਸਿੰਘ ਨਾਲ ਫਾਂਸੀ ਤੇ ਲਟਕਾ ਦਿੱਤਾ ਗਿਆ। ਪੁਲਿਸ ਨੇ ਇੰਦਰਾ ਗਾਂਧੀ ਦੇ ਮਰਨ ਦਾ ਕੇਸ ਦਰਜ ਤਾਂ ਕਰਾ ਲਿਆ। ਸ੍ਰ: ਬੇਅੰਤ ਸਿੰਘ ਨੂੰ ਕਤਲ ਕਰਨ ਦਾ ਅਤੇ ਸ੍ਰ: ਸਤਵੰਤ ਸਿੰਘ ਲਈ ਇਰਾਦਾ ਕਤਲ ਦਾ ਕੇਸ ਹੀ ਦਰਜ ਨਹੀਂ ਕੀਤਾ ਗਿਆ। ਇੰਦਰਾ ਦੇ ਮਰਨ ਤੇ ਪਹਿਲਾਂ ਕੀਤੀ ਤਿਆਰੀ ਮੁਤਾਬਕ, ਸਿੱਖਾਂ ਤੇ ਯੋਜਨਾ ਬੱਧ ਹਮਲੇ ਹੋਣ ਲੱਗ ਪਏ। ਪਹਿਲਾਂ ਹਮਲਾ ਇੰਦਰਾ ਦੀ ਲਾਸ਼ ਵੇਖਣ ਗਏ, ਦੇਸ਼ ਦੇ ਸਿੱਖ (ਕਾਂਗਰਸੀ) ਰਾਸ਼ਟਰਪਤੀ ਤੇ ਹੋਇਆ। ਧੱਕੇ ਮਾਰੇ ਗਏ, ਗਾਲ੍ਹਾਂ ਕੱਢੀਆਂ ਗਈਆਂ, ਕਾਰ ਨੂੰ

ਨੁਕਸਾਨ ਪੁਚਾਇਆ ਗਿਆ। ਇਹ ਸੰਕੇਤ ਸੀ ਇਸ ਗੱਲ ਦਾ ਕਿ ਰਾਸ਼ਟਰਪਤੀ ਤੇ ਹਮਲਾ ਕਰਨ ਵਾਲਿਆਂ ਨੂੰ ਰੋਕਿਆ ਨਹੀਂ ਗਿਆ। ਗ੍ਰਿਫਤਾਰ ਨਹੀਂ ਕੀਤਾ ਗਿਆ। ਇਸ ਨਫਰਤ ਭਰੀ ਮਾਨਸਿਕ ਦਸ਼ਾ ਨੂੰ ਪ੍ਰਗਟ ਕਰਨ ਲਈ ਇਹ ਖਤਰੇ ਦਾ ਅਲਾਰਮ ਸੀ ਕਿ ਇਸ ਤੋਂ ਬਾਦ ਸਿੱਖਾਂ ਤੇ ਜ਼ੁਲਮ ਦੀ ਹਨੇਰੀ ਵਗਣ ਹੀ ਵਾਲੀ ਹੈ।.......ਫਿਰ ਇਹ ਜ਼ੁਲਮ ਦੀ ਹਨੇ ਰੀ, ਇਕ ਨਵੰਬਰ ਤੋਂ ਦਸ ਨਵੰਬਰ 84 ਤੱਕ, ਸਿੱਖ ਪ੍ਰਵਾਰਾਂ ਨੂੰ ਸਾੜਦੀ ਚਲੀ ਗਈ।

ਇੰਦਰਾ ਗਾਂਧੀ ਨੂੰ ਸਿੱਖ ਸਿਪਾਹੀਆਂ ਵੱਲੋਂ ਮਾਰਨ ਕਰਕੇ ਹਿੰਦੂਆਂ ਵਿਚ ਅਚਨਚੇਤ ਇਹ ਗੁੱਸਾ ਨਹੀਂ ਭੜਕ ਪਿਆ। ਸਗੋਂ ਇੰਦਰਾ ਨੇ ਖਤਰੇ ਨੂੰ ਭਾਂਪਦਿਆਂ ਆਪਣੇ ਪ੍ਰਮੁੱਖ ਨੇੜਲੇ ਲੋਕਾਂ ਰਾਹੀਂ, ਸਿੱਖਾਂ ਦੇ ਸਮੂੰਹਕ ਕਤਲੇਆਮ ਦਾ ਪਹਿਲਾਂ ਪ੍ਰਬੰਧ ਕੀਤਾ ਹੋਇਆ ਸੀ। ਕਾਤਲਾਂ ਵੱਲੋਂ ਸਿੱਖਾਂ ਨੂੰ ਕਤਲ  ਕਰਨ ਦਾ ਢੰਗ ਸਾਰੇ ਕਿਤੇ ਲਗਭਗ ਇਕੋ ਜਿਹਾ ਸੀ। ਟਾਇਰ ਗਲਾਂ ਵਿਚ ਪਾਓ, ਪਾਊਡਰ ਛਿੜਕੋ, ਅੱਗ ਲਾ ਦਿਓ, ਘਰਾਂ ਨੂੰ ਲੁੱਟ ਲਓ। ਕੀਮਤੀ ਸਮਾਨ ਲੁੱਟ ਲੈਣ ਤੋਂ ਬਾਅਦ ਘਰ ਨੂੰ ਅੱਗ ਲਾ ਦਿਓ। ਪੰਦਰਾਂ ਸਾਲ ਤੋਂ ਸੱਠ ਸਾਲ ਤੱਕ ਦੇ ਕਿਸੇ ਮਰਦ ਨੂੰ ਜਿਉਂਦਾ ਨਾ ਛੱਡੋ। ਔਰਤਾਂ ਨਾਲ ਬਲਾਤਕਾਰ ਕਰੋ। ਕਾਤਲਾਂ ਕੋਲ ਵੋਟਰ ਲਿਸਟਾਂ ਸਨ। ਪੂਰੀ ਪਛਾਣ ਕਰਕੇ ਵਿਸ਼ਵਾਸ਼ ਨਾਲ ਅੰਦਰ ਦਾਖਲ ਹੁੰਦੇ ਸਨ। ਬਹੁਤੀਆਂ ਥਾਵਾਂ ਤੇ ਪੁਲਿਸ ਵਾਲਿਆਂ ਨੇ ਖੁਦ, ਸਿੱਖਾਂ ਨੂੰ ਕਤਲ ਕੀਤਾ। ਜੇ ਆਪਣੇ ਹਥਿਆਰਾਂ ਨਾਲ ਕਿਤੇ ਸਿੱਖਾਂ ਨੇ ਥੋੜਾ ਬਹੁਤ ਮੁਕਾਬਲਾ ਕਰਨ ਦੀ ਹਿੰਮਤ ਕੀਤੀ ਤਾਂ ਪੁਲਿਸ ਵਾਲੇ, ਅੱਗੇ ਵੱਧ ਕੇ ਸਿੱਖਾਂ ਤੋਂ ਹਥਿਆਰ ਖੋਹ ਕੇ ਲੈ ਜਾਂਦੇ। ਨਿਹੱਥੇ ਸਿੱਖਾਂ ਨੂੰ ਇਹਨਾਂ ਦਰਿੰਦਿਆਂ ਅਗੇ ਸੁੱਟ ਜਾਂਦੇ। ਮਾਮੂਲੀ ਕਾਰਨਾਂ ਕਰਕੇ ਫੌਜ ਸੱਦ ਲਈ ਜਾਂਦੀ ਹੈ। ਦਿੱਲੀ ਵਿਚ ਫੌਜ ਦੀਆਂ ਛਾਉਣੀਆਂ ਹਨ। ਸਿੱਖ ਕੌਮ ਦੇ ਪ੍ਰਵਾਰਾਂ ਨੂੰ ਦਸ ਦਿਨਾਂ ਤੱਕ ਕਤਲ ਕੀਤਾ ਗਿਆ, ਪਰ ਫੌਜ ਨਹੀਂ ਬੁਲਾਈ ਗਈ।

ਇੰਦਰਾਂ ਗਾਂਧੀ ਦਾ ਸਸਕਾਰ ਕਰਨ ਵਕਤ, 3000 ਫੌਜੀ ਲਾਸ਼ ਨੂੰ ਸਲਾਮੀ ਦੇਣ ਲਈ ਬੁਲਾਏ ਗਏ। ਇਕ ਹਜ਼ਾਰ ਨੌਜਵਾਨ ਹਵਾਈ ਫੌਜ ਦਾ ਲਾਸ਼ ਨੂੰ ਮੱਥਾ ਟੇਕਣ ਲਈ ਲਿਆਂਦਾ ਗਿਆ। ਦੂਜੇ ਪਾਸੇ ਸਿੱਖਾਂ ਨੂੰ ਕਾਤਿਲਾਂ ਤੋਂ ਬਚਾਉਣ ਲਈ, ਪੁਲਿਸ ਜਾਂ ਫੌਜ ਦਾ ਇਕ ਭੀ ਸਿਪਾਹੀ ਨਹੀਂ ਮਿਲਿਆ। ਸੁਪ੍ਰੀਮ ਕੋਰਟ ਤੇ ਹਾਈ ਕੋਰਟਾਂ, ਖਾਸ ਕਾਰਨਾਂ ਵਸ, ਅਖ਼ਬਾਰੀ ਰਿਪੋਰਟਾਂ ਨੂੰ ਆਧਾਰ ਬਣਾ ਕੇ, ਦੋਸ਼ੀ ਵਿਅਕਤੀਆਂ ਵਿਰੁੱਧ ਮੁਕੱਦਮੇ ਦਰਜ ਕਰਵਾ ਦਿੰਦੀਆਂ ਹਨ। ਇਸ '84 ਨਵੰਬਰ ਦੇ ਸਿੱਖ  ਕਤਲੇਆਮ ਵਿਚ ਸੁਪ੍ਰੀਮ ਕੋਰਟ ਅਤੇ ਹਾਈ ਕੋਰਟਾਂ ਦੇ ਜੱਜ ਇਨਸਾਫ ਨੂੰ ਲਾਂਬੂ ਲਾ ਗਏ। ਸਾਰੀਆਂ  ਅਦਾਲਤਾਂ ਵਿਚ, ਪੰਜ ਦਿਨਾ ਦੀਆਂ ਛੁੱਟੀਆਂ ਕਰ ਦਿੱਤੀਆਂ ਗਈਆਂ। ਟੈਲੀਵੀਜ਼ਨ ਤੇ ਸਿੱਖਾਂ ਦੇ ਘਰ ਸੜਦੇ, ਖ਼ੂਨ ਦੀਆਂ ਨਦੀਆਂ ਵਹਿੰਦੀਆਂ ਵੇਖਦੇ ਰਹੇ। ਬੋਫੋਰਜ ਤੋਪ ਸੌਦੇ ਦੀ ਦਲਾਲੀ ਦੇ ਮਾਮਲੇ ਵਿਚ, CBI ਦੇ ਮੁਖੀ ਸ੍ਰ: ਜੋਗਿੰਦਰ ਸਿੰਘ ਨੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਨਰਸਿੰਹਮਾ ਰਾਓ ਨਾਲ ''ਗੁਪਤ

ਮੀਟਿੰਗ'' ਕਰ ਲਈ। ਖਬਰ ਅਖ਼ਬਾਰਾਂ ਵਿਚ ਛਪ ਗਈ। ਇਸੇ ਕਾਰਨ, CBI ਮੁਖੀ ਨੂੰ ਸੁਪਰੀਮ ਕੋਰਟ ਵਿਚ ਹਾਜਰ ਹੋ ਕੇ ਮੁਆਫੀ ਮੰਗਣੀ ਪਈ ਸੀ। ਇੱਧਰ ਸਿੱਖਾਂ ਨੂੰ ਤਬਾਹ ਕਰ ਦਿੱਤਾ ਗਿਆ। ਅਰਬਾਂ ਰੁਪਏ ਦੀਆਂ ਜਾਇਦਾਤਾਂ ਲੁੱਟ ਲਈਆਂ। ਟਰੱਕ ਬੱਸਾਂ ਕਾਰਾਂ ਥ੍ਰੀਵੀਲ੍ਹਰ, ਫੈਕਟਰੀਆਂ ਸਾੜ ਕੇ ਸੁਆਹ ਕਰ ਦਿੱਤੀਆਂ, ਕੋਈ ਅਦਾਲਤ ਹਰਕਤ ਵਿਚ ਨਹੀਂ ਆਈ। ਆਵੇ ਭੀ ਕਿਉਂ? ਕਿਉਂਕਿ ਇਹ ਸਭ ਤਾਂ ਪਹਿਲਾ ਤਿਆਰੀ ਕਰਕੇ ਹੀ ਕੀਤਾ ਗਿਆ ਸੀ। ਇਹਨਾਂ ਤਬਾਹਕੁੰਨ ਘਟਨਾਵਾਂ ਨੇ ਸਿੱਖਾਂ ਨੂੰ ਪੂਰੀ ਤਰਾਂ ''ਬੇਗਾਨਗੀ'' ਦਾ ਅਹਿਸਾਸ ਕਰਵਾ ਦਿੱਤਾ ਹੈ। ਇਹ ਵੱਖਰੀ ਗੱਲ ਹੈ ਕਿ ਸਿੱਖ ਆਗੂਆਂ ਨੇ ਅਜੇ ਭੀ ਕੋਈ ਸਬਕ ਨਹੀਂ ਸਿੱਖਿਆ। ਸਿੱਖ ਕੌਮ ਦੇ ਭਵਿੱਖ ਬਾਰੇ ਕੋਈ ਨੀਤੀ ਅਖਤਿਆਰ ਨਹੀਂ ਕੀਤੀ।

ਦਿੱਲੀ ਵਿਚ ਯੋਜਨਾ ਬਣਾ ਕੇ ਕਤਲ ਕੀਤੇ ਗਏ, ਹਜ਼ਾਰਾਂ ਸਿੱਖਾਂ ਦੇ ਕਾਤਲ ਲੱਭਣ ਵਾਸਤੇ, ਪੜਤਾਲੀਆ ਕਮੇਟੀਆਂ ਬਣਦੀਆਂ ਰਹੀਆਂ। ਚੰਗੀਆਂ ਮੰਦੀਆਂ ਰਿਪੋਰਟਾਂ ਲਿਖ ਕੇ ਸਰਕਾਰ ਅੱਗੇ ਪੇਸ਼ ਕਰਦੀਆਂ ਰਹੀਆ। ਸਿੱਖਾਂ ਨੂੰ ਇਨਸਾਫ ਦਿਵਾਉਣ ਤੋਂ ਸਭ ਅਸਮਰੱਥ ਰਹੀਆਂ। ਨਵੰਬਰ 84 ਵਿਚ, ਪੁਲਿਸ ਕਮਿਸ਼ਨਰ ਵੇਦ ਮਰਵਾਹਾ ਪੜਤਾਲੀਆ ਕਮੇਟੀ ਦਾ ਗਠਨ ਕੀਤਾ ਗਿਆ। ਸੰਨ 85 ਵਿਚ ਵੇਦ ਮਰਵਾਹਾ ਨੂੰ, ਪੜਤਾਲ ਤੋਂ ਰੋਕ ਦਿੱਤਾ ਗਿਆ ਤੇ ਉਸ ਦੀ ਥਾਂ 26 ਅਪ੍ਰੈਲ 1985 ਨੂੰ ਰੰਗ ਨਾਥ ਮਿਸ਼ਰਾ ਜੱਜ ਨੂੰ ਪੜਤਾਲ ਲਈ ਨਿਯੁਕਤ ਕੀਤਾ ਗਿਆ। ਇਹ ਪੜਤਾਲ ਕਿਸੇ ਤਣ ਪੱਤਣ ਨਾ ਲੱਗੀ, ਤੇ ਇਕ ਹੋਰ 23 ਫਰਵਰੀ 87 ਨੂੰ ਕਪੂਰ ਮਿੱਤਲ ਕਮੇਟੀ ਨੂੰ ਕੰਮ ਸੌਂਪ ਦਿੱਤਾ। ਇਹ ਭੀ ਠੰਢੇ ਬਸਤੇ ਵਿਚ ਟਿਕਾ ਦਿੱਤੀ। ਅਗਸਤ 87 ਨੂੰ ਜੈਨ ਬੈਨਰਜੀ ਕਮੇਟੀ ਨੇ ਪੜਤਾਲ ਆਰੰਭੀ ਤੇ ਅਗਸਤ 89 ਨੂੰ ਕਮੇਟੀ ਦਾ ਭੋਗ ਪੈ ਗਿਆ। ਸੰਨ 87 ਵਿਚ ਹੀ ਜੈਨ ਬੈਨਰਜੀ ਦੇ ਨਾਲ ਨਾਲ ਆਹੂਜਾ ਕਮੇਟੀ ਥਾਪ ਦਿੱਤੀ ਗਈ। ਗਲ ਥਾਏਂ ਰਹੀ। ਫਿਰ ਅਗਸਤ 90 ਵਿਚ ਪੋਟੀ ਰੋਸ਼ਾ ਕਮੇਟੀ ਬਣਾਈ। ਇਹ ਜੱਜ ਸਰਕਾਰੀ ਹੁਕਮਾਂ ਤੋਂ ਬਾਹਰ ਜਾ ਕੇ, ਸੱਚ ਸਾਹਮਣੇ ਲਿਆਉਣ ਲਈ ਤਤਪੱਰ ਹੋਇਆ ਤਾਂ ਕੇਂਦਰੀ ਸਰਕਾਰ ਨੇ ਇਸ ਨੂੰ ਕੰਮ ਕਰਨੋਂ ਰੋਕ ਦਿੱਤਾ। ਇਹ ਅਸਤੀਫਾ ਦੇ ਕੇ ਲਾਂਭੇ ਹੋ ਗਿਆ। ਨਵੰਬਰ 90 ਤੋਂ ਤਿੰਨ ਸਾਲ ਤੱਕ ਜੈਨ ਅਗਰਵਾਲ ਪੜਤਾਲੀਆ ਕਮੇਟੀ ਬਣਾਈ ਗਈ। ਇਸ ਵੱਲੋਂ ਤਿਆਰ ਕਰਕੇ ਦਿੱਤੀ ਗਈ ਰਿਪੋਰਟ ਤੇ ਕੋਈ ਕਾਰਵਾਈ ਨਾ ਹੋਈ। ਇਸ ਤੋਂ ਮਗਰੋਂ ਢਿੱਲੋਂ ਕਮੇਟੀ ਬਣੀ। ਇਸ ਨੇ ਮਿਰਤਕਾਂ ਦੇ ਪ੍ਰਵਾਰਾਂ ਨੂੰ ਬੀਮਾ ਰਕਮਾਂ ਦੇਣ ਦੀ ਸਿਫਾਰਸ਼ ਕੀਤੀ। ਬੀਮਾ ਕੰਪਨੀਆਂ ਨੇ ਜੋ ਭਾਰਤ ਸਰਕਾਰ ਦੇ ਹੁਕਮਾਂ ਮੁਤਾਬਕ ਹੀ ਕੰਮ ਕਰਦੀਆਂ ਹਨ, ਮੁਆਵਜਾ ਦੇਣ ਤੋਂ ਨਾਂਹ ਕਰ ਦਿੱਤੀ। ਅਖੇ ਦੰਗਿਆਂ ਫਸਾਦਾਂ ਵਿਚ ਮਰੇ ਵਿਅਕਤੀਆਂ ਨੂੰ ਰਕਮ ਦੇਣੀ ਸਾਡੇ ਕਾਨੂੰਨ ਮੁਤਾਬਕ ਗਲਤ ਹੈ। ਦਸੰਬਰ 93 ਵਿਚ ਇਕ ਨੁਰੂਲਾ ਕਮੇਟੀ ਬਣਾਈ ਗਈ। ਇਸ ਕਮੇਟੀ ਨੇ ਜੋ ਲਿਖਿਆ ਇਸ ਤੇ ਕੋਈ ਕਾਰਵਾਈ ਨਹੀਂ

ਹੋਈ। ਫਿਰ ਸੰਨ 2000 ਵਿਚ ਨਾਨਾਵਤੀ ਕਮਸ਼ਿਨ ਥਾਪ ਦਿੱਤਾ ਗਿਆ। ਇਹ ਭੀ ਕਾਗਜ ਕਾਲੇ ਕਰਦਾ ਰਿਹਾ, ਪਰ ਸਿੱਖਾਂ ਨੂੰ ਕਿਸੇ ਨੇ ਇਨਸਾਫ ਨਾ ਦਿੱਤਾ। ਕਿਉਂਕਿ ਕਮਿਸ਼ਨ ਦੇ ਮੁਖੀ ਨੂੰ ਪਹਿਲਾਂ ਹੀ ਦਸ ਦਿੱਤਾ ਜਾਂਦਾ ਸੀ, ਕਿ ਤੁਸੀਂ ਦੋ ਚਾਰ ਸਾਲ ਸਰਕਾਰੀ ਪੈਸੇ ਨਾਲ ਗੁਲਛਰਰੇ ਉਡਾਓ, ਰੋਂਦੇ ਵਿਲਕਦੇ ਸਿੱਖਾਂ ਨੂੰ ਆਪਾਂ ਦੇਣਾ ਕੁਝ ਨਹੀਂ। ਇਹ ਕਮਿਸ਼ਨ ਵਗੈਰਾ ਦੁਨੀਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਬਣਾਈਦੇ ਹਨ।

ਪੂਰੀ ਪਲਾਨਿੰਗ ਮੁਤਾਬਕ ਸਿੱਖਾਂ ਦੇ ਕਾਤਲਾਂ ਨੂੰ ਸਜਾ ਦਿਵਾਉਣ ਯੋਗੇ ਸਬੂਤ ਖਤਮ ਕੀਤੇ ਗਏ। ਸਿੱਖਾਂ ਵੱਲੋਂ ਨਾਮ ਪਤਾ ਦੱਸਣ ਦੇ ਬਾਵਜੂਦ ਭੀ, ਪੁਲਿਸ ਰਿਪੋਰਟਾਂ ਵਿਚ, ਕਾਤਲਾਂ ਨੂੰ ''ਅਣਪਤਾਛੇ'' ਹੀ ਲਿਖਿਆ ਗਿਆ। ਅਦਾਲਤਾਂ ਵਿਚ ਪਛਾਣ ਕਰਨ ਜਾਂ ਗਵਾਹੀਆਂ ਦੇਣ ਤੋਂ ਡਰਾ ਕੇ, ਜਾਂ ਲਾਲਚ ਦੇ ਕੇ, ਰੋਕਿਆ ਗਿਆ। ਮਰਨ ਵਾਲੇ ਬਹੁਤ ਸਿੱਖ ਗਰੀਬ ਸਨ। ਉਹਨਾਂ ਦੇ ਪ੍ਰਵਾਰਾਂ ਵੱਲੋਂ ਮੁਕੱਦਮੇ ਲੜਨੇ ਨਾਮੁਮਕਿਨ ਸਨ। ਇਸ ਲਈ ਨਿਗੂਣੀਆਂ ਜਿਹੀਆਂ ਰਕਮਾਂ ਲੈ ਕੇ (ਜਾਂ ਡਰਕੇ) ਸਮਝੌਤੇ ਕਰਨ ਲੱਗ ਪਏ। ਅਮੀਰ ਸਿੱਖਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ। ਹਾਂ ਕਾਰੋਬਾਰਾਂ ਨੂੰ ਬਹੁਤ ਨੁਕਸਾਨ ਪੁਚਾਇਆ ਗਿਆ। ਰਾਜਸੀ ਰਸੂਖ ਵਰਤ ਕੇ ਉਹਨਾਂ ਵਿਚੋਂ ਬਹੁਤਿਆਂ ਨੇ ਬੀਮਾਂ ਕੰਪਨੀਆਂ ਤੋਂ ਕਲੇਮ ਪ੍ਰਾਪਤ ਕਰ ਲਏ। ਦਿੱਲੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪੀੜ੍ਹਤਾਂ ਦੀ ਗੰਭੀਰਤਾ ਨਾਲ ਸਹਾਇਤਾ ਨਹੀਂ ਕੀਤੀ ਗਈ। ਕਮੀਨੀ ਸੋਚ ਵਾਲੇ ਸਿੱਖ ਵਿਚੋਲੇ, ਸਮਝੌਤਾ ਕਰਾਉਣ ਦੇ, ਦੁਸ਼ਟ ਕਾਰਜ ਕਰਦਿਆਂ, ਵਿਚੋਂ ਪੈਸੇ ਭੀ ਖਾਂਦੇ ਰਹੇ। **ਇਹਨਾਂ ਵਿਚੋਂ ਇਕ, ਬੇਈਮਾਨਾਂ ਦਾ ਮੁਖੀ ਆਤਮਾ ਸਿੰਘ ਲੁਬਾਣਾ ਨਾਮੀ ਵਿਅਕਤੀ ਸੀ। ਇਹ ਬੰਦਾ ਸਿੱਖਾਂ ਦੇ ਕਾਤਲਾਂ ਨਾਲ ਰਲ ਕੇ, ਸਮਝੌਤਾ ਕਰਵਾਣ ਦੇ ਨਾਮ ਤੇ, ਪੈਸਾ ਖਾਂਦਾ ਰਿਹਾ। ਜਦੋਂ ਇਕ ਦੁਖਿਆਰੀ ਬੀਬੀ ਦਰਸ਼ਨ ਕੌਰ ਨੇ ਇਸ ਦਾ ਪਾਪ ਕਰਮ ਨੰਗਾ ਕੀਤਾ ਤਾਂ ਇਸ ਜਾਲਮ ਬੰਦੇ ਨੇ, ਬੀਬੀ ਦੀ ਬੁਰੀ ਤਰਾਂ ਮਾਰਕੁਟ ਕੀਤੀ। ਗੱਲ ਅਕਾਲ ਤਖਤ ਦੇ ''ਜਥੇਦਾਰ'' ਤਕ ਪਹੁੰਚੀ। ਉਸਨੇ ਭੀ ਆਤਮਾ ਸਿੰਘ ਨੂੰ ਕੋਈ ਕਰਾਰੀ ਸਜਾ ਨਾ ਦਿੱਤੀ। ਅੰਤ ਨੂੰ ਲੁਬਾਣਾ ਬਰਾਦਰੀ ਦੀ ਪੰਚਾਇਤ ਨੇ, ਆਤਮਾ ਸਿੰਘ ਨੂੰ ਸਦ ਕੇ ਉਸ ਦੇ ਮੰਦੇ ਕੰਮਾਂ ਦਾ ਸਾਰਾ ਚਿੱਠਾ ਪੜ੍ਹ ਕੇ ਸੁਣਾਇਆ। ਉਹ ਕੋਈ ਤਸੱਲੀ ਬਖਸ਼ ਜੁਆਬ ਨੇ ਦੇ ਸਕਿਆ। ਲੁਬਾਣਾ ਪੰਚਾਇਤ ਨੇ ਪੰਜ ਲੱਖ ਰੁਪਏ ਜੁਰਮਾਨਾ ਲਾਇਆ ਜੋ ਕਿ ਇਸ ਨੂੰ ਭਰਨਾ ਪਿਆ ਤੇ ਮੁਆਫੀ ਮੰਗਣੀ ਪਈ।** ਇਹਨਾਂ ਉੱਜੜੇ ਤੇ ਦੁਖਿਆਰੇ ਪ੍ਰਵਾਰਾਂ ਦੀ ਕਿਸੇ ਸੰਸਥਾ ਨੇ ਠੋਸ ਪਲਾਨਿੰਗ ਬਣਾ ਕੇ ਮਦਤ ਨਾ ਕੀਤੀ। ਇਹਨਾਂ ਦੇ ਪੁੱਤਰ ਅਣਪੜ ਰਹਿ ਗਏ ਅਵਾਰਾ ਹੋ ਗਏ। ਹੋਰ ਬੁਰੀਆਂ ਆਦਤਾਂ ਦੇ ਸ਼ਿਕਾਰ ਹੋ ਗਏ। ਲੜਕੀਆਂ ..........? ਜਿਉਂ ਜਿਉਂ ਜਵਾਨੀ ਆਉਣ ਲੱਗੀ, ਲੋੜਾਂ ਪੂਰੀਆਂ ਨਾ ਹੋਈਆਂ, ਜਿਸਮ ਵੇਚਣ ਦੇ ਮੰਦੇ ਰਾਹ ਪੈ ਗਈਆਂ। ਕਈ ਵਾਰੀ ਕਾਤਲਾਂ ਦੇ

ਸੰਗੀ ਸਾਥੀ ਹੀ ਫੁਸਲਾ ਕੇ ਲੈ ਜਾਂਦੇ ਤੇ ਹਨੇਰੀ ਖੱਡ (ਵੇਸਵਾ ਗਮਨੀ) ਵੱਲ ਧੱਕਾ ਦੇ ਦਿੰਦੇ। ਆਪਣੀ ਨਿੱਜੀ ਸਮਰੱਥਾ ਮੁਤਾਬਕ, ਕੁਝ ਵਕੀਲਾਂ ਨੇ, ਮਨੁੱਖੀ ਅਧਿਕਾਰ ਜਥੇਬੰਦੀਆਂ ਨੇ, ਇਹਨਾਂ ਦੀ ਮੱਦਤ ਕੀਤੀ। ਪਰ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਗੋਲਕਾਂ ਦਾ ਮੂੰਹ ਇਹਨਾਂ ਗਰੀਬਾਂ ਵੱਲ ਨਾ ਕਰ ਸਕੀਆਂ। ਮੂਕ ਦਰਸ਼ਕ ਬਣਕੇ ਵਿਲਕਦਿਆਂ ਦਾ ਤਮਾਸ਼ਾ ਵੇਖਦੀਆਂ ਰਹੀਆਂ।

ਤੇਰਾਂ ਚੌਦਾਂ ਸਾਲ ਤੱਕ ਕੁਝ ਇਕ ਸਿਰੜੀ ਬੀਬੀਆਂ, ਸਿੱਖਾਂ ਦੇ ਕਾਤਲਾਂ ਨੂੰ ਸਜਾ ਦਿਵਾਉਣ ਲਈ ਜੀਅ ਜਾਨ ਨਾਲ ਕੋਸ਼ਿਸ਼ਾਂ ਕਰਦੀਆਂ ਰਹੀਆਂ। ਇਧਰ ਮਾਰ ਦਿੱਤੇ ਗਏ ਸਿੱਖ ਵਿਅਕਤੀ ਦੇ ਪ੍ਰਵਾਰ ਨੂੰ, ਸੁਪ੍ਰੀਮ ਕੋਰਟ ਦੇ ਸੀਨੀਅਰ ਜੱਜ ਸ੍ਰ: ਕੁਲਦੀਪ ਸਿੰਘ ਅਤੇ ਇਕ ਇਕ ਮੁਸਲਮਾਨ ਜੱਜ ਕੇ. ਸਗੀਰ ਅਹਿਮਦ ਨੇ ਮਿਲ ਕੇ, ਪ੍ਰਤੀ ਵਿਅਕਤੀ ਤਿੰਨ ਲੱਖ ਰੁਪਏ ਦੇਣ ਦਾ ਹੁਕਮ ਦੇ ਦਿੱਤਾ। ਭਾਰਤ ਸਰਕਾਰ ਤੁਰੰਤ ਇਹ ਰਕਮ ਜਾਰੀ ਕਰੇ। ਨਾਲ ਹੀ ਜਿਸ ਦਿਨ ਤੋਂ ਕੋਈ ਸਿੱਖ ਮਾਰਿਆ ਗਿਆ ਹੈ, ਉਸੇ ਦਿਨ ਤੋਂ ਇਸ ਪੈਸੇ ਤੇ ਵਿਆਜ ਭੀ ਪੀੜ੍ਹਤ ਪ੍ਰਵਾਰ ਨੂੰ ਦਿੱਤਾ ਜਾਵੇ। ਜਿਸ ਪ੍ਰਵਾਰ ਦਾ ਇਕ ਮੈਂਬਰ ਮਾਰਿਆ ਗਿਆ ਸੀ ਉਸ ਨੂੰ ਚੌਦਾਂ ਸਾਲ ਦਾ ਵਿਆਜ ਪਾ ਕੇ ਪੰਦਰਾਂ ਕੁ ਲੱਖ ਰੁਪਏ ਮਿਲਣੇ ਸੀ। ਬੀਬੀ ਦਰਸ਼ਨ ਕੌਰ ਦੇ ਬਾਰਾਂ ਜੀਅ ਮਾਰ ਦਿੱਤੇ ਗਏ ਸਨ। ਕੇਸ ਜਿੱਤ ਜਾਣ ਤੇ, ਇਸ ਨੂੰ ਬਹੁਤ ਭਾਰੀ ਰਕਮ ਮਿਲਣ ਵਾਲੀ ਸੀ।

ਜਦੋਂ ਕੇਸ ਜਿੱਤ ਕੇ ਬੀਬੀ ਦਰਸ਼ਨ ਕੌਰ ਅਤੇ ਹੋਰ ਬੀਬੀਆਂ ਕਚਹਿਰੀਆਂ ਵਿਚੋਂ ਬਾਹਰ ਆਈਆਂ ਤਾਂ ਪੱਤਰਕਾਰਾਂ ਨੇ ਸਵਾਲ ਕਰਨੇ ਚਾਹੇ। ਪੁੱਛਿਆ ''ਬੀਬੀ ਜੀ ਤੁਹਾਨੂੰ ਬਹੁਤ ਵੱਡੀ ਰਕਮ ਮਿਲਣ ਵਾਲੀ ਹੈ, ਇਸ ਦਾ ਕੀ ਕਰੋਗੇ''? ਬੀਬੀ ਦਰਸ਼ਨ ਕੌਰ ਨੇ ਕੰਬਦੇ ਬੁੱਲ੍ਹਾਂ ਨਾਲ ਛਲਕਦੀਆਂ ਅੱਖਾਂ ਨਾਲ, ਵਿਲਕ ਰਹੇ ਮਨ ਨਾਲ ਸੂਹੀ ਲਾਟ ਵਰਗੇ ਦੋ ਬੋਲ ਇਉਂ ਕਹੇ **''ਮੈਂ ਚੌਦਾਂ ਸਾਲ ਤੋਂ ਦਰ ਦਰ ਦੀਆਂ ਠੋਕਰਾਂ ਖਾ ਰਹੀ ਹਾਂ। ਮੇਰੇ ਪ੍ਰਵਾਰ ਦੇ ਬਾਰਾਂ ਜੀਅ ਮਾਰ ਦਿੱਤੇ ਗਏ। ਜੋ ਕੁਝ ਬਚਿਆ ਸੀ, ਅਤੇ ਮੰਗ ਪਿਨ ਕੇ ਮੁਕਦਮਿਆਂ ਤੇ ਲਾ ਦਿੱਤਾ। ਮੈਂ ਪਹਿਲਾਂ ਮਹੀਨਾ ਦੋ ਮਹੀਨੇ ਰੱਜ ਰੱਜ ਕੇ ਰੋਟੀਆਂ ਖਾਵਾਂਗੀ। ਬੱਚਿਆਂ ਨੂੰ ਰੱਜਵਾਂ ਖਾਣਾ ਖੁਆਵਾਂਗੀ। ਫਿਰ ਮੈਂ ਸੋਚਾਂਗੀ ਕਿ ਇਹਨਾਂ ਪੈਸਿਆਂ ਦਾ ਕੀ ਕਰਨਾ ਹੈ।''** ਸਿੱਖ ਕੌਮ ਦੇ ਚੌਧਰੀਆਂ ਦੇ ਮੂੰਹ ਤੇ ਬੀਬੀ ਨੇ ਕੁਝ ਸ਼ਬਦਾਂ ਰਾਹੀਂ ਬਹੁਤ ਕਰਾਰੀ ਚਪੇੜ ਮਾਰ ਦਿੱਤੀ। ਦਿੱਲੀ ਦੇ ਕਤਲੇਆਮ ਬਾਰੇ, ਮਨੁੱਖੀ ਅਧਿਕਾਰ ਜਥੇਬੰਦੀਆਂ ਵੱਲੋਂ, ਇਕ ਨਵੰਬਰ ਤੋਂ ਦਸ ਨਵੰਬਰ 1984 ਤਕ ਖੁਦ ਪੜਤਾਲ ਕਰਕੇ ਜੋ ਰਿਪੋਰਟ ਤਿਆਰ ਕਰਕੇ ਛਾਪੀ ਗਈ ਸੀ ਉਸ ਦਾ ਨਾਂ ਸੀ **''ਦੋਸ਼ੀ ਕੌਣ ਹਨ''?** ਇਸ ਰਿਪੋਰਟ ਵਾਲੇ ਕਿਤਾਬਚੇ ਨੂੰ ਪੰਜਾਬ ਵਿਚ ਦਾਖਿਲ ਹੁੰਦਿਆਂ, ਪੰਜਾਬ ਪੁਲਿਸ ਨੇ ਕਈ ਵਾਰੀ ਜ਼ਬਤ ਕੀਤਾ ਤੇ ਅੱਗ ਲਾਈ। ਮੈਂ ਇਸ ਨੂੰ ਕੈਨੇਡਾ ਵਿਚੋਂ ਪ੍ਰਾਪਤ ਕਰਕੇ ਪੜ੍ਹ ਸਕਿਆਂ ਹਾਂ। ਖੂਨ ਦੇ ਹੰਝੂ ਕੇਰਨ ਲਈ, ''ਸਤਯੇ ਮੇਵ ਜਯਤੇ'', ਨਾਹਰਾ ਲਾਉਣ ਵਾਲੇ ਦਰਿੰਦਿਆਂ ਦਾ ਅਸਲੀ ਚਿਹਰਾ ਵੇਖਣ ਲਈ, ਤੁਸੀਂ ਭੀ ਕਿਧਰੋਂ ਲੈ ਕੇ ਇਹ ਕਿਤਾਬਚਾ ਜ਼ਰੂਰ ਪੜ੍ਹਨਾ। (ਲੇਖਕ ਨੇ ਇਹ ਕਿਤਾਬਚਾ ਵਿਸਥਾਰਤ ਭੂਮਿਕਾ ਸਮੇਤ, ਛਾਪ ਦਿਤਾ ਹੈ। ਮੰਗਵਾ ਕੇ ਪੜ੍ਹ ਸਕਦੇ ਹੋ)।

000

# ਖਾੜਕੂਆਂ ਦੀ ਚੜ੍ਹਤ ਅਤੇ ਨਿਘਾਰ

ਪੰਜਾਬ ਸਿੱਖ ਬਹੁ ਗਿਣਤੀ ਸੂਬਾ ਹੋਣ ਕਰਕੇ, ਆਪਣੇ ਆਪ ਨੂੰ ਹਿੰਦੂ ਨਾ ਮੰਨਣ ਕਰਕੇ, ਸਗੋਂ ਹਿੰਦੂ ਧਾਰਮਕ ਗ੍ਰੰਥਾਂ ਦੀ ਸਿਧਾਂਤਕ ਵਿਰੋਧਤਾ ਕਾਰਣ, ਕੱਟੜਵਾਦੀ ਹਿੰਦੂਆਂ ਲਈ ਸਦਾ ਕੰਡੇ ਵਾਂਗ ਚੁਭਦਾ ਰਿਹਾ ਹੈ। ਇਸੇ ਕਾਰਨ ਪੰਜਾਬ ਦੀ ਕੋਈ ਜਾਇਜ ਮੰਗ ਭੀ ਮੰਨੀ ਨਹੀਂ ਜਾਂਦੀ। ਇਸ ਘੋਰ ਬੇ ਇਨਸਾਫੀ ਕਾਰਨ, ਸਿੱਖ ਜੰਤਾ ਵਿਆਕੁਲ ਸੀ। ਇਸੇ ਨਿਰਾਸਤਾ ਕਾਰਨ ਪੁਰਾਣੀ ਸਥਾਪਤ ਅਕਾਲੀ ਲੀਡਰਸ਼ਿਪ ਆਪਣਾ ਆਧਾਰ ਗੁਆ ਰਹੀ ਸੀ। ਇਸੇ ਗੁੱਸੇ ਅਤੇ ਬੇਇਨਸਾਫੀ ਵਿਚੋਂ, ਜੰਗਜੂ ਸੋਚ ਨੇ ਜਨਮ ਲਿਆ। ਇਸ ਸੋਚ ਨੂੰ ਪ੍ਰਚੰਡ ਕਰਨ ਵਾਲਾ ਨੌਜਵਾਨ ''ਬਰਾੜ ਜੱਟ'' ਇਕ ਡੇਰੇ ਦਾ ਮੁਖੀ ''ਸੰਤ'' ਮਿਲ ਗਿਆ। ਸਾਧਾਰਨ ਜਿਹੇ ਡੇਰੇ ਦਾ ਕੋਈ ਮੁਖੀ ਭੀ ਆਮ ਲੋਕਾਂ ਲਈ ਪੂਜਣਯੋਗ ਬਣ ਜਾਂਦਾ ਹੈ। ਇਹ ''ਸੰਤ'' ਤਾਂ ਸਿੱਖਾਂ ਨੂੰ ਹੱਕ ਦੁਆਉਣ ਦਾ ਵਿਸ਼ਵਾਸ਼ ਭੀ ਦੁਆਉਂਦਾ ਸੀ। ਇਸਦੇ ਲੈਕਚਰਾਂ ਵਿਚ ''ਦੁਸ਼ਟਾਂ ਨੂੰ ਸੋਧ ਦੇਣ'' ਦੀਆਂ ਆਵਾਜ਼ਾਂ ਭੀ ਸਨ। ਇਸ ਦੇ ਸਾਥੀ ਕਈਆਂ ਨੂੰ ''ਸੋਧ'' ਭੀ ਦਿੰਦੇ ਸਨ। ਸਰਕਾਰ ਸਾਰਾ ''ਤਮਾਸ਼ਾ'' ਪਾਸੇ ਖਲੋ ਕੇ ਵੇਖ ਰਹੀ ਸੀ। ਸਰਕਾਰੇ ਦਰਬਾਰੇ ਇਸ ਦੇ ਆਖੇ ਕਈ ਸਾਰੇ ਕੰਮ ਭੀ ਹੋਣ ਲੱਗ ਪਏ। ਛੇਤੀ ਕੀਤੇ ਪੁਲਿਸ ਖਾੜਕੂਆਂ ਨੂੰ ਹੱਥ ਨਹੀਂ ਪਾਉਂਦੀ ਸੀ। ਅਜਿਹੇ ਵਰਤਾਰੇ ਵਿਚ, ਆਮ ਸਿੱਖ ਸਮਾਜ ਇਸ ਨਵੀਂ ਉਭਰ ਰਹੀ ਤਾਕਤ ਨੂੰ ਜੀਉ ਆਇਆਂ ਆਖਣ ਲਈ ਉਸ ਦੇ ਪਿਛੇ ਹੋ ਟੁਰਿਆ। ਜਿਥੇ ਤੱਕ ਭਾਰਤ ਸਰਕਾਰ ਇਸ ਸ਼ਕਤੀ ਨੂੰ ਉਭਾਰਨਾ ਚਾਹੁੰਦੀ ਸੀ ਉਭਾਰ ਦਿੱਤੀ। ਉਪ੍ਰੰਤ ਦਰਬਾਰ ਸਾਹਿਬ ਤੇ ਫੌਜੀ ਹਮਲਾ , ਸਿੱਖ ਕੌਮ ਨੂੰ ਤਬਾਹ ਕਰਨ ਵਾਲਾ ਮਾਰੂ ਵਿਸਫੋਟ ਕਰ ਦਿੱਤਾ ਗਿਆ।

ਕੁਝ ਸਮੇਂ ਦੀ ਡੌਰ ਭੌਰ ਅਵਸਥਾ ਵਿਚੋਂ, ਭਾਈ ਜਰਨੈਲ ਸਿੰਘ ਦੇ ਪਿਤਾ ਨੂੰ ਬਿਨਾ ਕਿਸੇ ਰਾਜਸੀ ਸੂਝ-ਬੂਝ ਦੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ (ਜਾਂ ਕਨਵੀਨਰ) ਥਾਪ ਦਿੱਤਾ। ਕੋਈ ਰਾਜਨੀਤਿਕ ਸਿਆਣਪ ਵਰਤਕੇ, ਮਾਨਸਿਕ ਤੌਰ ਤੇ ਜ਼ਖ਼ਮੀ ਹੋਈ ਸਿੱਖ ਕੌਮ ਨੂੰ ਸਹੀ ਸੇਧ ਨਾ ਮਿਲ ਸਕੀ। ਸਗੋਂ **''ਬਦਲਾ ਲਵਾਂਗੇ ਤੇ ਸੋਧ ਦਿਆਂਗੇ''** ਦੇ ਬੋਲ ਉਚੇ ਹੁੰਦੇ ਗਏ । ਸਮਾਂ ਪਾ ਕੇ ਇਸੇ ਸੋਚ ਵਿਚੋਂ ਖਾੜਕੂਵਾਦ ਦਾ ਜਨਮ ਅਤੇ ਉਥਾਨ ਹੋਇਆ। ਖਾੜਕੂ ਸਫਾਂ ਵਿਚ ਸ਼ਾਮਿਲ ਹੋਣ ਵਾਲੇ ਬਹੁਤੇ ਨੌਜਵਾਨ ਨਾ ਤਜਰਬੇਕਾਰ ਤੇ ਅੱਲੜ੍ਹ ਉਮਰ ਦੇ ਸਨ। ਇਹਨਾਂ ਦੇ ਅਥਾਹ ਧਾਰਮਿਕ ਜੋਸ਼ ਨੂੰ ਕੰਟਰੋਲ ਕਰਨ ਵਾਲੀ ਕਮੇਟੀ ਜਾਂ ਕੋਈ ਪਰੌੜ ਵਿਅਕਤੀ ਨਹੀਂ ਸੀ। ਪਹਿਲਾਂ ਪਹਿਲ ਇਹਨਾਂ ਨੇ ਸਰਕਾਰ ਵਿਚ ਬੈਠੇ ਸਿੱਖ ਦੁਸ਼ਮਣਾਂ ਨੂੰ ਚੰਗੇ

ਪਸੀਨੇ ਛੁਡਵਾਏ। ਕਈਆਂ ਨੂੰ ਵਾਜਿਬ ਸਜਾਵਾਂ ਭੀ ਦਿੱਤੀਆਂ। SYL ਨਹਿਰ ਬਣਾਉਣ ਦਾ ਕੰਮ ਭੀ ਬੰਦ ਕਰਵਾਇਆ। ਪੰਜਾਬ ਵਿਚ ਅਤੇ ਪੰਜਾਬ ਤੋਂ ਬਾਹਰਲੇ ਕਈ ਵੱਡੇ ਪਾਪੀਆਂ ਨੂੰ ਕੀਤੇ ਦੀ ਸਜਾ ਦਿੱਤੀ। ਫਿਰ ਭੀ ਇਹ ਲਹਿਰ ਬਹੁਤਾ ਸਮਾਂ ਨਾ ਕੱਢ ਸਕੀ। ਇਸ ਵਿਚ ਜਥੇਬੰਦਕ ਕਮਜੋਰੀਆਂ ਤੋਂ ਇਲਾਵਾ ਸਰਕਾਰੀ ਘੁਸਪੈਠ ਨੇ ਇਸ ਨੂੰ ਫੇਲ੍ਹ ਕਰਨ ਵਿਚ ਮੁੱਖ ਰੋਲ ਅਦਾ ਕੀਤਾ।

ਭਾਈ ਦਲਜੀਤ ਸਿੰਘ ਬਿੱਟੂ, ਅਕਤੂਬਰ 2005 ਨੂੰ ਰਿਹਾ ਹੋ ਕੇ, ਜਦੋਂ ਲੁਧਿਆਣੇ ਆਪਣੇ ਘਰ ਪੁੱਜਿਆ ਤਾਂ ਮੈਂ ਖੁਦ ਮਿਲਣ ਵਾਸਤੇ ਘਰ ਗਿਆ। ਸਰਸਰੀ ਜਿਹੀ ਸੁੱਖ ਸਾਂਦ ਤੋਂ ਬਾਅਦ ਪੰਥਕ ਮਸਲਿਆਂ ਤੇ ਵਿਚਾਰਾਂ ਆਰੰਭ ਹੋਈਆਂ। ਮੈਂ ਬੇਨਤੀ ਕੀਤੀ ਕਿ ''1992 ਦੀਆਂ ਵਿਧਾਨ ਸਭਾ ਚੋਣਾਂ ਦਾ ਬਾਈਕਾਟ ਕਰਕੇ, ਖਾੜਕੂ ਗਰੁੱਪਾਂ ਬਹੁਤ ਵੱਡੀ ਗਲਤੀ ਕੀਤੀ ਹੈ। ਤੁਸੀਂ ਅਜਿਹਾ ਕਿਸ ਆਧਾਰ ਤੇ ਕੀਤਾ''?

ਭਾਈ ਦਲਜੀਤ ਸਿੰਘ - ''ਅਸਲ ਵਿਚ ਸਾਡੇ ਕੋਲ ਚੋਣ ਵਿਚ ਖੜੇ ਕਰਨ ਲਈ ਉਮੀਦਵਾਰ ਨਹੀਂ ਸਨ''।

**ਲੇਖਕ-''ਤੁਹਾਡੇ ਬਾਈਕਾਟ ਨੇ ਬੇਅੰਤ ਸਿੰਘ ਨੂੰ ਥਾਲੀ ਵਿਚ ਰਾਜਗੱਦੀ ਪਰੋਸ ਕੇ ਦੇ ਦਿੱਤੀ। ਉਸ ਤੋਂ ਮਗਰੋਂ ਬੇਅੰਤ ਸਿੰਘ ਤੇ K.P.S ਗਿੱਲ ਦੀ ਚੰਡਾਲ ਚੌਕੜੀ ਨੇ, ਦੋ ਲੱਖ ਗਭਰੂਆਂ ਨੂੰ ਖਪਾ ਦਿੱਤਾ। ਤੁਹਾਨੂੰ 117 ਉਮੀਦਵਾਰ ਖੜੇ ਕਰਨ ਲਈ ਨਾ ਲੱਭੇ। ਪਰ ਮਰਵਾਉਣ ਲਈ ਦੋ ਲੱਖ ਲੱਭ ਗਏ? ਸ਼ਾਇਦ ਦੁਨੀਆਂ ਦੀ ਇਹ ਅਨੋਖੀ ਦੁਖਦਾਈ ਦਾਸਤਾਨ ਹੋਵੇਗੀ, ਕਿ ਲੀਡਰ ਤੋਂ ਬਿਨਾਂ, ਨਿਸ਼ਾਨੇ ਤੋਂ ਬਗੈਰ ਗੁਰੂ ਪਿਆਰ ਵਿਚ ਭਿੱਜ ਕੇ, ਦੋ ਲੱਖ ਬਹਾਦਰਾਂ ਨੇ ਆਪਣੀ ਜਾਨ ਵਾਰ ਦਿੱਤੀ''। ਇਸਦਾ ਭਾਈ ਬਿੱਟੂ ਨੇ ਕੋਈ ਜਵਾਬ ਨਾ ਦਿੱਤਾ, ਤੇ ਮੁਲਾਕਾਤ ਖਤਮ ਹੋ ਗਈ।**

ਖਾੜਕੂਆਂ ਦੀ ਚੜ੍ਹਤ ਸਮੇਂ, ਇਕ ਜੈਕਾਰਾ ਛੱਡਣ ਦੀ ਦੇਰ ਹੁੰਦੀ ਸੀ ਕਿ ਸਾਰੇ ਪੰਜਾਬ ਵਿਚ ਸੰਨਾਟਾ ਛਾ ਜਾਂਦਾ ਸੀ। ਸੜਕੀ ਆਵਾਜਾਈ ਜਦੋਂ ਦਿਲ ਚਾਹੇ ਬੰਦ ਕਰ ਦੇਣ। ਰੇਲਾਂ ਦਾ ਰਾਹ ਜਦੋਂ ਮਨ ਚਾਹੇ, ਰੋਕ ਦੇਣਾ। ਪੁਲਿਸ ਵਾਲੇ ਖਾੜਕੂਆਂ ਨੂੰ ਵੇਖ ਕੇ ਰਾਹ ਛੱਡ ਦੇਣ। ਪੰਜਾਬ ਦੇ ਹਰ ਘਰ ਅੰਦਰ ਖਾੜਕੂਆਂ ਦਾ ਆਦਰ ਹੋਣ ਲੱਗਾ। ਪਰ ਹਾਏ ! ਅੱਲੜ੍ਹ ਉਮਰਾਂ ਨਾ ਤਜਰਬੇਕਾਰੀ ਵਿਚ ਹੋਛੀਆਂ ਹਰਕਤਾਂ ਹੋਣ ਲੱਗੀਆਂ। ਕੇਂਦਰੀ ਕੰਟਰੋਲ ਕਰਨ ਵਾਲੀ ਕੋਈ ਕਮੇਟੀ ਨਾ ਬਣਾਈ। ਆਪੋ ਧਾਪੀ ਪੈ ਗਈ। ਗੁਰੀਲਾ ਜੰਗ ਵਿਚ ਸਿਰ ਲੱਥ ਯੋਧੇ ਰੂਪੋਸ਼ ਰਹਿ ਕੇ ਸਰਕਾਰ ਨੂੰ ਮੰਗਾਂ ਮੰਨਣ ਲਈ ਮਜ਼ਬੂਰ ਕਰ ਦਿੰਦੇ ਹਨ। ਸਰਕਾਰ ਆਪਣੇ ਨੁਮਾਇੰਦੇ ਗਲਬਾਤ ਕਰਨ ਲਈ ਤਿਆਰ ਕਰਦੀ ਹੈ। ਪਰ ਗਲ ਕੀਹਦੇ ਨਾਲ ਕਰੇ ? ਖਾੜਕੂਆਂ ਨੇ ਆਪਣੀ ਕੋਈ ਅਜਿਹੀ ਜਥੇਬੰਦੀ ਸਥਾਪਤ ਨਹੀਂ ਕੀਤੀ, ਜੋ ਰਾਜਸੀ ਵਿੰਗ ਦੇ

ਤੌਰ ਤੇ ਖੁੱਲੇਆਮ ਗਲਬਾਤ ਕਰ ਸਕੇ। ਖਾੜਕੂ ਸਾਹਮਣੇ ਆ ਨਹੀਂ ਸਕਦੇ, ਤੇ ਸਰਕਾਰ ਗਲਬਾਤ ਕੀਹਦੇ ਨਾਲ ਕਰੇ?

ਕਸ਼ਮੀਰ ਵਿਚ ਪਿਛਲੇ ਸੱਠ ਸਾਲ ਤੋਂ ਗੁਰੀਲਾ ਲੜਾਈ ਚੱਲ ਰਹੀ ਹੈ। ਖਾੜਕੂਆਂ ਦੇ ਆਪਣੇ ਹਮਦਰਦ ਗੁਰੀਲਾ ਜੰਗ ਤੋਂ ਬਾਹਰ ਰਹਿ ਕੇ, ਜਦੋਂ ਬੁਲਾਵਾ ਆਵੇ, ਆਪਣੇ ਪੱਖ ਪੇਸ਼ ਕਰਨ ਲਈ ਸਰਕਾਰ ਨਾਲ ਗਲਬਾਤ ਕਰਦੇ ਹਨ। ਆਸਾਮ ਦੇ ਇਕ ਜ਼ਿਲ੍ਹੇ ਦਾਰਜੀਲਿੰਗ ਵਿਚ ਗੁਰੀਲਾ ਜੰਗ ਬਹੁਤ ਦੇਰ ਤੱਕ ਚੱਲੀ। ਉਥੋਂ ਦੇ ਲੀਡਰ ਸੁਭਾਸ਼ ਘੀਸਿੰਘ ਨੇ ਉਸਦਾ ਬੜਾ ਲਾਹਾ ਲਿਆ। ਦਾਰਜੀਲਿੰਗ ਨੂੰ ਆਸਾਮ ਤੋਂ ਵੱਖ ਕਰਕੇ, ਛੋਟਾ ਜਿਹਾ ਸੂਬਾ ਬਣਾ ਕੇ , ਸੁਭਾਸ਼ ਦੇ ਹਵਾਲੇ ਕਰ ਦਿੱਤਾ ਗਿਆ। ਲੰਕਾ ਵਿਚ ਤਾਮਿਲ ਟਾਈਗਰ ਪਿਛਲੇ ਚਾਲੀ ਸਾਲ ਤੋਂ ਗੁਰੀਲਾ ਲੜਾਈ ਲੜ ਰਹੇ ਹਨ। ਜਦੋਂ ਸਰਕਾਰ ਚਾਹੇ ਤਾਂ ਉਪਨ ਗਰੁੱਪ ਗੱਲਬਾਤ ਭੀ ਕਰਦਾ ਹੈ। ਫਲਸਤੀਨੀਆਂ ਨੂੰ ਸੱਠ ਸਾਲ ਹੋ ਗਏ, ਗੁਰੀਲਾ ਲੜਾਈ ਲੜਦਿਆਂ ਨੂੰ। ਯਾਸਰ ਅਰਾਫਾਤ ਸਰਕਾਰ ਨਾਲ ਗੱਲਬਾਤ ਕਰਨ ਲਈ ਤਿਆਰ ਹੁੰਦਾ ਸੀ। ਇਧਰ ਬਹਾਦਰਾਂ ਦੀ ਕੌਮ, ਕੇਵਲ ਪੰਦਰਾਂ ਕੁ ਸਾਲ ਹੀ ਹਥਿਆਰਬੰਦ ਲੜਾਈ ਲੜ ਸਕੀ। ਉਹ ਭੀ ਬੇ ਤਰਤੀਬੀ ਵਿਚ। ਮਿਸਲਾਂ ਦੇ ਸਮੇਂ ਸਿੰਘ ਸੌ ਸਾਲ ਤੱਕ ਲੜਦੇ ਥੱਕੇ ਹਾਰੇ ਨਹੀਂ। ਢੰਗ ਬਦਲਕੇ ਅੱਗੇ ਹੀ ਅੱਗੇ ਵਧਦੇ ਰਹੇ। ਪਰ ਅੱਜ ਦੀ ਸਿਤਮ ਜਰੀਫੀ ਵੇਖੋ ਕਿ ਦਸ ਪੰਦਰਾਂ ਸਾਲ ਵਿਚ ਖਾੜਕੂਵਾਦ ਦਾ ਮਲੀਆ ਮੇਟ ਹੋ ਗਿਆ। ਸਿੱਖਾਂ ਵਿਚੋਂ ਬਹਾਦਰੀ ਵਾਲਾ ਤੱਤ ਖਤਮ ਹੁੰਦਾ ਹੀ ਨਜ਼ਰ ਨਹੀਂ ਆ ਰਿਹਾ , ਸਗੋਂ 90% ਸਿੱਖ ਨੌਜਆਨ ਦਹਾੜੀ ਕੇਸ ਕਟਵਾ ਕੇ,ਅੰਨੀ ਤੇ ਬੇਈਮਾਨ ਲੀਡਰਸ਼ਿਪ ਨੂੰ ਬੇਦਾਵਾ ਦੇ ਚੁੱਕਿਆ ਹੈ। ਆਪੋ ਧਾਪੀ ਵਿਚ ਬਿਨਾਂ ਕਿਸੇ ਪਲਾਨਿੰਗ ਤੋਂ ਦੋ ਚਾਰ ਜਜ਼ਬਾਤੀ ਜਿਹੇ, ਕੱਚੀ ਉਮਰ ਦੇ ਮੁੰਡੇ ਆਪਣੇ ਦੁਆਲੇ ਇਕੱਠੇ ਕਰਨੇ , ਇਕ ਨੇ ਏਰੀਆ ਕਮਾਂਡਰ ਜਰਨਲ ਬਣ ਜਾਣਾ ਤੇ ਬਾਕੀਆਂ ਨੇ ਸੰਗੀ ਸਾਥੀ। ਸ਼ੱਕ ਕੀਤਾ ਜਾਂਦਾ ਹੈ ਕਿ KPS ਗਿੱਲ ਪੁਲਿਸ ਚੀਫ ਨੇ ਖਾੜਕੂਆਂ ਅਤੇ ਪੁਲਿਸ ਦੇ ਹਮਦਰਦੀ ਵਾਲੇ ਵਤੀਰੇ ਨੂੰ ਲਾਂਬੂ ਲਾਉਣ ਵਾਸਤੇ, ਆਪਣੇ ''ਕੈਂਟਾਂ'' ਤੋਂ ਦੋ ਰਾਤਾਂ ਵਿਚ 85 ਦੇ ਕਰੀਬ ਪੁਲਿਸ ਵਾਲਿਆਂ ਦੇ ਪ੍ਰਵਾਰਿਕ ਮੈਂਬਰ ਕਤਲ ਕਰਵਾ ਦਿੱਤੇ। ਉਪ੍ਰੰਤ ਪੁਲਿਸ ਮੁਖੀ ਨੇ, ਪੰਜਾਬ ਦੇ ਸਾਰੇ ਵੱਡੇ ਪੁਲਿਸ ਅਫਸਰਾਂ ਦੀ ਮੀਟਿੰਗ ਸੱਦ ਕੇ ਸਖਤ ਚੇਤਾਵਨੀ ਦਿੱਤੀ। '' ਇਹ ਜ਼ਿੰਦਗੀ ਤੇ ਮੌਤ ਦੀ ਲੜਾਈ ਹੈ। ਹੁਣ ਤਾਂ ਖਾੜਕੂ ਸਾਡਾ ਮਲੀਆ ਮੇਟ ਹੀ ਕਰ ਦੇਣ ਲੱਗੇ ਹਨ। ਪਚਾਸੀ ਮੈਂਬਰ ਸਾਡੇ ਮਾਰ ਦਿੱਤੇ ਗਏ ਹਨ। ਬੱਚੇ ਬੀਬੀਆਂ ਅਤੇ ਬਜ਼ੁਰਗਾਂ ਨੂੰ ਭੀ ਨਹੀਂ ਛੱਡਿਆ। ਜੇ ਤੁਸੀਂ ਰਹਿਮ ਕਰਦੇ ਰਹੇ, ਉਹ ਤੁਹਾਨੂੰ ਬੇ ਰਹਿਮੀ ਨਾਲ ਖਤਮ ਕਰ ਦੇਣਗੇ। ਸਮੇਤ ਪ੍ਰਵਾਰਾਂ ਦੇ ਖਾੜਕੂਆਂ ਨੂੰ ਖਤਮ ਕਰ ਦਿਓ। ਜਿਥੇ ਪਨਾਹ ਲਈ ਦਾ ਪਤਾ ਲੱਗੇ, ਰੋਟੀ ਖਵਾਈ ਦੀ ਸੂਹ ਮਿਲੇ ਸਭ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ''।

**ਪੁਲਿਸ ਵਾਲਿਆਂ ਦਾ ਸੁਭਾ ਤਾਂ ਇਨਸਾਨਾਂ ਵਾਲਾ ਵੈਸੇ ਹੀ ਨਹੀਂ ਹੁੰਦਾ। ਉਤੋਂ ਪੁਲਿਸ ਮੁਖੀ ਵੱਲੋਂ, ਹੌਲਦਾਰਾਂ ਤੱਕ ਨੂੰ ਗੋਲੀ ਚਲਾਉਣ ਦੇ ਅਧਿਕਾਰ ਦੇ ਦਿੱਤੇ। ਜਿਥੇ ਮਨੁੱਖੀ ਦਰਦ ਵਾਲੀਆਂ ਸਭ ਭਾਵਨਾਵਾਂ ਕੁਚਲ ਦਿੱਤੀਆਂ ਗਈਆਂ। ਜਿਸ ਜੀਅ ਕੀਤਾ ਪੁੱਤਰ ਭਰਾ ਪਤੀ ਚੁੱਕ ਲਿਆ। ਅੰਨ੍ਹਾ ਤਸ਼ੱਦਦ ਕਰਨਾ, ਲੱਤਾਂ ਬਾਹਵਾਂ ਤੋੜ ਦੇਣੀਆਂ। ਘਰ ਵਾਲਿਆਂ ਤੋਂ ਲੱਖਾਂ ਰੁਪਏ ਮੁੰਡੇ ਨੂੰ ਛੱਡਣ ਦੇ ਮੰਗ ਲੈਣੇ। ਛੁਡਾਣ ਗਏ ਬਜ਼ੁਰਗਾਂ ਦੀਆਂ ਦਾਹੜੀਆਂ ਪੁੱਟੀਆਂ ਪੱਗਾਂ ਰੋਲੀਆਂ। ਨੂੰਹਾਂ ਧੀਆਂ ਨੂੰ ਥਾਣਿਆਂ ਵਿਚ ਸ਼ਰੇਆਮ ਬੇਪਤ ਕੀਤਾ ਗਿਆ। ਕਿੰਨਿਆਂ ਨੂੰ ਅਣਪਛਾਤੇ ਲਾਵਾਰਿਸ ਆਖ ਕੇ, ਸਾੜ ਦਿੱਤਾ ਗਿਆ। ਹਰੀਕੇ ਵਾਲੀ ਵੱਡੀ ਨਹਿਰ, ਜਾਂ ਦਰਿਆ ਵਿਚ ਰੋਹੜ ਦਿੱਤਾ ਗਿਆ। ਮਨੁੱਖੀ ਅਧਿਕਾਰਾਂ ਦੇ ਮੋਹਰੀ, ਸ਼ੇਰ ਮਰਦ, 25000 ਲਾਸ਼ਾਂ ਦੀ ਸਨਾਖਤ ਕਰਕੇ ''ਭਾਰਤੀ ਲੋਕ ਤੰਤਰ ਦਾ, ਸੰਸਾਰ ਸਨਮੁੱਖ ਮੂੰਹ ਕਾਲਾ'' ਕਰਨ ਵਾਲੇ, ਸ੍ਰ: ਜਸਵੰਤ ਸਿੰਘ ਖਾਲੜਾ ਨੂੰ ਭੀ ਕਤਲ ਕਰ ਦਿੱਤਾ ਗਿਆ। ਸਾਰੀਆਂ ਅਦਾਲਤਾਂ ਗੂੰਗੀਆਂ ਬੋਲੀਆਂ ਹੋ ਗਈਆਂ। ਸਿੱਖਾਂ ਦੀ ਜ਼ਿੰਦਗੀ ਦਾ ਮੁੱਲ, ਕਿਸੇ ਕੀੜੇ ਮਕੌੜੇ ਜਾਂ ਮੱਛਰ ਮੱਖੀ ਜਿੰਨਾ ਹੀ ਰਹਿ ਗਿਆ।**

ਦੂਜੇ ਬੰਨੇ ਖਾੜਕੂਆਂ ਵਿਚ ਲੁਟੇਰੇ, ਸਰਕਾਰੀ ਬਿੱਲੀਆਂ ਅਤੇ ਅਪਰਾਧੀ ਬਿਰਤੀ ਵਾਲੇ ਅਣਗਿਣਤ ਲੋਕ ਸ਼ਾਮਲ ਹੋ ਗਏ। ਛੋਟੇ ਪੱਧਰ ਤੇ ਨਹੀਂ ਸਗੋਂ ਮੋਹਰੀ ਸਫਾਂ ਵਿਚ ''ਕਾਲੇ ਬਘਿਆੜ'' ਗੱਦੀਆਂ ਤੇ ਬੈਠ ਗਏ। ਜੋ ਖਾੜਕੂ ਮਾਰ ਦਿੱਤੇ ਗਏ, ਉਹਨਾਂ ਦੀ ਕਹਾਣੀ ਥਾਏਂ ਮੁੱਕ ਗਈ। ਕਈਆਂ ਨੇ ਮੁਆਫੀ ਮੰਗ ਕੇ, ਜਾਨ ਬਖਸ਼ੀ ਕਰਵਾ ਲਈ ਤੇ ਆਪਣੇ ਘਰ ਜਾ ਕੇ ਦਿਨ ਕਟੀ ਕਰਨ ਲੱਗੇ। ਇਹਨਾਂ ਤੇ ਭੀ ਕੋਈ ਅਫਸੋਸ ਨਹੀਂ। ਕਿੰਨੇ ਸਾਰੇ ਪੁਲਿਸ ਦੇ ਮੁਖਬਰ ਬਚ ਗਏ, ਆਪਣੇ ਸਾਥੀਆਂ ਨੂੰ ਫੜਾਉਣ ਤੇ ਮਰਵਾਉਣ ਲੱਗੇ। ਇਹਨਾਂ ਨੇ ਬੇਅੰਤ ਖੂਨ ਬਹਾਇਆ। ਕੁਝ **ਰਾਜਸੀ ਕੈਟ** (ਬਿੱਲੀਆਂ) ਕੁਰਸੀ ਦੀ ਦੁਰਵਰਤੋਂ ਕਰਕੇ, ਸਰਕਾਰ ਨੂੰ ਖੁਸ਼ ਕਰਦੇ ਸਨ, ਤੇ ਸਿੱਖ ਨੌਜੁਆਨਾਂ ਨੂੰ ਕੋਹ ਕੋਹ ਕੇ ਮਾਰ ਰਹੇ ਸਨ। ਇਹ ਹੋਰ ਭੀ ਭਿਆਨਕ ਸਨ। ਬਹੁਤ ਸਾਰੇ **ਧਾਰਮਕ ਡੇਰਿਆਂ, ਟਕਸਾਲਾਂ, ਜਥੇਬੰਦੀਆਂ, ਗੁਰਦਵਾਰਾ ਕਮੇਟੀਆਂ ਵਿਚ, ਸਫੈਦ ਚੋਲੇ ਪਹਿਨ ਕੇ, ਅਤਿ ਦੇ ਕਾਲੇ ਕੰਮ ਕਰ ਰਹੇ ਸਨ।** ਇਹ ਹੋਰ ਭੀ ਭਿਆਨਕ ਦਰਿੰਦੇ ਸਨ। ਇਹਨਾਂ ਨਾਲੋਂ ਭੀ ਚੋਟੀ ਤੇ ਬੈਠੇ, ਪੂਰੀ ਖਾੜਕੂ ਲਹਿਰ ਨੂੰ ਕੁਰਾਹੇ ਪਾ ਦੇਣ ਵਾਲੇ, ਅਤਿਅੰਤ ਮਾਰੂ ਸਨ। ਜਿੰਨਾਂ ਨੇ ਨੌਜਵਾਨਾ ਨੂੰ ਖਾਲਿਸਤਾਨ ਦੀ **''ਹਰਿਚੰਦਉਰੀ''** ਵਿਖਾਈ। ਸਿੱਖ ਸ਼ਹੀਦਾਂ ਦੇ ਅਦੁੱਤੀ ਕਾਰਨਾਮੇ ਸੁਣਾਏ। ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।। (1412) ਦੇ ਸ਼ਬਦ ਸੁਣਾ ਕੇ, ਮੰਤਰ ਮੁਗਧ ਕੀਤਾ। ਤਨ ਮਨ ਧਨ ''ਗੁਰੂ'' ਤੋਂ ਵਾਰ ਦੇਣ ਲਈ ਤਿਆਰ ਕਰ ਲਿਆ। ਜਿਉਂਦੇ ਰਹਿ ਕੇ ਸਿੱਖ ਕੌਮ ਦੀ ਜਾਂ ਸਮੁੱਚੀ ਮਨੁੱਖਤਾ ਦੀ ਸੇਵਾ ਕਿਵੇਂ ਕਰਨੀ ਹੈ ਨਹੀਂ ਸਮਝਾਇਆ।

ਸਿਰ ਤੇ ਕੱਫਣ ਬੰਨ ਕੇ ਮੜੀਆਂ ਦੇ ਰਾਹ ਟੋਰ ਦਿੱਤਾ। ਇਹਨਾਂ ਸਿਖਰਲੇ ਗੱਦਾਰਾਂ ਦੀ ਕਿਸੇ ਨੇ ਪਛਾਣ ਨਹੀਂ ਕੀਤੀ। ਜੇ ਥੋੜੀ ਬਹੁਤੀ ਪਰਖ ਕੀਤੀ ਹੈ ਤਾਂ ਇਹਨਾਂ ਦੀ ਰਾਜਸੀ ਪਹੁੰਚ ਤੋਂ ਹਰ ਕੋਈ ਥਰ ਥਰ ਕੰਬਦਾ ਹੈ। ਕਲਮਾਂ ਤੇ ਜ਼ੁਬਾਨ ਸਾਥ ਦੇਣੋ ਰਹਿ ਜਾਂਦੀ ਹੈ। ਕੋਈ ਗੁੰਮਨਾਮ ਜਿਹਾ ਖਾੜਕੂ, ਕਿਸੇ ਘਰ ਵਿਚ ਪਾਣੀ ਦਾ ਗਿਲਾਸ ਪੀ ਜਾਵੇ, ਦੋ ਪਰਸ਼ਾਦੇ ਛਕ ਜਾਵੇ, ਪੁਲਿਸ ਵਾਲੇ ਉਸ ਸਾਰੇ ਪ੍ਰਵਾਰ ਨੂੰ ਉਜਾੜ ਦਿੰਦੇ ਸਨ। ਘਰ ਢਾਹ ਦਿੰਦੇ ਸਨ। ਨੌਜਵਾਨਾਂ ਨੂੰ ''ਖਾੜਕੂਆਂ ਨਾਲ ਸੰਬੰਧ'' ਗਰਦਾਨ ਕੇ, ਤੁਸੀਹੇ ਦੇ ਕੇ ਮਾਰ ਮੁਕਾਉਂਦੇ ਸਨ। ਬਜ਼ੁਰਗਾਂ ਨੂੰ ਜਲੀਲ ਕਰਦੇ ਸਨ, ਤੇ ਬੀਬੀਆਂ ਨਾਲ ਅਤੀ ਮੰਦਾ ਸਲੂਕ ਕਰਦੇ ਸਨ। ਬਚੇ ਹੋਏ ਮੈਂਬਰ ਅੱਜ ਤੱਕ ਦਰ ਦਰ ਦੀ ਖਾਕ ਛਾਣ ਰਹੇ ਹਨ। **ਖਾੜਕੂਆਂ ਦੇ ''ਚੋਣਵੇਂ ਮੁਖੀ'' ਸਮੇਤ ਪ੍ਰਵਾਰ ਸੁਖੀ ਜੀਵਨ ਬਤੀਤ ਕਰ ਰਹੇ ਹਨ। ਪ੍ਰਵਾਰਿਕ ਮੈਂਬਰ ਅਤਿ ਉਚੇ ਸਰਕਾਰੀ ਅਹੁਦਿਆਂ ਤੇ ਬਿਰਾਜਮਾਨ ਹਨ। ਉਹਨਾਂ ਦਾ ਕੋਈ ਉਜਾੜਾ ਨਹੀਂ, ਕੋਈ ਨੁਕਸਾਨ ਨਹੀਂ, ਕੈਦ ਨਹੀਂ, ਮੁਕੱਦਮਾ ਨਹੀਂ, ਨਮੋਸ਼ੀ ਨਹੀਂ। ਬੜੀਆਂ ''ਸਨਮਾਨ ਯੋਗ ਹਸਤੀਆਂ'' ਨੇ ਦੂਲੇ ਖਾਲਸਾ ਪੰਥ ਵਿਚ। ਆਪਣੇ ਆਪ ਨੂੰ ਅਕਾਲ ਤਖਤ ਦੇ ਜਥੇਦਾਰ ਅਖਵਾਉਣ ਵਾਲੇ ਜੇ ਪੰਥ ਪ੍ਰਸਤ ਹੁੰਦੇ ਤਾਂ ਇਹਨਾਂ ਪੰਥ ਦੇ ਗਦਾਰਾਂ ਦੀ ਕਾਲੀ ਸੂਚੀ ਜਾਰੀ ਕਰਦੇ। ਇਹਨਾਂ ਦਾ ''ਬਾਈਕਾਟ ਦਾ ਹੁਕਮਨਾਮਾ'' ਜਾਰੀ ਕਰਦੇ। ਪਰ ਪੂਜਾ ਦੇ ਧਾਨ ਤੇ ਪਲਣ ਵਾਲੇ ਪੁਜਾਰੀ, ਕਦੀ ਭੀ ਜੁਅਰੱਤ ਵਾਲੇ ਕੰਮ ਨਹੀਂ ਕਰ ਸਕਦੇ।**

ਪੰਜਾਬ ਪੁਲਿਸ ਦੇ ਮੁਖੀ J.F. ਰੈਬਰੋ ਨੂੰ ਕੀਤੇ ਦੀ ਸਜਾ ਦੇਣ ਵਾਸਤੇ, ਜਲੰਧਰ ਦੀ (PAP) ਪੁਲਿਸ ਲਾਈਨ ਵਿਚ ਖਾੜਕੂਆਂ ਨੇ ਹਮਲਾ ਕੀਤਾ। ਗੋਲੀਆਂ ਚਲੀਆਂ। ਰੈਬੇਰੋ ਮੇਜ ਹੇਠ ਲੁੱਕ ਗਿਆ, ਜਾਨ ਬਚ ਗਈ ਦਾ ਨਾਟਕ ਕੀਤਾ ਗਿਆ। ਅਸਲ ਵਿਚ ਹਮਲਾ ਕੀਤਾ ਹੀ ਨਹੀਂ ਗਿਆ। ਆਪਣੇ ਹੀ ਕੈਟਾਂ ਰਾਹੀਂ ਹਮਲੇ ਦਾ ਖੇਖਣ ਕੀਤਾ ਗਿਆ ਸੀ। ਜਿਸ ਥਾਂ ਅਸਲੀ ਮੁਕਾਬਲਾ ਹੋਇਆ ਹੈ ਲੋਥਾਂ ਦੇ ਢੇਰ ਲੱਗਦੇ ਰਹੇ ਹਨ। ਇਸ ''ਮੁਕਾਬਲੇ'' ਵਿਚ ਕੋਈ ਸਿਪਾਹੀ ਜਾਂ ਇਕ ਭੀ ਖਾੜਕੂ ਨਾ ਮਰਿਆ, ਨਾ ਜ਼ਖ਼ਮੀ ਹੋਇਆ। ਅਖ਼ਬਾਰਾਂ ਵਿਚ ਖੂਬ ਸੁਰਖੀਆਂ ਲੱਗੀਆਂ। ਸੰਨ 1992 ਵਿਚ ਪੰਜਾਬ ਵਿਧਾਨ ਸਭਾ ਦੀਆਂ ਚੋਣਾ ਦਾ ਬਾਈਕਾਨ ਕਰਾਉਣ ਵਾਲੀ **''ਪੰਥਕ ਕਮੇਟੀ'' ਮਹਾਂ ਅਪਰਾਧ ਦੀ ਮੁੱਖ ਦੋਸ਼ੀ ਮੰਨਣੀ ਚਾਹੀਦੀ ਹੈ। ਉਸਦੇ ਕਈ ਅਹੁਦੇਦਾਰ ਅਜੇ ਤੱਕ ਸਹੀ ਸਲਾਮਤ ਸਭ ਸੁੱਖ ਭੋਗ ਰਹੇ ਹਨ।**

ਸੰਨ 1992 ਤੋਂ 94 ਤੱਕ ਤਿੰਨ ਕੁ ਸਾਲ ਵਿਚ ਪੰਜਾਬ ਵਿਚ ਹਰ ਘਰ ਲੁਟਿਆ ਗਿਆ। ਹਰ ਘਰ ਵਿਚ ਵੈਣ ਪਏ। ਹਰ ਪਿੰਡ ਵਿਚੋਂ ਲਾਂਬੂ ਉਠੇ। ਦਰਿਆਵਾਂ ਦੀਆਂ ਮੱਛੀਆਂ ਨੂੰ ਮਨੁੱਖੀ ਮਾਸ ਮਿਲਿਆ। ਧੀਆਂ ਭੈਣਾਂ ਨੂੰ ਬੇਪਤ ਕੀਤਾ ਗਿਆ। ਪੁਲਿਸ ਵਾਲਿਆਂ ਨੂੰ ਹੋਰ

ਵੱਡੇ-ਵੱਡੇ ਸਨਮਾਨ ਅਤੇ ਤਰੱਕੀਆਂ ਮਿਲੀਆਂ। KPS ਗਿੱਲ ਤੇ ਬੇਅੰਤ ਸਿੰਘ (ਕਬਰਾਂ ਵਰਗੀ) ਸ਼ਾਂਤੀ ਦੇ ਮਸੀਹੇ ਐਲਾਨੇ ਗਏ। ਸਿੱਖ ਕੌਮ ਦਾ ਲੱਕ ਟੁੱਟ ਗਿਆ।

ਭਾਵੇਂ ਹਥਿਆਰਬੰਦ ਜੰਗ ਲਈ ਸਿੱਖ ਨੌਜੁਆਨਾਂ ਨੂੰ ਉਕਸਾਇਆ ਗਿਆ। ਸ਼ਾਂਤਮਈ ਤਰੀਕੇ ਨਾਲ ਸਿੱਖਾਂ ਦੀਆਂ ਜਾਇਜ਼ ਮੰਗਾਂ ਭੀ ਨਾ ਮੰਨੀਆਂ ਗਈਆਂ। ਅਤੀ ਮਾਯੂਸ ਹੋ ਕੇ ਮੌਤ ਕਬੂਲ ਕੀਤੀ। ਖਾੜਕੂ ਵਿਚਾਰਾਂ ਦੀ ਹਮਾਇਤ ਕਰਨ ਵਾਲੇ ਬਹੁਤ ਬਾਰੇ ਖਾੜਕੂ ਮੁਖੀ, ''ਸ਼ਾਂਤ ਮਈ ਅਤੇ ਲੋਕਤੰਤਰੀ'' ਢੰਗ ਅਪਣਾਉਣ ਦੇ ਹਾਮੀ ਹੋ ਗਏ ਹਨ। ''ਭਾਰਤ ਦੀ ਮੁੱਖਧਾਰਾ'' ਵਿਚ ਸ਼ਾਮਿਲ ਹੋ ਗਏ ਹਨ। ਸ੍ਰ: ਸਿਮਰਨਜੀਤ ਸਿੰਘ ਮਾਨ, ਸ੍ਰ: ਅਤਿੰਦਰਪਾਲ ਸਿੰਘ, ਸ੍ਰ: ਦਲਜੀਤ ਸਿੰਘ ਬਿੱਟੂ, ਤੇ ਸ੍ਰ: ਵੱਸਣ ਸਿੰਘ ਜਫਰਵਾਲ, ਹੁਣ ਲੋਕਤੰਤਰੀ ਤਰੀਕੇ ਨਾਲ ਖਾਲਿਸਤਾਨ ਦੀ ਪ੍ਰਾਪਤੀ ਕਰਨ ਬਾਰੇ ਵਿਸ਼ਵਾਸ਼ ਦੁਆਉਂਦੇ ਹਨ। ਪਰ ਦੋ ਲੱਖ ਸਿੱਖ ਨੌਜੁਆਨਾਂ ਦਾ ਖੂਨ ਕਿਸ ਦੇ ਸਿਰ ਮੜ੍ਹਿਆ ਜਾਵੇ? ਪੰਜਾਹ ਸਾਲ ਤੱਕ ਸਿੱਖ ਮੁਖੀਆਂ ਨੂੰ ਚੰਗੇ ਨੀਤੀਵਾਨ ਬਣਕੇ, ਆਪਣੀ ਕੌਮ ਨੂੰ ਗਿਆਨਵਾਨ, ਗੁਣਵਾਨ ਤੇ ਆਰਥਕ ਪੱਖੋਂ ਮਜ਼ਬੂਤ ਕਰਨ ਲਈ ਪੂਰੀ ਵਾਹ ਲਾ ਦੇਣੀ ਚਾਹੀਦੀ ਹੈ। ਫਿਰ ਕਿਸੇ ਪ੍ਰਾਪਤੀ ਦੀ ਆਸ ਕੀਤੀ ਜਾ ਸਕਦੀ ਹੈ। ਵਰਨਾ ਭਵਿੱਖ ਭੀ ਰੋਸ਼ਨ ਵਿਖਾਈ ਨਹੀਂ ਦਿੰਦਾ।

**000**

# ਨਸ਼ੇ-ਪੰਜਾਬ ਦੀ ਤਬਾਹੀ ਲਈ !

ਦੁਨੀਆਂ ਭਰ ਦੇ ਵਿਚਾਰਵਾਨ ਨਸ਼ਿਆਂ ਦੀ ਵੱਧ ਰਹੀ ਖਪਤ ਕਾਰਨ, ਚਿੰਤਾ ਵਿਚ ਹਨ। ਅੱਲੜ ਨੌਜਵਾਨ, ਅਣਜਾਣਪੁਣੇ ਵਿਚ, ਨਸ਼ੇ ਦੀ ਜਕੜ ਵਿਚ ਅਜਿਹੇ ਫਸਦੇ ਹਨ, ਕਿ ਉਮਰ ਭਰ ਨਿਕਲਣੋ, ਅਸਮਰੱਥ ਹੋ ਜਾਂਦੇ ਹਨ। ਪੈਸਾ ਕਮਾਉਣ ਦੀ ਅੰਨ੍ਹੀ ਹਵਸ ਕਾਰਨ, ਇਨਸਾਨ ਹੀ ਇਨਸਾਨ ਨੂੰ ਜ਼ਹਿਰ ਵਰਤਾਈ ਜਾ ਰਿਹਾ ਹੈ। ਹਰ ਤਰ੍ਹਾਂ ਨਸ਼ਿਆਂ ਦੀ ਬਲੈਕ ਕਰਨ ਵਾਲੇ, ਬਹੁਤ ਵੱਡੇ ਗਰੋਹ ਕੰਮ ਕਰ ਰਹੇ ਹਨ। ਇਨ੍ਹਾਂ ਵਿਚੋ ਭਾਵੇਂ ਕਦੀ ਕਦਾਈ ਕੋਈ ਵਿਅਕਤੀ ਗ੍ਰਿਫਤਾਰ ਕਰ ਲੈਣ ਦਾ ਛਲ ਨਾਟਕ ਭੀ ਕੀਤਾ ਜਾਂਦਾ ਹੈ। ਅਸਲ ਵਿਚ ਇਸ ਤਰ੍ਹਾਂ ਨਹੀਂ ਹੈ। ਸਰਕਾਰ ਦੀ ਲੁਕਵੀ ਸਹਿਮਤੀ ਨਾਲ, ਇਹ ਧੰਦਾ ਚਲਦਾ ਹੈ। ਪੁਲਿਸ ਮਹਿਕਮਾ ਇਸ ਧੰਦੇ ਦੀ ਰਖਵਾਲੀ ਕਰਦਾ ਹੈ। ਵੱਡੇ-ਵੱਡੇ ਗੈਂਗ ਮਾਸਟਰ ਪਿੱਛੇ ਰਹਿ ਕੇ ਇਸ ਕਾਰੋਬਾਰ ਦੀ ਪੂਰੀ ਚੌਕਸੀ ਨਾਲ ਨਿਗਰਾਨੀ ਕਰਦੇ ਹਨ। ਇਸ ਅਤਿ ਘਿਰਣਤ ਕਾਰੋਬਾਰ ਵਿਚੋ ਕਮਾਇਆ ਪੈਸਾ, ਬੜੀ **''ਦਿਆਨਤਦਾਰੀ''** ਨਾਲ ਆਪਸ ਵਿਚ ਵੰਡ ਕੇ ਛਕਦੇ ਹਨ। ਸਤਿਗੁਰੂ ਜੀ ਨੇ ਸ਼ਰਾਬ (ਅਤੇ ਹੋਰ ਸਾਰੇ ਨਸ਼ੇ) ਤੋ ਮਨੁੱਖ ਨੂੰ ਸਖ਼ਤੀ ਨਾਲ ਵਰਜਿਆ ਹੈ। ਪਾਵਨ ਬਚਨ ਹਨ:-

**ਮਾਣਸੁ ਭਰਿਆ ਆਣਿਆ, ਮਾਣਸੁ ਭਰਿਆ ਆਇ।।**
**ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ।।**
**ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ।।**
**ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ।।**
**ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ।।**

(ਪੰਨਾ 557)

ਸਤਿਗੁਰੂ ਜੀ ਮਤ ਦਿੰਦੇ ਹਨ; ''ਹੇ ਭਾਈ ! ਮਨੁੱਖ ਵਿਚ ਪਹਿਲਾਂ ਹੀ ਬੜੇ ਔਗੁਣ ਮੌਜੂਦ ਹਨ। ਨਕਾ ਨਕ ਵਿਕਾਰਾਂ ਨਾਲ ਭਰਿਆ ਹੋਇਆ ਹੈ। ਰਹਿੰਦੀ ਕਸਰ ਨਸ਼ਿਆਂ ਨਾਲ ਪੂਰੀ ਕਰ ਦਿੱਤੀ। ਇਸ ਸ਼ਰਾਬ ਨਾਲ ਮੱਤ ਮਾਰੀ ਜਾਂਦੀ ਹੈ। ਪਾਗਲਪਣ ਦਾ ਹੀ ਵਾਸਾ ਅੰਦਰ ਹੋ ਜਾਂਦਾ ਹੈ। ਆਪਣੇ ਆਪੇ ਦੀ ਸੋਝੀ ਨਹੀਂ ਰਹਿੰਦੀ। ਸਮਾਜ ਵਿਚੋਂ ਆਪਣੇ ਪਰਾਏ ਦੀ ਪਰਖ਼ ਨਹੀਂ ਕਰ ਸਕਦਾ। ਇਸ ਤਰ੍ਹਾਂ ਨਿਰੰਕਾਰ ਦੇ ਦਰ ਤੋਂ ਧੱਕੇ ਪੈਂਦੇ ਹਨ। ਇਸ ਦੇ ਪੀਣ ਨਾਲ ਮਾਲਕ ਵਾਹਿਗੁਰੂ ਵੱਲੋਂ ਲਾਈ ਜ਼ਿੰਮੇਵਾਰੀ ਪੂਰੀ ਤਰ੍ਹਾਂ ਭੁੱਲ ਜਾਂਦੀ ਹੈ। ਸੱਚ

ਮਾਰਗ ਦੇ ਰਾਹ ਤੋਂ, ਮਨੁੱਖ ਭਟਕ ਜਾਂਦਾ ਹੈ। ਇਸ ਤਰ੍ਹਾਂ **''ਧਰਮ ਮਾਰਗ''** ਤੇ ਨਾਂ ਚਲਣ ਕਾਰਨ, ਸਜ਼ਾ ਦਾ ਭਾਗੀਦਾਰ ਬਣ ਜਾਂਦਾ ਹੈ। ਇਹ ਚੰਦਰਾ ਨਸ਼ਾ ਕਦੀ ਨਾਂ ਪੀਵੀਂ। ਆਖ਼ਰੀ ਵਾਹ ਲਾ ਦੇਵੀਂ, ਪਰ ਇਸ ਨਸ਼ੇ ਤੋ ਆਪਣੇ ਆਪ ਨੂੰ ਬਚਾ ਲਵੀਂ।'' ਨਸ਼ਿਆਂ ਵਿਰੁੱਧ ਗੁਰਬਾਣੀ ਵਿਚ ਹੋਰ ਭੀ ਬਹੁਤ ਪੰਕਤੀਆਂ ਮੋਜੂਦ ਹਨ।

ਜਿਸ ਕੌਮ ਨੂੰ ਤਬਾਹ ਕਰਨਾਂ ਹੋਵੇ ਉਸਨੂੰ ਖ਼ਤਮ ਕਰਨ ਦੇ ਤਰੀਕੇ ਤਾਂ ਬਹੁਤ ਹਨ। ਪਰ ਸ਼ਾਤਰ ਹਾਕਮ ਧਿਰਾਂ, ਅਜਿਹੇ ਹਥਕੰਡੇ ਵਰਤਦੀਆਂ ਹਨ ਕਿ ਉਨ੍ਹਾਂ ਉਪਰ ਦੋਸ਼ ਭੀ ਨਾਂ ਆਵੇ, ਤੇ ਮਨ ਇੱਛਤ ਟੀਚਾ ਭੀ ਪ੍ਰਾਪਤ ਕਰ ਲਿਆ ਜਾਵੇ। ਪੰਜਾਬ ਦੀ ਜਵਾਨੀ ਨੂੰ ਖਤਮ ਕਨ ਲਈ, ਇਥੇ ਭੁੱਕੀ, ਅਫ਼ੀਮ, ਪੋਸਤ ਆਦਿ ਬੀਜਣ (ਤਿਆਰ ਕਰਨ) ਤੇ ਸਰਕਾਰੀ ਪਾਬੰਦੀ ਹੈ। ਜਦੋਂ ਕਿ ਰਾਜਸਥਾਨ, ਉਤੱਰ ਪ੍ਰਦੇਸ਼, ਅਤੇ ਮੱਧ ਪ੍ਰਦੇਸ਼ ਆਦਿ ਸੂਬਿਆਂ ਵਿਚ ਪੋਸਤ ਜਾਂ ਅਫ਼ੀਮ ਤਿਆਰ ਕਰਨ ਤੇ ਕੋਈ ਰੋਕ ਨਹੀਂ ਹੈ। ਬਸ਼ਰਤੇ ਕਿ ਲੋੜੀਂਦਾ ਸਰਕਾਰੀ ਟੈਕਸ ਭਰਕੇ ਲਾਇਸੈਂਸ ਲੈ ਲਿਆ ਜਾਵੇ। ਤਿਆਰ ਹੋਈ ਅਫ਼ੀਮ ''ਮਾਨਤਾ ਪ੍ਰਾਪਤ'' ਠੇਕੇਦਾਰ ਖ੍ਰੀਦ ਕੇ, ਅੱਗੇ ਸਪਲਾਈ ਕਰਦੇ ਹਨ। ਕਿਸਾਨਾਂ ਨੂੰ ਰੇਟ (ਕਣਕ ਵਾਂਗ) ਘੱਟ ਮਿਲਦਾ ਹੈ, ਦਲਾਲ ਅੱਗੇ ਸਰਕਾਰੀ ਮਿਲੀ ਭੁਗਤ ਨਾਲ, ਮੁਨਾਫਾ ਬਹੁਤਾ ਕਮਾਉਂਦੇ ਹਨ। ਇਸ ਤਿਆਰ ਹੋਈ ਅਫ਼ੀਮ ਵਿਚ, ਗੁੜ ਸਾੜਕੇ ਮਿਲਾਇਆ ਜਾਂਦਾ ਹੈ। ਖਪਤਕਾਰ ਨੂੰ ਬਹੁਤ ਮਹਿੰਗੇ ਭਾਅ ਅਤਿ ਘਟੀਆ ਮਾਲ ਵੇਚਿਆ ਜਾਂਦਾ ਹੈ। ਜੇ ਪੰਜਾਬ ਵਿਚ ਅਫ਼ੀਮ ਦੀ ਵੇਚ ਖ੍ਰੀਦ ਅਤੇ ਪੈਦਾਵਾਰ ਤੇ ਰੋਕ ਨਾਂ ਹੋਵੇ, ਤਾਂ ਇਸ ਦੀ ਸ਼ੁੱਧਤਾ ਅਤੇ ਕੀਮਤਾਂ ਬਾਰੇ ਅਵਾਜ਼ ਉਠਾਈ ਜਾ ਸਕਦੀ ਹੈ। ਸੈਂਪਲ ਲੈ ਕੇ ਟੈਸਟ ਕਰਵਾਈ ਜਾ ਸਕਦੀ ਹੈ। ਹੁਣ ਜਦੋਂ ਇਹ ਸਾਰਾ ਹੈ ਹੀ ਕਾਲਾ ਬਾਜ਼ਾਰ, ਤਾਂ ਸ਼ੁੱਧ ਹੋਣ ਬਾਰੇ ਤਾਂ ਸੋਚਿਆ ਹੀ ਨਹੀਂ ਜਾ ਸਕਦਾ। ਰੇਟ ਜਿੰਨਾ ਕੋਈ ਮਰਜ਼ੀ ਲਾਵੇ, ਕੌਣ ਹੈ ਰੋਕਣ ਵਾਲਾ?

ਸ਼ਾਇਦ 2005 ਦੇ ਅਖ਼ਰੀਲੇ ਮਹੀਨਿਆਂ ਵਿਚ ਪੰਜਾਬ ਦੇ ਮੁੱਖ ਮੰਤਰੀ ਸ੍ਰ: ਅਮਰਿੰਦਰ ਸਿੰਘ ਨੇ ਪੰਜਾਬ ਵਿਧਾਨ ਸਭਾ ਵਿਚ ਇਕ ਨੀਤੀ ਬਿਆਨ ਦਿੱਤਾ ਸੀ, ਕਿ ''ਪੰਜਾਬ ਵਿਚ ਪੋਸਤ (ਅਫ਼ੀਮ ਪੈਦਾ ਕਰਨ ਵਾਲਾ ਬੂਟਾ) ਦੀ ਖੇਤੀ ਲਈ ਕਾਨੂੰਨੀ ਮਾਨਤਾ ਦਿੱਤੀ ਜਾਵੇਗੀ।'' ਅਕਾਲੀ ਦਲਾਂ, ਭਾਜਪਾ ਅਤੇ ਦਬਵੀਂ ਸੁਰ ਵਿਚ ਕੁਝ ਕਾਂਗਰਸੀਆਂ ਨੇ, ਇਸ ਦੀ ਵਿਰੋਧਤਾ ਕੀਤੀ। ''ਅਖੇ ਅਮਰਿੰਦਰ ਸਿੰਘ ਪੰਜਾਬ ਨੂੰ ਤਬਾਹ ਕਰਨਾ ਚਾਹੁੰਦਾ ਹੈ।'' ਅਸਲ ਹਕ਼ੀਕਤ ਹੋਰ ਹੀ ਹੈ। ਕਾਂਗਰਸ ਪਾਰਟੀ ਕਾਫ਼ੀ ਪੁਰਾਣੀ ਹੈ। ਸਾਰੇ ਭਾਰਤ ਵਿਚ ਇਸ ਦੀਆਂ ਜੜ੍ਹਾਂ ਹਨ। ਕਾਰਖਾਨੇਦਾਰ ਇਨ੍ਹਾਂ ਨਾਲ ''ਸਾਂਝ ਭਿਆਲੀ'' ਪਾ ਕੇ ਰੱਖਦੇ ਹਨ। ਇਹੀ ਵੱਡੇ ਧਨਕੁਬੇਰ ਕਾਂਗਰਸ ਨੂੰ ਚੋਣਾਂ ਲਈ ਅਥਾਹ ਧਨ ਦਿੰਦੇ ਹਨ। ਅਕਾਲੀ+ਭਾਜਪਾ ਦੀਆਂ ਜੜ੍ਹਾਂ ਇੰਨੀਆਂ ਡੂੰਘੀਆਂ ਨਹੀਂ ਹਨ। ਅਕਾਲੀ ਤਾਂ ਹਨ ਹੀ ਪੰਜਾਬ ਤੱਕ ਸੀਮਤ।

ਕਿਉਂਕਿ ਪੰਜਾਬ ਤੋਂ ਬਾਹਰ ਜਾ ਵਸੇ ਸਿੱਖਾਂ ਨੇ ਅਜੇ ਤੱਕ ਆਪਣੀ ਵੋਟ ਸ਼ਕਤੀ ਨੂੰ ਗੌਲਿਆ ਹੀ ਨਹੀਂ। ਗੁਰਦੁਆਰਿਆਂ ਦੀਆਂ ਚੌਧਰਾਂ ਤੱਕ ਸਿਮਟ ਕੇ ਰਹਿ ਗਏ ਹਨ। ਅਗਰ ਪੰਜਾਬੋਂ ਬਾਹਰਲੇ ਸੂਬਿਆਂ ਵਿਚਲੇ ਸਿੱਖ, ਸਥਾਨਕ ਤੌਰ ਤੇ ਏਕਤਾ ਕਰ ਲੈਣ ਤਾਂ ਜਿਤਾਉਣ ਦਾ ਤਰਾਜ਼ੂ ਸਿੱਖ ਵੋਟਰਾਂ ਹੱਥ ਹੋਵੇਗਾ। ਜੋ ਮੈਂਬਰ ਸਿੱਖਾਂ ਦੀ ਸਹਾਇਤਾ ਲੈ ਕੇ ਜਿੱਤ ਹਾਸਲ ਕਰੇਗਾ, ਉਹ ਘੱਟ ਜਾਂ ਵੱਧ, ਸਿੱਖ ਹੱਕਾਂ ਵੱਲ ਧਿਆਨ ਭੀ ਜ਼ਰੂਰ ਦੇਵੇਗਾ। ਇੰਗਲੈਂਡ ਕੈਨੇਡਾ, ਅਤੇ ਅਮਰੀਕਾ ਆਦਿ ਮੁਲਕਾਂ ਵਿਚ ਇਸ ਤਾਕਤ ਦੀ ਵਰਤੋਂ ਕੁਝ ਹੱਦ ਤਕ ਕੀਤੀ ਗਈ ਹੈ। ਕਈ ਸਾਰੇ ਸਿੱਖ ਵੀਰ ਭੈਣਾਂ, ਉਥੋਂ ਦੀਆਂ ਵਿਧਾਨ ਸਭਾਵਾਂ ਤੇ ਲੋਕ ਸਭਾਵਾਂ ਤਕ, ਚੋਣ ਜਿੱਤ ਕੇ ਪੁੱਜਦੇ ਰਹੇ ਹਨ। ਕਈਆਂ ਨੇ ਮਹੱਤਵਪੂਰਨ ਅਹੁਦਿਆਂ ਤੇ ਕੰਮ ਕੀਤਾ ਹੈ। ਕੈਨੇਡਾ ਵਿਚ ਤਾਂ ਇਕ ਸਿੱਖ ਸ੍ਰ: ਉੱਜਲ ਸਿੰਘ ਦੁਸਾਂਝ, ਬ੍ਰਿਟਿਸ਼ ਕੋਲੰਬੀਆ ਸੂਬੇ ਦਾ ਮੁੱਖ ਮੰਤਰੀ ਭੀ ਰਹਿ ਚੁੱਕਿਆ ਹੈ। ਭਾਰਤ ਵਿਚਲੇ ਸਿੱਖਾਂ ਨੂੰ ਹਾਲੀ ਇਹ ਰਾਜਸੀ ਸ਼ਤਰੰਜ ਖੇਡਣ ਦੀ ਅਜੇ ਜਾਂਚ ਨਹੀਂ ਆਈ।

ਹਾਂ ਜੀ ! ਕਹਿਣ ਤੋਂ ਮੁਰਾਦ ਹੈ ਕਿ ਅਕਾਲੀ ਦਲ ਨੂੰ ਕਾਰਖਾਨੇਦਾਰਾਂ ਤੋਂ ਚੋਣ ਫੰਡ ਮਿਲਣ ਦੀ ਕੋਈ ਆਸ ਨਹੀਂ। ਫਿਰ ਚੋਣਾਂ ਵਿਚ ਪਾਣੀ ਵਾਂਗ ਰੋੜ੍ਹਨ ਲਈ ਪੈਸੇ ਦੀਆਂ ਪੰਡਾਂ ਕਿਥੋਂ ਆਉਣ? ਪਹਿਲਾਂ ਜੋ ਸਪਸ਼ੱਟ ਨਜ਼ਰ ਆ ਰਿਹਾ ਤਰੀਕਾ ਹੈ, ਉਹ ਹੈ ਗੁਰਦੁਆਰੇ ਦੀ ਗੋਲਕ ਨੂੰ ਜਿੱਥੇ ਅਤੇ ਜਿਵੇਂ ਮਨ ਚਾਹੇ ਵਰਤ ਲਿਆ ਜਾਵੇ, ਸਮੇਤ ਚੋਣਾਂ ਦੇ। ਇਸ ਰਾਹ ਤੋਂ ਕੇਵਲ ਸ਼੍ਰੋਮਣੀ ਕਮੇਟੀ ਤੇ ਕਾਬਜ਼ ਧੜਾ ਲੁੱਟ ਖਸੁੱਟ ਕਰ ਸਕਦਾ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਜੀ, ਜਿਸਨੂੰ ਜਿੰਨਾ ''ਦਾਨ'' ਪ੍ਰਵਾਨ ਕਰਨ ਉਸੇ ਤੇ ''ਸਬਰ'' ਕਰਨਾ ਪਵੇਗਾ। ਇਸ ਮਾਇਆ ਨਾਲ ਲੋਕ ਸਭਾ, ਵਿਧਾਨ ਸਭਾ ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ, ਲੜੀਆਂ ਨਹੀਂ ਜਾ ਸਕਣਗੀਆਂ। ਪੈਸੇ ਦਾ ਪ੍ਰਬੰਧ ਫਿਰ ਅਫ਼ੀਮ ਅਤੇ ਹੋਰ ਨਸ਼ਿਆਂ ਦੀ ਸਮਗਲਿੰਗ ਰਾਹੀਂ ਕੀਤਾ ਜਾਂਦਾ ਹੈ। ਸਿੱਖ ਜੁਆਨੀ ਨੂੰ ਬੇਦਰਦੀ ਨਾਲ ਨਸ਼ੇੜੀ ਖੁਦ ਅਕਾਲੀ ਲੀਡਰ ਬਣਾ ਰਹੇ ਹਨ। ਸਾਰੇ ਪੰਜਾਬ ਵਿਚ ਨਸ਼ਿਆਂ ਦੇ ਗੈਂਗਸਟਰ ਇਹੀ ''ਅਕਾਲੀ'' ਹਨ। ਸ੍ਰ: ਜਗਦੇਵ ਸਿੰਘ ਤਲਵੰਡੀ ਤਾਂ ਇਸ ਮਾਮਲੇ ਵਿਚ ਅਖ਼ਬਾਰੀ ਚਰਚਾ ਵਿਚ ਭੀ ਰਿਹਾ ਹੈ।

ਸੰਨ 2001 ਵਿਚ ਜਦੋਂ ਸ੍ਰੀ ਓਮ ਪ੍ਰਕਾਸ਼ ਚੌਟਾਲਾ ਮੁੱਖ ਮੰਤਰੀ ਬਣੇ, ਤਾਂ ਉਹਨ੍ਹਾਂ ਕੁਝ ਵਧੇਰੇ ਜੋਸ਼ ਨਾਲ ਹਰਿਆਣੇ ਵਿਚ, ਸ਼ਰਾਬ ਬੰਦੀ ਕਰ ਦਿੱਤੀ। ਬਸ ਫਿਰ ਕੀ ਸੀ, ਦਿੱਲੀ, ਹਿਮਾਚਲ, ਰਾਜਸਥਾਨ ਤੇ ਪੰਜਾਬ ਸਾਰੇ ਬੰਨਿਓਂ ਟਰੱਕ ਭਰ ਭਰ ਕੇ, ਚੋਰੀ ਛਿਪੇ ਸ਼ਰਾਬ ਹਰਿਆਣੇ ਵਿਚ ਵਿਕਣ ਲੱਗੀ। ਸਰਕਾਰ ਨੂੰ ਟੈਕਸ ਵਿਚੋਂ ਕੋਈ ਪੈਸਾ ਨਹੀਂ ਆ ਰਿਹਾ। ਪਰ ਸ਼ਰਾਬ ਦੇ ਦਰਿਆ ਵਹਿ ਰਹੇ ਸਨ। ਬਲੈਕ ਕਰਨ ਵਾਲੇ, ਤੇ ਪੁਲਿਸ ਮਹਕਿਮਾ ਆਪਣੀਆਂ ਤਿਜੋਰੀਆਂ ਭਰ ਰਿਹਾ ਸੀ। ਇਨ੍ਹਾਂ ਹੀ ਦਿਨਾਂ ਵਿਚ ਸ੍ਰ: ਗੁਰਚਰਨ ਸਿੰਘ ਟੋਹੜਾ, ਜੋ ਉਸ

ਸਮੇਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਸ੍ਰੀ ਬਾਦਲ ਜੀ ਨੇ ਲਾਹ ਦਿੱਤਾ ਸੀ। ਸ੍ਰ: ਟੌਹੜਾ ਦਾ ਅਤਿ ਵਿਸ਼ਵਾਸ਼ ਪਾਤਰ, ਪਟਿਆਲੇ ਜ਼ਿਲ੍ਹਾ ਦਾ ਇਕ ਪੁਲਿਸ ਮੁਖੀ ਸੀ। ਹਰਿਆਣੇ ਵਿਚ ਸ਼ਰਾਬਬੰਦੀ ਦੇ ਦਿਨਾਂ ਵਿਚ, ਇਸ ਪੁਲਿਸ ਮੁਖੀ ਦੇ ਖੇਤਾਂ (ਫ਼ਾਰਮ) ਵਿਚੋਂ ਚਾਲੀ ਹਜ਼ਾਰ ਬੋਤਲਾਂ, ਗੈਰ ਕਾਨੂੰਨੀ ਤਰੀਕੇ ਰੱਖੀ ਹੋਈ ਸ਼ਰਾਬ ਫੜੀ ਗਈ। ਸ੍ਰ: ਟੋਹੜਾ ਸ਼ਕਤੀ ਵਿਹੀਣ ਸੀ, ਪੁਲਿਸ ਅਫ਼ਸਰ ਨੂੰ ਬਚਾਵੇ ਕੌਣ? ਸ੍ਰ: ਬਾਦਲ ਨਾਲ ਕੋਈ ''ਗੁਪਤ ਸਮਝੌਤਾ'' ਹੋਇਆ ਤੇ ਸ਼ਰਾਬ ਦਾ ਕੇਸ ਅਫ਼ਸਰ ਦੇ ਇੱਕ ਨੌਕਰ ਤੇ ਪਾ ਦਿੱਤਾ ਗਿਆ। ਪੁਲਿਸ ਅਫ਼ਸਰ ਨੂੰ ਕਿਸੇ ਵੱਡੀ ਜ਼ਿੰਮੇਵਾਰੀ ਤੋਂ ਵਿਹਲਾ ਕਰਕੇ, ''ਖੁੱਡੇ ਲਾਈਨ'' ਲਾ ਦਿੱਤਾ ਗਿਆ। ਇਹ ਸ਼ਰਾਬ ਹਰਿਆਣੇ ਵਿਚ ਜਾਣੀ ਸੀ, ਬਲੈਕ ਵਿਚ ਵਿਕਣੀ ਸੀ। ਬੜੀ ਦੇਰ ਤੋਂ ਇਹ ਧੰਦਾ ਚਲਦਾ ਆ ਰਿਹਾ ਸੀ। ਛੇਤੀ ਹੀ ਸ੍ਰੀ ਚੌਟਾਲਾ ਨੂੰ ਸਮਝ ਆ ਗਈ। ਉਸਨੇ ਸ਼ਰਾਬ ਤੋਂ ਪਾਬੰਦੀ ਖ਼ਤਮ ਕਰ ਦਿੱਤੀ। ਆਪਣੇ ਠੇਕਿਆਂ ਰਾਹੀਂ ਸ਼ਰਾਬ ਵੇਚਣੀ ਆਰੰਭ ਕਰਵਾ ਦਿੱਤੀ। ਬਹੁਤ ਸਾਰਾ ਪੈਸਾ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਹੋਣ ਲੱਗ ਪਿਆ।

ਜਿਨ੍ਹਾਂ ਦਿਨਾਂ ਵਿਚ ਖਾੜਕੂਵਾਦ (1984 ਤੋਂ 1994) ਸਿਖਰ ਤੇ ਸੀ। ਲੇਖਕ ਆਪਣੇ ਦੋਸਤ ਇੱਕ ਵਕੀਲ ਨੂੰ ਮਿਲਣ ਚਲਾ ਗਿਆ। ਵਕੀਲ ਨੇ ਯਥਾ ਸ਼ਕਤ ਸੇਵਾ ਕੀਤੀ। ਜ਼ਿਲ੍ਹਾ ਅਦਾਲਤਾਂ ਵਿਹਲੀਆਂ ਜਿਹੀਆਂ ਮਹਿਸੂਸ ਕਰਕੇ, ਮੈਂ ਵਕੀਲ ਨੂੰ ਪੁਛਿਆ,

''ਵੀਰ ਜੀ ! ਕੀ ਗਲ ਕੰਮ ਕਾਰ ਅੱਜ ਕੱਲ ਕੁਝ ਮੰਦਾ ਜਿਹਾ ਚਲ ਰਿਹਾ ਹੈ?''

''ਹਾਂ ਜੀ ! ਖਾੜਕੂ ਭਰਾਵਾਂ ਦੀ ਕ੍ਰਿਪਾ ਦੇ ਨਾਲ ਇਉਂ ਹੀ ਸਮਝ ਲਉ''।

''ਖਾੜਕੂਆਂ ਦੀ ਕ੍ਰਿਪਾ? ਕੀ ਮਤਲਬ ਜਰਾ ਸਮਝਾਓ ਤਾਂ ਸਹੀ?''

ਵਕੀਲ ਕਹਿਣ ਲੱਗਾ- ''ਖਾੜਕੂਆਂ ਨੇ ਸ਼ਰਾਬ ਦੇ ਠੇਕੇ ਬੰਦ ਕਰਵਾ ਦਿੱਤੇ। ਡਰਦੇ ਲੋਕੀਂ ਰੂੜੀ ਮਾਰਕਾ ਭੀ ਘੱਟ ਹੀ ਕੱਢਦੇ ਨੇ, ਕਿਤੇ ਖਾੜਕੂ ਆਕੇ ਨਾ ਦਬੋਚ ਲੈਣ। ਵਿਆਹਾਂ ਵਿਚ ਸ਼ਰਾਬ ਦੀ ਮਨਾਹੀ ਹੈ। ਹੁਣ ਤੁਸੀਂ ਦੱਸੋ, ਸਾਡਾ ਕਾਰੋਬਾਰ ਕਿਵੇਂ ਚਲੇ''? ਗੱਲ ਨੂੰ ਅੱਗੇ ਵਧਾਉਂਦਿਆਂ ਵਕੀਲ ਆਖਣ ਲੱਗਾ-''ਸ਼ਰਾਬ ਤੋਂ ਬਿਨਾਂ ਸਿਰ ਪਾਟਣੇ ਨਹੀਂ, ਲਾਠੀਆਂ ਗੋਲੀਆਂ ਚਲਣੀਆਂ ਨਹੀਂ, ਕਤਲ ਹੋਣੇ ਨਹੀਂ। ਵਕੀਲ ਕੋਲ, ਜੱਜ ਕੋਲ, ਕਚਿਹਰੀ ਵਿਚ, ਫਿਰ ਬੰਦਾ ਕੀ ਕਰਨ ਆਵੇਗਾ? ਸੈਰ ਕਰਨ? ਸ਼ਰਾਬ ਤੋਂ ਬਿਨਾਂ ਵਿਆਹ ਅਮਨ ਨਾਲ ਹੋ ਜਾਂਦੇ ਨੇ। ਸ਼ਰਾਬ ਤੋਂ ਬਗੈਰ ਐਕਸੀਡੈਂਟ ਬਹੁਤ ਘਟ ਗਏ ਨੇ। ਅਸੀਂ ਸਾਰੇ ਸਮਝੋ ਵਿਹਲੇ ਹੀ ਹੋ ਗਏ। ਇਹੀ ਤਾਂ ਕ੍ਰਿਪਾ ਹੈ ਖਾੜਕੂ ਭਰਾਵਾਂ ਦੀ........''।

ਪੰਜਾਬ ਵਿਚ ਸਰਕਾਰ ਨੂੰ ਸਭ ਤੋਂ ਜ਼ਿਆਦਾ ਆਮਦਨ ਸ਼ਰਾਬ ਦੇ ਠੇਕਿਆਂ ਦੀ ਨੀਲਾਮੀ ਤੋਂ ਹੀ ਹੈ। ਇਕ ਹੋਰ ਕੌੜਾ ਸੱਚ ਇਹ ਭੀ ਹੈ ਕਿ ਸਰਕਾਰੀ ਰਿਪੋਰਟਾਂ ਮੁਤਾਬਕ ਪੰਜਾਬ ਭਾਵੇਂ ਨਸ਼ਿਆਂ (ਖਾਸ ਕਰ ਸ਼ਰਾਬ) ਵਿਚ ਏਸ਼ੀਆ ਭਰ ਵਿਚੋਂ ਸਭ ਤੋਂ ਅੱਗੇ ਹੈ। ਜਦੋਂ

ਅੰਦਰਲੀਆਂ ਪਰਤਾਂ ਫੋਲੀਏ ਤਾਂ ਹੋਸ਼-ਹਵਾਸ ਗੁੰਮ ਹੋ ਜਾਂਦੇ ਹਨ। ਅਸਲ ਵਿਚ ਜਿੰਨੀ ਸ਼ਰਾਬ ਸਰਕਾਰੀ ਰਿਕਾਰਡ ਮੁਤਾਬਕ ਫੈਕਟਰੀਆਂ ਵਿਚੋਂ ਨਿਕਲਦੀ ਹੈ, ਉਸ ਤੋਂ ਚਾਰ ਗੁਣਾ ਵੱਧ ਉਹਨਾਂ ਹੀ ਫੈਕਟਰੀਆਂ ਵਿਚੋਂ, ਬਿਨਾ ਬਿਲ ਕਟਾਏ, ਬਿਨਾ ਟੈਕਸ ਅਦਾ ਕੀਤੇ ਬਾਹਰ ਨਿਕਲ ਜਾਂਦੀ ਹੈ। ਇਸ ਤਰ੍ਹਾਂ ਪੰਜਾਬ ਦੁਨੀਆਂ ਵਿਚ ਨੰ: ਇਕ ਸ਼ਰਾਬੀ ਸੂਬਾ ਬਣ ਗਿਆ ਹੈ। ਖ਼ਜਾਨੇ ਵਿਚ ਮਸੀਂ 25 ਪ੍ਰਤੀਸ਼ਤ ਹੀ ਜਮਾਂ ਹੁੰਦਾ ਹੈ। ਲੋਕਾਂ ਦੀ ਜੇਬ ਵਿਚੋਂ 100 ਪ੍ਰਤੀਸ਼ਤ ਨਿਕਲ ਜਾਂਦਾ ਹੈ।

ਇਸੇ ਤਰਾਂ ਹੋਰ ਧਿਆਨ ਦਿਓ ! ਰਾਜਸਥਾਨ ਵੱਲੋਂ ਚੂਰਾ ਪੋਸਤ (ਭੁੱਕੀ) ਟਰੱਕ ਭਰ ਭਰ ਕੇ ਆਉਂਦੇ ਹਨ। ਕਦੀ ਕਦਾਈਂ ਟਰੱਕ ਫੜ ਲੈਣ ਦਾ ਦਾਹਵਾ ਕੀਤਾ ਜਾਂਦਾ ਹੈ। ਪੰਦਰਾਂ ਵੀਹ ਲੱਖ ਰੁਪੈ ਦੀ ਭੁੱਕੀ ਅਤੇ ਅਫੀਮ ਟਰੱਕ ਵਿਚ ਭਰ ਕੇ, ਡਰਾਈਵਰ ਤੇ ਕੰਡਕਟਰ ਚਲ ਪੈਂਦੇ ਨੇ ਪੰਜਾਬ ਵੱਲ। ਫੜ ਕੇ ਦੋਵਾਂ ਨੂੰ ਮੁਕੱਦਮਿਆਂ ਵਿਚ ਉਲਝਾਇਆ ਜਾਂਦਾ ਹੈ। ਕਈ ਵਾਰੀ ਭਾਰੀ ਜੁਰਮਾਨਾ ਜਾਂ ਕੈਦ ਭੀ ਹੋ ਜਾਂਦੀ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਟਰੱਕ ਭਰਿਆ ਹੋਵੇ ਭੂਕੀ ਦਾ, ਤੇ ਫੜੇ ਜਾਣ ਗ਼ਰੀਬ ਮਜ਼ਦੂਰ ਕਿਸਮ ਦੇ ਬੰਦੇ। ਉਹਨਾਂ ਦਾ ਟਰੱਕ ਆਪਣਾ ਨਹੀਂ, ਪਲੇ ਲੱਖਾਂ ਰੁਪੈ ਭੁੱਕੀ ਲਈ ਕਿੱਥੋਂ ਆਏ? ਅਸਲ ਵਿਚ ਰਾਜਸੀ ਨੇਤਾ, ਪੁਲਿਸ ਤੰਤਰ, ਅਤੇ ਇਹਨਾਂ ਦੇ ਪਾਲੇ ਹੋਏ ਵੱਡੇ ਵੱਡੇ ਗਿਰੋਹ। ਨਸ਼ਿਆਂ ਦੀ ਬਲੈਕ ਇਸ ਤਰ੍ਹਾਂ ਇਕ ਜਾਲ ਵਿਛਾ ਕੇ ਕੀਤੀ ਜਾਂਦੀ ਹੈ। ਗੈਰ ਕਾਨੂੰਨੀ ਤਰੀਕੇ ਆਏ ਨਸ਼ੇ ਦਾ ਰੇਟ ਮਨ ਮਰਜ਼ੀ ਦਾ। ਉਸ ਵਿਚ ਮਿਲਾਵਟ ਮਨ ਮਰਜ਼ੀ ਦੀ। ਮੁਨਾਫਾ ਸਾਰਾ ਆਪਣਾ, ਸਰਕਾਰੀ ਖਾਤੇ ਵਿਚ ਪੈਸਾ ਜਾਣ ਨਹੀਂ ਦੇਣਾ, ਟੈਕਸ ਵਗੈਰਾ ਦਾ। ਜਦੋਂ ਕਿਸੇ ਆਮ ਬੰਦੇ ਤੇ ਪੁਲਿਸ ਕੇਸ ਬਣ ਗਿਆ ਤਾਂ ਉਸਨੇ ਉਂਝ ਬਰਬਾਦ ਹੋ ਜਾਣਾ ਹੈ। ਪਹਿਲਾਂ ਬੇਅੰਤ ਪੈਸਾ ਕੇਸ ਲੜਨ ਤੇ, ਫਿਰ ਅਠ ਦਸ ਸਾਲ ਦੀ ਕੈਦ। ਜੋ ਅਸਲ ਮੁਜਰਿਮ ਹਨ, ਉਹ ਬਚਕੇ ਸਾਫ ਨਿਕਲ ਜਾਂਦੇ ਹਨ। ਭੁੱਕੀ ਕਾਰ ਸੇਵਾ ਵਾਲੇ ਡੇਰਿਆਂ ਵਿਚੋਂ ਜਾਂ ਠਾਣਿਆਂ ਵਿਚੋਂ ਆਮ ਮਿਲਦੀ ਹੈ। ਸ਼੍ਰੋਮਣੀ ਕਮੇਟੀ ਤੋਂ ਲੈ ਕੇ ਪਾਰਲੀਮੈਂਟ ਤਕ ਦੀਆਂ ਚੋਣਾਂ ਵਿਚ ਨਸ਼ਿਆਂ ਦਾ ਰੰਗ ਆਮ ਵੇਖਿਆ ਜਾ ਸਕਦਾ ਹੈ।

ਅਸੂਲੀ ਤੌਰ ਤੇ ਮੈਂ ਨਸ਼ੇ ਦੇ ਵਿਰੁੱਧ ਹਾਂ। ਪਰ ਜਿੰਨਾਂ ਹਾਲਾਤਾਂ ਵਿਚ ਪੰਜਾਬ ਨੂੰ ਗਰਕ ਕੀਤਾ ਗਿਆ ਹੈ, ਉਸ ਵਿਚ ਤਾਂ ਇਥੇ ਪੋਸਤ ਅਫੀਮ ਦੀ ਖੇਤੀ ਕਰਨ ਲਈ ਕਿਸਾਨਾਂ ਨੂੰ ਲਾਈਸੈਂਸ ਮਿਲਣੇ ਚਾਹੀਦੇ ਹਨ। ਜੇ ਕਿਸੇ ਵਿਅਕਤੀ ਨੇ, ਸ਼ਰਾਬ ਪੀਣੀ ਹੀ ਹੈ ਤਾਂ ਠੇਕੇ ਤੋਂ ਬੱਝਵੇਂ ਰੇਟ ਤੇ ਮਿਲਦੀ ਹੈ। ਉਸ ਦੀ ਕੁਆਲਟੀ ਨਿਰਧਾਰਤ ਹੈ। ਪੈਸਾ ਟੈਕਸ, ਅਤੇ ਨਿਲਾਮੀ ਰਾਹੀਂ ਸਰਕਾਰੀ ਖਜ਼ਾਨੇ ਵਿਚ ਜਾਂਦਾ ਹੈ। ਜਿਸ ਨੇ ਖਰੀਦ ਕੇ ਪੀਣੀ ਹੈ ਭੈ ਮੁਕਤ ਹੋ ਕੇ ਪੀਂਦਾ ਹੈ। ਫਿਰ ਪੋਸਤ ਤੇ ਪਾਬੰਦੀ ਕਿਉਂ? ਇਸੇ ਤਰ੍ਹਾਂ ਕਿਸਾਨਾਂ ਨੂੰ ਅਫੀਮ ਬਣਾਉਣ ਦੀ ਇਜ਼ਾਜਤ ਮਿਲੇ। ਅਫੀਮ ਦੇ ਠੇਕਿਆਂ ਦੀ ਸ਼ਰਾਬ ਵਾਂਗ ਬੋਲੀ ਲੱਗੇ। ਜਿਸ ਦਾ ਦਿਲ ਕਰੇ ਕੰਟਰੋਲ ਰੇਟ ਤੇ ਖਰੀਦ ਕੇ ਖਾ ਸਕੇ। ਇਸ ਦੀ ਕੁਆਲਟੀ ਨਿਰਧਾਰਤ ਭੀ ਹੋਵੇਗੀ।

ਬੰਦੇ ਨੂੰ ਕਿਸੇ ਐਰੇ ਗੈਰੇ ਦਾ ਡਰ ਨਹੀਂ ਹੋਵੇਗਾ। ਸਾਰਾ ਪੈਸਾ ਟੈਕਸ ਰੂਪ ਵਿਚ, ਸਰਕਾਰੀ ਖਜ਼ਾਨੇ ਨੂੰ ਜਾਵੇਗਾ। ਸਰਕਾਰ ਵਿਕਾਸ ਦੇ ਕੰਮ ਵਧ ਕਰ ਸਕੇਗੀ। ਬਿਨਾਂ ਮਤਲਬ ਤੋਂ ਮੁਕੱਦਮੇ ਨਹੀਂ ਲੜਨੇ ਪੈਣਗੇ। ਬਲੈਕ ਵਿਚ ਮਹਿੰਗੀ ਤੇ ਮਿਲਾਵਟ ਵਾਲੀ ਖਰੀਦ ਕੇ ਨਹੀਂ ਖਾਣੀ ਪਵੇ ਗੀ। ਲੋਕਾਂ ਦੀ ਜਾਨ ਸੁਖਾਲੀ ਹੋ ਜਾਵੇਗੀ। ਅਮਲੀ ਖੁਸ਼ ਹੋ ਜਾਣਗੇ, ਸਰਕਾਰ ਦੀ ਆਮਦਨ ਵੱਧ ਜਾਵੇਗੀ। ਉਂਞ ਨਸ਼ੇ ਬਹੁਤ ਬੁਰੇ ਹਨ ਇਹਨਾਂ ਦੀ ਚੰਦਰੀ ਵਾਦੀ ਕਿਸੇ ਨੂੰ ਨਾ ਲਗੇ, ਇਹੋ ਅਰਦਾਸ ਹੈ ਪਰਮੇਸ਼ਰ ਦੇ ਚਰਨਾਂ ਵਿਚ। ਪੋਸਤ ਬਾਰੇ ਇਕ ਸ਼ਿਅਰ ਗੋਰ ਫਰਮਾਉ:-

**ਪੋਸਤਾ ਉਏ ਦਿਲ ਦੋਸਤਾ, ਤੇਰਾ ਬਾਗੀਂ ਲੁਆਵਾਂ ਬੂਟਾ।**
**ਲੱਖ ਲੱਖ ਦੀ ਗਲ ਕਰਾਵੇ ਲੱਖ ਲੱਖ ਦਾ ਝੂਟਾ।**

ਖੇਤ ਵਿਚ ਕੰਮ ਕਰਦੇ ਅਮਲੀ ਨੂੰ ਪੋਸਤ ਦਾ ਬੂਟਾ ਉੱਗਿਆ ਦਿੱਸ ਪਿਆ। ਉਸਨੇ ਖੁਸ਼ੀ ਵਿਚ ਸਰਸਾਰ ਹੋਕੇ, ਉਪਰ ਵਰਣਿਤ ਸ਼ਿਅਰ ਉਚਾਰਿਆ। ਉਸਦੀ ਪਤਨੀ ਨੇੜੇ ਹੀ ਸੁਣ ਰਹੀ ਸੀ, ਝੱਟ ਬੋਲ ਪਈ। ਅਮਲੀਆ ਤੂੰ ਤਾਂ ਆਪਣਾ ਸ਼ਿਅਰ ਸੁਣਾ ਲਿਆ। ਆ ਮੈਂ ਭੀ ਇਕ ਸ਼ਿਅਰ ਸੁਣਾ ਦਿਆਂ, ਧਿਆਨ ਨਾਲ ਸੁਣ:-

**ਪੋਸਤਾ ਵੇ ਮੇਰਿਆ ਦੁਸ਼ਮਣਾ, ਤੇਰਾ ਜੜੋਂ ਪੁਟਾਵਾਂ ਬੂਟਾ।**
**ਦਰ ਦਰ ਦੀ ਤੂੰ ਭੀਖ ਮੰਗਾਵੇਂ, ਹੱਥ ਫੜਾਵੇਂ ਠੂਠਾ।**

ਸ਼ਰਾਬ ਨੂੰ ਅੰਗੂਰ ਦੀ ਬੇਟੀ ਆਖ ਕੇ, ਇਕ ਕਵੀ ਨੇ ਸ਼ਿਅਰ ਇਉਂ ਭੀ ਲਿਖਿਆ ਹੈ:-

**ਉਸ ਕੀ ਬੇਟੀ ਨੇ ਉਠਾ ਰਖੀ ਹੈ, ਦੁਨੀਆ ਸਿਰ ਪਰ,**
**ਖੈਰ ਗੁਜਰੀ ਕਿ ਅੰਗੂਰ ਕੋ ਬੇਟਾ ਨਾ ਹੂਆ।**

ਗੁਰਬਾਣੀ ਦਾ ਅਮੋਲਕ ਬਚਨ ਇਉਂ ਅਗਵਾਈ ਦਿੰਦਾ ਹੈ:-

**ਦੁਰਮਤਿ ਮਦੁ ਜੋ ਪੀਵਦੇ, ਬਿਖਈ ਪਤਿ ਕਮਲੀ।।**
**ਰਾਮ ਰਸਾਇਣ ਜੋ ਰਤੇ, ਨਾਨਕ ਸਚ ਅਮਲੀ।। (399)**

**000**

# ਸੰਤਾਂ ਦੀ ਸਿੱਖੀ, ਕੌਮ ਦੀ ਤਬਾਹੀ

ਗੁਰੂ ਨਾਨਕ ਸਾਹਿਬ ਵੱਲੋਂ ਚਲਾਏ ਗਿਆਨ ਤੇ ਅਧਾਰਤ ,ਭਰਮ ਰਹਿਤ, ਸਰਬ ਕਲਿਆਣਕਾਰੀ, ਗੁਰਮਤ ਮਾਰਗ ਸਥਾਪਤ ਕਰਨ ਦੀ ਖੁਦਗਰਜ਼ ਲੋਕਾਂ ਵੱਲੋਂ ਡਟ ਕੇ ਵਿਰੋਧਤਾ ਕੀਤੀ ਗਈ। ਫਿਰ ਭੀ ਸਤਿਗੁਰੂ ਜੀ ਦੀਆਂ ਉਤਮ ਨੀਤੀਆਂ ਦੁਆਰਾ, ਇਹ ਮਤ ਅੱਗੇ ਹੀ ਅੱਗੇ ਵਧਦਾ ਚਲਿਆ ਗਿਆ। ਦੁਸ਼ਮਣ ਭੀ ਆਪਣੇ ਵਾਰ ਤੇਜ਼ ਕਰਦਾ ਗਿਆ ਤੇ ਸਿੱਖ ਭੀ ਹਰ ਮੁਹਾਜ ਤੇ ਤਕੜੀ ਟੱਕਰ ਦੇਣ ਲੱਗੇ। ਦਸਮ ਪਾਤਿਸ਼ਾਹ ਤੋਂ ਮਗਰੋਂ ਕੁੱਝ ਸਮਾਂ ਬੰਦਾ ਸਿੰਘ ਬਹਾਦਰ ਦੀ ਹੈਰਾਨਕੁਨ ਚੜ੍ਹਤ ਰਹੀ। ਪਰ ਇਹ ਸਮਾਂ ਬਹੁਤ ਸੰਕੋਚਵਾਂ ਸੀ, ਕੇਵਲ ਅੱਠ ਕੁ ਸਾਲ। ਫਿਰ ਸ਼ੁਰੂ ਹੋਇਆ ਸਿੱਖਾਂ ਦਾ ਸਮੂੰਹਕ ਕਤਲੇਆਮ, ਸਰਬਨਾਸ। ਲਗਭਗ 90 ਸਾਲ ਤਕ ਇਸੇ ਜ਼ੁਲਮ ਨੂੰ ਸਹਿੰਦਿਆਂ, ਸਿੱਖ ਦ੍ਰਿੜ ਇਰਾਦੇ ਅਤੇ ਗੁਰੂ ਦੀ ਉਚਤਮ ਸਿੱਖਿਆ ਰਾਹੀਂ, ਅਡੋਲ ਰਹਿ ਕੇ ਕਾਮਯਾਬ ਹੋ ਗਏ। ਆਪਣਾ ਆਪ ਸੰਭਾਲਿਆ ਤੇ ਹਿੰਦੂ, ਮੁਸਲਮਾਨ ਦੀ ਰੱਖਿਆ ਕੀਤੀ। ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟ ਕੇ, ਸਰਬਸਾਂਝਾ ਰਾਜ ਕਾਇਮ ਕੀਤਾ, ਸਮਾਂ ਬੀਤਦਾ ਗਿਆ, ਰਾਜ ਸੁਖ ਵਿਚ ਸਿੱਖ ਅਵੇਸਲੇ ਹੋ ਗਏ। ਬਾਹਰਲੇ ਦੁਸ਼ਮਣ ਨਾਲ ਤਾਂ ਲੜਦੇ ਰਹੇ ਜਿੱਤਾਂ ਪ੍ਰਾਪਤ ਕਰਦੇ ਰਹੇ। ਦੁਸ਼ਮਣਾਂ ਨੂੰ ਦੇਸ਼ ਆਜ਼ਾਦ ਕਰ ਜਾਣ ਲਈ ਮਜਬੂਰ ਕਰ ਦੇਂਦੇ ਰਹੇ। ਘਰ ਦੇ ਭੇਤੀ ਅਤੀ ਸ਼ਾਤਰ ਦੁਸ਼ਮਣ ਮਿੱਠੀ ਛੁਰੀ ਫੜਕੇ ਸਿੱਖਾਂ ਦੇ ਅੰਦਰਲੇ ਖੇਮੇ ਵਿਚ ਦਾਖਲ ਹੁੰਦੇ ਗਏ। ਸਿੱਖਾਂ ਨੇ ਬਾਹਰਲੇ ਦੁਸ਼ਮਣਾਂ ਨਾਲ ਜੰਗ ਲੜਦਿਆਂ ਜੰਗਲੀਂ ਵਾਸ ਕੀਤਾ। ਦਿਨ ਰਾਤ ਤੇਗ ਦੇ ਮੁੱਠੇ ਤੇ ਹੱਥ ਰੱਖਿਆ, ਘੋੜਿਆਂ ਦੀਆਂ ਕਾਠੀਆਂ ਨੂੰ ਹੀ ਘਰ ਬਣਾਇਆ। ਜੰਗਲੀਂ ਫੁੱਲ ਫਲ ਸਾਗ ਪੱਤੇ ਖਾ ਕੇ ਛੱਪੜਾਂ ਦਾ ਪਾਣੀ ਪੀ ਕੇ ਭੀ ਹੌਸਲਾ ਨਾ ਛੱਡਿਆ। ਅਜਿਹੇ ਹਾਲਾਤਾਂ ਵਿਚ ਗੁਰਬਾਣੀ ਦੀ ਪਕੜ, ਸਮਝ ਘਟ ਗਈ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਜੰਗ ਬਹੁਤ ਲੜੇ ਤੇ ਫਤਿਹ ਪਾਈ। ਅੰਦਰਲੇ ਦੁਸ਼ਮਣ ਹੋਰ ਤਾਕਤਵਰ ਹੁੰਦੇ ਗਏ। ਸਿੱਖਾਂ ਨੇ ਮਜਬੂਰੀ ਵਸ, ਪੜ੍ਹਨਾ ਲਿਖਣਾ ਛੱਡ ਦਿੱਤਾ। ਗੁਰਬਾਣੀ ਦੇ ਅਸੂਲਾਂ ਤੋਂ ਭੀ ਸੱਖਣੇ ਹੋ ਗਏ। ਇਹੀ ਕਾਰਨ ਸਨ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਿਤ ਹੁੰਦਿਆਂ ਤਕ, ਸਾਰੀਆਂ ਬ੍ਰਾਹਮਣੀ ਰੀਤਾਂ, ਸਿੱਖਾਂ ਦੇ ਸਿਰ ਚੜ੍ਹ ਕੇ ਜਲਵਾ ਵਿਖਾ ਰਹੀਆਂ ਸਨ।

ਮਿਸਲਾਂ ਦੇ ਇਸ ਭਿਆਨਕ ਸਮੇਂ ਨੂੰ ਸਿਧਾਂਤਕ ਤੌਰ ਤੇ ਸਿੱਖ ਦੁਸ਼ਮਣ ਨੇ ਗਨੀਮਤ ਜਾਣਕੇ, ਆਪਣੀ ਛੁਰੀ ਤੇਜ਼ੀ ਨਾਲ ਵਰਤਣੀ ਸ਼ੁਰੂ ਕਰ ਦਿੱਤੀ। ਪੜ੍ਹਿਆ ਲਿਖਿਆ ਵਿਅਕਤੀ ਉਹਨਾਂ ਦਿਨਾਂ ਵਿਚ ਕੇਵਲ ਬ੍ਰਾਹਮਣ ਹੀ ਸੀ। ਸਿੱਖਾਂ ਬਾਰੇ ਗੁਰਇਤਿਹਾਸ ਬਾਰੇ, ਜਾਂ ਗੁਰਬਾਣੀ ਦੀ ਟੀਕਾਕਾਰੀ ਬਾਰੇ, ਜੋ ਕੁਝ ਲਿਖਿਆ ਗਿਆ, ਬਹੁਤਾਤ ਵਿਚ ਬਿਪਰਾਂ ਵਲੋਂ ਹੀ ਲਿਖਿਆ ਗਿਆ।

ਜਿਵੇਂ ਗੁਰਬਿਲਾਸ ਪਾਤਿਸ਼ਾਹੀ ਛੇਵੀਂ ਕਿਤਾਬ, ਗੁਰੂ ਸਾਹਿਬਾਨ ਦਾ ਪੁੱਜ ਕੇ ਅਪਮਾਨ ਕਰਨ ਵਾਲੀ ਸੰਨ 1718 ਵਿਚ ਕਵੀ ਸੋਹਣ ਵਲੋਂ ਲਿਖੀ ਗਈ। ਇਸੇ ਤਰ੍ਹਾਂ ਕੁਝ ਬ੍ਰਾਹਮਣ ਕਵੀਆਂ ਰਾਮ ਤੇ ਸ਼ਿਆਮ ਆਦਿਕ ਵੱਲੋਂ ਇਹਨਾਂ ਹੀ ਸਮਿਆਂ ਵਿਚ ਦਸਮ ਗ੍ਰੰਥ ਵਰਗੀ ਨਖਿਧ ਲਿਖਤ ਤਿਆਰ ਕੀਤੀ ਗਈ। ਅਣਜਾਣ ਪੁਣੇ ਵਿਚ ਸਿੱਖਾਂ ਨੇ ਇਹਨਾਂ ਗੁਰੂ ਦੋਖੀ ਲਿਖਤਾਂ ਨੂੰ ਆਪਣੇ ''ਸਰੋਤ ਗ੍ਰੰਥ'' ਦਸਣਾ ਸ਼ੁਰੂ ਕਰ ਦਿੱਤਾ। ਕੋਈ ਹਿੰਦੂ ਮੁਸਲਮਾਨ ਜਾਂ ਅੰਗ੍ਰੇਜ਼ ਜਦੋਂ ਸਿੱਖ ਇਤਿਹਾਸ ਬਾਰੇ ਕੋਈ ਗਲਤ ਬਿਆਨੀ ਲਿਖ ਦਿੰਦਾ ਹੈ। ਉਸ ਵਕਤ ਸਿੱਖਾਂ ਵਿਚ ਬੜਾ ਸ਼ੋਰ ਮਚਦਾ ਹੈ। ਦੁੱਧ ਦੇ ਉਬਾਲ ਵਾਂਗ ਸਾਰੇ ਪਾਸੇ ਉਬਾਲ ਆਇਆ ਪ੍ਰਤੀਤ ਹੁੰਦਾ ਹੈ। ਕੁਝ ਸਮੇਂ ਤੋਂ ਬਾਅਦ ਚਾਰੇ ਬੰਨੇ ਸ਼ਾਂਤੀ ਪਸਰ ਜਾਂਦੀ ਹੈ, ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਚਾਹੀਦਾ ਤਾਂ ਇਹ ਸੀ ਕਿ ਉਹਨਾਂ ਵਿਸ਼ਿਆਂ ਨਾਲ ਸਬੰਧਤ ਵਿਦਵਾਨਾਂ ਤੋਂ ਖੋਜ ਭਰਪੂਰ ਕਿਤਾਬਾਂ ਲਿਖਵਾਈਆਂ ਜਾਂਦੀਆਂ। ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਤੇ ਹੋਰ ਗੁਰਦਵਾਰਾ ਕਮੇਟੀਆਂ, ਇਸ ਕੰਮ ਵਿਚ ਪਲਾਨਿੰਗ ਬਣਾ ਕੇ ਯੋਗਦਾਨ ਪਾਉਂਦੀਆਂ। ਇਹਨਾਂ ਕਿਤਾਬਾਂ ਨੂੰ ਫਿਰ ਇੰਗਲਿਸ਼ ਆਦਿਕ ਜ਼ੁਬਾਨਾਂ ਵਿਚ ਅਨੁਵਾਦ ਕੀਤਾ ਜਾਂਦਾ। ਇਹ ਪ੍ਰਮਾਣਿਕ ਸਾਹਿਤ ਦੁਨੀਆ ਵਿਚ ਬਣੇ ਹਰ ਗੁਰਦੁਆਰੇ ਵਿਚ ਪ੍ਰਾਪਤ ਹੋ ਸਕਦਾ। ਅਫਸੋਸ ਕਿ ਇਸ ਤਰ੍ਹਾਂ ਨਹੀਂ ਕੀਤਾ ਗਿਆ। ਕਿਸੇ ਹੋਰ ਨੂੰ ਦੋਸ ਦੇਣ ਦੀ ਥਾਵੇਂ, ਸਿੱਖ ਮੁਖੀ, ਗੁਰਦਵਾਰਾ ਕਮੇਟੀਆਂ ਦੇ ਪ੍ਰਧਾਨ ਖੁਦ ਹੀ ਸਿੱਖ ਪੰਥ ਦੀਆਂ ਬੇੜੀਆਂ ਵਿਚ ਛੇਕ ਕਰ ਰਹੇ ਹਨ। ਗੁਰਬਾਣੀ ਅਤੇ ਇਤਿਹਾਸ ਨੂੰ ਵਿਦਵਾਨਾਂ ਦੀਆਂ ਟੀਮਾਂ ਬਣਾ ਕੇ, ਸੁਲਝੇ ਹੋਏ ਵਿਗਿਆਨਕ ਢੰਗਾਂ ਨਾਲ ਤਿਆਰ ਕਰਨਾ ਬਣਦਾ ਸੀ। ਲੰਮੇ ਸਮੇਂ ਤੋਂ ਅਜਿਹਾ ਕੋਈ ਕਾਰਜ ਨਹੀਂ ਕੀਤਾ ਗਿਆ। ਹਾਂ ਕੁਝ ਮਿਸ਼ਨਰੀ ਸੰਸਥਾਵਾਂ ਵੱਲੋਂ ਜਾਂ ਕੁਝ ਵਿਅਕਤੀਆਂ ਵੱਲੋਂ ਨਿੱਜੀ ਸਾਧਨਾਂ ਦੁਆਰਾ ਇਹ ਕੰਮ ਕੀਤੇ ਜਾ ਰਹੇ ਹਨ। ਪਰ ਇਹਨਾਂ ਦੇ ਸਾਧਨ ਅਤੀ ਸੀਮਤ ਹਨ, ਰੁਪੈ ਪੈਸੇ ਦੀ ਕਮੀ ਹੈ। ਵਿਦਵਾਨਾਂ ਨੂੰ ਯੋਗ ਖਰਚਾ ਦੇ ਕੇ ਸੇਵਾ ਨਹੀਂ ਕਰਵਾ ਸਕਦੇ। ਛਪਾਈ ਦਾ ਕੰਮ ਬਹੁਤ ਖਰਚੀਲਾ ਅਤੇ ਥਕਾਊ ਕਿਸਮ ਦਾ ਹੈ। ਅਨੁਵਾਦ ਵਿਚ ਹੋਰ ਭੀ ਜ਼ਿਆਦਾ ਮੁਸ਼ਕਲਾਂ ਆਉਂਦੀਆਂ ਹਨ। ਅਗਰ ਇਹੀ ਕੰਮ ਗੁਰਦਵਾਰਾ ਕਮੇਟੀਆਂ ਚੁਕ ਲੈਣ, ਹੋਰ ਬੰਨਿਓਂ ਖਰਚੇ ਰੋਕ ਕੇ, ਸਿੱਖ ਸਾਹਿਤ ਵੱਲ ਧਿਆਨ ਦੇ ਸਕਣ, ਤਾਂ ਬਹੁਤ ਸਾਰੇ ਮਸਲੇ ਸਹਿਜੇ ਹੀ ਹੱਲ ਹੋ ਸਕਦੇ ਹਨ। ਸਿੱਖਾਂ ਵਿਰੁੱਧ ਗੈਰ ਸਿੱਖਾਂ ਨੂੰ ਕੁਝ ਭੀ ਲਿਖਣ ਦੀ ਹਿੰਮਤ ਨਹੀਂ ਪਵੇਗੀ। ਅਸੀਂ ਠੋਕ ਵਜਾ ਕੇ ਕਹਿ ਸਕਾਂਗੇ ਕਿ ਜਿਸ ਲਿਖਤ ਦਾ ਹਵਾਲਾ ਵਿਰੋਧੀ ਲੇਖਕ ਦੇ ਰਿਹਾ ਹੈ, ਪੰਥਕ ਧਾਰਾ ਵਾਲੇ ਲੇਖਕ ਇਸ ਨੂੰ ਪਹਿਲਾਂ ਹੀ ਰੱਦ ਕਰ ਚੁੱਕੇ ਹਨ। ਅਪ੍ਰਵਾਨਤ ਸਰੋਤਾਂ ਦਾ ਹਵਾਲਾ ਸਾਨੂੰ ਮਨਜ਼ੂਰ ਨਹੀਂ ਹੈ।

ਜਦੋਂ 1849 ਈ. ਵਿੱਚ ਅੰਗ੍ਰੇਜ਼ਾਂ ਨੇ ਪੰਜਾਬ ਤੇ ਜਬਜ਼ਾ ਕਰ ਲਿਆ। ਉਸ ਵਕਤ ਸਿੱਖ ਫੌਜਾਂ ਭਾਵੇਂ ਜੰਗ ਵਿਚ ਹਾਰ ਗਈਆਂ ਸਨ। ਰਾਜ ਭਾਗ ਅਤੇ ਇੱਜ਼ਤ ਮਾਣ ਖੁੱਸ ਚੁੱਕਿਆ ਸੀ। ਬਹੁਤ ਸਾਰੇ ਸਿੱਖ ਸੂਰਮੇ ਡੋਗਰਾ ਗਰਦੀ ਅਤੇ ਬ੍ਰਾਹਮਣੀ ਸਾਜਿਸ਼ਾਂ ਕਾਰਨ ਲੇਖੇ ਲਗ ਗਏ। ਫੌਜੀ

ਕਮਾਂਡਰ ਤੇਜ ਸਿੰਘ ਲਾਲ ਸਿੰਘ ਤੇ ਪਹਾੜਾ ਸਿੰਘ ਨੇ ਸਿੱਖ ਫੌਜਾ ਨੂੰ ਮਰਵਾਵੁਣ ਵਿਚ ਨੀਚਤਾ ਦੀਆਂ ਸੱਭ ਹੱਦਾਂ ਪਾਰ ਕਰਦਿਆਂ, ਬੇਸ਼ਰਮੀ ਦਾ ਨੰਗਾ ਨਾਚ ਕੀਤਾ। ਇਸ ਤੋਂ ਬਾਅਦ ਜਿਥੇ ਕਿਤੇ ਕੋਈ ਸਿੱਖ ਸੀ, ਉਹ ਕ੍ਰੋਧਿਤ ਹੋ ਉਠਿਆ। ਮਨ ਕਰਕੇ ਉਹਨਾਂ ਗੁਲਾਮੀ ਸਵੀਕਾਰ ਨਾ ਕੀਤੀ। ਛੋਟੇ ਵੱਡੇ ਜਥੇ ਬਣਾਕੇ ਜਾਂ ਵਿਅਕਤੀਗਤ ਤੌਰ ਤੇ, ਸਿੱਖਾਂ ਨੇ ਅੰਗ੍ਰੇਜ਼ ਹਕੂਮਤ ਨਾਲ ਦੋ ਹੱਥ ਕਰਨੇ ਜਾਰੀ ਰੱਖੇ। ਇਹਨਾਂ ਨਿੱਤ ਦੀਆ ਬਗਾਵਤਾਂ ਨੂੰ ਦਬਾਉਣ ਵਾਸਤੇ ਗੋਰੀ ਸਰਕਾਰ ਵੱਲੋਂ ਜਿਥੇ ਪੂਰੀ ਸਖ਼ਤੀ ਵਰਤੀ ਜਾ ਰਹੀ ਸੀ। ਉਥੇ ਸਿੱਖਾਂ ਨੂੰ ਪਤਿਆਉਣ ਲਈ ਖਾਸ ਰਿਆਇਤਾਂ ਭੀ ਦਿੱਤੀਆਂ ਜਾ ਰਹੀਆਂ ਸਨ। ਸਰਦਾਰਾਂ ਨੂੰ ਜ਼ਮੀਨਾਂ ਦਿੱਤੀਆਂ ਗਈਆਂ। ਰੋਪੜ ਵਿਖੇ ਸਤਲੁਜ ਦਰਿਆ ਤੇ ਵੱਡਾ ਬੰਨ੍ਹ ਮਾਰ ਕੇ ਸਰਹੰਦ ਨਹਿਰ ਦੀ ਪੁਟਾਈ ਸੁਰੂ ਕੀਤੀ। ਜਿਸ ਵਿੱਚ ਵਿਹਲੇ ਲੋਕਾਂ ਨੂੰ ਕਾਫੀ ਰੁਜ਼ਗਾਰ ਮਿਲਿਆ। ਨਹਿਰ ਤਿਆਰ ਹੋ ਕੇ ਇਸ ਪਾਣੀ ਨਾਲ ਫਸਲਾਂ ਵਧੇਰੇ ਹੋਣ ਲੱਗੀਆਂ। ਸਿਵਲ ਤੇ ਸਰਕਾਰੀ ਨੌਕਰੀਆ ਵਿੱਚ ਭੀ ਕਾਫੀ ਲੋਕਾਂ ਨੂੰ ਨੌਕਰੀ ਦਿੱਤੀ ਗਈ। ਸੰਨ 1857 ਤੋਂ ਮਗਰੋਂ ਸਿੱਖਾਂ ਲਈ ਫੌਜੀ ਭਰਤੀ ਦੇ ਦਰਵਾਜ਼ੇ ਭੀ ਖੋਹਲ ਦਿੱਤੇ ਗਏ। ਸਿੱਖ ਸਿਪਾਹੀ ਅੰਗ੍ਰੇਜ਼ੀ ਸਰਕਾਰ ਲਈ ਇਕ ਵੱਡੀ ਸ਼ਕਤੀ ਬਣ ਕੇ ਉਭਰੇ। ਪਰ ਗੋਰੇ ਇਹ ਭਲੀ ਭਾਂਤੇ ਜਾਣਦੇ ਸਨ ਕਿ ਇਹਨਾਂ ਦਾ ਗੁੱਸਾ ਕਿਸੇ ਵਕਤ ਭੀ ਭਿਆਨਕ ਰੂਪ ਧਾਰਨ ਕਰ ਸਕਦਾ ਹੈ। ਅੰਦਰਲੇ ਉਬਲ ਰਹੇ ਲਾਵੇ ਨੂੰ ਕਾਬੂ ਵਿੱਚ ਰੱਖਣ ਵਾਸਤੇ, ਦਰਬਾਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਆਪਣੇ ਸਰਬਰਾਹ ਥਾਪ ਕੇ, ਅਸਿੱਧੇ ਢੰਗ ਨਾਲ ਸਰਕਾਰ ਅਧੀਨ ਲਿਆਂਦਾ। ਕਥਾ ਕਰਨ ਤੇ ਰੋਕ ਲਾ ਦਿੱਤੀ ਗਈ। ਹੋਰ ਭੀ ਸਾਰੇ ਵੱਡੇ ਗੁਰਦੁਆਰਿਆਂ ਵਿਚ ਆਪਣੇ ਨਿਗਰਾਨ ਥਾਪ ਦਿੱਤੇ, ਭਾਵੇਂ ਸਕਲੋਂ ਇਹ ਸਿੱਖ ਹੀ ਨਜ਼ਰ ਕਿਉਂ ਨਾ ਆਉਂਦੇ ਹੋਣ।

ਅੰਗ੍ਰੇਜ਼ੀ ਫੌਜ ਵਿੱਚ ਵਫਾਦਾਰੀ ਨਾਲ ਸਰਕਾਰੀ ਡਿਊਟੀ ਕਰਨ ਵਾਲੇ, ਕੁਝ ਵਿਅਕਤੀਆਂ ਨੂੰ ਵਿਸ਼ੇਸ਼ ਮਕਸਦ ਦੀ ਪੂਰਤੀ ਵਾਸਤੇ, **''ਸੰਤਗੀਰੀ''** ਦਾ ਰੁਤਬਾ ਦੇ, ਕੇ ਫੌਜ ਵਿੱਚੋਂ ਪੰਜਾਬ ਦੇ ਵੱਖੋ ਵੱਖਰੇ ਇਲਾਕਿਆਂ ਵਿਚ ਨਿਯੁਕਤ ਕੀਤਾ ਗਿਆ। ਰਾਧਾ ਸੁਆਮੀ ਡੇਰੇ ਵਾਲਿਆਂ ਦਾ ਪਹਿਲਾ ਮੁਖੀ, ਭਾਈ ਜੈਮਲ ਸਿੰਘ ਫੌਜੀ ਸੀ। ਨਾਮਧਾਰੀਆਂ ਦਾ ਪਹਿਲਾ ਮੁਖੀ ਰਾਮ ਸਿੰਘ (ਕੂਕਾ) ਫੌਜੀ ਸੀ। ਨੌਰੰਗਾਬਾਦ ਵਾਲਾ ਭਾਈ ਬੀਰ ਸਿੰਘ ਫੌਜੀ ਸੀ। ਇਸੇ ਤਰ੍ਹਾਂ ਪ੍ਰਸਿੱਧ ''ਸੰਤ'' ਲਗਭਗ ਸਾਰੇ ਫੌਜ ਵਿਚੋਂ ਲਿਆ ਕੇ ਫਿੱਟ ਕੀਤੇ ਗਏ ਸਨ। ਇਹਨਾਂ **''ਸਰਕਾਰੀ ਸੰਤਾਂ''** ਨੇ ਥੋੜ੍ਹੇ ਹੀ ਸਮੇਂ ਵਿੱਚ ਚੰਗਾ ਨਾਮ ਕਮਾ ਲਿਆ। ਲੋਕੀਂ ਵਹੀਰਾਂ ਘੱਤ ਕੇ ਇਹਨਾਂ ਦੇ **''ਪਰਵਚਨ ਸਰਵਣ''** ਕਰਨ ਲਈ ਡੇਰਿਆਂ ਦੀ ਸ਼ੋਭਾ ਵਧਾਉਣ ਲੱਗੇ। ਸਮੇਂ ਸਮੇਂ ਅੰਗ੍ਰੇਜ਼ ਅਫਸਰ ਅਤੇ ਵੱਡੇ ਫੌਜੀ ਜਰਨੈਲ ਭੀ ਇਹਨਾਂ **''ਸਰਕਾਰੀ ਸੰਤਾਂ''** ਦੇ ਚਰਨ ਪਰਸਣ ਆ ਜਾਂਦੇ ਤੇ ਬਾਬਾ ਜੀ ਦੀ ਅਸ਼ੀਰਵਾਦ ਪ੍ਰਾਪਤ ਕਰਦੇ। ਇਹਨਾਂ **''ਸਰਕਾਰੀ ਮਹਾਪੁਰਖਾਂ''** ਨੇ ਲੋਕਾਂ ਦੇ ਕਲਿਆਣ ਲਈ ਬਹੁਤ ਸਾਰੇ ਨਵੇਂ ਫਾਰਮੂਲੇ (ਤਜਰਬੇ) ਈਜਾਦ ਕੀਤੇ। ਜਿਹਨਾਂ ਵਿਚੋਂ ਕੁਝ ਕੁ ਇਉਂ ਹਨ :-

ੳ - ਆਪਣੇ ਅਧੀਨ ਚੱਲਣ ਵਾਲੇ ਅਦਾਰਿਆਂ ਦੇ ਨਾਮ ਗੁਰਦੁਆਰੇ ਨਾ ਰੱਖ ਕੇ, ਡੇਰੇ ,ਠਾਠ, ਭੌਰੇ ਅਤੇ ਟਿਕਾਣੇ ਟਕਸਾਲ ਨਾਮ ਪ੍ਰਚਲਤ ਕਰਨੇ।

ਅ - ਇਹਨਾਂ ਥਾਵਾਂ ਵਿਚ ਨਿਸ਼ਾਨ, (ਝੰਡਾ) ਨਗਾਰਾ, ਹਥਿਆਰ ਨਾ ਰੱਖਣੇ।

ੲ - ਇਹਨਾਂ ਡੇਰਿਆਂ ਵਿਚਲੇ ਸਾਰੇ ਵਿਅਕਤੀਆਂ ਵੱਲੋਂ ਨੀਲੇ ਪਹਿਰਾਵੇ ਤਿਆਗ ਕੇ, ਸਫੈਦ ਸ਼ਾਂਤੀ ਦੇ ਪ੍ਰਤੀਕ ਬਸਤਰ ਧਾਰਨ ਕਰਨੇ।

ਸ - ਸਿਰ ਤੇ ਵੱਡੀਆਂ ਦਸਤਾਰਾਂ ਦੀ ਥਾਂ, ਨਿੱਕੇ-ਨਿੱਕੇ ਪਟਕੇ ਬੰਨ੍ਹਣੇ।

ਹ - ਪੈਰਾਂ ਵਿਚ ਜੁੱਤੀ ਪਾਉਣ ਦੀ ਥਾਂ ਖੜਾਵਾਂ ਪਹਿਨਣੀਆਂ ਜਾਂ ਨੰਗੇ ਪੈਰੀਂ ਵਿਚਰਨਾ।

ਕ - ਕਿਰਪਾਨ ਖੰਡਾ ਜਾਂ ਹੋਰ ਰਵਾਇਤੀ ਸਿੱਖ ਸ਼ਸਤਰਾਂ ਦਾ ਵਿਰੋਧ ਕਰਨਾ।

ਖ - ਤਿੰਨ ਫੁਟੀ ਕਿਰਪਾਨ ਦੀ ਬਜਾਏ ਗਾਤਰੇ ਵਾਲੀ ਛੋਟੀ ਜਾਂ ਤਵੀਤ ਨੁਮਾ ਗਲ ਵਿਚ ਕਿਰਪਾਨ ਪਾਉਣਾ।

ਗ - ਗੁਰਬਾਣੀ ਦਾ ਸਹੀ ਗਿਆਨ ਦੇਣ ਦੀ ਥਾਵੇਂ ਮੰਤਰ ਪਾਠ, ਅਖੰਡ ਪਾਠ, ਸੰਪਟ ਪਾਠ ਅਤੇ ਹੋਰ ਕਈ ਤਰ੍ਹਾਂ ਦੇ ਪਾਠ ਪ੍ਰਚਲਤ ਕਰਨਾ।

ਘ - ਕਿਸੇ ਭੀ ਮੁਸ਼ਕਲ ਵਕਤ ਚੰਗੀ ਸਲਾਹ ਨਾ ਦੇ ਕੇ, ਅਰਦਾਸ ਜਾਂ ਕਿਸੇ ਤਰ੍ਹਾਂ ਦੇ ਮੰਤਰ ਪਾਠ ਦੇ ਰਾਹ ਪਾਉਣਾ।

ਙ - ਕਿਰਤੀ ਸਿੱਖਾਂ ਦੀ ਕਮਾਈ ਡਕਾਰਨ ਵਾਲਾ, ਨਵਾਂ ਪੁਜਾਰੀ ਤਬਕਾ ਪੈਦਾ ਕਰਨਾ, ਜੋ ਲੋਕਾਂ ਦੀ ਕਮਾਈ ਨਾਲ ਗੁਲਛਰਰੇ ਉਡਾਵੇ।

ਚ - ਵਿਆਹ ਨਾ ਕਰਵਾਕੇ ਗ੍ਰਿਸਤ ਮਾਰਗ ਦਾ ਤ੍ਰਿਸਕਾਰ ਕਰਨਾ ਤੇ ਡੇਰਿਆ ਵਿਚ ਅਨੈਤਕ (ਪਰ ਤਨ ਭੋਗ ਤੇ ਮੁੰਡੇਬਾਜੀ) ਕੰਮਾਂ ਨੂੰ ਵਧਾਉਣਾ।

ਛ - ਡੇਰਿਆਂ ਨੂੰ ਆਪਣੀ ਨਿੱਜੀ ਮਾਲਕੀ ਬਣਾ ਲੈਣਾ।

ਜ - ਚੜ੍ਹਤ ਦੇ ਪੈਸੇ ਨੂੰ ਪੰਥਕ ਹਿਤਾਂ ਵਿਚ ਨਾ ਵਰਤਕੇ, ਐਸ਼ ਪ੍ਰਸਤੀ ਵਿਚ ਰੋਹੜ ਦੇਣਾ।

ਝ - ਗੈਰਤਮੰਦ ਨੌਜੁਆਨ ਤਿਆਰ ਕਰਨ ਦੀ ਥਾਵੇਂ, ਗੁਲਾਮ ਜਹਿਨੀਅਤ ਵਾਲੇ, ਜੀ ਹਜ਼ੂਰੀਏ ਟੁਕੜਬੋਚ, ਗਿਆਨ ਤੋਂ ਕੋਰੇ, ਵਿਹਲੜਾਂ ਦੀਆਂ ਧਾੜਾਂ ਖੜੀਆਂ ਕਰਨੀਆਂ, ਗ੍ਰੰਥੀ ਥਾਪਣੇ।

ਞ - ਪੁੱਤਰ ਦੇਣ ਦੇ ਦੁਸ਼ਟ ਕਰਮ ਰਾਹੀਂ ਲੋਕਾਂ ਦੀਆਂ ਨਾ ਸਮਝ, ਨੂੰਹਾਂ ਧੀਆਂ ਨੂੰ ਡੇਰਿਆਂ ਵਿਚ ਬੁਲਾਕੇ ਸਰੀਰਕ ਸ਼ੋਸ਼ਣ ਕਰਨਾ।

ਟ - ਸਿੱਖਾਂ ਅੰਦਰੋਂ ਸਵੈਮਾਣ ਭਰਿਆ ਅਣਖੀਲਾ ਤੇ ਜੁਝਾਰੂ ਸੁਭਾਅ ਖਤਮ ਕਰਕੇ, ਗੁਲਾਮ ਮਾਨਸਿਕਤਾ ਵਾਲੇ ਬਣਾਉਣਾ।

ਠ - ਗੁਰਬਾਣੀ ਵੱਲੋਂ ਰੱਦ ਕੀਤੇ ਗਏ ਬ੍ਰਾਹਮਣੀ ਕਰਮਕਾਂਡਾਂ ਨੂੰ ਸਿੱਖ ਸਮਾਜ ਵਿੱਚ, ਜ਼ੋਰਸ਼ੋਰ

ਨਾਲ ਚਾਲੂ ਕਰਨਾ।

ਙ- ਗੁਰੂ ਗ੍ਰੰਥ ਸਾਹਿਬ ਦੀ ਮੂਰਤੀਆ ਵਾਂਗ ਜਾਂ ਵਿਅਕਤੀਆਂ ਵਾਂਗ ਪੂਜਾ ਕਰਵਾਣੀ।

ਢ - ਅਣਖੀਲੇ ਸਿੱਖ ਗਭਰੂਆਂ ਦਾ ਅਪਮਾਨ ਕਰਨਾ ਜਾਂ ਉਹਨਾਂ ਨੂੰ ''ਮੰਤਰ ਜਾਪ'' ਕੇ ਰਾਹ ਟੋਰ ਦੇਣ ਲਈ ਕੋਸ਼ਿਸ਼ ਕਰਨੀ।

ਣ - ਸਰਕਾਰ ਦੀ ਕਿਸੇ ਵਧੀਕੀ ਵਿਰੁੱਧ ਨਾ ਕਦੇ ਖੁਦ ਜਬਾਨ ਖੋਹਲਣੀ, ਨਾ ਆਪਣੇ ਚੇ ਲਿਆਂ ਨੂੰ ਇਸ ਪਾਸੇ ਸੋਚਣ ਦੇਣਾ।

ਤ - ਗੁਰਬਾਣੀ ਦੀ ਥਾਵੇਂ ਆਪਣੀਆਂ **''ਕਵਿਤਾਵਾਂ ਦਾ ਕੀਰਤਨ''** ਪ੍ਰਚਲਤ ਕਰਨਾ।

ਥ - ਸੂਰਮਗਤੀ ਵਾਲਾ ਇਤਿਹਾਸ ਨਾ ਸੁਣਾ ਕੇ, ਮਨ ਘੜਤ ਝੂਠੀਆਂ ਕਹਾਣੀਆਂ ਚਾਲੂ ਕਰਨੀਆਂ।

ਦ - ਮਾਸ ਦਾ ਬੇਲੋੜਾ ਵਿਰੋਧ ਕਰਕੇ ਸਿੱਖਾਂ ਨੂੰ ਕਾਇਰਤਾ ਵਾਲੇ ਰਾਹ ਟੋਰਨਾ।

ਧ - ਨਗਾਰਾ ਨ ਵਜਾ ਕੇ ਸੰਖ ਤੇ ਟੱਲੀਆਂ ਖੜਕਾਉਣੀਆਂ।

ਨ - ਰਾਜ ਕਰੇਗਾ ਖਾਲਸਾ ਵਾਲਾ ਦੋਹਿਰਾ ਬੰਦ ਕਰਾਉਣਾ।

ਪ - ਅਰਦਾਸ ਮਗਰੋਂ **''ਜੋ ਬੋਲੇ ਸੋ ਨਿਹਾਲ। ਸਤਿ ਸਿਰੀ ਅਕਾਲ'',** ਵਾਲਾ ਜੈਕਾਰਾ ਬੰਦ ਕਰਾਉਣਾ।

ਫ - ਸਿੰਘ ਤੇ ਖਾਲਸਾ ਸ਼ਬਦ ਦੀ ਥਾਂ ਸੰਤ, ਬ੍ਰਹਮ ਗਿਆਨੀ, ਉਦਾਸੀ ਨਿਰਮਲੇ ਸੇਵਾ ਪੰਥੀ ਨਾਮ ਪ੍ਰਚਲਤ ਕਰਨੇ।

ਇਹ ਸਨ ਕੁਝ ਵਿਸ਼ੇਸ਼ ਨੁਕਤੇ ਜਿਨ੍ਹਾਂ ਨੂੰ ਫੌਜ ਵਿਚੋਂ ਤਿਆਰ ਕਰਕੇ ਭੇਜੇ **''ਸਰਕਾਰੀ ਸੰਤਾਂ''** ਨੇ ਪੰਜਾਬ ਵਿਚ ਲਾਗੂ ਕਰਨ ਦੀ **''ਤਨੌ ਮਨੋ ਸੇਵਾ''** ਕੀਤੀ। ਅੰਗ੍ਰੇਜ਼ ਸਰਕਾਰ ਵੱਲੋਂ, ਇਹਨਾਂ ਡੇਰਿਆਂ ਨੂੰ ਜ਼ਮੀਨਾਂ ਭੀ ਦਿੱਤੀਆਂ ਗਈਆਂ ਤੇ ਹਰ ਤਰ੍ਹਾਂ ਦੀ ਸੁਰੱਖਿਆ ਛਤਰੀ ਭੀ ਦਿੱਤੀ ਗਈ। ਫੌਜ ਵਿਚੋਂ ਚਲੇ ਜਾਣ ਦੇ ਬਾਵਜੂਦ ਕਈ ਸਾਰੇ ''ਸੰਤਾਂ'' ਦੀ ਹਾਜ਼ਰੀ ਫੌਜ ਦੇ ਰਜਿਸਟਰਾਂ ਵਿੱਚ ਉਸੇ ਤਰ੍ਹਾਂ ਲੱਗਦੀ ਰਹੀ, ਤਨਖਾਹ ਘਰ ਪੁੱਜਦੀ ਰਹੀ।

ਉਹਨਾਂ ਦਿਨਾਂ ਵਿਚ ਸਰਕਾਰ ਦੀ ਇੱਛਾ ਦੇ ਮੁਤਾਬਕ ਕੰਮ ਕਰਨ ਵਾਲੇ ਸਾਰੇ ਸਿਰ ਕੱਢਵੇਂ ''ਸੰਤ'' ਪੂਰੇ ਵੱਡੇ ਪੰਜਾਬ ਵਿਚ ''ਮਹਾਨ ਪੰਥਕ ਸੇਵਾ'' ਬੜੇ ਧੜਲੇਦਾਰ ਢੰਗ ਨਾਲ ਕਰ ਰਹੇ ਸਨ। ਜਦੋਂ ਕਲਕੱਤੇ ਤੋਂ ਭਾਰਤ ਦੀ ਰਾਜਧਾਨੀ ਬਦਲ ਕੇ, ਦਿੱਲੀ ਲਿਆਂਦੀ ਗਈ। ਸੀ।ਉਸ ਵਕਤ ਬਰਤਾਨੀਆ ਦਾ ਸਮਰਾਟ, ਜਾਰਜ ਪੰਜਵਾਂ ਵਿਸ਼ੇਸ਼ ਤੌਰ ਤੇ ਪੁੱਜਿਆ ਸੀ। ਪਹਿਲਾਂ ਦੇਸ਼ ਭਰ ਵਿੱਚ ਉਤਸ਼ਾਹ ਪੈਦਾ ਕਰਨ ਲਈ, ''ਗਲੋਡਨ ਜੁਬਲੀ ਫਲੇਮ'', ਭਾਵ ਸਾਰੇ ਹਿੰਦੁਸਤਾਨ ਤੇ ਪੂਰਨ ਰਾਜਸੀ ਤਾਕਤ ਜਮਾ ਲੈਣ ਦੀ ਖੁਸ਼ੀ ਵਿਚ, ਥਾਉਂ ਥਾਈਂ ਵੱਡੇ ਸ਼ਹਿਰਾਂ ਵਿੱਚ ਰੰਗਾਂ ਰੰਗ ਸਮਾਗਮ ਕੀਤੇ ਗਏ। ਇਕ ਅੰਗ੍ਰੇਜ਼ੀ ਰਾਜ ਦੀ ਪ੍ਰਤੀਕ, ਫਲੇਮ (ਰੌਸ਼ਨ ਚਿਰਾਗ) ਭੀ ਖੂਬ ਘੁਮਾਈ ਗਈ।

ਆਖਰੀ ਸ਼ਾਹੀ ਜਸ਼ਨਾਂ ਵਿੱਚ ਜਿਥੇ ਵੱਡੇ ਵੱਡੇ ਗੋਰੇ ਅਫਸਰ ਸ਼ਾਮਿਲ ਹੋਏ ਉਥੇ ਗੁਲਾਮ ਮਾਨਾਂਸਿਕਤਾ ਵਾਲੇ, ਟੁੱਕੜਬੋਚ ਭਾਰਤੀ ਭੀ ਸ਼ਾਮਲ ਹੋਏ। ਇਸ ਜੀ ਹਜ਼ੂਰੀ ਬਦਲੇ ਉਹਨਾਂ ਨੂੰ ਕੁਝ ਟੁਕੜੇ (ਖਿਤਾਬ, ਰੁਪੈ ਜ਼ਮੀਨ ਅਹੁਦੇ।) ਚੱਟਣ ਨੂੰ ਮਿਲ ਜਾਂਦੇ ਸਨ। **ਰਾਜਨੀਤਿਕ ਲੋਕਾਂ ਦਾ ਕੋਈ ਦੀਨ ਇਮਾਨ ਨਹੀਂ ਹੁੰਦਾ, ਸਵੀਕਾਰ ਕਰ ਲੈਂਦੇ ਹਾਂ। ਜੋ ਆਪਣੇ ਆਪ ਨੂੰ ਸੰਤ ਭਗਤ ਅਚਾਰੀਆ ਰਿਸ਼ੀ ਮੁਨੀ, ਧਰਮ ਦੇ ਮੁਖੀ ਅਖਵਾਉਂਦੇ ਹੋਣ। ਜਦੋਂ ਉਹ ''ਮਹਾਂਪੁਰਖ'', ਦੇਸ਼ ਤੇ ਰਾਜ ਕਰਨ ਵਾਲੇ, ਬਦੇਸ਼ੀ ਹਾਕਮਾਂ ਨੂੰ ਅਸ਼ੀਰਵਾਦ ਦੇਣ। ਧਰਮ ਛਤਰੀ ਬਖਸ਼ਿਸ਼ ਕਰਨ। ਉਹਨਾਂ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਕਰਨ। ਅਪੋ ਆਪਣੇ ਧਰਮ ਗ੍ਰੰਥਾਂ ਵਿਚੋਂ ਪਰਮ ਪਵਿੱਤਰ ਸ਼ਬਦ ਸਲੋਕ ਪੜ੍ਹਕੇ, ਉਹਨਾਂ ਬਦੇਸ਼ੀ ਧਾੜਵੀਆਂ ਨੂੰ ਸੱਚੇ ਸੁੱਚੇ ਹੋਣ ਦਾ ਧਾਰਮਕ ਸਰਟੀਫੀਕੇਟ ਜਾਰੀ ਕਰ ਦੇਣ ........। ਤੇ ਫਿਰ ਭੀ ਆਪਣੇ ਆਪ ਨੂ ਧਰਮ ਮੁਖੀ ਗਰਦਾਨਣ, ਤਾਂ ਕਹਿਣਾ ਪਵੇਗਾ -**

**ਕੂੜੁ ਬੋਲਿ ਮੁਰਦਾਰੁ ਖਾਇ।। ਅਵਰੀ ਨੋ ਸਮਝਾਵਣਿ ਜਾਇ।।**
**ਮੁਠਾ ਆਪਿ ਮੁਹਾਏ ਸਾਥੈ।। ਨਾਨਕ ਐਸਾ ਆਗੂ ਜਾਪੈ।। (ਮ. 1. 140)**

ਜਾਰਜ ਪੰਜਵੇਂ ਨੂੰ ਸੰਨ 1911 ਦੇ ਇਸ ਲਾਸਾਨੀ ਰਾਜਸੀ ਇਕੱਠ ਵਿਚ, ਪੰਜਾਬ ਦੇ ਇਕ ਉਘੇ ''ਸੰਤ'' ਨੇ ਪੰਜਾਬ ਵੱਲੋਂ ਤੇ ਸਮੂੰਹ ਸਿੱਖਾਂ ਵੱਲੋਂ ਚੜ੍ਹਦੀ ਕਲਾ ਦੀ ਅਸ਼ੀਰਵਾਦ ਦੇ ਕੇ ਕਿਰਤਾਰਥ ਕੀਤਾ। ਇਸ ਤਰ੍ਹਾਂ ਇਹ ਸੰਤ ਜੀ, ਗੋਰੀ ਸਰਕਾਰ ਦੇ ਨਜ਼ਰੇ ਕਰਮ ਬਣੇ। ਗੋਰੀ ਸਰਕਾਰ ਨੂੰ ਧਾਰਮਕ ਸਰਪ੍ਰਸਤੀ ਦਿੱਤੀ। ਇਵਜਾਨੇ ਵਿੱਚ ਗੋਰੀ ਸਰਕਾਰ ਨੇ ਜ਼ਰ ਜ਼ਮੀਨ ਤੇ ਮਾਣ ਸਤਿਕਾਰ ਵਿੱਚ ਢੇਰ ਸਾਰਾ ਵਾਧਾ ਕਰ ਦਿੱਤਾ। ਕਈ ਸਾਰੇ ਵੱਡੇ ਗੋਰੇ ਅਫਸਰ, ਸੰਤ ਜੀ ਦੇ ਡੇਰੇ ਵਿੱਚ ਆ ਕੇ ਭੇਟਾਵਾਂ ਅਰਪਣ ਕਰਦੇ, ਬਾਬਾ ਜੀ ਦੇ ਚਰਨਾਂ ਤੇ ਮੱਥਾ ਟਿਕਾ ਕੇ ਮਹਾਂ ਪੁਰਖਾਂ ਨੂੰ ਹੋਰ ਵੱਡੇ ਕਰ ਜਾਂਦੇ। ਗੋਰੇ ਅਫਸਰਾਂ ਨਾਲ ਆਏ ਕਾਲੇ ਪੀਲੇ ਅਫਸਰ, ਪਿੱਛੇ ਕਿਵੇਂ ਰਹਿ ਸਕਦੇ ਹਨ ? ਉਹਨਾਂ ਭੀ ਬਾਬਾ ਜੀ ਅੱਗੇ ਭੇਟਾਵਾਂ ਅਰਪਣ ਕਰਕੇ, ਨਮਸ਼ਕਾਰਾਂ ਕਰਨੀਆਂ। ਫਿਰ ਭਲਾ ਆਮ ਜੰਤਾਂ ਜਨਾਰਦਨ ਸੰਤਾਂ ਦੇ ਚਰਨਾਂ ਤੇ ਲੰਮਿਆਂ ਪੈ ਕੇ ਡੰਡਵਤ ਕਿਉਂ ਨਹੀਂ ਕਰੇਗੀ ? ਬਾਬਾ ਜੀ ਨੂੰ ਰੱਬੀ ਅਵਤਾਰ, ਗੁਰੂ ਨਾਨਕ ਸਾਹਿਬ ਦਾ ਖਾਸ ਰੂਪ, ਇਕੋ ਇਸ਼ਾਰੇ ਨਾਲ ਸਭ ਦੀ ਕਿਸਮਤ ਬਦਲ ਦੇਣ ਵਾਲੇ ਕਿਉਂ, ਨਹੀਂ ਮੰਨੇਗੀ ? ਜੀ ਹਾਂ ਸੱਚ ਇਹੀ ਹੈ। ਅੱਜ ਭੀ ਵੱਡੇ ਅਫਸਰ ਤੇ ਵਜ਼ੀਰ ਇਸੇ ਤਰ੍ਹਾਂ ਸੰਤਾਂ ਦੀ ਮਹਾਨਤਾ ਵਿੱਚ ਅਥਾਹ ਵਾਧਾ ਕਰ ਰਹੇ ਹਨ। ਅੰਦਰ ਖਾਤੇ ਇਕ ਮਿਕ ਹਨ। **''ਤੂੰ ਮੈਨੂੰ ਮੁੱਲਾਂ ਜੀ ਆਖੀਂ, ਮੈਂ ਤੈਨੂੰ ਕਾਜੀ ਜੀ ਆਖਾਂਗਾ''। ਯਾਰੀ ਪੱਕੀ ਰਹੇਗੀ। ਔਖੇ ਵਕਤ ਦੋਵੇਂ ਇਕ ਦੂਜੇ ਦੇ ਕੰਮ ਆਵਾਂਗੇ, ਵੰਡ ਕੇ ਛਕਾਂਗੇ.........।**

ਪਿਛਲੇ ਡੇਢ ਸੌ ਸਾਲ ਤੋਂ ਅਹਿਜੇ ਮਹਾਪੁਰਖ ਚਾਰੇ ਬੰਨੇ ਧਰਮ ਤੇ ਹਾਵੀ ਹੋਏ ਵੇਖੇ ਜਾ ਸਕਦੇ ਹਨ। ਇਹਨਾਂ ਵਿਚੋਂ ਕਿਸੇ ਨੂੰ ਪੁੱਛ ਵੇਖੋ ਸੰਤਗੀਰੀ ਦੀ ਸੰਗਲੀ ਕਾਂਸ਼ੀ ਨਾਲ ਨੱਥੀ ਕਰਨ ਵਿਚ ਫਖਰ ਮਹਿਸੂਸ ਕਰਨਗੇ। ਅਖੇ ਸਾਡੇ ਸਭ ਤੋਂ ਪਹਿਲੇ ਸੰਤ ਜੀ ਨੇ ਕਾਂਸ਼ੀ ਤੋਂ ਵਿਦਿਆ ਪੜ੍ਹੀ

ਸੀ। ਉਹੀ ਕਾਂਸ਼ੀ ਵਾਲੀ ਬ੍ਰਾਹਮਣੀ ਵਿਦਿਆ ਇਹਨਾਂ ਦਾਹੜੀ ਕੇਸਾਂ ਵਾਲੇ ਬ੍ਰਾਹਮਣਾਂ ਨੇ ਸਿੱਖਾਂ ਅੰਦਰ ਠੋਸ ਦਿਤੀ ਹੈ। ਹੌਲੀ-ਹੌਲੀ ਇਹੀ ਬਿਪਰੀ ਰੀਤਾਂ (ਜੋ ਗੁਰਮਤ ਤੋਂ ਉਲਟ ਹਨ) ਸਿੱਖਾਂ ਨੂੰ ਚੰਗੀਆਂ ਲੱਗਣ ਲਗ ਪਈਆਂ। ਅੱਜ ਸਿੱਖਾਂ ਦਾ ਗੁਰੂ ਸ਼ਬਦ ਨਹੀਂ ਹੈ ਗਿਆਨ ਨਹੀਂ ਹੈ। ਹਰ ਐਰਾ ਗੈਰਾ ਨੱਥੂ ਖੈਰਾ ਸਿੱਖਾਂ ਦਾ ਗੁਰੂ ਬਣ ਚੁਕਿਆ ਹੈ। ਉਸਦਾ ਪਹਿਰਾਵਾ ਤੇ ਸ਼ਕਲ ਭਾਵੇਂ ਕੋਈ ਭੀ ਹੋਵੇ। ਅਸੀਂ ਸਾਰੇ ਹੀ ''ਸੰਤ ਹਾਂ ਸਾਰੇ ਹੀ ਸਿਪਾਹੀ ਹਾਂ।'' ਸੰਤਾਂ ਦੀ ਵਖਰੀ ਕੋਈ ਸ਼੍ਰੇਣੀ ਸਤਿਗੁਰੂ ਜੀ ਨੇ ਨਹੀਂ ਬਣਾਈ।

**ਹਵਸ ਕੇ ਬੰਦੇ, ਵਫਾ ਕੋ ਬੇਚ ਦੇਤੇ ਹੈਂ ।**
**ਖੁਦਾ ਕੇ ਘਰ ਕੀ ਕਿਆ ਕਹੀਏ, ਯਿਹ ਖੁਦਾ ਕੋ ਬੇਚ ਦੇਤੇ ਹੈਂ । (ਇਕਬਾਲ)**

**000**

# ਸਨਮਾਨ ਦੀ ਭੁੱਖ

ਹਰ ਜੀਵ ਪਸ਼ੂ ਪੰਛੀ ਹਰਕਤ ਵਿੱਚ ਹੈ। ਜਨਮ ਤੋਂ ਹੀ ਹਿਲਜੁਲ ਸ਼ੁਰੂ ਹੋ ਜਾਂਦੀ ਹੈ। ਜੇ ਮੁਸ਼ੱਕਤ ਨਾ ਕਰੀਏ ਤਾਂ ਸਰੀਰ ਤਾਕਤਵਰ ਨਹੀਂ ਹੋ ਸਕਦਾ। ਖੁਰਾਕ ਉਚਿਤ ਢੰਗ ਨਾਲ ਹਜ਼ਮ ਨਹੀਂ ਹੁੰਦੀ। ਇਸੇ ਤਰ੍ਹਾਂ ਜੇ ਦਿਮਾਗ ਤੋਂ ਕੰਮ ਨਾ ਲਿਆ ਜਾਵੇ, ਸਿਖਲਾਈ ਨਾ ਦਿੱਤੀ ਜਾਵੇ ਕੰਮ ਕਰਨ ਜਾਂ ਫੈਸਲੇ ਲੈਣ ਦੀ ਸਮਰੱਥਾ ਸੀਮਤ ਰਹਿ ਜਾਂਦੀ ਹੈ। ਅੱਗੋਂ ਹਾਲਾਤ ਦੀਆਂ ਮਜਬੂਰੀਆਂ ਕਾਰਨ ਜਾਂ ਅੰਦਰ ਦੀ ਪ੍ਰੇਰਨਾ ਸਦਕਾ ਮਨੁੱਖ ਦਾ ਝੁਕਾਓ ਕਿਸੇ ਖਾਸ ਨੁਕਤੇ ਤੇ ਕੇਂਦਰਤ ਹੋ ਜਾਂਦਾ ਹੈ। ਬਹੁਤ ਸਾਰੇ ਲੋਕ, ਰੋਜ਼ੀ-ਰੋਟੀ ਤੱਕ ਸੀਮਤ ਰਹਿ ਜਾਂਦੇ ਹਨ। ਵਿਰਲੇ ਲੋਕਾਂ ਕੋਲ ਧਨ ਪਦਾਰਥਾਂ ਦੀ ਕੋਈ ਕਮੀ ਨਹੀਂ ਹੁੰਦੀ, ਫਿਰ ਵੀ ਉਹ ਆਪਣਾ ਸਮਾਂ ਅਤੇ ਧਨ, ਸਫਲਾ ਨਹੀਂ ਕਰ ਸਕਦੇ । ਕਲਾਕਾਰੀ ਰੁਚੀਆਂ ਮਾਨੋਂ ਉਹਨਾਂ ਦੇ ਅੰਦਰ ਪੁੰਗਰਦੀਆਂ ਹੀ ਨਹੀਂ। ਦੂਜੇ ਪਾਸੇ ਕਈ ਸਾਰੇ ਲੋਕ ਸਾਧਨਾਂ ਦੀ ਕਮੀ ਹੋਣ ਤੇ ਭੀ, ਵਕਤ ਦੀ ਘਾਟ ਹੋਣ ਤੇ ਭੀ, ਰੁਪੈ ਪੈਸੇ ਵੱਲੋਂ ਹੱਥ ਤੰਗ ਹੋਣ ਤੇ ਭੀ, ਸਮੇਂ ਸਮੇਂ ਕਲਾਕਾਰਾਂ ਵਾਲਾ ਜਜ਼ਬਾ ਪ੍ਰਗਟ ਕਰਦੇ ਰਹਿੰਦੇ ਹਨ। ਇਹਨਾਂ ਵਿਚ ਬੁੱਤ ਘਾੜੇ, ਚਿੱਤਰਕਾਰ, ਸੰਗੀਤਕਾਰ, ਸਾਹਿਤਕਾਰ, ਖਿਡਾਰੀ, ਪੱਤਰਕਾਰ, ਨਾਟਕਕਾਰ ਆਦਿਕ ਆਪੋ ਆਪਣੀ ਸਮਰੱਥਾ ਮੁਤਾਬਕ ਕੁਝ ਵਿਸ਼ੇਸ਼ ਕੰਮ ਕਰ ਜਾਂਦੇ ਹਨ, ਜਿਸ ਨੂੰ ਲੋਕੀ ਆਦਰ ਦੀ ਭਾਵਨਾ ਨਾਲ ਪਸੰਦ ਕਰਦੇ ਹਨ ਤੇ ਕਲਾਕਾਰਾਂ ਨੂੰ ਲੰਮੇ ਸਮੇਂ ਤੱਕ ਯਾਦ ਕਰਦੇ ਰਹਿੰਦੇ ਹਨ।

ਕਿਸੇ ਭੀ ਦਿਅਨਤਦਾਰ ਕਲਾਕਾਰ ਦੀ ਅਸਲ ਪ੍ਰਾਪਤੀ ਤਾਂ ਇਹ ਹੈ ਕਿ ਉਸਨੇ ਆਪਣੇ ਸਮਾਜ ਦਾ ਮੂੰਹ ਮੱਥਾ ਸੰਵਾਰਨ ਵਿੱਚ ਕਿੰਨਾ ਕੁ ਯੋਗਦਾਨ ਪਾਇਆ ਹੈ। ਉਸ ਦੀ ਕਲਾ ਮਨੁੱਖੀ ਭਲੇ ਹਿਤ ਹੈ ਜਾਂ ਇਸ ਦੇ ਵਿਰੋਧ ਵਿੱਚ। ਲੇਖਕ ਜਾਂ ਕਲਾਕਾਰ ਆਪਣੇ ਗਿਆਨ ਦੀ ਵਰਤੋਂ ਮਨੁੱਖ ਦੀਆਂ ਸੁੱਤੀਆਂ ਕਲਾਂ ਜਗਉਣ ਲਈ ਕਰਦੇ ਹਨ ਜਾਂ ਗਫਲਤ ਦੀ ਨੀਂਦ (ਅਗਿਆਨਤਾ) ਸੁਲਾਉਣ ਲਈ ਕਰਦੇ ਹਨ। ਕੁੱਝ ਨਿੱਜੀ ਗਰਜਾਂ ਕਾਰਨ, ਚਾਰ ਛਿੱਲੜਾਂ ਜਾਂ ਵਕਤੀ ਵਾਹ ਵਾਹ ਲਈ ਇਨਸਾਨੀਅਤ ਦੇ ਵਿਰੁੱਧ ਭੁਗਤਦੇ ਹਨ ਜਾਂ ਹਿੱਕ ਤਾਣ ਦੇ ਲੋਕ ਦੁਸ਼ਮਣਾਂ ਦੇ ਵਿਰੋਧ ਵਿੱਚ ਅੜ ਖਲੋਂਦੇ ਹਨ? ਕਲਮ ਦੀ ਤਾਕਤ ਅਸੀਮ ਹੈ, ਸਬਦਾਂ ਦੀ ਸ਼ਕਤੀ ਪੱਥਰ ਦਿਲਾਂ ਨੂੰ ਮੋਮ ਕਰ ਦਿੰਦੀ ਹੈ। ਕੁਰਾਹੇ ਪਿਆਂ ਨੂੰ ਰਾਹ ਪਾ ਦਿੰਦੀ ਹੈ, ਮਰਣਹਾਰਿਆਂ ਨੂੰ ਜ਼ਿੰਦਗੀ ਦੇ ਨਵੇਂ ਦਿਸਹਦੇ ਦੱਸ ਦਿੰਦੀ ਹੈ। ਠੀਕ ਵਕਤ ਤੇ **''ਵਾਹ ਜੀ ਵਾਹ''** ਆਖੇ ਦੋ ਅੱਖਰ ਹਿਮਾਲਾ ਦੀ ਚੋਟੀ ਸਰ ਕਰ ਲੈਣ ਦੀ ਹਿੰਮਤ ਬਖਸ਼ ਦਿਆ ਕਰਦੇ ਹਨ। **''ਆਹ ਕੀ ਕੀਤਾ, ਤੇਰਾ ਸਤਿਆਨਾਸ,''** ਵਰਗੇ ਆਖੇ ਬੋਲ, ਸਾਹ ਸਤ ਕੱਢ ਦਿੰਦੇ ਹਨ ਤੇ ਇਨਸਾਨ ਢੇਰੀ ਢਾਹ ਬਹਿੰਦਾ ਹੈ। ਗੁਰੂ ਸਾਹਿਬ ਦੇ ਆਖੇ

ਬਚਨਾਂ ਵਿਚ ਅਸੀਮ ਤਾਕਤ ਸੀ, ਮੁਰਦਾ ਜਿਸਮਾਂ ਵਿਚ ਨਵੀਂ ਰੂਹ ਫੂਕ ਦਿੰਦੇ ਸਨ। ਬੁਜਦਿਲਾਂ ਨੂੰ ਮਰਦੇ ਮੁਜਾਹਿਦ ਬਣਾ ਦਿਆ ਕਰਦੇ ਸਨ। ਭਟਕੇ ਹੋਏ ਲੋਕਾਂ ਨੂੰ ਜ਼ਿੰਦਗੀ ਦੇ ਸਹੀ ਰਾਹ ਪਾ ਦਿਆ ਕਰਦੇ ਸਨ। ਚੋਰਾਂ ਠੱਗਾਂ ਕਾਤਿਲਾਂ ਨੂੰ ਪਰਉਪਕਾਰੀ ਨੇਕ ਇਨਸਾਨ ਬਣਾ ਦਿਆ ਕਰਦੇ ਸਨ। ਜਦੋਂ ਆਪਣਾ ਜੀਵਨ ਕਹਿਣੀ ਅਤੇ ਕਰਨੀ ਤੇ ਖਰਾ ਉਤਰ ਰਿਹਾ ਹੋਵੇ, ਤਦੋਂ ਸੋਨੇ ਤੇ ਸੁਹਾਗੇ ਵਾਲੀ ਖੂਬਸੂਰਤੀ ਪੈਦਾ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦੀ ਲਿਖਤ ਅਤੇ ਉਪਕਾਰੀ ਜੀਵਨ ਨੇ ਇੱਕ ਨਵੇਕਲੀ ਸਿੱਖ ਕੌਮ ਨੂੰ ਪ੍ਰਗਟ ਕਰ ਦਿੱਤਾ।

ਸਮੇਂ ਦੀਆਂ ਸਰਕਾਰਾਂ ਆਮ ਕਰਕੇ ਲੋਕ ਹਿਤਾਂ ਦੇ ਵਿਰੁੱਧ ਹੀ ਚਲਦੀਆਂ ਹਨ ਵੱਡੀਆਂ ਕੁਰਸੀਆਂ ਤੇ ਬਿਰਾਜ ਕੇ ਵੱਡੇ ਤਾਜਦਾਰ ਆਪਣੇ ਆਲੀਸ਼ਾਨ ਮਹਿਲ ਉਸਾਰ ਲੈਂਦੇ ਹਨ ਤੇ ਜੰਤਾ ਝੌਂਪੜੀਆਂ ਵਿੱਚ ਸਿਰ  ਲੁਕਾਣ ਲਈ ਮਜਬੂਰ ਹੁੰਦੀ ਹੈ। ਮਹਿਲਾਂ ਦੇ ਮਾਲਕ, ਪਦਾਰਥਾਂ ਦੇ ਅੰਬਾਰ ਇਕੱਠੇ ਕਰ ਲੈਂਦੇ ਹਨ, ਪਰ ਲੋਕੀਂ ਦੋ ਵਕਤ ਦੀ ਰੁੱਖੀ ਸੁੱਖੀ ਰੋਟੀ ਲਈ ਭੀ ਵਿਆਕੁਲ ਹੁੰਦੇ ਹਨ। ਵੱਡੇ ਲੋਕਾਂ ਨੇ ਸੂਟਾਂ ਬੂਟਾਂ ਦੇ ਅਣਗਿਣਤ ਜੋੜੇ ਰੱਖੇ ਹੋਏ ਨੇ, ਆਮ ਮਨੁੱਖ ਲਗਭਗ ਅਧਨੰਗਾ ਜ਼ਿੰਦਗੀ ਬਿਤਾ ਰਿਹਾ ਹੈ। ਇਕ ਪਾਸੇ ਥੁਲ ਥੁਲ ਕਰਦੀਆਂ ਗੋਗੜਾਂ ਹਨ, ਚੰਮ-ਚੰਮ ਕਰਦੀਆਂ ਬਦੇਸੀ ਕਾਰਾਂ ਹਨ। ਦੂਜੇ ਹੱਡੀਆਂ ਦੇ ਪਿੰਜਰ ਹਨ, ਜ਼ਿੰਦਗੀ ਦੀਆ ਜ਼ਰੂਰੀ ਲੋੜਾਂ ਵਾਸਤੇ ਕੋਈ ਸਹੂਲਤ ਨਹੀਂ ਹੈ। ਪੁਲਿਸ ਕਾਨੂੰਨ ਅਦਾਲਤਾਂ, ਇਹਨਾਂ **''ਅਮੀਰ ਗੁੰਡਿਆਂ''** ਦੀ ਰਾਖੀ ਲਈ ਪੱਬਾਂ ਭਾਰ ਹੋਈਆਂ ਰਹਿੰਦੀਆਂ ਹਨ। ਜੰਤਾ ਜਨਾਰਦਨ ਆਪਣੇ ਜਾਨ-ਮਾਲ ਦੀ ਰਾਖੀ ਲਈ ਹਾਅ ਪੁਕਾਰ ਭੀ ਕਰਦੀ ਹੈ ਤਾਂ ਉਸੇ ਦੇ ਮੌਰ ਸੇਕ ਦਿੱਤੇ ਜਾਂਦੇ ਹਨ। ਸਰਕਾਰੀ ਪਹਿਰੇਦਾਰ ਪਾਲਤੂ ਕੁੱਤਿਆਂ ਵਾਂਗ ਨਿਹੱਥਿਆਂ ਤੇ ਟੁੱਟ ਪੈਂਦੇ ਹਨ। ਸਮੂੰਹਕ ਕਤਲੇਆਮ ਹਨ, ਕਾਲ ਕੋਠੜੀਆਂ ਹਨ। ਸਕੂਲ, ਕਾਲਜ, ਹਸਪਤਾਲ ਪੈਸੇ ਵਾਲਿਆਂ ਦੇ ਹਨ ਤੇ ਪੈਸੇ ਵਾਲਿਆਂ ਲਈ ਹਨ। ਗਰੀਬਾਂ ਨੂੰ ਇਨ੍ਹਾਂ ਦੇ ਨੇੜਿਉਂ ਲੰਘਣ ਦੀ ਭੀ ਆਗਿਆ ਨਹੀਂ ਹੈ।

ਅਜਿਹੀ ਹਨੇਰ ਗਰਦੀ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਬੜੀ ਬੇਬਾਕੀ ਨਾਲ ਤਾਰ ਤਾਰ ਕੀਤਾ ਹੈ। ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਧਰਮੀ ਪੁਰਖਾਂ ਨੂੰ ਵੰਗਾਰ ਪਾਈ ਹੈ। ਵਿਦਵਾਨਾਂ, ਕਵੀਆਂ, ਮਨੁੱਖਤਾ ਨਾਲ ਪਿਆਰ ਕਰਨ ਵਾਲੇ ਲੋਕਾਂ ਨੂੰ ਦਬੀ ਕੁਚਲੀ ਜੰਤਾ ਦੇ ਹੱਕ ਵਿੱਚ ਕਲਮਾਂ ਚਲਾਉਣ ਲਈ, ਆਵਾਜ਼ ਬੁਲੰਦ ਕਰਨ ਤੇ ਲੋੜ ਪੈਣ ਤੇ ਮੈਦਾਨ ਵਿੱਚ ਨਿੱਤਰ ਪੈਣ ਲਈ ਝੰਜੋੜਿਆ ਹੈ। ਉਸ ਵਕਤ ਨਾਮੀ ਕਵੀ ਤੇ ਸਾਹਿਤਕਾਰ ਸਰਕਾਰੀ ਟੁਕੜਿਆਂ ਵੱਟੇ ਆਪਣੀ ਜ਼ਮੀਰ ਵੇਚ ਕੇ, ਮਨੁੱਖਤਾ ਦਾ ਘਾਣ ਹੁੰਦਾ ਤੱਕ ਕੇ ਭੀ, ਉੱਚਾ ਸਾਹ ਕੱਢਣ ਨੂੰ ਤਿਆਰ ਨਹੀਂ ਸਨ। ਸਗੋਂ ਰਾਜ ਦਰਬਾਰਾਂ ਦੇ ਸੁੱਖ ਮਾਣਦੇ ਹੋਏ, ਕਾਤਲ ਅਹਿਲਕਾਰਾਂ ਦੀ ਝੂਠੀ ਪ੍ਰਸੰਸਾ ਵਿੱਚ ਉੱਚਾ ਢੋਲ ਵਜਾ ਰਹੇ ਸਨ। ਇਸ਼ਕ ਮੁਸ਼ਕ ਦੇ ਕਿੱਸੇ ਲਿਖ ਰਹੇ ਸਨ। ਜਿੰਨਾ ਭੀ ਲਿਖਤੀ ਸਾਹਿਤ ਅੱਜ ਤੱਕ ਭਾਰਤ ਵਿੱਚ ਮਿਲਦਾ ਹੈ ਉਸ ਵਿੱਚੋਂ ਰਾਜੇ ਜਾਂ ਧਾਰਮਕ ਮੁਖੀ ਦੀ ਅਲੋਚਨਾ ਦਾ ਨਾਮੋ ਨਿਸ਼ਾਨ

ਨਹੀਂ ਮਿਲਦਾ। ਧਰਮ ਦੇ ਖੇਤਰ ਵਿੱਚ ਰਹਿੰਦਿਆਂ ਨਾਮਦੇਵ ਜੀ ਤੇ ਕਬੀਰ ਜੀ ਨੇ ਭੀ ਹਕੂਮਤ ਨਾਲ ਆਹਢਾ ਲਾਇਆ। ਤਾਹੀਓਂ ਇਨ੍ਹਾਂ ਨੂੰ ਤਸੀਹੇ ਦਿੱਤੇ ਗਏ, ਮਸਤ ਹਾਥੀਆਂ ਅੱਗੇ ਬੰਨ੍ਹ ਕੇ ਸੁਟਿਆ ਗਿਆ। ਇਨ੍ਹਾਂ ਤੋਂ ਮਗਰੋਂ ਗੁਰੂ ਨਾਨਕ ਸਾਹਿਬ ਜੀ ਨੇ ਹਕੂਮਤ ਦੇ ਵਿਰੁੱਧ ਭੀ ਜ਼ੋਰਦਾਰ ਆਵਾਜ ਉਠਾਈ। ਧਰਮੀ ਅਖਵਾਉਣ ਵਾਲਿਆਂ ਨੂੰ ਭੀ ਰੱਜ ਕੇ ਕੋਸਿਆ। ਕਵੀਆਂ ਵਿਦਵਾਨਾਂ ਨੂੰ ਭੀ ਫਰਜ਼ਾਂ ਦੀ ਪਛਾਣ ਕਰਾਉਂਦੀ ਬਾਣੀ ਲਿਖੀ। ਆਓ ਸਤਿਗੁਰੂ ਜੀ ਦੀ ਬਾਣੀ ਵਿੱਚੋਂ ਪ੍ਰਮਾਣ ਪੜ੍ਹੀਏ :-

**ਜਗਿ ਚਤੁਰੁ ਸਿਆਣਾ, ਭਰਮਿ ਭੁਲਾਣਾ, ਨਾਉ ਪੰਡਿਤ, ਪੜਹਿ ਗਾਵਾਰੀ।।**
**ਨਾਉ ਵਿਸਾਰਹਿ, ਬੇਦੁ ਸੰਮਾਲਹਿ, ਬਿਖੁ ਭੂਲੇ ਲੇਖਾਰੀ।। (ਮ: 1-1015)**

ਬਾਬਰ ਅਤੇ ਹਿਮਾਯੂੰ ਦਾ ਸਮਾਂ ਰਾਜ ਸ਼ਕਤੀਆਂ ਦੇ ਟਕਰਾਓ ਵਿੱਚ ਬੀਤ ਗਿਆ। ਅਕਬਰ ਦੇ ਸਮੇਂ ਮੁਗਲ ਹਕੂਮਤ ਪੱਕੇ ਪੈਰੀਂ ਸਥਾਪਤ ਹੋ ਗਈ ਸੀ। ਇਸੇ ਲਈ ਅਕਬਰ ਨੇ ਨਾਮੀ ਕਲਾਕਾਰ, ਸੰਗੀਤਕਾਰ ਤੇ ਕਵੀ ਆਦਿ (ਚੌਦਾ ਰਤਨ) ਆਪਣੇ ਦਰਬਾਰ ਵਿੱਚ ਰੱਖ ਲਏ। ਜੇ ਗੁਰੂ ਨਾਨਕ ਸਾਹਿਬ ਚਾਹੁੰਦੇ ਕਿਸੇ ਰਾਜੇ ਦੀ ਸ਼ੋਭਾ ਵਿੱਚ ਵਧੀਆ ਜਿਹੀ ਕਵਿਤਾ ਲਿਖ ਕੇ ਸੁਣਾ ਦਿੰਦੇ ਤੇ ਸਾਰੀ ਵੁਮਰ ਰਾਜ ਸੁੱਖ ਭੋਗਦੇ। ਸ਼ਾਹੀ ਕਾਜ਼ੀ ਜਾਂ ਰਾਜ ਪੁਰੋਹਿਤ ਵਰਗਾ ਕੋਈ ਸਤਿਕਾਰਤ ਅਹੁਦਾ ਉਨ੍ਹਾਂ ਨੂੰ ਬਿਨਾਂ ਦੇਰੀ ਮਿਲ ਜਾਣਾ ਸੀ। ਰਾਜ ਕਵੀ ਵਰਗਾ ਸਤਿਕਾਰਤ ਅਹੁਦਾ ਲੈਣਾ ਉਹਨਾਂ ਲਈ ਬਿਲਕੁਲ ਆਸਾਨ ਸੀ। ਪੰਜਵੇਂ ਪਾਤਿਸ਼ਾਹ ਨੂੰ ਜਹਾਂਗੀਰ ਵੱਲੋਂ ਬਾਰ ਬਾਰ ਪ੍ਰੇਰਨਾ ਹੋਈ ਸੀ ਕਿ ਮਹੁੰਮਦ ਸਾਹਿਬ ਜਾਂ ਇਸਲਾਮ ਧਰਮ ਦੀ ਪ੍ਰਸੰਸਾ ਵਿੱਚ ਦੋ ਸਤਰਾਂ ਲਿਖ ਦਿਓ। ਉਹਨਾਂ ਅਜਿਹਾ ਕਰਨ ਤੋਂ ਸਾਫ ਨਾਂਹ ਕਰ ਦਿੱਤੀ। ਛੇਵੇਂ ਨਾਨਕ ਨੂੰ ਸ਼ਾਹ ਜਹਾਨ ਵੱਲੋਂ ਸੁਨੇਹਾ ਆਇਆ ਸੀ ਕਿ ਬਾਜ, ਕਲਗੀ, ਫੌਜ ਆਦਿ ਨਾ ਰੱਖੋ। ਸ਼ਿਕਾਰ ਨਾ ਖੇਲੋ। ਭਜਨ ਬੰਦਗੀ ਕਰੋ ਤੁਹਾਡੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਦਸਮ ਪਾਤਿਸ਼ਾਹ ਨੂੰ ਔਰੰਗਜੇਬ ਵੱਲੋਂ ਭੀ ਕਈ ਬਾਰ ਚੇਤਾਵਨੀ ਆਈ ਸੀ ਕਿ ਸਿਰਫ ''ਧਰਮ ਦੇ ਦਾਇਰੇ'' ਤੱਕ ਸੀਮਤ ਰਹੋ, ਤੁਹਾਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ। ਸਤਿਗੁਰੂ ਆਪਣੀ ਲਗਨ ਵਿੱਚ **''ਅਸਲੀ ਧਰਮ''** ਦੀ ਸੇਵਾ ਵਿੱਚ ਲੱਗੇ ਰਹੇ। ਇਸਲਾਮ ਵਾਲਿਆਂ ਦੀ ਸਰਬ ਪ੍ਰਮਾਣਿਤ ਮਾਨਤਾ ਹੈ ਕਿ ''ਜਦੋਂ ਮੁਸਲਮਾਨ ਕੁਰਆਨ ਨੂੰ ਗਲਤ ਪੜ੍ਹਨਗੇ, ਇਸਲਾਮ ਤਬਾਹ ਹੋ ਜਾਵੇਗਾ। ਜਦੋਂ ਭੀ ਵਿਦਵਾਨ ਵਿਕਾਊ ਹੋ ਜਾਣਗੇ, ਉਦੋਂ ਹੀ ਇਸਲਾਮ ਲਈ ਖਤਰਾ ਖੜ੍ਹਾ ਹੋ ਜਾਵੇਗਾ''। ਰੂਸੋ ਤੇ ਵਾਲਟੇਅਰ ਨੇ ਫਰਾਂਸ ਦੀ ਉਦਯੋਗਿਕ ਕਰਾਂਤੀ ਵਿੱਚ ਮਹੱਤਵਪੂਰਨ ਹਿੱਸਾ ਪਾਇਆ, ਇਹ ਦੋਵੇਂ ਲੇਖਕ ਸਨ। ਕਮਿਊਨਿਸਟ ਲਹਿਰ ਦਾ ਨੀਤੀ ਘਾੜਾ ਮਾਰਕਸ (1818 ਤੋਂ 1883) ਇੱਕ ਲੇਖਕ ਸੀ ਜਿਸ ਨੇ ਮਜ਼ਦੂਰ ਨੂੰ ਤਾਕਤ ਹਾਸਲ ਕਰਕੇ, ਰਾਜਨੀਤੀ ਤੇ ਪਹੁੰਚਣ ਲਈ ਹੱਲਾਸ਼ੇਰੀ ਦਿੱਤੀ। ਰੂਸੀ ਇਨਕਲਾਬ (1917) ਨੂੰ ਨੇਪਰੇ ਚਾੜ੍ਹਨ ਵਿੱਚ ਲੈਨਿਨ ਤੋਂ ਮਗਰੋਂ ਮੈਕਸਿਮ ਗੋਰਕੀ, ਸੋਲੋਖੋਵ ਟਾਲਸਟਾਏ ਆਦਿ ਨੇ ਲੋਕਾਂ ਵਿੱਚ ਚੇਤਨਾ

ਜਗਾਈ। ਯੋਰਪੀਨ ਮੁਲਕਾਂ ਵਿੱਚ ਸੁਕਰਾਤ, ਅਰਸਤੂ ਸ਼ੇਕਸਪੀਅਰ ਦੀਆਂ ਲਿਖਤਾਂ ਤੇ ਵਿਚਾਰਾਂ ਨੂੰ ਅੱਜ ਤੱਕ ਦਿਲਚਸਪੀ ਨਾਲ ਪੜ੍ਹਿਆ ਜਾਂਦਾ ਹੈ।

ਦੱਬੇ ਕੁਚਲੇ ਅਤੇ ਸਰਕਾਰੀ ਬੇਇਨਸਾਫੀ ਵਿੱਚ ਪਿਸ ਰਹੇ ਲੋਕਾਂ ਦੇ ਹੱਕ ਵਿੱਚ ਨਾਹਰਾ ਬੁਲੰਦ ਕਰਨ ਵਾਲਾ ਲੇਖਕ, ਸਰਕਾਰਾਂ ਨੂੰ ਫੁੱਟੀ ਅੱਖ ਨਹੀਂ ਭਾਉਂਦਾ। ਵੱਡੀਆਂ ਕੁਰਸੀਆਂ ਜਾਂ ਸੋਨੇ ਦੇ ਮਹਿਲਾਂ ਵਿੱਚ ਬੈਠੇ ਲੋਕ ਕਦੀ ਭੀ ਆਪਣੀ ਅਲੋਚਨਾ ਪਸੰਦ ਨਹੀਂ ਕਰਦੇ। ਅਜਿਹੇ **''ਸਿਰਫਿਰੇ '' ਲਿਖਾਰੀਆਂ ਨੂੰ ਕਾਬੂ ਵਿੱਚ ਰੱਖਣ ਵਾਸਤੇ ''ਵੱਡੇ ਲੋਕਾਂ'' ਕੋਲ ਬਹੁਤ ਸਾਧਨ ਹਨ। ਹੈਸੀਅਤ ਮੁਤਾਬਕ ਹਰ ਇੱਕ ਅੱਗੇ ਟੁਕੜਾ ਸੁੱਟਿਆ ਜਾ ਸਕਦਾ ਹੈ। ''ਭੌਂਕ ਰਹੇ ਕੁੱਤੇ'' ਨੂੰ ਸੋਟੇ ਨਾਲ ਦੁਰਕਾਰਿਆ ਜਾ ਸਕਦਾ ਹੈ। ਪਾਗਲ ਪਾਗਲ ਦਾ ਸ਼ੋਰ ਮਚਾ ਦੇ ਖਤਮ ਭੀ ਕੀਤਾ ਜਾ ਸਕਦਾ ਹੈ। ਅੱਜ ਦੀਆਂ ਸਰਕਾਰਾਂ ਤੇ ਇਨ੍ਹਾਂ ਦੇ ਧਨ ਕੁਬੇਰ ਸਾਥੀ ਸਾਹਿਤਕਾਰਾਂ ਦੀ ਖੁੱਲੀ ਬੋਲੀ ਲਾ ਦਿੰਦੇ ਹਨ। ਹਰ ਸਾਲ ਇੱਕ ਕਹਾਣੀਕਾਰ, ਇੱਕ ਨਾਵਲਕਾਰ, ਇੱਕ ਨਾਟਕਕਾਰ ਤੇ ਇੱਕ ਕਵੀ (ਹੋਰ ਕਈ ਤਰ੍ਹਾਂ ਦੇ) ਨੂੰ ''ਸ਼੍ਰੋਮਣੀ'' ਸਨਮਾਨ ਦਿੱਤਾ ਜਾਂਦਾ ਹੈ। ਇਸ ਇਨਾਮ ਵਿੱਚ ਇੱਕ ਮਾਣ ਪੱਤਰ, ਸ਼ਾਲ ਤੇ ਇੱਕ ਲੱਖ ਰੁਪੈ ਨਗਦ। ਅਜਿਹੇ ਸਨਮਾਨ ਯਾਫਤਾ ਬੁੱਧੀਵਾਨਾਂ ਨੂੰ ''ਰਾਹ ਸਿਰ'' ਲਿਆਉਣ ਲਈ ਇੰਨਾ ਕੁ ਨਾਟਕ ਕਾਫੀ ਹੈ। ਅਜਿਹੇ ਹੋਰ ਬੇਅੰਤ ''ਵਿਦਵਾਨ'' ਲਾਈਨ ਵਿੱਚ ਖਲੋ ਕੇ ਬੜੀ ਬੇਸਬਰੀ ਵਿੱਚ ਫਿਰ ਆਪਣਾ ਨੰਬਰ ਲੱਗ ਜਾਣ ਦੀ ਉਡੀਕ ਕਰਦੇ ਹਨ। ਇਨ੍ਹਾਂ ਦੀਆਂ ਅੱਖਾਂ ਤੇ ਜਦੋਂ ''ਸਰਕਾਰੀ ਐਨਕ'' ਲੱਗ ਜਾਵੇ, ਫਿਰ ਸਾਰੇ ਪਾਸੇ ਹਰਿਆਵਲ ਹੀ ਨਜ਼ਰ ਆਉਂਦੀ ਹੈ। ਆਮ ਲੋਕ ਫਿਰ ਵਿਲਕਦੇ ਨਹੀਂ, ਹੱਸਦੇ ਨਜ਼ਰ ਆਉਂਦੇ ਹਨ। ਤਨ ਤੇ ਲਟਕ ਰਹੀਆਂ ਲੀਰਾਂ ਰੇਸ਼ਮੀ ਲਿਬਾਸ ਦਿਸਦੇ ਹਨ। ਝੁੱਗੀਆਂ ਝੌਪੜੀਆਂ ਵਿੱਚ ਰਹਿਣ ਵਾਲੇ ਨਰਕੀ ਜੀਵਨ ਜੀਊ ਰਹੇ ਲੋਕ ਇਹਨਾਂ ਨੂੰ ਸਵਰਗੀ ਸੁਖ ਭੋਗਦੇ ਮਹਿਸੂਸ ਹੁੰਦੇ ਹਨ। ਰੱਤ ਪੀਣੀ ਸਰਕਾਰ ਦਇਆਵਾਨ ਤੇ ਪਰਉਪਕਾਰੀ ਨਜ਼ਰ ਆਉਣ ਲੱਗਦੀ ਹੈ। ਆਪਣੀ ਵਿਦਿਆ ਦਾ ਇਹ ਲੋਕ ਨੀਚਤਾ ਦੀਆਂ ਸਭ ਹੱਦਾਂ ਪਾਰ ਕਰਨ ਤੱਕ ਉਪਯੋਗ ਕਰਦੇ ਹਨ। ਨਿਰੇ ਸਰਕਾਰੀ ਧੂਤੂ। ਇਨ੍ਹਾਂ ਬਾਰੇ ਹੀ ਗੁਰੂ ਨਾਨਕ ਸਾਹਿਬ ਜੀ ਦਾ ਇਹ ਫੁਰਮਾਣ ਹੈ :-**

**ਹਰਣਾਂ ਬਾਜਾਂ ਤੈ ਸਿਕਦਾਰਾਂ ਏਨ੍ਹਾਂ ਪੜ੍ਹਿਆ ਨਾਉ।।**
**ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ।। (ਮ-ਪਹਿਲਾ-1288)**

ਇਹ ਤਾਂ ਹੋਈਆਂ ਪਹਿਲਾਂ ਦੀਆਂ ਗੱਲਾਂ, ਅੱਜ ਹਾਲਤ ਕੀ ਹੈ? ਕਿਸੇ ਭੀ ਕਲਾਕਾਰ ਜਾਂ ਸਾਹਿਤਕਾਰ ਲਈ ਸਭ ਤੋਂ ਵੱਡਾ ਇਨਾਮ ਹੁੰਦਾ ਹੈ ਆਪਣੇ ਲੋਕਾਂ ਵੱਲੋਂ ਮਿਲਿਆ ਪਿਆਰ। ਜੇ ਲੋਕ ਇੰਨੇ ਹੀ ਨਾ ਸਮਝ ਹੋਣ ਕਲਾਕਾਰ ਦੀ ਆਖੀ ਲਿਖੀ ਨਾਂ ਸਮਝ ਸਕਣ, ਤਾਂ ਭੀ ਲਿਖਾਰੀ ਨੇ ਹੌਸਲਾ ਨਹੀਂ ਤਿਆਗ ਦੇਣਾ। ਜੇ ਉਸ ਵੱਲੋਂ ਦਿੱਤੇ ਗਏ ਵਿਚਾਰ ਮਨੁੱਖ ਹਿਤੈਸ਼ੀ ਹਨ, ਸਰਕਾਰੀ ਜਬਰ ਨੂੰ ਨੰਗਾ ਕਰਨ ਵਾਲੇ ਹਨ, ਲੋਕਾਂ ਦੀ ਜ਼ਿੰਦਗੀ ਦਾ ਕੋਈ ਕੋਣਾਂ ਰੋਸ਼ਨ ਕਰਨ ਵਾਲੇ ਹਨ,

ਤਾਂ ਦੇਰ ਸਵੇਰ ਉਸ ਦੀ ਕੀਮਤ ਅਵੱਸ਼ ਪਵੇਗੀ। ਮੌਜੂਦਾ ਸਮੇਂ ਦੀਆਂ ਸਰਕਾਰਾਂ ਮੀਡੀਏ (ਸਮੇਤ ਲੇਖਕ ਦੇ ਪੱਤਰਕਾਰਾਂ) ਨੂੰ ਆਪਣੇ ਹੱਕ ਵਿਚ ਵਰਤਣ ਲਈ ਉਨ੍ਹਾਂ ਦੇ ਮਾਲਕਾਂ ਨਾਲ, ਪੇਪਰ ਦੀ ਤਾਕਤ ਵੇਖ ਕੇ ਅੰਦਰ ਖਾਤੇ ਸਮਝੌਤੇ ਕਰਦੀਆਂ ਹਨ। ਰਿਆਇਤੀ ਦਰਾਂ ਦੇ ਕਾਗਜ਼ ਮਸ਼ੀਨਾਂ ਤੇ ਵੱਡੇ ਪਲਾਟਾਂ ਤੋਂ ਇਲਾਵਾ ਕਰੋੜਾਂ ਰੁਪਏ ਦੇ ਇਸ਼ਤਿਹਾਰ ਦਿੰਦੀਆਂ ਹਨ।ਦੇਸ਼ ਦੇ ਲੀਡਰ ਜਦੋਂ ਬਦੇਸ਼ਾਂ ਵਿਚ ਹੋ ਰਹੇ ਸਮਾਗਮਾਂ ਵਿਚ ਭਾਗ ਲੈਣ ਜਾਂਦੇ ਹਨ, ਤਦੋਂ ਸਰਕਾਰ ਦੇ ਨਜਰੇ ਕਰਮ ''ਪੱਤਰਕਾਰ ਭੀ ਨਾਲ ਜਹਾਜ਼ ਦੇ ਝੂਟੇ ਤੇ ਵੱਡੇ ਹੋਟਲਾਂ ਵਿਚ ਠਹਿਰਨ ਦਾ ਆਨੰਦ ਮਾਣਦੇ ਹਨ। ਕਈ ਵਾਰੀ ਇਧਰੋਂ-ਓਧਰ ਤੇ ਓਧਰੋਂ-ਇਧਰ ਦੀ ਖ੍ਰੀਦਦਾਰੀ ਵਿਚੋਂ ਹੀ ਚੋਖੀ ਮਾਇਆ ਬਣਾ ਲੈਂਦੇ ਹਨ। ਦੇਸ ਦੇ ਅੰਦਰ ਭੀ ਪੱਤਰਕਾਰਾਂ ਨੂੰ ਜਦੋਂ ਕੋਈ ਵਿਅਕਤੀ ਸੱਦ ਕੇ ਵਿਚਾਰ ਦਿੰਦਾ ਹੈ, ਤਾਂ ਵਿਅਕਤੀ ਜਾਂ ਨੇਤਾ ਦੀ ਹੈਸੀਅਤ ਮੁਤਾਬਕ, ਅੰਗਰੇਜ਼ੀ ਸ਼ਰਾਬ, ਮੁਰਗੇ ਅਤੇ ਅਜਿਹਾ ਹੋਰ ਸਭ ਕੁਝ ਪੱਤਰਕਾਰਾਂ ਦੇ ਸਨਮੁੱਖ ਪਰੋਸਿਆ ਜਾਂਦਾ ਹੈ। ਮੁਫ਼ਤ ਬਸ ਪਾਸ ਪਲਾਟ ਤੇ ਚੰਗੀਆ ਤਨਚਾਹਾਂ ਵਗੈਰਾ। **ਇਨ੍ਹਾਂ ਵਿਚੋਂ ਹੀ ਪੰਜ ਸੱਤ ਨੂੰ ''ਸ਼੍ਰੋਮਣੀ'' ਸਾਹਿਤਕਾਰ, ਸ਼੍ਰੋਮਣੀ ਪੱਤਰਕਾਰਾਂ ਦੇ ਸਨਮਾਨ, ਸਮੇਤ ਵੱਡੀਆਂ ਰਕਮ ਦੇ।**

ਕਿਸਾਨ ਦਿਨ ਭਰ, ਨਹੀਂ-ਨਹੀਂ ਉਮਰ ਭਰ ਮਿੱਟੀ ਨਾਲ ਮਿੱਟੀ ਹੁੰਦਾ ਹੋਇਆ ਅੰਨ ਪੈਦਾ ਕਰਦਾ ਹੈ। ਅਣਗਿਣਤ ਕੁਦਰਤੀ ਤੇ ਗੈਰ ਕੁਦਰਤੀ ਮੁਸੀਬਤਾਂ ਝਲਦਾ ਹੈ। ਉਸਨੂੰ ਸਨਮਾਨ ਤਾਂ ਕਦੀ ਕਿਹੜਾ ਮਿਲਣਾਂ ਸੀ ਸਗੋਂ ਫਸਲ ਦਾ ਮੁਨਾਫ਼ੇ ਵਾਲਾ ਭਾ ਤੱਕ ਨਹੀਂ ਮਿਲਦਾ। ਸਾਰੇ ਪ੍ਵਾਰ ਦੀ ਜ਼ਿੰਦਗੀ ਬਰਬਾਦ। ਬੰਦ ਖਲਾਸੀ ਦਾ ਇਕੋ ਰਾਹ ਬਾਕੀ, ਮੌਤ ਜਾਂ ਖੁਦਕੁਸ਼ੀ। ਮਿਸਤਰੀ ਤੇ ਮਜ਼ਦੂਰ ਆਕਾਸ਼ ਛੋਂਹਦੀਆਂ ਇਮਾਰਤਾਂ ਬਣਾਉਂਦੇ, ਬੁੱਢੇ ਹੋ ਜਾਂਦੇ ਹਨ। ਕੰਮ ਕਰਦੇ ਡਿੱਗ ਕੇ ਜਾਨ ਗਵਾ ਲੈਂਦੇ ਹਨ। ਉਮਰ ਭਰ ਸਰੀਰ ਨੂੰ ਤਾਉਂਦੇ ਹਨ, ਪਰ ਕੋਈ ਮਾਣ-ਸਨਮਾਨ ਨਹੀਂ। ਚੂਹੜਾ ਚਮਿਆਰ (ਅਖੌਤੀ ਨੀਵੀਆਂ ਜਾਤਾਂ) ਘੁਮਿਆਰ, ਨਾਈ, ਧੋਬੀ, ਛੀਂਬਾ, ਝਟਕਈ, ਰਿਕਸ਼ੇ ਵਾਲਾ, ਰੇਹੜੀਵਾਲਾ........ਕਿਸੇ ਸਰਕਾਰ ਨੂੰ ਨਜ਼ਰ ਹੀ ਨਹੀਂ ਆਉਂਦਾ। ਇਹ ਨਿਮਾਣੇ ਲੋਕ ਪੁਸ਼ਤ ਦਰ ਪੁਸ਼ਤ ਸਰੀਰ ਤਾਉਂਦੇ ਆ ਰਹੇ ਹਨ, ਇਨ੍ਹਾਂ ਦੁਖਿਆਰਿਆਂ ਲਈ ਸਰਕਾਰ ਕੋਲ ਕੋਈ ਇਨਾਮ ਨਹੀਂ, ਉਥਾਨ ਵਾਸਤੇ ਫੰਡ ਨਹੀਂ। ਆਮ ਔਰਤ ਦੀ ਜ਼ਿੰਦਗੀ ਨਰਕ ਬਰਾਬਰ ਹੈ। ਨਿੱਕੇ ਬਾਲਕ ਖਤਰਨਾਕ ਹਾਲਤਾਂ ਵਿਚ ਮਜ਼ਦੂਰੀ ਕਰ ਰਹੇ ਹਨ। ਸਰਕਾਰਾਂ, ਲੇਖਕਾਂ ਨੂੰ ਕੁਝ ਜੂਠੇ ਟੁਕੜੇ ਸੁੱਟ ਦਿੰਦੀਆਂ ਹਨ। ਉਮਰ ਭਰ ਉਨ੍ਹਾਂ ਤੋਂ ਆਪਣੇ ਗੁਣ ਗਾਇਨ ਕਰਵਾਉਂਦੀਆਂ ਹਨ।

ਚੰਡੀਗੜ੍ਹ ਵਿਚਲੇ ਰਾਕ ਗਾਰਡਨ ਦਾ ਨਿਰਮਾਤਾ, ਨੇਕ ਚੰਦ, ਉਮਰ ਭਰ ਆਪਣੀ ਹੀ ਧੁਨ ਵਿਚ ਮਿਹਨਤ ਕਰਦਾ ਰਿਹਾ। ਉਸਦੇ ਕੰਮ ਦੀ ਥੋੜੀ ਜਿੰਨੀ ਕਦਰ ਡਾ: ਐਮ.ਐਸ. ਰੰਧਾਵਾ ਚੰਡੀਗੜ੍ਹ ਦੇ ਮੁਖੀ ਅਫ਼ਸਰ ਨੇ ਪਾਈ ਸੀ, ਤੇ ਬਸ। ਕੁਝ ਹੀ ਸਮਾਂ ਪਹਿਲਾਂ ਪੰਜਾਬ ਸਰਕਾਰ ਨੇ ਨੇਕ ਚੰਦ ਨੂੰ ਪੰਜਾਬ ਭਵਨ ਵਿਚ ਸੱਦਿਆ। ਪੰਜਾਬ ਸਰਕਾਰ ਦੇ ਸਾਰੇ ਵੱਡੇ ਅਫ਼ਸਰ ਤੇ ਵਜ਼ੀਰ

ਅਮੀਰ ਆਏ। ਗਵਰਨਰ ਸਾਹਿਬ ਭੀ ਤਸ਼ਰੀਫ ਲਿਆਏ। ਬਹੁਤ ਮਹਿੰਗੀਆ ਦਾਵਤਾਂ ਉੜੀਆਂ, ਬੜੇ ਜੋਸ਼ੀਲੇ ਭਾਸ਼ਣ ਹੋਏ। ਨੇਕ ਚੰਦ ਦੇ ਕੰਮਾਂ ਦੀ ਖੂਬ ਤਾਰੀਫ਼ ਹੋਈ। ਸਾਲ ਤੇ ਸਨਮਾਨ ਚਿੰਨ ਨੇਕ ਚੰਦ ਨੂੰ ਦਿੱਤਾ ਗਿਆ। ਸਮਾਪਤੀ ਤੇ ਵੱਡੀਆਂ ਕਾਰਾਂ ਤੇ ਸਵਾਰ ਪਤਵੰਤੇ ਸਜਣ ਜਾ ਰਹੇ ਸਨ। ਨੇਕ ਚੰਦ ਸਾਈਕਲ ਤੇ ਸਵਾਰ ਸੀ। ਪੰਜਾਬ ਦੇ ਗਵਰਨਰ ਨੇ ਹਮਦਰਦੀ ਦਾ ਇਜ਼ਹਾਰ ਕਰਦਿਆਂ ਆਪਣੀ ਕਾਰ ਰੁਕਵਾ ਲਈ। ਨੇਕ ਚੰਦ ਨੂੰ ਪੁਛਿਆ - ਤੈਨੂੰ ਕਾਰ ਵਿਚ ਬਿਠਾ ਕੇ ਘਰ ਛੱਡ ਆਈਏ?''

''ਜੀ ਤੁਹਾਡੀ ਕਾਰ ਵਿਚ ਮੇਰਾ ਸਾਈਕਲ ਨਹੀਂ ਟਿਕਣਾ, ਮੈਨੂੰ ਸਾਈਕਲ ਦੁਬਾਰਾ ਲੈਣ ਆਉਣਾ ਪਵੇਗਾ।'' ਗਵਰਨਰ ਦੀ ਕਾਰ ਘੱਟਾ ਉਡਾਉਂਦੀ ਚਲੀ ਗਈ, ਨੇਕ ਚੰਦ ਸਾਈਕਲ ਤੇ ਜਾ ਰਿਹਾ ਸੀ, ਬਹੁਤ ਵੱਡਾ ਕਲਾਕਾਰ।

**ਪੜਨਾ ਗੁੜਨਾ ਸੰਸਾਰ ਦੀ ਕਾਰ ਹੈ, ਅੰਦਰਿ ਤ੍ਰਿਸਨਾ ਵਿਕਾਰੁ।।**
**ਹਉਮੈ ਵਿਚਿ ਸਭਿ ਪੜਿ ਥਕੇ ਦੂਜੇ ਭਾਇ ਖੁਆਰੁ।।**
**ਸੋ ਪੜਿਆ ਸੋ ਪੰਡਿਤ ਬੀਨਾ ਗੁਰ ਸਬਦਿ ਕਰੇ ਬੀਚਾਰੁ।।**
**ਅੰਦਰੁ ਖੋਜੈ ਤਤੁ ਲਹੈ ਪਾਏ ਮੋਖ ਦੁਆਰੁ।। (650)**

# ਸਿੱਖ ਸਿਆਣੇ, ਸਤਿਗੁਰੂ ਨਾ ਸਮਝ...?

ਸਤਿਗੁਰੂ ਸਹਿਬਾਨ ਜੀ ਵੱਲੋਂ ਕੀਤੇ ਗਏ ਅਣਗਿਣਤ ਉਪਕਾਰਾਂ ਨੂੰ ਸਮਝਣ ਵਾਲੇ ਸਿੱਖ, ਅਤੇ ਗੁਰਬਾਣੀ ਵਿਚੋਂ ਮਨੁੱਖਤਾ ਲਈ ਅਨਮੋਲ ਸਿੱਖਿਆਵਾਂ ਨੂੰ ਮਹਿਸੂਸ ਕਰਨ ਵਾਲੇ ਸੇਵਕ, ਸਤਿਗੁਰੂ ਨੂੰ ਬਾਰੰਬਾਰ ਨਮਸ਼ਕਾਰਾਂ ਕਰਦੇ ਹਨ। ਉਹਨਾਂ ਤੋਂ ਸਦਕੇ ਜਾਂਦੇ ਹਨ, ਉਹਨਾਂ ਦੀ ਦੂਰ ਅੰਦੇਸੀ, ਸਮਝ-ਸੂਝ ਨਿਮਰਤਾ ਤਿਆਗ ਅਤੇ ਸੂਰਮਗਤੀ ਨੂੰ ਪੜ੍ਹ ਸੁਣਕੇ, ਗਦ ਗਦ ਹੋ ਜਾਂਦੇ ਹਨ। ਅਤੀ ਬਿਖੜੇ ਹਾਲਾਤ ਵਿਚ ਸਤਿਗੁਰੂ ਜੀ ਨੇ ਲੰਮੀ ਪਲਾਨਿੰਗ ਬਣਾਈ। ਖਿਲਰੇ ਪੁਲਰੇ ਭੁਖੇ ਨੰਗੇ ਬੁਜ਼ਦਿਲ ਅਤੇ ਨਾ ਸਮਝ ਲੋਕਾਂ ਨੂੰ ਰੱਬੀ ਗਿਆਨ ਦਿੱਤਾ। ਏਕਤਾ ਦੇ ਸੂਤਰ ਵਿਚ ਪਰੋਇਆ, ਵੰਡ ਛਕਣ ਦੀਆਂ ਬਰਕਤਾਂ ਦੱਸੀਆਂ, ਆਲਸੀਆਂ ਤੋਂ ਹਿੰਮਤੀ ਬਣਾਇਆ, ਕਾਇਰਾਂ ਤੋਂ ਬਹਾਦਰ ਬਣਾ ਕੇ ਜਨਮ ਮਰਨ ਦੀ ਜਾਚ ਦੱਸੀ। ਭੁੱਲੇ ਭਟਕਿਆਂ ਨੂੰ ਜ਼ਿੰਦਗੀ ਜਿਉਣ ਦਾ ਵੱਲ ਸਮਝਾ ਕੇ ਇਸ ਮਨੁੱਖਾ ਦੇਹੀ ਨੂੰ ਸਫਲਾ ਕਰਨਾ ਸਿਖਾਇਆ। ਸਭ ਤਰ੍ਹਾਂ ਦੀਆਂ ਗੁਲਾਮੀਆਂ ਤੋੜ ਕੇ ਸਿੱਖ ਜ਼ਿੰਦਗੀ ਦੇ ਸ਼ਾਹ ਸਵਾਰ ਬਣਾ ਦਿੱਤੇ। ਗੁਰੂ ਦੀ ਸਿੱਖਿਆ ਸਦਕਾ ਸੈਂਕੜੇ ਸਾਲਾਂ ਦੇ ਜਾਬਰ ਹਾਕਮਾਂ ਨੂੰ ਹਰਾ ਕੇ ਬਾਦਸ਼ਾਹਤ ਦੀਆਂ ਗੱਦੀਆਂ ਤੇ ਪੁੱਜ ਗਏ। ਇਹ ਹਰ ਤਰ੍ਹਾਂ ਦੀ ਸੂਝ ਸਿਆਣਪ ਗੁਰੂ ਤੋਂ ਪ੍ਰਾਪਤ ਹੋਈ ਸੀ। ਜਦੋਂ ਭੀ ਸਿੱਖ ਸਤਿਗੁਰੂ ਤੋਂ ਬੇਮੁਖ ਹੋਏ, ਤਦੋਂ ਹੀ ਖੁਆਰੀ ਪੱਲੇ ਪਈ। ਰਾਜ ਭਾਗ ਭੀ ਗਿਆ, ਇੱਜ਼ਤ ਆਬਰੂ ਭੀ ਗਈ। ਗੁਰਬਾਣੀ ਦਾ ਪਾਵਨ ਬਚਨ ਹੈ:-

**ਅਵਗੁਣੀ ਭਰਪੂਰ ਹੈ ਗੁਣ ਭੀ ਵਸਹਿ ਨਾਲ॥**
**ਵਿਣੁ ਸਤਿਗੁਰ ਗੁਣ ਨ ਜਾਪਨੀ ਜਿਚਰੁ ਸਬਦਿ ਨ ਕਰੇ ਬੀਚਾਰ॥ (936)**

ਬੇਅੰਤ ਉਚੇ ਜੀਵਨ ਵਾਲੇ ਪਰਉਪਕਾਰ ਦੇ ਮੁਜੱਸਮੇ ਸਤਿਗੁਰੂ ਜੀ ਨੂੰ ''ਪੰਥ ਦੋਖੀ'' ਜਾਂ ਅਗਿਆਨੀ ਲੇਖਕਾਂ ਨੇ ''ਨਾਸਮਝ ਬਣਾਉਣ'' ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਇਸ ਤਰ੍ਹਾਂ ਦੀਆਂ ''ਗੁਰੂ ਨਿੰਦਿਆ'' ਨਾਲ ਭਰਪੂਰ ਕਹਾਣੀਆਂ ਤਾਂ ਬਹੁਤ ਹਨ। ਵੰਨਗੀ ਮਾਤਰ ਕੁੱਝ ਕੁ ਪੇਸ਼ ਕਰ ਰਿਹਾ ਹਾਂ ਤਾਂ ਕਿ ਗੁਰੂ ਨੂੰ ਪਿਆਰ ਕਰਨ ਵਾਲੇ ਮਾਈ ਭਾਈ ਸੁਚੇਤ ਹੋ ਜਾਣ। ਕੋਈ ਅਜਿਹੀ ਗੱਲ ਨਾ ਲਿਖਣ ਬੋਲਣ, ਜਿਸ ਨਾਲ ਗੁਰੂ ਜੀ ਦੀ ਅਜ਼ਮਤ ਨੂੰ ਠੇਸ ਪੁੱਜਦੀ ਹੋਵੇ।

1) ਮਹਿਤੇ ਚੌਕ ਵਾਲੇ ਗਿ: ਗੁਰਬਚਨ ਸਿੰਘ (ਟਕਸਾਲੀਏ) ਆਪਣੀ ਪੁਸਤਕ ਗੁਰਬਾਣੀ ਪਾਠ ਦਰਸ਼ਨ (ਪੰਨਾ-230) ਵਿਚ ਲਿਖਦੇ ਹਨ ਕਿ ਕਰਤਾਰਪੁਰ (ਹੁਣ ਪਾਕਿਸਤਾਨ) ਵਿਚ ਇਕ ਸਾਧਾਂ ਦਾ ਟੋਲਾ ਆਇਆ। ਗੁਰੂ ਨਾਨਕ ਸਾਹਿਬ ਕਿਤੇ ਬਾਹਰ ਗਏ ਹੋਏ ਸਨ। ਭਾਈ ਲਹਿਣਾ ਜੀ ਨੇ ਇਨ੍ਹਾਂ ਦੀ ਆਉ ਭਗਤ ਕੀਤੀ। ਭੋਜਨ ਛਕਣ, ਆਰਾਮ ਕਰਨ ਤੋਂ ਬਾਅਦ ਇਹ ਸਾਧਾਂ ਦੇ ਮੁਖੀ ਸੰਤ ਰੇਣ ਨੇ ਭਾਈ ਲਹਿਣਾ ਜੀ ਨੂੰ ਪੁੱਛਿਆ ! ''ਪੁਰਖਾ, ਤੁਹਾਡਾ ਗੁਰੂਮੰਤਰ ਕੀ ਹੈ?''

ਭਾਂਈ ਲਹਿਣਾ ਜੀ - ''ਸਾਡਾ ਗੁਰਮੰਤਰ ''ਵਾਹਿਗੁਰੂ'' ਹੈ''।

ਸੰਤ ਰੇਣ - ''ਤੇ ਤੁਹਾਡਾ ਮਾਲਾ ਮੰਤਰ ਕਿਹੜਾ ਹੈ ?''

ਲਹਿਣਾ ਜੀ - ਜੀ ਇਹ ਤਾਂ ਪਤਾ ਨਹੀਂ, ਪੁੱਛ ਕੇ ਦੱਸਾਂਗਾ।

ਜਦੋਂ ਗੁਰੂ ਨਾਨਕ ਸਾਹਿਬ ਆਏ ਤਾਂ ਭਾਈ ਲਹਿਣਾ ਜੀ ਨੇ ਪੁੱਛਿਆ ਤਾਂ ਉਸ ਵਕਤ ਗੁਰੂ ਨਾਨਕ ਸਾਹਿਬ ਜੀ ਨੇ ਉਚਾਰਣ ਕੀਤਾ- **''ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ, ਅਜੂਨੀ ਸੈਭੰ ਗੁਰ ਪ੍ਰਸਾਦਿ।। ਜਪੁ।। ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।।੧।।** ਇਹ ਸਾਡਾ ਮਾਲਾ ਮੰਤਰ ਹੈ। ਟਕਸਾਲੀਏ ਗੁਰਬਚਨ ਸਿੰਘ ਨੇ ਕਿਸੇ ਪੁਰਾਤਨ ਗ੍ਰੰਥ ਦਾ ਹਵਾਲਾ ਨਹੀਂ ਦਿੱਤਾ ਕਿ ਉਸ ਨੂੰ ਇਸ ਮੰਤਰ ਬਾਰੇ ਕਿਥੋਂ ਗਿਆਨ ਹੋਇਆ। ਬਿਨ੍ਹਾਂ ਸਬੂਤਾਂ ਤੋਂ ਇਹਨਾਂ ਨੇ ਵੱਡੇ ਵੱਡੇ ਵਜ਼ਨੀ ਗੱਪ ਲਿਖ ਦਿੱਤੇ ਹਨ। ਝੂਠ ਨੂੰ ਛੁਪਾਉਣ ਵਾਸਤੇ ਇਕ ਹੋਰ ਵੱਡਾ ਝੁਠ ਇਹ ਬੋਲਿਆ ਜਾਂਦਾ ਹੈ ਕਿ ''ਸਾਡੇ ਕੋਲ ਦਸਮੇਂ ਪਾਤਿਸ਼ਾਹ ਵੱਲੋਂ ਦੱਸੀ (ਸੀਨਾ ਬਸੀਨਾ) ਰਹਿਤ ਮਰਿਆਦਾ ਹੈ। ਸਾਨੂੰ ਕੋਈ ਹੋਰ ਸਬੂਤ ਦੇਣ ਦੀ ਲੋੜ ਨਹੀਂ ਹੈ''। ਗੁਰੂ ਘਰ ਵਿਚ ਮਾਲਾ ਦੀ ਕੋਈ ਮਾਨਤਾ ਨਹੀਂ ਹੈ। ਮਾਲਾ ਦੇ ਵਿਰੁੱਧ ਸੈਂਕੜੇ ਪ੍ਰਮਾਣ ਦਿੱਤੇ ਜਾ ਸਕਦੇ ਹਨ। ਇਹ ਲੋਕ ਜਿਸ ਨੂੰ ''ਮਾਲਾ ਮੰਤਰ ਗਰਦਾਨਦੇ ਹਨ ਉਹ ਮੰਗਲਾ ਚਰਨ ਹੈ। ਉਹ ਭੀ ੧ੴ ਤੋਂ ਗੁਰਪ੍ਰਸਾਦਿ ਤਕ। ਅੱਗੇ ਦੋ ਡੰਡੀਆਂ ਹਨ ਫਿਰ ''ਜਪੁ'' ਸਿਰਲੇਖ ਹੈ, ਫਿਰ ਦੋ ਡੰਡੀਆਂ ਹਨ ਅੱਗੇ ਇਕ ਸਲੋਕ ਹੈ- ''ਆਦਿ ਸਚੁ......''। **ਪਤਾ ਨਹੀਂ ਇਹਨਾਂ ਲੋਕਾਂ ਦੀ ਕਿਵੇ ਂ ਹਿੰਮਤ ਪੈ ਜਾਂਦੀ ਹੈ, ਅਜਿਹੇ ਝੂਠ ਬੋਲਣ ਦੀ ਲਿਖਣ ਦੀ? ਤੇ ਸਤਿਗੁਰੂ ਜੀ ਨਾਲੋਂ ਸਿਆਣੇ ਬਣਨ ਦੀ ?**

2) ਸਤਿਗੁਰੂ ਅਮਰਦਾਸ ਜੀ ਨੂੰ ਸਿੱਖਾਂ ਨੇ ਬੇਨਤੀ ਕੀਤੀ, ''ਜੀ ਵਿਸਾਖੀ ਅਤੇ ਦਿਵਾਲੀ ਤੇ ਵੱਡੇ ਜੋੜ ਮੇਲੇ ਕਰਿਆ ਕਰੋ, ਤਾਂ ਕਿ ਸਿੱਖ ਸੰਗਤਾਂ ਹੁਮਹੁੰਮਾ ਕੇ ਆਉਣ.....। ਇਸ ਸਾਖੀ ਤੋਂ ਇਉਂ ਮਹਿਸੂਸ ਹੁੰਦਾ ਹੈ ਕਿ ਸਤਿਗੁਰੂ ਜੀ ਨੂੰ ਇਹ ਗੱਲ ਨਾ ਸੁੱਝੀ, ਸਿੱਖਾਂ ਨੂੰ ਸੁੱਝ ਗਈ। ਸਤਿਗੁਰੂ ਜੀ ਨੇ ਸਿੱਖਾਂ ਦੀ ਗੱਲ ਮੰਨ ਕੇ ਛੇ ਮਹੀਨਿਆਂ ਮਗਰੋਂ ਦਿਵਾਲੀ ਵਿਸਾਖੀ ਤੇ ਵੱਡੇ ਜੋੜ ਮੇਲੇ ਕਰਨੇ ਸੁਰੂ ਕਰ ਦਿੱਤੇ। ਹੈ ਨਾ ਕਮਾਲ ਦੀ ਸੋਚ। ਗੁਰੂ ਸਮਰੱਥ ਹੈ ਅਭੁੱਲ ਹੈ ਦੂਰ ਦੀ ਸੋਚ ਰੱਖਣ ਵਾਲਾ ਹੈ। ਪਰ ਗੁਰੂ ਨੂੰ ਇਹ ਖਿਆਲ ਨਾ ਆਇਆ ਕਿ ਸਾਲ ਵਿਚ ਦੋ ਵਾਰੀ ਜੋੜ ਮੇਲੇ ਕੀਤੇ ਜਾਣੇ ਚਾਹੀਦੇ ਹਨ। ਸਿੱਖਾਂ ਨੇ ਨੇਕ ਸਲਾਹ ਦਿੱਤੀ ਵਰਨਾ ਇਹ ਮੇਲੇ ਤਾਂ ਲੱਗਣੇ ਹੀ ਨਹੀਂ ਸਨ। **ਵਾਹ ਵਾਹ ! ਸਿੱਖ ਇੰਨੇ ਸਿਆਣੇ ਤੇ ਸਤਿਗੁਰੂ ਨਾਸਮਝ ?ਗੁਰਬਾਣੀ ਦਾ ਫੁਰਮਾਨ ਤਾਂ ਇਸ ਤਰ੍ਹਾਂ ਅਗਵਾਈ ਕਰ ਰਿਹਾ ਹੈ :-**

**ਧਨ ਧਰਣੀਧਰੁ ਆਪਿ ਅਜੋਨੀ, ਤੋਲਿ ਬੋਲਿ ਸਚੁ ਪੂਰਾ।।**
**ਕਰਤੇ ਕੀ ਮਿਤਿ ਕਰਤਾ ਜਾਣੈ ਕੈ ਜਾਣੈ ਗੁਰੁ ਸੂਰਾ।। (ਪੰਨਾ 930)**

3) ਇਸ ਤੋਂ ਮਗਰੋਂ ਇਕ ਦਿਨ ਮੌਕਾ ਜਾਣਕੇ ਸਿੱਖਾਂ ਨੇ ਸਤਿਗੁਰੂ ਅਮਰਦਾਸ ਜੀ ਨੂੰ ਬੇਨਤੀ ਕੀਤੀ, ''ਜੀ ਗੋਇੰਦਵਾਲ ਵਿਖੇ ਇਕ ਅਜਿਹੀ ਬਉਲੀ ਬਣਾਉਣ ਦੀ ਕਿਰਪਾ ਕਰੋ ਕਿ ਸਿੱਖਾਂ ਦੀ ''ਚੁਰਾਸੀ'' ਕੱਟੀ ਜਾਵੇ''। ਸਤਿਗੁਰੂ ਜੀ ਨੇ ਸਿੱਖਾਂ ਦੀ ਸਲਾਹ ਮੰਨਕੇ ਬਉਲੀ ਪੁੱਟਣ ਦਾ ਹੁਕਮ ਦੇ ਦਿੱਤਾ। ਬਹੁਤ ਲੰਮੇ ਅਰਸੇ ਤੱਕ ਇਹ ਪੁਟਾਈ ਦੀ ਸੇਵਾ ਚਲਦੀ ਰਹੀ, ਇਹਨਾਂ ਦਿਨਾਂ ਵਿਚ ਅਕਬਰ ਬਾਦਸ਼ਾਹ ਨੇ ਚਿਤੌੜ ਦੇ ਕਿਲੇ ਨੂੰ ਘੇਰਾ ਪਾਇਆ ਹੋਇਆ ਸੀ। ਤੇ ਕਿਲਾ ਬੜਾ ਮਜ਼ਬੂਤ ਹੋਣ ਕਰਕੇ, ਜਿੱਤਿਆ ਨਹੀਂ ਜਾ ਰਿਹਾ ਸੀ। ਅਕਬਰ ਨੇ ਆਪਣੇ ਸੇਵਕ ਤੀਸਰੇ ਪਾਤਿਸ਼ਾਹ ਕੋਲ ਬੇਨਤੀ ਕਰਨ ਭੇਜੇ ਕਿ ਕਿਲਾ ਸਰ ਹੋਣ ਦੀ ਅਸ਼ੀਰਵਾਦ ਦਿਓ। ਸਤਿਗੁਰੂ ਨੇ ''ਅਸ਼ੀਰਵਾਦ'' ਦਿੰਦਿਆ ਇਹ ਸ਼ਰਤ ਭੀ ਲਾ ਦਿੱਤੀ ਕਿ **''ਜਿਸ ਦਿਨ ਬਉਲੀ ਦਾ ''ਕੜ''ਟੁੱਟੇਗਾ ਉਸੇ ਦਿਨ ਕਿਲਾ ਜਿੱਤਿਆ ਜਾਵੇਗਾ''।** ਹਾਲਾਂਕਿ ਗੁਰੂ ਘਰ ਵਿਚ ਵਰ ਸਰਾਪ ਦੀ ਕੋਈ ਵੁੱਕਤ ਨਹੀਂ ਹੈ। ਬਉਲੀ ਦਾ ਕੜ ਟੁੱਟਣਾ ਤੇ ਕਿਲਾ ਜਿੱਤਿਆ ਜਾਣਾ ਇਹਨਾਂ ਗੱਲਾਂ ਦਾ ਆਪਸ ਵਿਚ ਕੋਈ ਸੁਮੇਲ ਨਹੀਂ ਹੈ। ਪਰ ਅਜਿਹੀਆਂ ਮੂਰਖਤਾ ਭਰੀਆਂ ਗੱਲਾਂ ਭੀ ਜੋੜ ਦਿੱਤੀਆਂ ਗਈਆਂ। ਫਿਰ ਗੁਰੂ ਅਰਮਦਾਸ ਜੀ ਨੇ ਇਸ ਬਉਲੀ ਦੀਆਂ ''84 ਪਉੜੀਆਂ'' ਬਣਾਈਆਂ ਤਾਂ ਕਿ ਸਿੱਖਾਂ ਦੀ **''ਚੁਰਾਸੀ''** ਕੱਟੀ ਜਾਵੇ। ਅਫਸੋਸ ਬਹੁਤ ਬਹੁਤ ! ਪਹਿਲੀ ਗੱਲ ਤਾਂ 84 ਦਾ ਡਰ ਹੀ ਝੂਠਾ ਹੈ। ਸਤਿਗੁਰੂ ਨੇ ਇਹਨਾਂ ਬ੍ਰਾਹਮਣੀ ਪਾਖੰਡਾਂ ਤੋਂ ਸਿੱਖਾਂ ਨੂੰ ਪੂਰੀ ਤਰ੍ਹਾਂ ਮੁਕਤ ਕਰ ਦਿੱਤਾ ਹੈ। ਜੇ ਬੰਧਨਾਂ ਤੋਂ ਮੁਕਤ ਹੋਣਾ ਹੈ ਤਾਂ ਗੁਰਬਾਣੀ ਸਮਝ ਵਿਚਾਰ ਨਾਲ ਹੋਵਾਂਗੇ, ਨਾ ਕਿ ਪਉੜੀਆਂ ਤੇ ਬੈਠ ਕੇ ਇਸ਼ਨਾਨ ਕਰਨ ਨਾਲ। **ਅੱਜ ਭੀ ਨਾਸਮਝ ਸਿੱਖ ਜਪੁਜੀ ਦੇ ਪਾਠ ਅਤੇ ਬਉਲੀ ਇਸ਼ਨਾਨ ਕਰਕੇ ਚੁਰਾਸੀ ਕੱਟਣ ਦੇ ਬ੍ਰਾਹਮਣੀ ਭਰਮ ਜਾਲ ਵਿਚ ਫਸੇ ਆਮ ਵੇਖੇ ਜਾ ਸਕਦੇ ਹਨ।**

ਅਸਲ ਵਿਚ ਪੀਣ ਵਾਲੇ ਪਾਣੀ ਦੀ ਲੋੜ ਪੂਰੀ ਕਰਨ ਵਾਸਤੇ ਇਹ ਖੂਹ ਲਗਵਾਇਆ ਗਿਆ ਸੀ। ਜਦੋਂ ਪਾਣੀ ਦੀਆਂ ਲੋੜਾਂ ਬਹੁਤ ਵਧ ਗਈਆਂ ਤਾਂ ਇਸ ਬਉਲੀ ਨੂੰ ''ਢਾਲੂ ਖੂਹ''ਦਾ ਰੂਪ ਦਿੱਤਾ ਗਿਆ। ਭਾਵ ਖੂਹੀ ਵਿਚੋਂ ਪਾਣੀ ਲਿਆਉਣ ਲਈ ਢਾਲੂ ਜਿਹਾ ਰਾਹ ਬਣਾ ਦਿੱਤਾ ਗਿਆ ਤਾਂ ਕਿ ਕਈ ਬੰਦੇ ਇਕੱਠੇ ਹੀ ਪਾਣੀ ਕੱਢ ਸਕਣ। ਉਸ ਇਲਾਕੇ ਦੇ ਬਜ਼ੁਰਗਾਂ ਨੇ ਦੱਸਿਆ ਕਿ ਪੁਰਾਣੇ ਸਮੇ ਵਿਚ ਇਥੇ ''84 ਕੱਟਣ ਵਾਲੀ ਕੂੜ੍ਹ ਕਿਰਿਆ'' ਨਹੀਂ ਸੀ। ਇਹ ਤਾਂ ਗੁਰੂ ਅਮਰਦਾਸ ਤੋਂ ਮਗਰੋਂ ਹੀ ਨਹੀਂ ਸਗੋਂ ਦਸਮੇ ਪਾਤਿਸ਼ਾਹ ਤੋਂ ਭੀ ਬਹੁਤ ਮਗਰੋਂ ਪ੍ਰਚਲਤ ਕੀਤੀ ਗਈ ਹੈ। ਜਿਥੇ ਸ਼ਰਧਾਲੂਆਂ ਨੂੰ ਕੁਰਾਹੇ ਭੀ ਪਾਇਆ ਜਾ ਰਿਹਾ ਹੈ ਤੇ ਲੁੱਟਿਆ ਭੀ ਜਾ ਰਿਹਾ ਹੈ। ਸਤਿਗੁਰੂ ਤਾਂ ਇਸ ਤਰ੍ਹਾਂ ਉਪਦੇਸ਼ ਕਰ ਰਹੇ ਹਨ :-

**ਜਲਿ ਮਲਿ ਕਾਇਆ ਮਾਂਜੀਐ ਭਾਈ, ਭੀ ਮੈਲਾ ਤਨੁ ਹੋਇ॥**
**ਗਿਆਨ ਮਹਾਰਸਿ ਨਾਈਐ ਭਾਈ ਮਨੁ ਤਨੁ ਨਿਰਮਲੁ ਹੋਇ॥ (637)**

ਸੋ ਸਤਿਗੁਰੂ ਖੁਦ ਜਾਣਦੇ ਸਨ ਕਿ ਸਮਾਜ ਭਲਾਈ ਲਈ ਕੀ ਕੀਤਾ ਜਾਣਾ ਚਾਹੀਦਾ

ਹੈ। **ਜੇ ਸਿੱਖ ਸਿਆਣੇ ਹੁੰਦੇ ਤਾਂ ਅੱਜ ਤੱਕ ਭਟਕਦੇ ਕਿਉਂ ਫਿਰਦੇ, ਚੰਗੇਰਾ ਜੀਵਨ ਕਿਉਂ ਨਾ ਬਣਾ ਲੈਂਦੇ ?**

4) ਇਕ ਹੋਰ ਕਹਾਣੀ ਮੁਤਾਬਕ ਗੁਰੂ ਅਰਜਨ ਸਾਹਿਬ ਜੀ ਨੂੰ ''ਬਾਣੀ ਉਤਰਨੋਂ'' ਬੰਦ ਹੋ ਗਈ। ਬੜੀ ਕੋਸ਼ਿਸ਼ ਕੀਤੀ ਧਿਆਨ ਟਿਕਾਇਆ, ਗੁਰੂ ਨਾਨਕ ਦੇ ਚਰਨਾਂ ਵਿਚ ਅਰਦਾਸਾਂ ਕੀਤੀਆਂ। ਅਕਾਲ ਪੁਰਖ ਅੱਗੇ ਜੋਦੜੀ ਕੀਤੀ ਗਈ। ਕੋਈ ਫਾਇਦਾ ਨਾ ਹੋਇਆ। ਕਿਸੇ ਸੇਵਕ ਸਿੱਖ ਨੇ ਦੱਸ ਪਾਈ - ''ਸਤਿਗੁਰੂ ਜੀ ! ਬਾਬਾ ਸ੍ਰੀ ਚੰਦ ਬਹੁਤ ਕਰਨੀ ਵਾਲਾ ਹੈ, ਉਸ ਨੇ ਬੜੀ ਤਪੱਸਿਆ ਕੀਤੀ ਹੈ। ਹੋਰ ਵੱਡੀ ਗੱਲ ਇਹ ਕਿ ਉਹ ਗੁਰੂ ਨਾਨਕ ਸਾਹਿਬ ਜੀ ਦਾ ਸਾਹਿਬਜ਼ਾਦਾ ਹੈ। ਨਿਮਰਤਾ ਸਹਿਤ ਉਹਨਾਂ ਅੱਗੇ ਬੇਨਤੀ ਕਰੋ, ਜ਼ਰੂਰ ਮਸਲਾ ਹੱਲ ਹੋ ਜਾਵੇਗਾ''। ਪੰਜਵੇਂ ਨਾਨਕ ਚੱਲ ਕੇ ਬਾਬਾ ਸ੍ਰੀ ਚੰਦ ਦੇ ਟਿਕਾਣੇ ਤੇ ਪੁੱਜੇ ਨਿਮਰਤਾ ਸਹਿਤ ਬੇਨਤੀ ਕੀਤੀ - ''ਪੂਜਣਯੋਗ ਮਹਾਤਮਾ ਜੀ ! ਪਾਵਨ ਬਾਣੀ ਸੁਖਮਨੀ ਉਚਾਰ ਰਿਹਾ ਸੀ ਕਿ ਸੋਲਾਂ ਅਸਟਪਦੀਆਂ ਤੋਂ ਬਾਅਦ ਬਾਣੀ ਉਚਰਨੋਂ ਬੰਦ ਹੋ ਗਈ। ਕਰੋ ਕਿਰਪਾ ਦਿਉ ਅਸ਼ੀਰਵਾਦ .....''।

ਬਾਬਾ ਸ੍ਰੀ ਚੰਦ ਨੇ ਅਸ਼ੀਰਵਾਦ ਭੀ ਦਿੱਤਾ ਤੇ ਨਾਲ ਹੀ ਇਕ ਸਲੋਕ ਉਚਾਰਕੇ ਦਿੱਤਾ, ਇਹ ਸਲੋਕ ਸੀ **''ਆਦਿ ਸਚੁ ਜੁਗਾਦਿ ਸਚੁ।। ਹੈ ਭੀ ਸਚੁ ਨਾਨਕ ਹੋਸੀ ਭਿ ਸਚੁ।।** ਇਹ ਸਲੋਕ ਸੁਖਮਨੀ ਦੀ ਸਤਾਰਵੀਂ ਅਸਟਪਦੀ ਦੇ ਸ਼ੁਰੂ ਵਿਚ ਲਿਖਿਆ ਹੋਇਆ ਹੈ। ਇਥੇ ਸਤਿਗੁਰੂ ਅਰਜਨ ਸਾਹਿਬ ਜੀ ਨਾਲ ਘੋਰ ਅਤਿਆਚਾਰ ਕੀਤਾ ਗਿਆ ਹੈ। ਪਹਿਲਾ ਕਿ ਬਾਣੀ ਉਤਰਨੋ ਬੰਦ ਹੋ ਗਈ। ਦੂਜਾ ਇਕ ਸਿੱਖ ਦੇ ਆਖੇ ਲੱਗ ਕੇ ਬਾਬਾ ਸ੍ਰੀ ਚੰਦ ਤੋਂ ਅਸ਼ੀਰਵਾਦ ਲੈਣ ਚੱਲ ਪਏ । ਤੀਜਾ, ਉਹਨਾਂ ਨੂੰ ਗੁਰੂ ਦੀ ਅਜਮਤ ਅਤੇ ਵਾਹਿਗੁਰੂ ਦੀ ਅਸੀਮਤਾ ਤੇ ਭਰੋਸਾ ਨਾ ਰਿਹਾ। ਜੋ ਗੁਰਬਾਣੀ ਦਾ ਸਲੋਕ ਗੁਰੂ ਅਰਜਨ ਸਾਹਾਬਿ ਕੋਲ ਪਹਿਲਾਂ ਹੀ ਮੌਜੂਦ ਸੀ ਉਹੀ ਸਲੋਕ ਬਾਬਾ ਸ੍ਰੀ ਚੰਦ ਨੇ , ਗੁਰੂ ਜੀ ਨੂੰ ਦੇ ਦਿੱਤਾ ? ਇਹ ਸਲੋਕ ਤਾਂ ਗੁਰੂ ਨਾਨਕ ਸਾਹਿਬ ਦਾ ਪਹਿਲਾਂ ਹੀ ਲਿਖਿਆ ਹੋਇਅ ਜਪੁ ਬਾਣੀ ਦੇ ਮੁੱਢ ਵਿਚ ਵੇਖਿਆ ਜਾ ਸਕਦਾ ਹੈ। ਇਸ ਕੂੜ੍ਹ ਕਹਾਣੀ ਵਿਚ ਗੁਰੂ ਅਰਜਣ ਸਾਹਿਬ ਜੀ ਨੂੰ ਸ੍ਰੀ ਚੰਦ ਕੋਲ ਚਲੇ ਜਾਣ ਦੀ ਸਲਾਹ ਦੇਣ ਵਾਲਾ ਸਿੱਖ ਭੀ ਬਹੁਤ ''ਸਿਆਣਾ'' ਹੈ। ਸ੍ਰੀ ਚੰਦ ਬੜੀ ਕਰਨੀ ਵਾਲਾ ਗੁਰੂ ਨਾਲੋਂ ਵੱਡਾ ਦਰਸਾਇਅ ਗਿਆ ਹੈ। ਇਹ ਸਲੋਕ ''ਆਦਿ ਸਚੁ''....... ਵਾਲਾ ਜੇ ਬਾਬਾ ਸ੍ਰੀ ਚੰਦ ਨੇ ਉਚਾਰਨ ਕੀਤਾ ਸੀ ਤਾਂ ਗੁਰੂ ਅਰਜਨ ਸਾਹਿਬ ਨੇ ਉਸ ਦਾ ਨਾਮ ਸ਼ੁਰੂ ਵਿਚ ਕਿਉਂ ਨਾ ਲਿਖਿਆ ? ਫਿਰ ਇਸ ਸਲੋਕ ਵਿਚ ''ਨਾਨਕ'' ਨਾਮ ਕਾਵਿ ਸੰਕੇਤੀ ਸ਼ਾਮਿਲ ਹੈ, ਜਦੋਂ ਕਾਵਿ ਸੰਕੇਤੀ ਸ੍ਰੀ ਚੰਦ ਹੋਣਾ ਚਾਹੀਦਾ ਸੀ। ਅਸਲ ਸਾਰੰਸ਼ ਇਹ ਹੈ ਕਿ ਸਤਿਗੁਰੂ ਨੂੰ ਨੀਵਾਂ ਤੇ ਬਾਬਾ ਸ੍ਰੀ ਚੰਦ ਨੂੰ ਵੱਡਾ ਵਿਖਾਉਣ ਲਈ ਸਾਖੀਕਾਰਾਂ ਨੇ ਵੱਡੇ ਵੱਡੇ ਪਾਪ ਕਰਮ ਕੀਤੇ ਨੇ। ਕੁਝ ਬ੍ਰਾਹਮਣਾਂ ਨੇ ਕੁੱਝ ਸ੍ਰੀ ਚੰਦ ਦੇ ਚਾਟੜਿਆਂ ਨੇ। ਜਦੋਂ ਕਿ ਇਹ ਕੂੜ ਕਹਾਣੀਆਂ ਕਿਸੇ ਦਲੀਲ ਤੇ ਖਰੀਆਂ ਨਹੀਂ ਉਤਰਦੀਆਂ। ਗੁਰਬਾਣੀ ਦੀ ਅੰਦਰਲੀ ਗਵਾਹੀ

ਤਾਂ ਇਉਂ ਸੇਧ ਬਖ਼ਸ਼ ਰਹੀ ਹੈ -

**ਧਰਨਿ ਗਗਨ ਨਵ ਖੰਡ ਮਹਿ ਜੋਤਿ ਸਵਰੂਪੀ ਰਹਿਓ ਭਰਿ।।**
**ਭਨਿ ਮਥੁਰਾ ਕਛੁ ਭੇਦੁ ਨਹੀਂ ਗੁਰੁ ਅਰਜਨ ਪਰਤਖ ਹਰਿ।। (1408)**

5) ਇਕ ਕੂੜ ਕਹਾਣੀ ਮੁਤਾਬਕ ਦਰਬਾਰ ਸਾਹਿਬ (ਅੰਮ੍ਰਿਤਸਰ) ਦੇ ਸ੍ਰੋਵਰ ਵਿਚ ਕੀੜੇ (ਕਿਰਮ) ਪੈਣ ਲੱਗ ਪਏ। ਸਤਿਗੁਰੂ ਜੀ ਨੇ ਬੜੀਆਂ ਕੋਸ਼ਿਸ਼ਾਂ ਕੀਤੀਆਂ, ਸਭ ਵਿਅਰਥ ਗਈਆਂ। ਬੜੀ ਮੁਸ਼ਕਲ ਪੈਦਾ ਹੋਈ। ਅੰਤ ਨੂੰ ਇਕ ਸੇਵਕ ਸਿੱਖ ਨੇ ਸਤਿਗੁਰੂ ਜੀ ਦੀ ਪ੍ਰੇਸ਼ਾਨੀ ਦੂਰ ਕਰਨ ਲਈ ਸੁਝਾਓ ਦਿੱਤਾ। ''ਸਤਿਗੁਰੂ ਜੀ ਤੁਸੀਂ ਪਹਿਲਾਂ ਭੀ ਬਾਬਾ ਸ੍ਰੀ ਚੰਦ ਤੋਂ ਲਾਹਾ ਪ੍ਰਾਪਤ ਕਰ ਚੁੱਕੇ ਹੋ। ਹੁਣ ਭੀ ਉਹੀ ਮਸਲਾ ਸੁਲਝਾਉਣਗੇ''। ਗੁਰੂ ਜੀ ਸ੍ਰੀ ਚੰਦ ਦੇ ਅੱਗੇ ਜਾ ਫਰਿਆਦੀ ਹੋਏ। ਸ੍ਰੋਵਰ ਦਾ ਪਾਣੀ ਗੰਦਾ ਹੋਣ ਬਾਰੇ ਦੱਸਿਆ। ਸ੍ਰੀ ਚੰਦ ਨੇ ਕਿਹਾ ਕਿ ਸਾਡੇ ਇਸ਼ਨਾਨ ਕਰਨ ਤੋਂ ਬਾਅਦ ਜੋ ਪਾਣੀ ਨਾਲੀ ਰਾਹੀਂ ਟੋਏ ਵਿਚ ਚਲਾ ਜਾ ਰਿਹਾ ਹੈ ਇਸ ਦੀ ਗਾਗਰ ਭਰਕੇ ਲੈ ਜਾਉ ਸ੍ਰੋਵਰ ਵਿਚ ਇਹ ਜਲ ਪਾ ਦਿਓ। ਉਸ ਤੋਂ ਮਗਰੋਂ ਸ੍ਰੋਵਰ ਵਿਚ ਕਿਰਮ ਨਹੀਂ ਪੈਣਗੇ।'' ਗੁਰੂ ਜੀ ਨੇ ਇਸ ਉਪਦੇਸ਼ ਨੂੰ ਸਵੀਕਾਰ ਕਰਦਿਆਂ ਬਾਬਾ ਸ੍ਰੀ ਚੰਦ ਦੇ ਇਸ਼ਨਾਨ ਕੀਤੇ ਮੈਲੇ ਪਾਣੀ ਦੀ ਗਾਗਰ ਭਰੀ। ਸਿਰ ਤੇ ਰੱਖ ਦੇ ਸ਼ਰਧਾ ਨਾਲ ਅੰਮ੍ਰਿਤਸਰ ਲਿਆਏ। ਅਰਦਾਸ ਕਰਕੇ ਇਹ ਪਾਣੀ ਸ੍ਰੋਵਰ ਵਿਚ ਪਾਇਆ ਗਿਆ। ਉਸ ਤੋਂ ਮਗਰੋਂ ਸ੍ਰੋਵਰ ਦੇ ਜਲ ਵਿਚ ਕਦੀ ਕੀੜੇ ਨਹੀਂ ਪਏ । ਅਜਿਹੀਆਂ ਬੇ ਸਿਰ ਪੈਰ ਦੀਆਂ ਸਾਖੀਆਂ ਦਾ ਅੰਤ ਸੁਮਾਰ ਕੋਈ ਨਹੀਂ। ਕੀ ਇਹ ਸਾਰਾ ਘਟਨਾ ਚੱਕਰ ਸੱਚ ਹੋ ਸਕਦਾ ਹੈ ? ਸ੍ਰੀ ਚੰਦ ਦਾ ਇਸ਼ਨਾਨ ਕੀਤਾ ਮੈਲਾ ਪਾਣੀ ਗੁਰੂ ਅਰਜਨ ਜੀ ਨਿਆਉਣਾ ਸਵੀਕਾਰ ਕਰ ਸਕਦੇ ਸਨ ? ਇਹ ਕੇਵਲ ਅੰਨ੍ਹੇ ਸ਼ਰਧਾਲੂਆਂ ਦੀਆਂ ਮੂਰਖਤਾ ਭਰੀਆਂ ਗੱਪਾਂ ਹਨ, ਹੋਰ ਇਸ ਵਿੱਚ ਕੋਈ ਤੱਤ ਦੀ ਵਿਚਾਰ ਨਹੀਂ ਹੈ। ਸ੍ਰੀ ਚੰਦ ਬਾਰੇ ਜੀਵਨ ਵਾਲੇ ਗੁਰਸਿੱਖ ਭਾਈ ਗੁਰਦਾਸ ਜੀ ਤੋਂ ਪੁੱਛੀਏ ਕੀ ਕਹਿੰਦੇ ਹਨ :-

**''ਬਾਲ ਜਤੀ ਹੈ ਸਿਰੀ ਚੰਦ, ਬਾਬਾਣਾ ਦੇਹੁਰਾ ਬਣਾਇਆ।।**

ਸਿਰੀ ਚੰਦ ਨੇ ਗੁਰਮਰਿਆਦਾ ਤੋਂ ਉਲਟ ਵਿਆਹ ਨਹੀਂ ਕਰਾਇਆ। ਗੁਰੂ ਨਾਨਕ ਸਾਹਿਬ ਦੀ ਮੜ੍ਹੀ ਬਣਾ ਕੇ ਭੇਟਾ ਪੂਜਾ ਇਕੱਠੀ ਕਰਨ ਦੇ ਰਾਹ ਪੈ ਗਿਆ।

**''ਲੱਖਮੀ ਦਾਸਹੁ ਧਰਮ ਚੰਦ ਪੋਤਾ ਹੋਇ ਕੈ ਆਪੁ ਗਣਾਇਆ।। (ਭ.ਗੁ., 33-26)**

ਇਸ ਦਾ ਦੂਜਾ ਭਰਾ ਕੁਝ ਠੀਕ ਰਿਹਾ ਪਰ ਲਖਮੀ ਦਾਸ ਦੇ ਪੁੱਤਰ ਧਰਮ ਚੰਦ ਨੇ ਗੁਰੂ ਨਾਨਕ ਦੀ ਅੰਸ ਹੋਣ ਦਾ ਗਰਬ ਕੀਤਾ, ਆਪਣੇ ਆਪ ਦੀ ਪੂਜਾ ਕਰਾਈ। ਸੋ ਗੁਰੂ ਨਾਨਕ ਦਾ ਪੁੱਤਰ ਹੋਣਾ ਕਿਸੇ ਲੇਖੇ ਵਿਚ ਨਹੀਂ ਜੇ ਪਿਤਾ ਗੁਰੂ ਦੀ ਆਗਿਆ ਮੁਤਾਬਕ ਜੀਵਨ ਚਲਣ ਨਹੀਂ ਬਣਾਇਆ। ਭਾਈ ਗੁਰਦਾਸ ਜੀ ਨੇ ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਵਿਰੁੱਧ ਭੀ ਸਖ਼ਤ ਟਿੱਪਣੀਆਂ

ਕੀਤੀਆਂ ਹੋਈਆਂ ਹਨ। ਜੋ ਅੱਜ ਸੰਤ ਤੇ ਬਾਬਾ ਅਖਵਾ ਕੇ ਗੁਰ ਮਰਿਆਦਾ ਦੀ ਉਲੰਘਣਾ ਕਰਕੇ ਗੁਰੂ ਦੀ ਅੰਸ ਬੰਸ ਵਿਚੋਂ ਹੋਣ ਦਾ ਹੰਕਾਰ ਲਈ ਫਿਰਦੇ ਹਨ ਉਹਨਾਂ ਨੂੰ ਕਦੀ ਇਹਨਾਂ ਪੰਕਤੀਆਂ ਨੇ ਫਿਟਕਾਰ ਨਹੀਂ ਪਾਈ ? ਗੁਰੂ ਜੀ ਦੇ ਪੁੱਤਰ ਉਹ ਹਨ ਜੋ ਉਹਨਾਂ ਦਾ ਹੁਕਮ ਸਿਰ ਮੱਥੇ ਸਵੀਕਾਰਦੇ ਹਨ। ਵਰਨਾ ਸਰਬਜੋਤ ਸਿੰਘ (ਬੇਦੀ) ਵਰਗੇ ਸਾਧ ਲੋਕਾਂ ਤੋਂ ਪੂਜਾ ਕਰਾਉਣ ਦਾ ਪਾਖੰਡ ਕਰਦੇ ਹੀ ਰਹਿਣਗੇ।

6) ਇਸ ਕਹਾਣੀ ਮੁਤਾਬਕ ਇਕ ਦਿਨ ਕੀਰਤਨ ਕਰਦਿਆਂ ਇਕ ਕੀਰਤਨੀ ਜਥੇ ਨੇ ਬਾਬਾ ਮੇਹਰਬਾਨ ਦੀ ਲਿਖੀ ਕਵਿਤਾ ਨੂੰ ਗੁਰੂ ਦੀ ਬਾਣੀ ਸਮਝ ਕੇ ਸੰਗਤਾਂ ਸਨਮੁੱਖ ਗਾਇਆ। ਬਾਅਦ ਵਿੱਚ ਸਤਿਗੁਰੂ ਜੀ ਕੋਲ ਇੱਕ ਸਿੱਖ ਨੇ ਸ਼ਿਕਾਇਤ ਕਰ ਦਿੱਤੀ। ਸਤਿਗੁਰੂ ਜੀ ਨੇ ਉਸ ਕੀਰਤਨੀਏ ਨੂੰ ਬੁਲਾ ਕੇ ਜਵਾਬ ਤਲਬੀ ਕੀਤੀ। ਉਸ ਸਿੱਖ ਨੇ ਬੇਨਤੀ ਕੀਤੀ - ''ਸਤਿਗੁਰੂ ਜੀ ਅਸੀਂ ਲੋਕ ਭੁੱਲਣਹਾਰ ਹਾਂ। ਸਾਨੂੰ ਗੁਰਬਾਣੀ ਅਤੇ ਕਵਿਤਾ ਦੀ ਪਛਾਣ ਨਹੀਂ ਹੈ। ਤੁਸੀਂ ਗੁਰਬਾਣੀ ਨੂੰ ਸੋਧ ਸੰਵਾਰ ਕੇ ਇੱਕ ਵੱਖਰੀ ਪੋਥੀ ਬਣਾ ਦਿਉ। ਅਸੀਂ ਅੱਗੇ ਤੋਂ ਉਸ ਪੋਥੀ ਵਿੱਚੋਂ ਹੀ ਕੀਰਤਨ ਕਰਿਆ ਕਰਾਂਗੇ''.......। ਇਹ ਗੱਲ ਸਤਿਗੁਰੂ ਅਰਜਨ ਸਾਹਿਬ ਜੀ ਦੇ ਮਨ ਨੂੰ ਭਾ ਗਈ। ਪੂਰੀ ਸੋਚ ਵਿਚਾਰ ਮਗਰੋਂ ਉਹਨਾਂ ਭਾਈ ਗੁਰਦਾਸ ਜੀ ਦੀ ਸੇਵਾ ਲਾਈ ਕਿ ਨਿਰੋਲ ਬਾਣੀ ਦੀ ਪੋਥੀ ਤਿਆਰ ਕਰੋ। ਭਾਈ ਗੁਰਦਾਸ ਜੀ ਨੇ ਬੜੀ ਮਿਹਨਤ ਤੇ ਸਿਆਣਪ ਨਾਲ ''ਕੱਚੀ ਪੱਕੀ'' ਬਾਣੀ ਦਾ ਨਿਖੇੜਾ ਕਰਕੇ ਪੋਥੀ ਤਿਆਰ ਕੀਤੀ। ਇਹੀ ਪੋਥੀ ਸਾਹਿਬ ਦਰਬਾਰ ਸਾਹਿਬ ਵਿਖੇ ਪ੍ਰਕਾਸ਼ਮਾਨ ਹੋਈ। ਅੱਗੋਂ ਸਮਾਂ ਪਾ ਕੇ ਨੌਵੇਂ ਸਤਿਗੁਰੂ ਜੀ ਨੇ ਆਪਣੀ ਬਾਣੀ ਵਿਚ ਸ਼ਾਮਿਲ ਕਰ ਦਿੱਤੀ। ਆਪਣਾ ਸਰੀਰ ਤਿਆਗਣ ਤੋਂ ਪਹਿਲਾਂ, ਦਸਮੇਂ ਸਤਿਗੁਰਾਂ ਨੇ ਇਸ ਪੋਥੀ ਨੂੰ ''ਗੁਰੂ ਗ੍ਰੰਥ'' ਹੋਣ ਦਾ ਮਾਣ ਦੇ ਦਿੱਤਾ''.....। ਵਾਹ ਮੇਰੀ ਕੌਮ ਦੇ ਲਿਖਾਰੀਓ ! ਲੰਮੇ ਸਮੇਂ ਤੋਂ ਅੱਜ ਤਾਂਈ ਇਹਨਾਂ ਨਖਿੱਧ ਕਹਾਣੀਆਂ ਨੂੰ ਹੀ ''ਇਤਿਹਾਸ'' ਸਮਝੀ ਬੈਠੇ ਹੋ। ਪ੍ਰਚਾਰਕ ਲਾਣਾ ਤਾਂ ਹੋਰ ਭੀ ਘੱਟ ਪੜ੍ਹਿਆ ਹੋਇਆ ਹੈ।ਉਸ ਨੇ ਡੂੰਘੀ ਖੋਜ ਕਿਵੇਂ ਕਰਨੀ ਹੈ ? ਗੁਰੂ ਨਾਨਕ ਸਾਹਿਬ ਸੈਂਕੜੇ ਸਾਲਾਂ ਤੱਕ ਭਵਿੱਖ ਬਾਰੇ ਸੋਚ ਰੱਖਦੇ ਸਨ। ਉਹਨਾਂ ਨੇ ਖੁਦ ਭਗਤਾਂ ਦੀ ਬਾਣੀ ਪ੍ਰਚਾਰ ਦੌਰਿਆਂ ਵਕਤ ਇਕੱਤਰ ਕੀਤੀ। ਆਪਣੀ ਬਾਣੀ ਬਿਨਾਂ ਮਿਲਾਵਟ ਤੋਂ ਸਾਂਭ ਕੇ ਗੁਰੂ ਅੰਗਦ ਸਾਹਿਬ ਜੀ ਦੇ ਸਪੁਰਦ ਕਰ ਦਿੱਤੀ, ਸਮੇਤ ਭਗਤ ਬਾਣੀ ਦੇ। ਇਸੇ ਤਰ੍ਹਾਂ ਤੀਜੇ ਚੌਥੇ ਸਤਿਗੁਰਾਂ ਦੀ ਬਾਣੀ ਸ਼ਾਮਿਲ ਹੋ ਕੇ ਇਹ **''ਪੀਉ ਦਾਦੇ ਕਾ ਖਜਾਨਾ''** ਗੁਰੂ ਅਰਜੁਨ ਸਾਹਿਬ ਜੀ ਨੂੰ ਪ੍ਰਾਪਤ ਹੋਇਆ। ਉਹਨਾਂ ਬਹੁਤ ਸਾਰੀ ਬਾਣੀ ਖੁਦ ਰਚੀ। ਭੱਟਾਂ ਅਤੇ ਤਿੰਨ ਸਿੱਖਾਂ ਦੀਂ ਬਾਣੀ ਯੋਗ ਜਾਣਕੇ ਸ਼ਾਮਲ ਕਰ ਲਈ। ਸਿੱਖ ਕੌਮ ਨੂੰ ਪੱਕੇ ਪੈਰੀਂ ਖੜ੍ਹੀ ਕਰਨ ਵਾਸਤੇ ਇਸ ਦਾ ਆਪਣਾ ਲਿਖਤੀ ਰੂਪ ਵਿਚ (ਧਰਮ ਗ੍ਰੰਥ) ਹੋਣਾ ਅਤੀ ਜ਼ਰੂਰੀ ਸੀ। ਧਰਮ ਪੁਸਤਕ ਤੋਂ ਬਿਨ੍ਹਾਂ ਕੋਈ ਧਰਮ ਆਪਣੇ ਅਸੂਲ ਨਿਰਧਾਰਤ ਨਹੀਂ ਕਰ ਸਕਦਾ। ਨਾਨਕ ਨਿਰੰਕਾਰੀ ਜੀ ਦੀ ਇਲਾਹੀ ਗੱਦੀ ਤੇ ਬਿਰਾਜਮਾਨ ਪੰਜਵੇਂ ਨਾਨਕ, ਇੰਨੇ ਅਣਜਾਣ ਨਹੀਂ

ਸਨ ਕਿ ਪਤਾ ਹੀ ਨਾ ਹੋਵੇ ਬਾਣੀ ਦੀ ਸੰਭਾਲ ਕਰਨ ਦਾ। ਇਸ ਬਾਣੀ ਨੇ ਨਵੀਂ ਕੌਮ ਨਵੀਂ ਸਭਿਅਤਾ ਨਵੇਂ ਅਸੂਲਾਂ ਨੂੰ ਜਨਮ ਦੇਣਾ ਸੀ। ਸਤਿਗੁਰੂ ਇਸ ਦੀ ਮਹਾਨਤਾ ਤੋਂ ਅਣਜਾਣ ਕਿਵੇਂ ਹੋ ਸਕਦੇ ਸਨ ? ''ਸਿੱਖਾਂ ਨੇ ਆਖਿਆ ਬਾਣੀ ਦੀ ਪੋਥੀ ਤਿਆਰ ਕਰੋ.......''। ਸਿੱਖ ਜ਼ਿਆਦਾ ਸਿਆਣੇ ਹੋਏ ਤੇ ਸਤਿਗੁਰੂ ਜੀ ਨੂੰ ਬਾਣੀ ਦੀ ਕਦਰ ਹੀ ਨਹੀਂ ਸੀ? ਅਜਿਹੀਆਂ ਗੱਲਾਂ ਲਿਖਣ ਤੇ ਬੋਲਣ ਵਾਲਿਆਂ ਨੇ ਕਦੀ ਸੋਚਿਆ ਹੀ ਨਹੀਂ ? ਜਾਂ ਫਿਰ ਕਿਸੇ ਸਾਜਿਸ਼ ਅਧੀਨ ਇਹ ਕੂੜ ਕੁਫਰ ਚਲਾਇਆ ਗਿਆ ਹੈ? ਪਾਵਨ ਬਚਨ ਹਨ-

**ਮੇਰੇ ਸਾਹਿਬ ਤੂੰ ਮੈ ਮਾਣ ਨਿਮਾਣੀ।।**
**ਅਰਦਾਸਿ ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾਂ ਤੇਰੀ ਬਾਣੀ।। (749)**

7) ਹੋਰ ਅੱਗੇ ਚਲੀਏ; ਸਤਿਗੁਰੂ ਅਰਜਨ ਸਾਹਿਬ ਜੀ ਦੇ ਸਪੁੱਤਰ ਬਾਲਕ ਹਰਿਗੋਬਿੰਦ ਜੀ ਦਾ ਮੰਗਣਾ ਚੰਦੂ ਦੀ ਲੜਕੀ ਨਾਲ ਹੋ ਗਿਆ। ਸਾਰੀਆਂ ਰਸਮਾਂ ਪੂਰੀਆਂ ਹੋ ਗਈਆਂ, ਦੋਵੇਂ ਧਿਰਾਂ ਸੰਤੁਸ਼ਟ ਸਨ। ਕੁੱਝ ਦਿਨਾਂ ਮਗਰੋਂ ਦਿੱਲੀ ਦੇ ਸਿੱਖਾਂ ਨੇ ਪੰਚਮ ਗੁਰਦੇਵ ਕੋਲ ਸ਼ਕਾਇਤ ਲਿਖ ਭੇਜੀ ਕਿ ਚੰਦੂ ਨੇ ਹੰਕਾਰ ਭਰੇ ਬਚਨ ਬੋਲੇ ਹਨ। ਆਪਣੇ ਆਪ ਨੂੰ ਉਚਾ ਤੇ ਗੁਰੂ ਘਰ ਨੂੰ ਨੀਵਾਂ ਆਖਿਆ ਹੈ।''ਚੁਬਾਰੇ ਦੀ ਇੱਟ ਨਾਲੀ ਵਿਚ ਲਾ ਦਿੱਤੀ''। ਇਹ ਚਿੱਠੀ ਪੜ੍ਹ ਕੇ ਸਤਿਗੁਰੂ ਜੀ ਨੇ ਇਸ ਰਿਸ਼ਤੇ ਤੋਂ ਜੁਆਬ ਦੇ ਦਿੱਤਾ। ਹੁਣ ਇਸ ਪ੍ਰਚਲਤ ਸਾਖੀ ਦਾ ਇੱਕ ਇੱਕ ਨੁਕਤਾ ਲੈ ਕੇ ਵਿਚਾਰ ਕਰ ਲਈਏ।

(ੳ) ਬਾਲਕ ਹਰਿਗੋਬਿੰਦ ਨੂੰ ਜਦੋਂ ਗੁਰਗੱਦੀ ਤੇ ਬਿਰਾਜਮਾਨ ਕੀਤਾ ਗਿਆ ਹੈ, ਤਦੋਂ ਉਹਨਾਂ ਦੀ ਉਮਰ ਕੇਵਲ ਗਿਆਰਾਂ ਕੁ ਸਾਲ ਸੀ। ਮੰਗਣੀ ਵਾਲੀ ਗੱਲਬਾਤ ਘੱਟੋ ਘੱਟ ਇੱਕ ਸਾਲ ਪਹਿਲਾਂ ਵਾਪਰੀ ਹੋਵੇਗੀ। ਉਸ ਵਕਤ ਬਾਲਕ ਦੀ ਉਮਰ ਕੇਵਲ ਦਸ ਸਾਲ ਬਣਦੀ ਹੈ। ਗੁਰੂ ਅਰਜਨ ਸਾਹਿਬ ਵਰਗੇ ਮਹਾਂ ਪੁਰਖ ਨੂੰ ਇੰਨੀ ਕੀ ਕਾਹਲ ਪਈ ਸੀ ਕਿ ਨਿੱਕੇ ਜਿਹੇ ਬੱਚੇ ਦਾ ਮੰਗਣਾ ਜਾਂ ਵਿਆਹ ਕਰਨ ਦੇ ਰਾਹ ਪੈ ਜਾਣ ?

(ਅ) ਮਹਾਨ ਕੋਸ਼ ਪੰਨਾ 482, ਕ੍ਰਿਤ ਭਾਈ ਕਾਹਨ ਸਿੰਘ ਨਾਭਾ, ਅਤੇ ਹੋਰ ਇਤਿਹਾਸਕ ਸਰੋਤ ਬਾਰ ਬਾਰ ਇਹ ਲਿਖ ਰਹੇ ਹਨ ਕਿ ਚੰਦੂ ਲਹੌਰ ਨਿਵਾਸੀ ਸੀ। ਸ਼ਕਾਇਤ ਭੇਜਣ ਵਾਲੇ ਦਿੱਲੀ ਦੇ ਸਿੱਖ ਸਨ। ਇਹ ਕੀ ਗੋਰਖਧੰਦਾ ਹੈ ? ਲਹੌਰ ਤੋਂ ਦਿੱਲੀ ਸਾਢੇ ਪੰਜ ਸੌ ਕਿਲੋ ਮੀਟਰ ਦੀ ਦੂਰੀ ਤੇ ਹੈ। ਆਵਾਜਾਈ ਦੇ ਸਾਧਨ ਭੀ ਉਹਨਾਂ ਦਿਨਾਂ ਵਿਚ ਘੱਟ ਰਫਤਾਰ ਵਾਲੇ ਸਨ। ਗੁਰੂ ਅਰਜੁਨ ਸਾਹਿਬ ਖੁਦ ਕਦੀ ਦਿੱਲੀ ਨਹੀਂ ਗਏ। ਫਿਰ ਦਿੱਲੀ ਨਿਵਾਸੀ ਸੰਗਤ ਨੂੰ ਚੰਦੂ ਦੇ ਹੰਕਾਰੀ ਹੋਣ ਦਾ ਕਿਥੋਂ ਪਤਾ ਲੱਗਿਆ ?

(ੲ) ਗੁਰੂ ਅਰਜਨ ਸਾਹਿਬ ਜੀ ਨੇ ਦਿੱਲੀ ਦੀ ਸੰਗਤ ਵੱਲੋਂ ਆਈ ਚਿੱਠੀ ਨੂੰ ਇਕ ਦਮ ਸੱਚ ਸਵੀਕਾਰ ਕਰਕੇ ਰਿਸ਼ਤੇ ਤੋਂ ਨਾਂਹ ਕਰ ਦਿੱਤੀ। ਕੀ ਇਸ ਖਤ ਦੀ ਅਸਲੀਅਤ ਬਾਰੇ ਪੜਤਾਲ ਨਹੀਂ

ਕਰਨੀ ਬਣਦੀ ਸੀ? ਕੀ ਸਤਿਗੁਰੂ ਜੀ ਨੇ ਚੰਦੂ ਨਾਲ ਮਿਲ ਕੇ ਪੁੱਛਗਿੱਛ ਕੀਤੀ ਸੀ ? ਪ੍ਰਚਲਤ ਰਵਾਇਤ ਮੁਤਾਬਕ ਗੁਰੂ ਜਾਣੀ ਜਾਣ ਹੈ, (ਸ਼ਰਧਾ ਦਾ ਇਕ ਪੱਖ) ਕੀ ਪੰਜਵੇਂ ਗੁਰੂ ਨਾਨਕ ਨੂੰ ਖੁਦ ਰਿਸਤਾ ਜੋੜਨ ਤੋਂ ਪਹਿਲਾ ਪਤਾ ਨਹੀਂ ਸੀ ਕਿ ਚੰਦੂ ਕਿਹੋ ਜਿਹਾ ਇਨਸਾਨ ਹੈ ?

(ਸ) ਸਤਿਗੁਰੂ ਜੀ ਨੂੰ ਇਹ ਨਹੀਂ ਪਤਾ ਸੀ ਕਿ ਚੰਦੂ ਦੀ ਸਰਕਾਰ ਤੱਕ ਪਹੁੰਚ ਹੈ? ਇਸ ਰਿਸ਼ਤੇ ਦੇ ਟੁੱਟਣ ਦਾ ਨਤੀਜਾ ਬੜਾ ਭਿਆਨਕ ਹੋਵੇਗਾ, ਸ਼ਹੀਦੀ ਭੀ ਹੋ ਸਕਦੀ ਹੈ। ਸਿੱਖਾਂ ਦਾ ਜਾਨੀ ਮਾਲੀ ਨੁਕਸਾਨ ਭੀ ਹੋ ਸਕਦਾ ਹੈ। ਜਦੋਂ ਚੰਦੂ ਨਾਲ ਦੁਸ਼ਮਣੀ ਪੈ ਗਈ ਤਾਂ ਇਸ ਕਾਰਨ ਸਰਕਾਰ ਨਾਲ ਜੰਗ ਭੀ ਹੋਣਗੇ। ਦਿੱਲੀ ਦੀ ਸੰਗਤ ਵੱਲੋਂ ਲਿਖੀ ਚਿੱਠੀ ਨੂੰ ਸਤਿਗੁਰੂ ਜੀ ਨੇ ਸਵੀਕਾਰ ਕਰ ਲਿਆ, ਨਤੀਜਿਆਂ ਵੱਲ ਧਿਆਨ ਹੀ ਨਾ ਗਿਆ ? ਇਥੇ ਫਿਰ ਉਹੀ ਗੱਲ ਕਿ ਸਤਿਗੁਰੂ ਜੀ ਨੇ ਤੱਟਫੱਟ ਸਿੱਖਾਂ ਦੀ ਗੱਲ ਮੰਨ ਲਈ । ਆਪਣੀ ਅਕਲ ਦੀ ਵਰਤੋਂ ਹੀ ਨਾ ਕੀਤੀ। ਇਸ ਦਾ ਸਿੱਧਾ ਮਤਲਬ ਕਿ ਸਿੱਖ ਗੁਰੂ ਜੀ ਨਾਲੋਂ ਬਹੁਤੇ ਸਿਆਣੇ ਸਨ ? ਜੇ ਸਿੱਖ ਇੰਨੇ ਹੀ ਸਮਝਦਾਰ ਸਨ ਫਿਰ ਸਤਿਗੁਰੂ ਜੀ ਦੀ ਸਿੱਖਿਆ, ਅਗਵਾਈ ਦੀ ਤਾਂ ਲੋੜ ਹੀ ਕੋਈ ਨਹੀਂ । ਗੁਰਬਾਣੀ ਤਾਂ ਇਉਂ ਸੇਧ ਬਖ਼ਸ਼ ਰਹੀ ਹੈ।

**ਗੁਰ ਕੀ ਮਤਿ ਤੂੰ ਲੇਹਿ ਇਆਨੇ।। ਭਗਤਿ ਬਿਨਾ ਬਹੁ ਡੂਬੇ ਸਿਆਨੇ।। (288)**

8) ਨੌਵੇਂ ਨਾਨਕ ਗੁਰੂ ਤੇਗ ਬਹਾਦਰ ਜੀ ਚੁਰੰਜਾ ਕੁ ਸਾਲ ਜ਼ਿੰਦਗੀ ਹੰਢਾ ਚੁੱਕੇ ਹਨ। ਪਾਵਨ ਗੁਰਬਾਣੀ ਨੂੰ ਅੱਖਰ ਅੱਖਰ ਪੜ੍ਹ ਵਿਚਾਰ ਚੁੱਕੇ ਹਨ। ਦੇਸਾਂਤਰਾਂ ਦਾ ਲੰਮਾ ਭਰਮਣ ਕਰਕੇ ਚੰਗੀ ਤਰ੍ਹਾਂ ਦੁਨੀਆ ਨੂੰ ਵੇਖ ਪਰਖ ਚੁੱਕੇ ਹਨ। ਇੱਕ ਦਿਨ (ਮਈ 1675) ਕਸ਼ਮੀਰੀ ਬ੍ਰਾਹਮਣ ਦੁੱਖਾਂ ਦੇ ਸਤਾਏ, ਸਰਕਾਰੀ ਜਬਰ ਅੱਗੇ ਬੇਬਸ ਅਨੰਦਪੁਰ ਵਿਖੇ ਸਤਿਗੁਰੂ ਕੋਲ ਆਣ ਫਰਿਆਦੀ ਹੋਏ । **''ਜੀ ਅਸਾਡਾ ਧਰਮ ਖਤਰੇ ਵਿਚ ਹੈ, ਬਹੁੜੀ ਕਰੋ.....''।** ਸਤਿਗੁਰੂ ਜੀ ਉਹਨਾਂ ਦੀ ਵਿਥਿਆ ਸੁਣਕੇ ਗੰਭੀਰਤਾ ਨਾਲ ਸੋਚਣ ਲੱਗੇ। ਇਤਨੇ ਨੂੰ ਬਾਲਕ ਗੋਬਿੰਦ ਰਾਏ ਹਾਣੀਆਂ ਨਾਲ ਖੇਢਦੇ ਪਿਤਾ ਜੀ ਕੋਲ ਢੁੱਕ ਕੇ ਆ ਬੈਠੇ। ਸਾਰਿਆਂ ਨੂੰ ਡੂੰਘੀਆਂ ਸੋਚਾਂ ਵਿੱਚ ਵੇਖ ਕੇ ਪੁੱਛਿਆ -

''ਪਿਤਾ ਜੀ ! ਇਹ ਲੋਕ ਕੌਣ ਹਨ, ਇਹ ਇੰਨੇ ਦੁਖੀ ਕਿਉਂ ਹਨ''?

ਸਤਿਗੁਰੂ ਜੀ - ''ਬੇਟਾ ਇਹ ਕਸ਼ਮੀਰ ਤੋਂ ਆਏ ਦੁਖਿਆਰੇ ਬ੍ਰਾਹਮਣ ਹਨ। ਔਰੰਗਜੇਬ ਇਹਨਾਂ ਨੂੰ ਮੁਸਲਮਾਨ ਬਣਾ ਰਿਹਾ ਹੈ। ਇਹਨਾਂ ਦਾ ਧਰਮ ਬਚਾਉਣ ਲਈ, ਇਹਨਾਂ ਦੇ ਸਵੈਮਾਣ ਦੀ ਰੱਖਿਆ ਲਈ ਕਿਸੇ ਮਹਾਂ ਪੁਰਖ ਨੂੰ ਆਪਣਾ ਸਿਰ ਵਾਰਨਾ ਪਵੇਗਾ। ਤਾਂ ਇਹਨਾਂ ਦਾ ਧਰਮ ਬਚ ਸਕਦਾ ਹੈ''।

ਗੋਬਿੰਦ ਰਾਏ - ''ਪਿਤਾ ਜੀ ! ਤੁਹਾਡੇ ਨਾਲੋਂ ਵੱਡਾ ਮਹਾਂਪੁਰਖ ਹੋਰ ਕੌਣ ਹੋ ਸਕਦਾ ਹੈ ? ਤੁਸੀਂ ਇਹਨਾਂ ਲਈ ਆਪਣਾ ਬਲੀਦਾਨ ਦਿਓ.....''।

ਇਹ ਵਿਚਾਰ ਸੁਣ ਕੇ ਸਤਿਗੁਰੂ ਜੀ ਨੂੰ ਤਸੱਲੀ ਹੋ ਗਈ ਤੇ ਸ਼ਹੀਦੀ ਲਈ ਦਿੱਲੀ

ਨੂੰ ਚੱਲ ਪਏ।

ਪ੍ਰੇਮੀ ਜਨੋਂ ! ਗੁਰਸਿੱਖੋ !! ਫਿਰ ਧਿਆਨ ਇਕਾਗਰ ਕਰੋ !!! ਗੁਰੂ ਤੇਗ ਬਹਾਦਰ ਜੀ ਦੀ ਉਮਰ ਅਤੇ ਜੀਵਨ ਤਜਰਬਾ ਉਪਰ ਬਿਆਨ ਕੀਤਾ ਜਾ ਚੁੱਕਿਆ ਹੈ। ਕੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਹ ਮਹੱਤਵ ਪੂਰਨ ਨਿਰਣਾ ਖੁਦ ਨਹੀਂ ਕੀਤਾ ? ਸਤਿਗੁਰੂ ਜੀ ਤਾਂ ਉਦਾਸ (ਗੰਭੀਰ ਤੇ ਖਾਮੋਸ਼) ਚੁੱਪ ਬੈਠੇ ਰਹੇ, ਕੋਈ ਫੈਸਲਾ ਨਾ ਕਰ ਸਕੇ। ਬਾਲਕ ਗੋਬਿੰਦ ਰਾਏ ਜੋ ਕੇਵਲ ਸਾਢੇ ਨੌ ਕੁ ਸਾਲ ਦੇ ਸਨ, ਉਹ ਝੱਟਪੱਟ ਫੈਸਲਾ ਸੁਣਾ ਦਿੰਦੇ ਹਨ। ਉਮਰ ਭੀ ਛੋਟੀ, ਗੁਰ ਗੱਦੀ ਤੇ ਬਿਰਾਜਮਾਨ ਭੀ ਨਹੀਂ ਹੋਏ, ਜ਼ਿੰਦਗੀ ਦਾ ਵਿਸ਼ਾਲ ਤਜਰਬਾ ਭੀ ਬਹੁਤਾ ਨਹੀਂ। ਪਰ ਗੁਰੂ ਤੇਗ ਬਹਾਦਰ ਤੇ ਹਾਵੀ ਹੋ ਗਏ, ਆਪਣਾ ਫੈਸਲਾ ਮੰਨਵਾ ਗਏ। ਸਤਿਗੁਰੂ ਜੀ ਭੀ ਗੱਲਬਾਤ ਕਰਨ ਵਾਸਤੇ ਨਹੀਂ ਗਏ, ਮਸਲੇ ਨੂੰ ਸ਼ਾਂਤਮਈ ਤਰੀਕੇ ਸੁਲਝਾਉਣ ਨਹੀਂ ਗਏ। ਸਗੋਂ ਸਿੱਧੇ ਹੀ **''ਸੀਸ ਵਾਰਨ ਗਏ''।** ਝੱਟ ਦੇਣੀ **''ਸੀਸ ਵਾਰਨ ਗਏ''** ਕਹਿ ਦੇਣਾ, ਇਹ ਕੋਈ ਬੱਚਿਆਂ ਦੀ ਖੇਢ ਸੀ? ਇਸ ਸਾਰੀ ਵਾਰਤਾ ਲਾਪ ਵਿਚੋਂ ਸਤਿਗੁਰੂ ਤੇਗਬਹਾਦਰ ਦੀ ਸੂਝ ਸਿਆਣਪ ਤੇ ਦੂਰ ਅੰਦੇਸ਼ੀ ਘਟਾਈ ਗਈ ਹੈ। ਬਾਲਕ ਗੋਬਿੰਦ ਰਾਏ ਨੂੰ ''ਜ਼ਿਆਦਾ ਸਿਆਣਾ'' ਸਿੱਧ ਕੀਤਾ ਗਿਆ ਹੈ। ਕੀ ਇਕ ਸਿੱਖ, ਸਾਹਿਬਜ਼ਾਦਾ ਸਤਿਗੁਰੂ ਜੀ ਨਾਲੋਂ ਸਮਝਦਾਰ ਹੋ ਸਕਦਾ ਹੈ? ਪਾਵਨ ਗੁਰਬਾਣੀ ਤਾਂ ਸਮਝਾ ਰਹੀ ਹੈ -

**ਭੂਲੇ ਮਾਰਗਿ ਜਿਨਹਿ ਬਤਾਇਆ।। ਐਸਾ ਗੁਰ ਵਡਭਾਗੀ ਪਾਇਆ।। (ਪੰਨਾ-803)**

9) ਅਨੇਕ ਕਾਰਜ ਸੰਪੂਰਨ ਕਰਨ ਤੋਂ ਬਾਦ, ਅਣਗਿਣਤ ਜੰਗ ਲੜਨ ਮਗਰੋਂ, ਬੇਅੰਤ ਲੋਕਾਂ ਨੂੰ ਜਨਮ ਮਰਨ ਦੀ ਸੋਝੀ ਬਖਸ਼ ਕੇ, ਅਥਾਹ ਮੁਸੀਬਤਾਂ ਵਿਚ ਅਡੋਲ ਰਹਿ ਕੇ, ਨਵੇਂ ਕੀਰਤੀਮਾਨ ਸਥਾਪਤ ਕਰਨ ਵਾਲੇ, ਦਸਮ ਪਾਤਿਸ਼ਾਹ ਹਜ਼ੂਰ ਚਮਕੌਰ ਦੀ ਗੜ੍ਹੀ ਵਿਚ ਆਣ ਪੁੱਜੇ। ਇਥੇ ਸੰਸਾਰ ਦੀ ਅਨੋਖੀ ਜੰਗ ਲੜੀ ਗਈ। ਇਸ ਜੰਗ ਦੇ ਯੋਧਿਆਂ ਨੇ ਸੂਰਮਗਤੀ ਦੀਆਂ ਸਿਖਰਾਂ ਛੋਹ ਲਈਆਂ। ਸਤਿਗੁਰੂ ਜੀ ਨੇ ਇਹ ਜੰਗ ਜਿਸ ਸੂਝ ਅਤੇ ਜੰਗੀ ਦਾਅ ਪੇਚਾਂ ਦੀ ਉੱਚਤਮ ਮਿਸਾਲ ਕਾਇਮ ਕੀਤੀ, ਉਹ ਆਪਣੇ ਆਪ ਵਿਚ ਇਕ ਨਵੇਕਲੀ ਦਾਸਤਾਨ ਹੈ। ਪਰ ਪ੍ਰਚਲਤ **''ਇਤਿਹਾਸ ਮੁਤਾਬਕ''** ਸਤਿਗੁਰੂ ਜੀ ਜੰਗ ਵਿਚ ਲੜ ਕੇ ਸ਼ਹੀਦ ਹੋਣਾ ਚਾਹੁੰਦੇ ਸਨ। ਬਚੇ ਹੋਏ ਸਿੱਖਾਂ ਨੇ ਗੁਰਮਤਾ ਕੀਤਾ। ਦਸਮ ਪਾਤਿਸ਼ਾਹ ਜੀ ਨੂੰ ਆਪਣਾ ''ਹੁਕਮ'' ਸੁਣਾ ਦਿੱਤਾ। **''ਗੋਬਿੰਦ ਸਿੰਘ ! ਤੁਸੀਂ ਅਜੇ ਜੰਗ ਵਿਚ ਜੂਝ ਕੇ ਸ਼ਹੀਦੀ ਨਹੀਂ ਪਾਉਣੀ। ਹਾਲੀ ਪੰਥ ਨੂੰ ਤੁਹਾਡੀ ਡਾਢੀ ਲੋੜ ਹੈ। ਤੁਹਾਨੂੰ ''ਗੁਰੂ ਰੂਪ'' ਖਾਲਸਾ ਪੰਥ ''ਹੁਕਮ'' ਦਿੰਦਾ ਹੈ, ਕਿਸੇ ਭੀ ਤਰੀਕੇ ਸਹੀ ਸਲਾਮਤ ਗੜ੍ਹੀ ਵਿਚੋਂ ਨਿਕਲੇ ਕੇ ਚਲੇ ਜਾਓ''।**

ਹੈਰਾਨੀ ਅਤੇ ਅਫਸੋਸ ਹੈ ਕਿ ਸਾਰੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾਉਣ ਵਾਲੇ

ਅਭੁੱਲ ਗੁਰੂ ਇਥੇ ਸ਼ਹੀਦੀ ਪਾਉਣ ਵਾਲੀ **''ਗਲਤੀ''** ਕਰਨ ਲੱਗੇ ਸਨ। ਇਹ ਤਾਂ ਸ਼ੁਕਰ ਹੈ ਕਿ ਸਿੱਖ ਬਹੁਤ **''ਸਿਆਣੇ ਨਿਕਲੇ''**, ਉਹਨਾਂ ਸਤਿਗੁਰੂ ਜੀ ਨੂੰ ਵਾਲ ਵਾਲ ਬਚਾ ਲਿਆ। ਉਹ ਭੀ **''ਗੁਰੂ''** ਬਣ ਕੇ। ਅਗਰ ਇਸ ਵਕਤ ਇਹ ਸਿਆਣਪ, ਸਿੱਖ ਨਾ ਵਰਤਦੇ ਤਾਂ ਪਤਾ ਨਹੀਂ ਕਿਤਨੇ ਭਿਆਨਕ ਸਿੱਟੇ ਨਿਕਲਣੇ ਸਨ। ਵਾਹ ! ਮੇਰੀ ਕੌਮ ਦੇ ਮਲਾਹੋ ਵਾਹ !! ਯੁੱਧਨੀਤੀ ਵਿਚ ਨਿਪੁੰਨ, ਸਾਧਾਂ ਦੇ ਨਿਹੱਥੇ ਟੋਲਿਆ ਨੂੰ ਦੇਸ ਦੀ ਅਤਿ ਸ਼ਕਤੀਸ਼ਾਲੀ ਫੌਜ ਨਾਲ, ਲੰਮੀ ਤੇ ਅਸਾਵੀਂ ਜੰਗ ਲੜਨ ਦੇ ਸਮਰੱਥ ਬਣਾਉਣ ਵਾਲੇ ਸਤਿਗੁਰੂ,ਇਥੇ **''ਗਲਤੀ''** ਕਰਨ ਲੱਗੇ ਸਨ ? ਇਹ ਤਾਂ ਭਲਾ ਹੋਵੇ ਭਾਈ ਦਇਆ ਸਿੰਘ ਅਤੇ ਸਾਥੀ ਸਿੰਘਾਂ ਦਾ, ਜਿਨ੍ਹਾਂ ਸਤਿਗੁਰੂ ਜੀ ਨੂੰ **''ਹੁਕਮ ਦੇ ਕੇ ਬਚਾ ਲਿਆ,'' ਵਰਨਾ.........?**

10. ਉਪਰ ਵਰਣਿਤ ਕਹਾਣੀਆਂ ਦਾ ਹੀ ਅਸਰ ਹੈ ਕਿ ਅੱਜ ਬਹੁ ਗਿਣਤੀ ਸਿੱਖ ਲਾਣਾ ਗੁਰਬਾਣੀ ਰੂਪੀ ਗੁਰੂ ਦਾ ਹੁਕਮ ਮੰਨ ਕੇ ਜੀਵਨ ਬਤੀਤ ਕਰਨ ਦੀ ਥਾਵੇਂ, ਗੁਰੂ ਤੋਂ ਸਿਆਣਾ, ਆਕੀ ਸ਼ਰੀਕ ਜਾਂ ਬਾਗੀ ਹੋਇਆ ਨਹੀ ਵੇਖਿਆ ਜਾ ਰਿਹਾ ? ਅਖੇ ਜੀ ''ਗੁਰੂ ਵੀਹ ਵਿਸਵੇ , ਸੰਗਤ ਇੱਕੀ ਵਿਸਵੇ''। ਸੰਗਤ ਗੁਰੂ ਤੋਂ ਵੱਡੀ। ਜਦੋਂ ਇਤਿਹਾਸਕਾਰਾਂ, ਪ੍ਰਚਾਰਕਾਂ, ਕਵੀਆਂ, ਲੀਡਰਾਂ, ਧਰਮ ਮੁਖੀਆਂ ਨੇ, ਲੱਖਾਂ ਵਾਰ ਇਹੀ ਦੁਹਰਾਇਆ ਹੈ ''ਖਾਲਸਾ ਗੁਰੂ'' ਹੈ। ਇਸ ਪ੍ਰਚਾਰ ਤੋਂ ਬਾਅਦ ਸਤਿਗੁਰੂ ਜੀ ਨੂੰ ਵੱਡਾ ਅਭੁੱਲ ਜਾਂ ਸਿੱਖਾਂ ਦਾ ਰਹਿਬਰ ਕਾਹਦੇ ਲਈ ਮੰਨਣਾ ਹੈ ? ਹਰ ਕੋਈ ਆਪੋ ਆਪਣੀ ਥਾਵੇਂ ਗੁਰੂ ਹੈ। ਸਾਧ ਭੀ ਖੁਦ ਗੁਰੂ ਬਣ ਗਏ , ਤੇ ਲੀਡਰ, ਲੋਕ ਭੀ ਗੁਰੂ। ਪੰਥ ਦੀ ਹਰ ਟੁੱਟੀ ਫੁੱਟੀ ਜਥੇਬੰਦੀ ਗੁਰੂ ਬਣ ਗਈ ਹੈ। ਇਹਨਾਂ ਬਹੁਤ ਸਾਰੇ ਬਣਾਵਟੀ ਤੇ ਪਾਖੰਡੀ ''ਗੁਰੂਆਂ'' ਨੇ ਮੰਦ ਕਰਤੂਤਾਂ ਰਾਹੀਂ ਰੱਬੀ ਜੋਤ ਸਤਿਗੁਰੂ ਜੀ ਨੂੰ ਭੀ ਕੱਖੋਂ ਹੌਲਾ ਕਰ ਦਿੱਤਾ ਹੈ।

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰ।।**
**ਗੁਰਮਤਿ ਮਨੁ ਸਮਝਾਇਆ ਲਾਗਾ ਤਿਸੈ ਪਿਆਰੁ।। (ਪੰਨਾ 61)**
**ਭੂਲੇ ਕਉ ਗੁਰਿ ਮਾਰਗਿ ਪਾਇਆ।। ਅਵਰ ਤਿਆਗਿ ਹਰਿ ਭਗਤੀ ਲਾਇਆ।।**
**ਜਨਮ ਮਰਨ ਦੀ ਤ੍ਰਾਸ ਮਿਟਾਈ।। ਗੁਰ ਪੂਰੇ ਕੀ ਬੇਅੰਤ ਵਡਾਈ।। (864)**

ਭਾਈ ਗੁਰਦਾਸ ਜੀ ਬੜਾ ਸੋਹਣਾ ਲਿਖਦੇ ਹਨ -

**ਗੁਰਸਿਖੀ ਦਾ ਕਰਮ ਏਹ ਗੁਰਫੁਰਮਾਏ ਗੁਰਸਿਖ ਕਰਣਾ।। (28-10)**

ਸਤਿਗੁਰੂ ਨੂੰ ਪਿਆਰ ਕਰਨ ਵਾਲੇ ਸਿੱਖ ਤਾਂ ਸਦਾ ਹੀ ਗੁਰਬਾਣੀ ਰੂਪੀ ''ਮੁਖਵਾਕ'' ਵਿਚੋਂ ਆਪਣੀ ਜ਼ਿੰਦਗੀ ਲਈ ਅਗਵਾਈ ਪ੍ਰਾਪਤ ਕਰਦੇ ਹਨ। ਜੇ ਇਥੇ ਲੋਕ ਪਹਿਲਾਂ ਹੀ ਗੁਰੂ ਨੂੰ ਮਤ ਦੇਣ ਜੋਗੇ ਹੁੰਦੇ ਫਿਰ ਭਰਮਾਂ ਵਿਚ ਕਿਉਂ ਪੈਂਦੇ ? ਹਜਾਰਾਂ ਸਾਲ ਤੱਕ ਗੁਲਾਮੀ ਦੀਆਂ ਜੰਜੀਰਾਂ ਵਿਚ ਕਿਉਂ ਜਕੜੇ ਰਹਿੰਦੇ ? ਜੇ ਕਿਤੇ ਸਤਿਗੁਰੂ ਜੀ ਨੇ ਸਮੂਹਕ

ਰੂਪ ਵਿਚ ਸੰਗਤ ਦੀ ਵਡਿਆਈ ਕੀਤੀ ਹੈ ਤਾਂ ਇਸ ਦਾ ਮਤਲਬ ਹੈ ਕਿ ਸਾਨੂੰ ਮਤ ਦੇ ਕੇ ਸੱਚਮੁੱਚ ਉੱਚੇ ਜੀਵਨ ਵਾਲੇ ਬਣਾਉਣਾ ਚਾਹੁੰਦੇ ਹਨ। ਅਸੀਂ ਸਾਰੇ ਰਲਕੇ ਭੀ, ਇਕੱਲੇ ਸਤਿਗੁਰੂ ਨਾਨਕ ਸਾਹਿਬ ਦੀ ਬ੍ਰਾਬਰੀ ਨਹੀਂ ਕਰ ਸਕਦੇ। ਸਿੱਖ ਪੰਥ ਪਹਿਲਾਂ ਹੀ ਗੁਰਬਾਣੀ ਤੋਂ ਸੱਖਣਾ ਹੈ, ਅਜਿਹੇ ਵਿਚਾਰਾਂ ਨਾਲ ਹੋਰ ਕੁਰਾਹੇ ਪਵੇਗਾ, ਗੁਰਮਾਰਗ ਤੋਂ ਭਟਕ ਜਾਵੇਗਾ। **ਅਸੀਂ ਗਲਤੀਆਂ ਦੇ ਪੁਤਲੇ, ਰਿਸ਼ਵਤ ਖੋਰ, ਸ਼ਰਾਬੀ, ਵਿਭਚਾਰੀ, ਝੂਠੇ ਕਰਮਕਾਂਡੀ, ਕਾਇਰ ਅਤੇ ਪੰਜਾਂ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ) ਵਿਚ ਗ੍ਰਸੇ ਹੋਏ, ਗੁਰੂ ਤੋਂ ਵੱਡੇ ''ਸਿਆਣੇ' ' ਕਿਵੇਂ ਹੋ ਸਕਦੇ ਹਾਂ ? ਸਤਿਗੁਰੂ ਜੀ ਦੀ ਆਖੀ ਗਲ ਮੰਨਣ ਵਿਚ ਹੀ ਸਾਡਾ ਸਾਰਿਆਂ ਦਾ ਕਲਿਆਣ ਹੈ। ਅਸੀਂ ਗੁਰੂ ਪੰਥ ਨਹੀਂ ਹਾਂ, ਸਗੋਂ ''ਗੁਰੂ ਦਾ ਪੰਥ'' ਹਾਂ। ਪੰਥ ਦਾ ਅਰਥ ਹੈ ਰਸਤਾ, ਅਸੀਂ ਰਾਹ ਤੇ ਟੁਰਨ ਵਾਲੇ ਰਾਹੀ ਜਾਂ ਪੰਥੀ ਹਾਂ। ''ਗੁਰੂ ਗ੍ਰੰਥ'' ਤੇ ''ਗੁਰੂ ਦਾ ਸਾਜਿਆ ਪੰਥ''(ਰਾਹ) ਸਤਿਗੁਰੂ ਮਹਾਨ ਸਨ। ਗੁਰਬਾਣੀ ਅੱਜ ਭੀ ਮਹਾਨ ਹੈ, ਲੋੜ ਹੈ ਨਿਮਰਤਾ ਪੂਰਵਕ ਹਿਰਦੇ ਵਿਚ ਵਸਾਈਏ, ਸਹੀ ਮਾਅਨਿਆਂ ਵਿਚ ਸਿੱਖੀ ਨੂੰ ਸਮਝੀਏ, ਫਿਰ ਇਸ ਮੁਤਾਬਕ ਆਪਣਾ ਜੀਵਨ ਢਾਲੀਏ। ਗੁਰੂ ਬਖਸ਼ਿੰਦ ਹੈ, ਰਾਹ ਪਾਵੇ ਗਾ।**

> **ਸਮੁੰਦ ਵਿਰੋਲਿ ਸਰੀਰੁ ਹਮ ਦੇਖਿਆ, ਇਕ ਵਸਤੁ ਅਨੂਪ ਦਿਖਾਈ।।**
> **ਗੁਰੁ ਗੋਬਿੰਦ, ਗੋਬਿੰਦ ਗੁਰੂ ਹੈ, ਨਾਨਕ ਭੇਦੁ ਨਾ ਭਾਈ।। (ਪੰਨਾ 442)**
> **ਸੋ ਸਤਿਗੁਰ ਧੰਨੁ ਧੰਨੁ ਜਿਨਿ ਭਰਮ ਗੜੁ ਤੋੜਿਆ।।**
> **ਸੋ ਸਤਿਗੁਰ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ।। (ਪੰਨਾ 522)**
> **ਅਸਥਿਰ ਰਹਹੁ ਡੋਲਹੁ ਮਤ ਕਬਹੂ ਗੁਰ ਕੈ ਬਚਨ ਆਧਾਰਿ।।**
> **ਜੈ ਜੈ ਕਾਰ ਸਗਲ ਭੂ ਮੰਡਲ ਮੁਖ ਊਜਲ ਦਰਬਾਰਿ।। (ਪੰਨਾ 678)**

ਸੋ ਨਿਮਰਤਾ ਸਹਿਤ ਅਰਜੋਈ ਹੈ ਕਿ ਗੁਰੂ ਦੇ ਪਿੱਛੇ ਟੁਰੀਏ। ਉਹਨਾਂ ਤੋਂ ਰਾਹ ਪੁੱਛੀਏ, ਭੁੱਲਾਂ ਗਲਤੀਆਂ ਦੂਰ ਕਰੀਏ। ਸਤਿਗੁਰੂ ਤੋਂ ਅਗੇ ਨਾ ਨਿਕਲੀਏ, ਜ਼ਿੰਦਗੀ ਦਾ ਰਾਹ ਪੁੱਛ ਕੇ ਚਲੀਏ। ਗੁਰਬਾਣੀ ਤੋਂ ਸਿੱਖਿਆ ਲੈ ਕੇ ਜਨਮ ਸਫਲਾ ਕਰੀਏ, ਤੇ ਸਤਿਗੁਰੂ ਜੀ ਦਾ ਕਰੋੜਾਂ ਵਾਰ ਧੰਨਵਾਦ ਕਰੀਏ, ਜਿਨ੍ਹਾਂ ਨੇ ਅਣਗਿਣਤ ਉਪਕਾਰ ਕੀਤੇ ਹਨ। ਗੁਰੂ ਨੂੰ ਹੀ ਸਿਆਣਾ ਸਵੀਕਾਰ ਕਰੀਏ.........।

**000**

# ਮਾ. ਤਾਰਾ ਸਿੰਘ ਦਾ ਅਸਲੀ ਚਿਹਰਾ

ਇਤਿਹਾਸ ਦੀਆਂ ਕਿਤਾਬਾਂ ਵਿਚ ਦੇਸ਼ ਦੇ ਬਟਵਾਰੇ ਸੰਬੰਧੀ ਜਦੋਂ ਜਿਕਰ ਆਉਂਦਾ ਹੈ ਤਾਂ ਗੈਰ ਸਿੱਖ ਲੇਖਕ, ਸਿੱਖਾਂ ਤੇ ਹੋਏ ਜ਼ੁਲਮ, ਬਰਬਾਦੀ ਅਤੇ ਉਜਾੜੇ ਨੂੰ ਨਜ਼ਰ ਅੰਦਾਜ਼ ਹੀ ਕਰ ਜਾਂਦੇ ਹਨ। ਬਹੁਤੇ ਸਿੱਖ ਲਿਖਾਰੀ ਭੀ ਡੂੰਘਾਈ ਤੱਕ ਜਾਣ ਤੋਂ ਬਿਨਾਂ, ਪਹਿਲਾਂ ਪ੍ਰਚਲੱਤ ਧਾਰਨਾਵਾਂ ਅਧੀਨ ਹੀ **''ਨਵਾਂ ਇਤਿਹਾਸ''** ਲਿਖੀ ਜਾ ਰਹੇ ਹਨ। ਇਤਿਹਾਸਕਾਰੀ ਦੇ ਮਾਮਲੇ ਵਿਚ ਅਧੁਨਿਕ ਜਮਾਨੇ ਦੇ ਲੇਖਕਾਂ ਵਿਚੋਂ ਸ੍ਰ: ਕਰਮ ਸਿੰਘ ਹਿਸਟੋਰੀਅਨ ਦੀ ਖੋਜ ਬਹੁਤ ਕੀਮਤੀ ਹੈ। ਪਰ ਉਹ ਸੰਤਾਲੀ ਤੋਂ ਪਹਿਲਾਂ ਹੀ ਸਰੀਰਕ ਚੋਲਾ ਤਿਆਗ ਗਏ। ਡਾ. ਗੰਡਾ ਸਿੰਘ ਜੀ ਇਕ ਹੋਰ ਸਮਰੱਥ ਇਤਿਹਾਸਕਾਰ ਸਨ, ਪਰ ਉਹਨਾਂ ਦੇਸ ਵੰਡ ਬਾਰੇ ਕੁਝ ਨਹੀਂ ਲਿਖਿਆ। ਕਈ ਲੇਖਕਾਂ ਨੇ ਨਾਵਲ (ਟ੍ਰੇਨ ਟੂ ਪਾਕਿਸਤਾਨ - ਖੁਸ਼ਵੰਤ ਸਿੰਘ, ਪਿੰਜਰ - ਅੰਮ੍ਰਿਤਾ ਪ੍ਰੀਤਮ) ਕਹਾਣੀਆਂ (ਖੱਬਲ - ਕੁਲਵੰਤ ਸਿੰਘ ਵਿਰਕ, ਟੋਭਾ ਟੇਕ ਸਿੰਘ, ਸਆਦਤ ਹਸਨ ਮੰਟੋ) ਅਤੇ ਨਾਟਕ (ਤਮਸ-ਭੀਸਮ ਸਾਹਨੀ) ਆਦਿਕ ਦੇਸ਼ ਵੰਡ ਬਾਰੇ ਲਿਖੇ । ਇਹ ਜਤਨ ਬੜੇ ਸੀਮਤ ਜਿਹੇ ਸਨ। ਖੋਜ ਕਰਕੇ ਵਡਅਕਾਰੀ, ਬਹੁਮੁੱਖੀ ਇਤਿਹਾਸ ਲਿਖਣਾ ਬਹੁਤ ਜੋਖਮ ਭਰਿਆ ਅਤੇ ਖਰਚੀਲਾ ਕਾਰਜ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਕਤੂਬਰ 1925 ਵਿਚ ਕਾਨੂੰਨੀ ਮਾਨਤਾ ਪ੍ਰਾਪਤ ਕਰਕੇ, ਸਿੱਖਾਂ ਦੀ ਨੁਮਾਇੰਦਾ ਜਥੇਬੰਦੀ ਦੇ ਰੂਪ ਵਿੱਚ ਉੱਭਰ ਚੁੱਕੀ ਸੀ। ਕੰਮ ਕਰਨ ਲਈ ਇਕ ਪਲੇਟ ਫਾਰਮ ਮੌਜੂਦ ਸੀ। ਪੈਸੇ ਦੀ ਕੋਈ ਕਮੀ ਨਹੀਂ ਸੀ। ਗੁਜਾਰੇ ਜੋਗ ਖਰਚਾ ਦੇ ਕੇ, ਵਿਦਵਾਨਾਂ ਦੀਆਂ ਸੇਵਾਵਾਂ ਲੈਕੇ, ਦੇਸ਼ ਵੰਡ ਵਿਚ ਜੋ ਤਬਾਹੀ ਸਿੱਖਾਂ ਦੀ ਹੋਈ ਉਸਨੂੰ ਵਿਸਥਾਰ ਸਹਿਤ ਕਈ ਜਿਲਦਾਂ ਵਿਚ ਲਿਖਵਾਣਾ ਬਣਦਾ ਸੀ। ਕਮੇਟੀ ਦੇ ਮੁਖੀਆਂ ਨੇ ਹੋਰ ਅਨੇਕ ਪਾਪ ਕਰਮਾਂ ਵਿਚੋਂ, ਇਹ ਭੀ ਇਕ ਬੱਜਰ ਪਾਪ ਕੀਤਾ ਹੈ, ਕਿ ਇਸ ਵਿਸ਼ੇ ਨਾਲ ਸਬੰਧਤ, ਇਕ ਅੱਖਰ ਭੀ ਨਹੀਂ ਲਿਖਵਾਇਆ ਗਿਆ। ਇਸ ਸਾਰੇ ਭਿਆਨਕ ਸਮੇਂ ਵਿਚ, ਮਾਸਟਰ ਤਾਰਾ ਸਿੰਘ ਅਤੇ ਉਸਦੇ ਸੰਗੀ ਸਾਥੀ ਹੀ ਗੁਰਦੁਆਰਾ ਪ੍ਰਬੰਧ ਤੇ ਕਾਬਜ ਸਨ। ਜੇ ਚਾਹੁੰਦੇ ਕੰਮ ਸ਼ੁਰੂ ਕਰਵਾ ਸਕਦੇ ਸਨ, ਪਰ ਮਨਾਂ ਵਿਚ ਖੋਟ ਸੀ, ਖ਼ੁਦ ਖੋਟੇ ਸਨ, ਇਸ ਪਾਸੇ ਕੋਈ ਧਿਆਨ ਨਾ ਦਿੱਤਾ।

ਅੰਗ੍ਰੇਜੀ ਸਰਕਾਰ ਨੇ ਭਾਰਤ ਵਿਚ ਤਿੰਨ ਕੌਮਾਂ (ਹਿੰਦੂ, ਮੁਸਲਮਾਨ ਤੇ ਸਿੱਖ) ਦੀ ਨੁਮਾਇੰਦਗੀ ਨੂੰ ਅਸੂਲਣ ਤੌਰ ਤੇ ਸਵੀਕਾਰ ਕੀਤਾ ਸੀ। ਤਿੰਨਾਂ ਧਿਰਾਂ ਤੋਂ ਰਾਜ ਖੋਹਿਆ ਸੀ। ਤਿੰਨਾਂ ਨੂੰ ਵਾਪਸ ਦੇਣਾ ਚਾਹੁੰਦੇ ਸਨ। ਇਹ ਅਸੂਲ ਭੀ ਲਿਖਤੀ ਰੂਪ ਵਿਚ ਗੋਰੀ ਸਰਕਾਰ ਵਲੋਂ ਪਰਵਾਨਿਆ ਗਿਆ ਸੀ, ਕਿ ਤਿੰਨੇ ਕੌਮਾਂ ਬ੍ਰਾਬਰ ਦੀ ਹੈਸੀਅਤ ਰੱਖਦੀਆਂ ਹਨ। ਇਹਨਾਂ

ਵਿਚ ਆਬਾਦੀ ਦੇ ਵੱਧ ਜਾਂ ਘੱਟ ਹੋਣ ਦਾ ਕੋਈ ਮਸਲਾ ਅੜਿਕਾ ਨਹੀਂ ਬਣੇਗਾ। ਦੇਸ਼ ਵੰਡ ਸਮੇਂ ਜੇ ਕਿਸੇ ਨੁਕਤੇ ਤੇ ਦੋ ਧਿਰਾਂ ਸਹਿਮਤ ਹਨ, ਪਰ ਤੀਜੀ ਧਿਰ ਪੂਰਨ ਸਹਿਮਤੀ ਨਹੀਂ ਦਿੰਦੀ, ਤਾਂ ਅਜਿਹੀ ਮਦ ਲਾਗੂ ਨਹੀਂ ਕੀਤੀ ਜਾਵੇਗੀ। ਕੋਈ ਹੋਰ ਜੋ ਤਿੰਨਾਂ ਧਿਰਾਂ ਨੂੰਪਰਵਾਨ ਹੋਵੇ, ਅਜਿਹਾ ਰਾਹ ਕੱਢਿਆ ਜਾਵੇਗਾ ਇਸ ਅਸੂਲ ਨੂੰ ''ਵੀਟੋ ਪਾਵਰ'' ਦੀ ਸੰਗਿਆ ਦਿੱਤੀ ਗਈ।

ਕਾਂਗਰਸ ਪਾਰਟੀ ਜੋ ਹਿੰਦੂਆਂ ਦੀ ਮੁਖੀ ਜਮਾਤ ਸੀ, ਉਹ ਹਰ ਪੱਖੋਂ ਸੋਚ ਵਿਚਾਰ ਕਰਕੇ, ਅੱਗੇ ਕਦਮ ਵਧਾ ਰਹੀ ਸੀ। ਆਜਾਦ ਭਾਰਤ ਵਿਚ ਹਿੰਦੂ ਬਹੁਲਤਾ ਵਾਲਾ ਰਾਜ ਤੇ ਹਿੰਦੂ ਬਹੁਲਤਾ ਵਾਲਾ ਸਮਾਜ ਸਥਾਪਤ ਕਰਨ ਲਈ ਸੁਚੇਤ ਸੀ। ਗਾਂਧੀ ਨਹਿਰੂ ਨੇ ਪਾਕਿਸਤਾਨ ਬਣਾਉਣਾ ਪਰਵਾਨ ਇਸੇ ਲਈ ਕੀਤਾ ਸੀ ਕਿ ਜੇ ਕਰ ਇੰਨੀ ਵੱਡੀ ਮੁਸਲਮਾਨ ਆਬਾਦੀ ਸੰਯੁਕਤ ਭਾਰਤ ਵਿਚ ਰਹਿ ਗਈ ਤਾਂ ਹਿੰਦੂ ਸਰਕਾਰ ਮਨਮਾਨੇ ਫੈਸਲੇ ਨਹੀਂ ਕਰ ਸਕੇਗੀ। ਬ੍ਰਾਬਰ ਦੀ ਜੰਗਜੂ ਧਿਰ ਨੂੰ ਦਬਾਉਣਾ ਆਸਾਨ ਨਹੀਂ ਹੋਵੇਗਾ।

ਜਿਨਾਹ ਨੇ ਅਖੀਰ ਤਕ ਭਾਰਤ ਨੂੰ ਇਕੱਠਾ ਰੱਖਣ ਵਿਚ, ਪੂਰੀ ਵਾਹ ਲਾਈ। ਕਾਂਗਰਸੀ ਲੀਡਰਾਂ ਨੇ ਜਾਣਬੁੱਝਕੇ, ਅਜਿਹੇ ਹਾਲਾਤ ਪੈਦਾ ਕੀਤੇ ਕਿ ਬਹੁਗਿਣਤੀ ਮੁਸਲਮਾਨ, ਵੱਖਰਾ ਦੇਸ਼ ਮੰਗਣ। ਮੁਸਲਮਾਨਾਂ ਦਾ ਮੁਖੀ ਮਜਬੂਰ ਹੋਕੇ ਪਾਕਿਸਤਾਨ ਲੈਣ ਦੀ ਮੰਗ ਜੋਰਦਾਰ ਤਰੀਕੇ ਉਠਾਵੇ ਤਾਂ ਕਿ ਘੱਟ ਗਿਣਤੀਆਂ, ਹਿੰਦੂ ਧਰਮ ਵਿਚ ਜਜ਼ਬ ਕਰ ਲਈਆਂ ਜਾਣ। ਹਿੰਦੂ ਲੀਡਰਾਂ ਵਲੋਂ ਬਾਰ ਬਾਰ ਸਤਾਏ ਮੁਸਲਮਾਨਾਂ ਨੇ ਪਾਕਿਸਤਾਨ ਪ੍ਰਾਪਤੀ ਦਾ ਦ੍ਰਿੜ ਫੈਸਲਾ ਕਰ ਲਿਆ।

ਹਿੰਦੂ ਲੀਡਰ ਆਪਣੀ ਥਾਂ ਸਪਸ਼ੱਟ ਸਨ ਕਿ ਸਿੱਖਾਂ ਵਰਗੀ ਘੱਟ ਗਿਣਤੀ ਨੂੰ ਦੁਬੇਲ ਬਣਾਉਣਾ ਬਹੁਤਾ ਮੁਸਕਿਲ ਨਹੀਂ ਹੋਵੇਗਾ। ਜਦੋਂ ਕਿ ਇਹਨਾਂ ਦੇ ਬਹੁਤੇ ਲੀਡਰ ਭੀ ਅੰਦਰੋਂ ਹਿੰਦੂ ਹੀ ਹਨ। ਕੋਈ ਸਪਸ਼ੱਟ ਫੈਸਲਾ ਲੈਣ ਤੋਂ ਅਸਮਰਥ ਹਨ, ਭਵਿੱਖ ਦੀ ਭਿਆਨਕਤਾ ਤੋਂ ਡਰੇ ਹੋਏ ਹਨ। ਕੁੱਝ ਟੁਕੜਿਆਂ ਬਦਲੇ, ਖਰੀਦੇ ਭੀ ਜਾ ਸਕਦੇ ਹਨ। ਸ੍ਰ. ਬਲਦੇਵ ਸਿੰਘ ਜੋ ਮਾਸਟਰ ਦੀ ਸੱਜੀ ਬਾਂਹ ਸੀ, ਗੁਪਤ ਸਮਝੌਤਾ ਕਰਕੇ ਸਿੱਖਾਂ ਨੂੰ ਸਿਖਰ ਦੁਪਹਿਰੇ ਦਗਾ ਦੇ ਗਿਆ। ਮਾਸਟਰ ਨੇ ਸਾਰੀ ਉਮਰ ਬਲਦੇਵ ਸਿੰਘ ਦੇ ਵਿਰੁੱਧ ਕਦੀ ਜ਼ਬਾਨ ਨਾ ਖੋਹਲੀ। ਇਸਦਾ ਮਤਲਬ ਹੈ ਕਿ ਸਾਰਾ ਕੁਝ ਸੋਚੀ ਸਮਝੀ ਸਾਜਿਸ਼ ਤਹਿਤ ਹੀ ਕੌਮ ਨੂੰ ਹਨੇਰੀ ਖੱਡ ਵਿਚ ਸੁੱਟਿਆ ਜਾ ਰਿਹਾ ਸੀ। ਦੂਜਾ ਡਾ. ਗੋਪਾਲ ਸਿੰਘ ਸੀ ਜੋ ਸਾਜਬਾਜ ਕਰਕੇ, ਸਿੱਖਾਂ ਦੇ ਰੋਹ ਤੋਂ ਬਚਦਾ ਬਚਾਂਦਾ ਬਦੇਸ਼ ਵਿਚ ਭਾਰਤ ਦਾ ਰਾਜਦੂਤ ਜਾ ਲੱਗਿਆ। ਕਈ ਸਾਰੇ ਅਕਾਲੀ ਲੀਡਰ ਕਾਂਗਰਸ ਵਿਚ ਰਲਦੇ ਰਹੇ, ਬਾਹਰ ਨਿਕਲਦੇ ਰਹੇ। ਅਸਲ ਵਿਚ ਇਹ

ਲੁੱਕਣ ਮੀਟੀ ਦੀ ਖੇਢ ਸੀ, ਨਿਤ ਦਿਨ ਆਮ ਸਿੱਖ ਨੂੰ ਨਮੋਸ਼ੀ ਅਤੇ ਖੁਆਰੀ ਵੱਲ ਧੱਕਿਆ ਜਾ ਰਿਹਾ ਸੀ। ਕੁੱਝ ਜਮੀਰ ਫਰੋਸ ਲੋਕ ਮਹਿਲ ਉਸਾਰ ਰਹੇ ਸਨ। ਮਰੁੱਬਿਆਂ ਦੇ ਮਾਲਕ ਬਣ ਰਹੇ ਸਨ। ਆਪਣੇ ਪੁੱਤਰਾਂ ਧੀਆਂ ਦੀਆਂ ਵੱਡੀਆਂ ਨੌਕਰੀਆਂ ਲਗਵਾ ਰਹੇ ਸਨ। ਸੋਨੇ ਚਾਂਦੀ ਨਾਲ ਆਪਣੀਆਂ ਤਜੋਰੀਆਂ ਭਰ ਰਹੇ ਸਨ। ਆਮ ਸਿੱਖ ਦਰ ਦਰ ਦੀਆਂ ਠੋਕਰਾਂ ਖਾ ਰਹੇ ਸਨ। ਸਿਰ ਲੁਕਾਣ ਲਈ ਛੱਤ ਲੱਭ ਰਹੇ ਸਨ। ਪੇਟ ਨੂੰ ਝੁਲਕਾ ਦੇਣ ਲਈ ਦੋ ਰੋਟੀਆਂ ਬਦਲੇ ਲੰਮੀਆਂ ਕਤਾਰਾਂ ਵਿਚ ਕਸ਼ਟ ਝੱਲ ਰਹੇ ਸਨ। ਆਪਣੇ ਵਿਛੜੇ ਸਕੇ ਸੰਬੰਧੀਆਂ ਨੂੰ ਲੱਭਦੇ, ਹਾਰ ਹੰਭ ਚੁੱਕੇ ਸਨ। ਮਰ ਗਿਆਂ ਨੂੰ ਰੋਂਦਿਆਂ ਦੀਆਂ ਅੱਖਾਂ ਦੇ ਅੱਥਰੂ ਮੁੱਕ ਗਏ ਸਨ। ਗਲ ਵਿਚ ਮੈਲੇ ਫਟੇ ਬਸਤਰ ਪਾਈ, ਪਥਰਾ ਚੁਕੀਆਂ ਅੱਖਾਂ ਸਾਹਮਣੇ ਆਪਣੀਆਂ ਧੀਆਂ ਭੈਣਾ ਨਾਲ ਜੋ ਵਹਿਸੀ ਸਲੂਕ ਹੋਇਆ ਸੀ, ਉਸਨੂੰ ਭੁਲਾ ਦੇਣਾ ਚਾਹੁੰਦੇ ਸਨ। ਮਹਿਲਾਂ ਮਿਲਖਾਂ ਦੇ ਮਾਲਕ ਸਭ ਕੁਝ ਲੁਟਾ ਕੇ ਫੁਟਪਾਥਾਂ ਤੇ ਰਾਤਾਂ ਗੁਜਾਰਨ ਲਈ ਮਜਬੂਰ ਸਨ। ਇਸ ਬਹੁਤ ਵੱਡੇ ਦੇਸ ਵਿਚ ਕੋਈ ਅਪਣਾ ਨਹੀਂ ਸੀ। ਭਾਰਤੀ ਸਰਕਾਰ ਤੇ ਹਿੰਦੂ ਜੰਤਾ ਆਜਾਦੀ ਦੇ ਸ਼ਾਨਦਾਰ ਜਸ਼ਨ ਮਨਾ ਰਹੇ ਸਨ। ਸਿੱਖ ਕੌਮ ਅੱਧੀ ਤੋਂ ਜਿਆਦਾ ਉੱਜੜ ਚੁੱਕੀ ਸੀ। ਸਭ ਕੁਝ ਗਵਾ ਚੁੱਕੀ ਸੀ, ਜਮੀਨ ਘਰ ਧਨ, ਇੱਜਤ ਅਤੇ ਅਪਣੇ ਸਕੇ ਸਬੰਧੀ।

ਅਤੀ ਨਿਘਰੀ ਅਵਸਥਾ ਵਿਚ ਵਿਲਕ ਰਹੇ ਸਿੱਖ, ਮਾਸਟਰ ਜੀ ਨੂੰ ਆਪਣੇ ਦਿਲ ਤੇ ਲੱਗੇ ਡੂੰਘੇ ਜਖਮ ਵਿਖਾਣਾ ਚਾਹੁੰਦੇ ਸਨ। ਜੋ ਕੁਝ ਉਹਨਾਂ ਨਾਲ ਵਾਪਰਿਆ ਹੈ ਉਸਦਾ **''ਅਸਲ ਜਿੰਮੇਵਾਰ ਕੌਣ ਹੈ'',** ਪੁੱਛਣਾ ਚਾਹੁੰਦੇ ਸਨ। ਮਾਸਟਰ ਤਾਰਾ ਸਿੰਘ ਜੀ ਦਾ ''ਕੋਮਲ **ਹਿਰਦਾ''** ਇਹ ਸਾਰੇ ਦੁੱਖ ਬਰਦਾਸਤ ਨਾ ਕਰ ਸਕਿਆ। ਦੁਖਿਆਰੇ ਵਿਲਕਦੇ ਲੋਕਾਂ ਦੀਆਂ ਚੀਕਾਂ ਨੇ ਕੰਨਾਂ ਦੇ ਪੜਦੇ ਪਾੜ ਦਿੱਤੇ। ਅੱਖਾਂ ਨੇ ਦਿਲ ਦੇ ਜ਼ਖ਼ਮ ਵੇਖਣੋਂ ਨਾਂਹ ਕਰ ਦਿਤੀ। ਦਿਨ ਰਾਤ ਦੁਖਿਆਰੇ ਸਿੱਖਾਂ ਦੇ ਵਿਰਲਾਪ ਸੁਣਕੇ ਮਾਸਟਰ ਜੀ ਦਾ ਨਾਜੁਕ ਮਨ ਘਬਰਾ ਗਿਆ। ਸਿੱਖ ਕੌਮ ਦੇ **''ਮਹਾਨ ਨੇਤਾ''** ਦੀ ਜਾਨ ਬੜੀ ਕੀਮਤੀ ਹੋਣ ਕਰਕੇ ਬਚਾਉਣੀ ਜਰੂਰੀ ਸੀ। ਸਾਰੇ ਮੁਖੀ ਹਮਦਰਦ ਸਿੱਖ ਲੀਡਰਾਂ ਨੇ **''ਸਰਬਸੰਮਤੀ''** ਨਾਲ ਮਾਸਟਰ ਤਾਰਾ ਸਿੰਘ ਜੀ ਨੂੰ ਤਿੰਨ ਮਹੀਨਿਆਂ ਵਾਸਤੇ **ਸਵਰਗੀ ਸੁਖ ਭੋਗਣ ਲਈ ਸ਼ਿਮਲੇ ਭੇਜ ਦਿੱਤਾ।**

ਪਰਸਿੱਧ ਵਿਚਾਰਵਾਨ ਨੀਤਸ਼ੇ ਨੇ ਕਿਹਾ ਸੀ - **''ਅਸੀਂ ਬਹੁਤ ਕਮੀਣੀਆਂ ਚਾਲਾਂ ਚੱਲੀਆਂ। ਬੜੀਆਂ ਨੀਚ ਹਰਕਤਾਂ ਕੀਤੀਆਂ। ਸਾਡੀ ਮੱਕਾਰੀ ਪਾਖੰਡ ਅਤੇ ਦੋਗਲਾਪਣ ਵੇਖਕੇ, ਸਾਡੇ ਵਿਰੋਧੀ ਇੰਨੇ ਜੋਰ ਦੀ ਠਹਾਕੇ ਲਗਾਕੇ ਹੱਸੇ ਤੇ ਹਸਦੇ ਹੀ ਚਲੇ ਗਏ। ਤੇ ਉਹਨਾਂ ਦੀ ਹਸਦਿਆਂ ਦੀ ਹੀ ਮੌਤ ਹੋ ਗਈ।''** ਸਿੱਖ ਅਵਾਮ ਸ਼ਾਇਦ ਇੰਨਾ ਕਮਜੋਰ ਦਿਲ ਨਹੀਂ ਹੈ ਕਿ ਆਪਣੇ ਲੀਡਰਾਂ ਦੀਆਂ ਮਕਾਰੀਆਂ ਤੇ ਦੋਗਲਾਪਣ ਵੇਖਕੇ ਹਸਦਾ ਹੋਇਆ

ਵਾਹਿਗੁਰੂ ਦੇ ਚਰਨਾਂ ਵਿਚ ਜਾ ਬਿਰਾਜੇ। ਜਿਉਂਦੇ ਰਹਿਕੇ ਅਜੇ ਦੂਲੇ ਸਿੱਖ ਪੰਥ ਨੇ, ਆਪਣੇ ਲੀਡਰਾਂ ਹੱਥੋਂ ਹੋਰ ਖੁਆਰ ਹੋਣਾ ਸੀ। ਤਿਲ ਤਿਲ ਕਰਕੇ ਸਮੁੱਚੀ ਕੌਮ ਨੇ ਕਦਮ-ਬ-ਕਦਮ ਆਤਮ ਹੱਤਿਆ ਵਲ ਵਧਣਾ ਸੀ। ਸੋ ਮੜੀਆਂ ਦੇ ਰਾਹ ਜਾ ਰਿਹਾ ਹੈ ਇਹ ਸੋਹਣਾ ਦੂਲਾ ਪੰਥ। ਪਹਿਲਾਂ ਰਾਜਨੀਤਕ ਲੋਕ ਤਬਾਹੀ ਦੇ ਰਾਹ ਪਾਉਂਦੇ ਸਨ। ਅੱਜ ਉਹਨਾਂ ਦੇ ਹਥਠੋਕੇ , ਧਾਰਮਕ ਗੱਦੀਆਂ ਤੇ ਬਿਰਾਜਮਾਨ, ਮਹਾਂ ਪੁਜਾਰੀ ਭੀ ਸਿੱਖ ਪੰਥ ਦੀ ਕਿਰਿਆ ਸੋਧ ਕੇ, ਸੋਹਿਲਾ ਪੜਕੇ, ਅੰਤਮ ਅਰਦਾਸ ਕਰਕੇ, ਦੇਸੀ ਘਿਉ ਤੋਂ ਬਣੀ ਤਰ ਦੇਗ ਦਾ ਖੁੱਲਾ ਗੱਫਾ ਛਕਕੇ ਦਾਹੜੇ ਤੇ ਹੱਥ ਫੇਰਕੇ, ਗੋਗੜ ਪਲੋਸ ਕੇ ਹੀ ਸ਼ਾਂਤੀ ਦਾ ਅਨੁਭਵ ਕਰਨਗੇ, ਇਸਤੋਂ ਪਹਿਲਾਂ ਕਦਾਚਿਤ ਨਹੀਂ।

ਮੁਸਲਮਾਨਾਂ ਨੇ ਆਪਣੀ ਸਿਆਣਪ ਨਾਲ ਪਾਕਿਸਤਾਨ ਬਣਵਾ ਲਿਆ। ਹਿੰਦੂਆਂ ਨੇ ਦਿੱਲੀ ਵਿਚ ਹਰ ਵਿਚਾਰਧਾਰਾ ਨਾਲ ਸਬੰਧਤ ਹਿੰਦੂ ਲੀਡਰਾਂ ਦੀ ਕਰੀਮ ਬਿਠਾਈ ਹੋਈ ਸੀ। ਜੋ ਲੋੜ ਪੈਣ ਤੇ ਨਹਿਰੂ ਪਟੇਲ ਤੇ ਗਾਂਧੀ ਨੂੰ ਸਲਾਹ ਮਸ਼ਵਰਾ ਦਿੰਦੀ ਰਹਿੰਦੀ ਸੀ। ਮਾਸਟਰ ਤਾਰਾ ਸਿੰਘ ਐਂਡ ਕੰਃ ਨੇ ਅਜਿਹਾ ਕੋਈ ਪ੍ਰਬੰਧ ਨਾ ਕੀਤਾ ਕਿ ਸਾਰੇ ਸਿੱਖਾਂ ਦੀ ਕੋਈ ਸਾਂਝੀ ਰਾਇ ਜਾਂ ਸਾਂਝੀ ਯੋਜਨਾ ਤਿਆਰ ਕੀਤੀ ਜਾਵੇ। ਧੜੇਬੰਦੀ ਤੋਂ ਉਪਰ ਉਠਕੇ, ਸਿੱਖ ਕੌਮ ਦੇ ਸਮੂਹਕ ਹਿੱਤਾਂ ਦੀ ਤਰਜਮਾਨੀ ਕਰਨ ਵਾਲਾ ਕੋਈ ਸਾਂਝਾ ਫਾਰਮੂਲਾ ਅਖਤਿਆਰ ਕੀਤਾ ਜਾਵੇ । ਸਗੋਂ ਮਾਸਟਰ ਨੇ ਹੋਰ ਬੱਜ਼ਰ ਪਾਪ ਇਹ ਕੀਤਾ ਕਿ ਨਹਿਰੂ ਦੇ ਆਖੇ ਲੱਗ ਕੇ, ''ਸੱਤਾ ਪਰਿਵਰਤਨ'' ਲਈ ਕੰਮ ਕਰ ਰਹੀ ਕਮੇਟੀ ਅੱਗੇ ਜਾ ਕੇ ਬੇਨਤੀ ਕੀਤੀ - **''ਮੈਂ ਸਿੱਖ ਕੌਮ ਦਾ ਮੁਖੀ ਹੋਣ ਦੇ ਨਾਤੇ, ਆਪਣੀ ''ਵੀਟੋ ਪਾਵਰ'' ਵਾਪਸ ਲੈਂਦਾ ਹਾਂ। ਤੁਸੀਂ ਜੋ ਕੁਝ ਦੇਣਾ ਹੈ ਕਾਂਗਰਸ ਨੂੰ ਦੇ ਦਿਓ, ਅਸੀਂ ਆਪੇ ਉਸਤੋਂ ਲੈ ਲਵਾਂਗੇ।'' ਭਾਰਤ ਦੇ ਆਖਰੀ ਵਾਈਸ ਰਾਏ ਲਾਰਡ ਮੌਂਟ ਬੈਟਨ ਨੇ ਬਾਰ ਬਾਰ, ਤਲਖੀ ਭਰੇ ਲਹਿਜੇ ਵਿਚ ਪੁੱਛਿਆ ਸਰਦਾਰ ਜੀ ! ਸੋਚ ਲਓ ‼ ਅਜਿਹੇ ਵਕਤ ਜੇ ਬੰਦਾ ਗਲਤੀ ਕਰ ਜਾਵੇ ਮੁੜਕੇ ਵਕਤ ਹੱਥ ਨਹੀਂ ਆਉਂਦਾ ਤੁਹਾਡੀ ਪੂਰੀ ਸਿੱਖ ਕੌਮ ਦੇ ਭਵਿੱਖ ਦਾ ਸਵਾਲ ਹੈ, ਜ਼ਿੰਦਗੀ ਅਤੇ ਮੌਤ ਦਾ...।''**

ਮੈਂ ਜੋ ਫੈਸਲਾ ਕਰ ਲਿਆ ਹੈ, ਉਹ ਸੋਚ ਸਮਝ ਕੇ ਕੀਤਾ ਹੈ। ਹਿੰਦੂ ਅਤੇ ਕਾਂਗਰਸ ਪਾਰਟੀ ਤੇ ਮੈਨੂੰ ਪੂਰਾ ਭਰੋਸਾ ਹੈ। ਸਾਨੂੰ ਵੱਖਰੀ ਤੀਜੀ ਧਿਰ ਮੰਨ ਕੇ ''ਵੀਟੋ ਪਾਵਰ ਲੈਣ ਦੀ ਲੋੜ ਨਹੀਂ''। ਮਾਸਟਰ ਜੀ ਨੇ ਦੋ ਟੁੱਕ ਫੈਸਲਾ ਸੁਣਾ ਦਿੱਤਾ।

ਮੌਂਟ ਬੈਟਨ ਨੇ ਫਿਰ ਦੁਬਾਰਾ ਪੁੱਛਿਆ - ''ਤੁਸੀਂ ਇੰਨਾ ਮਹੱਤਵਪੂਰਨ ਫੈਸਲਾ ਸਾਰੇ ਪੱਖਾਂ ਨੂੰ ਵਿਚਾਰ ਕੇ ਲਿਆ ਹੈ ? ਜੇ ਹਾਂ ਤਾਂ ਆਪਣੀ ''ਵੀਟੋ ਪਾਵਰ ਖਤਮ ਕਰਨ ਦੀ

ਤਜਵੀਜ ਲਿਖ ਕੇ ਦਿਓ। ਤੁਹਾਡੇ ਜੁਬਾਨੀ ਆਖੇ ਤੇ ਕਈ ਕਿਸਮ ਦੇ ਸ਼ੰਕੇ ਖੜੇ ਹੋ ਸਕਦੇ ਹਨ।'' **ਸਿੱਖ ਕੌਮ ਦੇ ਵਾਹਿਦ ਨੇਤਾ, ਮਾਸਟਰ ਤਾਰਾ ਸਿੰਘ ਨੇ ਪੂਰੀ ਸਿੱਖ ਕੌਮ ਦੀ ਸਾਹ ਰਗ ਤੇ ਛੁਰੀ ਫੇਰ ਦਿੱਤੀ। ਬੇਬਸ ਸ਼ੇਰਾਂ ਦੀ ਕੌਮ ਨੂੰ ਭੇਡਾਂ ਨਾਲੋ ਭੀ ਕਮਜੋਰ ਕਰ ਦਿੱਤਾ। ਸਾਹਸਤ ਹੀਣੀਆਂ ਭੇਡਾਂ ਨੂੰ ਹਿੰਦੁਸਤਾਨ ਰੂਪੀ ਵਾੜੇ ਵਿਚ ਘੇਰ ਕੇ ਬੰਨ ਬਿਠਾ ਦਿੱਤਾ। ਬਘਿਆੜਾਂ ਨੂੰ ਜਦੋ ਭੀ ਭੁੱਖ ਚਮਕੇ, ਤਾਜਾ ਗੋਸਤ ਖਾਣ ਨੂੰ ਦਿਲ ਕਰੇ, ਗਰਮ ਖੂਨ ਪੀਣ ਨੂੰ ਚਿਤ ਚਾਹੇ, ਵਾੜੇ ਵਿਚਲੇ ਕਿਸੇ ਭੀ ਲੇਲੇ ਨੂੰ ਧੌਣ ਤੋਂ ਫੜ ਲਵੇ,, ਸੰਘੀ ਮਰੋੜ ਦੇਵੇ। ਮਾਸਟਰ ਜੀ ਨੇ ਆਪਣੇ ਹੱਥੀਂ ਸਿੱਖ ਕੌਮ ਦੀ ਮੌਤ ਦੇ ਪਰਵਾਨੇ ਤੇ ਬੜੇ ਸਹਿਜ ਨਾਲ ਦਸਖਤ ਕਰ ਦਿੱਤੇ। ਲਿਖ ਕੇ ਗਵਰਨਰ ਜਰਨਲ ਦੀ ਸਭਾ ਵਿਚ ਦੇ ਦਿੱਤਾ ਕਿ ''ਸਿੱਖ ਕੌਮ ਆਪਣੇ ਲਈ ਕੋਈ ਵਖਰਾ ਹੱਕ ਅਧਿਕਾਰ ਨਹੀਂ ਚਾਹੁੰਦੀ। ਜੋ ਲਵਾਂਗੇ ਕਾਂਗਰਸ (ਅਸਲ ਵਿਚ ਹਿੰਦੂ) ਤੋਂ ਲੈ ਲਵਾਂਗੇ। ਅਸੀਂ ਆਪਣੇ ਤੀਜੀ ਧਿਰ ਵਾਲੇ ਸਾਰੇ ਅਧਿਕਾਰ ਕਾਂਗਰਸ ਨੂੰ ਦੇ ਰਹੇ ਹਾਂ...।'' ਸੱਤਾ ਪਰਿਵਰਤਨ'', ਵਾਲੇ ਪੇਪਰਾਂ ਵਿਚ ਮਾਸਟਰ ਜੀ ਵਲੋਂ ਲਿਖੀ ਇਹ ਚਿੱਠੀ ਅੱਜ ਭੀ ਮੌਜੂਦ ਹੈ। (ਮਿਤੀ 3-6-1947 ਨੂੰ ਇਹ ਚਿੱਠੀ ਲਿਖ ਦਿੱਤੀ ਗਈ)।**

ਸ੍ਰ. ਕਪੂਰ ਸਿੰਘ ਜੀ ਨੇ ਭਾਵੇਂ ਆਪਣੀ ਯਾਦਸ਼ਾਤ ਦੇ ਸਹਾਰੇ ਬਹੁਤ ਕੁਝ ਲਿਖਿਆ ਸੀ। ਉਹ ਹੈ ਸੀ ਸੱਚੋ ਸੱਚ, ''ਸਾਚੀ ਸਾਖੀ'' ਆਪਣੀ ਬਹੁ ਚਰਚਿਤ ਪੁਸਤਕ ਦਾ ਨਾਮ ਬਿਲਕੁਲ ਢੁਕਵਾਂ ਰੱਖਿਆ ਗਿਆ ਸੀ। ਜਿਵੇਂ ਬਹੁ ਗਿਣਤੀ ਹਿੰਦੂ ਸਮਾਜ ਨੇ ਅਤੇ ਰਾਜਸੀ ਤਾਕਤ ਨੇ, ਸਿੱਖਾਂ ਦੀ ਹਰ ਜਾਇਜ ਮੰਗ ਭੀ ਗਲਤ ਸਿੱਧ ਕਰ ਦਿੱਤੀ ਹੈ। ਸੱਠ ਸਾਲ ਤੋਂ ਸਿੱਖ ਵਿਲਕਦੇ ਤੜਫਦੇ ਆ ਰਹੇ ਹਨ। ਭਾਰਤੀ ਹਾਕਮ ਟੱਸ ਤੋਂ ਮੱਸ ਨਹੀਂ ਹੁੰਦੇ। ਇਸੇ ਤਰ੍ਹਾਂ ਦੂਜਾ ਦੁਖਦਾਈ ਪਹਿਲੂ ਇਹ ਹੈ ਕਿ ਸ੍ਰੋਮਣੀ ਕਮੇਟੀ ਦਾ ਪੈਸਾ ਅਤੇ ਧਰਮ ਅਸਥਾਨਾਂ ਦੀ ਰਾਜਸੀ ਗਰਜਾਂ ਵਾਸਤੇ ਵਰਤੋ ਕਰਕੇ ਸ਼੍ਰੋਮਣੀ ਅਕਾਲੀ ਦਲ ਆਪਣੇ ਵੱਖਰੇ ਵਿਚਾਰਾਂ ਵਾਲੇ ਸਿੱਖਾਂ ਨੂੰ ਭੀ ਰੋਲ ਕੇ ਰੱਖ ਦਿੰਦਾ ਹੈ। ਗੱਦੀ ਦੀ ਹਵਸ ਪਿੱਛੇ ਅੰਨੇ ਹੋਕੇ ਲੀਡਰ ਲੋਕ, ਕਿੰਨਾਂ ਨਿਵਾਣਾ ਵਿਚ ਗਰਕ ਹੋ ਸਕਦੇ ਹਨ। ਇਹ ਤਾਂ ਕੋਈ ਜੀਵਤ ਜਮੀਰ ਵਾਲਾ ਹੀ ਪਰਖ ਸਕਦਾ ਹੈ।

ਦੇਸ਼ ਵੰਡ ਤੋਂ ਮਗਰੋਂ ਭਾਰਤ ਦੀ ਰਾਜ ਸੱਤਾ ਹਿੰਦੂਆਂ ਦੇ ਹੱਥ ਆ ਗਈ। ਸਿੱਖਾਂ ਦਾ ਵਰਤਮਾਨ ਤਾਂ ਉਜੜਿਆਂ ਹੀ ਸੀ, ਭਵਿਖ ਭੀ ਪੂਰੀ ਤਰ੍ਹਾਂ ਅੰਧਕਾਰਮਈ ਸੀ। ਲੈ ਦੇ ਕੇ ਲਖਾਂ ਜਾਨਾਂ ਵਾਰਕੇ, ਅਰਬਾਂ ਦੀ ਜਾਇਦਾਦ ਤਬਾਹ ਕਰਵਾਕੇ, ਲੀਡਰਾਂ ਵਲੋਂ ਹਜਾਰਾਂ ਗਦਾਰੀਆਂ ਕਰਕੇ, ਵੱਟੇ ਵਿਚ ਕੀ ਮਿਲਿਆ ? ਸ੍ਰ. ਬਲਦੇਵ ਸਿੰਘ ਨਾਮੀ ਸਖਸ਼ ਨੂੰ ਕੇਂਦਰ

ਵਿਚ ਮੰਤਰੀ ਬਣਾ ਦਿੱਤਾ ਗਿਆ। ਮਾਸਟਰ ਤਾਰਾ ਸਿੰਘ ਨੂੰ ਦੁਨੀਆਂ ਭਰ ਦੇ ਸਿੱਖਾਂ ਵਲੋਂ ਲਾਹਣਤਾਂ ਪੈਣ ਲੱਗੀਆਂ। ਦਸੋ ਹਿੰਦੂਆਂ ਦੇ ਦੁੰਮਛਲੇ ਬਣਕੇ ਕੀ ਖੱਟਿਆ? ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ ਮਾਸਟਰ ਨੇ ਪ੍ਰਧਾਨ ਮੰਤਰੀ ਜਵਾਰ ਲਾਲ ਨਾਲ ਮੁਲਾਕਾਤ ਕਰਨ ਦਾ ਵਕਤ ਲੈ ਲਿਆ। ਮਿੱਥੀ ਤਰੀਕ ਤੇ ਦੋਵਾਂ ਦੀ ਮਿਲਣੀ ਹੋਈ। ਅੱਧੇ ਕੁ ਘੰਟੇ ਦੀ ਮੁਲਾਕਾਤ ਤੋਂ ਬਾਦ ਮਾਸਟਰ ਜੀ, ਦਫਤਰ ਵਿਚੋਂ ਬਾਹਰ ਆਕੇ ਵੇਟਿੰਗ ਰੂਮ ਵਿਚ ਕੁਰਸੀ ਤੇ ਬੈਠ ਗਏ। ਨਹਿਰੂ ਨੂੰ ਮਿਲਣ ਵਕਤ ਕਿਸੇ ਸਾਥੀ ਨੂੰ ਅੰਦਰ ਨਾਲ ਲੈਕੇ ਨਹੀਂ ਗਏ। ਬਾਹਰ ਆਕੇ ਸਿਰ ਫੜਕੇ ਬੈਠ ਗਏ, ਬੇਚੈਨੀ ਦਾ ਨਾਟਕ ਜਿਹਾ ਕੀਤਾ। ਅੰਦਰ ਜੋ ਸਾਰੀ ਗੁਪਤ ਵਾਰਤਾ ਹੋਈ, ਓਹ ਕਿਸੇ ਨੂੰ ਨਹੀਂ ਦੱਸੀ। ਨਹਿਰੂ ਵਲੋਂ ਕਹੇ ਗਏ (ਸ਼ਾਇਦ ?) ਦੋ ਸ਼ਬਦ ਕਹਿ ਸੁਣਾਏ - ''ਮਾਸਟਰ ਜੀ ! ਇਨ ਬਾਤੋਂ ਕੋ ਛੋੜੇ, ਅਬ ਵਕਤ ਬਦਲ ਗਿਆ ਹੈ।'' ਪ੍ਰਚਾਰ ਇਹ ਕੀਤਾ ਗਿਆ ਕਿ ਮਾਸਟਰ ਜੀ ਗਸ਼ ਖਾਕੇ ਡਿੱਗ ਪਏ। ਪਾਣੀ ਪਿਲਾਇਆ, ਮਸੀਂ ਹੋਸ਼ ਵਿਚ ਆਏ। ਪ੍ਰਧਾਨ ਮੰਤਰੀ ਦੇ ਦਫਤਰ ਵਿਚੋਂ ਇਹ ਕਹਿੰਦੇ ਬਾਹਰ ਆ ਗਏ - ''ਹਾਏ ਓਏ ਲੋਕੋ ਅਸੀਂ ਪੱਟੇ ਗਏ, ਸਾਡੇ ਨਾਲ ਧੋਖਾ ਹੋਇਆ ਹੈ।'' ਜਦੋਂ ਕਿ ਇਹ ਧੋਖਾ ਨਹੀਂ ਸੀ, ਪਹਿਲਾਂ ਤੋਂ ਤਿਆਰ ਕੀਤੀ ਗਈ ਸਾਜਿਸ ਸੀ। ਸਿੱਖਾਂ ਦੀ ਸਾਰੀ ਤਾਕਤ (ਵੀਟੋ ਪਾਵਰ) ਪਹਿਲਾਂ ਹੀ ਉਹਨਾਂ ਦੇ ਹਵਾਲੇ ਕਰ ਦਿੱਤੀ ਗਈ ਸੀ। ਫਿਰ ਹੁਣ ਇਹ ਮਗਰਮੱਛ ਦੇ ਅਥਰੂ ਕਿਉਂ ? ਮਾਸਟਰ ਉਸ ਵਕਤ ਨਹੀਂ ਰੋਇਆ ਬਲਕਿ ਸਾਰੀ ਸਿਖ ਕੌਮ ਰੋ ਰਹੀ ਹੈ, ਹੋਰ ਪਤਾ ਨਹੀਂ ਕਿੰਨੀ ਦੇਰ ਤਕ ....? ਬਣਾਵਟੀ ਜਿਹਾ ਮਾਣਤਾਣ ਦੇਣ ਲਈ ਗੋਰੀ ਸਰਕਾਰ ਵਲੋਂ ਆਜਾਦੀ ਬਖਸ਼ ਦੇਣ ਦੀ ਖੁਸ਼ੀ ਵਿਚ ਆਜਾਦ ਭਾਰਤ ਦਾ ਪਹਿਲਾ ਰਾਸਟਰਪਤੀ ਜਾਂ ਗਵਰਨਰ ਜਨਰਲ ਭੀ ਲਾਰਡਮੌਂਟ ਬੈਟਨ ਨੂੰ ਹੀ ਥਾਪ ਦਿੱਤਾ ਗਿਆ। ਦੇਸ ਦੇ ਪ੍ਰਧਾਨ ਮੰਤਰੀ ਸ੍ਰੀ ਨਹਿਰੂ ਨੂੰ ਮਿਲਕੇ ਮਾਸਟਰ ਜੀ ਨੇ ਸਿੱਖਾਂ ਲਈ ਕੁੱਝ ਖਾਸ ਲੈਣ ਦਾ ਖੇਖਣ ਕੀਤਾ। ਦਿੱਲੀ ਦੇ ਕਈ ਚੱਕਰ ਲਾਏ ਕਈ ''ਧਮਕੀਆਂ ਭਰੇ'' ਬਿਆਨ ਦਾਗੇ। ਸਾਡੇ ਨਾਲ ਕੀਤੇ ਵਾਹਦੇ ਪੂਰੇ ਕਰੋ ਵਰਨਾ..... ? ਨਹਿਰੂ ਜਾਣਦਾ ਸੀ ਕਿ ਇਹਨਾਂ ਤਿਲਾਂ ਵਿਚਲਾ ਤੇਲ ਕਦੇ ਦਾ ਖਤਮ ਹੋ ਚੁੱਕਿਆ ਹੈ। ਮਾਸਟਰ ਜੀ ਨੇ ਇਕ ਛਲਾਂਗ ਲਗਾਈ। ਸਿੱਖ ਕੌਮ ਨੂੰ ਗੁਮਰਾਹ ਕਰਨ ਵਾਸਤੇ, ਭਾਰਤ ਦੇ ਗਵਰਨਰ ਜਨਰਲ ਨੂੰ ਮਿਲਕੇ, ਮਾਸਟਰ ਜੀ ਨੇ ਸਿੱਖ ਕੌਮ ਦਾ ਗੁਆਚਿਆ ਵਕਾਰ ਬਹਾਲ ਕਰਾਉਣ ਲਈ, ਕੁਝ ਰਿਆਇਤਾਂ ਦੇਣ ਲਈ ਜਾ ਬੇਨਤੀ ਕੀਤੀ। ਅਖੇ, ''ਜੀ ਸਾਡੇ ਨਾਲ ਕਾਂਗਰਸ ਪਾਰਟੀ ਨੇ ਜੋ ਵਾਹਿਦੇ ਕੀਤੇ ਸਨ, ਉਹ ਪੂਰੇ ਕਰਨ ਤੋਂ ਇਨਕਾਰੀ ਹੈ।''

ਗਵਰਨਰ ਜਨਰਲ - ''ਮੈਂ ਤੁਹਾਨੂੰ ਉਸ ਵਕਤ ਚੇਤਾਵਨੀ ਦਿਤੀ ਸੀ ਕਿ ਆਪਣੀ

ਵੀਟੋ ਪਾਵਰ ਨਾ ਛੱਡੋ। ਤੁਸੀਂ ਮੇਰੀ ਗਲ ਅਣਸੁਣੀ ਕਰ ਦਿੱਤੀ। ਹੁਣ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਸਾਰੇ ਅਧਿਕਾਰ ਭਾਰਤ ਦੀ ਗੌਰਮਿੰਟ ਨੂੰ ਦੇ ਚੁੱਕਿਆ ਹਾਂ। ਹੁਣ ਮੇ ਰੇ ਕੋਲ ਕੋਈ ਅਧਿਕਾਰ ਨਹੀਂ ਹੈ। ਮੈਂ ਕੇਵਲ ਰਸਮੀ ਜਿਹਾ ਮੁਖੀ ਹਾਂ।''

ਮਾਸਟਰ ਜੀ- ''ਤੁਸੀਂ ਫਿਰ ਭੀ ਵੱਡੀ ਪੋਸਟ ਤੇ ਹੋ, ਵੱਡੀ ਪਹੁੰਚ ਰਖਦੇ ਹੋ, ਸਿੱਖਾਂ ਵਾਸਤੇ ਕੁੱਝ ਕਰੋ।''

ਗਵਰਨਰ ਜਨਰਲ - ''ਮੈਂ ਸਿਰਫ ਤੁਹਾਡੀ ਸਿਫਾਰਸ ਕਰ ਸਕਦਾ ਹਾਂ ਕਿ ਇਹਨਾਂ ਵਿਚਾਰਿਆਂ ਦੀ ਗੱਲ ਧਿਆਨ ਨਾਲ ਸੁਣ ਲਓ। ਜੇ ਕੁਝ ਦੇ ਸਕਦੇ ਹੋ ਤਾਂ ਦੇ ਦਿਓ, ਇਸ ਤੋਂ ਵਧ ਮੈਂ ਕੁਝ ਨਹੀਂ ਕਰ ਸਕਦਾ।'' ਭਲੇ ਲੋਕ ਗਵਰਨਰ ਜਨਰਲ ਨੇ ਸਿਫਾਰਸ਼ ਕੀਤੀ। ਸ੍ਰੀ ਨਹਿਰੂ ਨੇ ਨਜਰਅੰਦਾਜ ਕਰ ਦਿੱਤੀ। ਮਾਸਟਰ ਜੀ ਬਿੱਟ ਬਿੱਟ ਵੇਖਦੇ ਰਹਿ ਗਏ। ਇਸ ਤਰ੍ਹਾਂ ਬਹਾਦਰਾਂ ਦੀ ਸਿੱਖ ਕੌਮ ਨੂੰ ਪਿੰਜਰੇ ਵਿਚ ਪੁਆਕੇ, ਮਾਸਟਰ ਜੀ ਹੁਰੀ ਬਾਹਰ ਖਲੋਕੇ ਅਜੇ ਭੀ ਦਮਗਜੇ ਮਾਰ ਰਹੇ ਸਨ ''ਤੁਸੀਂ ਮੇਰਾ ਸਾਥ ਦਿਓ। ਆਪਾਂ ਮੋਰਚੇ ਲਾਵਾਂਗੇ ਜੇਹਲਾਂ ਭਰ ਦਿਆਂਗੇ, ਹੱਡ ਗੋਡੇ ਤੁੜਵਾਂਗੇ। ਸਿੱਖ ਕੌਮ ਦੇ ਹੱਕ ਲੈ ਕੇ ਰਹਾਂਗੇ.........।'' ਮੋਰਚੇ ਲਾ ਕੇ ਭੀ ਮਾਸਟਰ ਜੀ ਨੇ ਆਪਣਾ, ਅੰਦੋਲਨ ਫੇਲ੍ਹ ਕਰਵਾਇਆ। ਬੇਅੰਤ ਕੁੱਟ ਪੁਆ ਦਿੱਤੀ, ਮਿਲਿਆ ਧੇਲਾ ਭੀ ਨਾ। ਅਜਿਹੇ ''ਮਹਾਨ ਲੀਡਰਾਂ'' ਦੀ ਅੰਸ-ਬੰਸ ਭੀ ਵੱਡਿਆਂ ਦੀ ਖੱਟੀ ਕਮਾਈ ਖਾਂਦਿਆਂ ਰਾਜ ਸੁੱਖ ਭੋਗਦੀ ਹੈ। ਕੀ ਇਹ ਇਤਿਹਾਸ ਦੀ ਸਿਤਮ ਜਰੀਫੀ ਨਹੀਂ ਗਿਣੀ ਜਾਵੇਗੀ? ਸਿੱਖ ਕੌਮ ਅੱਗੋਂ ਕੋਈ ਸਬਕ ਲੈ ਸਕੇਗੀ? ''ਪੰਥ ਰਤਨ ਮਾਸਟਰ ਤਾਰਾ ਸਿੰਘ ਜੀ, ਪੰਥ ਰਤਨ ਸ੍ਰ: ਗੁਰਚਰਨ ਸਿੰਘ ਟੌਹੜਾ''। ਇਹ ''ਪੰਥ ਰਤਨ'' ਖਿਤਾਬ ਸਿੱਖ ਕੌਮ ਨੂੰ ਤਬਾਹ ਕਰਨ ਵਾਲਿਆਂ ਲਈ ਹੀ ਰਾਖਵੇਂ ਹਨ? ਮੌਜੂਦਾ ਸਮੇਂ ਤਾਂ ਪੰਥ ਰਤਨਾਂ ਦੀਆਂ ਹੇੜ੍ਹਾਂ ਹੀ ਦਨਦਨਾਂਦੀਆਂ ਫਿਰ ਰਹੀਆਂ ਹਨ। ਕਿੰਨੇ ਸਾਰੇ ''ਸੰਤ'' ਆਪਣੇ ਨਾਵਾਂ ਨਾਲ ਪੰਥ ਰਤਨ ਲਗਾ ਚੁੱਕੇ ਹਨ। ਪੰਥ ਰਤਨ ਨਾਮ ਵਾਲੇ ਸਨਮਾਨ ਨੂੰ ਭੀ ਰੋਲ ਕੇ ਰੱਖ ਦਿੱਤਾ ਕੌਮ ਦੇ ਗੱਦਾਰ ਟੋਲੇ ਨੇ।

**ਕਰੈ ਦੁਹਕਰਮ ਦਿਖਾਵੈ ਹੋਰੁ।। ਰਾਮ ਕੀ ਦਰਗਹ ਬਾਧਾ ਚੋਰੁ।।**

**ਅਨਿਕ ਪੜਦੇ ਮਹਿ ਕਮਾਵੈ ਵਿਕਾਰ।। ਖਿਨ ਮਹਿ ਪ੍ਰਗਟ ਹੋਹਿ ਸੰਸਾਰ।।**

(ਪੰਨਾ - 194)

**000**

# ਭਾਈ, ਸਿਰਦਾਰ, ਕਿ ਸੰਤ........?

ਅਸੂਲਣ ਤੌਰ ਤੇ ਇਸ ਵਿੱਚ ਦੋ ਰਾਵਾਂ ਨਹੀਂ ਹਨ ਕਿ **''ਬਾਣੀ ਗੁਰੂ ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ।। ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ** ।।(ਪੰਨਾ- 982) ਹਰ ਇੱਕ ਸੁਚੇਤ ਸੇਵਕ ਵਿਚਾਰ ਸਹਿਤ ਗੁਰਬਾਣੀ ਪੜੇ, ਉਸਨੂੰ ਸਮਝੇ ਤੇ ਉਸ ਅਨੁਸਾਰ ਆਪਣਾ ਜੀਵਨ ਢਾਲਣ ਦੀ ਕੋਸ਼ਿਸ਼ ਕਰੇ। ਜਿਵੇਂ ਆਮ ਸਮਾਜ ਵਿੱਚ ਕੁੱਝ ਬਿਮਾਰੀਆਂ ਫੈਲ ਜਾਂਦੀਆਂ ਹਨ। ਉਹਨਾਂ ਦੇ ਇਲਾਜ ਲਈ ਦਵਾਈਆਂ ਅਤੇ ਡਾਕਟਰ (ਚੰਗੇ ਜਾਂ ਬੁਰੇ) ਭੀ ਆਣ ਪੁੱਜਦੇ ਹਨ। ਬਹੁਤੀ ਵਾਰੀ ਅਜਿਹਾ ਭੀ ਵੇਖਣ ਵਿੱਚ ਆਇਆ ਹੈ, ਬਿਮਾਰੀ ਹੁੰਦੀ ਨਹੀਂ, ਪੈਦਾ ਕਰ ਦਿੱਤੀ ਜਾਂਦੀ ਹੈ। ਜਾਂ ਇਉਂ ਕਹਿ ਲਈਏ, ਬਿਮਾਰੀ ਦਾ ਭਰਮ ਪੈਦਾ ਕਰਕੇ, ਭੈ ਭੀਤ ਕੀਤਾ ਜਾਂਦਾ ਹੈ। ਡਰਿਆ ਮਨੁੱਖ ਹੀ ਡਾਕਟਰ ਤੋਂ ਛਿੱਲ ਲੁਹਾਏਗਾ। ਸਿੱਖਾਂ ਵਿੱਚ ਗੁਰਬਾਣੀ ਪੜ੍ਹਨ ਵਿਚਾਰਨ ਤੋਂ ਅਵੇਸਲਾਪਣ ਹੈ। ਇਹ ਨਿਰਾਸ਼ਤਾ ਆਈ ਕਿਉਂ? ਇਸ ਦੇ ਜ਼ਿੰਮੇਵਾਰ ਸਿੱਖਾਂ ਦੇ ਧਰਮ ਮੁਖੀ ਹਨ। ਜਿਨ੍ਹਾਂ ਨੇ ਪੰਥ ਦੀ ਨਿੱਘਰ ਰਹੀ ਹਾਲਤ ਵੱਲ ਕਦੀ ਅੱਖ ਪੁੱਟ ਕੇ ਨਹੀਂ ਵੇਖਿਆ। ਇਸੇ ਗਫਲਤ ਕਾਰਨ ਹੋਰ ਕਈ ਬਿਮਾਰੀਆਂ ਪੈਦਾ ਹੋ ਗਈਆਂ ਇਹਨਾਂ ਵਿੱਚੋਂ ਇੱਕ ਬਿਮਾਰੀ ਹੈ **''ਸਾਧ, ਸੰਤ, ਬ੍ਰਹਮਗਿਆਨੀ'' ਅਖਵਾਉਣ ਵਾਲੇ ਲੁਟੇਰੇ ਟੋਲੇ। ਇਹ ਲੋਕ ਧੋਖੇਬਾਜ਼ੀਆਂ, ਬੇ ਈਮਾਂਨੀਆਂ ਤਾਂ ਖੂਬ ਕਰਦੇ ਹਨ, ਪਰ ਉਂਝ ਹੁੰਦੇ ਨੇ ਕਾਇਰ ਬਿਰਤੀ ਵਾਲੇ ਤੇ ਪੂਰੇ ਹੱਡ ਹਰਾਮ, ਵਿਹਲੜ।**

ਗੁਰੂ ਨਾਨਕ ਸਾਹਿਬ ਜੀ ਨੇ ਸਮਾਜੀ ਵਖਰੇਵਾਂ ਖਤਮ ਕਰਨ ਲਈ ਅਨੇਕਾਂ ਹੋਰ ਢੰਗ ਤਰੀਕੇ ਵਰਤੇ, ਉਥੇ ਇੱਕ ਅਤੀ ਮਹੱਤਵਪੂਰਨ ਸ਼ਬਦ ਪ੍ਰਚਲਤ ਕੀਤਾ ਸੀ **''ਭਾਈ''।** ਉਮਰ ਭਰ ਸਾਥ ਮਾਨਣ ਵਾਲੇ ਗੁਰੂ ਨਾਨਕ ਸਾਹਿਬ ਜੀ ਦੇ ਨਜ਼ਰੇ ਕਰਮ, ਮਰਦਾਨਾਂ ਜੀ ਸਨ **''ਭਾਈ''**। ਜਾਤੀ ਜਾਂ ਸਮਾਜੀ ਬੰਧਨ ਤੋੜ ਕੇ, ਧਾਰਮਕ ਰੋਕਾਂ ਉਲੰਘ ਕੇ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੇ **''ਭਰਾ''** ਸਨ। ਭਾਈ ਦਾ ਏਹੋ ਮਤਲਬ ਹੈ। ਉਸ ਸਮੇਂ ਦੇ ਹੋਰ ਬਹੁਤ ਸਾਰੇ ਸੇਵਕ ਸਿੱਖਾਂ ਦਾ ਨਾਮ, ਇਤਿਹਾਸ ਵਿੱਚੋਂ ਮਿਲ ਜਾਂਦਾ ਹੈ। ਜੋ ਸਾਰੇ ਹੀ ਭਾਈ ਲਕਬ ਨਾਲ ਸਤਿਕਾਰੇ ਜਾਂਦੇ ਸਨ। ਭਾਈ ਲਾਲੋ, ਭਾਈ ਸਨਮੁੱਖ, ਭਾਈ ਜੈ ਰਾਮ ਤੇ ਭਾਈ ਲਹਿਣਾ ਜੀ, ਜੋ ਬਾਅਦ ਵਿੱਚ ਗੁਰੂ ਪਦਵੀ ਨੂੰ ਪੁੱਜੇ। ਗੁਰੂ ਅਮਰਦਾਸ ਜੀ ਵਡੇਰੀ ਉਮਰ ਵਿੱਚ ਗੁਰੂ ਦੀ ਸੇਵਾ ਲਈ ਹਾਜਰ ਹੋਏ ਸਨ। ਇਸ ਲਈ ਸਾਰੇ ਉਹਨਾਂ ਨੂੰ ''ਬਾਬਾ ਜੀ'' ਜਾਂ ਬਾਬਾ ਅਮਰਦਾਸ ਜੀ ਆਖਣ ਲੱਗ ਪਏ। ਚੌਥੇ ਗੁਰੂ ਰਾਮਦਾਸ ਜੀ ਪਹਿਲਾਂ **''ਭਾਈ''** ਜੇਠਾ ਜੀ ਸਨ। ਇਹ ਉੱਤਮ ਰਵਾਇਤ ਇਸੇ ਤਰ੍ਹਾਂ ਅੱਗੇ

ਪ੍ਰਵਾਹਿਤ ਹੁੰਦੀ ਰਹੀ। ਗੁਰਦਾਸ ਜੀ ਭਾਈ, ਬਿਧੀ ਚੰਦ ਭਾਈ, ਪਿਰਾਣਾ ਤੇ ਪਿਰਾਗਾ ਭਾਈ। ਮਤੀ ਦਾਸ ਸਤੀ ਦਾਸ ਭਾਈ, ਮਨੀ ਸਿੰਘ ਭਾਈ। ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਤੇ ਸਾਹਿਬ ਸਿੰਘ ਜੀ, ਪੰਜੇ ਪਿਆਰੇ **''ਭਾਈ''** ਲਕਬ ਨਾਲ ਯਾਦ ਕੀਤੇ ਜਾਂਦੇ ਹਨ।

ਭਾਈ ਆਖਣ ਨਾਲ ਮਾਂ ਜਾਏ ਭਰਾ ਵਰਗਾ ਨਿੱਘਾ ਅਹਿਸਾਸ ਹੁੰਦਾ ਹੈ। ਵਿੱਥਾਂ ਦੂਰੀਆਂ ਖਤਮ ਹੁੰਦੀਆਂ ਨੇ, ਬ੍ਰਾਬਰਤਾ ਵਾਲਾ ਪਿਆਰ ਡਲਕਾਂ ਮਾਰਦਾ ਹੈ। ਗੁਰੂ ਕਾਲ ਵਿੱਚ ਸਾਰੇ ਸਿੱਖ **''ਭਾਈ ਭਾਈ''** ਬਣੇ ਰਹੇ। ਔਰਤਾਂ ਨੂੰ ਮਾਈਆਂ ਆਖ ਕੇ ਸਤਿਕਾਰ ਦਿੱਤਾ ਜਾਂਦਾ ਸੀ। ਦੋਵਾਂ ਧਿਰਾਂ ਲਈ ਸਾਂਝਾ ਉਚਾਰਣ ਅੱਜ ਭੀ ਪ੍ਰਚਲਤ ਹੈ, **''ਮਾਈ, ਭਾਈ''।** ਮਿਸਲਾਂ ਦੇ ਸਮੇਂ ਵਿੱਚ ਭੀ ਕੋਈ ਸਿੱਖ ਵਖਰੇਵੇਂ ਵਾਲਾ ਲਕਬ ਆਪਣੇ ਨਾਮ ਨਾਲ ਨਹੀਂ ਜੋੜ ਸਕਿਆ। ਸਿੱਖ ਪੰਥ ਦੇ ਅਤੀ ਸਤਿਕਾਰੇ ਸੂਰਮੇ, ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ, ਕਪੂਰ ਸਿੰਘ ਆਦਿ ਦੇ ਨਾਵਾਂ ਨਾਲ ਭੀ ਪੁਰਾਤਨ ਲਿਖਤਾਂ ਵਿੱਚ ਭਾਈ ਸ਼ਬਦ ਹੀ ਵਰਤਿਆ ਗਿਆ ਹੈ। ਨਵਾਬ ਜਾਂ ਸਰਦਾਰ ਤਾਂ ਬਹੁਤ ਬਾਅਦ ਦੇ ਸ਼ਬਦ ਹਨ। ਰਣਜੀਤ ਸਿੰਘ ਨੇ ਸਾਰੀ ਉਮਰ ਤਾਜ ਜਾਂ ਕਲਗੀ ਨਹੀਂ ਲਾਈ। ਤਖਤ ਲਾ ਕੇ ਨਹੀਂ ਬੈਠਿਆ। ਉਪਰ ਲਈ ਨਜਾਮ ਹੈਦਰਾਬਾਦ ਨੇ ਬਹੁਤ ਕੀਮਤੀ ਚਾਨਣੀ ਭੇਜੀ ਸੀ। ਵੇਖਦਿਆਂ ਹੀ ਰਣਜੀਤ ਸਿੰਘ ਨੇ ਉਹ ਚਾਨਣੀ, ਦਰਬਾਰ ਸਾਹਬਿ ਅੰਮ੍ਰਿਤਸਰ ਅਰਪਣ ਕਰ ਦਿੱਤੀ। ਖੁਦ ਤਾਣ ਕੇ ਹੇਠਾਂ ਨਾ ਬੈਠਾ। ਇਹ ਮਹਾਰਾਜਾ ਵਾਲੀ ਲਿਖਤ ਤਾਂ ਅੰਗ੍ਰੇਜ਼ਾਂ ਦੀਆਂ ਲਿਖਤਾਂ ਵਿੱਚੋਂ ਆਈ ਹੈ। ਕਿਉਂਕਿ ਅੰਗ੍ਰੇਜ਼ ਲੋਕ, ਜੇ ਰਣਜੀਤ ਸਿੰਘ ਨੂੰ ਇੱਕ ਸਿੱਖ ਰੂਪ ਵਿੱਚ ਪੇਸ਼ ਕਰਦੇ, ਤਦੋਂ ਇੱਕ ਤਾਂ ਆਮ ਸਿੱਖ ਦੀ ਉਸ ਨਾਲ ਦਿਲੀ ਹਮਦਰਦੀ ਵਧ ਜਾਣੀ ਸੀ। ਦੂਜਾ ਗੋਰਿਆਂ ਨੇ ਇੱਕ ਸ਼ਕਤੀਸ਼ਾਲੀ ਮਹਾਰਾਜੇ ਤੋਂ ਬੇਅੰਤ ਤਾਕਤ ਵਰਤ ਕੇ ਖੂਨ ਡੋਲ੍ਹਵੀਂ ਜੰਗ ਤੋਂ ਬਾਅਦ ਰਾਜ ਖੋਹਿਆ ਸੀ। ਇਸ ਤਰ੍ਹਾਂ ਲਿਖਣ ਨਾਲ ਅੰਗ੍ਰੇਜ਼ਾਂ ਦੀ ਆਪਣੀ ਤਾਕਤ ਵਧਵੀਂ ਪ੍ਰਗਟ ਹੁੰਦੀ ਸੀ। ਇੱਕ ਸਿੰਖ ਤੋਂ ਰਾਜ ਖੋਹਿਆ ਤਾਂ ਕਾਹਦਾ ਖੋਹਿਆ? ਇੱਕ ਬਾਦਸ਼ਾਹ ਦਾ ਰਾਜ ਖੋਹੇ ਜਾਣ ਨਾਲ ਹੀ ਉਹਨਾਂ ਦੀ ਸ਼ਾਨ ਬਣਦੀ ਸੀ।

ਆਧੁਨਿਕ ਜ਼ਮਾਨੇ ਵਿਚਲੇ ਸਿਰ ਕੱਢਵੇਂ ਗੁਰਸਿੱਖਾਂ ਦੇ ਨਾਮ ਨਾਲ, ਭਾਈ ਸ਼ਬਦ ਹੀ ਲਿਖਿਆ ਬੋਲਿਆ ਜਾਂਦਾ ਸੀ। ਮਿਸਾਲ ਲਈ ਭਾਈ ਵੀਰ ਸਿੰਘ, ਭਾਈ ਕਾਹਨ ਸਿੰਘ, ਭਾਈ ਜੋਧ ਸਿੰਘ ਭਾਈ ਹੀਰਾ ਸਿੰਘ ਰਾਗੀ ਆਦਿ। ਸ਼੍ਰੋਮਣੀ ਕਮੇਟੀ ਨੇਂ ਕੁਝ ਗੁਰਸਿੱਖਾਂ ਨੂੰ ਉਹਨਾਂ ਦੀ ਪੰਥਕ ਸੇਵਾ ਦੀ ਕਦਰ ਕਰਦਿਆਂ ਜੋ ਖਿਤਾਬ ਅਕਾਲ ਤਖਤ ਸਾਹਿਬ ਤੋਂ ਦਿੱਤੇ ਸਨ, ਉਹਨਾਂ ਵਿੱਚ ''ਭਾਈ'' ਦਾ ਹੀ ਖਿਤਾਬ ਸੀ। ਜਿਵੇਂ ਸ੍ਰ: ਕਪੂਰ ਸਿੰਘ ਨੂੰ ''ਭਾਂਈ'' ਦਾ ਖਿਤਾਬ (13-10-73) ਦੇ ਕੇ ਮਾਣ ਦਿੱਤਾ ਗਿਆ ਸੀ। ਪ੍ਰਿੰਸੀਪਲ ਹਰਭਜਨ ਸਿੰਘ ਚੰਡੀਗੜ੍ਹ ਵਾਲਿਆਂ ਨੂੰ ਭੀ ''ਭਾਈ'' ਦੀ ਉਪਾਧੀ ਅਕਾਲ ਤਖਤ ਵੱਲੋਂ ਦਿੱਤੀ ਗਈ ਸੀ। ਗ੍ਰੰਥੀ ਸਿੰਘ ਕਥਾਵਾਚਕ ਰਾਗੀ ਤੇ ਢਾਡੀਆਂ ਦੇ ਨਾਂਵਾਂ ਨਾਲ ਅੱਜ ਤਾਈਂ ''ਭਾਈ'' ਸ਼ਬਦ ਲਿਖਿਆ ਬੋਲਿਆ ਜਾਂਦਾ ਹੈ। ਹਾਂ ਪ੍ਰਬੰਧਕ ''ਭਾਈ''

ਅਖਵਾਉਣਾ ਕਦੀ ਪਸੰਦ ਨਹੀਂ ਕਰਦੇ। ਉਹ ਮਾਲਕ ਹਨ, ਰਾਗੀ ਗ੍ਰੰਥੀ ਨੌਕਰ ਹਨ। ਮਾਲਕ ਆਪਣੇ ''ਨੌਕਰਾਂ'' ਦੇ ਬ੍ਰਾਬਰ ਕਿਵੇਂ ਹੋ ਸਕਦਾ ਹੈ? ਜਿਵੇਂ ਕਬੀਲਿਆਂ ਦੇ ਸਰਦਾਰ, ਇਲਾਕਿਆਂ ਦੇ ਸਰਦਾਰ ਹੋਇਆ ਕਰਦੇ ਸਨ। ਅੱਜ ਇਹ ਪ੍ਰਧਾਨ ਸਕੱਤਰ ਆਦਿਕ ਗੁਰਦੁਆਰੇ ਦੇ ''ਸਰਦਾਰ'' ਤਾਂ ਹੈਗੇ ਈ। ਜਦੋਂ ਮਿਸਲਾਂ ਦੇ ਅਖੀਰ ਜਿਹੇ ਸਮੇਂ ਸਿੱਖਾਂ ਨੇ ਇਲਾਕੇ ਮੱਲ ਕੇ, ਆਪਣੀਆਂ ਛੋਟੀਆਂ ਛੋਟੀਆਂ ਰਿਆਸਤਾਂ ਕਾਇਮ ਕਰ ਲਈਆਂ, ਉਸ ਵਕਤ ਮੋਹਰੀ ਸਿੱਖਾਂ ਨੇ ਬਾਕੀਆਂ ਨਾਲੋਂ ਵੱਡਾ ਰੁਤਬਾ ਧਾਰਨ ਕਰਨ ਦਾ ਵੱਖਰਾ ਰਾਹ ਅਖਤਿਆਰ ਕਰਦਿਆਂ, **''ਸਰਦਾਰ''** ਅਖਵਾਉਣਾ ਸ਼ੁਰੂ ਕਰ ਦਿੱਤਾ। ਸਿੱਖਾਂ ਵਿੱਚੋਂ ਬ੍ਰਾਬਰਤਾ ਵਾਲੀ ਭਾਵਨਾ ਖਤਮ ਹੋਣੀ ਸ਼ੁਰੂ ਹੋ ਗਈ। ਮਾਲਕ ਤੇ ਨੌਕਰ ਵਾਲਾ ਵੱਡਾ ਛੋਟਾ, ਉਚ ਨੀਚ ਵਾਲਾ ਘਿਨਾਉਣਾ ਰੂਪ ਆ ਪ੍ਰਗਟ ਹੋਇਆ।

ਇਸ ਤੋਂ ਅਗਲਾ ਬਰਬਾਦੀ ਵਾਲੇ ਰਾਹ ਤੋਰਨ ਵਾਲਾ ਕਦਮ ਸੀ ਆਪਣੇ ਨਾਮ ਨਾਲ ਅੱਗੇ ਜਾਂ ਪਿੱਛੇ, **''ਸੰਤ, ਬ੍ਰਹਮ ਗਿਆਨੀ''** ਆਦਿ ਦੀ ਉਪਾਧੀ ਲਾਉਣੀ। ਭਾਈ ਵਰਗੇ ਪਵਿੱਤਰ ਭਾਵਨਾਵਾਂ ਪੈਦਾ ਕਰਨ ਵਾਲੇ ਸ਼ਬਦਾ ਦਾ ਤਿਆਗ ਕਰਨਾ। ਜਦੋਂ ਇਹ ਮਨਮੁਖ, ਸਿੱਖ ਅਤੇ ਭਾਈ ਲਕਬ ਤੋਂ ਮੂੰਹ ਮੋੜ ਗਿਆ, ਫਿਰ ਸਿੱਖੀ ਦੀਆਂ ਬਾਕੀ ਪ੍ਰੰਪਰਾਵਾਂ ਕਿਉਂ ਨਿਭਾਏਗਾ? ਇਸ ਕੁਰਾਹੇ ਪਏ ਵਿਅਕਤੀ ਨੇ ਗੁਰਸਿੱਖਾਂ ਨਾਲ ''ਫਤਿਹ'' ਦੀ ਸਾਂਝ ਖਤਮ ਕਰ ਦਿੱਤੀ। ਕਿਉਂਕਿ ਇਹ ਹੁਣ ''ਆਮ'' ਸਿੱਖ ਨਹੀਂ ਰਿਹਾ ਸੀ, ਸਿੱਖਾਂ ਨਾਲੋਂ ਕਈ ਦਰਜੇ ਉਚਾ ''ਸੰਤ ਮਹਾਂਪੁਰਖ'' ਬਣ ਗਿਆ ਸੀ। ਅਜਿਹੀ ਅਵਸਥਾ ਧਾਰਨ ਦਾ ਸਿੱਧਾ ਅਰਥ ਸੀ ਆਪਣੀ ਨਿੱਜੀ ਪੂਜਾ। ਸੇਵਕਾਂ ਤੋਂ ਸੇਵਾ ਕਰਾਉਣੀ ''ਚਰਨ'' ਪੁਜਾਉਣੇ। ''ਭਗਤੀ ਤਪੱਸਿਆ ਚਲੀਹੇ'' ਕੱਟਣੇ, ਤੇ ''ਨਾਮ ਸਿਮਰਨ'' ਵਰਗੀਆਂ ਗੁਰਮਤ ਵਿਰੋਧੀ ਕਾਰਵਾਈਆਂ ਦਾ ਅਲੰਬਰਦਾਰ ਹੋਣ ਦਾ ਚੇਲਿਆਂ ਵੱਲੋਂ ਪ੍ਰਚਾਰ ਕਰਾਉਣਾ। ਖੁਦ ਉਚੇ ਥਾਂ ਆਸਣ ਜਮਾਉਣਾ, ''ਸਿੱਖਾਂ ਸੇਵਕਾਂ'' ਨੂੰ ਨੀਵੇਂ ਥਾਂ ਬਿਠਾਉਣਾਂ। ਇਸ ਮੁਫਤਖੋਰੇ ਮੱਠਾਧੀਸ ਤੇ ਆਪੂੰ ਬਣੇ ਸੰਤ ਨੇ, ਅਸਿੱਧੇ ਰੂਪ ਵਿੱਚ ਗੁਰੂ ਹੋਣ ਦਾ ਐਲਾਨ ਕਰ ਦਿੱਤਾ। **ਜੇ ਤਾਂ ਇਹ ਮਨੁੱਖ ਸਿੱਖ ਹੈ ਤਾਂ ''ਸੰਤ'' ਨਹੀਂ ਹੋ ਸਕਦਾ। ਜੇ ਸੰਤ ਹੈ ਤਾ ਸਿੱਖੀ ਤੋਂ ਗਿਆ।** ਇਸ ਨੂੰ ਦੋ ਦੋ ਰੁਤਬਿਆਂ ਤੇ ਭੀ ਸਬਰ ਨਾ ਆਇਆ, ਸਗੋਂ ਸ੍ਰੀ ਮਾਨ, ਸੰਤ, ਬ੍ਰਹਮਗਿਆਨੀ 108, ਵਿਦਿਆ ਮਾਰਤੰਡ (ਸੂਰਜ) ਆਦਿ ਤੱਕ, ਅਣਗਿਣਤ ਡਿਗਰੀਆਂ ਆਪਣੇ ਨਾਵਾਂ ਦੇ ਅੱਗੇ ਪਿੱਛੇ ਲਾ ਲਈਆਂ। ਭਿੰਡਰਾਂ ਵਾਲੇ ਗਿਆਂਨੀ ਗੁਰਬਚਨ ਸਿੰਘ ਨੇ ਆਪਣੇ ਨਾਮ ਨਾਲ ਤਾਂ ਜੋ ਵਿਸ਼ੇਸ਼ਣ ਲਾਏ ਹੀ ਸਨ। ਆਪਣੇ ਤੋਂ ਪਹਿਲੇ ਡੇਰਾ ਮੁਖੀ ਗਿਆਨੀ ਸੁੰਦਰ ਸਿੰਘ ਦੀ ਤਾਰੀਫ ਕਰਨ ਦੇ ਸਾਰੇ ਰਿਕਾਰਡ ਹੀ ਤੋੜ ਦਿੱਤੇ ਹਨ। ਇਤਨੇ ਵਿਸ਼ੇਸ਼ਣ ਤਾਂ ਅੱਜ ਤੱਕ ਕਿਸੇ ਗੁਰੂ ਵਿਅਕਤੀ ਦੇ ਨਾਮ ਨਾਲ ਭੀ ਨਹੀਂ ਲਾਏ ਗਏ। ਇਹ ਲੋਕ ਹੁਣ ਸਿੱਖ ਨਹੀਂ ਰਹੇ, ਮਹਾਨ ਪਰਉਪਕਾਰੀ ਗੁਰੂ ਭੀ ਇਹਨਾਂ ਨੇ ਮਾਮੂਲੀ (ਸਤਿਗੁਰੂ ਜੀ ਮੁਆਫ ਕਰਨਾ, ਤੁਹਾਡੇ ਸੇਵਕਾਂ ਦੀਆਂ ਲਿਖਤਾਂ ਦਾ ਜ਼ਿਕਰ ਕਰ ਰਿਹਾ ਹਾਂ) ਜਿਹਾ ਸੇਵਕ ਬਣਾ ਧਰਿਆ ਹੈ। ਲਓ ਜੀ ! ਗਿਆਂਨੀ ਸੁੰਦਰ ਸਿੰਘ ਦੇ ਖਾਸ ਨਾਮ

ਪੜ੍ਹੋ :- **ਮੁਰਾਰੇ, ਸ੍ਰੀ ਸੰਤ, ਦੀਨ ਦਿਆਲ, ਗੋਸਾਈਂ, ਸੁਆਮੀ, ਅੰਤਰਜਾਮੀ, ਹਰਿਸੰਤ, ਸੰਤ ਅਗਾਧ ਅਪਾਰ, ਸੰਤ ਸਿਰਤਾਜ, ਅਕਾਲ ਰੂਪ, ਪ੍ਰਭੂ, ਨਾਥ, ਸਾਈਂ, ਹਰਿ ਜੀ, ਮਰਿਆਦਾ ਪ੍ਰਸ਼ੋਤਮ, ਆਦਿ। ਪੁਸਤਕ ਗੁਰਮੁਖ ਪ੍ਰਕਾਸ਼ ਦੇ ਪੰਨੇ – 346, 355, 378, 398, 435, 436, 442, 411, 433, 453, 459, 496, 501, 519, 520, 540, 583, 593, । ਛਾਪਕ- ਮਹਿਤੇ ਚੌਕ ਵਾਲੀ ਟਕਸਾਲ।**

ਹੁਣ ਅੱਗੇ ਇਹ ਸਮਝ ਲਈਏ ਕਿ ਸੰਤ ਸ਼ਬਦ ਕਿਨ੍ਹਾਂ ਅਰਥਾਂ ਵਿੱਚ ਆਇਆ ਹੈ? ਆਹ ਜੋ ਕਾਮੀ, ਕ੍ਰੋਧੀ, ਲਾਲਚੀ, ਮਾਇਆ ਵੇਹੜੇ ਕਰੋੜਾਂ ਦੇ ਮਾਲਕ, ਨੰਗੀਆਂ ਲੱਤਾਂ, ਲੰਮੇ ਝੁੱਗੇ ਕੁਇੰਟਲ ਤੋਂ ਵੱਧ ਦੀਆਂ ਥੁੱਲ ਥੁੱਲ ਕਰਦੀਆਂ ਗੋਗੜਾਂ ਵਾਲੇ ਲੋਕਾਂ ਦੀਆਂ ਧਾੜਾਂ ਸਿੱਖੀ ਦਾ ਜਲੂਸ ਕੱਢਦੀਆਂ ਘੁੰਮ ਰਹੀਆਂ ਹਨ। ਕੀ ਇਹਨਾਂ ਨੂੰ ਸਤਿਗੁਰੂ ਜੀ ਨੇ ਸੰਤ ਆਖਕੇ ਸਨਮਾਨ ਦਿੱਤਾ ਹੈ? ਹਿੰਦੂ ਸਮਾਜ ਵਿੱਚ ਅਜਿਹੇ ਵਿਹਲੜ ਸਾਧ ਪਹਿਲੇ ਸਮੇਂ ਵਿੱਚ ਭੀ ਅਣਗਿਣਤ ਸਨ। ਅੱਜ ਭੀ ਕੋਈ ਕਮੀ ਨਹੀਂ ਆਈ। ਸਿੱਖਾਂ ਵਿੱਚ ਅਜਿਹੇ ਲੁਟੇਰੇ ਤੇ ਮੁਫਤਖੋਰਿਆਂ ਦੀ ਸਤਿਗੁਰੂ ਜੀ ਨੇ ਕਿਧਰੇ ਵਡਿਆਈ ਨਹੀਂ ਕੀਤੀ। ਇੱਥੇ ਤਾਂ ਕੇਵਲ ਸਿੱਖ, ਸਿੰਘ ਜਾਂ ਖਾਲਸੇ ਬਣਾਇਆ ਹੈ, ਸਾਧ ਨਹੀਂ। ਜਿਨ੍ਹਾਂ ਸ਼ਬਦਾਂ ਦੀ ਕੁਵਰਤੋਂ ਕਰਦਿਆਂ ਇਹ ਲੋਕ ਆਪਣੇ ਨਾਮ ਨਾਲ ਜੋੜਦੇ ਹਨ, ਜ਼ਰਾ ਸਮਝ ਲਈਏ।

**ਸੰਤ ਕੀ ਨਿੰਦਾ ਨਾਨਕਾ, ਬਹੁਰਿ ਬਹੁਰਿ ਅਵਤਾਰ।। (ਸੁਖਮਨੀ)**

ਹੇ ਭਾਈ ! ਜੋ ਵਿਅਕਤੀ ਸੰਤ (ਗੁਰੂ) ਦੀ ਸ਼ਰਣ ਆਵੇਗਾ, ਉਸਦਾ ਵਿਕਾਰਾਂ ਵੱਲੋਂ ਨਿਸਤਾਰਾ ਹੋ ਜਾਵੇਗਾ। ਜੋ ਗੁਰੂ ਦੀ ਨਿੰਦਾ ਕਰੇਗਾ ਉਹ ਵਿਕਾਰਾਂ ਵਿੱਚ ਗਰਕ ਹੋਣ ਤੋਂ ਬਚ ਨਹੀਂ ਸਕੇਗਾ। ਅੱਗੋਂ ਸੱਤ ਪਉੜੀਆਂ ਇਸੇ ਭਾਵ ਨੂੰ ਸਪਸ਼ਟ ਕਰਦੀਆਂ ਲਿਖੀਆਂ ਹੋਈਆਂ ਹਨ। ਜਿਵੇਂ :-

ਸੰਤ (ਗੁਰੂ) ਕੈ ਦੂਖਨਿ ਆਰਜਾ ਘਟੈ।। ਸੰਤ (ਗੁਰੂ) ਕੈ ਦੂਖਨਿ ਜਮ ਤੇ ਨਹੀ ਛੁਟੈ।।

ਅਜਿਹਾ ਕੋਈ ਸੰਤ ਨਹੀਂ ਜੋ ਇੰਨੇ ਗੁਣਾਂ ਦਾ ਖਜ਼ਾਨਾ ਹੋਵੇ, ਇਹ ਗੁਣ ਕੇਵਲ ਸਤਿਗੁਰੂ ਵਿੱਚ ਜਾਂ ਅਕਾਲ ਪੁਰਖ ਵਿੱਚ ਹਨ।

**ਸੰਤ ਕਾ ਨਿੰਦਕ ਮਹਾ ਹਤਿਆਰਾ।। ਸੰਤ ਕਾ ਨਿੰਦਕ ਪਰਮੇਸੁਰਿ ਮਾਰਾ।।**

**ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ।। ਨਾਨਕ ਸੰਤ ਭਾਵੈ ਤਾ ਲਏ ਉਬਾਰਿ।।** (ਸੁਖਮਨੀ)

**ਅਜਿਹਾ ਕੋਈ ਸੰਤ ਨਹੀਂ ਜੋ ਮਨੁੱਖ ਨੂੰ ਔਗੁਣਾਂ ਵੱਲੋਂ ਮੋੜ ਕੇ ਗੁਣਵਾਨ ਬਣਾ ਦੇਵੇ। ਇਹ ਸਾਰੇ ਉੱਤਮ ਗੁਣ ਤਾਂ ਕੇਵਲ ਤੇ ਕੇਵਲ ਗੁਰੂ ਵਿੱਚ ਹਨ। ਪ੍ਰਤੱਖ ਨੂੰ ਪਰਮਾਣ ਦੀ ਲੋੜ ਨਹੀਂ, ''ਸੰਤਾਂ ਦੇ ਸੇਵਕ'' ਅਣਪੜ੍ਹ ਲਾਈਲੱਗ, ਭਰਮ ਗ੍ਰਸੇ, ਅਕਲੋਂ ਸੱਖਣੇ, ਗੁਰਬਾਣੀ ਦੀ ਸਮਝ ਤੋਂ ਕੋਰੇ, ਸੰਸਾਰੀ ਗਿਆਨ ਵੱਲੋਂ ਖਾਲੀ, ਬਹਾਦਰੀ ਵੱਲੋਂ ਬੁਜ਼ਦਿਲ ਹੋਇਆ ਕਰਦੇ ਹਨ। ਕੇਵਲ ''ਕਾਰ ਸੇਵਕ''। ਗੁਰੂ ਦੇ ਸਿੱਖ ਗੁਣਾਂ ਨਾਲ ਭਰਪੂਰ, ਪਰਉਪਕਾਰੀ, ਯੋਧੇ ਹੋਇਆ ਕਰਦੇ**

**ਹਨ। ਪਿਛਲੇ ਲੰਮੇ ਸਮੇਂ ਤੱਕ ਜੰਗ ਹੁੰਦੇ ਰਹੇ। ਸਿੱਖ ਸੂਰਮੇ ਤੇਗਾਂ ਵਾਹੁੰਦੇ ਰਹੇ, ਦੁਸ਼ਮਣਾਂ ਦੇ ਆਹੂ ਲਾਹੁੰਦੇ ਰਹੇ। ਚਰਖੜੀਆਂ ਤੇ ਚੜ੍ਹਦੇ ਰਹੇ। ਫਾਂਸੀ ਦੇ ਰੱਸੇ ਚੁੰਮਦੇ ਰਹੇ, ਜੇਹਲਾਂ ਵਿੱਚ ਤਸੀਹੇ ਝੱਲਦੇ ਰਹੇ। ਪਰ ਸਾਰੇ ਸਾਧ ਸੰਤ ਦੁੱਧ ਪੀਣੇ ਮਜਨੂੰ ਬਣੇ, ਭੋਰਿਆਂ ਵਿੱਚ ਬੈਠ ਕੇ ''ਭਗਤੀ'' ਕਰਦੇ ਰਹੇ, ਮੰਤਰ ਪੜ੍ਹਦੇ ਰਹੇ। ਪਿਸਤੇ ਬਦਾਮਾਂ ਵਾਲਾ ਦੁੱਧ ਛਕਦੇ ਰਹੇ। ਬੀਬੀਆਂ ਤੋਂ ਮਾਲਸ਼ਾਂ ਕਰਾਉਂਦੇ ਰਹੇ। ਰੇਸ਼ਮੀ ਗੱਦਿਆਂ ਤੇ ਲੰਮੇ ਪੈ ਕੇ, ਘੁਰਾੜੇ ਮਾਰਦੇ ਰਹੇ। ਸਾਧਾਂ ਦੇ ਸੇਵਕਾਂ ਨੇ ਹੋਰ ਬੜੇ ਚੰਦ ਚਾੜ੍ਹੇ ਹਨ, ਪਰ ਬਹਾਦਰੀ ਵਾਲਾ ਕਾਰਜ ਕਦੇ ਭੁੱਲਕੇ ਭੀ ਨਹੀਂ ਕੀਤਾ। ਡੇਰਿਆਂ ਦੇ ਕਾਰ ਸੇਵਕਾਂ ਨੇ ਤਾਂ ਕਾਇਰਾਂ ਵਾਲੀ ਜ਼ਿੰਦਗੀ ਗੁਜ਼ਾਰਨੀ ਹੀ ਸੀ, ਇਹਨਾਂ ਦੇ ਸਾਰੇ 'ਮਹਾਪੁਰਖਾਂ'' ਵਿੱਚੋਂ ਕੋਈ ਇੱਕ ਭੀ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਨਹੀਂ ਕਰ ਸਕਿਆ। ਹਿੱਕ ਤਾਣ ਕੇ ਨਹੀਂ ਖਲੋ ਸਕਿਆ। ਉਂਵ ਇਹ ਸਾਰੇ ਆਪਣੇ ਆਪ ਨੂੰ ਗੁਰੂ ਨਾਲੋਂ ਭੀ ਉਚਾ ਅਖਵਾਣ ਦਾ ਲੁਕਵਾਂ ਪਾਪ ਕਮਾ ਰਹੇ ਹਨ। ਅਣਜਾਣ ਸਿੱਖ ਇਹਨਾਂ ''ਸੱਜਣ ਠੱਗਾਂ'' ਨੂੰ ਨਮਸ਼ਕਾਰਾਂ ਕਰ ਰਹੇ ਹਨ।**

ਗੁਰਬਾਣੀ ਵਿੱਚ ਸੰਤ ਸ਼ਬਦ ਬਹੁਤ ਸਾਰੇ ਅਰਥਾਂ ਵਿੱਚ ਆਇਆ ਹੈ। ਆਓ ਕੁੱਝ ਵੰਨਗੀਆਂ ਵੇਖੀਏ :-

**1. ਸੰਤ=ਰੱਬ :- ਭਾਗੁ ਹੋਆ ਗੁਰਿ ''ਸੰਤੁ'' ਮਿਲਾਇਆ।।**
**ਪ੍ਰਭੁ ਅਬਨਾਸੀ ਘਰ ਮਹਿ ਪਾਇਆ।। (97)**

ਅਸੀਂ ਵੱਡੇ ਭਾਗਾਂ ਵਾਲੇ ਹੋ ਗਏ, ਕਿਉਂਕਿ ਗੁਰੂ ਨੇ ਪਰਮੇਸ਼ਰ ਨੂੰ ਮਿਲਾ ਦਿੱਤਾ। ਇਹ ਗਿਆਨ ਬਖਸ਼ ਦਿੱਤਾ ਕਿ ਬਾਹਰ ਭਟਕਣ ਦੀ ਜ਼ਰੂਰਤ ਨਹੀਂ, ਰੱਬ ਅੰਦਰ ਹੀ ਮੌਜੂਦ ਹੈ।

**ਸਤਿਗੁਰਿ ''ਸੰਤੁ'' ਮਿਲਾਇਆ, ਮਸਤਕਿ ਧਰ ਕੈ ਹਥੁ।।**
**ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ।। (958)**

ਗੁਰੂ ਨੇ ਕਿਰਪਾ ਕਰਕੇ ਅਜਿਹਾ ਗਿਆਨ ਬਖਸ਼ ਦਿੱਤਾ ਕਿ ਰੱਬ ਬਾਰੇ ਸੋਝੀ ਹੋ ਗਈ । ਸਾਰਿਆਂ ਤੋਂ ਮਹਾਨ ਪਰਮੇਸ਼ਰ ਗੁਰੂ ਨੇ ਮਿਲਾ ਦਿੱਤਾ। ਉਹ ਵਾਹਿਗੁਰੂ ਜਿਸਨੇ ਸਾਰਾ ਸੰਸਾਰ ਤਾਰਿਆ ਹੈ।

**2. ਸੰਤ=ਗੁਰੂ :- ਚਰਨ ਭਏ ''ਸੰਤ'' ਬੋਹਿਥਾ ਤਰੇ ਸਾਗਰ ਜੇਤ।।**
**ਮਾਰਗ ਪਾਏ ਉਦਿਆਨ ਮਹਿ ''ਗੁਰਿ'' ਦਸੇ ਭੇਤ।। (910)**

ਗੁਰੂ ਦੇ ਗਿਆਨ ਰੂਪੀ ਚਰਨਾਂ ਰਾਹੀਂ ਸੰਸਾਰ ਸਾਗਰ ਤੋਂ ਪਾਰ ਹੋ ਜਾਈਦਾ ਹੈ। ਜੀਵਨ ਸਫਰ ਦੀ ਭਟਕਣਾ ਮੁਕਾ ਕੇ, ਗੁਰੂ ਨੇ ਜ਼ਿੰਦਗੀ ਜਿਉਣ ਦਾ ਸੁਖਾਲਾ ਰਾਹ ਸਮਝਾ ਦਿੱਤਾ ਹੈ।

**- ਕਰਿ ਕਿਰਪਾ ''ਸੰਤ'' ਮਿਲੇ ਮੋਹਿ, ਤਿਨ ਤੇ ਧੀਰਜੁ ਪਾਇਆ।।**
**''ਸੰਤੀ ਮੰਤੁ'' ਦੀਓ ਮੋਹਿ ਨਿਰਭਉ, ''ਗੁਰ'' ਦਾ ਸਬਦ ਕਮਾਇਆ।। (205)**

ਰੱਬ ਨੇ ਕਿਰਪਾ ਕੀਤੀ ਤੇ ਮੈਨੂੰ ਗੁਰੂ ਮਿਲ ਗਿਆ, ਜਿਸ ਦੇ ਗਿਆਨ ਸਦਕਾ ਮਨ ਟਿਕਾਉ ਵਿਚ ਆ ਗਿਆ। ਗੁਰੂ ਸੰਤ ਨੇ ਨਿਰਭਉ ਹੋਣ ਦਾ ਤਰੀਕਾ ਸਮਝਾ ਦਿੱਤਾ। ਤਰੀਕਾ ਕੀ ਹੈ ਗੁਰੂ ਦੀ ਸਿੱਖਿਆ ਮੁਤਾਬਕ ਜੀਵਨ ਬਤੀਤ ਕਰਨਾ।

**3. ਸੰਤ+ਭਗਤ :-** **ਭਲੋ ਕਬੀਰ ਦਾਸ ਦਾਸਨ ਕੋ, ਉਤਮ ਸੈਨ ਜਨ ਨਾਈ॥**
**ਊਚ ਤੇ ਊਚ ਨਾਮ ਦੇਉ ਸਮਦਰਸੀ, ਰਵਿਦਾਸ ਠਾਕੁਰ ਬਣਿ ਆਈ॥**
**ਜੀਉ ਪਿੰਡ ਤਨੁ ਧਨੁ ਸਾਧਨ ਕਾ ਇਹੁ ਮਨੁ "ਸੰਤ" ਰੇਨਾਈ॥**
**"ਸੰਤ" ਪ੍ਰਤਾਪਿ ਭਰਮ ਸਭਿ ਨਾਸੇ, ਨਾਨਕ ਮਿਲੇ ਗੁਸਾਈ॥ (1208)**

ਹੇ ਭਾਈ ! ਕਬੀਰ ਭਲਾ ਇਨਸਾਨ, ਨਿਮਰਤਾ ਵਿੱਚ ਰਹਿੰਦਾ ਹੈ। ਸੈਨ ਨਾਈ ਬਹੁਤ ਉੱਤਮ ਜੀਵਨ ਵਾਲਾ ਹੈ। ਉਚਿਆਂ ਤੋਂ ਉਚੇ ਜੀਵਨ ਵਾਲਾ ਨਾਮਦੇਵ ਹੈ, ਜਿਸ ਦੀ ਪਰਮੇਸ਼ਰ ਨਾਲ ਇਕਸੁਰਤਾ ਬਣੀ ਹੋਈ ਹੈ। ਮੇਰੀ ਜਾਨ, ਮੇਰਾ ਸਰੀਰ ਅਜਿਹੇ ਸੰਤਾਂ ਦੀ ਸੇਵਾ ਵਿੱਚ ਹਾਜ਼ਰ ਹੈ। ਅਜਿਹੇ ਸੰਤ ਪੁਰਖਾਂ ਦੀ ਮੈਂ ਆਪਣੇ ਆਪ ਨੂੰ ਚਰਨ ਧੂੜੀ ਜਾਣਦਾ ਹਾਂ। ਅਜਿਹੇ ਸੰਤਾਂ ਦੀ ਕਿਰਪਾ ਸਦਕਾ ਸਾਡੇ ਸਾਰੇ ਭਰਮ ਨਾਸ ਹੋ ਗਏ। ਇਹਨਾਂ ਦੀ ਬਦੌਲਤ ਪਰਮੇਸ਼ਰ ਨਾਲ ਮਿਲਾਪ ਹੋ ਗਿਆ।

**4. ਸੰਤ+ਸਿੱਖ :-** **"ਸੰਤ" ਜਨਹੁ ਮਿਲਿ ਭਾਈਹੋ, ਸਚਾ ਨਾਮ ਸਮਾਲਿ॥**
**ਤੋਸਾ ਬੰਧਹੁ ਜੀਅ ਕਾ ਐਥੈ ਓਥੈ ਨਾਲਿ॥**
**"ਗੁਰ" ਪੂਰੇ ਤੇ ਪਾਈਐ ਅਪਣੀ ਨਦਰਿ ਨਿਹਾਲ॥ (39)**

ਹੇ ਭਾਈ ਗੁਰਸਿੱਖੋ ! ਮਿਲ ਕੇ ਚਲੋ, ਗੁਰੂ ਦੇ ਹੁਕਮ ਦੀ ਪਾਲਣਾ ਕਰੋ। ਇਸ ਗੁਰੂ ਦੇ ਗਿਆਨ ਨੂੰ ਜੀਵਨ ਸਫਰ ਲਈ ਪਦਾਰਥ ਜਾਣਕੇ, ਨਾਲ ਬੰਨ੍ਹ ਲਉ। ਅਜਿਹਾ ਜੀਵਨ ਦਾਨ ਦੇਣ ਵਾਲਾ ਖਜ਼ਾਨਾ ਪੂਰੇ ਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ।

**5. ਸੰਤ+ਠੱਗ :-** **ਹਿਰਦੈ ਜਿਨ ਕੈ ਕਪਟ ਹੈ ਬਾਹਰੋ "ਸੰਤ" ਕਹਾਹਿ॥**
**ਤ੍ਰਿਸਨਾ ਮੂਲਿ ਨ ਚੂਕਈ ਅੰਤਿ ਗਏ ਪਛੁਤਾਹਿ॥ (391)**

ਹੇ ਭਾਈ ! ਜਿਨ੍ਹਾਂ ਦੇ ਹਿਰਦੇ ਅੰਦਰ ਖੋਟ ਹੈ, ਧੋਖਾ ਫਰੇਬ ਹੈ। ਬਾਹਰੋਂ ਸੰਤਗਿਰੀ ਵਾਲਾ ਭੇਖੀ ਬਾਣਾ ਪਾਇਆ ਹੋਇਆ ਹੈ। ਅਜਿਹੇ ਲੋਕ ਲਾਲਚ ਵਿੱਚ ਗ੍ਰਸੇ ਹੋਏ ਮਾਇਆ ਕਾਰਨ ਧਾਰਮਕ ਪਹਿਰਾਵੇ ਨਾਲ ਲੋਕਾਂ ਨੂੰ ਲੁੱਟਦੇ ਹਨ। ਪਤਾ ਲੱਗਣ ਤੇ ਮੂੰਹ ਵਿਖਾਣ ਜੋਗੇ ਨਹੀਂ ਰਹਿੰਦੇ। ਫਿਰ ਪਛਤਾਵੇ ਦੇ ਹੰਝੂ ਬਹਾਉਂਦੇ ਹਨ।

**ਗਜ ਸਾਢੇ ਤੈ ਤੈ ਧੋਤੀਆਂ, ਤਿਹਰੇ ਪਾਇਨਿ ਤਗ॥**
**ਗਲੀ ਜਿਨਾ ਜਪਮਾਲੀਆਂ ਲੋਟੇ ਹਥਿ ਨਿਬਗ॥**
**ਓਇ ਹਰਿ ਕੇ "ਸੰਤ" ਨ ਆਖੀਅਹਿ ਬਾਨਾਰਸ ਕੇ ਠਗ॥ (476)**

ਹੇ ਭਾਈ ! ਸੋਹਣੀਆਂ ਸਫੈਦ ਧੋਤੀਆਂ (ਜਾਂ ਸੁੰਦਰ ਚੋਲੇ) ਪਾਈਆਂ ਹੋਣ। ਤਿੰਨ ਲੜੀਏ ਸੁੰਦਰ ਜਨੇਊ (ਭਾਵੇਂ ਕਿਰਪਾਨਾਂ) ਪਹਿਨੇ ਹੋਣ। ਹੱਥਾਂ ਵਿੱਚ ਲਿਸ਼ਕਦੇ ਲੋਟੇ ਗੜਵੇ ਫੜੇ ਹੋਣ। ਵੇਖਣਾ ਕਿਤੇ ਗਲਤੀ ਨਾਲ ਇਹਨਾਂ ਨੂੰ ਸੰਤ ਪੁਰਖ ਨਾ ਸਮਝ ਲੈਣਾ। ਇਹ ਤਾਂ ਬਨਾਰਸੀ ਠੱਗ ਹਨ। ਹੁਣ ਤਾਂ ਅੱਗੋਂ ਇਹ ਵਿਅੰਗ ਭੀ ਪ੍ਰਚਲਤ ਹੋ ਗਏ ਹਨ :-

''ਇਹ ਗੁਰ ਕੇ ਸਿੱਖ ਨਾ ਆਖੀਐ, ਹਰਿਮੰਦਰ ਕੇ ਠੱਗ''। (ਲੋਕੋਕਤੀ)

ਭਾਈ ਗੁਰਦਾਸ ਜੀ ਤੋਂ ਪੁੱਛੀਏ ਕਿ ਗੁਰਮਤ ਵਿੱਚ ਸਾਧ ਸੰਤ ਦੀ ਕੀ ਹੈਸੀਅਤ ਹੈ ਜੀ ?

**1. ਥੰਮੇ ਕੋਇ ਨ ਸਾਧ ਬਿਨੁ ਸਾਧ ਨ ਦਿਸੈ ਜਗਿ ਵਿਚ ਕੋਆ।।**
**ਧਰਮ ਧਉਲੁ ਪੁਕਾਰੈ ਤਲੈ ਖੜੋਆ।। (ਵਾਰ 1 ਪਉੜੀ 22)**

**2. ਪੰਚ ਬਾਰ ਗੰਗ ਜਾਏ, ਬਾਰ ਪੰਚ ਪ੍ਰਾਗ ਨਾਏ੍ਹ,**
**ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ।।**
**ਸਿੱਖ ਕਉ ਪਿਲਾਏ ਪਾਨੀ, ਭਾਉ ਕਰਿ ਕੁਰਖੇਤ, ਅਸਮੇਧ ਜਗ ਫਲ, ਸਿਖ ਕਉ ਜਿਵਾਏ ਕਾ।।**
**ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ, ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ।।**
**ਜੈਸੇ ਬੀਸ ਬਾਰ ਦਰਸ਼ਨ ਕੀਆ ਸਾਧ ਕਹੁ, ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ।। (673)**

ਉੱਚ ਕੋਟੀ ਦੇ ਵਿਦਵਾਨ ਭਾਈ ਗੁਰਦਾਸ ਜੀ ਸਮਝਾ ਰਹੇ ਹਨ। ਹੇ ਭਾਈ ! ਪੰਜ ਸਤ ਵਾਰੀ ਜੇ ਗੰਗਾ ਦਾ ਇਸ਼ਨਾਨ ਕਰਨਾ ਹੋਵੇ। ਕਈ ਵਾਰੀ ਪਰਾਗ ਤੀਰਥ ਦਾ ਇਸ਼ਨਾਨ ਕਰਨ ਦਾ ਮਨ ਹੋਵੇ। ਇਹਨਾਂ ਨਾਲੋਂ ਵੱਧ ਕੇ ਇੱਕ ਪਰਉਪਕਾਰੀ ਗੁਰਸਿੱਖ ਦਾ ਇਸ਼ਨਾਨ ਕਰਵਾ ਦੇਵੀਂ, ਵਧ ਮਹਾਤਮ ਮਿਲੇਗਾ। ਕੁਰੁਖੇਤਰ ਵਿੱਚ ਸੂਰਜ ਗ੍ਰਿਹਣ ਸਮੇਂ ਲੋਕੀਂ ਜੋ ਦਾਨ ਆਦਿ ਕਰਦੇ ਹਨ। ਉਸ ਤੋਂ ਵੱਧ ਫਲ ਸਿੱਖ ਨੂੰ ਜਲ ਛਕਾਏ ਦਾ ਮਿਲਦਾ ਹੈ। ਲੋਕੀਂ ਅਤੀ ਖਰਚੀਲਾ ਕੰਮ ਅਸ਼ਵਮੇਧ ਜੱਗ ਕਰਦੇ ਹਨ ਉਸਦੇ ਮਹਾਤਮ ਤੋਂ ਵੱਧ ਫਲ ਸਿੱਖ ਨੂੰ ਪਰਸ਼ਾਦਾ ਛਕਾਉਣ ਤੇ ਮਿਲੇਗਾ। ਜੇ ਕਰ ਤੂੰ ਸੋਨੇ ਦੀ ਕਈ ਮਹਿਲ ਉਸਾਰ ਦੇ ਦਾਨ ਕਰ ਦੇਵੇਂ ਇਸ ਤੋਂ ਭੀ ਵੱਡਾ ਮਹਾਤਮ ਗੁਰਸਿੱਖ ਨੂੰ ਗੁਰਬਾਣੀ ਸਿਖਾ ਦੇਣ ਵਿੱਚ ਹੈ। ਅਣਗਿਣਤ ਵਾਰੀ ਕੋਈ ਮਨੁੱਖ, ਸਾਧਾਂ ਸੰਤਾਂ ਦੇ ਦਰਸ਼ਨ ਕਰੇ, ਸੇਵਾ ਕਰਦਾ ਰਹੇ ਇਸ ਨਾਲੋਂ ਕਿਤੇ ਜ਼ਿਆਦਾ ਮਹਾਤਮ, ਗੁਰਸਿਖ ਨੂੰ ਵਿਸ਼ਰਾਮ ਕਰਾਉਣਾ, ਮੁੱਠੀ ਚਾਪੀ ਕਰਨੀ ਕਿਤੇ ਵੱਧ ਕੇ ਹੈ। ਇਥੇ ਇਹ ਧਿਆਨ ਰਹੇ ਕਿ ਪਰਉਪਕਾਰੀ ਗੁਰਸਿੱਖਾਂ ਦੀ ਸੇਵਾ ਵੱਲ ਪ੍ਰੇਰਨਾ ਹੈ। ਬਾਹਰੀ ਪਹਿਰਾਵੇ ਕਰਕੇ ਵਿਹਲੜ ਸਿੱਖਾਂ ਦੀ ਸੇਵਾ ਦੀ ਗੱਲ ਨਹੀਂ ਹੈ। ਗੁਰਮੁਖ ਜਾਂ ਗੁਰਸਿੱਖ ਦਾ ਮਤਲਬ ਹੀ ਏਹ ਹੈ ਕਿ ਅਜਿਹੇ ਨਾਮ ਵਾਲਾ ਵਿਅਕਤੀ ਨਿੱਜ ਤੋਂ ਉੱਪਰ ਉੱਠ ਚੁੱਕਿਆ ਹੈ। ਸਾਰੇ ਲੋਕ ਉਸ ਦੇ ਆਪਣੇ ਹਨ।

''ਗੁਰੂ'' ਲਈ ਹੋਰ ਬਹੁਤ ਸਾਰੇ ਸ਼ਬਦ ਵਰਤੇ ਗਏ ਹਨ, ਆਉ ਉਹਨਾਂ ਵੱਲ ਭੀ ਸਰਸਰੀ ਜਿਹੀ ਨਜ਼ਰ ਮਾਰੀਏ।

**ਅਪਨੇ ''ਜਨ'' ਕਾ ਪਰਦਾ ਢਾਕੈ।। ਅਪਨੇ ''ਸੇਵਕ'' ਦੀ ਸਰਪਰ ਰਾਖੈ।।**

**ਅਪਨੇ ''ਦਾਸ'' ਕਉ ਦੇਇ ਵਡਿਆਈ।। ਅਪਨੇ ''ਸੇਵਕ''ਕਉ ਨਾਮੁ ਜਪਾਈ।।** (285)

ਉਪਰਲੀਆਂ ਪੰਕਤੀਆਂ ਵਿੱਚ ''ਜਨ, ਸੇਵਕ ਤੇ ਦਾਸ'', ਗੁਰੂ ਵਾਸਤੇ ਆਇਆ ਹੈ। ਪਰ ਤਰੀਕਾ ਵੱਖੋ ਵੱਖਰਾ ਹੈ। ਹੋਰ ਵੇਖੋ :-

**ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ''ਓਇ'' ਰਾਮ ਨਾਮ ਰੰਗਿ ਰਾਤੇ।।**

**''ਤਿਨ'' ਕੀ ਸੋਭਾ ਸਭਨੀ ਥਾਈ ''ਜਿਨ੍ਹ'' ਪ੍ਰਭ ਕੇ ਚਰਣ ਪਰਾਤੇ**

**ਮੇਰੇ ਰਾਮ ਹ਼ਰਿ ''ਸੰਤਾ'' ਜੇਵਡ ਨ ਕੋਈ।।**

**''ਭਗਤਾ'' ਬਨਿ ਆਈ ਪ੍ਰਭ ਅਪਨੇ ਸਿਉ, ਜਲਿ ਥਲਿ ਮਹੀਅਲਿ ਸੋਈ।।ਰਹਾਉ।। (748)**

ਇਨ੍ਹਾਂ ਪੰਕਤੀਆਂ ਵਿੱਚ ਭੀ ਨਾਂਵ ਅਤੇ ਪੜਨਾਂਵ ਦੀ ਵਰਤੋਂ ਕਰਦਿਆਂ ਸਤਿਗੁਰੂ ਜੀ ਨੇ **''ਓਇ, ਤਿਨ, ਜਿਨ੍ਹ, ਸੰਤ ਤੇ ਭਗਤ''** ਸ਼ਬਦ ਗੁਰੂ ਵਾਸਤੇ ਵਰਤਿਆ ਹੈ। ਇੰਨੀਆਂ ਖੂਬੀਆਂ ਕੇਵਲ ਗੁਰੂ ਵਿੱਚ ਹੀ ਹੋ ਸਕਦੀਆਂ ਹਨ। ਇਹਨਾਂ ਸਾਰੀਆਂ ਪੰਕਤੀਆਂ ਵਿੱਚੋਂ ਡੇਰੇਦਾਰ ਲੋਕਾਂ ਨੇ ਗੁਰੂ ਦੀ ਬ੍ਰਾਬਰੀ ਕਰਨ ਲਈ, ''ਸੰਤ'' ਸ਼ਬਦ ਆਪਣੇ ਨਾਮ ਨਾਲ ਫਿੱਟ ਦਰ ਲਿਆ। **ਜਨ ਦਾਸ ਸੇਵਕ ਭਗਤ ਚੰਗੇ ਨਹੀਂ ਲੱਗੇ, ਭਲਾ ਕਿਉਂ?** ਹਿੰਦੂ ਸਮਾਜ ਵਿੱਚ ਸਾਧ ਸੰਤ ਸ਼ਬਦ ਸਦੀਆਂ ਤੋਂ ਪੂਜਾ ਦੀ ਹੱਦ ਤੱਕ ਮੰਨਣਯੋਗ ਚਲਿਆ ਆ ਰਿਹਾ ਹੈ। ਇਹਨਾਂ ਲੋਕਾਂ ਨੇ ਸਿੱਖ ਸਮਾਜ ਨੂੰ ਲੁੱਟ ਕੇ ਭੀ ਖਾਣਾ ਹੈ ਤੇ ਬ੍ਰਾਹਮਣੀ ਦਲਦਲ ਵਿੱਚ ਪੀ ਗਰਕ ਕਰਨਾ ਹੈ। ਇਸੇ ਲਈ ਆਪਣੇ ਨਾਵਾਂ ਨਾਲੋਂ ਸਿੱਖ ਸ਼ਬਦ ਤਿਆਗ ਕੇ ਸੰਤਪੁਣੇ ਦਾ ਲੇਬਲ ਲਾਉਂਦੇ ਹਨ। ਗੁਰੂ ਸਾਹਿਬਾਨ ਅਤੇ ਬਾਣੀ ਰਚੈਤਾ ਭਗਤਾਂ ਨੇ ਨਿਮਰਤਾ ਵਿੱਚ ਆਪਣੇ ਆਪ ਨੂੰ **''ਨੀਚ, ਕੀਟ, ਮੂਰਖ, ਗਵਾਰ, ਕੂਕਰ''** ਆਦਿ ਭੀ ਲਿਖਿਆ ਹੈ। ਫਿਰ ਉਹ ਪਰਮਾਣ ਅਖੌਤੀ ਸੰਤ ਕਿਉਂ ਨਹੀਂ ਆਪਣੇ ਨਾਮ ਨਾਲ ਲਿਖਦੇ ? ਆਓ ਇਸ ਤਰ੍ਹਾਂ ਦੇ ਪਰਮਾਣ ਪੜ੍ਹੀਏ :-

**ਨਾਨਕ ''ਨੀਚੁ'' ਕਹੈ ਵੀਚਾਰੁ।। ਵਾਰਿਆ ਨ ਜਾਵਾ ਏਕ ਵਾਰ।। (ਜਪੁ-4)**

ਨੀਚ ਨਾਨਕ ਇਉਂ ਵਿਚਾਰ ਕੇ ਦਸ ਰਿਹਾ ਹੈ। ਪਰਮਾਤਮਾਂ ਦੀਆਂ ਦਾਤਾਂ ਲਈ ਵਾਰਨੇ ਨਹੀਂ ਜਾਇਆ ਜਾ ਸਕਦਾ।

**ਕਬੀਰ ਕੂਕਰ ਰਾਮ ਕੋ ਮੁਤੀਆ ਮੇਰੋ ਨਾਉ।।**

**ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ।।(1368)**

ਇਸ ਸਲੋਕ ਵਿੱਚ ਕਬੀਰ ਜੀ ਖੁਦ ਲਈ ਕੂਕਰ (ਕੁੱਤਾ) ਸ਼ਬਦ ਦੀ ਵਰਤੋਂ ਕਰਦੇ ਹਨ। ਆਪਣੇ ਗਲ ਵਿੱਚ ਰੱਸੀ ਪਈ ਹੋਈ ਲਿਖਦੇ ਹਨ। ਕੀ ਅੱਜ ਵਾਲੇ ਡੇਰੇਦਾਰ ''ਸੰਤ'' ਸ਼ਬਦ ਨੂੰ ਤਿਆਗ ਕੇ ਆਪਣੇ ਨਾਮ ਨਾਲ ਕੂਕਰ ਸ਼ਬਦ ਲਿਖਣਾ ਪ੍ਰਵਾਨ ਕਰਨਗੇ?

**ਕਬੀਰ ਕੂਕਰ ਭਉਕਨਾ, ਕਰੰਗ ਪਿਛੈ ਉਠਿ ਧਾਇ।।**

**ਕਰਮੀ ਸਤਿਗੁਰੁ ਪਾਇਆ, ਜਿਨਿ ਹਉ ਲੀਆ ਛਡਾਇ।। (1375)**

ਇਸ ਸਲੋਕ ਵਿੱਚ ਕਬੀਰ ਜੀ ਸਮਝਾਉਂਦੇ ਹਨ ਕਿ ਮੈਂ ਮਨ ਕਰਕੇ ਕੂਕਰ (ਕੁੱਤਾ) ਵਾਂਗ ਹਾਂ। ਪਰ ਸਤਿਗੁਰੂ ਨੇ ਕਿਰਪਾ ਕਰਕੇ ਉਸ ਬੁਰੀ ਬਿਰਤੀ ਤੋਂ ਬਚਾ ਲਿਆ।

**ਮੈਂ ਮੂਰਖ ਕੀ ਕੇਤਕ ਬਾਤ ਹੈ, ਕੋਟਿ ਪਰਾਧੀ ਤਰਿਆ ਰੇ।।**
**ਗੁਰੁ ਨਾਨਕ ਜਿਨ ਸੁਣਿਆ ਪੇਖਿਆ ਸੇ ਫਿਰਿ ਗਰਭਾਸਿ ਨ ਪਰਿਆ ਰੇ।। (612)**

ਸਤਿਗੁਰੂ ਜੀ ਆਪਣੇ ਆਪ ਨੂੰ ਇਥੇ ਮੂਰਖ ਕਹਿ ਰਹੇ ਹਨ। ਸਿੱਖਾਂ ਨੂੰ ਪਤਾ ਹੈ ਕਿ ਸਾਹਿਬ ਜੀ ਬਹੁਤ ਮਹਾਨ ਸਨ, ਇਹ ਨਿਮਰਤਾ ਦਾ ਢੰਗ ਹੈ। ਪਰ ਕੀ ਸਾਧ ਲਾਣਾ ਇਸ ਮੂਰਖ ਸ਼ਬਦ ਦੀ ਵਰਤੋਂ, ਲਿਖਤ ਰੂਪ ਵਿੱਚ ਆਪਣੇ ਨਾਵਾਂ ਨਾਲ ਕਰ ਸਕੇਗਾ?

ਇੱਕ ਹੋਰ ਸ਼ਬਦ ਜੋ ਅਤੀ ਤਾੜਨਾ ਭਰਿਆ ਹੈ, ਸਤਿਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਉਪਰ ਢੁਕਾ ਕੇ ਲਿਖਿਆ ਹੈ। ਪੜ੍ਹੋ :-

**ਏਕੁ ਸੁਆਨੁ, ਦੁਇ ਸੁਆਨੀ ਨਾਲਿ।। ਭਲਕੇ ਭਉਕਹਿ, ਸਦਾ ਬਇਆਲਿ।।**
**ਕੂੜੁ ਛੁਰਾ, ਮੁਠਾ ਮੁਰਦਾਰੁ।। ਧਾਣਕ ਰੂਪਿ ਰਹਾ, ਕਰਤਾਰ।।**
**ਮੈ ਪਤਿ ਕੀ ਪੰਦਿ, ਨ ਕਰਣੀ ਕੀ ਕਾਰ।। ਹਉ ਬਿਗੜੈ ਰੂਪਿ ਰਹਾ, ਬਿਕਰਾਲ।।**
**ਤੇਰਾ ਏਕੁ ਨਾਮੁ, ਤਾਰੇ ਸੰਸਾਰ।। ਮੈ ਏਹਾ ਆਸ, ਏਹੋ ਆਧਾਰੁ।।ਰਹਾਉ।।**
**ਮੁਖਿ ਨਿੰਦਾ, ਆਖਾ ਦਿਨੁ ਰਾਤਿ।। ਪਰ ਘਰੁ ਜੋਹੀ, ਨੀਚ ਸਨਾਤਿ।।**
**ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ।। ਧਾਣਕ ਰੂਪਿ ਰਹਾ, ਕਰਤਾਰ।।**
**ਫਾਹੀ ਸੁਰਤਿ, ਮਲੂਕੀ ਵੇਸੁ।। ਹਉ ਠਗਵਾੜਾ, ਠਗੀ ਦੇਸੁ।।**
**ਖਰਾ ਸਿਆਣਾ, ਬਹੁਤਾ ਭਾਰੁ।। ਧਾਣਕ ਰੂਪਿ ਰਹਾ, ਕਰਤਾਰ।।**
**ਮੈ ਕੀਤਾ ਨ ਜਾਤਾ, ਹਰਾਮ ਖੋਰੁ।। ਹਉ ਕਿਆ ਮੁਹੁ ਦੇਸਾ, ਦੁਸਟੁ ਚੋਰੁ।।**
**ਨਾਨਕੁ ਨੀਚੁ, ਕਹੈ ਬੀਚਾਰੁ।। ਧਾਣਕ ਰੂਪਿ ਰਹਾ, ਕਰਤਾਰ।। (ਮ:1-24)**

ਅਤੀ ਨਿਮਰਤਾ ਵਿੱਚ ਆ ਕੇ ਸਾਰੇ ਕੁੜੱਤਣ ਵਾਲੇ ਸ਼ਬਦ ਸਤਿਗੁਰੂ ਜੀ ਨੇ ਆਪਣੇ ਆਪ ਤੇ ਢੁਕਾਏ ਹਨ। ਸੰਖੇਪ ਸਾਰ ਇਉਂ ਹੈ- ਮੇਰੇ ਅੰਦਰ ਲੋਭ ਰੂਪੀ ਕੁੱਤਾ ਹੈ। ਆਸਾ ਤ੍ਰਿਸ਼ਨਾ ਰੂਪੀ ਅੰਦਰ ਦੋ ਕੁੱਤੀਆਂ ਹਨ। ਸਵੇਰੇ ਸ਼ਾਮ ਮੈਨੂੰ ਭਉਂਕ ਭਉਂਕ ਕੇ ਕੁਰਾਹੇ ਪਾ ਦਿੰਦੀਆਂ ਹਨ। ਮਾਨੋ ਮੈਂ ਝੂਠ ਰੂਪੀ ਛੁਰਾ ਪਕੜਿਆ ਹੈ, ਤੇ ਪਰਾਏ ਹੱਕ ਨੂੰ ਡਕਾਰ ਰਿਹਾ ਹਾਂ। ਮੇਰੀ ਜਾਤ (ਨੀਵੇ ਂ ਕੰਮਾਂ ਤੇ ਨੀਵੀਂ ਸੋਚ ਕਾਰਨ) ਅਤੀ ਘਟੀਆ ਹੈ। ਮੇਰੀ ਸਮਾਜ ਵਿੱਚ ਕੋਈ ਇੱਜ਼ਤ ਨਹੀਂ ਹੈ, ਨਾ ਉਚੀ ਕਰਣੀ ਹੈ। ਇਸ ਤਰ੍ਹਾਂ ਮੇਰੀ ਸ਼ਕਲ ਸੂਰਤ ਬਿਕਰਾਲ ਰੂਪ ਧਾਰਨ ਕਰ ਗਈ ਹੈ। ਤੇ ਰੇ ਨਾਮ ਦਾ ਆਸਰਾ ਹੈ, ਜੋ ਸਾਰੇ ਸੰਸਾਰ ਨੂੰ ਤਾਰਨ ਦੇ ਸਮਰੱਥ ਹੈ। ਵਾਹਿਗੁਰੂ ਜੀ ! ਮੈਂ ਤੇ ਰੀ ਹੀ ਓਟ ਤਕਾਈ ਹੈ। ਵੈਸੇ ਮੈਂ ਨਿੰਦਾ ਭੀ ਦਿਨ ਰਾਤ ਕਰਦਾ ਹਾਂ। ਪਰਾਏ ਮਾਲ ਤੇ ਪਰਾਏ

ਰੂਪ ਤੇ ਮੈਂ ਸਦਾ ਬਦ ਨਜ਼ਰ ਟਿਕਾਈ ਰੱਖਦਾ ਹਾਂ। ਕਾਮ ਤੇ ਕ੍ਰੋਧ ਮੈਨੂੰ ਚੰਡਾਲ ਵਰਗਾ ਬਣਾ ਰਹੇ ਹਨ। ਇਸੇ ਲਈ ਮੈਂ ਬਹੁਤ ਬੁਰਾ ਹਾਂ। ਮੇਰੀ ਸੁਰਤੀ ਦੂਜਿਆਂ ਨੂੰ ਫਾਹ ਲੈਣ ਲਈ ਤਿਆਰ ਹੈ। ਪਰ ਪਹਿਰਾਵਾ ਮੇਰਾ ਅਤੀ ਸੋਹਣਾ ਅਤੇ ਧਾਰਮਕ ਦਿੱਖ ਵਾਲਾ ਹੈ। ਮੈਂ ਠੱਗੀਆਂ ਮਾਰ ਕੇ ਸਭ ਨੂੰ ਲੁੱਟਣ ਦੀ ਇੱਛਾ ਰੱਖਦਾ ਹਾਂ। ਬਹੁਤ ਸਿਆਣਾ ਅਖਵਾਉਂਦਾ ਹਾਂ, ਪਰ ਪਾਪਾਂ ਦਾ ਭਾਰ ਆਪਣੇ ਉੱਤੇ ਲੱਦੀ ਜਾ ਰਿਹਾ ਹਾਂ। ਹੇ ਪਰਮੇਸ਼ਰ ਜੀ ! ਮੈਂ ਬਹੁਤ ਬੁਰਾ ਹਾਂ। ਮੈਂ ਕੋਈ ਚੰਗਾ ਕੰਮ ਨਹੀਂ ਕੀਤਾ। ਨਾ ਚੰਗਿਆਈ ਨੂੰ ਸਮਝਿਆ। ਨਿਰੇ ਹਰਾਮ ਖੋਰਾਂ ਵਾਲੇ ਮੇਰੇ ਕੰਮ ਹਨ। ਚੋਰਾਂ ਦੁਸ਼ਟਾਂ ਵਾਲੇ ਕੰਮ ਕਰਕੇ, ਮੈਂ ਤਾਂ ਮੂੰਹ ਦਿਖਾਉਣ ਜੋਗਾ ਭੀ ਨਹੀਂ ਰਿਹਾ। ਨੀਚ ਨਾਨਕ ਇਹ ਵਿਚਾਰ ਪੇਸ਼ ਕਰਦਾ ਹੈ। ਹੇ ਰੱਬ ਜੀ ! ਇਹਨਾਂ ਕਾਰਨਾਂ ਕਰਕੇ ਮੈਂ ਅਤੀ ਘਟੀਆ ਜਿਹਾ ਹਾਂ।

ਮਹਾਨ ਪਰਉਪਕਾਰੀ ਗੁਣਾਂ ਨਾਲ ਭਰਪੂਰ, ਰੱਬੀ ਨੂਰ ਆਦਿ ਗੁਰੂ ਨਾਨਕ ਸਾਹਿਬ ਜੀ ਆਪਣੇ ਆਪ ਨੂੰ ਕੂਕਰ (ਕੁੱਤਾ) ਝੂਠਾ, ਕਾਤਿਲ, ਪਰਾਇਆ ਹੱਕ ਖਾਣ ਵਾਲਾ, ਨੀਵੀਂ ਜਾਤ ਵਾਲਾ ਆਖ ਰਹੇ ਹਨ। ਇੱਜ਼ਤ ਤੋਂ ਸੱਖਣਾ, ਬਿਗੜੇ ਰੂਪ ਵਾਲਾ, ਨਿੰਦਕ, ਚੋਰ, ਕਾਮੀ, ਕ੍ਰੋਧੀ, ਸਭ ਨੂੰ ਫਾਹ ਲੈਣ ਵਾਲਾ, ਦੇਸ ਦੇਸਾਂਤਰਾਂ ਨੂੰ ਠੱਗ ਲੈਣ ਵਾਲਾ, ਪਾਪੀ, ਹਰਾਮਖੋਰੀਆਂ ਕਰਨ ਵਾਲਾ, ਦੁਸ਼ਟ ਭੀ ਆਪਣੇ ਆਪ ਨੂੰ ਆਖਿਆ ਹੈ। ਗੁਰਬਾਣੀ ਵਿੱਚੋਂ ਮਨਮਰਜ਼ੀ ਦੀਆਂ **''ਸੰਤ ਤੇ ਬ੍ਰਹਮ ਗਿਆਨੀ''** ਵਰਗੀਆਂ ਪੰਕਤੀਆਂ ਚੁੱਕਕੇ ਹਰ **''ਐਰਾ ਗੈਰਾ ਨੱਥੂ ਖੈਰਾ''** ਅਪਣੇ ਨਾਮ ਦੇ ਅੱਗੇ ਪਿੱਛੇ ਚਿਪਕਾਈ ਫਿਰਦਾ ਹੈ। ਅਖੇ ਜੀ ਗੁਰਬਾਣੀ ਵਿੱਚ ਇਹ ਸੰਤ ਆਦਿ ਪੰਕਤੀਆਂ ਸਾਡੇ ਲਈ ਹੀ ਲਿਖੀਆਂ ਹੋਈਆਂ ਹਨ। ਆਹ ਜੋ ਪੰਕਤੀਆਂ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਆਪ ਤੇ ਢੁਕਾ ਕੇ ਲਿਖੀਆਂ ਹਨ, ਇਹਨਾਂ ਵਿੱਚੋਂ ਕੋਈ ਇੱਕ ਪੰਕਤੀ ਭੀ ਕਿਸੇ ਅਖੌਤੀ ਸੰਤ ਨੇ ਆਪਣੇ ਨਾਮ ਨਾਲ ਕਿਉਂ ਨਹੀਂ ਲਿਖੀ? ਇਹ ਭੀ ਤਾਂ ਗੁਰਬਾਣੀ ਹੈ। ਗੁਰੂ ਜੀ ਨੂੰ ਤਾਂ ਇਸ ਤਰ੍ਹਾਂ ਲਿਖਣਾ ਬੁਰਾ ਨਹੀਂ ਲੱਗਾ। ਭਲਾ ਅੱਜ ਦੇ **''ਸੱਜਣ ਠੱਗਾਂ''** ਨੂੰ ਆਪਣੇ ਨਾਮ ਨਾਲ ਅਜਿਹੀਆਂ ਪੰਕਤੀਆਂ ਲਿਖਣ ਤੋਂ ਕਿਉਂ ਸ਼ਰਮ ਆਉਂਦੀ ਹੈ? **ਸੰਤ ਗਿਰੀ ਦੇ ਪਹਿਰਾਵੇ ਵਿੱਚ ਅੱਜ ਅਨੰਤ ਠੱਗ, ਚੋਰ ਪਾਪੀ,, ਦੁਰਾਚਾਰੀ, ਪੰਥ ਨੂੰ ਲੁੱਟ ਕੇ ਖਾ ਰਹੇ ਹਨ। ਮਲੂਕੀ ਵੇਸ ਪਹਿਨ ਕੇ ਧਰਮ ਅਸਥਾਨਾਂ ਵਿੱਚ ਕੁਕਰਮ ਕਰ ਰਹੇ ਹਨ। ਨਿੱਤ ਝੂਠ ਬੋਲਦੇ ਹਨ, ਭੋਲੇ ਸ਼ਰਧਾਲੂਆਂ ਨੂੰ ਕੁਰਾਹੇ ਭੀ ਪਾਉਂਦੇ ਹਨ, ਦੋਹੀਂ ਹੱਥੀਂ ਲੁੱਟ ਭੀ ਕਰਦੇ ਹਨ।**

ਸਿੱਖ ਪੰਥ ਵਿੱਚ ਭਾਈ ਸ਼ਬਦ ਬਹੁਤ ਸਤਿਕਾਰ ਵਾਲਾ ਸੀ, ਉਹ ਤਿਆਗ ਦਿੱਤਾ। ਸਰਦਾਰ ਸ਼ਬਦ ਭੀ ਮਕਬੂਲ ਹੋਇਆ ਸੀ, ਉਹ ਭੀ ਪਸੰਦ ਨਹੀਂ। ਵੱਖਰਾ ਬਾਣਾ ਪਹਿਨ ਕੇ ਡੇਰਾ, ਠਾਠ, ਟਕਸਾਲ ਬਣਾ ਕੇ **''ਸੰਤ''** ਬਣ ਕੇ ਆਪਣੀ ਪੂਜਾ ਕਰਵਾਈ ਜਾ ਰਹੀ ਹੈ। ਪੰਥ ਨੂੰ ਖੇਰੂੰ ਖੇਰੂੰ ਕੀਤਾ ਜਾ ਰਿਹਾ ਹੈ। ਅੱਜ ਹਾਲਤ ਇਹ ਬਣ ਗਈ ਹੈ ਕਿ ''ਸੰਤ'' ਹੋਣਾ ਇੱਕ ਚੰਗਾ ਤਕੜਾ ਵਿਉਪਾਰ ਬਣ ਚੁੱਕਿਆ ਹੈ। ਇਸ ਵਿਉਪਾਰ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਗੁਰਦਵਾਰੇ

ਰਾਹੀਂ ਵਧਾਇਆ ਜਾਂਦਾ ਹੈ। ਇੱਕ ਖਾਸ ਕਿਸਮ ਦੇ ਪਹਿਰਾਵੇ ਦੁਆਰਾ **"ਧਰਮੀ"** ਹੋਣ ਦਾ ਨਾਟਕ ਕੀਤਾ ਜਾਂਦਾ ਹੈ। ਫਿਰ ਆਮ ਨਿਮਾਣੇ ਸਿੱਖਾਂ ਦੀ ਲੁੱਟ ਕੀਤੀ ਜਾਂਦੀ ਹੈ। ਤਾਕਤਵਰ ਰਾਜਸੀ ਲੋਕਾਂ ਤੋਂ ਵੋਟਾਂ ਦੇ ਕੇ ਨੋਟ ਕਮਾਏ ਜਾਂਦੇ ਹਨ। ਸਾਂਝੀਆਂ ਜ਼ਮੀਨਾਂ ਤੇ ਕਬਜ਼ੇ ਕਰਕੇ ਗੁਰਦੁਆਰੇ ਦਾ ਬਹਾਨਾ ਲਾ ਕੇ ਆਪਣੀ ਕੋਠੀ ਤੇ ਕਈ ਸਾਰੀਆਂ ਦੁਕਾਨਾਂ ਬਣਾ ਕੇ ਕਿਰਾਏ ਤੇ ਚੜ੍ਹਾ ਦਿੱਤੀਆਂ ਜਾਂਦੀਆਂ ਹਨ। ਪੁੱਤਰ ਪੋਤਰਿਆਂ, ਸਕੇ ਸਬੰਧੀਆਂ ਦੀਆਂ ਪੁਸ਼ਤਾਂ ਦੀਆਂ ਰੋਟੀਆਂ ਖਰੀਆਂ ਕਰ ਲਈਆਂ ਜਾਂਦੀਆਂ ਹਨ। ਭਾਈ ਗੁਰਦਾਸ ਜੀ ਫੁਰਮਾਨ ਕਰਦੇ ਹਨ-

**ਸਾਧਨ ਦੁਰਾਇ ਕੈ, ਅਸਾਧ ਅਪਰਾਧ ਕਰੈ, ਉਲਟੀਐ ਚਾਲ ਕਲੀਕਾਲ ਭ੍ਰਮ ਭਾਖੀਐ।।(532)**

ਸਾਧੂਆਂ ਵਰਗੇ ਭੇਖ ਅਤੇ ਤਰੀਕੇ ਅਪਣਾ ਕੇ ਅਣਗਿਣਤ ਠੱਗ ਲੋਕ ਭੋਲੇ ਸੇਵਕਾਂ ਨੂੰ ਲੁੱਟ ਕੇ ਖਾ ਰਹੇ ਹਨ। ਜ਼ਮਾਨੇ ਦੀ ਚਾਲ ਹੀ ਉਲਟੀ ਹੋ ਗਈ ਹੈ। ਅਸਾਧ (ਪਾਪੀ) ਬੰਦੇ, ਅਖੌਤੀ ਸੰਤਤਾਈ ਰਾਹੀਂ ਵੱਡੇ ਵੱਡੇ ਅਪਰਾਧ ਕਰ ਰਹੇ ਹਨ। ਸਤਿਗੁਰੂ ਜੀ ! ਗਿਆਨ ਦੀ ਹਨੇਰੀ ਵਗਾ ਦਿਓ। ਤਾਂ ਕਿ ਤੁਹਾਡਾ ਸਾਜਿਆ ਦੂਲਾ ਪੰਥ ਸ਼ਬਦ ਰਾਹੀਂ ਜੀਵਨ ਸੇਧ ਲੈਣ ਲੱਗ ਪਵੇ।

**000**

# "ਧਾਰਮਿਕ ਝੂਠ"

ਸਤਿਗੁਰੂ ਨਾਨਕ ਸਾਹਿਬ ਜੀ ਨੇ ਗੰਭੀਰ ਚਿੰਤਨ ਤੋਂ ਬਾਅਦ ਲੰਮੀ ਕਾਰਜ ਵਿਧੀ ਤਿਆਰ ਕੀਤੀ। ਉਸ ਦੀ ਰੂਪ ਰੇਖਾ ਉਲੀਕ ਕੇ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਸੁਲਤਾਨਪੁਰ ਤੋਂ **''ਚੜਿਆ ਸੋਧਣਿ ਧਰਤ ਲੋਕਾਈ'',** ਲੰਮੇ ਸਫਰ ਆਰੰਭ ਦਿੱਤੇ। ਜਿਥੇ ਕਿਤੇ ਧਰਮ ਨੂੰ ਕਲੰਕਤ ਕਰ ਰਹੇ ਅਖੌਤੀ ਧਰਮੀ ਧਾਰਮਕ ਭੇਖ ਧਾਰ ਕੇ ਭੋਲੀ ਭਾਲੀ ਜੰਤਾ ਦਾ ਖੂਨ ਡੀਕ ਰਹੇ ਸਨ। ਸਤਿਗੁਰੂ ਜੀ ਨੇ ਉਸੇ ਥਾਂ ਪੁੱਜ ਕੇ ਧਰਮ ਦੇ ਬੁਰਕੇ ਨੂੰ ਤਾਰ ਤਾਰ ਕੀਤਾ। ਇਹਨਾਂ ਮਨੁੱਖਤਾ ਦੇ ਦੁਸ਼ਮਣਾਂ ਦਾ ਅਸਲੀ ਚਿਹਰਾ ਜੱਗ ਜਾਹਰ ਕੀਤਾ। ਸਤਿਗੁਰੂ ਜੀ ਨੇ ਦਸਾਂ ਜਾਮਿਆਂ ਰਾਹੀਂ ਬੇਖੌਫ ਸੱਚ ਦੀ ਅਵਾਜ਼ ਬੁਲੰਦ ਕੀਤੀ। ਖੁਦ ਸੱਚ ਮਾਰਗ ਤੇ ਚਲਦੇ ਰਹੇ, ਭਾਵੇ ਂ ਇਸ ਦੀ ਕਿੰਨੀ ਵੱਡੀ ਕੀਮਤ ਕਿਉਂ ਨਾ ਤਾਰਨੀ ਪਈ। ਆਪਣੇ ਪੈਰੋਕਾਰਾਂ ਨੂੰ ਜਾਨ ਦੀ ਬਾਜੀ ਲਾ ਕੇਭਹੀ ਸੱਚ ਮਾਰਗ ਤੇ ਚਲਦੇ ਰਹਿਣ ਦੀ ਬਾਰ ਬਾਰ ਤਾਕੀਦ ਕੀਤੀ। ਇਸੇ ਕਾਰਨ ਸਤਿਗੁਰੂ ਜੀ ਦੇ ਜੀਵਨ ਕਾਲ ਵਿਚ ਭੀ ਤੇ ਉਹਨਾਂ ਤੋਂ ਮਗਰੋਂ ਲੰਮੇ ਸਮੇਂ ਤੱਕ ਭੀ ਖੂਨ ਦੀਆਂ ਨਦੀਆਂ ਬਹਾ ਕੇ ਸਰੀਰਾਂ ਨੂੰ ਚਿਰਵਾ ਕੇ, ਬੱਚਿਆਂ ਦੇ ਟੁਕੜੇ ਕਰਵਾ ਕੇ, **ਸੌ ਸਾਲ ਤੱਕ ਜੰਗਲੀ ਵਾਸ ਕਰਕੇ ਭੀ ਸਿੱਖ ਸੂਰਮਿਆਂ ਨੇ ਅਡੋਲ ਰਹਿ ਕੇ ਸੱਚ ਤੇ ਪਹਿਰਾ ਦਿੱਤਾ। ਸਿੱਖਾਂ ਦੀ ਬਹਾਦਰੀ ਅਤੇ ਪਾਕ ਜੀਵਨ ਦੇ ਦੁਸ਼ਮਣਾਂ ਨੇ ਭੀ ਸੋਹਿਲੇ ਗਾਏ। ਹਿੰਦੂ ਮੁਸਲਮਾਨਾਂ ਦੇ ਮੁਕਾਬਲੇ ਸਿੱਖਾਂ ਦੀ ਗਿਣਤੀ ਬਿਲਕੁਲ ਥੋੜ੍ਹੀ ਸੀ। ਪਰ ਸਤਿਗੁਰੂ ਵੱਲੋਂ ਬਖ਼ਸ਼ੇ ਅਨੇਕ ਗੁਣਾਂ ਦੇ ਧਾਰਨੀ ਹੋਣ ਕਾਰਨ ਸਿੱਖ ਸਾਰਿਆਂ ਤੇ ਭਾਰੂ ਸਨ। ਸਿੱਖ ਹੋਣ ਦਾ ਦੂਜਾ ਮਹਿਨਾ ਹੀ ਇਹ ਸੀ ਕਿ ਇਹ ਬਹੁਤ ਨੇਕ ਇਨਸਾਨ ਹਨ।**

ਹੁਣ ਬਹੁਤ ਸਾਰਾ ਪਾਣੀ ਪੁਲਾਂ ਹੇਠ ਦੀ ਲੰਘ ਚੁੱਕਿਆ ਹੈ। ਇਸ ਗੱਲ ਤੇ ਲਗਭਗ ਸਾਰੇ ਸਿਆਣੇ ਲੋਕ ਇੱਕ ਮੱਤ ਹਨ ਕਿ ਰਾਜਨੀਤੀ ਫਰੇਬੀ, ਝੂਠੇ ਅਤੇ ਗੁੰਡੇ ਲੋਕਾਂ ਦੀ ਸ਼ਕਤੀਸ਼ਾਲੀ ਪਨਾਹਗਾਹ ਬਣ ਚੁੱਕੀ ਹੈ। ਨੇੜ ਭਵਿੱਖ ਵਿੱਚ ਇਸ ਦਾ ਸੁਧਰਨਾ ਅਸੰਭਵ ਪ੍ਰਤੀਤ ਹੋ ਰਿਹਾ ਹੈ। ਆਖਰੀ ਟੇਕ ਰਹਿ ਜਾਂਦੀ ਹੈ ਧਰਮ ਤੇ। ਸ਼ਾਇਦ ਸੱਚੇ ਧਰਮੀ ਲੋਕ ਮਨੁੱਖਤਾ ਨੂੰ ਅਗਿਆਨਤਾ ਵਿੱਚੋਂ ਝੰਜੋੜਕੇ ਜਗਾਉਣਗੇ। ਰਾਜਸੀ ਲੁਟੇਰਿਆਂ ਦਾ ਅਤੇ ਭਰਿਸ਼ਟ ਸਰਕਾਰੀ ਅਫਸਰਾਂ ਦਾ ਅਸਲੀ (ਕਰੂਰ) ਚਿਹਰਾ ਸਭ ਦੇ ਸਹਾਮਣੇ ਲਿਆਉਣਗੇ। ਹੋਇਆ ਇਸ ਦੇ ਐਨ ਉਲਟ, ਧਾਰਮਿਕ ਰੋਲਿਆਂ ਵਿਚ ਸਜੇ ਲੋਕ ਧਰਮ ਅਸਥਾਨਾਂ ਵਿੱਚ ਬੈਠਣ ਵਾਲੇ ਧਰਮੀ ਭੇਖ ਵਾਲੇ, ਧਾਰਮਕ ਗ੍ਰੰਥਾਂ ਅਤੇ ਵੱਡੇ ਵੱਡੇ ਮਹਾਪੁਰਖਾਂ ਦੇ ਹਵਾਲੇ ਦੇਣ ਵਾਲੇ ਖੁਦ ਬੇਈਮਾਨੀ ਦੀ ਦਲਦਲ ਵਿਚ ਗਰਕ ਹੋ ਗਏ ਹਨ। ਹੋਰ ਪਾਪ ਕਰਮ ਇਹ ਕਿ ਜਾਲਮ ਰਾਜਨੀਤਕਾਂ ਦੇ ਹੱਥ ਠੋਕੇ ਬਣ ਚੁੱਕੇ ਹਨ। ਗੈਰ

ਸਿੱਖ ਇਸ ਤਰ੍ਹਾਂ ਕਰਨ ਤਾਂ ਭੀ ਬਹੁਤ ਅਫਸੋਸ ਹੁੰਦਾ ਹੈ। ਪਰ ਸਿੱਖ ਅਖਵਾਉਣ ਵਾਲੇ ਹੀ ਧਾਰਮਕ ਕੁਰਸੀਆਂ ਤੇ ਬਿਰਾਜਮਾਨ ਲੋਕ ਹੀ ਮਕਾਰਾਂ ਵਾਲੀ ਕਤਾਰ ਵਿਚ ਖੜ੍ਹੇ ਹੋਣ,......ਵੇਖ ਸੁਣ ਕੇ ਰੂਹ ਕੁਰਲਾ ਉੱਠਦੀ ਹੈ।

ਹਿੰਦੂ ਸਮਾਜ ਦੇ ਧਾਰਮਕ ਆਖੇ ਜਾਂਦੇ ਗ੍ਰੰਥ, ਪ੍ਰਾਭੌਤਿਕ ਅਤੇ ਬਚਗਾਨੀਆਂ ਕਥਾਵਾਂ ਨਾਲ ਨੱਕੋ ਨੱਕ ਭਰੇ ਵੇਖੇ ਜਾ ਸਕਦੇ ਹਨ। ਸ੍ਰਿਸਟੀ ਦੀ ਉਤਪਤੀ ਤਿੰਨਾਂ ਦੇਵਤਿਆਂ (ਬ੍ਰਹਮਾ ਬਿਸ਼ਨੂੰ ਤੇ ਸ਼ਿਵ) ਦਾ ਜਨਮ ਅਤੇ ਸਭਨਾਂ ਜੀਵਾਂ ਦਾ ਲੇਖਾ ਜੋਖਾ ਕਰਨਾ ਕਪੋਲ ਕਲਪਣਾ ਤੋਂ ਬਿਨਾਂ ਕੁਝ ਭੀ ਨਹੀਂ ਹੈ। ਇਹਨਾਂ ਦੇਵਤਿਆਂ ਦੀਆਂ ਪਤਨੀਆਂ, ਔਲਾਦ, ਸਵਾਰੀਆਂ ਅਤੇ ਇਹਨਾਂ ਦੇ ਸਾਰੇ ਕੰਮ .......। ਪੜ੍ਹਕੇ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਚੌਵੀ ਅਵਤਾਰ, ਗਣੇਸ਼, ਹਨੂਮਾਨ, ਰਾਵਣ, ਦੁਰਗਾ ਦੇਵੀ, ਗੰਗਾ ਮਈਆ ..... ਇਹ ਇੱਕੋ-ਇੱਕ ਲਾਜੁਆਬ ਵੱਖਰੀ ਕਿਸਮ ਦੀਆਂ ਨਸਲਾਂ ਸ਼ਕਲਾਂ ਵਾਲੇ ਕਿਸ ਧਰਤੀ ਦੇ ਜੀਵ ਹਨ? ਹਿੰਦੂ ਸਟੇਜਾਂ ਤੇ ਹੀ ਨਹੀਂ ਬਲਕਿ ਸਿੱਖ ਸਟੇਜਾਂ ਤੇ ਬੜੀ **''ਸ਼ਰਧਾ''** ਸਹਿਤ ਇਹਨਾਂ ਦੇ ਜੀਵਨ ਕਾਰਨਾਮੇ ਭੋਲੀਆਂ ਸੰਗਤਾਂ ਨੂੰ ਜਨਮ ਮਰਨ ਤੋਂ ਮੁਕਤ ਕਰਨ ਲਈ ਸਰਵਣ ਕਰਵਾਏ ਜਾ ਰਹੇ ਹਨ। ਹਜ਼ਾਰਾਂ ਸਾਲ ਤੋਂ ਵਿਚਾਰੇ ਬੇਬਸ ਲੋਕਾਂ ਨੂੰ ਪੱਥਰਾਂ ਦੇ ਭਗਵਾਨਾਂ ਅੱਗੇ ਡੰਡਉਤ ਬੰਦਨਾ ਕਰਨ ਤੇ ਲਾਇਆ ਹੋਇਆ ਹੈ। ਨਿੱਕੀ ਕੀੜੀ ਤੋਂ ਲੈ ਕੇ ਕਾਂ, ਕੁੱਤੇ, ਖੋਤੇ, ਗਾਵਾਂ, ਮੱਝਾਂ, ਹਾਥੀ ਘੋੜਿਆਂ ਤੋਂ ਲੈ ਕੇ, ਬਨਸਪਤੀ ਰੁੱਖ ਬਿਰਖ, ਦਰਿਆ, ਅੱਗ, ਹਵਾ, ਪਾਣੀ, ਭੀ ਰੱਬ ਬਣਾ ਕੇ ਪਰੋਸ ਦਿੱਤੇ ਗਏ। ਧਰਤੀ, ਚੰਦ, ਸੂਰਜ ਸਮੇਤ ਬ੍ਰਾਹਮਣ ਪੁਜਾਰੀ ਨੇ, ਮਨੁੱਖ ਨੂੰ ਸਾਰਿਆਂ ਅੱਗੇ ਲੰਮਾ ਪਾ ਦਿੱਤਾ ਗਿਆ। ਬਹੁਤ ਸਾਰੇ ਚਾਲਾਕ ਕਿਸਮ ਦੇ ਪੁਜਾਰੀ ਲੋਕ ਰਾਜਨੀਤਕਾਂ ਦੀ ਸਰਪ੍ਰਸਤੀ ਅਤੇ ਮਿਲੀਭੁਗਤ ਨਾਲ ਅੱਜ ਭੀ ਇਹੀ ਕੁਕਰਮ ਕਰਦੇ ਆ ਰਹੇ ਹਨ।

ਚਲੋ ਛੱਡੋ ਅਨਮਤੀਆਂ ਦੀਆਂ ਇਹਨਾਂ ਬੇਸਿਰ ਪੈਰ ਦੀਆ ਕਹਾਣੀਆਂ ਨੂੰ ਉਹਨਾਂ ਦੇ ਵਡੇਰਿਆਂ ਜੋ ਲਿਖ ਦਿੱਤਾ, ਜਿਸ ਗੱਲ ਨੂੰ ਪੁਜਾਰੀ ਵਰਗ ਨੇ ਲੋਕ ਮਨਾਂ ਵਿਚ ਧੱਕ ਦਿੱਤਾ, ਉਹਨਾਂ ਨੇ ਤਾਂ ਉਸੇ ਤਰ੍ਹਾਂ ਜੀਵਨ ਗੱਡੀ ਜ਼ਿੰਦਗੀ ਦਾ ਬੋਝਾ ਢੋਣਾ ਹੀ ਹੈ। ਘੋਰ ਦੁੱਖ ਦੀ ਗੱਲ ਇਹ ਹੈ ਕਿ ਸੂਰਜਵੱਤ ਰੌਸ਼ਨ ਗੁਰਬਾਣੀ ਦਾ ਚਾਨਣ ਸਿੱਖਾਂ ਦੀ ਅਗਵਾਈ ਵਾਸਤੇ ਮੌਜੂਦ ਹੋਵੇ। ਪਰ ਸਿੱਖ ਉਨ੍ਹਾਂ ਹੀ ਹਨੇਰੀਆਂ ਖੱਡਾਂ ਖਾਈਆਂ ਵਿਚ ਗਰਕਦੇ, ਧਸਦੇ ਚਲੇ ਜਾ ਰਹੇ ਹਨ। ਸਤਿਗੁਰੂ ਜੀ ਨੇ **''ਆਦਿ ਸਚੁ''** ਤੋਂ ਉਪਦੇਸ਼ ਸ਼ੁਰੂ ਕੀਤਾ। **''ਮਾਸ ਪੁਰੀ''** ਵਿਚ ਖਲੋ ਕੇ ਭੀ **''ਸਚੁ ਸੁਣਾਇਸੀ ਸਚੁ ਦੀ ਬੇਲਾ''** ਦੀ ਸਿੰਘ ਗਰਜ ਨਾਲ ਸੱਚ ਬੋਲਦੇ, ਸੱਚ ਦੇ ਮਾਰਗ ਤੇ ਚਲਦੇ ਹੋਏ, ਆਪਣੇ ਸੇਵਕਾਂ ਨੂੰ ਸੱਚ ਦੇ ਪਾਂਧੀ ਬਣਾਉਂਦੇ ਰਹੇ। ਜਿਤਨੀ ਦੇਰ ਸਿੱਖਾਂ ਨੇ ਸੱਚ ਮਾਰਗ ਧਾਰਨ ਕਰੀ ਰੱਖਿਆ, ਉਤਨੀ ਦੇਰ ਅੱਗੇ ਵਧਦੇ ਗਏ। ਜਦੋਂ ਸਿੱਖ ਪੰਥ ਝੂਠ ਵਾਲੇ ਪਾਸੇ ਚੱਲ ਪਿਆ, ਗੁਣਾਂ ਨੂੰ ਤਲਾਂਜਲੀ ਦੇ ਦਿੱਤੀ, ਸਤਿਗੁਰੂ ਨੇ ਝੂਠਿਆ ਦਾ ਸਾਥ ਦੇਣਾ ਛੱਡ ਦਿੱਤਾ। ਸਿੱਖ ਡਿੱਗਦੇ ਗਏ

ਹਾਰਦੇ ਗਏ, ਅੱਕੀਂ ਪਲਾਹੀਂ ਹੱਥ ਮਾਰਦੇ ਰਹੇ, ਨਿਰਾਸ਼ਤਾ ਤੋਂ ਸਿਵਾਏ ਕੁਝ ਹੱਥ ਨਾ ਆਇਆ।

ਕੁਝ ਇਕ ਉਂਗਲਾਂ ਤੇ ਗਿਣੇ ਜਾਣ ਜੋਗੇ ਸਿੱਖ ਹਨ ਜੋ ਇਸ ਫਰੇਬ ਦਾ ਕਰੂਪ ਚਿਹਰਾ ਨੰਗਾ ਕਰਨ ਲਈ ਕਮਰ ਕੱਸੇ ਕਰੀ ਪੂਰੀ ਤਿਆਰੀ ਵਿੱਚ ਹਨ। ਬਾਕੀ ਆਮ ਸਿੱਖ ਤੋਂ ਸ਼ੁਰੂ ਕਰੀਏ ਉਚੇ ਬੁਰਜਾਂ ਤਕ ਕੂੜ ਦਾ ਹੀ ਬੋਲਬਾਲਾ ਸਾਫ ਦਿਸ ਰਿਹਾ ਹੈ। ਆਉ ਸੰਖੇਪ ਵਿਚ ਇੱਕ-ਇੱਕ ਦੀ ਚੀਰ ਫਾੜ੍ਹ ਕਰੀਏ :-

1. ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਦੀਵਾਨ ਸਜਦੇ ਹਨ। ਸਟੇਜ ਸੈਕਟਰੀ ਨਾਮ ਬੋਲਕੇ ਦਸਦਾ ਹੈ .... ਸਿੰਘ ਜੀ ਦੋ ਮਿੰਟ ਵਾਸਤੇ ਸੰਗਤਾਂ ਦੇ ਦਰਸ਼ਨ ਕਰਨਗੇ। ਦਰਸ਼ਨ ਕਰਨ ਵਾਲੇ ਸਿੰਘ ਜੀ ਮਾਈਕ ਨੂੰ ਅਜਿਹਾ ਜੱਫਾ ਮਾਰਦੇ ਹਨ ਕਿ ਅੱਧਾ ਪੌਣਾਂ ਘੰਟਾ ਬੀਤ ਜਾਂਦਾ ਹੈ। ਪਰ ਉਸ ਦੇ ਦੋ ਮਿੰਟ ਅਜੇ ਖਤਮ ਹੋਣ ਦਾ ਨਾਂ ਨਹੀਂ ਲੈਂਦੇ। ਫਿਰ ਕੀਰਤਨੀਏ ਸ਼ਾਇਦ ਹੀ ਕਦੀ ਆਪਣੇ ਮਿੱਥੇ ਸਮੇਂ ਅੰਦਰ ਸਮਾਪਤੀ ਕਰਨ। ਕਵੀਸ਼ਰ ਢਾਡੀ ਕਥਾ ਵਾਲੇ ਭਲਾ ਇਹ ਸਾਰੇ ਕਿਉਂ ਕਿਸੇ ਤੋਂ ਪਿੱਛੇ ਰਹਿਣ? ਉਂਞ ਦੀਵਾਨ ਮਿੱਥੇ ਸਮੇਂ ਤੋਂ ਪਹਿਲੋਂ ਹੀ ਦੋ ਘੰਟੇ ਲੇਟ ਸ਼ੁਰੂ ਹੁੰਦਾ ਹੈ। ਸਮਾਪਤੀ ਦੋ ਤਿੰਨ ਘੰਟੇ ਲੇਟ ਹੋ ਜਾਵੇ ਤਾਂ ਕਾਹਦੀ ਹੈਰਾਨੀ? **ਧਾਰਮਕ ਸਟੇਜ ਜੁ ਹੋਈ।**

2. ਸਟੇਜ ਤੇ ਗੁਰਬਾਣੀ ਦਾ ਕੀਰਤਨ ਕਰਨ ਦੀ ਥਾਵੇਂ ਅਖੌਤੀ ਸੰਤ ਕੱਚੀਆਂ ਪਿਲੀਆਂ ਰਚਨਾਵਾਂ ਪੜ੍ਹਕੇ ਸੰਗਤ ਅਤੇ ਸਤਿਗੁਰੂ ਜੀ ਦਾ ਸ਼ਰੇਆਮ ਨਿਰਾਦਰ ਕਰਦੇ ਹਨ। ਗੁਰੂ ਸਾਹਿਬਾਨ ਵੱਲੋਂ ਦਿੱਤੇ ਅਨੰਤ ਪਰਉਪਕਾਰ ਵਿਸਾਰਕੇ, ਆਪਣੇ ਤੋਂ ਪਹਿਲਾਂ ਹੋ ਚੁੱਕੇ ਡੇਰੇਦਾਰਾਂ ਦੇ ਸੋਹਿਲੇ ਗਾਈ ਜਾਂਦੇ ਹਨ। ਜਦੋਂ ਕਿ ਅਸਲੀਅਤ ਵਿਚ ਉਹਨਾਂ ਭੂਤਪੂਰਵ ਡੇਰੇਦਾਰਾਂ ਵਿਚ ਬਿਆਨ ਕੀਤਾ ਗਿਆ ਕੋਈ ਗੁਣ ਨਹੀਂ ਹੁੰਦਾ। ਸਟੇਜਾਂ ਤੇ ਬੜੀ ਢੀਠਤਾਈ ਨਾਲ ਝੂਠ ਬੋਲਿਆ ਜਾਂਦਾ ਹੈ। ਕੀਰਤਨੀਆਂ ਵਿਚ ਕਥਾ ਦਾ ਮਾਹਿਰ ਕੋਈ ਵਿਰਲਾ ਹੈ। ਪਰ ਬਹੁਤੇ ਰਾਗੀ ਕਥਾ ਵਖਿਆਨ ਦਾ ਝੱਸ ਪੂਰਾ ਭੀ ਕਰਨ ਲੱਗ ਪੈਂਦੇ ਹਨ। ਫਿਰ ਬੇਰਸੀਆਂ ਤੇ ਬੇ-ਸਿਰ ਪੈਰ ਦੀਆਂ ਕਹਾਣੀਆਂ ਸੁਣਾ ਕੇ ਆਪਣੀ ਅਕਲ ਦਾ ਦਿਵਾਲਾ ਸਭ ਦੇ ਸਾਹਮਣੇ ਕੱਢਦੇ ਆਮ ਵੇਖੇ ਜਾ ਸਕਦੇ ਹਨ। ਮੌਜੂਦਾ ਕੀਰਤਨੀ ਜਥਿਆਂ ਵਿਚੋਂ, ਭਾਈ ਹਰਬੰਸ ਸਿੰਘ ਜਗਾਧਰੀ ਵਾਲੇ, ਬਲਵਿੰਦਰ ਸਿੰਘ ਰੰਗੀਲਾ (ਚੰਡੀਗੜ੍ਹ) ਅਤੇ ਭਾਈ ਚਰਨਜੀਤ ਸਿੰਘ (ਲਾਲ) ਵੱਲੋ ਆਪਣੇ ਕੀਰਤਨ ਦੀ ਆੜ ਵਿਚ ਅਜਿਹੀਆਂ ਝੂਠ ਦੀਆ ਪੰਡਾਂ (ਪੌਰਾਣਕ ਕਥਾਵਾਂ), ਸਿੱਖਾਂ ਅੰਦਰ ਧਕੇਲੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਅੰਤ ਪਾਰਾਵਾਰ ਕੋਈ ਨਹੀਂ। ਜਿਨ੍ਹਾਂ ਦੇਵੀ ਦੇਵਤਿਆਂ ਨੂੰ ਗੁਰਬਾਣੀ ਮੂਲੋਂ ਰੱਦ ਕਰਦੀ ਹੈ, ਜੋ ਕੇਵਲ ਕਲਪਣਾ ਤੇ ਅਧਾਰਤ ਹਨ। ਜੋ ਅਣਵਿਗਿਆਨਕ ਹਨ, ਉਹੀ ਪੱਥਰ ਜੁੱਗ ਦੀਆਂ ਝੂਠੀਆਂ ਪੰਡਾਂ ਸਿੱਖ ਮਨਾਂ ਅੰਦਰ ਧਕੇਲਣ ਦਾ ਬੱਜਰ ਪਾਪ ਕੀਤਾ ਜਾ ਰਿਹਾ ਹੈ। ਬਾਕੀ ਡੇਰੇਦਾਰ ਸਾਧ ਤੇ ਟਕਸਾਲਾਂ ਵਾਲੇ ਤਾਂ ਬਹੁਤ ਲੰਮੇ ਸਮੇ ਤੋਂ ਸਿੱਖਾਂ ਨੂੰ ਗੁਮਰਾਹ ਕਰਦੇ ਆ ਰਹੇ ਹਨ। ਇਹ ਸਾਰੇ **''ਧਰਮੀ ਪੁਰਖ'' ਜੁ ਹੋਏ।**

3. ਗੁਰੂ ਨਾਨਕ ਸਾਹਿਬ ਜੀ ਨੇ ਸਰਬੱਤ ਮਨੁੱਖ ਮਾਤਰ ਨੂੰ ਆਪਣੀ ਪਿਆਰ ਗਲਵਕੜੀ ਵਿਚ ਲੈ ਕੇ ਸਮਾਜ ਵਿਚ ਫੈਲਿਆ ਜਾਤਪਾਤੀ ਕੋਹੜ ਮੁੱਢੋਂ ਰੱਦ ਕਰ ਦਿੱਤਾ। ਹਰ ਇਨਸਾਨ ਨੂੰ ਬਰਾਬਰ ਦਾ ਦਰਜਾ ਦਿੱਤਾ। ਦਸਮ ਪਾਤਸ਼ਾਹ ਨੇ ਖੰਡੇ ਕੀ ਪਾਹੁਲ ਦੇ ਕੇ ਸੰਪੂਰਣਤਾ ਦੀ ਮੋਹਰ ਲਾ ਦਿੱਤੀ। ਟੁਕੜਿਆਂ ਵਿਚ ਵੰਡੀ ਹੋਈ ਕਮਜ਼ੋਰ ਸਭਿਅਤਾ ਨੂੰ ਏਕਤਾ ਦੇ ਤਾਕਤਵਰ ਸੂਤਰ ਵਿਚ ਪਰੋਣ ਦਾ ਸਫਲ ਕਾਰਜ ਕੀਤਾ। ਮਸੰਦ ਪ੍ਰਥਾ, ਸਖਸ਼ੀ ਡੇਰੇਦਾਰੀ, ਆਪੋ ਆਪਣਾ ਜੀਵਨ ਢੰਗ, ਮੂਲੋਂ ਰੱਦ ਕਰਕੇ ਗੁਰਮੁਖ ਜਾਂ ਖਾਲਸਾ ਬਣਾਇਆ। ਪਰ ਅੱਜ ਚਾਰੇ ਬੰਨ੍ਹੇ ਸਿੱਖ ਘੱਟ ਡੇਰੇਦਾਰ ਮਸੰਦ ਬਹੁਤੇ ਨਜ਼ਰ ਆ ਰਹੇ ਹਨ। ਜਿੰਨੇ ਕੁ ਸਿੱਖ ਦਿਸਦੇ ਹਨ ਇਹ ''ਗੁਰੂ ਕੇ ਘੱਟ ਤੇ ਸਾਧਾਂ ਕੇ ਜ਼ਿਆਦਾ'' ਹਨ। ਕੋਈ ਆਪਣੇ ਆਪ ਨੂੰ ਭਾਈ ਮਰਦਾਨਾ ਦੀ ਬੰਸ ਦਸ ਰਿਹਾ ਹੈ ਤੇ ਕੋਈ ਸੋਢੀ ਬੇਦੀ ਬਣ ਕੇ ਗੁਰੂ ਸਾਹਿਬਾਨ ਦਾ ਉੱਤਰਾਧਿਕਾਰੀ ਹੋਣ ਦਾ ਢੋਲ ਪਿੱਟ ਰਿਹਾ ਹੈ। ਜਿਵੇਂ ਕਿ ਭਾਈ ਸਰਬਜੋਤ ਸਿੰਘ (ਬੇਦੀ-ਊਨੇ ਵਾਲੇ) ਗੁਰੂ ਨਾਨਕ ਸਾਹਿਬ ਜੀ ਦੀ ਚੌਧਵੀਂ ਔਲਾਦ ਹੋਣ ਦਾ ਪਟਾ ਗਲ ਵਿਚ ਪਾਈ ਫਿਰਦੇ ਹਨ ਫਿਰ ਤਾਂ ਪੁਲਿਸ ਅਫ਼ਸਰ (ਸਾਬਕਾ) ਕਿਰਨ ਬੇਦੀ ਅਤੇ ਫਿਲਮੀ ਨਾਚੀ ਮੰਦਰਾ ਬੇਦੀ ਭੀ ਸਰਬਜੋਤ ਸਿੰਘ ਬੇਦੀ ਦੀਆਂ ਹੀ ਰਿਸ਼ਤੇਦਾਰ ਹੋਈਆਂ। ਛੇਵੇਂ ਪਾਤਸ਼ਾਹ ਜੀ ਦਾ ਇੱਕ ਬਹਾਦਰ ਸਿੱਖ ਹੋਇਆ ਹੈ ਭਾਈ ਬਿਧੀ ਚੰਦ। ਖ਼ੁਦਗਰਜ਼ ਡੇਰੇਦਾਰਾਂ ਨੇ ਆਪਣੀ ਗੱਦੀ ਵੱਖਰੀ ਚਲਾ ਲਈ ਹੈ ਬਿਧੀਚੰਦੀਏ। ਸੇਵਾ ਪੰਥੀ ਸੰਪਰਦਾਇ ਨੇ ਆਪਣਾ ਪਿਛੋਕੜ ਭਾਈ ਘਨੱਈਆ ਜੀ ਨਾਲ ਜਾ ਚਿਪਕਾਇਆ। ਇਕ ਹੋਰ ਡੇਰੇਦਾਰ ਲਾਣੇ ਨੇ ਪਹਿਲਾਂ ਭਾਈ ਮਨੀ ਸਿੰਘ ਨਾਲ ਆਪਣਾ ਰਿਸ਼ਤਾ ਗੰਢਿਆ। ਫਿਰ ਸੱਤਰ ਦੇ ਦਹਾਕੇ ਵਿਚ ਧੋਬੀ ਪਟਕਾ ਮਾਰ ਕੇ ਭਾਈ ਮਨੀ ਸਿੰਘ ਨੂੰ ਬੇਦਾਵਾ ਦੇ ਕੇ ਬਾਬਾ ਦੀਪ ਸਿੰਘ ਨੂੰ ਆਪਣਾ ਪਹਿਲਾ ਮੁਖੀ ਘੋਸ਼ਿਤ ਕਰ ਦਿੱਤਾ। ਜਦੋਂ ਕਿ ਇਤਿਹਾਸਕ ਸੱਚਾਈ ਇਹ ਹੈ ਕਿ ਟਕਸਾਲ ਨਾ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਰਾਹੀਂ ਚਲਾਈ ਹੈ ਤੇ ਨਾ ਹੀ ਬਾਬਾ ਦੀਪ ਸਿੰਘ ਜੀ ਰਾਹੀਂ। ਟਕਸਾਲੀਆਂ ਦਾ ਹਿਮਾਲਾ ਪਰਬਤ ਜਿੱਡਾ ਝੂਠ ਹੁਣ ਬਹੁਤੀ ਦੇਰ ਨਹੀਂ ਚੱਲੇਗਾ। ਦਸਮ ਪਾਤਿਸ਼ਾਹ ਸਮੁੱਚੇ ਖਾਲਸਾ ਪੰਥ ਨੂੰ ਇੱਕ ਜਿਹੇ ਅਧਿਕਾਰ ਦੇ ਕੇ ਗਏ ਸਨ, ਨਾ ਕਿ ਗੱਦੀਆਂ ਚਲਾ ਕੇ ਗਏ ਸਨ।

4 ਸੰਨ 1984 ਤੋਂ ਟਕਸਾਲ ਵਾਲੇ **''ਅਸਲੀ ਦਸਮ ਪਾਤਿਸ਼ਾਹ ਦੇ ਸਾਜੇ ਨਿਵਾਜੇ ਸਿੱਖ''** ਸ਼ਰੇਆਮ ਹੱਦ ਦਰਜੇ ਦੀ ਢੀਠਤਾਈ ਨਾਲ ਸਿੱਖ ਕੌਮ ਨੂੰ ਗੁਮਰਾਹ ਕਰਦੇ ਆ ਰਹੇ ਹਨ। ਹਰ ਰੋਜ਼ ਸੈਂਕੜੇ ਵਾਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਹਜਾਰਾਂ ਲੱਖਾਂ ਦੇ ਇਕੱਠਾਂ ਵਿਚ ਕੁਫਰ ਤੋਲਿਆ ਗਿਆ, **''ਬਾਬਾ ਜਰਨੈਲ ਸਿੰਘ ਚੜ੍ਹਦੀ ਕਲਾ ਵਿਚ ਹੈ''।** ਟਕਸਾਲੀਆਂ ਦੇ ਟੁਕੜਬੋਚ ਬੁਲਾਰੇ ਸਿੱਖ ਸਟੇਜਾਂ ਤੇ ਬਾਹਵਾਂ ਉਲਾਰ ਉਲਾਰ ਕੇ ਆਖਦੇ ਰਹੇ- **''ਜੋ ਵਿਅਕਤੀ ਇਹ ਕਹਿੰਦਾ ਹੈ ਕਿ ਬਾਬਾ ਜਰਨੈਲ ਸਿੰਘ ਸ਼ਹੀਦ ਹੋ ਗਿਆ ਹੈ, ਉਸ ਦੀ ਜੀਭ ਵਿਚ ਅਜਿਹੇ ਕੀੜੇ ਪੈਣਗੇ ਜੋ ਕਦੀ ਮਰਨਗੇ ਹੀ ਨਹੀਂ, ਚੂੰਡ ਚੂੰਡ ਖਾਂਦੇ ਰਹਿਣਗੇ ....।** ਇਹਨਾਂ ਦਾ ਵੀਹ ਸਾਲ

ਤੱਕ ਰਿਹਾ ''ਕੰਮ ਚਲਾਊ'' ਟਕਸਾਲ ਮੁਖੀ ਭਾਈ ਠਾਕੁਰ ਸਿੰਘ **''ਬ੍ਰਹਮ ਗਿਆਨਤਾ''** ਦੀ ਮਹਾਨ ਉਚ ਅਵਸਥਾ ਵਿਚੋਂ ਪ੍ਰਵਚਨ ਕਰਦਾ ਰਿਹਾ ਕਿ **''ਮੈਂ ਤੁਹਾਨੂੰ ਬਾਬਾ ਜਰਨੈਲ ਸਿੰਘ ਦੀ ਬਾਂਹ ਫੜਾ ਕੇ ਹੀ ਮਰਾਂਗਾ''।** ਉਸ ਦੀ ਆਪਣੀ ਬ੍ਰਹਮ ਗਿਆਨਤਾ ਭੀ ਪਈ ਖੂਹ ਵਿਚ, ਬਾਬਾ ਜਰਨੈਲ ਸਿੰਘ ਨੂੰ ਭੀ ਇਹਨਾਂ ਕੱਖੋਂ ਹੌਲਾ ਕਰ ਦਿੱਤਾ। ਨਾਲ ਇਹਨਾਂ ਦੇ ਪਿਛਲੱਗਾਂ ਨੇ ਭੀ ਆਪਣੀ ਇੱਜ਼ਤ ਲੁਹਾ ਲਈ ਹੈ। ਪਹਿਲਾਂ ਇੱਕੋ ਡੇਰੇ ਵਿਚੋਂ ਵੱਡੇ ਉਪੱਦਰ ਤੋਂ ਬਾਅਦ ਬ੍ਰਹਮ ਗਿਆਨਤਾ ਦੋ ਟੁਕੜਿਆਂ ਵਿਚ ਵੰਡੀ ਗਈ ਸੀ। ਗਿਆਨੀ ਮੋਹਣ ਸਿੰਘ ਇਕ ਪਾਸੇ ਤੇ ਗਿਆਨੀ ਕਰਤਾਰ ਸਿੰਘ ਦੂਜੇ ਪਾਸੇ। ਇੱਕ ਡੇਰਾ ਭਿੰਡਰਾਂ (ਮੋਗੇ ਨੇੜੇ) ਦੂਜਾ ਡੇਰਾ ਮਹਿਤੇ ਚੌਕ ਵਿਖੇ। ਹੁਣ ਭਾਈ ਠਾਕੁਰ ਸਿੰਘ ਦੇ ਚਲਾਣਾ ਕਰਨ ਤੇ ਬ੍ਰਹਮਗਿਆਨਤਾ ਦੀਆਂ ਫਿਰ ਦੋ ਢੇਰੀਆਂ ਪੈ ਗਈਆਂ, ਇਕ ਪਾਸੇ ਭਾਈ ਰਾਮ ਸਿੰਘ **''ਪੱਕਾ ਮੁਖੀ''।** ਦੂਜੇ ਪਾਸੇ ਭਾਈ ਹਰਨਾਮ ਸਿੰਘ **''ਕੰਮ ਚਲਾਊ''** ਮੁਖੀ। ਇੱਕੀ ਸਾਲ ਤੋਂ ਝੂਠ ਬੋਲ ਕੇ ਅਜੇ ਤੱਕ ਢਿੱਡ ਨਹੀਂ ਭਰਿਆ ਇਹਨਾਂ ਵੱਡੇ ਬ੍ਰਹਮਗਿਆਨੀਆਂ ਦਾ? ਇਕ ਜ਼ਮਾਨਾ ਸੀ ਕਿ ਸਿੱਖ ਦੀ ਜਾਨ ਭਾਵੇਂ ਚਲੀ ਜਾਵੇ ਪਰ ਝੂਠ ਨਹੀਂ ਬੋਲਦਾ ਸੀ। ਜਮੀਨਾਂ ਤੇ ਰਿਸ਼ਤੇਦਾਰੀਆਂ ਦਾ ਸੱਚੋ ਸੱਚ ਨਿਤਾਰਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੁੰਦਾ ਸੀ। ਕੋਈ ਝੂਠਾ ਬੰਦਾ ਗੁਰੂ ਦੀ ਕਸਮ ਨਹੀਂ ਖਾਂਦਾ ਸੀ। ਆਹ ਪਾਪ ਦੀ ਬੇੜੀ ਵਿਚ ਸਵਾਰ ਟਕਸਾਲੀਏ ਮਨਮੁੱਖਾਂ ਨੇ ਗੁਰੂ ਦੀ ਹਜ਼ੂਰੀ ਵਿਚ ਝੂਠ ਬੋਲਣ ਦੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਸਿੱਖ ਮਨਾਂ ਵਿਚੋਂ ਗੁਰੂ ਦਾ ਨਿਰਮਲ ਭੈ ਖਤਮ ਕਰਵਾ ਦਿੱਤਾ ਹੈ। ਕੀ ਸਿੱਖ ਧਰਮ ਬਸ ਫਰੇਬੀਆਂ ਤੇ ਝੂਠਿਆਂ ਦਾ ਧਰਮ ਹੀ ਬਣ ਗਿਆ ਹੈ ? ਆਪਣੇ ਆਪ ਨੂੰ ਸਿੱਖਾਂ ਦੇ ਵੱਡੇ ਚੌਧਰੀ (ਜਥੇਦਾਰ) ਅਖਵਾਣ ਵਾਲੇ ਇਹਨਾਂ ਲੋਕਾਂ ਨੂੰ ਕੋਈ ਸਜ਼ਾ ਦੇ ਸਕਦਣਗੇ? ਕੀ ਅਜਿਹੇ ਲੋਕ ਹੀ ਪੰਥ ਦੇ ਸਦਾ ਧਰਮ ਮੁਖੀ ਬਣੇ ਰਹਿਣਗੇ?

ਟਕਸਾਲ ਵਾਲਿਆਂ ਵੱਲੋਂ ਪਿਛਲੇ ਸੱਤਰ ਸਾਲ ਤੋਂ ''ਸਿੱਖ ਰਹਿਤ ਮਰਿਆਦਾ'' ਮੰਨਣ ਤੋਂ ਪੂਰੀ ਤਰ੍ਹਾਂ ਬਗਾਵਤ ਕੀਤੀ ਹੋਈ ਹੈ। ਗਿਆਨੀ ਗੁਰਬਚਨ ਸਿੰਘ ਆਪਣੀ ਲਿਖੀ ਕਿਤਾਬ ''ਗੁਰਬਾਣੀ ਪਾਠ ਦਰਸ਼ਨ'' ਦੇ ਪੰਨਾ ਨੰ: 41 ਤੇ ਲਿਖਦਾ ਹੈ- ''ਗੁਰੂ ਗੋਬਿੰਦ ਸਿੰਘ ਜੀ ਕੋਲ ਇਕ ਗੋਹਜ ਕਥਾ ਦੀ ਪੋਥੀ ਹੋਇਆ ਕਰਦੀ ਸੀ......''। ਨਾ ਕੋਈ ਗੋਹਜ ਪੋਥੀ ਕਦੇ ਸੀ ਨਾ ਅੱਜ ਹੈ।ਗਿ: ਗੁਰਬਚਨ ਸਿੰਘ ਨੇ ਆਪਣੇ ਗਪੌੜਿਆਂ ਨੂੰ ਸੱਚ ਸਾਬਤ ਕਰਨ ਲਈ ਖਿੱਚ ਧੂਹ ਕੇ ਦਸਮ ਪਾਤਿਸ਼ਾਹ ਨੂੰ ਭੀ ਨਾਲ ਸ਼ਾਮਲ ਕਰ ਲਿਆ। ਗੁਰੂ ਨਾਨਕ ਸਾਹਿਬ ਜੀ ਦਸਵੇਂ ਸਰੂਪ ਵਿਚ ਪੁੱਜ ਕੇ ਕੀ ਆਪਣੇ ਸਤ ਮਾਰਗ (ਗੁਰਬਾਣੀ) ਤੋਂ ਭਟਕ ਗਏ ਸਨ? ਜੀ ਨਹੀਂ ਮੇਰੇ ਸਤਿਗੁਰੂ ਜੀ ਨੇ ਗੁਰਬਾਣੀ ਤੋਂ ਉਲਟ (ਕਹਿਣੀ ਤੇ ਕਰਨੀ ਇਕਸਾਰ) ਇਕ ਸ਼ਬਦ ਭੀ ਕਦੀ ਮੁਖਾਰਬਿੰਦ ਤੋਂ ਨਹੀਂ ਉਚਾਰਿਆ। ਟਕਸਾਲੀਆਂ ਨੇ ਅਕਾਲ ਤਖਤ ਵੱਲੋਂ ਪ੍ਰਵਾਣਿਤ ''ਰਹਿਤ ਮਰਿਆਦਾ'' ਵੱਲ ਪਿੱਠ ਕਰਕੇ, ਆਪਣੀ ਡੇਰੇਦਾਰੀ ਵਾਲੀ (ਬ੍ਰਾਹਮਣੀ ਕਰਮ ਕਾਂਡ ਪਾਖੰਡ ਜਾਲ) ਮਰਿਆਦਾ ਬਣਾ ਲਈ।

ਉਪਰੋਂ ਪਾਪ ਕਰਮ ਇਹ ਕੀਤਾ ਕਿ ਇਸ ਪਾਖੰਡ ਦੇ ਲਿਖਾਰੀ (ਗੋਹਜ ਪੋਥੀ) ਦਸਮ ਪਾਤਿਸ਼ਾਹ ਜੀ ਨੂੰ ਘੋਸ਼ਿਤ ਕਰ ਦਿੱਤਾ। ਨਾਲ ਹੀ ਇਹ ਕੁਫਰ ਭੀ ਤੋਲਿਆ ਗਿਆ ਕਿ ਸਾਡੀ (ਟਕਸਾਲ) ਮਰਿਆਦਾ **"ਸੀਨਾ ਬਸੀਨਾ ਗੁਰੂ ਗੋਬਿੰਦ ਸਿੰਘ ਜੀ ਤੋਂ ਚਲੀ ਆ ਰਹੀ ਹੈ"। ਬੱਜਰ ਪਾਪ ਨਹੀਂ ਤਾਂ ਹੋਰ ਕੀ ਹੈ? ਇਹ ਸਾਰੇ ਧਰਮੀ ਪੁਰਖ ਹਨ ਨਾ ?**

ਜੂਨ 84 ਵਿਚ ਦਰਬਾਰ ਸਾਹਿਬ ਤੇ ਫੌਜੀ ਹਮਲੇ ਤੋਂ ਲੈ ਕੇ 31 ਅਗਸਤ 1995 (ਬੇ ਅੰਤ ਸਿੰਘ ਮੁੱਖ ਮੰਤਰੀ ਦੇ ਮਰਨ ਤੱਕ) ਤੱਕ, ਪੰਜਾਬ ਨੂੰ ਖੂਨ ਦੇ ਦਰਿਆ ਵਿਚ ਡੋਬਿਆ ਗਿਆ। ਘਰ ਘਰ ਲਾਂਬੂ ਲੱਗੇ, ਵੈਣ ਪਏ ਉਜਾੜਾ ਹੋਇਆ। ਕੁੱਝ ਅਖੌਤੀ ਖਾੜਕੂ (ਅਸਲ ਵਿਚ ਸਰਕਾਰੀ ਬਿੱਲੀਆਂ) ਪਛਾਣ ਬਦਲ ਕੇ ਬਦੇਸ਼ਾਂ ਵਿਚ ਚਲੇ ਗਏ। ਭਾਰਤੀ ਖੁਫੀਆ ਏਜੰਸੀਆਂ ਦੀ ਸ਼ਹਿ ਅਤੇ ਸਰਪ੍ਰਸਤੀ ਨਾਲ ਇਹਨਾਂ ਅਨੇਕ ਹੱਥਕੰਡੇ ਵਰਤ ਕੇ, ਗੁਰਦੁਆਰਿਆਂ ਤੇ ਕਬਜ਼ੇ ਜਮਾ ਲਏ। ਸ਼ਾਂਤਮਈ ਨੀਤੀ ਵਾਲੇ ਪ੍ਰਬੰਧਕਾਂ ਨੂੰ ਅਪਮਾਨਤ ਕੀਤਾ ਗਿਆ। ਸਰਕਾਰੀ ਟਾਊਟ ਜਾਂ ਕਾਂਗਰਸੀ ਆਖ ਕੇ ਬਦਨਾਮ ਕੀਤਾ ਗਿਆ। ਕਈ ਥਾਵਾਂ ਤੇ ਗੁਰਦੁਆਰਿਆਂ ਦਾ ਪ੍ਰਬੰਧ ਗੁੰਡਾਗਰਦੀ ਨਾਲ ਖੋਹਿਆ ਗਿਆ। ਉਸ ਤੋਂ ਬਾਅਦ ਸ਼ੁਰੂ ਹੋਇਆ ਦੌਰ ਗੁਰੂ ਦੀਆਂ ਗੋਲਕਾਂ ਨੂੰ ਬੇਰਹਿਮੀ ਨਾਲ ਲੁੱਟਣ ਦਾ। ਇਹਨਾਂ ਅਖੌਤੀ ਖਾੜਕੂਆਂ ਵੱਲੋਂ ਪੈਸਾ ਵਸੂਲ ਕਰਨ ਲਈ ਕੁਝ ਫੁਰਮਾਨ ਜਾਰੀ ਕੀਤੇ ਗਏ -

(ੳ) ਖਾਲਿਸਤਾਨ ਦੀ ਪ੍ਰਾਪਤੀ ਲਈ ਹਥਿਆਰ ਖ੍ਰੀਦਣੇ।
(ਅ) ਖਾੜਕੂਆਂ ਵੱਲੋਂ ਲੜੀ ਜਾ ਰਹੀ ਲੜਾਈ ਵਿਚ ਯੋਗਦਾਨ ਪਾਉਣਾ।
(ੲ) ਮਾਰੇ ਗਏ ਖਾੜਕੂਆਂ ਦੇ ਪ੍ਰਵਾਰਾਂ ਦੀ ਮੱਦਦ ਕਰਨੀ।
(ਸ) ਗਰੀਬ ਪ੍ਰਵਾਰਾਂ ਦੀਆਂ ਬੱਚੀਆਂ ਦੇ ਵਿਆਹ ਕਰਨੇ।
(ਹ) ਸਕੂਲ ਕਾਲਜ ਤੇ ਹਸਪਤਾਲ ਖੋਲ੍ਹਣੇ।
(ਕ) ਖਾੜਕੂਆਂ ਵਾਸਤੇ ਚੰਗੇ ਵਕੀਲ ਕਰਨੇ ਤੇ ਮੁਕੱਦਮੇ ਲੜਨੇ।
(ਖ) ਖਾਲਿਸਤਾਨ (ਜਲਾਵਤਨ) ਸਰਕਾਰ ਦੇ ਪ੍ਰਧਾਨ ਮੰਤਰੀ ਰਾਸ਼ਟਰਪਤੀ ਅਤੇ ਵਜ਼ੀਰ ਮੰਡਲੀ ਦੀਆਂ ਤਨਖਾਹਾਂ।
(ਗ) ਭਾਰਤ ਸਰਕਾਰ ਵਿਰੁੱਧ ਥਾਂ ਥਾਂ ਮੁਜ਼ਾਹਰੇ ਕਰਨੇ।
(ਘ) ਨਗਰ ਕੀਰਤਨ ਕਢਣੇ, ਗੁਰਪੁਰਬਾਂ ਤੇ ਅਪੀਲਾਂ ਕਰਕੇ ਹੋਰ ਪੈਸਾ ਮੰਗਣਾ.........।

ਉਪਰ ਵਰਣਿਤ ਢੰਗਾਂ ਦੁਆਰਾ ਸ਼ਰਧਾਵਾਨ ਕਿਰਤੀ ਸਿੱਖਾਂ ਨੂੰ ਬੜੀ ਬੇ ਰਹਿਮੀ ਨਾਲ ਲੁੱਟਿਆ ਗਿਆ। ਹੋਰ ਤਾਂ ਹੋਰ ਖਾਸ ਵੱਡੇ ਇਕੱਠਾਂ ਵਕਤ ਰਾਗੀਆਂ ਢਾਡੀਆਂ ਅਤੇ ਕਥਾ ਵਾਚਕਾਂ ਨੂੰ ਸਟੇਜ ਤੇ ਸੰਗਤ ਵੱਲੋਂ ਦਿੱਤੀ ਗਈ ਮਾਇਆ ਭੀ ਹੜੱਪ ਕਰਨੋ ਸ਼ਰਮ ਨਾਂ ਕੀਤੀ ਗਈ। ਜਿਨ੍ਹਾਂ ਗੱਲਾਂ ਦਾ ਉਪਰ ਜ਼ਿਕਰ ਕੀਤਾ ਗਿਆ, ਉਨ੍ਹਾਂ ਥਾਵਾਂ/ਵਿਅਕਤੀਆਂ ਵਾਸਤੇ ਫੁੱਟੀ ਕੌਡੀ ਨਹੀਂ ਪਹੁੰਚੀ।

ਹਾਂ ਖਾਲਿਸਤਾਨ ਦੇ ਆਪੂੰ ਬਣੇ ਚੌਧਰੀਆਂ ਦੇ ਬੈਂਕ ਬੈਲੈਂਸ ਵਧਦੇ ਗਏ। ਕਈ ਕਈ ਕੋਠੀਆਂ ਜਮੀਨਾਂ ਕਾਰਾਂ ਦੇ ਮਾਲਿਕ ਬਣਦੇ ਗਏ। ਆਪਣੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਨੂੰ ਬਦੇਸ਼ਾਂ ਵਿਚ ਸੈਟ ਕਰਵਾਉਂਦੇ ਗਏ।ਆਮ ਸਿੱਖ ਬਦੇਸ਼ਾਂ ਵਿਚ ਲੁਟੀਂਦੇ ਰਹੇ ਤੇ ਪੰਜਾਬ ਵਿਚਲੇ ਸਿੱਖ ਉਸੇ ਤਰ੍ਹਾਂ ਦੁੱਖ ਭੋਗਦੇ ਰਹੇ, ਜੇਲ੍ਹਾਂ ਵਿਚ ਸੜਦੇ ਰਹੇ। ਅਜਿਹੇ ਲੁਟੇਰੇ ਨਾਂ ਪਹਿਲਾਂ ਖਾਲਿਸਤਾਨੀ ਸਨ ਨਾਂ ਅੱਜ ਹਨ। ਨਾਂ ਇਨ੍ਹਾਂ ਕੋਲ ਕੋਈ ਭਵਿੱਖ ਦੀ ਰੂਪ ਰੇਖਾ ਹੈ।

7. ਧਰਮ ਵੱਲੋਂ ਅਣਜਾਣ ਪਰ ਅੰਨੀ ਸ਼ਰਧਾ ਵਿਚ **''ਧਰਮ''** ਕਮਾ ਰਹੇ ਸਿੱਖਾਂ ਨੂੰ ਦੂਜੀ ਵੱਡੀ ਧਿਰ ਜੋ ਦੋਵੇਂ ਹੱਥੀਂ ਲੁੱਟਦੀ ਆ ਰਹੀ ਹੈ (ਤੇ ਅੱਜ ਭੀ ਲੁੱਟ ਜਾਰੀ ਹੈ) ਉਹ ਹੈ ਸਾਧ ਲਾਣਾ। ਤਿਆਗ ਦਾ ਉਪਦੇਸ਼ ਕਰਨ ਵਾਲੇ ਰੰਗ ਬਰੰਗੇ ਸਾਧ ਕਰੋੜਾਂ ਵਿਚ ਖੇਢ ਰਹੇ ਹਨ। ਗ੍ਰਿਸਤ ਤੋਂ ਉਪਰਾਮ **''ਬ੍ਰਹਮ ਗਿਆਨੀ''** ਟੱਬਰਦਾਰਾਂ ਨਾਲੋਂ ਹਜ਼ਾਰਾਂ ਗੁਣਾਂ ਵੱਧ ਹਿਰਸੀ ਲਾਲਚੀ ਪ੍ਰਤੱਖ ਦਿਸ ਰਹੇ ਹਨ। **''ਦਾਨ''** ਰਾਹੀਂ ਪਰਲੋਕ ਸਫਲਾ ਕਰਨ ਦੇ ਸੰਘ ਪਾੜਵੇਂ ਉਪਦੇਸ਼ ਕਰਨ ਵਾਲੇ, ਆਪਣੇ ਧਰਮ ਭਰਾਵਾਂ ਦਾ ਖੂਨ ਨਿਚੋੜ ਕੇ ਇਕੱਤਰ ਕੀਤੇ ਗਏ ਅਥਾਹ ਧਨ ਰਾਹੀਂ ਖੂਬ **''ਆਪਣਾ ਲੋਕ''ਸੰਵਾਰ** ਰਹੇ ਹਨ। ਭਾਵੇਂ ਬਹੁ ਗਿਣਤੀ ਸਾਧਾਂ ਨੇ ਗੁਰਬਾਣੀ ਉਪਦੇਸ਼ਾਂ ਦੀ ਉਲੰਘਣਾਂ ਕਰਕੇ ਗ੍ਰਿਸਤ ਧਰਮ ਵੱਲੋਂ ਮੂੰਹ ਮੋੜਿਆ ਹੋਇਆ ਹੈ। ਪਰ ਲਾਲਚੀ ਤਾਂ ਇਹ ਲੋਕ ਆਮ ਗ੍ਰਿਸਤੀਆਂ ਨਾਲੋਂ ਹਜ਼ਾਰਾਂ ਗੁਣਾਂ ਜ਼ਿਆਦਾ ਹਨ। ਡੇਰੇ ਠਾਠ ਕੋਠੀਆਂ, ਮਹਿੰਗੀਆਂ ਕਾਰਾਂ, ਏ.ਸੀ. ਰੂਮ, ਆਲੀਸ਼ਾਨ ਚੋਲੇ ਬੈਡੱ, ਕਾਜੂ ਪਿਸਤੇ, ਬਦਾਮ ਤੇ ਫਲ। ਥੁਲਕ ਥੁਲਕ ਕਰਦੀਆਂ ਭਾਰੀ ਭਰਕਮ ਗੋਗੜਾਂ। ਜੋ ਅਥਾਹ ਮਾਇਆ ਇਨ੍ਹਾਂ ਨੇ ਧਰਮ ਦੇ ਨਾਂ ਤੇ ਸਿੱਖਾਂ ਤੋਂ ਲੁੱਟੀ ਹੈ, ਉਹ ਸਾਰੀ ਇਨ੍ਹਾਂ ਦੀ ਨਿੱਜੀ ਜਾਇਦਾਦ ਹੈ। ਕੋਈ ਮਾਈ ਦਾ ਲਾਲ ਜਾਂ ਕਾਨੂੰਨ ਸਾਧ ਨੂੰ ਡੇਰੇ ਤੋਂ ਵੱਖ ਨਹੀਂ ਕਰ ਸਕਦਾ, ਉਹ ਭਾਵੇਂ ਜਿਸ ਤਰ੍ਹਾਂ ਜੀ ਚਾਹੇ ਉਸ ਜਾਇਦਾਦ ਦੀ ਵਰਤੋਂ ਕਰੇ।

8. ਦੇਸ਼-ਵਿਦੇਸ਼ ਵਿਚ ਵਸਦੀਆਂ ਸਿੱਖ ਜਥੇਬੰਦੀਆਂ ਨੂੰ ਉਜੱੜੇ ਪੰਜਾਬ ਲਈ ਮਗਰ ਮੱਛ ਵਾਲੇ ਹੰਝੂ ਬਹਾਂਦਿਆਂ ਬਹੁਤ ਵਾਰ ਸੁਣਿਆ ਵੇਖਿਆ ਹੈ। ਭਵਿੱਖ ਦੀ ਰੂਪ ਰੇਖਾ ਉਲੀਕ ਕੇ ਸਿੱਖ ਕੌਮ ਨੂੰ ਬਹੁਪਰਤੀ ਗੁਲਾਮੀ ਵਿਚੋਂ ਕੱਢਣ ਲਈ ਕੋਈ ਕਾਰਜ ਵਿਧੀ ਨਹੀਂ ਉਲੀਕੀ ਗਈ। ਸਿੱਖ ਰੂਪ ਵਾਲੇ ਸਾਧਾਂ/ਸਿੱਖਾਂ ਨੂੰ (ਮਾਨ ਸਿੰਘ ਪੇਰਵੇ ਵਾਲਾ ਅਤੇ ਪਾਰਟੀ) ਉੜੀਸਾ ਵਿਚ ਆਏ ਸਮੁੰਦਰੀ ਤੂਫਾਨ ਪੀੜਤਾਂ ਦੀ ਤਕਲੀਫ਼ ਨੇ ਵਿਆਕੁਲ ਕਰ ਦਿੱਤਾ। ਉਹ ਲੱਖਾਂ ਮਣ ਅੰਨ ਦਾਣਾ, ਕੰਬਲ, ਬਿਸਤਰੇ, ਬਾਲਣ ਦਵਾਈਆਂ ਲੈ ਕੇ ਉੜੀਸਾ ਰਾਜ ਵਿਚ ਲੋੜਵੰਦਾਂ ਦੀ ''ਡਾਢੀ ਸ਼ਰਧਾ'' ਨਾਲ ਸੇਵਾ ਕਰਦੇ ਰਹੇ। ਗੁਜਰਾਤ ਦੇ ਭੂਚਾਲ ਪੀੜ੍ਹਤਾਂ ਦੀ ਖ਼ਬਰ ਪੜ੍ਹਕੇ ਸਿੱਖ ਜਥੇਬੰਦੀਆਂ ਦੀ ਅਤੇ ''ਸੰਤਾਂ'' ਦੀ ਨੀਂਦਰ ਅਲੋਪ ਹੋ ਗਈ। ਉਨ੍ਹਾਂ ਅਪੀਲਾਂ ਕਰਕੇ ਬੇਅੰਤ ਧਨ ਮਾਲ ਇਕੱਤਰ ਕੀਤਾ। ਹਜ਼ਾਰਾਂ ਟਰੱਕਾਂ ਤੇ ਸਮਾਨ ਲੱਦ ਕੇ ਦੁਖਿਆਰੇ ਗੁਜਰਾਤੀ ਭੂਚਾਲ ਪੀੜਤਾਂ ਦੀ ਸੇਵਾ ਵਿਚ ਜਾ ਹਾਜਰ ਹੋਏ। **ਐ ਮੇਰੀ ਕੌਮ ਦੇ ਮਲਾਹੋ, ਸੰਤੋ ! ਤੁਹਾਨੂੰ ਪੰਦਰਾਂ ਸਾਲ ਲਗਾਤਾਰ ਪੰਜਾਬ ਵਿਚੋਂ ਉਠਦੇ**

**ਲਾਂਬੂ ਨਜ਼ਰ ਨਾ ਆਏ। ਘਰ-ਘਰ ਵਿਲਕਦੀਆਂ ਮਾਵਾਂ ਭੈਣਾਂ ਦੇ ਕਲੇਜਾ ਵਿੰਨਦੇ ਵੈਣ ਸੁਣਾਈ ਨਾ ਦਿੱਤੇ। ਰੁਲ ਗਈਆਂ ਮਾਸੂਮ ਜ਼ਿੰਦਾਂ, ਨਿੱਕੇ ਬਾਲਕਾਂ ਦੇ ਹਉਕੇ ਹੰਝੂ ਭੀ ਨਾ ਦਿਸੇ। ਬਜ਼ੁਰਗ ਬਾਬਿਆਂ ਦੀਆਂ ਪੁਲਿਸ ਸਟੇਸ਼ਨਾਂ ਵਿਚ ਬੁੱਚੜਾਂ ਵੱਲੋਂ ਲੱਥੀਆਂ ਪੱਗਾਂ ਤੇ ਪੁਟੀਂਦੀਆਂ ਸਫੈਦ ਦਾਹੜੀਆਂ ਭੀ ਨਾਂ ਦਿਸੀਆਂ। ਬਸ ਉੜੀਸਾ ਦੇ ਤੂਫ਼ਾਨ ਪੀੜਤ, ਗੁਜਰਾਤ ਦੇ ਭੂਚਾਲ ਪੀੜ੍ਹਤ ਨਜ਼ਰ ਆਏ ਹਨ। ਜਾਂ ਫਿਰ ਸੁਨਾਮੀ ਲਹਿਰਾਂ ਦੇ ਮਾਰੇ ਦਿਸ ਪਏ ਹਨ। ਇਨਸਾਨੀਅਤ ਦੇ ਨਾਤੇ ਸਾਰੀ ਦੁਨੀਆਂ ਦੇ ਮਨੁੱਖ ਸਾਡੇ ਆਪਣੇ ਭੈਣ ਭਰਾ ਹਨ। ਪਰ ਆਪਣਿਆਂ ਨੂੰ ਮਰਦੇ ਵਿਲਕਦੇ ਛੱਡ ਕੇ, ਬੇਗਾਨਿਆਂ ਦਾ ਫਿਕਰ ਕਰਨਾ ਮੂਰਖਤਾ ਤੋਂ ਸਿਵਾਏ ਹੋਰ ਕੀ ਹੈ?**

ਧੜੇਬੰਦੀ ਤੋਂ ਉਪਰ ਉਠਕੇ ਗੁਰਮੁਖੀ ਜੀਵਨ ਬਤੀਤ ਕਰ ਰਹੇ ਵਿਦਵਾਨ ਗੁਰਸਿੱਖਾਂ ਦੀ ਇਕ ਪੜਤਾਲੀਆ ਕਮੇਟੀ (ਕਮਿਸ਼ਨ) ਬਣੇ। ਧਰਮ ਦੇ ਨਾਮ ਤੇ ਬੋਲਿਆ ਗਿਆ ਅਮਿਣਵਾ ਝੂਠ, ਅਤੇ ਸੰਗਤਾਂ ਤੋਂ ਲੁੱਟੇ ਗਏ ਬੇਹਿਸਾਬੇ ਧਨ ਦੀ ਗਹਿਰਾਈ ਨਾਲ ਪੜਤਾਲ ਕਰੇ। ਨਾਲ ਹੀ ਘੋਖਵੀਂ ਨਜ਼ਰ ਨਾਲ ਇਹ ਪਰਖੇ ਕਿ ਦੇਸ਼ ਵਿਦੇਸ਼ ਵਿਚ ਆਪੂੰ ਬਣੇ ਬੈਠੇ ਸਿੱਖਾਂ ਦੇ ਚੋਧਰੀਆਂ ਨੇ ਕਿੰਨਾ ਪੈਸਾ ਸਹੀ ਥਾਂ ਤੇ ਪੁਚਾਇਆ ਤੇ ਕਿਨਾਂ ਖਾ ਕੇ ਡਕਾਰ ਮਾਰ ਗਏ। ਖਾੜਕੂ ਵਾਦ ਤੋਂ ਪਹਿਲਾਂ ਇਨ੍ਹਾਂ ਦੀਆਂ ਜਾਇਦਾਦਾਂ, ਜਮ੍ਹਾਂ ਪੂੰਜੀਆਂ ਕਿੰਨੀਆਂ ਸਨ। ਸ਼ਰਧਾਲੂ ਸਿੱਖਾਂ ਤੋਂ ਅਨੇਕ ਤਰੀਕੇ ਪੈਸਾ ਲੁੱਟ ਕੇ ਕਿੰਨੀਆਂ ਜ਼ਮੀਨਾਂ/ਕੋਠੀਆਂ ਬਣਾਈਆਂ ਹਨ। ਇਨ੍ਹਾਂ ਦੇ ਕਮਾਈ ਦੇ ਸਾਧਨ ਕੀ ਸਨ, ਸਭ ਪੜਤਾਲ ਕੀਤੀ ਜਾਵੇ। ਜੇ ਕਦੀ ਇਸ ਤਰ੍ਹਾਂ ਹੋ ਸਕੇ ਤਾਂ ਪਤਾ ਲੱਗੇ ਕਿ ਮਲਕ ਭਾਗੋ ਉਨ੍ਹਾਂ ਸਮਿਆਂ ਵਿਚ ਕਿਤੇ ਇੱਕ ਅੱਧਾ ਸੀ। ਉਸਨੂੰ ਭੀ ਗੁਰੂ ਨਾਨਕ ਸਾਹਿਬ ਜੀ ਨੇ ਠੋਕਵੀਂ ਫਿਟਕਾਰ ਪਾਈ ਸੀ। ਅੱਜ ਮਲਕ ਭਾਗੋਆਂ ਦਾ ਅੰਤ ਪਾਰਾਵਾਰ ਹੀ ਨਹੀਂ। ਤੇ ਗੁਰੂ ਨਾਨਕ ਵਰਗਾ ਲਾਹਣਤਾਂ ਪਾਉਣ ਵਾਲਾ ਭੀ ਕੋਈ ਨਹੀਂ ਰਿਹਾ ਲਗਦਾ। ਸਿਤਮ ਦੀ ਗੱਲ ਇਹ ਕਿ ਗੁਰੂ ਨਾਨਕ ਸਾਹਿਬ ਜੀ ਦਾ ਨਾਮ ਵਰਤ ਕੇ, ਉਸੇ ਦੇ ਧਰਮ ਸਥਾਨ ਵਿਚ, ਉਸੇ ਵੱਲੋਂ ਬਖਸ਼ੇ ਸਰੂਪ ਵਾਲੇ ਇਹ ਦੁਸ਼ਟ ਕਰਮ ਕਰ ਰਹੇ ਹਨ।

**"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।।**
**ਗੁਰੁ ਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।।**
**ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।।**
**ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨਾ ਜਾਇ।।**
**ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ।।"**

(ਪੰਨਾ-151)

ਕਦੀ ਸੁਣਿਆ ਸੀ ਕਿ ਵੱਡੀ ਮੱਛੀ ਛੋਟੀ ਮੱਛੀ ਨੂੰ ਖਾਂਦਿਆਂ ਦੇਰ ਨਹੀਂ ਕਰਦੀ। ਫਿਰ ਸੁਣਿਆ ਕਿ ਬ੍ਰਾਹਮਣ ਨੇ ਆਪਣੇ ਹੀ ਧਰਮ ਭਰਾਵਾਂ ਨੂੰ ਸਦੀਆਂ ਤੱਕ ਬਿਨ੍ਹਾਂ ਕਿਰਕ ਲੁੱਟਕੇ ਖਾਧਾ।

ਫਿਰ ਪੜ੍ਹਿਆ ਕਿ ਮੁਸਲਮਾਨਾਂ ਤੇ ਗੋਰਿਆਂ ਨੇ ਆਪਣੀ ਰਿਆਇਆ ਤੇ ਬੜੇ ਜੁਲਮ ਕੀਤੇ। ਇਹ ਸਭ ਬੀਤੇ ਦੀਆਂ ਕਹਾਣੀਆਂ ਹਨ। ਅਸੀਂ ਉਸ ਵਕਤ ਨਾਲੋਂ ਬਹੁਤ ਵਿਕਾਸ ਕਰ ਗਏ ਹਾਂ। ਹੋਰ ਕੋਈ ਲੁੱਟ ਕੇ ਖਾਣਾ ਅੱਜ ਸੌਖਾ ਨਹੀਂ। ਸਿੱਖਾਂ ਦੇ ਚੌਧਰੀਆਂ (ਧਾਰਮਿਕ, ਰਾਜਨੀਤਿਕ, ਪ੍ਰਬੰਧਕ, ਪ੍ਰਚਾਰਕ ਤੇ ਸਾਧ ਲਾਣੇ) ਨੇ ਸੌਖਾ ਰਾਹ ਲੱਭ ਲਿਆ। ਵਿਰਲਿਆਂ ਨੂੰ ਛੱਡ ਕੇ ਅੱਜ ਬਹੁਤ ਹੀ ਗਲੀਜ ਤਰੀਕੇ ਵਰਤ ਕੇ ਪੈਸਾ ਕਮਾਇਆ ਜਾ ਰਿਹਾ ਹੈ। ਧਾਰਮਿਕ ਸਟੇਜਾਂ ਤੇ ਗੱਜ ਕੇ ਕੁਫਰ ਬੋਲਿਆ ਜਾ ਰਿਹਾ ਹੈ। ਆਪਣੇ ਹੀ ਧਰਮ ਭਾਈਆਂ ਭੈਣਾਂ ਨੂੰ ਗੁੰਮਰਾਹ ਭੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਖੂਨ ਭੀ ਡੀਕਾਂ ਲਾ ਕੇ ਪੀਤਾ ਜਾ ਰਿਹਾ ਹੈ। ਗੁਰੂ ਫੁਰਮਾਨ ਇਉਂ ਹਨ-

**ਨਾਨਕ ਬਦਰਾ ਮਾਲਕਾ ਭੀਤਰਿ ਧਰਿਆ ਆਣਿ।।**
**ਖੋਟੇ ਖਰੇ ਪਰਖੀਅਨਿ ਸਾਹਿਬ ਕੇ ਦੀਬਾਣਿ।।** (789)
**ਚੋਰ ਸਲਾਹੇ ਚੀਤੁ ਨਾ ਭੀਜੈ।। ਜੇ ਬਦੀ ਕਰੇ ਤਾ ਤਸੂ ਨ ਛੀਜੈ ।।**
**ਚੋਰ ਕੀ ਹਾਮਾ ਭਰੈ ਨਾ ਕੋਇ।। ਚੋਰੁ ਕੀਆ ਚੰਗਾ ਕਿਉ ਹੋਇ।।** (662)
**ਉਘਰ ਗਇਆ ਜੈਸੇ ਖੋਟਾ ਢਬੂਆ ਨਦਰਿ ਸਰਾਫਾ ਆਇਆ।।**
**ਅੰਤਰਿਜਾਮੀ ਸਭ ਕਿਛੁ ਜਾਨੈ ਉਸਤੇ ਕਹਾ ਛਪਾਇਆ।।** (381)
**ਮਨਮੁਖੁ ਮੁਗਧੁ ਅਗੈ ਚੇਤੈ ਨਾਹੀਂ ਦੁਖਿ ਲਾਗੈ ਪਛੁਤਾਈ।।** (1344)

**000**

# ਪੰਜਾਬ ਦੇ ਪਾਣੀ ਤੇ ਡਾਕਾ

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਜੀਵਨ ਦਾ ਆਧਾਰ ਪਾਣੀ ਇਥੋਂ ਦੀ ਪਹਿਲੀ ਲੋੜ ਹੈ। ਪੁਰਾਣੇ ਸਮਿਆਂ ਵਿਚ ਕੇਵਲ ਬਰਸਾਤ ਦਾ ਹੀ ਸਹਾਰਾ ਸੀ। ਸਮਾਂ ਪਾ ਕੇ ਦਰਿਆਵਾਂ ਵਿਚੋਂ ਚੜਸਾਂ (ਚਮੜੇ ਤੋਂ ਬਣਿਆ ਵੱਡਾ ਡੋਲ) ਰਾਹੀਂ ਬਲਦਾਂ ਨਾਲ ਖਿੱਚ ਕੇ, ਪਾਣੀ ਦੀ ਵਰਤੋਂ ਕੀਤੀ ਜਾਣ ਲੱਗੀ। ਸਾਰੇ ਇਲਾਕਿਆਂ ਦੀ ਲੋੜ ਦਰਿਆ ਦੇ ਪਾਣੀ ਪੂਰੀ ਨਹੀਂ ਕਰਦੇ ਸਨ। ਇਸ ਲਈ ਖੂਹ ਪੁੱਟੇ ਜਾਣ ਲੱਗੇ। ਚੜਸ ਤੋਂ ਬਾਅਦ ਲੋਹੇ ਦੀਆਂ ਟਿੰਡਾਂ ਵਾਲੇ ਪ੍ਰਬੰਧ ਦੀ ਕਾਢ ਨਿਕਲੀ। ਖੇਤੀ ਹੋਰ ਵਧੇਰੇ ਹੋਣ ਲੱਗ ਪਈ। ਖੂਹ ਵਿਚੋਂ ਪਾਣੀ ਕੱਢ ਕੇ ਵਰਤੋਂ ਵਿਚ ਲਿਆਉਣ ਤੇ ਖਰਚਾ, ਅਤੇ ਮਿਹਨਤ ਬਹੁਤ ਕਰਨੀ ਪੈਂਦੀ ਸੀ। ਇਸ ਤੋਂ ਸੌਖਾ ਰਾਹ ਸੀ ਦਰਿਆਵਾਂ ਨੂੰ ਬੰਨ ਮਾਰਕੇ,; ਨਹਿਰਾਂ ਰਾਹੀਂ ਖੇਤਾਂ ਤੱਕ ਪਾਣੀ ਪੁਜਦਾ ਕਰਨਾ। ਇਸ ਨਵੇਂ ਕੰਮ ਦੀ ਸ਼ੁਰੂਆਤ ਅੰਗਰੇਜ਼ਾਂ ਨੇ 1860 ਈ: ਵਿਚ ਕੀਤੀ। ਲੱਗਭਗ ਵੀਹ ਸਾਲ ਤੱਕ ਇਸ ਵੱਡੀ ''ਸਰਹੰਦ'' ਨਹਿਰ ਦੀ ਪੁਟਾਈ ਹੋਣ ਤੇ 1881 ਈ: ਨੂੰ ਇਸ ਵਿਚ ਪਾਣੀ ਛੱਡਿਆ ਗਿਆ। ਮਾਲਵੇ ਦੇ ਲੱਖਾਂ ਏਕੜ ਰਕਬੇ ਨੂੰ ਇਸ ਨਹਿਰ ਰਾਹੀਂ ਸਿੰਜਿਆ ਗਿਆ ਤੇ, ਅੱਗੇ ਨਾਲੋਂ ਫਸਲਾਂ ਚੰਗਾ ਲਾਹਾ ਦੇਣ ਲੱਗੀਆਂ। ਇਸੇ ''ਰੋਪੜ ਹੈਡ ਵਰਕਸ'' ਤੋਂ ਇਕ ''ਬਾਰੀਬਿਸਤ ਦੁਆਬ'' ਨਹਿਰ ਕੱਢੀ ਗਈ। ਇਸ ਨਾਲ ਦੁਆਬੇ ਦੇ ਵਿਸ਼ਾਲ ਇਲਾਕੇ ਨੂੰ ਪਾਣੀ ਪ੍ਰਾਪਤ ਹੋਇਆ। ਫਸਲਾਂ ਦਾ ਝਾੜ ਵਧਿਆ।

ਸੰਨ 1947 ਤੋਂ ਕਾਫੀ ਸਮਾਂ ਪਹਿਲਾਂ ਇੱਕ ਅੰਗਰੇਜ ਅਫਸਰ ਨੇ ਸ਼ਿਕਾਰ ਕਰਦੇ ਵਕਤ ਮਹਿਸੂਸ ਕੀਤਾ ਕਿ ਇਕ ਬੰਨ ਮਾਰਕੇ, ਡੈਮ ਬਣਾਏ ਜਾਣ ਦੀ ਬਹੁਤ ਸੰਭਾਵਨਾ ਮੌਜੂਦ ਹੈ। ਸੰਨ 1950 ਤੋਂ 1957 ਤੱਕ, ਇਸ ਪ੍ਰਾਜੈਕਟ ਤੇ ਭਾਰਤ ਸਰਕਾਰ ਨੇ ਕੰਮ ਬੜੇ ਜ਼ੋਰ ਸ਼ੋਰ ਨਾਲ ਕੀਤਾ। ਇਸ ਪ੍ਰਾਜੈਕਟ ਨੂੰ ਭਾਖੜਾ ਨਹਿਰ ਕਰਕੇ ਜਾਣਿਆ ਗਿਆ। ਇਸ ਦੀ ਲੰਬਾਈ ਛੇ ਸੌ ਕਿਲੋਮੀਟਰ ਤੋਂ ਵੀ ਵੱਧ ਹੀ ਬਣਦੀ ਹੈ। ਜੋ ਗੋਬਿੰਦ ਸਾਗਰ ਡੈਮ ਤੋਂ ਵਗਦੀ ਹੋਈ ਸਰਹੰਦ ਨੇੜੇ ਇਸ ਦੀਆਂ ਦੋ ਸ਼ਾਖਾਵਾਂ ਬਣ ਜਾਂਦੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ ਵਿਚੋਂ ਇਹ ਨਹਿਰ ਬਹੁਤ ਲੰਮਾਂ ਰਸਤਾ ਤੈਹ ਕਰਦੀ ਹੋਈ, ਹਰਿਆਣੇ ਵਿਚ ਦਾਖਲ ਹੋ ਜਾਂਦੀ ਹੈ। ਪੰਜਾਬ ਨੂੰ ਇਸ ਵਿਚੋਂ ਤੁਪਕਾ ਪਾਣੀ ਨਹੀਂ ਦਿੱਤਾ ਜਾਂਦਾ। ਕਿਸੇ ਥਾਂ ਇਸ ਵਿਚੋਂ ਪੰਜਾਬ ਲਈ ਸਾਈਫਨ ਕੱਢ ਕੇ, ਨਹਿਰਾਂ ਸੂਏ ਜਾਂ ਖਾਲੇ ਨਹੀਂ ਬਣਾਏ ਗਏ। ਸਾਰਾ ਪਾਣੀ ਸਿਧਾ ਹਰਿਆਣੇ ਅਤੇ ਰਾਜਸਥਾਨ ਨੂੰ ਭੇਜ ਦਿੱਤਾ। ਭਾਖੜਾ ਨਹਿਰ ਬਣਾਉਣ ਵਕਤ ਚਾਰ ਸੌ ਫੁੱਟ ਚੌੜਾਈ ਵਿਚ ਜ਼ਮੀਨ, ਮੁੱਖ ਬੰਨ ਤੋਂ ਸ਼ੁਰੂ ਹੋ ਕੇ ਸਾਰੇ ਪੰਜਾਬ ਵਿਚੋਂ ਦੀ ਛੇ ਸੌ

ਕਿਲੋਮੀਟਰ ਵਿਚਲੀ ਧਰਤੀ, ਪੰਜਾਬ ਦੇ ਕਿਸਾਨਾਂ ਤੋਂ ਖੋਹ ਲਈ। ਉਸ ਵਕਤ ਲਾਰੇ ਇਹ ਲਾਏ ਗਏ ਕਿ ਤੁਹਾਨੂੰ ਫਸਲਾਂ ਲਈ ਜਿੰਨਾਂ ਚਾਹੋਗੇ, ਪਾਣੀ ਦਿੱਤਾ ਜਾਵੇਗਾ। ਇਥੋਂ ਦੇ ਕਿਸਾਨ ਨੂੰ ਇਕ ਬੂੰਦ ਪਾਣੀ ਭਾਖੜਾ ਵਿਚੋਂ ਨਹੀਂ ਦਿੱਤਾ ਗਿਆ। ਨਹਿਰ ਨਕਾ ਨਕ ਭਰੀ ਵਗ ਰਹੀ ਹੁੰਦੀ ਹੈ। ਪੰਜਾਬ ਦਾ ਕਿਸਾਨ ਅਪਣੀਆਂ ਫਸਲਾਂ ਨੂੰ ਸੁੱਕ ਰਹੀਆਂ ਵੇਖ ਕੇ, ਹੰਝੂ ਬਹਾ ਰਿਹਾ ਹੁੰਦਾ ਹੈ।

ਜਦੋਂ (1957) ਪੰਜਾਬ ਦੀ ਹਿੱਕ ਤੇ ਮੇਹਲਦੀ ਭਾਖੜਾ ਅੱਗੇ ਲੰਘਾਦੀ ਹੋਈ, ਹਰਿਆਣੇ ਤੇ ਰਾਜਸਥਾਨ ਦੇ ਖੇਤਾਂ ਨੂੰ ਸਰਸਬਜ ਬਣਾ ਰਹੀ ਸੀ। ਪੰਜਾਬ ਦੇ ਵਿਲਕ ਰਹੇ ਕਿਸਾਨਾਂ ਨੂੰ ਖੂਹ ਲਾਉਣ ਲਈ ਕਰਜੇ ਦਿੱਤੇ ਗਏ। ਖੂਹ ਜਿਹੜਾ ਤਦੋਂ ਬਲਦਾਂ ਨਾਲ ਚਲਦਾ ਸੀ। ਜਿਸ ਨੂੰ ਵਾਹੁੰਦੇ ਹੋਏ ਬਲਦਾਂ ਅਤੇ ਕਿਸਾਨਾਂ ਦਾ ਹੁਲੀਆ ਵਿਗੜ ਜਾਂਦਾ ਸੀ। ਅੱਗੇ ਖੇਤਾਂ ਵਿਚ ਭੀ ਸਾਰਾ ਦਿਨ ਖਪਾਈ ਕਰਕੇ, ਡੇਢ ਦੋ ਵਿੱਘੇ ਫਸਲ ਨੂੰ ਹਲਕਾ ਜਿਹਾ ਪਾਣੀ ਲਗਦਾ ਸੀ। ਚੌਥੇ ਦਿਨ ਫਸਲ ਫਿਰ ਪਾਣੀ ਨੂੰ ਤਰਸ ਰਹੀ ਹੁੰਦੀ ਸੀ। ਮੇਰੀ ਆਪਣੀ ਸੁਰਤ ਅੰਦਰ ਇਹ ਸਾਰਾ ਮਾਜਰਾ ਵਾਪਰਿਆ, ਮੈਂ ਖੁਦ ਵੇਖਿਆ ਹੈ। ਜਿੰਨਾਂ ਨਹਿਰਾਂ ਵਿਚ ਤੀਹ ਚਾਲੀ ਸਾਲ ਪਹਿਲਾਂ ਕਦੀ ਕਦਾਈ ਪਾਣੀ ਵਗਦਾ, ਫਸਲਾਂ ਤੱਕ ਪਹੁੰਚ ਜਾਂਦਾ ਸੀ। ਮੌਜੂਦਾ ਸਮੇ ਂ ਵਿਚ ਉਹ ਸਾਰੀਆਂ ਨਹਿਰਾਂ ਹਮੇਸ਼ਾ ਪਾਣੀ ਵਲੋਂ ਖਾਲੀ ਹੁੰਦੀਆਂ ਹਨ। ਜੋ ਛੋਟੇ ਸੂਏ ਨਿਕਲਦੇ ਸਨ, ਉਹ ਤਾਂ ਹੌਲੀ-ਹੌਲੀ ਬੰਦ ਹੀ ਹੋ ਗਏ ਹਨ। ਲੋਕਾਂ ਨੇ ਵਾਹ ਕੇ ਖੇਤਾਂ ਵਿਚ ਸ਼ਾਮਿਲ ਕਰ ਲਏ ਹਨ। ਸਹਿਰਾਂ ਦੇ ਨੇੜੇ ਕਬਜਾ ਕਰਕੇ, ਘਰੇਲੂ ਵਰਤੋਂ ਵਿਚ ਲੈ ਆਂਦੇ ਹਨ। ਰੋਪੜ ਤੋਂ ਨਿਕਲਣ ਵਾਲੀ ਸਰਹੰਦ ਨਹਿਰ ਦੀ ਇਕ ਸ਼ਾਖਾ, ਦੋਰਾਹੇ ਨੇੜਿਓਂ ਲੰਡੇ ਪਿੰਡਾਂ ਤੋਂ, ਵੱਖ ਹੋਕੇ, ਲੁਧਿਆਣੇ ਵਿਚਦੀ ਲੰਘਦੀ ਹੈ। ਮੈਂ ਖੁਦ ਵੇਖਦਾ ਰਿਹਾ ਹਾਂ, ਇਹ ਕੇਵਲ ਬਰਸਾਤ ਦੇ ਦਿਨਾਂ ਵਿਚ ਬੰਦ ਹੋਇਆ ਕਰਦੀ ਸੀ, ਜਾਂ ਸਫਾਈ ਕਰਨ ਸਮੇਂ ਬੰਦ ਕਰਦੇ ਸਨ। ਵਰਨਾ ਸਾਲ ਵਿਚ ਦਸ ਮਹੀਨੇ ਜ਼ਰੂਰ ਵਗਦੀ ਸੀ। ਮੌਜੂਦਾ ਸਮੇਂ ਵਿਚ ਇਹ ਨਹਿਰ ਦੋ ਮਹੀਨੇ ਪਾਣੀ ਲੈ ਕੇ ਆਉਂਦੀ ਹੈ ਤੇ ਦਸ ਮਹੀਨੇ? ਖੁਦ ਪਿਆਸੀ ਮਰਦੀ ਹੈ, ਖੇਤਾਂ ਨੂੰ ਪਾਣੀ ਕਿਥੋਂ ਪਿਆਵੇਗੀ? ਦੁਖਦਾਈ ਪਹਿਲੂ ਇਹ ਭੀ ਹੈ ਕਿ ਨਹਿਰੀ ਪਾਣੀ ਦੀ ਪ੍ਰਾਪਤੀ ਵਾਸਤੇ, ਕੋਈ ਵੱਡੀ ਲੋਕ ਲਹਿਰ, ਪੈਦਾ ਨਹੀਂ ਕੀਤੀ ਗਈ। ਵਿਦਵਾਨ ਤਬਕਾ ਗਫਲਤ ਵਿਚ ਸੁੱਤਾ ਹੋਇਆ ਹੈ। ਰਾਜਨੀਤਿਕ ਲੋਕ ਬੇਈਮਾਨ ਹਨ। ਪੰਜਾਬ ਦਾ ਰਾਖਾ? ਕੋਈ ਨਹੀਂ ਹੈ।

ਜਦੋਂ ਅਨਾਜ ਦੀ ਲੋੜ ਵੱਧ ਗਈ, ਭਾਰਤ ਦੇ ਪੰਜਾਹ ਪ੍ਰਤੀਸ਼ਤ ਲੋਕ ਭੁਖਮਾਰੀ ਦੇ ਕਿਨਾਰੇ ਜਾ ਪਹੁੰਚੇ, ਤਾਂ ਭਾਰਤ ਸਰਕਾਰ ਨੂੰ ''ਪੀ.ਐਲ. 480'' ਅਤੀ ਸ਼ਰਮਨਾਕ ਸਮਝੌਤਾ ਕਰਕੇ, ਅਮਰੀਕਾ ਤੋਂ ਕਣਕ ਖਰੀਦਣੀ ਪਈ। ਇਹ ਉਹ ਕਣਕ ਸੀ ਜੋ ਉਥੇ ਕੇਵਲ ਪਸ਼ੂਆਂ ਨੂੰ ਖਵਾਈ ਜਾਂਦੀ ਸੀ। ਅਮਰੀਕਨਾਂ ਦੇ ਘੋੜੇ, ਗਾਵਾਂ, ਮੱਝਾਂ ਤੇ ਭਾਰਤ ਵਿਚਲੇ ਮਨੁੱਖ, ਇਕ

ਬਰਾਬਰ? ਵਾਹ ''ਮੇਰੇ ਭਾਰਤ ਮਹਾਨ'' ਨਹੀਂ ਰੀਸਾਂ ਤੇਰੀਆਂ। ਇਕ ਨਵੀਂ ਸਕੀਮ ਤਹਿਤ ਫਿਰ ਕਿਸਾਨਾਂ ਨੂੰ ਬੋਰ ਲਾਉਣ ਅਤੇ ਇੰਜਣ ਖ੍ਰੀਦਣ ਵਾਸਤੇ ਕਰਜੇ ਦੇਣੇ ਸ਼ੁਰੂ ਕਰ ਦਿੱਤੇ। ਇਸ ਤਰਾਂ ਸੋਕੇ ਦੇ ਸਤਾਏ ਕਿਸਾਨਾਂ ਨੇ ਧੜਾ ਧੜ ਕਰਜੇ ਚੁੱਕ ਕੇ ਬੋਰ ਲਾਏ, ਇੰਜਣ ਖ੍ਰੀਦੇ। ਨਹਿਰੀ ਪਾਣੀ ਜੋ ਮੁਫਤ ਦੇ ਭਾ (ਅਤੀ ਸਸਤਾ) ਮਿਲਦਾ ਹੈ, ਉਸਨੂੰ ਖੋਹ ਕੇ ਪੰਜਾਬ ਦੇ ਕਿਸਾਨਾਂ ਨੂੰ ਬਹੁਤੀ ਮੁਸ਼ੱਕਤ ਵਾਲਾ ਤੇ ਲੱਕ ਤੋੜਨ ਵਾਲਾ ਖਰਚੀਲਾ ਰਾਹ ਅਖ਼ਤਿਆਰ ਕਰਨਾ ਪਿਆ। ਉਸਦੀ ਅੱਧੀ ਕੁ ਫਸਲ ਦੀ ਕਮਾਈ ਤੇਲ ਖਾਦ, ਅਤੇ ਇੰਜਨਾਂ ਦੀ ਖ੍ਰੀਦ ਅਤੇ ਮੁਰੰਮਤ ਤੇ ਹੀ ਚਲੀ ਜਾਂਦੀ ਸੀ। ਇਸ ਤੋਂ ਮਗਰੋਂ ਨਵਾਂ ਫਰਾਡ ਕੀਤਾ ਗਿਆ, ਕਿਸਾਨਾਂ ਨਾਂਲ ਕਿ ਮਹਿੰਘੇ ਡੀਜ਼ਲ ਅਤੇ ਇੰਜਨ ਦੇ ਖਰਚੇ ਤੋਂ ਬਚਣ ਦਾ ਆਸਾਨ ਤਰੀਕਾ ਹੈ, ਬਿਜਲੀ ਦੀਆਂ ਮੋਟਰਾਂ ਲਗਵਾਉਣੀਆਂ। ਇਸ **''ਹਰਿ ਚੰਦੌਰੀ''** (ਬਨਾਵਟੀ ਚੀਜ) ਪਿੱਛੇ ਫਿਰ ਕਿਸਾਨ ਦੌੜ ਪਿਆ। ਭਾਰੀ ਰਿਸ਼ਵਤਾਂ ਦੇ ਕੇ, ਬਿਜਲੀ ਦੇ ਕੁਨੈਕਸ਼ਨ ਮਿਲਦੇ ਸਨ, ਉਹ ਦਿੱਤੀਆਂ। ਮੋਟਰਾਂ ਖ੍ਰੀਦੀਆਂ। ਪੰਜਾਬ ਦਾ ਖਰਬਾਂ ਰੁਪਿਆ ਰੁੜ ਗਿਆ। ਬਿਜਲੀ ਸਦਾ ਹੀ ਰੁਸੀ ਰਹਿੰਦੀ। ਮੋਟਰਾਂ ਦੇ ਨਾਲ ਉਹੀ ਡੀਜ਼ਲ ਇੰਜਣ ਰੱਖਣੇ ਪਏ, ਤਾਂ ਕਿ ਫਸਲ ਸੁਕ ਨਾ ਜਾਵੇ। ਹੁਣ ਤਾਂ ਹਾਲਤ ਇਹ ਹੈ ਕਿ ਪੰਦਰਾਂ ਪੰਦਰਾਂ ਸਾਲ ਹੋ ਗਏ ਜਿਨਾਂ ਨੂੰ ਮੋਟਰਾਂ ਲਈ ਸਕਿਊਰਿਟੀ ਭਰੀ ਨੂੰ, ਉਹਨਾਂ ਦੀ ਭੀ ਵਾਰੀ ਨਹੀਂ ਆਈ। ਉਂਵ ਚੋਣਾਂ ਦੇ ਨੇੜੇ ਆਕੇ ਸਾਰੇ ਉਮੀਦਵਾਰ ਨਾਹਰੇ ਜੈਕਾਰੇ ਤੇ ਲਾਰੇ ਬੜੇ ਦੇ ਜਾਂਦੇ ਹਨ।

ਵੀਹ ਕੁ ਸਾਲ ਪਹਿਲਾਂ ਸਰਕਾਰੀ ਤੌਰ ਤੇ ਗੁਰਬਾਣੀ ਦੀ ਇਕ ਪੰਕਤੀ ਲਿਖ ਕੇ ਪਰਚਾਰੀ ਗਈ, ਬੋਰਡ ਲਾਏ ਗਏ। ਜੋ ਇਉਂ ਸੀ-

**ਪਹਿਲਾ ਪਾਣੀ ਜੀਉ ਹੈ, ਜਿਤ ਹਰਿਆ ਸਭ ਕੋਇ।। (ਵਾਰ ਆਸਾ)**

**ਜਾਂ**

**ਪਵਣੁ ਗੁਰੂ ''ਪਾਣੀ ਪਿਤਾ'' ਮਾਤਾ ਧਰਤੁ ਮਹਤ।। (ਜਪੁ)**

ਗੁਰਬਾਣੀ ਦੀਆਂ ਪੰਕਤੀਆਂ ਦਾ ਸਹਾਰਾ ਲੈ ਕੇ ਪ੍ਰਚਾਰਿਆ ਗਿਆ, ਲੋਕੋ ! ਪਾਣੀ ਬੜਾ ਕੀਮਤੀ ਹੈ, ਅਜਾਈਂ ਨਾ ਗੁਆਓ, ਸੰਜਮ ਨਾਲ ਵਰਤੋ। ਪੰਜਾਬ ਨੂੰ ਇਹ ਪਾਠ ਪੜ੍ਹਾ ਕੇ ਪਾਣੀ ਹਰਿਆਣੇ ਤੇ ਰਾਜਸਥਾਨ ਵੱਲ ਨੂੰ ਤੋਰਿਆ ਜਾ ਰਿਹਾ ਸੀ। ਪਾਣੀ ''ਅਜਾਈਂ'' ਜਾਣ ਤੋਂ ਰੋਕਣ ਲਈ, ਪੰਜਾਬ ਵਿਚ ਇਕ ਮਹਿਕਮਾ ਟਿਊਬਵੈੱਲ ਕਾਰਪੋਰੇਸ਼ਨ ਖੋਲਿਆ ਗਿਆ। ਇਸ ਵਿਭਾਗ ਨੂੰ, ਨਹਿਰਾਂ ਸੂਏ ਤੇ ਖਾਲੇ ਪੱਕੇ ਕਰਨ ਦਾ ਕੰਮ ਸੌਂਪਿਆ ਗਿਆ। ਹਜਾਰਾਂ ਕਿਲੋਮੀਟਰ ਨਹਿਰਾਂ ਤੇ ਖਾਲੇ ਪੱਕੇ ਕਰ ਦਿੱਤੇ ਗਏ। ਅਫ਼ਸਰਾਂ ਤੇ ਵਜੀਰਾਂ ਨੇ ਤਜੋਰੀਆਂ ਭਰ ਲਈਆਂ। ਠੇਕੇਦਾਰਾਂ ਨੇ ਹੱਥ ਰੰਗ ਲਏ। ਖਾਲੇ ਬਹੁਤ ਛੇਤੀ ਟੁੱਟ ਗਏ ਪਾਣੀ ਤੋਂ ਪਿਆਸੇ ਮਰ ਗਏ। ਪੱਕੇ ਖਾਲਿਆਂ ਦਾ ਕਿਸਾਨਾਂ ਨੂੰ ਥੋੜਾ ਜਿਹਾ ਫਾਇਦਾ ਤਦੋਂ ਹੋਣਾ ਸੀ, ਅਗਰ

ਉਹਨਾਂ ਵਿਚ ਪਾਣੀ ਆਉਂਦਾ। ਖਾਲਿਆਂ ਨੂੰ ਪੱਕੇ ਕਰਨ ਦਾ ਖਰਚਾ ਕਿਸਾਨਾਂ ਨੂੰ ਪਾ ਦਿੱਤਾ ਗਿਆ। **''ਪਾਣੀ ਪਿਤਾ'' ਜੀ ਨੇ ਦਰਸ਼ਨ ਹੀ ਨਾ ਦਿੱਤੇ।**

ਪਾਣੀਆਂ ਦੀ ਅੰਤਰਰਾਸ਼ਟਰੀ ਕਾਨੂੰਨ ਮੁਤਾਬਕ ਵੰਡ ਕਰਨ ਲਈ ਚੰਡੀਗੜ੍ਹ ਦੇ ਇਕ ਸੁਹਿਰਦ ਸੱਜਣ ਨੇ, ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ, ''ਲੋਕ ਹਿਤ'' ਪਟੀਸ਼ਨ ਦਾਇਰ ਕਰ ਦਿੱਤੀ। ਇਹ ਅਰਜੀ (ਫਾਈਲ) ਇਕ ਜੱਜ ਕੋਲ ਵਿਚਾਰ ਲਈ ਪੁਜਦੀ, ਕੁਝ ਦਿਨਾਂ ਤੋਂ ਬਾਅਦ, ਬਿਨਾਂ ਕੋਈ ਟਿਪਣੀ ਦੇ ਅੱਗੇ ਸਰਕਾ ਦਿੱਤੀ ਜਾਂਦੀ। ਚਾਰ ਕੁ ਸਾਲ ਪੰਜਾਬ ਦੀ ਕਿਸਮਤ ਨਾਲ ਜੁੜੀ, ਇਹ ਮਹੱਤਵ ਪੂਰਨ ਫਾਈਲ, ਕਚਹਿਰੀਆਂ ਦੇ ਅੰਦਰ ਸਫ਼ਰ ਕਰਦੀ ਰਹੀ। ਇਤਨੇ ਨੂੰ ਹਾਈਕੋਰਟ ਵਿਚ ਇਕ ਨਵੇਂ ਜੱਜ, ਸਰਦਾਰ..........ਸੰਧਾਵਾਲੀਆ ਦੀ ਨਿਯੁਕਤੀ ਹੋ ਗਈ। ਜਦੋਂ ਉਹੀ ਪਾਣੀਆਂ ਵਾਲੀ ਫਾਈਲ ਕੀੜੀ ਚਾਲੇ ਚਲਦੀ ਹੋਈ ਸ੍ਰ: ਜੀ ਦੇ ਮੇਜ ਤੇ ਆਣ ਢੁੱਕੀ। ਉਹਨਾਂ ਵੇਖੀ ਪਰਖੀ, ਜਾਇਜਾ ਲਿਆ ਤੇ ਸੁਣਵਾਈ ਲਈ ਤਰੀਕ ਪਾ ਦਿੱਤੀ। ਸਾਥੀ ਜੱਜਾਂ ਨੇ ਵਰਜਿਆ, ਇਹ ''ਗਲਤੀ'' ਨਾ ਕਰੋ। ਇਸ ਫਨੀਅਰ ਨਾਗ ਦੀ ਪਟਾਰੀ ਨਾ ਖੋਲੋ। ਸਰਦਾਰ ਜੀ ਤੇ ਕੋਈ ਅਸਰ ਨਾ ਹੋਇਆ। ਸਗੋਂ ਦ੍ਰਿੜਤਾ ਨਾਲ ਉਹਨਾਂ ਕਹਿ ਦਿੱਤਾ, ਕਿ ਮੈਂ ਇਸ ਕੇਸ ਨੂੰ ਕਿਨਾਰੇ ਲਾ ਕੇ ਹੀ ਰਹਾਂਗਾ। ਕੁਝ ਹੀ ਦਿਨਾਂ ਅੰਦਰ ਸੁਪਰੀਮ ਕੋਰਟ ਵੱਲੋਂ ਫੈਸਲਾ ਰੋਕ ਲੈਣ ਦੀ ''ਸਖ਼ਤ ਹਦਾਇਤ'' ਆ ਗਈ। ਸ੍ਰ: ਸੰਧਾਵਾਲੀਆ ਨਾ ਰੁਕੇ। ਸੁਪਰੀਮ ਕੋਰਟ ਦੇ ਚੀਫ ਜਸਟਿਸ ਸਾਹਿਬ ਜੀ ਨੇ ਸਾਰੇ ਨਿਯਮਾਂ ਨੂੰ ਉਲੰਘ ਕੇ ਇਹ ਫਾਈਲ ਦਿੱਲੀ ਮੰਗਵਾ ਲਈ। ਹੋਰ ਲੱਖਾਂ ਫਾਈਲਾਂ ਦੇ ਹੇਠਾਂ ਦਫਨ ਕਰ ਦਿੱਤੀ ਗਈ। ਵੀਹ ਸਾਲ ਤੋਂ ਇਸ ਨੂੰ ਹਵਾ ਤੱਕ ਨਹੀਂ ਲਗਣ ਦਿੱਤੀ ਗਈ। ਤੇ ਸ: ਸੰਧਾਵਾਲੀਆ ਜਸਟਿਸ ਸਾਹਿਬ ਪੰਜਾਬ ਦੇ ਪਾਣੀਆਂ ਵਿਚ ਰੋਹੜ ਕੇ (ਬਦਲੀ ਕਰਕੇ) ਤਾਮਿਲਨਾਡੂ ਭੇਜ ਦਿੱਤਾ ਗਿਆ। ਖਬਰਦਾਰ ! ਜੇ ਕਿਸੇ ਨੇ ਪੰਜਾਬ ਦੇ ਹੱਕਾਂ ਦੀ ਗੱਲ ਕੀਤੀ ਪੰਜਾਬ ਦੇ ਭਲੇ ਵਾਲਾ ਇਨਸਾਫ਼ ਕੀਤਾ। ਬਦਲੀ ਕਰ ਦੇਣੀ ਤਾਂ ਸਭ ਤੋਂ ਛੋਟੀ ਜਿਹੀ ਸਜ਼ਾ ਹੈ। ਇਸ ਤੋਂ ਵਡੇਰੀਆਂ ਸਜਾਵਾਂ ਅਣਗਣਿਤ ਅਜੇ ਰਾਖਵੀਆਂ ਹਨ। **''ਸਤਯ ਮੇਵ ਜਯਤੇ''**

ਪਾਣੀਆਂ ਦੇ ਕੁਦਰਤੀ ਨਿਯਮ (ਅਤੇ ਅੰਤਰਰਾਸ਼ਟਰੀ ਕਾਨੂੰਨ) ਦੇ ਖੋਜੀ ਵਿਦਵਾਨ ਪ੍ਰੋ: ਮਿਸਲ ਅਤੇ ਜਨਰਲ ਵੀਲ੍ਹਰ (ਅਮਰੀਕੀ) ਨੇ ਬਹੁਤ ਮਿਹਨਤ ਤੋਂ ਬਾਅਦ 400 ਪੰਨਿਆਂ ਦੀ ਇਕ ਪੁਸਤਕ 1967 ਵਿਚ ਛਪਾਈ ਸੀ। ਇਹ ਕਿਤਾਬ ਭਾਰਤੀ ਦਰਿਆਵਾਂ ਦੀ ਵੰਡ ਬਾਰੇ ਸਭ ਤੋਂ ਵਧੀਆ ਮੰਨੀ ਗਈ। ਦਰਿਆਈ ਪਾਣੀਆਂ ਨਾਲ ਸੰਬੰਧਤ ਮਸਲੇ ਇਸ ਕਿਤਾਬ ਤੋਂ ਸੇਧ ਲੈ ਕੇ ਸੁਲਝਾਏ ਜਾ ਸਕਦੇ ਹਨ। ਮਹਾਰਾਜਾ ਬਹਾਵਲਪੁਰ, ਅਤੇ ਗੰਗਾ ਨਗਰ ਦੇ ਰਾਜੇ ਨਾਲ ਸੰਨ 1918 ਵਿਚ, ਅਤੇ ਸਤੰਬਰ 1920 ਨੂੰ ਦੋ ਵਾਰ ਪਾਣੀ ਪ੍ਰਾਪਤ ਕਰਨ ਦੇ ਸਮਝੌਤੇ ਹੋਏ। ਉਹਨਾਂ ਦੋਵੇਂ ਹਾਕਮਾਂ ਨੇ ਪੰਜਾਬ ਤੋਂ ਪਾਣੀ ਮੁੱਲ ਉਤਾਰ ਕੇ ਲਿਆ ਸੀ। ਭਾਵੇਂ ਸਾਰੇ

ਭਾਰਤ ਵਿਚ ਰਾਜ ਤਾਂ ਗੋਰਿਆਂ ਦਾ ਹੀ ਸੀ। ਸਤਲੁਜ ਜਮਨਾ ਲਿੰਕ ਨਹਿਰ (ਐਸ.ਵਾਈ.ਐਲ) ਬਣਾਉਣ ਤੇ ਭਾਰਤ ਸਰਕਾਰ ਕਰੋੜਾਂ ਰੁਪੈ ਬਰਬਾਦ ਕਰ ਚੁੱਕੀ ਹੈ। ਇਸੇ ਨਹਿਰ ਦਾ ਨੀਂਹ ਪੱਥਰ (1982) ਜੋ ਇੰਦਰਾਂ ਗਾਂਧੀ ਨੇ ਰੱਖਿਆ ਸੀ। ਇਸ ਪੰਜਾਬ ਮਾਰੂ ਨੀਂਹ ਪੱਥਰ ਨੇ, ਪਾਣੀ ਤਾਂ ਭਾਵੇਂ ਐਸ.ਵਾਈ.ਐਲ. ਰਾਹੀਂ ਨਹੀਂ ਲਿਆ। ਪੰਜਾਬ ਨੂੰ ਖ਼ੂਨ ਦੇ ਦਰਿਆ ਵਿਚ ਜ਼ਰੂਰ ਡੋਬ ਦਿੱਤਾ। ਪਾਣੀ ਖੋਹੇ ਜਾਣ ਦੇ ਰੋਸ ਵੱਜੋਂ ਅਕਾਲੀ ਦਲ ਨੇ ਕਪੂਰੀ (ਜਿਥੇ ਨੀਂਹ ਪੱਥਰ ਰੱਖਿਆ ਸੀ) ਤੋਂ ਭਾਰਤ ਸਰਕਾਰ ਵਿਰੁੱਧ ਮੋਰਚਾ ਲਾ ਕੇ, ਗ੍ਰਿਫ਼ਤਾਰੀਆਂ ਦਾ ਬਿਗਲ ਵਜਾ ਦਿੱਤਾ। ਇਥੋਂ ਬਦਲ ਕੇ ਮੋਰਚਾ ਅੰਮ੍ਰਿਤਸਰ ਚਲਾ ਗਿਆ। ਉਧਰ ਭਾਈ ਜਰਨੈਲ ਸਿੰਘ ਨੇ, ਭਾਈ ਅਮ੍ਰੀਕ ਸਿੰਘ ਤੇ ਭਾਈ ਠਾਰਾ ਸਿੰਘ ਦੀ ਨਾਜਾਇਜ਼ ਗ੍ਰਿਫਤਾਰੀ ਦੇ ਵਿਰੋਧ ਵਿਚ, ''ਮੋਰਚਾ'' ਲਾਇਆ ਹੋਇਆ ਸੀ। ਅੰਮ੍ਰਿਤਸਰ ਪਹੁੰਚ ਕੇ ਦੋਵੇਂ ''ਮੋਰਚੇ'' ਇਕੱਠੇ ਹੋ ਗਏ। ਨਿਤ ਦਿਨ ਗ੍ਰਿਫਤਾਰੀਆਂ ਹੋਣ ਲੱਗੀਆਂ। ਅਕਾਲੀ ਦਲ ਨੇ ਭਾਰਤ ਸਰਕਾਰ ਵਿਰੁੱਧ, ਨਾ ਮਿਲਵਰਤਣ ਕਰਨ ਦੀ ਤਰੀਕ ਮਿਥ ਦਿੱਤੀ। ਇਸ ਤੋਂ ਗੁੱਸਾ ਖਾ ਕੇ, ਇੰਦਰਾ ਗਾਂਧੀ ਨੇ ਪੰਜਾਬ ਤੇ ਫੌਜਾਂ ਚਾਹੜ ਦਿੱਤੀਆਂ। ਸਿੱਖਾਂ ਦੀ ਤਬਾਹੀ ਗੁਰਧਾਮਾਂ ਦਾ ਵਿਨਾਸ਼। ਖਾੜਕੂਆਂ ਦਾ ਉਭਾਰ, ਭਾਰਤੀ ਫੌਜਾਂ ਵੱਲੋਂ ਪੰਦਰਾਂ ਕੁ ਸਾਲ ਤੱਕ ਸਿੱਖ ਨੌਜਵਾਨਾਂ ਦਾ ਬੜੀ ਬੇਰਹਿਮੀ ਨਾਲ ਸ਼ਿਕਾਰ ਕੀਤਾ ਜਾਂਦਾ ਰਿਹਾ। ਕੇਵਲ ਪਾਣੀ ਮੰਗਿਆ ਸੀ, ਉਹ ਭੀ ''ਆਪਣਾ ਪਾਣੀ''। ਬੇਗਾਨਾ ਹੱਕ ਨਹੀਂ ਚਾਹਿਆ ਸੀ। ਸਮੇਂ ਸਮੇਂ ਦਾ ਫੇਰ ਹੈ। ਇਕ ਉਹ ਜ਼ਮਾਨਾ ਸੀ ਕਿ ਮੁਗਲ ਜਾਬਰਾਂ ਨੂੰ ਸਿੱਖਾਂ ਨੇ ਲੋਹੇ ਦੇ ਚਣੇ ਚਬਾਏ। ਅਬਦਾਲੀ ਤੇ ਦੁਰਾਨੀ ਦੇ ਪੈਰਾਂ ਹੇਠ ਅੱਗ ਬਾਲ ਦਿੱਤੀ। ਬੰਨ ਲਜਾਈਆਂ ਜਾ ਰਹੀਆਂ ਮੁਟਿਆਰਾਂ ਵਾਪਸ ਲਿਆਂਦੀਆਂ। ਗੋਰਿਆਂ ਨੂੰ ਅਜਿਹ ਟੱਕਰੇ ਕਿ **''ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ'', ਵਾਲੀ ਹਾਲਤ ਬਣ ਗਈ। ਪਰ ਅੱਜ ਸਿੱਖ ਕੌਮ ਆਪਣਾ ਪਾਣੀ ਪੰਜਾਬ ਦੇ ਖੇਤਾਂ ਵੱਲ ਨਹੀਂ ਮੋੜ ਸਕਦੀ। ਬਹੁਤ ਪਾਣੀ ਪੁਲਾਂ ਦੇ ਹੇਠਦੀ ਨਿਤ ਲੰਘਦਾ ਜਾ ਰਿਹਾ ਹੈ। ਸਾਡੇ ਦਰਿਆ ਸੁੱਕੇ, ਸਾਡੀਆਂ ਨਹਿਰਾਂ ਸੁੱਕੀਆਂ, ਸਾਡੇ ਸੂਏ ਖਾਲੇ ਸੁੱਕੇ। ਸਾਡੀ ਧਰਤੀ ਸੁੱਕੀ ਫਸਲਾਂ ਸੜ ਗਈਆਂ। ''ਜੇ ਕਿਤੇ ਪਾਣੀ ਹੈ ਤਾਂ ਕੇਵਲ ਕਿਸਾਨਾਂ ਦੀਆਂ ਅੱਖਾਂ ਵਿਚ। ਜੇ ਅੱਖਾਂ ਵਿਚੋਂ ਵਗਦੇ ਪਾਣੀ ਨੂੰ ਇਕ ਥਾਈਂ ਲੰਘਾਇਆ ਜਾਵੇ, ਸ਼ਾਇਦ ਇਕ ਦਰਿਆ ਬਣ ਜਾਣੇ......''।**

ਪਟਿਆਲੇ ਜ਼ਿਲ੍ਹੇ ਦੀ ਸਮਾਣਾ ਮੰਡੀ ਦੇ ਨੇੜਿਓਂ, ਪਹਿਲਾਂ ਵਗ ਰਹੀ ਭਾਖੜਾ ਨਹਿਰ ਵਿਚੋਂ, ਇਕ ਹੋਰ ਨਹਿਰ ਕੱਢ ਕੇ (ਹਾਂਸੀ ਬੁਟਾਣਾ) ਤਿਆਰ ਕਰ ਲਈ ਹੈ। ਪਹਿਲਾਂ ਵਗ ਰਹੀ ਨਹਿਰ ਖਨੌਰੀ ਤੱਕ, ਪੰਜਾਬ ਦੇ ਖੇਤਾਂ ਵਿਚੋਂ ਦੀ ਲੰਘਦੀ ਹੈ। ਹੋ ਸਕਦਾ ਹੈ ਪੰਜਾਬ ਦੇ ਕਿਸਾਨ ਕਦੀ ਇਸ ਨਹਿਰ ਵਿਚੋਂ ਪਾਣੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਚੋਰੀ ਜਾਂ ਸੀਨਾ ਜੋਰੀ। ਸਮਾਣੇ ਤੋਂ ਰਾਹ ਬਦਲ ਕੇ, ਇਹ ਨਹਿਰ ਹਰਿਆਣੇ ਵਿਚ ਦਾਖਲ ਕਰ ਦਿੱਤੀ ਗਈ

ਹੈ। ਹੋਰ ਗਜਬ ਪਈ 06-06-2001 ਵਿਚ ਸ੍ਰ: ਪ੍ਰਕਾਸ਼ ਸਿੰਘ ਬਾਦਲ ਸਰਕਾਰ ਵਿਚ ਮੰਤਰੀ, ਅਤੇ ਬਾਦਲ ਦੇ ਰਿਸ਼ਤੇਦਾਰ ਤੇ ਲੋਕ ਨਿਰਮਾਣ ਮੰਤਰੀ ਸ੍ਰ: ਅਜਾਇਬ ਸਿੰਘ ਮੁਖਮੈਲਪੁਰ ਨੇ ਇਸ **''ਮਾਲਵਾ ਮਾਰੂ''** ਨਹਿਰ ਦਾ ਨੀਂਹ ਪੱਥਰ ਰੱਖਿਆ ਸੀ। ਐਸ.ਜੀ.ਪੀ.ਸੀ. ਦੇ ਕਾਰਜਕਾਰਣੀ ਦੇ ਮੈਂਬਰ ਜੋਗਿੰਦਰ ਸਿੰਘ ਪੰਜਰਥ ਨਾਲ ਸਨ। ਨੀਂਹ ਪੱਥਰ ਤੇ ਦੋਨਾਂ ਦਾ ਨਾਂ ਪੜ੍ਹਿਆ ਜਾ ਸਕਦਾ ਹੈ। ''ਪੰਥ ਰਤਨ'' ਸ੍ਰ: ਗੁਰਚਰਨ ਸਿੰਘ ਟੌਹੜਾ ਇਸ ਪਾਪ ਕਰਮ ਬਾਰੇ ਉੱਚਾ ਸਾਹ ਵੀ ਨਾ ਲੈ ਸਕੇ। ਅਰਬਾਂ ਪਤੀ ਸ੍ਰ: ਸੁਰਜੀਤ ਸਿੰਘ ਰੱਖੜਾ ਇਸ ਨਹਿਰ ਦੇ ਪੁੱਲ ਤੋਂ ਅਨੇਕਾਂ ਵਾਰੀ ਲੰਘਿਆ ਹੈ। ਸ੍ਰ: ਹਰਦਿਆਲ ਸਿੰਘ ਰਾਜਲਾ ਦੇ ਬੇਟੇ ਸ੍ਰ: ਜਗਤਾਰ ਸਿੰਘ ਰਾਜਲਾ ਦੇ ਕੋਠੇ ਤੋਂ ਖਲੋ ਕੇ ਨਹਿਰ ਵਿਚੋਂ ਦੀ ਵਗਦਾ ਪਾਣੀ ਸਾਫ ਦਿਸਦਾ ਹੈ। ਪਰ ਇਹਨਾਂ ਲੋਕਾਂ ਦੀ ਆਤਮਾ ਮਰ ਚੁੱਕੀ ਹੈ। ਹੁਣ ਸਾਰੇ ਪੰਜਾਬ ਨੂੰ ਸਮਸ਼ਾਨ ਘਾਟ ਭੇਜ ਕੇ ਲਾਂਬੂ ਲਾ ਕੇ ਸ਼ਾਇਦ ਇਹ ''ਸੁੱਖ ਦੀ ਨੀਂਦ'' ਸੌਂ ਸਕਣਗੇ। ਪੰਜਾਬ ਵਿਚੋਂ ਦੀ ਵਗ ਰਹੀ ਨਹਿਰ ਉਪਰੋਂ ਹਵਾ ਲੰਘ ਕੇ, ਪੰਜਾਬ ਦੇ ਖੇਤਾਂ ਵੱਲ ਕਦੀ ਦੋ ਬੂੰਦਾਂ ਪਾਣੀ ਲੈ ਆਉਂਦੀ ਸੀ। ਪੰਜਾਬ ਦਾ ਕੋਈ ਪਿਆਸਾ ਡੋਲ ਭਰਕੇ ਇਸ ਵਿਚੋਂ ਪਾਣੀ ਪੀ ਲੈਂਦਾ ਸੀ। ਭਾਵੇਂ ਇਹ ਨਹਿਰ ਇੱਟਾਂ ਨਾਲ ਪੱਕੀ ਕੀਤੀ ਹੋਈ ਹੈ। ਫਿਰ ਭੀ ਥੋੜ੍ਹਾ ਥੋੜ੍ਹਾ ਰਿਸ ਕੇ ਪਾਣੀ ਪੰਜਾਬ ਦੀ ਧਰਤੀ ਵਿਚ ਪ੍ਰਵੇਸ਼ ਕਰ ਜਾਂਦਾ ਸੀ। ਡਾਹਢਿਆਂ ਨੇ ਭਰੀ ਪੂਰੀ ਨਹਿਰ ਦਾ ਮੁਹਾਣਾ ਹੀ ਹਰਿਆਣੇ ਨੂੰ ਮੋੜ ਲਿਆ। ਸਾਡੇ ਆਪਣਿਆਂ ਨੇ ਆਪਣੇ ਰਾਹੀਂ ਪੰਜਾਬ ਦੀ ਧਰਤੀ ਨੂੰ ਬੰਜਰ ਬਣਾਉਣ ਦੇ ਕਾਲੇ ਕਾਰਨਾਮੇ ਦਾ ਕਾਲੇ ਦਿਨ ਕਾਲਾ ਨੀਂਹ ਪੱਥਰ ਰੱਖ ਕੇ ਸਿੱਖਾਂ ਦੇ ਕਲੇਜੇ ਵਿਚ ਖੰਜਰ ਖੋਭ ਦਿੱਤਾ।

ਭਾਖੜਾ ਡੈਮ ਤੋਂ ਪਾਣੀ ਰਾਜਸਥਾਨ ਦੇ ਟਿਬਿਆਂ ਤਕ ਪੁਚਾਣਾ, ਜਾਂ ਤੇ ਨਿਰੀ ਮੂਰਖਤਾ ਹੈ। ਜਾਂ ਫਿਰ ਸਾਜਿਸ਼ ਤਹਿਤ ਸਿੱਖਾਂ ਨੂੰ ਬਰਬਾਦ ਕਰਨ ਦੀ ਯੋਜਨਾ ਹੈ। ਨਹਿਰਾਂ ਰਾਹੀਂ ਹਜਾਰ ਮੀਲ ਤੱਕ ਪਾਣੀ ਜਦੋਂ ਚਲਦਾ ਹੈ ਤਾਂ 25 ਪ੍ਰਤੀਸ਼ਤ ਧਰਤੀ ਸੋਖ ਲੈਂਦੀ ਹੈ। ਇਤਨਾ ਕੁ ਹੀ ਹਵਾ ਵਿਚ ਉਡ ਜਾਂਦਾ ਹੈ। ਜਿਨਾਂ ਵਿਸ਼ਾਲ ਰੇਤਲੇ ਟਿੱਬਿਆਂ ਵਿਚ ਦਰਿਆ ਗਰਕ ਹੋ ਜਾਂਦੇ ਹਨ। ਘੱਗਰ ਨਦੀ ਦਾ ਬੇ ਬਹਾ ਪਾਣੀ, ਹਰ ਸਾਲ ਹੰਨੂਮਾਨਗੜ ਦੇ ਟਿਬਿਆਂ ਵਿਚ ਸਮਾ ਜਾਂਦਾ ਹੈ। ਇਸ ਨਹਿਰ ਭਾਖੜਾ ਦਾ ਪਹੁੰਚਿਆ ਪਾਣੀ, ਫਸਲਾਂ ਹਰੀਆਂ ਨਹੀਂ ਕਰ ਸਕਦਾ। ਹਾਂ ! ਥੋੜਾ ਬਹੁਤ ਪੀਣ ਦੇ ਕੰਮ ਆ ਸਕਦਾ ਹੈ।

ਰਾਜਸਥਾਨ ਦੀ ਇਕ ਸੰਸਥਾ ਨੇ ਇਹ ਸਰਵੇ ਰਿਪੋਰਟ ਅਖ਼ਬਾਰਾਂ ਵਿਚ ਦਿੱਤੀ ਸੀ ਕਿ ਪੰਜਾਬ ਵਿਚੋਂ ਲਿਆਂਦਾ ਨਹਿਰੀ ਪਾਣੀ ਰਾਜਸਥਾਨ ਦਾ ਸੰਵਾਰ ਕੁਝ ਨਹੀਂ ਸਕਿਆ। ਹਾਂ ਪੰਜਾਬ ਜ਼ਰੂਰ ਉੱਜੜ ਗਿਆ ਹੈ। ਪੰਜਾਬ ਵਿਚਲਾ ਸਰਵੇ ਮਹਿਕਮਾ, ਆਪਣੀ ਰਿਪੋਰਟ ਅੰਕੜਾ ਵਿਭਾਗ ਨੂੰ ਹਰ ਸਾਲ ਤਿਆਰ ਕਰਕੇ ਭੇਜਦਾ ਹੈ। ਇਸ ਅੰਕੜਾ ਦਫ਼ਤਰ ਵਿਚ ਪੰਜਾਬ ਬਾਰੇ

ਹਰ ਤਰਾਂ ਦੀ ਜਾਣਕਾਰੀ ਹੁੰਦੀ ਹੈ। ਪਰ ਧਰਤੀ ਹੇਠਲੇ ਪਾਣੀ ਬਾਰੇ ਇਥੇ ਸਾਰਾ ਰਿਕਾਰਡ ਗਲਤ ਹੈ। ਧਰਤੀ ਵਿਚਲਾ ਪਾਣੀ ਜਿਸ ਤੇਜੀ ਨਾਲ ਹੇਠਾਂ ਉਤਰਦਾ ਜਾ ਰਿਹਾ ਹੈ, ਉਤਨਾ ਲਿਖਿਆ ਨਹੀਂ ਜਾਂਦਾ। ਜਦੋਂ ਭਾਰਤੀ ਕਿਸਾਨ ਯੂਨੀਅਨ ਦੇ ਮੁਖੀ ਕਿਸਾਨਾਂ ਦੇ ਧਿਆਨ ਵਿਚ ਇਹ ਗਲ ਆਈ। ਪੜਤਾਲ ਕਰਨ ਤੇ ਪਤਾ ਲਗਾ ਵੀਹ ਤੋਂ ਪੰਝੀ ਫੁੱਟ ਪਾਣੀ ਦੀ ਸਤਾ ਘਟ ਵਿਖਾਈ ਗਈ ਸੀ। ਭਾਵ ਪਾਣੀ ਹੇਠਾਂ ਚਲਾ ਗਿਆ, ਸੱਤਰ ਫੁੱਟ, ਪਰ ਦਸਿਆ ਗਿਆ ਪੰਤਾਲੀ ਤੋਂ ਪੰਜਾਹ ਫੁੱਟ। ਐਡਾ ਹਨੇਰ?

ਪੰਜਾਬ ਦੇ ਮੁੱਖ ਮੰਤਰੀਆਂ ਤੋਂ ਕੇਂਦਰ ਨੇ ਬਾਂਹ ਮਰੋੜ ਕੇ, ਪਾਣੀ ਤੇ ਡਾਕਾ ਮਾਰਨ ਵਰਗੇ ਪੇਪਰਾਂ ਤੇ ਹਮੇਸ਼ਾਂ ਦਸਤਖ਼ਤ ਕਰਵਾਏ ਹਨ। ਕਿਸੇ ਮੁੱਖ ਮੰਤਰੀ ਦੀ ਜ਼ਮੀਰ ਨੇ ਅੰਗੜਾਈ ਨਾ ਲਈ, ਭੇਡਾਂ ਬਣ ਨੀਵੀਆਂ ਪਾਈ ਰਹੇ। ਸ੍: ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਨੇ ''ਅੱਧੀ ਕੁ ਬੜ੍ਹਕ'' ਮਾਰੀ ਸੀ। ਜਦੋਂ ਭਾਰਤੀ ਸੁਪਰੀਮ ਕੋਰਟ ਵਲੋਂ ਪੰਜਾਬ ਸਰਕਾਰ ਨੂੰ ਹੁਕਮ ਦੇ ਦਿੱਤਾ ਕਿ ਆਪਣੇ ਇਲਾਕੇ ਵਿਚ ਐਸ.ਵਾਈ.ਐਲ. ਨਹਿਰ ਤੁਰੰਤ ਬਣਾ ਕੇ ਦਿੱਤੀ ਜਾਵੇ। ਜਦੋਂ ਜੱਜ ਸਾਹਿਬ ਨੂੰ ਪੁੱਛਿਆ ਗਿਆ ਕਿ ਇਹ ਸੂਬਿਆਂ ਦਾ ਆਪਸੀ ਮਾਮਲਾ ਹੈ। ਰਾਸ਼ਟਰੀ ਤੇ ਅੰਤਰਰਾਸ਼ਟਰੀ ਕਾਨੂੰਨਾਂ ਮੁਤਾਬਕ ਤੁਸੀਂ ਇਸ ਤਰ੍ਹਾਂ ਪੰਜਾਬ ਦਾ ਪਾਣੀ ਨਹੀਂ ਖੋਹ ਸਕਦੇ। ਜੱਜ ਸਾਹਿਬ ਨੇ ਇਰਸ਼ਾਦ ਫਰਮਾਇਆ-''ਮੈਂ ਪਾਣੀ ਥੋੜਾ ਈ ਖੋਹਿਆ ਸੀ। ਮੈਂ ਤਾਂ ਨਹਿਰ ਬਣਾ ਕੇ ਦੇਣ ਦਾ ਹੁਕਮ ਦਿੱਤਾ ਸੀ।''

''ਜੀ ਨਹਿਰ ਕਾਹਦੇ ਵਾਸਤੇ ਸੀ? ਪਾਣੀ ਛੱਡਣ ਵਾਸਤੇ''?

''ਇਸ ਗਲ ਨਾਲ ਮੇਰਾ ਕੋਈ ਤਾਲਕ ਨਹੀਂ ਹੈ''। ਜੱਜ ਸਾਹਿਬ ਨੇ ਭੋਲੇਪਣ ਨਾਲ ਆਖਿਆ। ਵਿਧਾਨ ਸਭਾ ਵਿਚ ਮਤਾ ਪਾਸ ਕਰਵਾ ਕੇ ਭਾਵੇਂ ਸ: ਅਮਰਿੰਦਰ ਸਿੰਘ ਨੇ ਨਹਿਰ ਬਣਾਉਣ ਤੋਂ ਨਿਜਾਤ ਪਾ ਲਈ ਹੈ। ਪਰ ''ਜਿੰਨਾ ਪਾਣੀ (ਜੁਲਾਈ 2004) ਨੂੰ ਹਰਿਆਣੇ ਤੇ ਰਾਜਸਥਾਨ ਨੂੰ ਜਾ ਰਿਹਾ ਸੀ ਉਹ ਪਹਿਲਾਂ ਵਾਂਗ ਹੀ ਜਾਂਦਾ ਰਹੇਗਾ'', ਤੇ ਮੋਹਰ ਭੀ ਲਾ ਦਿੱਤੀ।

ਪੰਜਾਬ ਪੰਜ ਦਰਿਆਵਾਂ ਦੀ ਧਰਤੀ ਸੀ। ਅੱਜ ਸਾਰੇ ਦਰਿਆ ਸੁੱਕ ਗਏ ਹਨ। ਹਾਂ ਅੱਜ ਕੱਲ ਸਰਕਾਰਾਂ ਦੀ ਕ੍ਰਿਪਾ ਸਦਕਾ, ਇਕ ਹੋਰ ਦਰਿਆ ਪੰਜਾਬ ਵਿਚ ਵਗਦਾ ਹੈ, ਸ਼ਰਾਬ ਦਾ ਦਰਿਆ। ਜੋ ਪੰਜਾਬ ਦੀ ਜੁਆਨੀ ਨੂੰ ਰੋਹੜੀ ਜਾ ਰਿਹਾ ਹੈ। ਪੰਜਾਬ ਵਿਚੋਂ ਰੁੱਖਾਂ ਦਾ ਭੀ ਖਾਤਮਾ ਹੋ ਗਿਆ ਹੈ। ਰੁੱਖਾਂ ਕਾਰਨ ਬਰਸਾਤਾਂ ਹੋ ਜਾਇਆ ਕਰਦੀਆਂ ਸਨ। ਹੁਣ ਉਹ ਭੀ ਨਹੀਂ ਆਉਂਦੀਆਂ। ਇਕੋ ਚੀਜ਼ ਬਾਕੀ ਹੈ, ਹਉਕੇ ਸਿਸਕੀਆਂ, ਬਰਬਾਦੀ ਤੇ ਮੌਤ, ਸਾਰੇ ਪੰਜਾਬ ਦੀ।

ਪਾਣੀ ਦੀ ਵਡਿਆਈ ਸਤਿਗੁਰੂ ਜੀ ਇਉਂ ਕਰ ਰਹੇ ਹਨ-

**ਪਾਣੀ ਵਿਚਹੁ ਰਤਨ ਉਪੰਨੇ, ਮੇਰੁ ਕੀਆ ਮਾਧਾਣੀ।।**
**ਅਠਸਠਿ ਤੀਰਥ ਦੇਵੀ ਥਾਪੇ, ਪੂਰਬੀ ਲਗੈ ਬਾਣੀ।।**
**ਨਾਇ ਨਿਵਾਜਾ ਨਾਤੈ ਪੂਜਾ, ਨਾਵਨਿ ਸਦਾ ਸੁਜਾਣੀ।।**
**ਮੁਇਆ ਜੀਵਦਿਆਂ ਗਤਿ ਹੋਵੈ ਜਾਂ ਸਿਰਿ ਪਾਈਐ ਪਾਣੀ।।**
**ਨਾਨਕ ਸਿਰਖੁਥੈ ਸੈਤਾਨੀ, ਏਨਾ ਗਲਾ ਨਾ ਪਾਣੀ, ।।**
**ਵੁਠੈ (ਪਾਣੀ) ਹੋਇਐ ਹੋਇ ਬਿਲਾਵਲ, ਜੀਆ ਜੁਗਤਿ ਸਮਾਣੀ।।**
**ਵੁਠੈ (ਪਾਣੀ) ਅੰਨ ਕਮਾਦੁ ਕਪਾਹਾ, ਸਭਸੈ ਪੜਦਾ ਹੋਵੈ।।**
**ਵੁਠੈ ਘਾਹੁ ਚਰਹਿ ਨਿਤ ਸੁਰਭੀ (ਗਾਵਾਂ ਮੱਝਾਂ) ਸਾ ਧਨ ਦਹੀ ਬਿਲੋਵੈ।।**
**ਤਿਤੁ ਘਿਇ (ਘੀਓ) ਹੋਮ ਜਗ ਸਦ ਪੂਜਾ, ਪਇਐ ਕਾਰਜੁ ਸੋਹੈ।। (ਪੰਨਾ- 148)**

ਹੁਣ ਜਦੋਂ ਅੰਨ ਸੰਕਟ ਭਾਰਤ ਵਿਚੋਂ ਖਤਮ ਹੋ ਗਿਆ ਹੈ। ਨਵੀਆਂ ਤਕਨੀਕਾਂ ਰਾਹੀਂ ਸਾਰੀਆਂ ਸਟੇਟਾਂ ਦੇ ਕਿਸਾਨ ਅੰਨ ਪੈਦਾ ਕਰਕੇ ਢਿੱਡ ਭਰ ਲੈਣ ਜੋਗੇ ਹੋ ਗਏ ਹਨ। ਅਜਿਹੇ ਸਮੇਂ ਸਿੱਖ ਕਿਸਾਨੀ ਨੂੰ ਮੁਸੀਬਤਾਂ ਵਿਚ ਡੋਬ ਦਿੱਤਾ ਹੈ। ਵਿਦੇਸ਼ਾਂ ਵਿਚੋਂ ਭਾਵੇਂ ਮਹਿੰਗੇ ਮੁੱਲ ਤਾਰ ਕੇ ਅਨਾਜ ਮੰਗਾਉਣਾ ਪਵੇ, ਮੰਗਾ ਲੈਂਦੇ ਹਨ। ਪਰ ਪੰਜਾਬ ਦੇ ਕਿਸਾਨ ਨੂੰ ਮੁਨਾਫੇ ਵਾਲਾ ਮੁੱਲ ਨਹੀਂ ਦਿੱਤਾ ਜਾਂਦਾ। ਇਸ ਤਰਾਂ ਪੰਜਾਹ-ਸੱਠ ਸਾਲਾਂ ਵਿਚ ਕਿਸਾਨ ਸੌਖਾ ਹੋਣ ਦੀ ਥਾਵੇਂ, ਹੋਰ ਗਰੀਬ ਹੋ ਗਿਆ। ਕਰਜੇ ਤੋਂ ਤੰਗ ਆ ਕੇ ਖੁਦਕੁਸ਼ੀਆਂ ਦੇ ਰਾਹ ਪੈ ਗਿਆ ਜਾਂ ਵਿਦੇਸ਼ਾਂ ਦੀਆਂ ਹਨੇਰੀਆਂ ਗੁਫਾਵਾਂ ਵਿਚ ਗੁਆਚ ਗਿਆ। ਰਾਹ ਵਿਖਾਉਣ ਵਾਲਾ ਬਾਂਹ ਫੜਨ ਵਾਲਾ ਕੋਈ ਨਜ਼ਰ ਨਹੀਂ ਆਉਂਦਾ। ਸਤਿਗੁਰੂ ਜੀ ਬਹੁੜੀ ਕਰਨ, ਕੋਈ ਦੂਰ ਅੰਦੇਸ ਆਗੂ ਕੌਮ ਨੂੰ ਬਖ਼ਸ਼ ਦੇਣ। ਪੰਜਾਬ ਵਿਚੋਂ ਚੁਣੇ ਐਮ.ਪੀ. ਏਨੇ ਕਾਇਰ ਤੇ ਕਮੀਣੇ ਬਣ ਚੁਕੇ ਹਨ ਕਿ ਪਾਰਲੀਮੈਂਟ ਵਿਚ ਕਿਸੇ ਨੇ ਪੰਜਾਬ ਦੇ ਇਹਨਾਂ ਮੁੱਦਿਆ ਬਾਰੇ ਕਦੀ ਜਬਾਨ ਤਕ ਨਹੀਂ ਖੋਹਲੀ। ਵਿਦਵਾਨ ਤਬਕੇ ਨੇ ਇਹਨਾਂ ਰਾਜ ਨੇਤਾਵਾਂ ਨੂੰ ਕਦੀ ਲਾਹਨਤਾਂ ਨਹੀਂ ਪਾਈਆਂ। ਕੀ ਪੰਜਾਬ ਵਿਚ ਕੋਈ ਜਿਉਂਦੀ ਜਮੀਰ ਵਾਲਾ ਜੀਵਤ ਨਹੀਂ ਹੈ ਜੋ ਸੱਚ ਬੋਲ ਸਕੇ ਅਤੇ ਸੱਚ ਲਿਖ ਸਕੇ?

**000**

# ਸ਼੍ਰੋਮਣੀ ਕਮੇਟੀ ਦੇ ਅੱਸੀ ਸਾਲ

ਗੁਰੂ ਨਾਨਕ ਸਾਹਿਬ ਜੀ ਜਿਸ ਇਲਾਕੇ ਵਿੱਚ ਆਪਣੇ ਮੱਤ ਦੇ ਪ੍ਰਚਰ ਲਈ ਜਾਂਦੇ ਉਸ ਇਲਾਕੇ ਵਿੱਚ ਕਿਸੇ ਇਕ ਸਿੱਖ ਨੂੰ ਮੁਖੀ ਥਾਪ ਕੇ **''ਧਰਮਸ਼ਾਲ''** ਕਾਇਮ ਕਰਦੇ ਤਾਂ ਕਿ ਪੰਦਰਾਂ ਦਿਨਾਂ ਮਗਰੋਂ ਜਾਂ ਮਹੀਨੇ ਮਗਰੋਂ ਸੰਗਤਾਂ ਇਕੱਤਰ ਹੋ ਕੇ ਗੁਰਬਾਣੀ ਦੀ ਵਿਚਾਰ ਕਰਨ। ਦੁੱਖ ਸੁੱਖ ਸਾਂਝੇ ਕਰਨ। ਇੱਕ ਦੂਜੇ ਦੀ ਸਹਾਇਤਾ ਕਰਦਿਆਂ ਸਮਾਜ ਨੂੰ ਮਾਨਸਿਕ ਆਰਥਿਕ ਸਮਾਜਕ ਤੇ ਰਾਜਨੀਤਕ ਪੱਖਾਂ ਤੋਂ ਜਾਗਰੂਕ ਕਰਨ। ਇਹ ਮੁੱਢਲੇ ਜਤਨ ਸਨ। ਤੀਜੇ ਪਾਤਿਸ਼ਾਹ ਜੀ ਨੇ ਇਸ ਪ੍ਰਬੰਧ ਵਿੱਚ ਸੁਧਾਰ ਕਰਕੇ, ਇਲਾਕਾ ਵੰਡ ਕਰ ਦਿੱਤੀ। ਉਸ ਸਮੇਂ ਭਾਰਤ ਵਿੱਚ ਬਾਈ ਸਟੇਟਾਂ ਜਾਂ ਵੱਡੇ ਰਾਜ ਸਨ। ਗੁਰੂ ਅਮਰ ਦਾਸ ਜੀ ਨੇ ਆਪਣੇ ਬਾਈ ਰਾਜਾਂ ਦੇ ਮੁਖੀ, **''ਮੰਜੀਦਾਰ''** ਥਾਪ ਦਿੱਤੇ। ਇਹਨਾ ਦੀਆਂ ਸ਼ਾਖਾਵਾਂ ਦੇ ਤੌਰ ਤੇ ਬਵੰਜਾ **''ਪੀਹੜੇ''** (ਪ੍ਰਚਾਰ ਕੇਂਦਰ) ਸਥਾਪਤ ਕਰ ਦਿੱਤੇ । ਇਹ ਪ੍ਰਬੰਧ ਭਾਵੇਂ ਚੰਗਾ ਸੀ ਪਰ ਗੁਰੂ ਰਾਮ ਦਾਸ ਜੀ ਨੇ, ''ਦਸਵੰਧ'' ਦੀ ਪ੍ਰੰਪਰਾ ਜਾਰੀ ਕਰ ਦਿੱਤੀ, ਅਤੇ ਸਾਰਾ ਹਿਸਾਬ ਛੇ ਮਹੀਨਿਆਂ ਮਗਰੋਂ ਅੰਮ੍ਰਿਤਸਰ ਆ ਕੇ ਵਿਖਾਉਣਾ ਜ਼ਰੂਰੀ ਕਰ ਦਿੱਤਾ ਗਿਆ। ਇਸ ਨੂੰ ਮਸੰਦ ਪ੍ਰਥਾ ਕਿਹਾ ਗਿਆ। ਇਸ ਪ੍ਰਕਾਰ ਦੀ ਸੇਵਾ ਲੰਮਾਂ ਸਮਾਂ ਚਲਦੀ ਰਹੀ। ਹੌਲੀ ਹੌਲੀ ਵਿਗਾੜ ਪੈਂਦਾ ਗਿਆ। ਦਸਵੇਂ ਸਤਿਗੁਰਾਂ ਤੱਕ ਇਹਨਾਂ ਮਸੰਦਾਂ ਦੀਆਂ ਲੁੱਟਾਂ ਖੋਹਾਂ ਜੱਗ ਜਾਹਰ ਹੋਈਆਂ। ਦਸਮ ਗੁਰੂ ਨੇ ਮਸੰਦਗਿਰੀ ਸਿਸਟਮ ਪੂਰੀ ਤਰ੍ਹਾਂ ਖਤਮ ਕਰ ਦਿੱਤਾ। ਖਾਲਸੇ ਨੂੰ ਸਿੱਧਾ ਗੁਰੂ ਨਾਲ ਜੋੜ ਦਿੱਤਾ। ਸੰਨ 1708 ਤੋਂ 1799 ਤੱਕ, ਸਿੱਖਾਂ ਨੂੰ ਲਗਾਤਾਰ ਹਕੂਮਤ ਨਾਲ ਜੂਝਣਾ ਪਿਆ। ਪਿੰਡ, ਸ਼ਹਿਰ, ਘਰ, ਤਿਆਗਣੇ ਪਏ। ਇਹਨਾਂ ਬਿਖੜੇ ਹਾਲਾਤਾਂ ਵਿੱਚ ਉਦਾਸੀ ਸਾਧ ਤੇ ਬ੍ਰਾਹਮਣ ਲੋਕ, ਗੁਰਦੁਆਰਿਆਂ ਤੇ ਕਾਬਜ਼ ਹੋ ਗਏ। ਮਹਾਰਾਜਾ ਰਣਜੀਤ ਸਿੰਘ ਨੇ ਰਾਜ ਦੀਆਂ ਹੱਦਾਂ ਵਧਾਉਣ ਤੇ ਬਹੁਤ ਜ਼ੋਰ ਲਾਇਆ। ਅੰਦਰੂਨੀ ਵਿਰੋਧ ਨੂੰ ਕਾਬੂ ਵਿੱਚ ਰੱਖਣ ਵਾਸਤੇ ਬੜੀ ਸਿਆਣਪ ਨਾਲ ਕੰਮ ਕੀਤਾ। ਪਰ ਧਰਮ ਪ੍ਰਚਾਰ ਜਾਂ ਗੁਰਦੁਆਰਾ ਪ੍ਰਬੰਧ ਵੱਲ ਧਿਆਨ ਨਾ ਦੇ ਸਕਿਆ।

ਗੁਰਦੁਆਰਿਆਂ ਦੇ ਹਾਲਾਤ ਬਦ ਤੋਂ ਬਦਤਰ ਹੁੰਦੇ ਗਏ। ਸੰਨ 1873 ਵਿੱਚ ਸ਼ੁਰੂ ਹੋ ਕੇ ਸਿੰਘ ਸਭਾ ਲਹਿਰ ਨੇ ਚੇਤਨਤਾ ਲਿਆਉਣ ਵਿੱਚ ਅੱਛਾ ਖਾਸਾ ਯੋਗਦਾਨ ਪਾਇਆ। ਪਰ ਅਜੇ ਸਮਾਂ ਅਨੁਕੂਲ ਨਹੀਂ ਸੀ ਸੁਧਾਰ ਵਿੱਚ ਦੇਰ ਹੁੰਦੀ ਗਈ। ਸੰਨ 1920 ਵਿੱਚ ਸਿੱਖਾਂ ਦੇ ਜੋਸ਼ ਨੇ ਉਬਾਲਾ ਖਾਧਾ। ਪੁਜਾਰੀਆਂ ਵੱਲੋਂ ਅਤੀ ਨੀਚ ਕਰਮ ਗੁਰਦੁਆਰਿਆਂ ਵਿੱਚ ਕੀਤੇ ਜਾਣ ਲੱਗੇ। ਸਨ। ਗੁਰੂ ਘਰਾਂ ਦੀਆਂ ਗੋਲਕਾਂ ਅਤੇ ਜ਼ਮੀਨਾਂ ਬਰਬਾਦ ਕੀਤੀਆਂ ਜਾਣ ਲੱਗੀਆਂ। ਲੰਮੀ ਜਦੋ ਜਹਿਦ ਤੋਂ ਬਾਅਦ ਅਨੇਕਾਂ ਮੁਸੀਬਤਾਂ ਝੱਲ ਕੇ, ਸਿੱਖਾਂ ਦੀ ਧਰਮ ਪ੍ਰਤੀ ਵਫਾਦਾਰੀ ਅਤੇ ਦ੍ਰਿੜਤਾ ਵੇਖ ਕੇ

, ਅੰਗ੍ਰੇਜ਼ ਸਰਕਾਰ ਨੇ ਸੰਨ 1925 ਵਿੱਚ ਸਿੱਖ ਗੁਰਦੁਆਰਾ ਕਾਨੂੰਨ ਪਾਸ ਕਰ ਦਿੱਤਾ। ਇਸੇ ਕਾਨੂੰਨ ਤਹਿਤ 18 ਜੂਨ 1926 ਨੂੰ ਸ਼੍ਰੋਮਣੀ ਗੁਰਦੁਆਰਾ ਕਮੇਟੀ ਲਈ ਪਹਿਲੀ ਚੋਣ ਹੋਈ। ਇਸ ਤਰ੍ਹਾਂ ਜੇਤੂ ਮੈਂਬਰਾਂ ਨੇ ਪ੍ਰਬੰਧ ਸੰਭਾਲਿਆ।

ਭਾਵੇਂ ਪ੍ਰਬੰਧਕੀ ਤਜਰਬਾ ਨਹੀਂ ਸੀ ਧਰਮ ਬਾਰੇ ਬਹੁਤਾ ਗਿਆਨ ਨਹੀਂ ਸੀ। ਫਿਰ ਭੀ ਧਰਮ ਪ੍ਰਤੀ ਵਫਾਦਾਰੀ ਨੇ ਸ਼ੁਰੂ ਦੇ ਪੱਚੀ ਤੀਹ ਸਾਲ ਸ਼੍ਰੋਮਣੀ ਕਮੇਟੀ ਦਾ ਕੰਮ ਠੀਕ ਚਲਦਾ ਰਿਹਾ, ਅੱਜ ਵਾਂਗ ''ਮੀਡੀਆ'' (ਅਖਬਾਰਾਂ ਰਿਸਾਲੇ ਟੀ.ਵੀ. ਚੈਨਲ, ਇੰਟਰਨੈਟ) ਨਹੀਂ ਸੀ। ਜੇ ਕਿਧਰੇ ''ਧਰਮ ਕਰਮ'' ਕੀ ਉਲੰਘਣਾ ਹੋਈ ਭੀ ਤਾਂ ਬਾਹਰ ਭਾਫ ਨਹੀਂ ਨਿਕਲੀ। ਹੁਣ ਜਦੋਂ ਕੁਰਬਾਨੀ ਵਾਲੇ ਸਿੱਖ ਸਾਰੇ ਵਿਛੜ ਚੁੱਕੇ ਹਨ। ਸਿੱਖ ਆਗੂਆਂ ਵਿੱਚ ਧਰਮ ਪ੍ਰਤੀ ਵਫਾਦਾਰੀ ਨਾਂਹ ਦੇ ਬਰਾਬਰ ਹੀ ਹੈ। ਮੀਡੀਏ ਵੱਲੋਂ ਤਾਇਨਾਤ ਚੁਸਤ ਪੱਤਰਕਾਰ ਧੁਰ ਅੰਦਰ ਦੀਆਂ ਕਮੀਆਂ ਜੱਗ ਜਾਹਰ ਕਰ ਦਿੰਦੇ ਹਨ। ਸਿੱਖ ਮਸਲਿਆਂ ਬਾਰੇ ਮੌਜੂਦਾ ਸਮੇਂ ਵਿੱਚ ਪਹਿਲਾਂ ਮਹੀਨਾਵਾਰ ਮੈਗਜ਼ੀਨ ਤੇ ਨਵੰਬਰ 2005 ਤੋਂ ਰੋਜ਼ਾਨਾਂ ਸਪੋਕਸਮੈਨ ਰਾਹੀਂ ਸ੍ਰ. ਜੋਗਿਦਰ ਸਿੰਘ ਨੇ ਜਿਸ ਬੇਬਾਕੀ ਨਾਲ ਲਿਖਿਆ ਹੈ, ਉਹ ਆਪਣੀ ਮਿਸਾਲ ਆਪ ਹੈ। ਧਰਮ ਪੱਖੋਂ ਸਿੱਖ ਹੋਣ ਕਰਕੇ ਗੁਰਦੁਆਰਿਆਂ ਦੇ ਪ੍ਰਬੰਧਕ ਹੋਣ ਦੀ ਹੈਸੀਅਤ ਵਿੱਚ, ਆਪਣੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਨਾ ਕਰਕੇ ਸਿੱਖ ਮੁਖੀਆਂ ਨੇ ਬਹੁਤ ਨਿਰਾਸ਼ ਕੀਤਾ ਹੈ। ਇਹਨਾਂ ਲੋਕਾਂ ਦੀ ਕਹਿਣੀ ਤੇ ਕਰਨੀ ਵਿੱਚ ਜ਼ਮੀਨ ਅਸਮਾਨ ਜਿੰਨਾਂ ਅੰਤਰ ਹੈ। **ਲਗਭੱਗ ਹਰ ਗੁਰਦੁਆਰੇ ਤੇ ਲੱਠਮਾਰ ਕਿਸਮ ਦੇ ਗੁੰਡੇ ਕਾਬਜ਼ ਹੋ ਚੁੱਕੇ ਹਨ। ਗੱਲ ਸ਼੍ਰੋਮਣੀ ਕਮੇਟੀ ਵਲੇ ਗੁਰਦੁਆਰੇ ਤੱਕ ਸੀਮਤ ਨਾ ਰਹਿ ਕੇ ਅੱਜ ਹਰ ਗੁਰਦੁਆਰੇ ਦਾ ਪ੍ਰਬੰਧ ਮਲਕ ਭਾਗੋਆਂ, ਕੌਡੇ ਰਾਖ਼ਸ਼ਾਂ ਤੇ ਸੱਜਣ ਠੱਗਾਂ ਦੇ ਹੱਥਾਂ ਵਿੱਚ ਹੈ। ਜਿੰਦਣ ਤੋਂ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ ਹੈ ਉਦੋਂ ਤੋਂ ਲੈ ਕੇ ਅੱਜ ਤੱਕ ਦਾ ਲੇਖਾ ਜੋਖਾ ਕੋਈ ਭੀ ਸਿਆਣਾ ਵਿਅਕਤੀ ਕਰ ਵੇਖੇ। ਨਤੀਜੇ ਆਪਣੇ ਆਪ ਬੋਲ ਕੇ ਕਰੂਰ ਸੱਚ ਸਾਹਮਣੇ ਲਿਆਉਣਗੇ।**

ਬੇਅੰਤ ਪੈਸਾ ਅਤੇ ਸਾਧਨ ਹੋਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਨੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ। ਗੁਰਦੁਆਰਾ ਪ੍ਰਬੰਧ ਰਾਹੀਂ ਸ਼੍ਰੋਮਣੀ ਕਮੇਟੀ, ਦੁਨੀਆ ਭਰ ਦੇ ਸਿੱਖਾਂ ਨੂੰ ਆਪਣੇ ਨਾਲ ਜੋੜ ਸਕਦੀ ਹੈ। ਇਹਨਾਂ ਵੱਲੋਂ ਉਚ ਸਿੱਖਿਆ ਪ੍ਰਾਪਤ ਗੁਣਵਾਨ ਪ੍ਰਚਾਰਕ ਸਿੱਖ ਸਾਰੇ ਗੁਰਦੁਆਰਿਆਂ ਵਿੱਚ ਸੰਗਤਾਂ ਨੂੰ ਮਿਆਰੀ ਗੁਰਮਤ ਸਿੱਖਿਆ ਦੇਣ। ਹਰ ਤਰ੍ਹਾਂ ਦਾ ਸੋਧਿਆ ਹੋਇਆ ਘੱਟ ਤੋਂ ਘੱਟ ਕੀਮਤ ਤੇ ਸਾਰੀਆਂ ਵੱਡੀਆਂ ਭਾਸ਼ਾਵਾਂ ਵਿੱਚ ਛਪਵਾ ਕੇ ਸਾਹਿਤ ਭੇਜਣ। ਉੱਚ ਪਾਏ ਦੇ ਘੱਟੋ-ਘੱਟ ਤਿੰਨ ਰੋਜ਼ਾਨਾ ਅਖਬਾਜ (ਪੰਜਾਬੀ, ਹਿੰਦੀ, ਅੰਗਰੇਜ਼ੀ) ਲੋਕਾਈ ਤੱਕ ਪਹੁੰਚਣ। ਆਡੀਓ ਵੀਡੀਓ ਸੀਡੀਜ਼ ਵਿਦਵਾਨ ਗੁਰਸਿੱਖਾਂ ਤੋਂ ਤਿਆਰ ਕਰਵਾ ਕੇ, ਦੁਨੀਆ ਭਰ ਵਿਚਲੇ ਗੁਰਦੁਆਰਿਆਂ ਵਿੱਚ ਭੇਜੀਆਂ ਜਾਣ। ਗੁਰਬਾਣੀ ਸੰਥਾ ਪਾਠ ਤੇ ਅਰਥ ਬੋਧ ਕਰਾਉਣ ਲਈ ਵਿਸ਼ਾਲ ਪ੍ਰਬੰਧ ਕੀਤੇ ਜਾਣ। ਦੁਨੀਆ ਵਿੱਚ ਫੈਲੇ ਸਿੱਖਾਂ ਦੇ ਮਸਲੇ ਹੱਲ ਕਰਾਉਣ ਲਈ ਖਾਸ ਵਿਸ਼ਿਆਂ ਦੇ ਮਾਹਿਰ ਗੁਰਸਿੱਖਾਂ

ਦੀਆਂ ਕਮੇਟੀਆਂ ਬਣਾਈਆਂ ਜਾਣ। ਆਪਣਾ ਰੇਡੀਓ ਤੇ ਟੀ.ਵੀ. ਚੈਨਲ ਹੋਵੇ। ਜਿੱਥੋਂ ਸਿੱਖਾਂ ਨਾਲ ਸਬੰਧਤ ਸਾਰੇ ਤਰ੍ਹਾਂ ਦੇ ਮਸਲੇ ਅਤੇ ਧਰਮ ਗਿਆਨ ਘਰ ਘਰ ਪੁੱਜਦਾ ਹੋਵੇ। ਬੱਚਿਆਂ ਬੀਬੀਆਂ ਬਜ਼ੁਰਗਾਂ ਦੀ ਮਾਨਸਿਕ ਬਣਤਰ ਮੁਤਾਬਕ, ਬੌਧਿਕ ਵਿਕਾਸ ਲਈ ਉਪਰਾਲੇ ਕੀਤੇ ਜਾਣ। ਗੱਲ ਕੀ ਸ਼੍ਰੋਮਣੀ ਕਮੇਟੀ ਸਿੱਖਾਂ ਨਾਲ ਸਬੰਧਤ ਹਰ ਤਰ੍ਹਾਂ ਦੇ ਵਿਭਾਗ ਖੋਲ੍ਹੇ। ਇੰਟਰਨੈਟ ਰਾਹੀਂ ਪੂਰੀ ਸਿੱਖ ਕੌਮ ਇਕ ਸੂਤਰ ਵਿੱਚ ਪ੍ਰੋਈ ਜਾਵੇ। ਜਿਥੇ ਸਿੱਖ ਮਾਈ ਭਾਈ ਧਰਮ ਬਾਰੇ ਗਿਆਨਵਾਨ ਹੋਣ, ਆਰਥਿਕ ਪੱਖੋਂ ਮਜ਼ਬੂਤ ਹੋਣ, ਰਾਜਨੀਤਿਕ ਪੱਖੋਂ ਮਾਣ ਨਾਲ ਰਹਿ ਸਕਣ।

**ਹਾਏ ਸਤਿਗੁਰੂ ਜੀ ! ਬਹੁੜੀ ਕਰੋ। ਤੁਹਾਡੀਆਂ ਗੋਲਕਾਂ ਲੁੱਟੀਆਂ ਜਾ ਰਹੀਆਂ ਹਨ। ਤੁਹਾਡੇ ਲੰਗਰਾਂ ਨੂੰ ਸੰਨ੍ਹ ਲੱਗ ਰਹੇ ਹਨ। ਤੁਹਾਡੇ ਰੁਮਾਲੇ ਚਾਂਦਨੀ ਚੌਰ ਲੁੱਟੇ ਜਾ ਰਹੇ ਹਨ। ਤੁਹਾਡੇ ਨਾਂ ਦੀਆਂ ਜ਼ਮੀਨਾਂ ਖੁਰਦ ਬੁਰਦ ਕੀਤੀਆਂ ਜਾ ਰਹੀਆਂ ਹਨ।ਤੁਹਾਡੇ ਨਾਂ ਤੇ ਚੱਲ ਰਹੇ ਸਕੂਲ ਕਾਲਜ ਤੇ ਹਸਪਤਾਲਾਂ ਨੂੰ ਲੁੱਟਿਆ ਜਾ ਰਿਹਾ ਹੈ। ਖਾਲਸਾ ਮਾਰਚ ਤੇ ਚੇਤਨਾ ਮਾਰਚਾਂ ਰਾਹੀਂ ਸ਼ਰਧਾਵਾਨਾਂ ਦੀ ਸ਼ਰਧਾ ਲੁੱਟੀ ਜਾ ਰਹੀ ਹੈ। ਨਗਰ ਕੀਰਤਨਾਂ ਤੇ ਰੈਣ ਸਬਾਈ ਕੀਰਤਨਾਂ ਰਾਹੀਂ ਗਿਆਨ ਤੋਂ ਸੱਖਣੇ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਮੈਂਬਰ ਰਾਜਗੱਦੀ ਲੁੱਟਣ ਦੀ ਕੋਸ਼ਿਸ਼ ਕਰਦੇ ਹਨ। ਰਾਜਨੀਤਕ ਬੁਰਛੇ, ਧਰਮ ਦੇ ਨਾਂ ਤੇ ਵੋਟਾਂ ਅਤੇ ਧਨ ਲੁੱਟਦੇ ਹਨ। ਸਟੇਜੀ ਕਲਾਕਾਰ (ਸਿਧਾਂਤ ਹੀਣ ਕੀਰਤਨੀਏ, ਢਾਡੀ ਲੈਕਚਰਾਰ ਤੇ ਕਥਾਵਾਚਕ) ਸੰਗਤਾਂ ਦੀ ਕਮਾਈ ਲੁੱਟਦੇ ਹਨ। ਵੱਟੇ ਵਿੱਚ ਪੱਲੇ ਅਗਿਆਨਤਾ ਜਾਂ ਅੰਧਵਿਸ਼ਵਾਸ ਹੀ ਪਾਉਂਦੇ ਹਨ। ਤਖਤਾਂ ਦੇ ''ਜਥੇਦਾਰ'' ਵਿਦਵਾਨਾਂ ਦੀ ਵਿੱਦਿਆ ਅਤੇ ਖੋਜ (ਹੁਕਮਨਾਮੇ ਰਾਹੀਂ ਬਿਨ੍ਹਾਂ ਠੋਸ ਕਾਰਨ ਪੰਥ ਚੋਂ ਛੇਕਣਾ) ਨੂੰ ਲੁੱਟਦੇ ਹਨ। ਤਾਕਤਵਰ ਲੋਕ ਜਥੇਦਾਰਾਂ ਦਾ ਸਵੈਮਾਣ ਲੁੱਟਦੇ ਹਨ। ਜਥੇਦਾਰ ਰਾਜਸੀ ਤਾਕਤ ਦੀ ਛਤਰ ਛਾਇਆ ਹੇਠ ਵਿਭਚਾਰੀਆਂ ਬਲਾਤਕਾਰੀਆਂ ਪੰਥ ਦੋਖੀਆਂ ਤੋਂ ਮੋਟੀਆਂ ਰਕਮਾਂ ਲੁੱਟਦੇ ਹਨ। ਕਾਰ ਸੇਵਕ ਕਿਸਾਨਾਂ ਤੋਂ ਬੇਅੰਤ ਕਣਕ ਝੋਨਾ ਲੁੱਟਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਆੜ ਲੈ ਕੇ ਨਿਮਾਣੇ ਸੇਵਕ ਦੁਕਾਨ ਮਕਾਨ ਪਲਾਟ ਜ਼ਮੀਨ ਵਰਗੀ ਜਾਇਦਾਤ ਲੁੱਟਦੇ ਹਨ। ਗੈਰ ਸਿੱਖਾਂ ਨੂੰ ਗੁਰਦੁਆਰਿਆਂ ਵਿੱਚ ਬੁਲਾ ਕੇ ਉਹਨਾਂ ਨੂੰ ਸਿਰੋਪੇ ਭੇਟ ਕਰਕੇ ਪ੍ਰਧਾਨ ਸਕੱਤਰ ਆਪਣੇ ਲਈ ਝੂਠੀ ਪ੍ਰਸ਼ੰਸਾ ਲੁੱਟਦੇ ਹਨ। ਬਹੁਤ ਸਾਰੇ ਸੇਵਕ ਗੁਰਬਾਣੀ ਛਪਾਉਣ ਦੇ ਨਾਮ ਤੇ ਕਈ ਪੋਥੀਆਂ ਵੰਡਣ ਦੇ ਨਾਮ ਤੇ ਕਈ ਸਾਰੇ ਅਗਨ ਭੇਟ ਕਰਨ ਦੇ ਨਾਮ ਤੇ ਪੂਰੀ ਕੌਮ ਨੂੰ ਲੁੱਟਦੇ ਹਨ। ਅਖੌਤੀ ਸੰਤ ਮਹਾਂਪੁਰਖ ਅੰਨ੍ਹੀ ਸ਼ਰਧਾ ਵਿੱਚ ਗਰਕ ਕਰਕੇ ਲੁੱਟਦੇ ਹਨ.....। ਕਿਸੇ ਜ਼ਮਾਨੇ ਦੇ ਸਭ ਤੋਂ ਸਿਆਣੇ ਸਿੱਖ ਅੱਜ ਹਰ ਪੱਖੋਂ ਲੁੱਟੇ ਜਾ ਚੁੱਕੇ ਹਨ। ਧਨ (ਪੈਸਾ) ਧਰਮ ਤੇ ਰਾਜ ਪੱਲੇ ਨਹੀਂ ਰਿਹਾ। ਗਿਆਨ ਤੇ ਸਵੈਮਾਣ ਕਦੇ ਦਾ ਉਡ ਚੁੱਕਿਆ ਹੈ। ਇੱਕੋ ਗੱਲ ਪੱਲੇ ਰਹਿ ਗਈ ਖੁਆਰੀ ਤੇ ਚੌਹ ਪੱਖੀ ਖੁਆਰੀ।**

ਸ਼੍ਰੋਮਣੀ ਕਮੇਟੀ ਬਣੀ ਨੂੰ ਅੱਸੀ ਸਾਲ ਤੋਂ ਜ਼ਿਆਦਾ ਸਮਾਂ ਹੋ ਗਿਆ ਹੈ। ਇਹਨਾਂ ਅੱਸੀ

ਸਾਲਾਂ ਵਿੱਚ ਅੱਸੀ ਪ੍ਰਤੀਸ਼ਤ ਸਿੱਖ ਅਖਵਾਉਣ ਵਾਲੇ ਮੜ੍ਹੀਆਂ ਕਬਰਾਂ ਨੂੰ ਪੂਜਣ ਲੱਗ ਪਏ। ਸ਼ਬਦ ਗੁਰੂ (ਗਿਆਨ) ਨੂੰ ਭੁੱਲ ਬੈਠੇ। ਇਹਨਾਂ ਅੱਸੀ ਸਾਲਾਂ ਵਿੰਚ ਤੀਰਥ ਯਾਤਰਾਵਾਂ ਤੇ ਅੱਸੀ ਪ੍ਰਤੀਸ਼ਤ ਲੋਕ ਧਨ ਤੇ ਸਮਾਂ ਬਰਬਾਦ ਕਰਨ ਲੱਗ ਪਏ। ਇਹਨਾਂ 80 ਸਾਲਾਂ ਵਿੱਚ 80 ਪ੍ਰਤੀਸ਼ਤ ਸਿੱਖ ਵਿਭਚਾਰੀ, ਠੱਗ ਤੇ ਰਿਸ਼ਵਤਖੋਰ ਬਣ ਚੁੱਕੇ ਹਨ। ਪਿਛਲੇ 80 ਸਾਲਾਂ ਵਿੱਚ 80 ਪ੍ਰਤੀਸ਼ਤ ਸਿੱਖ ਨਸ਼ਿਆਂ ਵਿੱਚ ਜ਼ਿੰਦਗੀ ਤਬਾਹ ਕਰ ਚੁੱਕੇ ਹਨ। ਲੰਮੇ ਸਮੇਂ ਦੇ ਗਲਤ ਪ੍ਰਚਾਰ ਕਾਰਨ, 80 ਪ੍ਰਤੀਸ਼ਤ ਸਿੱਖ ਰਾਧਾ ਸੁਆਮੀਆਂ, ਨਿਰੰਕਾਰ, ਸੱਚੇ ਸੌਦੇ ਅਤੇ ਸਿੱਖ ਸ਼ਕਲਾਂ ਵਾਲੇ ''ਸੰਤਾਂ ਬ੍ਰਹਮਗਿਆਨੀਆਂ'' ਦੇ ਗੁਲਾਮ ਬਣ ਚੁੱਕੇ ਹਨ। ਵਰਤ ਕਰਵਾ ਚੌਥ ਦੀਵਾਲੀ, ਲੋਹੜੀ, ਹੋਲੀ, ਸ਼ਰਾਧ, ਕੰਜਕਾਂ, ਮੂਰਤੀ ਪੂਜਾ ਆਦਿਕ 80 ਪ੍ਰਤੀਸ਼ਤ ਸਿੱਖਾਂ ਦੀ ਜ਼ਿੰਦਗੀ ਦਾ ਅਟੁਟ ਹਿੱਸਾ ਬਣ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ 80 ਪ੍ਰਤੀਸ਼ਤ ਸਿੱਖੀ ਅਸੂਲਾਂ ਨੂੰ ਤਿਆਗ ਕੇ, ਹਿੰਦੂਆਂ ਦੇ ਭਗਵੇਂ ਕਰਨ ਵਿੱਚ ਗਰਕ ਹੋ ਚੁੱਕਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਝ ਵਿਚਾਰ ਕੇ, ਜੀਵਨ ਸੰਵਾਰਨ ਦੀ ਸਮਝ 80 ਪ੍ਰਤੀਸ਼ਤ ਸਿੱਖ ਵਿਸਾਰ ਚੁੱਕਿਆ ਹੈ। ਤੇ ਮੰਤਰ ਜਾਪ, ਮਾਲਾ, ਅਖੰਡਪਾਠ, ਸੰਪਟ ਪਾਠ ਤੇ ਕਿਰਾਏ ਦੇ ਪਾਠ, ਠੇਕੇ ਦੇ ਪਾਠ ਕਰਾਉਣ ਦੇ ਕੁਰਾਹੇ ਪੈ ਚੁੱਕਿਆ ਹੈ। ਅੱਸੀ ਪ੍ਰਤੀਸ਼ਤ ਸਿੱਖ ਪ੍ਰਚਾਰਕ, ਧਰਮ ਨੂੰ ਧੰਦੇ ਦੇ ਤੌਰ ਤੇ ਵਰਤ ਰਹੇ ਹਨ, ਜ਼ਿੰਦਗੀ ਸੰਵਾਰਨ ਲਈ ਨਹੀਂ। ਅੱਸੀ ਪ੍ਰਤੀਸ਼ਤ ਸਿੱਖ ਦਾਹੜੀ ਕੇਸ ਕਟਵਾ ਚੁੱਕੇ ਹਨ। ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਵਾਲੇ 80 ਪ੍ਰਤੀਸ਼ਤ ਸਿੱਖ ਪੱਗਾਂ ਨੂੰ ਤਿਆਗ ਚੁੱਕੇ ਹਨ। ਸਿਤਮ ਇਹ ਕਿ ਦਸਤਾਰਾਂ ਸਜਾਉਣੀਆਂ ਭੁੱਲ ਚੁੱਕੇ ਹਨ। 80 ਪ੍ਰਤੀਸ਼ਤ ਸਿੱਖਾਂ ਨੂੰ ਗੁਰਬਾਣੀ ਦੇ ਅਰਥ ਨਹੀਂ ਆਉਂਦੇ। ਸਮਝ ਕੇ ਕਦੀ ਖੁਦ ਪਾਠ ਨਹੀਂ ਕਰਦੇ। ਇਤਿਹਾਸ ਤੋਂ ਵਾਕਿਫ ਨਹੀਂ ਹਨ। ਸਿੱਖ ਰਹਿਤ ਮਰਿਆਦਾ ਤੋਂ ਅਣਜਾਣ ਹਨ। ਹੋਰ ਤੇ ਹੋਰ ਚਾਰ ਕੁ ਮਿੰਟਾਂ ਵਿੱਚ ਖਤਮ ਹੋ ਜਾਣ ਵਾਲੀ ਅਰਦਾਸ ਤੱਕ ਸਿੱਖ ਨਹੀਂ ਕਰ ਸਕਦੇ। ਅੱਸੀ ਪ੍ਰਤੀਸ਼ਤ ਗੁਰਦੁਆਰਿਆਂ ਵਿੱਚ ਗੁਰਬਾਣੀ ਦੇ ਉਪਦੇਸ਼ਾਂ ਤੋਂ ਉਲਟ ਵਰਤਾਰਾ ਵਰਤ ਰਿਹਾ ਹੈ। ਕੌਣ ਜ਼ਿੰਮੇਵਾਰ ਹੈ ਇਸ ਨਿੱਘਰ ਰਹੇ ਹਾਲਾਤ ਲਈ ? ਨਿਰਸੰਦੇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀ, ਸਮੇਤ ਲੋਕਲ ਕਮੇਟੀਆਂ ਦੇ। ਪਿਛਲੇ ਸਮੇਂ ਵਿੱਚ ਕੁਰਾਹੇ ਪਏ ਪ੍ਰਬੰਧਕਾਂ ਨੂੰ ਕਈ ਵਾਰ ਬਦਲਿਆ ਜਾ ਚੁੱਕਿਆ ਹੈ। ਹੁਣ ਫਿਰ ਗੁਰਦੁਆਰਾ ਪ੍ਰਬੰਧ 99 ਪ੍ਰਤੀਸ਼ਤ ਨਿਘਾਰ ਵਿੱਚ ਜਾ ਚੁੱਕਿਆ ਹੈ। ਸਿੱਖ ਪੰਥ ਦੇ ਸੁਚੇਤ ਵਰਗ ਨੂੰ ਪ੍ਰਬੰਧ ਬਦਲਣ ਅਤੇ ਸੁਧਾਰਨ ਵਾਸਤੇ ਭਵਿੱਖ ਮੁਖੀ ਨੀਤੀਆਂ ਉਲੀਕ ਕੇ ਠੋਸ ਕੰਮ ਕਰਨਾ ਪਵੇਗਾ। ਵਰਨਾ ਹਾਲਾਤ ਹੋਰ ਨਿਘਰਦੀ ਚਲੀ ਜਾਵੇਗੀ।

ਪਿਛਲੇ ਕੁਝ ਸਮੇਂ ਦੌਰਾਨ ਸਿੱਖ ਪੰਥ ਦੇ ਮੁਖੀਆਂ ਤੇ ਜਿਹੋ ਜਿਹੇ ਸੰਗੀਨ ਤੇ ਸ਼ਰਮਨਾਕ ਇਲਜ਼ਾਮ ਲੱਗੇ ਹਨ, ਪੜ੍ਹ ਸੁਣ ਕੇ ਪਾਣੀ ਪਾਣੀ ਹੋ ਜਾਈਦਾ ਹੈ। ਤੁਸੀਂ ਭੀ ਪੜ੍ਹ ਕੇ ਅੰਦਾਜ਼ਾ ਲਾਓ ਅਸੂਲ ਕਿੱਥੇ ਖੜ੍ਹੇ ਹਨ :-

''ਸਿੱਖ ਪੰਥ ਦੇ ਕੁਰਬਾਨੀਆਂ ਭਰੇ ਇਤਿਹਾਸ ਨਾਲ ਇਸ ਤੋਂ ਵੱਡਾ ਮਜ਼ਾਕ ਹੋਰ ਕੀ ਹੋ ਸਕਦਾ ਹੈ ਕਿ ਬੀਬੀ ਜੰਗੀਰ ਕੌਰ ਵਰਗੀ ਡੇਰੇਦਾਰਨੀ, ਐਸ. ਜੀ. ਪੀ. ਸੀ. ਦੀ ਪ੍ਰਧਾਨ ਰਹਿ ਚੁੱਕੀ ਹੈ। ਆਪਣੀ ਬੇਟੀ ਨੂੰ ਕਤਲ ਕਰ ਦੇਣ ਦੇ ਕੇਸ ਵਿੱਚ ਅਦਾਲਤਾਂ ਵਿੱਚ ਪੇਸ਼ੀਆਂ ਭੁਗਤ ਰਹੀ ਹੈ। ਕਰੋੜਾਂ ਰੁਪੈ ਦੀ ਜ਼ਮੀਨ ਹੜੱਪ ਕਰਨ ਵਾਲਾ ਲਾਲਚੀ ਇਨਸਾਨ ਗਿਆਨੀ ਪੂਰਨ ਸਿੰਘ ਅਕਾਲ ਤਖਤ ਦਾ ਜਥੇਦਾਰ ਹੈ। ਪ੍ਰੋ: ਮਨਜੀਤ ਸਿੰਘ ਵਰਗਾ ਪ੍ਰਾਪਰਟੀ ਡੀਲਰ (ਦਲਾਲ) ਕੇਸਗੜ੍ਹ ਅਨੰਦਪੁਰ ਦਾ ਜਥੇਦਾਰ ਹੈ। ਆਪਣੀ ਨੂੰਹ ਨੂੰ ਡੁੱਬ ਕੇ ਮਰਨ ਲਈ ਮਜਬੂਰ ਕਰਨ ਦੇ ਕੇਸ ਵਿੱਚ, ਗਿਆਨੀ ਕੇਵਲ ਸਿੰਘ ਤਖਤ ਦਮਦਮਾ ਸਾਹਿਬ ਦਾ ਜਥੇਦਾਰ ਅਦਾਲਤਾਂ ਦੇ ਚੱਕਰ ਕੱਟ ਰਿਹਾ ਹੈ, ਜੇਲ੍ਹ ਦੀ ਹਵਾ ਖਾ ਰਿਹਾ ਹੈ ਪੁੱਤਰ ਨੂੰ ਸੱਤ ਸਾਲ ਦੀ ਕੈਦ ਹੋ ਚੁੱਕੀ ਹੈ। ਸਿੱਖਾਂ ਦੇ ਧਾਰਮਕ ਮੁਖੀ ਅਤੇ ਐਸ. ਜੀ. ਪੀ. ਸੀ. ਦੇ ਮੈਂਬਰ ਸਰਕਾਰੀ ਕੁਰਸੀ ਦੀ ਪ੍ਰਾਪਤੀ ਦੇ ਲਾਲਚ ਵਿੱਚ ਵਿਕਾਊ ਬਣੇ ਬੈਠੇ ਹਨ। ਸ੍ਰੀ ਕਸ਼ਮੀਰਾ ਸਿੰਘ ਵਰਗਾ ਪਾਖੰਡੀ ਸਾਧ, ਬਾਦਲਕਿਆਂ ਦੇ ਗੁਰਮਤ ਸਿਧਾਂਤ ਪ੍ਰਚਾਰਕ ਸੰਤ ਸਮਾਜ ਦਾ ਪ੍ਰਧਾਨ ਬਣ ਕੇ, ਸਿੱਖੀ ਦੇ ਅਸੂਲਾਂ ਦੀਆਂ ਸ਼ਰੇਆਮ ਧੱਜੀਆਂ ਉਡਾ ਰਿਹਾ ਹੈ। ਖਾਲਸਾ ਪੰਥ ਇਸ ਵਰਤ ਰਹੇ ਪਾਪ ਵਰਤਾਰੇ ਨੂੰ ਵੇਖ ਕੇ ਭੀ ਗਫਲਤ ਦੀ ਗੂੜ੍ਹੀ ਨੀਂਦ ਵਿੱਚ ਸੁੱਤਾ ਹੋਇਆ ਹੈ।'' (ਦੇਸ ਪੰਜਾਬ ਜਲੰਧਰ-ਜਨਵਰੀ-2000) ਅੱਗੇ ਹੋਰ ਚੰਦ ਚੜ੍ਹਿਆ ਵੇਖੋ :-

''ਅਕਾਲ ਤਖ਼ਤ ਦਾ ਮੌਜੂਦਾ ਜਥੇਦਾਰ ਪ੍ਰੋ: ਮਨਜੀਤ ਸਿੰਘ ਦੀ ਤਾਜ਼ਾ ਬਦੇਸ਼ ਫੇਰੀ ਦਾ ਸਾਰਾ ਖਰਚ ਜੋ ਕਿ ਡੇਢ ਕਰੋੜ ਤੋਂ ਵੱਧ ਹੈ, ਭਾਰਤ ਦੀ ਖੁਫੀਆ ਏਜੰਸੀ ਰਾਅ ਨੇ ਅਦਾ ਕੀਤਾ ਹੈ। ਸ: ਬੂਟਾ ਸਿੰਘ ਸਾਬਕਾ ਗ੍ਰਿਹ ਮੰਤਰੀ ਦੇ ਘਰ ਅਸ਼ੋਕ ਰੋਡ ਵਿਖੇ ਇਹ ਗੁਪਤ ਮੀਟਿੰਗ ਹੋਈ। ਇਹ ਸਾਰੀ ਰਕਮ ਇਥੇ ਹੀ ਬਦੇਸ਼ੀ ਕਰੰਸੀ ਵਿੱਚ ਅਦਾ ਕੀਤੀ ਗਈ। ਅਮ੍ਰੀਕਾ ਕੈਨੇਡਾ ਤੇ ਇੰਗਲੈਂਡ ਦੇ ਦੂਤ ਘਰਾਂ ਨੂੰ ਭਾਈ ਮਨਜੀਤ ਸਿੰਘ ਲਈ ਖੁਫੀਆ ਸਕਿਊਰਟੀ ਦੇਣ ਲਈ ਕਿਹਾ ਗਿਆ। ਪੱਤਰਕਾਰ ਵੱਲੋਂ ਜਦੋ ਪ੍ਰਧਾਨ ਸ੍ਰ. ਗੁਰਚਰਨ ਸਿੰਘ ਟੌਹੜਾ ਨੂੰ ਇਸ ਬਾਰੇ ਪੁੱਛਿਆ ਤਾਂ ਉਹਨਾਂ ਕਿਹਾ ਕਿ ਗੁਪਤ ਪੜਤਾਲ ਕੀਤੀ ਜਾ ਰਹੀ ਹੈ। ਵੇਰਵੇ ਮਿਲਣ ਤੇ ਪ੍ਰੋ. ਮਨਜੀਤ ਸਿੰਘ ਨੂੰ ਕਿਸੇ ਵਕਤ ਭੀ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ।'' (ਹਵਾਲਾ-ਪੰਜਾਬ ਟਾਈਮਜ਼ ਇੰਟਰਨੈਸ਼ਨਲ ਯੂ.ਕੇ. 24-8-94 ਪੰਨਾ-3)

(ਸਿੰਘ ਸਾਹਿਬ) ਭਾਈ ਮਨਜੀਤ ਸਿੰਘ ਵੱਲੋਂ ਇੱਕ ਹੋਰ **''ਧਰਮ ਕਾਰਜ''** ਕੀਤਾ ਗਿਆ ਪੜ੍ਹੋ:-

''ਨਵੇਂ ਸ਼ਹਿਰ ਦੇ ਲਾਗਲੇ ਪਿੰਡ ਵਿਚਲੀ ਜ਼ਮੀਨ ਉਸਦੇ ਮਾਲਕ ਸ੍ਰ. ਭਾਗ ਸਿੰਘ ਨੇ ਧਰਮ ਅਰਥ ਦੇਣ ਦੀ ਇੱਛਾ ਪ੍ਰਗਟ ਕੀਤੀ। ਕਿਉਂਕਿ ਉਸ ਦਾ ਸਾਰਾ ਪ੍ਰਵਾਰ ਪੈਸੇ ਵੱਲੋਂ ਸਮਰੱਥ ਸੀ। ਸ੍ਰ. ਭਾਗ ਸਿੰਘ ਨੇ ਪ੍ਰੋ. ਮਨਜੀਤ ਸਿੰਘ ਅੱਗੇ ਆਪਣਾ ਪ੍ਰਸਤਾਵ ਰੱਖਿਆ। ਤੁਸੀਂ ਮੇਰੀ ਜ਼ਮੀਨ ਵਿੱਚ ਸਕੂਲ ਬਣਾਓ, ਕਾਲਜ ਬਣਾਓ ਜਾਂ ਗੁਰਦੁਆਰਾ ਬਣਾਓ। ਮੈਂ ਦਸਮ ਗੁਰੂ ਦੇ ਨਾਮ ਤੇ ਸਾਰੀ

ਜ਼ਮੀਨ ਅਰਪਣ ਕਰਨੀ ਚਾਹੁੰਦਾ ਹਾਂ। ਭਾਈ ਮਨਜੀਤ ਸਿੰਘ ਨੇ ਸ੍ਰ. ਭਾਗ ਸਿੰਘ ਤੋਂ ਜ਼ਰੂਰੀ ਪੇਪਰਾਂ ਤੇ ਦਸਖਤ ਕਰਵਾ ਲਏ। ਵਿਸ਼ਵਾਸ ਦੁਆਇਆ ਕਿ ਤੁਹਾਡੀ ਜ਼ਮੀਨ ਵਿੱਚ ਧਰਮ ਪ੍ਰਚਾਰ ਵਾਸਤੇ ਕਾਲਜ ਬਣਾਇਆ ਜਾਵੇਗਾ। ਸਮਾਂ ਬੀਤਦਾ ਗਿਆ। ਇਹ ਜ਼ਮੀਨ ਧੋਖੇ ਨਾਲ **''ਗੁਰਮਤ ਸਾਗਰ ਟ੍ਰਸਟ''** ਦੇ ਨਾਮ ਕਰਵਾ ਲਈ, ਜੋ ਭਾਈ ਮਨਜੀਤ ਸਿੰਘ ਦਾ ਆਪਣਾ ਹੀ ਸੀ। ਕੁੱਝ ਅਰਸੇ ਮਗਰੋਂ ਸਾਰੀ ਜ਼ਮੀਨ 63 ਲੱਖ 25 ਹਜ਼ਾਰ ਰੁਪੈ ਨੂੰ ਵੇਚ ਦਿੱਤੀ ਗਈ। ਸਾਰੇ ਰੁਪੈ ਭਾਈ ਮਨਜੀਤ ਸਿੰਘ ਨੇ ਆਪਣੇ ਨਿੱਜੀ ਖਾਤੇ ਵਿੱਚ ਜਮ੍ਹਾ ਕਰਵਾ ਲਏ। ਸ੍ਰ. ਭਾਗ ਸਿੰਘ ਯੂ. ਕੇ. ਨਿਵਾਸੀ ਨੂੰ ਜਦੋਂ ਇਸ ਧੋਖੇ ਦਾ ਪਤਾ ਲੱਗਿਆ ਉਹ ਸਦਮਾ ਬਰਦਾਸ਼ਤ ਨਾ ਕਰ ਸਕਿਆ। ਦਿਲ ਦਾ ਦੌਰਾ ਪੈ ਗਿਆ ਪ੍ਰਾਣ ਪੰਖੇਰੂ ਉਡਾਰੀ ਮਾਰ ਗਏ।'' (ਦੇਸ਼ ਸੇਵਕ ਚੰਡੀਗੜ੍ਹ-21-9-1999)

**ਹੋਰ ਗੌਰ ਫੁਰਮਾਓ:-**

ਬੀਬੀ ਜਗੀਰ ਕੌਰ ਨੇ ਕੀਤੇ ਵਾਅਦੇ ਮੁਤਾਬਕ (ਸੰਨ 1999 ਵਿੱਚ) ਸ੍ਰ. ਪ੍ਰਕਾਸ਼ ਸਿੰਘ ਬਾਦਲ ਨੂੰ ਆਉਣ ਵਾਲੀਆਂ ਚੋਣਾਂ ਵਾਸਤੇ ਗੁਰਦੁਆਰਿਆਂ ਦੇ ਖਾਤਿਆਂ ਵਿੱਚੋਂ (ਗੋਲਕਾਂ ਵਿੱਚੋ) ਪੈਸਾ ਦਿੱਤਾ। ਇਹ ਪੈਸਾ ਬਿਲਡਿੰਗ ਫੰਡ ਲਈ ਸੀ। ਧਰਮ ਪ੍ਰਚਾਰ ਲਈ ਰੱਖਿਅ ਗਿਆ ਸੀ। ਜਾਂ ਫਿਰ ਲੰਗਰ ਵਾਲੇ ਖਾਤੇ ਵਿਚੋਂ ਸੀ। ਇਸ ਦਾ ਵੇਰਵਾ ਇਉਂ ਹੈ :-

| | |
|---|---|
| ਅੰਮ੍ਰਿਤਸਰ ਦੇ ਖਾਤਿਆਂ ਵਿਚੋਂ | 4 ਕਰੋੜ 80 ਲੱਖ 57 ਹਜ਼ਾਰ ਰੁਪੈ। |
| ਫਤਿਹਗੜ੍ਹ ਸਾਹਿਬ ਖਾਤੇ ਵਿੱਚੋ | 2 ਕਰੋੜ 15 ਲੱਖ 23 ਹਜ਼ਾਰ ਰੁਪੈ। |
| ਦੂਖਨਿਵਾਰਨ ਪਟਿਆਲਾ ਤੋਂ | 1 ਕਰੋੜ 65 ਲੱਖ 32 ਹਜ਼ਾਰ ਰੁਪੈ। |
| ਅਨੰਦਪੁਰ ਸਾਹਿਬ ਤੋਂ | 1 ਕਰੋੜ 75 ਲੱਖ 20 ਹਜ਼ਾਰ ਰੁਪੈ। |
| ਮੁਕਤਸਰ ਖਾਤੇ ਤੋਂ | 0 ਕਰੋੜ 92 ਲੱਖ 00 ਹਜ਼ਾਰ ਰੁਪੈ। |
| ਆਲਮਗੀਰ ਤੋਂ | 85 ਲੱਖ 10 ਹਜ਼ਾਰ ਰੁਪੈ। |
| ਹੇਰ੍ਹਾਂ ਖਾਤੇ ਵਿੱਚੋਂ | 00 ਕਰੋੜ 64 ਲੱਖ 72 ਹਜ਼ਾਰ ਰੁਪੈ। |
| ਤਰਨਤਾਰਨ ਤੋਂ | 00 ਕਰੋੜ 50 ਲੱਖ 12 ਹਜ਼ਾਰ ਰੁਪੈ। |

ਅਖ਼ਬਾਰੀ ਰਿਪੋਰਟਾਂ ਮੁਤਾਬਕ ਛੇ ਕਰੋੜ ਰੁਪੈ ਦੀ ਸ਼ਰਾਬ ਮੰਗਵਾ ਕੇ ਵੰਡੀ ਗਈ। ਇੱਕਲੇ ਫਰੀਦ ਕੋਟ ਹਲਕੇ ਵਿੱਚ (ਸੁਖਬੀਰ ਸਿੰਘ ਬਾਦਲ ਐਮ. ਪੀ. ਦਾ ਹਲਕਾ) ਦੋ ਕਰੋੜ ਰੁਪੈ ਦੀ ਸ਼ਰਾਬ ਵੰਡੀ ਗਈ। (ਹਵਾਲਾ- ਸਿੱਖ ਵਿਰਸਾ ਮਾਸਿਕ ਕੈਨੇਡਾ ਸਤੰਬਰ 1999) ਪਹਿਲਾਂ ਕੀਤੇ ਵਾਅਦੇ ਮੁਤਾਬਕ ਬੀਬੀ ਜਗੀਰ ਕੌਰ ਨੂੰ ਦੁਬਾਰਾ ਐਸ.ਜੀ.ਪੀ.ਸੀ. ਦੀ ਪ੍ਰਧਾਨ ਬਣਾਇਆ ਗਿਆ। ਕਿਉਂਕਿ ਸ੍ਰ. ਬਾਦਲ ਨੇ ਗੋਲਕਾਂ ਨੂੰ ਚੋਣ ਫੰਡ ਵਾਸਤੇ ਫਿਰ ਵਰਤਣਾ ਹੈ। (ਦੁਬਾਰਾ ਛਪਿਆ- ਦੇਸ ਪੰਜਾਬ, ਮਾਸਿਕ ਜਲੰਧਰ, ਅਕਤੂਬਰ 2004)

ਵਿਦਵਾਨ ਲੇਖਾਰੀਆਂ ਵੱਲੋਂ ਹੋਰ ਭੀ ਪਾਜ ਉਘਾੜੇ ਗਏ ਹਨ, ਪੜ੍ਹੋ :-

''ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੇ ਜਿਥੇ ਹੋਰ ਅਨੇਕ ਪਾਪ ਕਰਮ ਕੀਤੇ ਹਨ, ਸਿੱਖ ਧਰਮ ਦਾ ਭਾਰੀ ਨੁਕਸਾਨ ਕੀਤਾ ਹੈ। ਉਥੇ ਇਸ ਨੇ ਅਹੁਦੇ ਦੀ ਦੁਰਵਰਤੋਂ ਕਰਕੇ ਦੋ ਕਰੋੜ ਰੁਪੈ ਤੋਂ ਵੱਧ ਦੀ ਰਕਮ ਇਕੱਤਰ ਕਰਕੇ ਡਕਾਰ ਲਈ ਹੈ। (ਡਾ. ਹਰਜਿੰਦਰ ਸਿੰਘ ਦਿਲਗੀਰ, ਅਕਾਲ ਤਖਤ ਦਾ ਇਤਿਹਾਸ ਤੇ ਫਲਸਫਾ, ਪੰਨਾ-26)''

ਜਥੇਦਾਰ ਧਾਰਮਕ ਚੋਲਿਆਂ ਵਿੱਚ ਵੇਸ਼ਵਾਵਾਂ ਹਨ (ਉਹੀ ਪੰਨਾ-603)

ਭਾਈ ਮਨਜੀਤ ਸਿੰਘ ਨੂੰ ਕੇਸਗੜ੍ਹ ਦੀ ਜਥੇਦਾਰੀ ਤੋਂ ਉਤਾਰਕੇ ਮੂੰਹ ਤੇ ਚਿੱਕੜ ਮਲਕੇ ਕੱਢਿਆ ਗਿਆ ਸੀ। (ਉਹੀ ਪੰਨਾ-559)

ਇਸੇ ਕਿਤਾਬ ਵਿੱਚ ਗਿਆਨੀ ਮੋਹਣ ਸਿੰਘ (ਸਾਬਕਾ ਹੈਡ ਗ੍ਰੰਥੀ ਦਰਬਾਰ ਸਾਹਿਬ ਅੰਮ੍ਰਿਤਸਰ ਨੂੰ ''ਰੇਲੂ ਕੱਟਾ'' ਦੱਸਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਅਤੇ ਜਥੇਦਾਰਾਂ ਦੀ ਨਾ ਸਮਝੀ ਦੀ ਮੂੰਹ ਬੋਲਦੀ ਇੱਕ ਹੋਰ ਤਸਵੀਰ

ਸੰਨ 1978 ਦੀ ਵਿਸਾਖੀ ਤੇ ਜੋ ਸਮਾਗਮ ਨਿਰੰਕਾਰੀਆਂ ਵੱਲੋਂ ਅੰਮ੍ਰਿਤਸਰ ਕੀਤਾ ਜਾ ਰਿਹਾ ਸੀ। ਉਸ ਨੂੰ ਰੋਕਣ ਗਏ ਸ਼ਾਂਤਮਈ ਸਿੰਘਾਂ ਤੇ ਨਿਰੰਕਾਰੀਆਂ ਵੱਲੋਂ ਗੋਲੀ ਚਲਾਉਣ ਕਾਰਨ ਸਤਾਰਾਂ ਬੰਦੇ ਮਾਰੇ ਗਏ ਸਨ। ਤੇਰਾਂ ਸਿੱਖ ਚਾਰ ਆਮ ਨਾਗਰਿਕ। ਇਸੇ ਕਾਰਨ ਦੋਹਾਂ ਧਿਰਾਂ ਵਿਚਕਾਰ ਵੱਡਾ ਵਬਾਲ ਉਠ ਪਿਆ। ਦਸ ਜੂਨ 1978 ਨੂੰ ਨਿਰੰਕਾਰੀਆਂ ਨਾਲੋਂ ਸਾਂਝ ਤੋੜ ਲੈਣ ਲਈ ''ਹੁਕਮਨਾਮਾ'' ਜਾਰੀ ਹੋਇਆ। ਨਿਰੰਕਾਰੀ ਮੁਖੀ ਸ੍ਰੀ ਹਰਦੇਵ ਸਿੰਘ ਨੇ ਅਕਾਲ ਤਖਤ ਦੇ ਜਥੇਦਾਰ ਵੱਲ 12-3-1982 ਨੂੰ ਚਿੱਠੀ ਲਿਖ ਕੇ ਬੇਨਤੀ ਕੀਤੀ, ਕਿ **''ਸਾਡੀਆਂ ਭੁੱਲਾਂ ਬਖਸ਼ ਦਿੱਤੀਆਂ ਜਾਣ। ਅਸੀਂ ਆਪਣੀਆਂ ਪੁਸਤਕਾਂ ਵਿਚੋਂ ਇਤਰਾਜ਼ ਯੋਗ ਸਮੱਗਰੀ ਕੱਢਣ ਲਈ ਤਿਆਰ ਹਾਂ, ਜਿਵੇਂ ਤੁਸੀਂ ਸੁਝਾ ਦਿਓਗੇ।''** ਅਫਸੋਸ ਕਿ ਸ਼੍ਰੋਮਣੀ ਕਮੇਟੀ ਮੈਂਬਰਾਂ ਤੋਂ ਸਲਾਹ ਲੈ ਕੇ ਜਥੇਦਾਰ ਗੁਰਦਿਆਨ ਸਿੰਘ ਅਜਨੋਹਾ ਨੇ ਇਹ ਚੰਗੇਜੀ ਹੁਕਮ ਸੁਣਾ ਦਿੱਤਾ ਕਿ ਨਿਰੰਕਾਰੀ ਮੁਖੀ ਖੁਦ ਅਕਾਲ ਤਖਤ ਤੇ ਆ ਕੇ ਮੁਆਫੀ ਮੰਗੀ। ਏਕਤਾ ਹੁੰਦੀ ਹੁੰਦੀ ਸਿਆਣਪ ਤੋਂ ਬਿਨਾਂ ਖੂਹ ਖਾਤੇ ਪਾ ਦਿੱਤੀ। (ਹਵਾਲਾ-ਰੋਜ਼ਾਨਾ ਸਪੋਕਸਮੈਨ- 12-03-2007)

ਪੁਲਿਸ ਵੱਲੋਂ ਖਾੜਕੂਆਂ ਨੂੰ ਮਾਰਨ ਦੇ ਬਹਾਨੇ ਸਿੱਖਾਂ ਤੇ ਅਥਾਹ ਜ਼ੁਲਮ ਕੀਤਾ। ਹਜ਼ਾਰਾਂ ਪਰਵਾਰ ਬਰਬਾਦ ਕਰ ਦਿੱਤੇ ਗਏ। ਅਣਗਿਣਤ ਬੱਚੇ ਯਤੀਮ ਹੋ ਗਏ। ਇਹਨਾਂ ਯਤੀਮ ਬੱਚਿਆਂ ਦੀ ਸੰਭਾਲ ਦਾ ਕੰਮ, ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਨੂੰ ਪਹਿਲ ਦੇ ਆਧਾਰ ਤੇ ਕਰਨਾ ਚਾਹੀਦਾ ਸੀ। ਬਹੁਤ ਸਾਰੀਆਂ ਬੀਬੀਆਂ ਵਿਧਵਾ ਹੋ ਗਈਆਂ। ਜ਼ੁਲਮਾਂ ਕਾਰਨ ਪਾਗਲ ਹੋਗਈਆਂ। ਘਰ ਵਿੱਚ ਇਲਾਜ ਲਈ ਪੈਸਾ ਨਹੀਂ, ਬੱਚਿਆ ਦਾ ਪੇਟ ਭਰਨ ਲਈ ਅੰਨ ਦਾਣਾ ਨਹੀਂ। ਪੁਲਿਸ ਬਾਰ ਬਾਰ ਪ੍ਰੇਸ਼ਾਨ ਕਰ ਰਹੀ ਹੈ। ਸੰਨ 1984 ਤੋਂ 1993 ਤੱਕ ਜ਼ੁਲਮ ਦੀ ਹਨੇਰੀ ਵਗਦੀ ਰਹੀ। ਇਹਨਾਂ ਰੁਲ ਰਹੇ ਗੁਰੂ ਨਾਨਕ ਦੇ ਪੁੱਤਰਾਂ ਧੀਆਂ ਨੂੰ ਨਿੱਜੀ ਸਾਧਨ ਵਰਤ ਕੇ ਸਾਧਾਰਨ ਜਿਹੀਆਂ

ਸਹੂਲਤਾਂ ਦੁਆਰਾ, ਸਰਕਾਰੀ ਖਤਰੇ ਸਿਰ ਤੇ ਝੱਲ ਕੇ ਕੁਝ ਨੇਕ ਇਨਸਾਨਾਂ ਨੇ ਸਾਂਭਿਆ ਇਹਨਾਂ ਬੱਚਿਆਂ ਨੂੰ ਸਿਰ ਢਕਣ ਲਈ ਆਸਰਾ ਦਿੱਤਾ। ਕੱਪੜਾ ਲੀੜਾ ਅੰਨ ਪਾਣੀ ਦਿੱਤਾ। ਦੇਸ਼ ਵਿਦੇਸ਼ ਦੇ ਪ੍ਰੇਮੀਆਂ ਨੇ ਪੈਸੇ ਵੱਲੋਂ ਸਹਾਇਤਾ ਕੀਤੀ। ਇਹਨਾਂ ਦੀ ਸਾਦੀ ਜਿਹੀ ਪੜ੍ਹਾਈ ਭੀ ਹੋਣ ਲੱਗ ਪਈ। ਹੁਣ ਬੱਚੇ ਬੱਚੀਆਂ ਜੁਆਨ ਹੋ ਚੁੱਕੇ ਹਨ। ਵਿਆਹੁਣ ਦੇ ਖਰਚੇ ਅਤੇ ਲੋੜੀਂਦੇ ਨੇਕ ਰਿਸ਼ਤੇ ਲੱਭਣੇ ਹੋਰ ਕਠਿਨ ਕੰਮ ਹੈ। ਇਹਨਾਂ ਬੱਚਿਆਂ ਨੂੰ ਬੇਗਾਨਗੀ ਅਤੇ ਬੁਰਾਈਆਂ ਤੋਂ ਵਕਤ ਸਿਰ ਬਚਾਣਾ ਬੜਾ ਜ਼ਰੂਰੀ ਸੀ। ਨਿੱਜੀ ਸੰਸਥਾਵਾਂ ਨੇ ਸਾਧਨਾਂ ਮੁਤਾਬਕ ਇਹ ਸੇਵਾ ਕੀਤੀ। ਪਰ ਹਾਏ ਰੱਬ ਜੀ ਦਿੱਲੀ ਕਮੇਟੀ ਤੇ ਸ਼੍ਰੋਮਣੀ ਕਮੇਟੀ (ਸਮੇਤ ਲੋਕਲ ਕਮੇਟੀਆਂ ) ਨੇ ਸਿੱਖ ਕੌਮ ਦੇ ਜਾਂਬਾਜ਼ ਯੋਧਿਆਂ ਦੇ ਬੱਚਿਆਂ ਨਾਲ, ਵੱਡਾ ਧ੍ਰੋਹ ਕਮਾਇਆ ਹੈ। ਕਿਸੇ ਦੀ ਸੰਭਾਲ ਨਹੀਂ ਕੀਤੀ। ਜਦੋਂ ਕਿ ਪ੍ਰਮੁੱਖ ਫਰਜ਼ ਹੀ ਇਹਨਾਂ ਦਾ ਬਣਦਾ ਸੀ। ਇਹਨਾਂ ਵੱਡੀਆਂ ਸੰਸਥਾਵਾਂ ਨੇ, ਪੂਰੀ ਸਿੱਖ ਕੌਮ ਨਾਲ ਵਿਸ਼ਵਾਸਘਾਤ ਕੀਤਾ ਹੈ। ਗੁਰੂ ਨੂੰ ਸਾਮਰਤੱਖ ਬੇਦਾਵਾ ਦਿੱਤਾ ਹੈ। **''ਗਰੀਬ ਦਾ ਮੂੰਹ ਗੁਰੂ ਕੀ ਗੋਲਕ''** ਵਾਲੇ ਅਸੂਲ ਨੂੰ ਪੈਰਾਂ ਹੇਠ ਮਧੋਲਿਆ ਹੈ। ਉਸ ਗੁਰੂ ਕੀ ਗੋਲਕ ਨੂੰ ਐਸ੍ਰਪਸਤੀ ਵਾਸਤੇ, ਰਾਜਨੀਤੀ ਦੇ ਗੰਦ ਵਿਚ ਸੁੱਟਣ ਵਾਸਤੇ, ਬਰਬਾਦ ਕੀਤਾ ਗਿਆ ਹੈ। ਲੋੜਵੰਦਾਂ ਤੱਕ ਪੈਸਾ ਨਹੀਂ ਪੁਚਾਇਆ ਗਿਆ।

ਸ਼੍ਰੋਮਣੀ ਕਮੇਟੀ ਨੇ ਖੁਦ ਇੱਕ ਕਿਤਾਬ ਛਾਪੀ ਹੈ ''ਸ਼੍ਰੋਮਣੀ ਕਮੇਟੀ ਦੇ ਮਤੇ'' ਜਦੋਂ ਕਮੇ ਟੀ ਮੈਂਬਰ ਸਾਲ ਵਿੱਚ ਦੋ ਚਾਰ ਵਾਰੀ ਰਸਮੀ ਤੌਰ ਤੇ ਇਕੱਠ ਹੁੰਦੇ ਹਨ। ਦੇਸ਼ ਵਿਦੇਸ਼ ਵਿਚੋਂ ਆਈਆਂ ਚਿੱਟੀਆਂ ਅਤੇ ਸ਼ਕਾਇਤਾਂ ਤੇ **''ਗੰਭੀਰ ਵਿਚਾਰਾਂ''** ਕਰਦੇ ਹਨ। ਜਿਸ ਸਰਕਾਰ ਨੇ ਜਾਂ ਜਥੇਬੰਦੀ ਨੇ ਸਿੱਖਾਂ ਬਾਰੇ ਕੋਈ ਵਧੀਕੀ ਕੀਤੀ ਹੁੰਦੀ ਹੈ। ਉਸ ਵਿਰੁੱਧ ਸ਼੍ਰੋਮਣੀ ਕਮੇਟੀ ਮਤਾ ਪਾਸ ਕਰਦੀ ਹੈ ਮਤਾ ਅਖਬਾਰਾਂ ਵੱਲ ਭੇਜ ਦਿੱਤਾ ਜਾਂਦਾ ਹੈ। ਸ਼੍ਰੋਮਣੀ ਕਮੇਟੀ ਆਰਾਮ ਨਾਲ ਸੌਂ ਜਾਂਦੀ ਹੈ ਕਿ ਅਸੀਂ ਵੱਡਾ ਮਾਅਰਕਾ ਮਾਰ ਲਿਆ ਹੈ। ਉਸ ਮਤੇ ਨੂੰ ਲਾਗੂ ਕਰਾਉਣ ਵਾਸਤੇ ਦੁਬਾਰਾ ਯਾਦ ਪੱਤਰ ਭੀ ਨਹੀਂ ਲਿਖਦੇ। ਚਾਹੀਦਾ ਤਾਂ ਇਹ ਸੀ ਕਿ ਸਬੰਧਤ ਧਿਰ ਨੂੰ ਰੋਸ ਪੱਤਰ ਭੇਜਣ ਤੋਂ ਬਾਅਦ ਹੋਰ ਖ਼ਤ ਲਿਖੇ ਜਾਣ। ਡੈਪੂਟੇਸ਼ਨ ਦੇ ਰੂਪ ਵਿਚ ਸਿੱਖ ਜਾ ਕੇ ਗੱਲਬਾਤ ਕਰਦੇ। ਅਫਸੋਸ ਕਿ ਅਜਿਹਾ ਕੁੱਝ ਭੀ ਨਹੀਂ ਕੀਤਾ ਜਾਂਦਾ। **ਬਸ ਬੜੀ ਮਿਹਨਤ ਨਾਲ ਮਤਾ ਪਾਸ ਕੀਤਾ ਜਾਂਦਾ ਹੈ।**

ਜਥੇਦਾਰਾਂ ਦੀ ਡਿਊਟੀ ਕੀ ਹੈ? ਅਧਿਕਾਰ ਖੇਤਰ ਕੀ ਹੈ? ਵਿਦਿਅਕ ਯੋਗਤਾ ਕੀ ਹੈ? ਲਾਉਣ ਅਤੇ ਬਰਖਾਸਤ ਕਰਨ ਦੇ ਨਿਯਮ ਕੀ ਹਨ? ਦੇਸ਼ ਵਿਦੇਸ਼ ਵਿਚੋਂ ਆਏ ਪੈਸੇ ਦੀ ਜਥੇਦਾਰ ਨੇ ਰਸੀਦ ਕੱਟ ਕੇ ਮਾਇਆ ਦਫਤਰ ਜਮ੍ਹਾਂ ਕਰਵਾਣੀ ਹੈ ਕਿ ਆਪਣੇ ਬੋਝੇ ਵਿੱਚ ਪਾ ਲੈਣੀ ਹੈ? ਗੁਰਦੁਆਰਿਆਂ ਵਿੱਚੋਂ ਅਤੇ ਸ਼ਰਧਾਲੂ ਸਿੱਖਾਂ ਵੱਲੋਂ ਬੇਅੰਤ ਧਨਰਾਸ਼ੀ ਲੀਡਰਾਂ ਅਤੇ ਜਥਦਾਰਾਂ ਨੂੰ ਮਿਲਦੀ ਹੈ, ਉਸ ਦਾ ਕਦੀ ਹਿਸਾਬ ਦਿੱਤਾ ਗਿਆ ਹੈ? ਫਰੀ ਵੰਡਿਆ ਜਾਣ ਵਾਲਾ ਲਿਟਰੇਚਰ

ਅਸਲ ਕਿੰਨੀ ਗਿਣਤੀ ਵਿੱਚ ਛਪਾਇਆ ਗਿਆ ਤੇ ਕਾਗਜ਼ਾਂ ਵਿੰਚ ਕਿੰਨਾ ਵਿਖਾਇਆ ਗਿਆ? ਗੋਲਕਾਂ ਵਿੱਚੋਂ ਅਸਲ ਮਾਇਆ ਕਿੰਨੀ ਨਿਕਲੀ ਤੇ ਰਸੀਦ ਕੱਟ ਕੇ ਦਫਤਰ ਕਿੰਨੀ ਜਮ੍ਹਾ ਕਰਵਾਈ? ਜ਼ਮੀਨਾਂ ਦਾ, ਠੇਕਾ ਕਿਸ ਰੇਟ ਤੇ ਲਿਆ ਗਿਆ ਤੇ ਉਸ ਇਲਾਕੇ ਵਿੱਚ ਏਕੜ ਦਾ ਅਸਲ ਰੇਟ ਕੀ ਹੈ? ਗੁਰਦੁਆਰਿਆਂ ਨਾਲ ਸਬੰਧਤ ਦੁਕਾਂਨਾਂ ਦਾ ਕਿਰਾਇਆ ਕਿੰਨਾ ਵਸੂਲਿਆ ਜਾ ਰਿਹਾ ਹੈ ਤੇ ਕਾਗਜ਼ਾਂ ਵਿੱਚ ਕਿੰਨਾਂ ਚੜ੍ਹਦਾ ਹੈ? ਉਸ ਮਾਰਕੀਟ ਵਿੱਚ ਦੁਕਾਨਾਂ ਦਾ ਅਸਲ ਕਿਰਾਇਆ ਕਿੰਨਾ ਮਿਲ ਸਕਦਾ ਹੈ? ਕਿਰਾਏਦਾਰਾਂ ਵਿੱਚ ਪ੍ਰਧਾਨਾਂ ਸਕੱਤਰਾਂ, ਕਮੇਟੀ ਮੈਂਬਰਾਂ ਦੇ ਭਾਈ, ਭਤੀਜੇ ਤੇ ਪੁੱਤਰਾਂ ਨੂੰ ਕਿਨੀਆਂ ਦੁਕਾਨਾਂਾਂ ਨਿਗੂਣੇ ਜਿਹੇ ਕਿਰਾਏ ਤੇ ਦਿੱਤੀਆਂ ਹੋਈਆਂ ਹਨ? ਲਗਭਗ ਸਾਰੇ ਗੁਰਦੁਆਰਿਆਂ ਤੇ ਮਾਫੀਆ ਗਰੋਹ ਕਿਸਮ ਦੇ ਲੋਕ ਕਾਬਜ਼ ਹੋ ਚੁੱਕੇ ਹਨ। ਅਗਰ ਸਿੱਖ ਪੰਥ ਕੁੰਭ ਕਰਨੀ ਨੀਂਦ ਵਿੱਚੋ ਨਾ ਜਾਗਿਆਾ ਤਾਂ ਸਾਡਾ ਸਰਬਨਾਸ ਤਾ ਹੋਇਆ ਹੀ ਪਿਆ ਹੈ।

ਭਾਰਤ ਸਰਕਾਰ ਨੇ ਮਨੁੱਖੀ ਅਧਿਕਾਰਾਂ ਨੂੰ ਕੁਚਲਣ ਵਾਲੇ ਕਾਲੇ ਕਾਨੂੰਨ ਬਣਾ ਕੇ ਸਿੱਖ ਜਵਾਨੀ ਦਾ ਪੰਦਰਾਂ ਸਾਲ ਘਾਣ ਕੀਤਾ। ਚੰਗੇਜ਼ ਖਾਨ ਜ਼ਕਰੀਆ ਖਾਨ ਤੇ ਹਿਟਲਰ ਵਰਗੇ ਜ਼ਾਲਮ ਭੀ ਭਾਰਤੀ ਪੁਲਿਸ ਅਤੇ ਫੌਜ ਵੱਲੋਂ ਕੀਤੇ ਜ਼ੁਲਮਾਂ ਕਾਰਨ ਸ਼ਰਮਸ਼ਾਰ ਹੋ ਰਹੇ ਹੋਣਗੇ। ਸ਼ਾਇਦ ਇੰਨੇ ਵਹਿਸ਼ੀ ਕਾਰੇ ਉਹਨਾਂ ਭੀ ਨਾ ਕੀਤੇ ਹੋਣ। ਚਲੋ ਮੰਨ ਲੈਂਦੇ ਹਾਂ ਕਿ ਡਾਹਢਿਆਂ ਅੱਗੇ ਅਸੀਂ ਬੇ ਬਸ ਸਾਂ। ਸ਼ਕਤੀ ਹੀਣੇ ਸਾਂ। ਪਰ ਇਹਨਾਂ ਹੋਈਆਂ ਬੀਤੀਆਂ ਨੂੰ ਲਿਖਤੀ ਰੂਪ ਤਾਂ ਦਿੱਤਾ ਜਾ ਸਕਦਾ ਸੀ। ਸੰਨ 1978 ਤੋਂ ਲੈ ਕੇ 1993 ਤਕ ਕਿੰਨੇ ਸਿੱਖਾਂ ਨੂੰ ਸਰਕਾਰੀ ਫੋਰਸਾਂ ਵੱਲੋਂ ਮੁਕਾਬਲੇ ਬਣਾ ਕੇ ਮਾਰਿਆ ਗਿਆ? ਕਿੰਨੇ ਲੋਕਾਂ ਨੂੰ ਗਾਇਬ ਕਰ ਦਿੱਤਾ ਗਿਆ? ਕਿੰਨੇ ਨੋਜੁਆਨਾਂ ਨੂੰ ਅਪੰਗ ਜਾਂ ਨਕਾਰਾ ਕਰ ਦਿੱਤਾ ਗਿਆ? ਕਿੰਨੀਆਂ ਭੈਣਾਂ ਨਾਲ ਜਬਰ ਜਿਨਾਹ ਕੀਤੇ ਗਏ? ਕਿੰਨਿਆਂ ਦੇ ਘਰ ਲੁੱਟੇ ਗਏ? ਇਸ ਦਹਿਸ਼ਤ ਤੋਂ ਡਰਦੇ ਕਿੰਨੇ ਸਿੱਖ ਘਰੋ ਚਲੇ ਗਏ? ਕਿੰਨੇ ਸਿੱਖਾਂ ਨੇ ਦਾਹੜੀ ਕੇਸ ਕਟਵਾ ਕੇ ਜਾਨ ਬਚਾਈ? ਕਿੰਨੇ ਨੌਜੁਆਨਾਂ ਨੂੰ ਜੋਧਪੁਰ ਆਦਿ ਦੂਰ ਦੀਆਂ ਜੇਹਲਾਂ ਵਿੱਚ ਤਸੀਹੇ ਦਿੱਤੇ ਗਏ? ਕੁੱਲ ਕਿੰਨ ਬੱਚੇ ਯਤੀਮ ਹੋ ਗਏ? ਯਤੀਮ ਬੱਚੇ ਅੱਜ ਕੱਲ੍ਹ ਕਿਸ ਹਾਲਤ ਵਿੱਚ ਹਨ? ਉਹਨਾਂ ਦੀਆਂ ਸਰੀਰਕ ਲੋੜਾਂ ਪੂਰੀਆਂ ਕੋਣ ਕਰ ਰਿਹ ਹੈ? ਪੰਜਾਬ ਵਿੱਚ ਕਿੰਨੇ ਸਿੱਖਾਂ ਨੂੰ ਕੈਦ ਕੀਤਾ ਗਿਆ? ਉਹਨਾਂ ਵਿੱਚੋ ਕਿੰਨੀਆਂ ਨੂੰ ਕਿੰਨੀ ਕਿੰਨੀ ਸਜ਼ਾ ਹੋਈ? ਸਜ਼ਾ ਕਾਰਨ ਉਹਨਾਂ ਦੇ ਪ੍ਰਵਾਰ ਨਾਲ ਕੀ ਬੀਤੀ? ਗੁਜ਼ਾਰਾ ਕਿਵੇਂ ਹੁੰਦਾ ਰਿਹਾ? ਬੱਚਿਆਂ ਤੇ ਬੀਬੀਆਂ ਤੇ ਕੀ ਅਸਰ ਪਿਆ? ਡਰਾ ਧਮਕਾ ਕੇ ਪੁਲਿਸ ਵਾਲਿਆਂ ਨੇ ਲਗਭਗ ਕ੍ਰਿਨਾ ਪੈਸਾ ਰਿਸ਼ਵਤ ਵਜੋਂ ਸਿੱਖਾਂ ਤੋਂ ਲਿਆ? ਸਿੱਖਾਂ ਦੇ ਘਰਾਂ ਵਿੱਚੋਂ ਪੁਲਿਸ ਤੇ ਸੀ. ਆਰ. ਪੀ. ਐਫ. ਵਾਲਿਆਂ ਨੇ ਕੀ ਕੀ ਕੀਮਤੀ ਸਾਮਾਨ ਜਾਂ ਸੋਨਾ ਚਾਂਦੀ ਲੁੱਟਿਆ, ਉਸ ਦੀ ਕਿੰਨੀ ਕੁ ਕੀਮਤ ਹੋਵੇਗੀ? ਕਿੰਨੈ ਖਾੜਕੂਆਂ ਦੇ ਘਰ ਢਾਹੇ ਗਏ? ਕਿੰਨੇ ਖਾੜਕੂਆਂ ਦੇ ਘਰਾਂ ਕੋਠੀਆਂ ਤੇ ਜ਼ਮੀਨਾਂ ਤੇ ਪੁਲਿਸ ਵਾਲਿਆਂ ਨੇ ਪੱਕਾ ਕਬਜ਼ਾ ਹੀ ਜਮਾ ਲਿਆ? ਪੁਲਿਸ ਵਾਲਿਆਂ ਨੂੰ ਨਗਦੀ ਇਨਾਮ ਵਿੱਚ ਸਰਕਾਰ ਨੇ ਕਿੰਨਾ ਪੈਸਾ ਦਿੱਤਾ? ਇਨਾਮੀ ਖਾੜਕੂਆਂ

ਨੂੰ ਮਾਰਨ ਬਦਲੇ ਕਿੰਨੀਆਂ ਸਪੈਸ਼ਨ ਤਰੱਕੀਆਂ ਦਿੱਤੀਆਂ? ਸਰਕਾਰ ਵੱਲੋਂ ਕਿੰਨੇ ਮੈਡਲ ਦਿੱਤੇ ਗਏ? ਕਿੰਨੇ ਮੁੰਡਿਆਂ ਨੂੰ ਸਰਕਾਰੀ ਮੁਖਬਰ (ਕਾਲੀਆਂ ਬਿੱਲੀਆਂ) ਬਣਾ ਕੇ ਭੇਸ ਤੇ ਪਛਾਣ ਵਟਾ ਕੇ (ਅਸਲ ਵਿੱਚ ਦਾਹੜੀ ਕੇਸ ਕਟਾ ਕੇ) ਖੌਫਜਦਾ ਕਰਕੇ, ਦੇਸ਼ ਵਿਦੇਸ਼ ਵਿੱਚ ਬਸਾ ਕੇ ਕੀ ਕੀ ਕੰਮ ਲਿਆ ਗਿਆ? ਸ਼੍ਰੋਮਣੀ ਕਮੇਟੀ (ਅਤੇ ਦਿੱਲੀ ਕਮੇਟੀ) ਦਾ ਪ੍ਰਥਮ ਫਰਜ਼ ਬਣਦਾ ਸੀ ਕਿ ਵਿਦਵਾਨ ਸੱਜਣਾਂ ਨੂੰ ਲੋੜੀਂਦੇ ਖਰਚੇ ਦੇ ਕੇ ਉਪਰ ਵਰਣਿਤ ਖੋਜ ਵਾਸਤੇ ਲਾਇਆ ਜਾਣਾ ਚਾਹੀਦਾ ਸੀ। ਸ. ਜਸਵੰਤ ਸਿੰਘ ਖਾਲੜਾ ਨੇ ਜੋ ਕੰਮ ਕੀਤਾ ਹੈ ਉਹ ਕੰਮ ਖੁਦ ਸ਼੍ਰੋਮਣੀ ਕਮੇਟੀ ਨੂੰ ਕਰਨਾ ਚਾਹੀਦਾ ਸੀ। ਸ. ਖਾਲੜਾ ਨੂੰ ਪੰਥ ਰਤਨ ਦਾ ਖਿਤਾਬ ਮਿਲਣਾ ਚਾਹੀਦਾ ਸੀ। ਪਰ ਇਹ ਖਿਤਾਬ ਤਾਂ ਪੰਥਕ ਗਦਾਰਾਂ ਨੂੰ ਦਿਤਾ ਜਾ ਰਿਹਾ ਹੈ। ਸ਼. ਕੁਲਦੀਪ ਸਿੰਘ (ਰਿਟਾਇਰ ਜੱਜ ਸੁਪ੍ਰੀਮ ਕੋਰਟ) ਨੇ ਪੀਪਲ ਕਮੀਸ਼ਨ ਨਾਂ ਦੀ ਪੜਤਾਲੀਆ ਕਮੇਟੀ ਬਣਾਈ ਸੀ, ਸੰਨ 1997 ਵਿੱਚ। **ਮੁੱਖ ਮੰਤਰੀ ਸ਼੍ਰ. ਪ੍ਰਕਾਸ਼ ਬਾਦਲ ਨੇ ਸ਼੍ਰ. ਕੁਲਦੀਪ ਸਿੰਘ ਨੂੰ ਅਜਿਹੀ ਪੜਤਾਲ ਤੋਂ ਰੋਕ ਦਿੱਤਾ ਸੀ, ਹਾਈ ਕੋਰਟ ਵਿੱਚ ਕੇਸ ਦਾਇਰ ਕਰਕੇ।** ਸਿੱਖਾਂ ਦਾ ਮੁਖੀ ਹਰ ਮੁਹਾਜ ਤੇ ਸਿੱਖ ਪੰਥ ਦੇ ਵਿਰੋਧ ਵਿੱਚ ਭੁਗਤੇ? ਹੈ ਨਾ ਹੈਰਾਨੀ? ਸ਼੍ਰੋਮਣੀ ਕਮੇਟੀ ਵਿੱਚ ਕਿਥੇ ਇੰਨੀ ਜੁਅਰਤ ਅਤੇ ਸਿਆਣਪ ਕਿ ਸਿੱਖਾਂ ਤੇ ਹੋਏ ਅਸੀਮ ਜ਼ੁਲਮਾਂ ਦੀ ਦਾਸਤਾਨ ਲਿਖ ਕੇ (ਖੋਜ ਕਰਕੇ) ਸੰਸਾਰ ਦੇ ਇਨਸਾਫ ਪਸੰਦ ਸਿਆਣਿਆਂ ਅੱਗੇ ਰੱਖੇ ਸਕੇ। ਜ਼ੁਲਮ ਦੀ ਹਨੇਰੀ ਵਗਦੀ ਨੂੰ ਤੀਹ ਸਾਲ ਹੋਣ ਲੱਗੇ ਹਨ। ਸ਼੍ਰੋਮਣੀ ਕਮੇਟੀ ਨੇ ਗੁਰੂ ਨਾਨਕ ਦੇ ਬੱਚਿਆਂ ਨਾਲ ਸਿਖਰਲੀ ਗੱਦਾਰੀ ਕੀਤੀ ਹੈ। ਨਾ ਕਾਬਲੇ ਮੁਆਫ ਧਰੋਹ ਕਮਾਇਆ ਹੈ। ਪੰਥ ਦਾ ਸੁਚੇਤ ਵਰਗ ਇਹਨਾਂ ਪੰਥਕ ਸ਼ਕਲਾਂ ਵਾਲੇ ਪੰਥ ਦੋਖੀਆਂ ਤੋਂ ਕਦੀ ਪਾਪ ਕਰਮਾਂ ਦਾ ਜੁਆਬ ਮੰਗੇਗਾ? ਪੁਰਾਤਨ ਸਮੇਂ ਦੇ ਮਸੰਦ ਕੇਵਲ ਸਿੱਖਾਂ ਦੀ ਕਮਾਈ ਲੁੱਟਦੇ ਸਨ। ਦਸਮ ਪਾਤਿਸ਼ਾਹ ਜੀ ਨੇ ਉਹਨਾਂ ਦੇ ਸਾਰੇ ਅਧਿਕਾਰ ਖਤਮ ਕਰਕੇ ਖਾਲਸੇ ਨੂੰ ਸਿੱਧਾ ਆਪਣੇ ਨਾਲ ਸੰਪਰਕ ਕਰਨ ਲਈ ਹੁਕਮ ਦੇ ਦਿੱਤਾ। ਅੱਜ ਵਾਲੇ ਮਸੰਦ ਉਹਨਾਂ ਤੋਂ ਕਿਤੇ ਵੱਧ ਭਿਆਨਕ ਹਨ। ਸਰਕਾਰ ਵੱਲੋਂ ਮਾਨਤਾ ਪ੍ਰਾਪਤ ਹਨ। ਅਨੇਕ ਕਿਸਮ ਦੀਆਂ ਰਾਜਸੀ ਤਾਕਤਾਂ ਦੇ ਮਾਲਕ ਹਨ। ਇਹ ਕੇਵਲ ਸਿੱਖਾਂ ਦਾ ਪੈਸਾ ਹੀ ਨਹੀਂ ਲੁੱਟਦੇ ਸਿੱਖਾਂ ਕੋਲ ਜੋ ਭੀ ਹੈ ਇਸ ਸਭ ਕੁਝ ਨੂੰ ਲੁੱਟਦੇ ਹਨ। ਗੁਰੂ ਨਾਨਕ ਸਾਹਿਬ ਜੀ ਦਾ ਇਹ ਸ਼ਲੋਕ ਕੀ ਇਹਨਾਂ ਮਨਮੁਖਾਂ ਤੇ ਇੰਨ ਬਿੰਨ ਨਹੀ ਢੁਕਦਾ?

**ਮਾਣਸ ਖਾਣੇ ਕਰਹਿ ਨਿਵਾਜ।। ਛੁਰੀ ਵਗਾਇਨਿ ਤਿਨ ਗਲਿ ਤਾਗ।।**
**ਤਿਨ ਘਰਿ ਬ੍ਰਾਹਮਣ ਪੂਰਹਿ ਨਾਦ।। ਉਨਾ ਭੀ ਆਵਹਿ ਓਈ ਸਾਦ।।**
**ਕੂੜੀ ਰਾਸਿ ਕੂੜਾ ਵਾਪਾਰੁ।। ਕੂੜੁ ਬੋਲਿ ਕਰਹਿ ਆਹਾਰੁ।।**
**ਸਰਮ ਧਰਮ ਕਾ ਡੇਰਾ ਦੂਰਿ।। ਨਾਨਕ ਕੂੜੁ ਰਹਿਆ ਭਰਪੂਰਿ।।**
**ਮਥੈ ਟਿਕਾ ਤੇੜਿ ਧੋਤੀ ਕਖਾਈ।। ਹਥਿ ਛੁਰੀ ਜਗਤ ਕਾਸਾਈ।।.. (ਮਹਲਾ 1- 471)**

ਮਨੁੱਖਤਾ ਤੇ ਘੋਰ ਜ਼ੁਲਮ ਕਰਨ ਵਾਲੇ ਨਿਵਾਜ ਪੜ੍ਹਕੇ ਧਰਮੀ ਬਣਨ ਦਾ ਖੇਖਣ ਕਰਦੇ

ਹਨ। ਜਿਨ੍ਹਾਂ ਨੇ ਗਲ ਵਿੱਚ ਜਨੇਊ ਪਾਇਆ ਹੋਇਆ ਹੈ ਉਹ ਭੀ ਗਰੀਬਾਂ ਦੇ (ਮਾਨੋ) ਗਲ ਵੱਢ ਰਹੇ ਹਨ। ਬ੍ਰਾਹਮਣ (ਪੁਜਾਰੀ, ਧਰਮ ਮੁਖੀ ਜਥੇਦਾਰ) ਜਾਲਮ ਦੇ ਘਰ ਖਾਣਾ ਖਾ ਕੇ ਉਹਨਾਂ ਦੀ ਚੜ੍ਹਦੀ ਕਲ੍ਹਾ ਦੀ ਅਰਦਾਸ ਕਰਦਾ ਹੈ। ਇਸ ਤਰ੍ਹਾਂ ਪਾਪੀਆਂ ਦਾ ਧਾਨ ਖਾਣਾ ਤੇ ਉਹਨਾਂ ਦੀ ਅਰਦਾਸ ਕਰਨ ਕਰਕੇ ਧਰਮ ਮੁਖੀ ਭੀ ਪਾਪਾਂ ਦਾ ਹਿੱਸੇਦਾਰ ਹੈ। ਇਹ ਸਾਰੇ ਲੋਕ ਝੂਠੇ ਹਨ, ਝੂਠ ਕਿਰਿਆ ਨਾਲ ਧਨ ਇਕੱਠਾ ਕਰਦੇ ਹਨ। ਕੂੜ੍ਹ ਦੀ ਕਮਾਈ ਨਾਲ ਪੇਟ ਪੂਰਤੀ ਕਰਦੇ ਹਨ। ਇਹਨਾਂ ਧਾਰਮਕ ਪਹਿਰਾਵੇ ਵਾਲੇ ਪਾਖੰਡੀ ਤੇ ਪਾਪੀ ਧਰਮ ਮੁਖੀਆਂ ਨੇ ਸ਼ਰਮ ਲਾਹ ਛੱਡੀ ਹੈ। ਧਰਮ ਇਹਨਾਂ ਦੇ ਨੇੜੇ ਭੀ ਨਹੀਂ ਹੈ। ਹੇ ਨਾਨਕ ! ਇਹਨਾਂ ਨੇ ਸਾਰੇ ਥੰਨ੍ਹੇ ਝੂਠ ਦੀਆਂ ਦੁਕਾਨਾਂ ਚਲਾ ਰੱਖੀਆਂ ਹਨ। ਇਹ ਲੋਕ ਭਾਵੇਂ ਨਿਵਾਜੀ ਹੋਣ ਭਾਵੇਂ ਪੂਜਾ ਕਰਨ ਵਾਲੇ, ਟਿੱਕਾ ਧੋਤੀ ਜੰਜੂ ਵਾਲੇ ਬ੍ਰਾਹਮਣ ਹੋਣ, ਭਾਵੇਂ ਸਿੱਖਾਂ ਦੇ ਆਗੂ, ਸਾਰਿਆਂ ਨੇ ਆਪਣੇ ਸਮਾਜ ਨੂੰ ਲੁੱਟ ਕੇ ਖਾਣ ਲਈ ਜ਼ੁਲਮ ਦੀ ਛੁਰੀ ਹੱਥ ਵਿੱਚ ਫੜੀ ਹੋਈ ਹੈ। ਬਚ ਜਾਉ ਇਹਨਾਂ ਤੋਂ, ਇਹਨਾਂ ਧਰਮ ਦੋਖੀਆਂ ਨੇ ਅੱਸੀ ਪ੍ਰਤੀਸ਼ਤ ਸਿੱਖਾਂ ਨੂੰ ਤਬਾਹੀ ਵਾਲੀ ਖੱਡ ਵਿਚ ਧੱਕ ਦਿੱਤਾ ਹੈ। ਜੇ ਅਜੇ ਭੀ ਨਾਂ ਸੰਭਲੇ ਤਾਂ ਸਮੂੰਹਕ ਸਰਬਨਾਸ ਹੋਇਆ ਹੀ ਸਮਝੋ। ਕਦੀ ਸੋਚਿਆ ਹੈ ਇਸ ਬਾਰੇ?

**000**

# ਗੁਰੂ ਲਾਧੋ ਰੇ ! ਸੱਚ ਕੀ ਹੈ......?

ਗੁਰੂ ਤੇਗਬਹਾਦਰ ਜੀ ਜਿੰਨੀ ਮਹਾਨ ਹਸਤੀ ਸਨ, ਸਾਡੇ ਇਤਿਹਾਸਕਾਰਾਂ ਨੇ,ਉਤਨੀ ਹੀ ਲਾਪਰਵਾਹੀ ਗੁਰੂ ਜੀ ਦਾ ਜੀਵਨ ਵੇਰਵਾ ਲਿਖਣ ਲਈ ਵਰਤੀ ਹੈ। ਸਾਡੇ ਕਥਾਕਾਰ ਬਿਨਾਂ ਸੋਚੇ ਵਿਚਾਰੇ, ਉਹੀ ਕੁਫਰ ਕਹਾਣੀਆਂ ਜੋ ਕਿ ਗੁਰਬਾਣੀ ਦੇ ਅਸੂਲਾਂ ਤੋਂ ਉਲਟ ਹਨ, ਲਗਾਤਾਰ ਸੁਣਾ ਰਹੇ ਹਨ। ਸਤਿਗੁਰੂ ਜੀ ਦੀ ਮਹਾਨ ਸਖ਼ਸ਼ੀਅਤ ਨੂੰ ਬਾਰ-ਬਾਰ ਕਲੰਕਤ ਕਰਨ ਵਰਗਾ ਬੱਜਰ ਪਾਪ ਕਰਦੇ ਆ ਰਹੇ ਹਨ। ਆਪਣੇ ਵੱਲੋਂ ਇਹ ਲੋਕ ਧਰਮ ਦੀ ਸੇਵਾ ਕਰ ਰਹੇ ਹਨ। ਇਸ ਤਰ੍ਹਾਂ ਦੇ ਪਰਚਾਰ ਨਾਲ ਸਿੱਖ ਪੰਥ ਦਾ ਕੁਝ ਸੰਵਰ ਭੀ ਰਿਹਾ ਹੈ, ਵਿਚਾਰਯੋਗ ਗਲ ਹੈ। ਗੁਰੂ ਜੀ ਦੇ ਜੀਵਨ ਨੂੰ ਸਮਝਣ ਲਈ, ਅਸੀਂ ਤਿੰਨ ਭਾਗਾਂ ਵਿਚ ਵੰਡ ਕਰ ਲੈਂਦੇ ਹਾਂ। ਪਹਿਲਾਂ ਪੰਜ ਭੂਤਕ ਸਰੀਰ ਦੇ ਪ੍ਰਗਟ ਹੋਣ ਤੋਂ ਲੈ ਕੇ ਗੁਰਗੱਦੀ ਤੱਕ। ਦੂਜਾ ਗੁਰਗੱਦੀ ਤੇ ਬਿਰਾਜ ਕੇ ਕੀਤੇ ਗਏ ਅਣਗਿਣਤ ਉਪਕਾਰੀ ਕਾਰਜ। ਤੀਜਾ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਗਈ ਲਾਸਾਨੀ ਸ਼ਹੀਦੀ। ਹੁਣ ਇਹਨਾਂ ਤਿੰਨਾ ਪੱਖਾਂ ਦੀ ਚਰਚਾ ਜ਼ਰਾ ਵਿਸਥਾਰ ਨਾਲ।

ਬਾਲਕ ਤੇਗ ਬਹਾਦਰ ਦਾ ਜਨਮ 1 ਅਪ੍ਰੈਲ, 1621 ਵਿਚ ਮਾਤਾ ਨਾਨਕੀ ਜੀ, ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ, ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਹੋਇਆ। ਛੇਵੇਂ ਸਤਿਗੁਰੂ ਜੀ ਗੁਰੂ ਨਾਨਕ ਸਾਹਿਬ ਦੀ ਗੱਦੀ ਤੇ ਬਿਰਾਜਮਾਨ ਹੋ ਕੇ, ਜ਼ਿੰਮੇਵਾਰੀਆਂ ਨਿਭਾ ਰਹੇ ਸਨ। ਸਵੈ ਰੱਖਿਆ ਹਿਤ ਉਹਨਾਂ ਨੂੰ ਕਈ ਜੰਗ ਭੀ ਲੜਨੇ ਪਏ। ਅਜਿਹੇ ਹਾਲਾਤ ਵਿਚ ਬਾਲਕ ਤੇਗ ਬਹਾਦਰ ਜੀ ''ਸਮੇਂ ਦੀ ਲੋੜ ਮੁਤਾਬਕ ਹਰ ਤਰ੍ਹਾਂ ਦੀ ਸਿੱਖਿਆ ਪ੍ਰਾਪਤ ਕਰ ਰਹੇ ਸਨ। ਪਿਤਾ ਜੀ ਦੀ ਨਿਗਰਾਨੀ ਵਿਚ ਉਹਨਾਂ ਦਾ ਜੀਵਨ ਸਿੱਖੀ ਸਾਂਚੇ ਵਿਚ ਢਲਦਾ ਤੇ ਪਰਪੱਕ ਹੁੰਦਾ ਗਿਆ। ਕਰਤਾਰ ਪੁਰ ਵਾਲੀ ਚੌਥੀ ਜੰਗ ਵਿਚ, ਅੱਲ੍ਹੜ ਉਮਰ ਦੇ ਗਭਰੀਟ, ਪਰ ਸਰੀਰਕ ਅਤੇ ਮਾਨਸਿਕ ਪੱਖੋਂ ਮਜਬੂਤ ਤੇਗ ਬਹਾਦਰ ਨੇ, ਜੰਗ ਵਿਚ ਇੱਕ ਹੰਢੇ ਵਰਤੇ ਜੋਧੇ ਵਾਂਗ, ਤੇਗ ਦੇ ਜੌਹਰ ਵਿਖਾਏ। ਜਦੋਂ ਕਿ ਪਿਤਾ ਗੁਰੂ ਜੀ ਸਾਰੇ ਸੂਰਮਿਆਂ ਵਿਚ ਖ਼ੁਦ ਲੜ ਰਹੇ ਸਨ। ਥੋੜੀ ਵਿੱਥ ਤੇ ਕਰਤਾਰਪੁਰ ਨਿਵਾਸੀ ਬੀਬੀਆਂ ਬੱਚੇ, ਇਸ ਜੰਗ ਵਿਚ ਬਹਾਦਰਾਂ ਦੇ ਹੌਸਲੇ ਨੂੰ ਵੇਖ ਰਹੇ ਸਨ। ਗੁਰੂ ਪ੍ਰਵਾਰ ਅਤੇ ਸਿੱਖਾਂ ਦੇ ਪ੍ਰਵਾਰ ਭੀ ਛੱਤਾਂ ਤੇ ਖਲੋ ਕੇ ਸਾਹ ਰੋਕੀ ਇਸ ਜੰਗ ਦਾ ਦ੍ਰਿਸ਼ ਵੇਖ ਰਹੇ ਸਨ। ਸਾਰਿਆਂ ਨੇ ਵੇਖਿਆ ਕਿ ਹਰ ਇਕ ਸਿੱਖ ਨੇ ਉੱਤਮ ਦਰਜੇ ਦੀ ਦਲੇਰੀ ਵਿਖਾਈ ਤੇ ਇਹ ਜੰਗ ਗੁਰੂ ਹਰਿਗੋਬਿੰਦ ਸਾਹਿਬ ਜਿੱਤ ਗਏ, ਤੇ ਦੁਸ਼ਮਣਾਂ ਨੂੰ ਮੂੰਹ ਦੀ ਖਾਣੀ ਪਈ। ਤੇਗਬਹਾਦਰ ਜੀ ਨੂੰ ਪਿਤਾ ਗੁਰੂ ਜੀ ਨੇ

ਵਿਸ਼ੇਸ਼ ਪਿਆਰ ਦਿੱਤਾ, ਛੋਟੀ ਉਮਰ ਵੱਡੀ ਦਲੇਰੀ ਕਾਰਨ।

ਜਦੋਂ ਜੰਗਾਂ ਯੁੱਧਾਂ ਵਲੋਂ ਵਿਹਲ ਮਿਲੀ ਤਾਂ ਤੇਗ ਬਹਾਦਰ ਜੀ ਡੂੰਘਾ ਮੁਤਾਲਿਆ ਕਰਨ ਇਕਾਂਤ ਵਿਚ ਚਲੇ ਜਾਂਦੇ। ਇਸਲਾਮ ਧਰਮ ਬਾਰੇ ਚੰਗਾ ਅਧਿਐਨ ਕੀਤਾ। ਇਸਲਾਮੀ ਰਾਜ ਵੱਲੋਂ ਗੈਰ ਮੁਸਲਮਾਨਾਂ ਨਾਲ, ਜੋ ਅਤੀ ਕਠੋਰ ਤੇ ਮਨੁੱਖਤਾ ਤੋਂ ਗਿਰਿਆ ਸਲੂਕ ਕੀਤਾ ਜਾਂਦਾ ਸੀ, ਉਸ ਨੂੰ ਸਮਝਿਆ। ਲੋਕਾਂ ਨੂੰ ਬ੍ਰਾਹਮਣਾਂ ਤੋਂ ਜੋਗੀਆਂ ਵੱਲੋਂ ਜਿਵੇਂ ਲੁੱਟਿਆ ਜਾ ਰਿਹਾ ਸੀ ਉਸ ਦੀ ਰੂਪ ਰੇਖਾ ਤਿਆਰ ਕੀਤੀ। ਇਹਨਾਂ ਅਣਪੜ੍ਹ ਕਮਜ਼ੋਰ ਤੇ ਨੇਤਾਹੀਣ ਲੋਕਾਂ ਨੂੰ ਕਿਵੇਂ ਗਿਆਨ ਦਿੱਤਾ ਜਾਵੇ। ਕਿਵੇਂ ਇਹਨਾਂ ਨੂੰ ਵਿਕਾਰਾਂ ਤੋਂ ਬਚਾ ਕੇ ਏਕਤਾ ਦੇ ਸੂਤਰ ਵਿਚ ਪਰੋ ਕੇ, ਜ਼ਾਲਮ ਦੀ ਜੜ੍ਹ ਪੁੱਟਣ ਲਈ ਤਿਆਰ ਕੀਤਾ ਜਾਵੇ। ਇਸ ਸਾਰੇ ਕਾਰਜ ਦੀ ਭਵਿੱਖ ਮੁਖੀ ਰੂਪ ਰੇਖਾ ਤਿਆਰ ਕੀਤੀ। ਉਹਨਾਂ ਦੇ ਡੂੰਘੇ ਅਧਿਐਨ ਤੋਂ ਆਮ ਲੋਕਾਈ ਨੂੰ ਫਾਇਦਾ ਪੁਚਾਉਣ ਲਈ ਸਤਵੇਂ ਪਾਤਿਸ਼ਾਹ ਜੀ ਨੇ (ਗੁਰੂ) ਤੇਗ ਬਹਾਦਰ ਜੀ ਨੂੰ, ਦੂਰ ਦਰਾਜ ਦੇ ਲੰਮੇ ਧਰਮ ਪ੍ਰਚਾਰ ਦੌਰਿਆਂ ਤੇ ਭੇਜਿਆ। ਢਾਕਾ ਬੰਗਾਲ ਅਸਾਮ ਆਦਿ ਦੇ ਲੰਮੇ ਪ੍ਰਚਾਰ ਦੌਰੇ ਗੁਰਗੱਦੀ ਮਿਲਣ ਤੋਂ ਪਹਿਲਾਂ ਕੀਤੇ ਗਏ ਸਨ। ''ਭੱਟ ਵਹੀਆਂ'' ਤੇ ਅਧਾਰਤ ਛਪੀ ਪੁਸਤਕ ਗੁਰੂ ਕੀਆਂ ਸਾਖੀਆਂ (ਸੰਪਾਦਕ ਪ੍ਰੋ: ਪਿਆਰਾ ਪਦਮ, 1995) ਵਿਚ ਤਰੀਕਵਾਰ ਵੇਰਵਾ ਦਰਜ ਹੈ, ਕਿ ਬਾਬਾ ਤੇਗ ਬਹਾਦਰ ਜੀ, ਕਿਸ ਦਿਨ ਗੰਗਾ ਤੀਰਥ ਤੇ ਗਏ, ਕਦੋਂ ਇਲਾਹਬਾਦ, ਕਦੋਂ ਪਟਨੇ ਤੇ ਕਦੋਂ ਆਸਾਮ ਬੰਗਾਲ ਵਿਚ ਗਏ ਸਨ। ਉਹਨਾਂ ਦੇ ਘਰ ਬਾਲਕ ਗੋਬਿੰਦ ਰਾਏ ਦਾ ਜਨਮ ਭੀ ਸੰਨ 1661 ਵਿਚ ਹੋਇਆ, ਲਿਖਤਾਂ ਮੌਜੂਦ ਹਨ। ਭਾਵੇਂ ਪ੍ਰਚਲਤ 1666 ਹੋ ਗਿਆ। ਖੈਰ ਇਹ ਕੋਈ ਸਿਧਾਂਤਕ ਮਸਲਾ ਨਹੀਂ ਹੈ, ਉਮਰ ਦਾ ਪੰਜ ਸਾਲ ਵੱਧ ਜਾਂ ਘੱਟ ਹੋਣਾ।

(ਗੁਰੂ) ਤੇਗਬਹਾਦਰ ਜੀ ਦੇ ਪ੍ਰਚਾਰ ਦੌਰੇ ਅਤੇ ਉਹਨਾਂ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨਾਂ ਦਾ ਅਗਰ ਗਹਿਰਾਈ ਨਾਲ ਲੇਖਾ ਜੋਖਾ ਕੀਤਾ ਜਾਵੇ ਤਾਂ ਹੈਰਾਨੀ ਜਨਕ ਨਤੀਜੇ ਨਿਕਲਣਗੇ। ਇੰਨੀਆਂ ਲੰਮੀਆਂ ਯਾਤਰਾਵਾਂ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਨੇ ਕੀਤੀਆਂ ਸਨ। ਇਹ ਭੀ ਯਾਦ ਰਹੇ ਗੁਰੂ ਨਾਨਕ ਸਾਹਿਬ ਜੀ ਦੀ ਪਹਿਲੀ ਯਾਤਰਾ ਦਸ ਸਾਲ ਤੋਂ ਵੱਧ ਸਮੇਂ ਦੀ ਸੀ। ਸਿਰਫ ਲੰਕਾ ਦੇ ਸਫ਼ਰ ਨੂੰ ਕੱਟ ਦੇਈਏ ਬਾਕੀ ਸਭਨਾਂ ਥਾਵਾਂ ਤੇ ਬਾਬਾ ਤੇਗਬਹਾਦਰ ਜੀ ਗਏ ਸਨ। ਇੰਨੇ ਲੰਮੇ ਸਫਰ ਕੋਈ ''ਅੱਖਾਂ ਮੀਟ ਕੇ'' ਨਹੀਂ ਹੋ ਜਾਇਆ ਕਰਦੇ। ਜਿਸ ਮਕਸਦ ਵਾਸਤੇ ਗੁਰੂ ਨਾਨਕ ਸਾਹਿਬ ਜੀ ਗਏ ਸਨ, ਉਸੇ ਵਿਚਾਰਧਾਰਾ ਨੂੰ ਹੋਰ ਪ੍ਰਚੰਡ ਕਰਨ, ਬਾਬਾ ਤੇਗ ਬਹਾਦਰ ਜੀ ਗਏ ਸਨ। ਪੰਜਾਬ ਤੋਂ ਬਾਹਰ ਦੇ ਲੰਮੇ ਪ੍ਰਚਾਰ ਦੌਰੇ ਉਹਨਾਂ ਦਿਨਾ ਦੇ ਹਨ, ਜਦੋਂ ਉਹ ਹਾਲੀ ਇਕ ਸਿੱਖ ਪ੍ਰਚਾਰਕ ਜਾਂ ਗੁਰੂ ਵੱਲੋਂ ਯੋਗ ਜਾਣਕੇ ਭੇਜੇ ਗਏ ਸਾਹਿਬਜ਼ਾਦੇ ਸਨ। ਗੁਰੂ ਗੱਦੀ ਤਾਂ 1664 ਵਿਚ ਪ੍ਰਾਪਤ ਹੋਈ

ਸੀ। ਇਹਨਾਂ ਧਰਮ ਅਸਥਾਨਾਂ ਦੀ ਸ਼ੋਭਾ ਇਸ ਕਰਕੇ ਵੱਧ ਗਈ, ਕਿਉਂਕਿ ਬਾਬਾ ਤੇਗ ਬਹਾਦਰ ਜੀ ਸਮਾਂ ਆਉਣ ਤੇ, ਗੁਰੂ ਪਦਵੀ ਨੂੰ ਪ੍ਰਾਪਤ ਹੋ ਗਏ। ਜਿਵੇਂ ਗੁਰੂ ਬਣਨ ਤੋਂ ਪਹਿਲਾਂ ਦੀਆਂ ਘਟਨਾਵਾਂ ਜਾਂ ਅਸਥਾਨ ਬਾਕੀ ਗੁਰਵਿਅਕਤੀਆਂ ਨਾਲ ਸਬੰਧਤ ਬਹੁਤ ਪ੍ਰਸਿੱਧ ਹੋ ਗਏ। ਜੋ ਕੋਈ ਗੁਰੂ ਪਦਵੀ ਤੱਕ ਨਹੀਂ ਪੁੱਜਿਆ, ਉਸ ਨਾਲ ਸਬੰਧਤ ਘਟਨਾਵਾਂ ਜਾ ਸਥਾਨ ਇਤਿਹਾਸ ਦੇ ਹਨੇਰੇ ਵਿਚ ਗੁਆਚ ਜਾਂਦੇ ਹਨ। ਸਾਹਿਬਜ਼ਾਦਾ ਗੋਬਿੰਦ ਰਾਏ ਜੀ ਪਟਨਾ ਵਿਚ (ਪੰਜ ਭੂਤਕ ਸਰੀਰ)ਪ੍ਰਗਟੇ। ਗੁਰਗੱਦੀ ਤਾਂ ਉਹਨਾਂ ਨੂੰ 1675 ਈ: ਵਿਚ ਆਨੰਦਪੁਰ ਵਿਖੇ ਮਿਲੀ ਹੈ। ਉਸ ਤੋਂ ਪਹਿਲਾਂ ਬਾਲਕ ਰੂਪ ਵਾਲੇ ਸਾਰੇ ਗੁਰਦਵਾਰੇ ਵੱਡੀ ਮਹਾਨਤਾ ਹਾਸਲ ਕਰ ਗਏ। ਜਿਵੇਂ ਪਟਨੇ ਤੋਂ ਚਲ ਕੇ, ਉਹ ਪੰਜਾਬ ਵਲ ਗਏ। ਗੁਰਤਾ ਨੂੰ ਪ੍ਰਾਪਤ ਹੋਣ ਤੋਂ ਮਗਰੋਂ ਬੇਅੰਤ ਥਾਵਾਂ ਤੇ ਗੁਰਦੁਆਰੇ ਬਣਾ ਲਏ, ਜਿਥੇ ਗੁਰੂ ਬਣਨ ਤੋਂ ਮਗਰੋਂ ਦਸਵੇਂ ਨਾਨਕ ਕਦੀ ਭੀ ਨਹੀਂ ਗਏ। **ਇਹ ਖਾਸ ਖਿਆਲ ਰਹੇ ਕਿ ਗੁਰੂ ਨਾਨਕ ਸਾਹਿਬ ਜਨਮ ਤੋਂ ਹੀ ਸਿੱਖਾਂ ਦੇ ਗੁਰੂ ਸਨ। ਬਾਕੀ ਸਾਰੇ ਗੁਰੂ ਵਿਅਕਤੀ, ਜਨਮ ਤੋਂ ਗੁਰੂ ਨਹੀਂ ਸਨ। ਜਿਸ ਦਿਨ ਤੋਂ ਜ਼ਿੰਮੇਵਾਰੀ ਸੌਂਪੀ ਗਈ ਸੀ ਉਸ ਦਿਨ ਤੋਂ ਗੁਰੂ ਬਣੇ ਸਨ।**

(ਗੁਰੂ) ਤੇਗਬਹਾਦਰ ਸਾਹਿਬ ਨਾਲ ਸੰਬੰਧਤ ਸਾਰੇ ਵਾਕਿਅਤ ਰਲਗੱਡ ਹੋ ਗਏ ਹਨ। ਗੁਰੂ ਬਣਨ ਤੋਂ ਪਹਿਲਾਂ ਦੀ ਘਟਨਾ ਕਿਹੜੀ ਹੈ ਤੇ ਗੁਰੂ ਥਾਪੇ ਜਾਣ ਤੋਂ ਮਗਰੋਂ ਦੀ ਘਟਨਾ ਕਿਹੜੀ ਹੈ, ਪਛਾਣ ਕਰਨੀ ਲਗਭਗ ਅਸੰਭਵ ਜਿਹੀ ਹੋ ਗਈ ਹੈ। ਜਿੰਨੇ ਕੰਮ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੇ ਕੀਤੇ ਹਨ, ਅਗਰ ਉਹ **''ਛੱਬੀ ਸਾਲ ਭੋਰੇ ਵਿਚ ਬੈਠ ਕੇ ਤਪ ਕਰਦੇ ਰਹੇ''** ਤਾਂ ਇੰਨੇ ਵਡੇਰੇ ਕਾਰਜ ਤੇ ਇੰਨਾਂ ਲੰਮਾ ਸਫਰ ਸੰਭਵ ਹੀ ਨਹੀਂ ਹੈ। ਉਹ ਗੁਰਬਾਣੀ ਦੇ ਹੁਕਮਾਂ ਨੂੰ ਚੰਗੀ ਤਰਾਂ ਸਮਝਦੇ ਸਨ, ਕਿ ਜਪ ਤਪ ਜਾਂ ਭੋਰਿਆਂ ਵਿਚ ਵੜ ਕੇ ਸਮਾਧੀਆਂ ਲਾਉਣੀਆਂ, ਗੁਰੂ ਘਰ ਵਿਚ ਪ੍ਰਵਾਨ ਨਹੀਂ ਹਨ। ਇਹ ਸਮਾਧੀਆਂ ਵਾਲੀ ਫਜ਼ੂਲ ਜਿਹੀ ਕਸਤਰ ਤਾਂ ਜੋਗੀ ਆਦਿ ਸਦੀਆਂ ਤੋਂ ਕਰਦੇ ਆ ਰਹੇ ਸਨ। ਜਿਸ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਥਾਂ ਥਾਂ ਬਾਣੀ ਵਿਚ ਰੱਦ ਕੀਤਾ ਹੈ। ਅਜਿਹੀ ਕੂੜ ਕਿਰਿਆ ਕਿਸੇ ਸਧਾਰਣ ਜਿਹੇ ਸਿੱਖ ਨੇ ਭੀ ਕਦੀ ਨਹੀਂ ਕੀਤੀ। ਹਿੱਕ ਦੇ ਤਾਣ ਬਿਨਾਂ ਸਬੂਤਾਂ ਤੋਂ (ਗੁਰੂ) ਤੇਗਬਹਾਦਰ ਸਾਹਿਬ ਨੂੰ ਗੁਰਬਾਣੀ ਉਪਦੇਸ਼ਾਂ ਤੋਂ ਉਲਟ ਭੋਰੇ ਵਿਚ ''ਛੱਬੀ ਸਾਲ ਤਪ ਕਰਦੇ'' ਵਿਖਾ ਦਿੱਤਾ। **ਜਿੰਨਾਂ ਦਿਨਾਂ ਵਿਚ ਉਹਨਾਂ ਵੱਲੋਂ ਪੰਜਾਬ ਵਿਚ ਕੋਈ ਸਰਗਰਮੀ ਨਜ਼ਰ ਨਹੀਂ ਆਈ, ਉਹਨਾਂ ਦਿਨਾਂ ਵਿਚ ਉਹ ਪੰਜਾਬੋਂ ਬਾਹਰ, ਗਫਲਤ ਦੀ ਨੀਂਦ ਵਿਚ ਸੁੱਤੇ ਲੋਕਾਂ ਨੂੰ ਜਗ੍ਹਾ ਰਹੇ ਸਨ। ਹਕੂਮਤ ਵੱਲੋਂ ਕੀਤੇ ਜ਼ੋਰ ਜ਼ਬਰ ਦੇ ਵਿਰੋਧ ਵਿਚ ਜ਼ਬਰਦਸਤ ਲਾਮਬੰਦੀ ਕਰ ਰਹੇ ਸਨ। ਜੀਵਨ ਅਤੇ ਮੌਤ ਦੇ ਅਰਥ ਸਮਝਾ ਰਹੇ ਸਨ। ਬੇ ਗੈਰਤ ਜੀਵਨ ਨਾਲੋਂ ਸ਼ਾਨ ਵਾਲੀ ਮੌਤ ਕਿਤੇ ਉੱਤਮ ਹੋਇਆ ਕਰਦੀ ਹੈ। ਜਿਸਨੂੰ ਇਹ ਲੋਕ ਜੀਵਨ ਮੰਨੀ ਬੈਠੇ ਸਨ,**

**ਉਹ ਪਸ਼ੂਆਂ ਨਾਲੋਂ ਭੀ ਬਦਤਰ ਜੂਨ ਸੀ ਅਖੌਤੀ ''ਚੌਰਾਸੀ ਲੱਖ ਵਿਚੋਂ ਇਕ ਜੂਨ'' ਤੇ ਬਸ।**

ਆਸਾਮ ਬੰਗਾਲ ਦੇ ਇਨਕਲਾਬੀ ਦੌਰੇ ਸਮੇਂ ਹੀ (ਗੁਰੂ) ਤੇਗ ਬਹਾਦਰ ਜੀ ਨੂੰ ਖ਼ਬਰ ਮਿਲੀ ਕਿ ਸਤਵੇਂ ਪਾਤਿਸ਼ਾਹ ਗੁਰੂ ਹਰਿਰਾਇ ਸਾਹਿਬ ਜੀ ਅਚਨਚੇਤੀ ਭਰ ਜੁਆਨੀ ਦੀ ਉਮਰ ਵਿਚ (31 ਸਾਲ) ਜੋਤੀ ਜੋਤਿ ਸਮਾ ਗਏ ਹਨ। ਗੁਰਗੱਦੀ ਦੀ ਸੇਵਾ ਗੁਰੂ ਹਰਿਕਿਸ਼ਨ ਸਾਹਿਬ ਜੀ ਨੂੰ ਸੌਂਪ ਗਏ ਹਨ। ਇਹ ਖ਼ਬਰ ਉਹਨਾਂ ਤੱਕ ਬਹੁਤ ਦੇਰ ਮਗਰੋਂ ਪਹੁੰਚੀ। ਕਿਉਂਕਿ ਉਹਨਾਂ ਦਿਨਾਂ ਵਿਚ ਅੱਜ ਵਰਗਾ ਕੋਈ ਡਾਕ ਦਾ ਪ੍ਰਬੰਧ ਨਹੀਂ ਸੀ। ਨਾਲੇ ਪਿੱਛੇ ਪਰਵਾਰ ਵਾਲਿਆਂ ਨੂੰ ਇਹ ਖ਼ਬਰ ਭੀ ਨਹੀਂ ਹੁੰਦੀ ਸੀ ਕਿ ਸੰਬੰਧਤ ਵਿਅਕਤੀ ਕਿਸ ਥਾਂ, ਕਿਸ ਇਲਾਕੇ ਵਿਚ ਟਿਕਿਆ ਹੋਇਆ ਹੈ। ਜੋ ਚਿੱਠੀ ਲੈ ਕੇ ਕੋਈ ਸੇਵਕ (ਗੁਰੂ) ਤੇਗ ਬਹਾਦਰ ਵੱਲ ਭੇਜਿਆ ਗਿਆ ਸੀ ਉਹ ਪਤਾ ਨਹੀਂ ਕਿੰਨੀਆਂ ਮੁਸ਼ਕਲਾਂ ਤੋਂ ਬਾਦ ਸੰਨ 1663 ਵਿਚ ਮਿਲ ਸਕਿਆ। ਸਾਰੀ ਖ਼ਬਰ ਮਿਲਣ ਤੋਂ ਬਾਅਦ, ਸੰਬੰਧਤ ਇਲਾਕਿਆਂ ਦਾ ਕੰਮ ਮੁਖੀ ਸਿੱਖਾਂ ਨੂੰ ਸੌਂਪ ਕੇ, ਵਾਪਿਸ ਪੰਜਾਬ ਵੱਲ ਨੂੰ ਚੱਲ ਪਏ। ਤਾਂ ਕਿ ਨਵੇਂ ਹਾਲਾਤ ਦਾ ਜ਼ਾਇਜਾ ਲਿਆ ਜਾ ਸਕੇ। ਪੰਜਾਬ ਤੋਂ ਬਾਹਰ ਵਰਤ ਰਹੇ ਵਰਤਾਰੇ ਤੋਂ ਸਤਿਗੁਰੂ ਜੀ ਨੂੰ ਜਾਣੂ ਕਰਵਾਇਆ ਜਾ ਸਕੇ। ਲੋੜ ਪੈਣ ਤੇ ਨਵੀਂ ਰਣਨੀਤੀ ਘੜੀ ਜਾ ਸਕੇ।

(ਗੁਰੂ) ਤੇਗ ਬਹਾਦਰ ਜੀ ਮੰਜਿਲਾ ਤੈਹ ਕਰਦੇ ਅੱਧ ਮਾਰਚ 1664 ਵਿਚ, ਦਿੱਲੀ ਆਣ ਪੁੱਜੇ। ਇਥੇ ਆਕੇ ਉਹਨਾਂ ਨੂੰ ਖ਼ਬਰ ਮਿਲੀ ਕਿ ਗੁਰੂ ਹਰਿਕਿਸ਼ਨ ਸਾਹਿਬ ਔਰੰਗਜ਼ੇਬ ਦੇ ਸੱਦੇ ਤੇ ਦਿੱਲੀ ਆਏ ਹੋਏ ਹਨ। ਥੋੜਾ ਆਰਾਮ ਕਰਨ ਤੋਂ ਬਾਅਦ (ਗੁਰੂ) ਤੇਗ ਬਹਾਦਰ ਜੀ, ਰਾਜਾ ਰਾਮ ਸਿੰਘ ਦੇ ਬੰਗਲੇ ਸੰਨ 1664 ਮਾਰਚ ਮਹੀਨੇ ਦੀ ਇੱਕੀ ਤਰੀਕ ਨੂੰ ਮਿਲੇ । ਮੁਖੀ ਸਿੱਖਾਂ ਅਤੇ ਸਤਿਗੁਰੂ ਜੀ ਨੂੰ ਸਾਰੀ ਜਾਣਕਾਰੀ ਦਿੱਤੀ। ਇੱਧਰ ਔਰੰਗਜ਼ੇਬ ਦੇ ਵਤੀਰੇ ਬਾਰੇ ਜਾਣਕਾਰੀ ਲਈ। ਔਰੰਗਜ਼ੇਬ ਨੇ ਗੁਰੂ ਹਰਿਕਿਸ਼ਨ ਜੀ ਨੂੰ ਜਦੋਂ ਆਪਣੇ ਦਰਬਾਰ ਵਿਚ ਮਿਲਣ ਵਾਸਤੇ ਸੱਦਿਆ ਸੀ। ਉਸ ਵਕਤ ਭਾਵੇਂ ਵਿਖਾਵੇ ਲਈ ਉਸਨੇ ਗੁਰੂ ਜੀ ਦਾ ਬਹੁਤ ਸਤਿਕਾਰ ਕੀਤਾ ਸੀ। ਪਰ ਉਸ ਦਰਬਾਰ ਵਿਚ ਜੋ ਫਲਾਂ ਦਾ ਰਸ, ਸਤਿਗੁਰੂ ਜੀ ਨੂੰ ਪਿਲਾਇਆ ਗਿਆ ਸੀ, ਉਸ ਵਿਚ ਕੋਈ ਮਾਰੂ ਜ਼ਹਿਰ ਮਿਲਾਇਆ ਗਿਆ ਸੀ। ਉਸੇ ਸਮੇ ਂ ਤੋਂ ਸਤਿਗੁਰੂ ਜੀ ਦੀ ਸਿਹਤ ਕਮਜ਼ੋਰ ਪੈਣੀ ਸ਼ੁਰੂ ਹੋ ਗਈ ਸੀ। ਇਸੇ ਅਵਸਥਾ ਵਿਚ (ਗੁਰੂ) ਤੇਗਬਹਾਦਰ ਜੀ ਉਹਨਾਂ ਨੂੰ ਮਿਲੇ ਸਨ। ਪੰਥਕ ਹਾਲਾਤ ਬਾਰੇ ਜ਼ਰੂਰੀ ਵਿਚਾਰਾਂ ਕੀਤੀਆਂ। ਗੁਰਸਿੱਖਾਂ ਤੋਂ ਸਾਰੇ ਘਟਨਾ ਕਰਮ ਬਾਰੇ ਜਾਣਕਾਰੀ ਹਾਸਿਲ ਕੀਤੀ। ਸਤਵੇਂ ਪਾਤਿਸ਼ਾਹ ਬਾਰੇ ਜੋ ਦੁਖ ਸਾਝਾਂ ਕਰਨ ਆਏ ਸੀ। ਅਗੋਂ ਹੋਰ ਭੀ ਗੰਭੀਰ ਮਸਲਾ ਸਨਮੁੱਖ ਆਣ ਖਲੋਤਾ ਸੀ। **ਮਾਰਚ 24 ਸੰਨ 1664 ਨੂੰ ਆਪਣਾ ਸਰੀਰਕ ਸਮਾਂ ਪੁੱਗਿਆ ਜਾਣਕੇ ਅਠੱਵੇਂ ਗੁਰਾਂ ਨੇ (ਗੁਰੂ)**

**ਤੇਗ ਬਹਾਦਰ ਨੂੰ ਆਪਣੇ ਮਨ ਦੀ ਗੱਲ ਕਹਿ ਦਿੱਤੀ। ''ਤੁਸੀਂ ਸਿੱਧੇ ਬਕਾਲੇ ਚਲੇ ਜਾਓ, ਮੇਰਾ ਅੰਤਮ ਸਮਾਂ ਬਹੁਤ ਨੇੜੇ ਆ ਗਿਆ ਹੈ। ਮੈਥੋਂ ਮਗਰੋਂ ਗੁਰੂ ਨਾਨਕ ਦੀ ਇਸ ਮਹਾਨ ਪਦਵੀ ਦੇ ਤੁਸੀਂ ਅਧਿਕਾਰੀ ਹੋਵੋਗੇ। ਗੁਰਸਿੱਖ ਸੰਗਤਾਂ ਦਿੱਲੀ ਤੋਂ ਵਾਪਸ ਪਰਤ ਕੇ ਤੁਹਾਨੂੰ ਗੁਰਗੱਦੀ ਤੇ ਬਿਰਾਜਮਾਨ ਕਰਵਾ ਦੇਣਗੀਆਂ। ਸ਼ਾਇਦ ਆਪਣੀ ਇਹ ਆਖਰੀ ਮੁਲਾਕਾਤ ਹੋਵੇਗੀ''।**

ਹੁਕਮ ਮੰਨ ਕੇ (ਗੁਰੂ)ਤੇਗ ਬਹਾਦਰ ਕੁਝ ਸੰਗੀਆਂ ਸਮੇਤ, ਬਕਾਲੇ ਵਲ ਟੁਰ ਪਏ। ਇਧਰ 30 ਮਾਰਚ, 1664 ਨੂੰ ਗੁਰੂ ਹਰਿਕਿਸ਼ਨ ਜੀ ਨੇ ਸਰੀਰ ਤਿਆਗ ਦਿੱਤਾ। ਸਿੱਖਾਂ ਵਾਸਤੇ ਅਸਹਿ ਸਦਮਾ ਸੀ। ਅਕਾਲ ਪੁਰਖ ਦਾ ਭਾਣਾ ਜਾਣ ਕੇ ਸਵੀਕਾਰ ਕਰਨਾ ਹੀ ਪੈਣਾ ਸੀ। ਗੁਰੂ ਜੀ ਦੇ ਸਰੀਰ ਨੂੰ ਅੰਤਮ ਦਰਸ਼ਨਾਂ ਲਈ ਟਿਕਾਇਆ ਗਿਆ। ਜਿੱਥੋਂ ਕਿੱਥੋਂ ਪਤਾ ਲਗਦਾ ਗਿਆ, ਗੁਰੂ ਘਰ ਦੇ ਸ਼ਰਧਾਲੂ ਵਹੀਰਾਂ ਘੱਤ ਕੇ ਆਉਣ ਲੱਗੇ। ਇਸ ਤਰ੍ਹਾਂ ਸਾਰੀਆਂ ਅੰਤਮ ਰਸਮਾਂ ਨਿਭਾਉਦਿਆਂ, ਦੁਖ ਸੁਖ ਸਾਂਝੇ ਕਰਦਿਆਂ, ਕਈ ਦਿਨ ਬਤੀਤ ਹੋ ਗਏ। ਉਪ੍ਰੰਤ ਸਾਰਾ ਵਹੀਰ, ਜਿਸ ਵਿਚ ਬੀਬੀਆਂ ਬੱਚੇ ਤੇ ਬਜ਼ੁਰਗ ਭੀ ਸ਼ਾਮਲ ਸਨ, ਮੰਜ਼ਲਾਂ ਮਾਰਦਾ ਕਈ ਥਾਈਂ ਪੜਾਅ ਕਰਦਾ, ਬਕਾਲੇ ਪੁੱਜ ਗਿਆ। ਸਾਰੇ ਮੁਖੀ ਸਿੱਖਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਵਿਚਾਰ ਕਰਕੇ, 11-08-1664 ਗੁਰਗੱਦੀ ਦੀ ਰਸਮ ਅਦਾ ਕਰਨ ਵਾਸਤੇ, ਦੂਰ ਨੇੜੇ ਦੇ ਸੇ ਵਕਾਂ ਅਤੇ ਮਸੰਦਾਂ ਵੱਲ ਖਤ ਲਿਖ ਦਿੱਤੇ ਗਏ। ਤਾਂ ਕਿ ਇਸ ਦਿਨ ਸਾਰੇ ਹੁੰਮ ਹੁੰਮਾ ਕੇ ਪੁੱਜਣ, ਸਤਿਗੁਰੂ ਜੀ ਨੂੰ ਭੇਟਾਵਾਂ ਅਰਪਣ ਕਰਨ। ਸਰਬੱਤ ਖਾਲਸਾ ਰੂਪੀ ਵੱਡੇ ਇਕੱਠ ਵਿਚ ਦਰਪੇਸ਼ ਮਸਲਿਆਂ ਤੇ ਵਿਚਾਰਾਂ ਕੀਤੀਆਂ ਜਾ ਸਕਣ, ਨਾਲ ਹੀ ਨਵੇਂ ਨਿਯੁਕਤ ਕੀਤੇ ਸਤਿਗੁਰੂ ਤੋਂ ਭਵਿੱਖ ਵਾਸਤੇ ਦਿਸ਼ਾ ਨਿਰਦੇਸ਼ ਪ੍ਰਾਪਤ ਕਰ ਸਕਣ।

ਪ੍ਰਚਲੱਤ ਸਾਖੀਆਂ ਮੁਤਾਬਕ **''ਬਕਾਲੇ ਵਿਚ ਬਾਈ ਮੰਜੀਦਾਰ ਗੱਦੀਆਂ ਲਾ ਕੇ ਬੈਠ ਗਏ, ਤੇ ਗੁਰੂ ਹੋਣ ਦਾ ਝੂਠਾ ਦਾਅਵਾ ਕਰਨ ਲੱਗੇ''।** ਅੱਜ ਤੱਕ ਕੋਈ ਭੀ ਇਤਿਹਾਸਕਾਰ ਇਹਨਾਂ ਬਾਈ ਪਾਖੰਡੀਆਂ ਦੇ ਨਾਮ ਨਹੀਂ ਗਿਣਾ ਸਕਿਆ। ਹੋਰ ਤੇ ਹੋਰ ਭਾਈ ਸੰਤੋਖ ਸਿੰਘ (ਸੂਰਜ ਪ੍ਰਕਾਸ਼) ਭੀ ਸਾਰਿਆਂ ਦੇ ਨਾਮ ਨਹੀਂ ਲਿਖ ਸਕਿਆ। ਜਦੋਂ ਕਿ ਬਾਈ ਵਿਅਕਤੀ ਗੁਰੂ ਕੇ ਪ੍ਰਵਾਰ ਵਿਚ ਗੱਦੀ ਦੀ ਦਾਅਵੇਦਾਰੀ ਵਾਸਤੇ ਲਭਦੇ ਹੀ ਨਹੀਂ। ਹਾਂ ਕੁਝ ਕੁ ਖ਼ੁਦਗਰਜ਼ ਲੋਕ ਸਮੇਂ ਦੀ ਨਜ਼ਾਕਤ ਦਾ ਫਾਇਦਾ ਉਠਾਉਣ ਦੀ ਤਾਕ ਵਿਚ ਜ਼ਰੂਰ ਰਹਿੰਦੇ ਹਨ। ਇਸ ਮਨਸਾ ਨਾਲ ਕਿ ਚੰਗੀ ਚੋਖੀ ਮਾਇਆ ਆ ਰਹੀ ਹੈ, ਨਾਲੇ ਲੋਕੀਂ ਝੁਕ-ਝੁਕ ਨਮਸਕਾਰਾਂ ਕਰਦੇ ਹਨ। ਫਿਰ ਕਿਉਂ ਨਾ ਗੁਰੂ ਹੋਣ ਦਾ ਢੋਲ ਉੱਚੀ- ਉੱਚੀ ਵਜਾ ਦੇਈਏ । **ਭਾਵੇਂ ਕਿ ਅਜਿਹੇ ਕੱਚੇ ਪਿੱਲੇ ਅਖੌਤੀ ਗੁਰੂ ਤੇ ਸਾਧ ਸੰਤ, ਸਮਾਜ ਨੂੰ ਜੋਕਾਂ ਬਣਕੇ ਅੱਜ ਵੀ ਚਿੰਬੜੇ ਹੋਏ ਖੂਨ ਪੀ ਰਹੇ ਹਨ। ਪਹਿਲਾਂ ਭੀ ਅਜਿਹੇ ਲੋਕਾਂ ਦੀ ਕੋਈ ਕਮੀ ਨਹੀਂ ਸੀ।**

**ਅੱਜ ਭੀ ਥੋਕ ਵਿਚ ਦੰਭੀ ਪਾਖੰਡੀ, ਸੰਤ ਬ੍ਰਹਮ ਗਿਆਨੀ ਤੇ ਅਖੌਤੀ ਗੁਰੂ, ਝੋਲੀਆਂ ਅੱਡ ਕੇ ਭੀਖ ਮੰਗਦੇ ਚੇਲਿਆਂ ਨੂੰ ਲੁੱਟਕੇ ਖਾਂਦੇ, ਆਮ ਹੀ ਵੇਖੇ ਜਾ ਸਕਦੇ ਹਨ।** ਬਕਾਲੇ ਵਿਚ ਬਾਈ ਪਾਖੰਡੀਆਂ ਵੱਲੋਂ ਗੁਰੂ ਹੋਣ ਦਾ ਐਲਾਨ ਕਿਸੇ ਭੀ ਦਲੀਲ ਤੇ ਖਰਾ ਨਹੀਂ ਉਤਰਦਾ। ਜੋ ਵਿਅਕਤੀ ਗੁਰੂ ਸਾਹਿਬ ਜੀ ਦਾ ਨਜ਼ਰੇਕਰਮ ਹੁੰਦਾ ਸੀ, ਉਸ ਬਾਰੇ ਪਹਿਲਾਂ ਹੀ ਸਿੱਖਾਂ ਨੂੰ ਪਤਾ ਲੱਗ ਜਾਂਦਾ ਸੀ। ਸਤਿਗੁਰੂ ਕਿਸ ਨੂੰ ਜ਼ਿਆਦਾ ਜ਼ਿੰਮੇਵਾਰੀ ਦੇ ਕੰਮ ਸੰਭਾਲ ਰਹੇ ਹਨ। ਸੇਵਾ ਵਿਚ ਵੱਧ ਸਮਾਂ ਕੌਣ ਹਾਜ਼ਰ ਰਹਿੰਦਾ ਹੈ। ਵਿਦਵਤਾ ਜਾਂ ਗਿਆਨ ਕਿਸਨੇ ਵਧੀਕ ਹਾਸਲ ਕੀਤਾ ਹੈ। ਹਉਮੈ ਹੰਕਾਰ ਤੋਂ ਰਹਿਤ, ਮਿਠਬੋਲੜਾ ਵਿਕਾਰਾਂ ਤੋਂ ਦੂਰ ਤੇ ਰੱਬੀ ਗੁਣਾਂ ਨਾਲ ਭਰਪੂਰ ਕੌਣ ਹੈ, ਇਹ ਗੱਲਾਂ ਛੁਪੀਆਂ ਨਹੀਂ ਰਹਿ ਸਕਦੀਆਂ। ਜਿਨ੍ਹਾਂ ਬਾਈ ਦੰਭੀ ਗੁਰੂਆਂ ਦਾ ਲਿਖਤਾਂ ਵਿਚ ਜਾਂ ਸਿੱਖ ਸਟੇਜਾਂ ਤੇ ਬਾਰ-ਬਾਰੇ ਜ਼ਿਕਰ ਕੀਤਾ ਜਾ ਰਿਹਾ ਹੈ, ਉਹਨਾ ਦਾ ਕੋਈ ਨਾਮ ਭੀ ਨਾ ਜਾਣਦਾ ਹੋਵੇ? ਹੈ ਨਾ ਹੈਰਾਨੀ ਵਾਲੀ ਗੱਲ ? ਉਘੜਵਾਂ ਨਾਮ ਕੇਵਲ ਧੀਰਮਲ ਦਾ ਆਇਆ ਹੈ। ਧੀਰ ਮੱਲ ਨੇ ਤਾਂ ਤਾਕਤ ਦੀ ਵਰਤੋਂ ਕਰਕੇ, ਗੁਰਗੱਦੀ ਖੋਹਣ ਦਾ ਦੁਸ਼ਟਕਰਮ ਕੀਤਾ ਸੀ, ਭੁਲੇਖੇ ਵਾਲੀ ਕੋਈ ਗੁੰਜਾਇਸ਼ ਨਹੀਂ ਸੀ।

ਗੁਰ ਸਿਧਾਤਾਂ ਤੋਂ ਉਲਟ ਪ੍ਰਚਲੱਤ ਕਰ ਦਿੱਤੀ ਗਈ ਕਹਾਣੀ ਮੁਤਾਬਕ, ਭਾਈ ਮੱਖਣ ਸ਼ਾਹ ਜੀ ਦਾ ਜਹਾਜ਼ ਡੁੱਬਣ ਲੱਗਾ ਸੀ। ਉਸਨੇ ਗੁਰੂ ਨਾਨਕ ਜੋਤ ਦਾ ਧਿਆਨ ਧਰ ਕੇ, ਬੇੜਾ ਬੰਨੇ ਲਗ ਜਾਣ ਦੀ ਅਰਦਾਸ ਕੀਤੀ। ਭੇਟਾ ਵਾਸਤੇ ਸੋਨੇ ਦੀਆਂ 500 ਮੋਹਰਾਂ ਭੀ ਸੁੱਖੀਆਂ। ਬੇੜਾ ਕਿਨਾਰੇ ਲੱਗ ਗਿਆ। ਅਥਾਹ ਖੁਸ਼ੀ ਵਿਚ ਭਾਈ ਮੱਖਣ ਸ਼ਾਹ, ਮੋਹਰਾਂ ਲੈ ਕੇ ਬਕਾਲੇ ਪੁੱਜਿਆ। ਇਥੇ ਆਕੇ ਹਾਲਾਤ ਹੀ ਵਿਗੜੇ ਨਜ਼ਰ ਆਏ। ਬਾਈ ਗੁਰੂ ਥਾਉਂ ਥਾਈਂ ਮੱਥੇ ਟਿਕਾਉਣ ਲਈ ਪਸੀਨੋ ਪਸੀਨੀ ਹੋਏ ਨਜ਼ਰ ਆਏ। ਇਹਨਾਂ ਵਿਚੋਂ ਅਸਲੀ ਕੌਣ ਹੈ ? ਕਿਵੇਂ ਪਤਾ ਲੱਗੇ? ਉਸ ਨੇ ਇਕ ਤਰਤੀਬ ਲੜਾਈ। ਠੀਕ ਹੈ ਮਨਾ ! ਸਾਰੇ ਗੁਰੂਆਂ ਅੱਗੇ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕਦੇ ਚਲਦੇ ਹਾਂ, ਜੇ ਕੋਈ ਅਸਲੀ **''ਜਾਣੀ ਜਾਣ ਗੁਰੂ''** ਹੋਇਆ ਤਾਂ ਮੰਗ ਕੇ ਪੰਜ ਸੌ ਮੋਹਰਾਂ ਲੈ ਲਵੇਗਾ। ਇਸੇ ਤਰ੍ਹਾਂ ਕੀਤਾ ਗਿਆ , ਸਾਰਿਆਂ ਨੇ ਲੰਮੀਆਂ ਅਰਦਾਸਾਂ ਕੀਤੀਆਂ। ਅਸ਼ੀਰਵਾਦਾਂ ਦੇ ਕੇ ਨਿਹਾਲ ਕਰ ਦਿੱਤਾ, ਪਰ ਪੰਜ ਸੌ ਮੋਹਰਾਂ ਕਿਸੇ ਨਾ ਮੰਗੀਆਂ। ''ਕੋਈ ਹੋਰ ਗੁਰੂ ਭੀ ਹੈ ਇਥੇ ਕਿਤੇ ?'' ਮੱਖਣ ਸ਼ਾਹ ਜੀ ਨੇ ਜਾਣਕਾਰਾਂ ਤੋਂ ਪੁਛਿਆ। ''ਹਾਂ ਭਾਈ ਜੀ ! ਇਕ ਭੋਰੇ ਵਿਚ ਬੈਠਾ ਬਾਬਾ ਤੇਗਾ ਭੀ ਹੈ, ਉਸ ਨੂੰ ਸਲਾਮ ਕਰਨ ਵਿਚ ਕੋਈ ਹਰਜ਼ ਨਹੀਂ''। ਭਾਈ ਮੱਖਣ ਸ਼ਾਹ ਜੀ, ਭੋਰੇ ਵਿਚ ਅੱਪੜੇ। ਦੋ ਮੋਹਰਾਂ ਚਰਨਾਂ ਤੇ ਰੱਖੀਆ ਤੇ ਸੀਸ ਝੁਕਾ ਦਿੱਤਾ।

''ਪੁਰਖਾ ! ਬਚਨਾਂ ਤੇ ਖਰੇ ਉਤਰੀਦਾ ਹੈ, ਤੂੰ ਤਾਂ ਪੰਜ ਸੌ ਮੋਹਰਾਂ ਦੀ ਮੰਨਤ ਮੰਨੀ ਸੀ, ਦੇ ਰਿਹਾ ਹੈਂ ਕੇਵਲ ਦੋ ਮੋਹਰਾਂ ? ਤੇਰੇ ਡੁਬਦੇ ਜਹਾਜ਼ ਨੂੰ ਮੋਢਾ ਲਾ ਕੇ ਧੱਕਾ ਲਾਇਆ,

ਬਾਹਰ ਕੱਢਿਆ। ਆਹ ਵੇਖ ਤੇਰੇ ਪੁਰਾਣੇ ਜਹਾਜ਼ ਵਿਚੋਂ, ਧੱਕਾ ਲਾਉਂਦਿਆਂ ਮੇਰੇ ਮੋਢੇ ਵਿਚ ਖੁੱਭ ਗਏ ਕਿੱਲ।

ਵੇਖ ਤਾਂ ਸਹੀ ਕਿੰਨੇ ਡੂੰਘੇ ਜ਼ਖਮ ਹੋ ਗਏ ਹਨ''। ਮੱਖਣ ਸ਼ਾਹ ਚਰਨਾਂ ਤੇ ਢਹਿ ਪਿਆ, ਸਾਰੀਆਂ ਮੋਹਰਾਂ ਢੇਰੀ ਕਰ ਦਿੱਤੀਆਂ। ਵਾਹੋ ਦਾਹੀ ਛੱਤ ਤੇ ਚੜ ਗਿਆ, ਪੱਲੂ ਫੇਰਿਆ ਜ਼ੋਰਦਾਰ ਆਵਾਜ਼ ਵਿਚ ਕੂਕਿਆ - ''ਗੁਰੂ ਲਾਧੋ ਰੇ ! ਗੁਰੂ ਲਾਧੋ ਰੇ........!!'' ਭਾਈ ਜੀ ਨੇ ਇਕੱਠੇ ਹੋਏ ਲੋਕਾਂ ਨੂੰ ਸਾਰੀ ਹੋਈ ਬੀਤੀ ਸੁਣਾਈ, ਸਾਰਿਆਂ ਨੇ (ਗੁਰੂ) ਤੇਗ ਬਹਾਦਰ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਫਿਰ ਗੁਰੂ ਜੀ ਛੱਬੀ ਸਾਲਾਂ ਮਗਰੋ ਭੋਰੇ ਵਿਚੋਂ ਬਾਹਰ ਆਏ ...........। ਆਖੋ ਜੀ ਸਤਿਨਾਮ ਵਾਹਿਗੁਰੂ।''

ਪਾਠਕ ਜਨੋ ! ਇਸ ਸਾਖੀ ਨੂੰ ਇਕ ਵਾਰੀ ਫਿਰ ਨੀਝ ਨਾਲ ਪੜ੍ਹਨਾ, ਕਮਜ਼ੋਰੀਆਂ ਆਪਣੇ ਆਪ ਉਘੜ ਪੈਣਗੀਆਂ।

1. ਇਸ ਸਾਖੀ ਮੁਤਾਬਕ ਗੁਰੂ ਹਰਿਕਿਸ਼ਨ ਅਣਜਾਣ ਸਿੱਧ ਹੁੰਦੇ ਹਨ। ਭਾਵ ਕਿ ਉਹਨਾ ਨੇ ਨੌਵੇਂ ਗੁਰੂ ਦੇ ਨਾਮ ਬਾਰੇ ਸਪੱਸ਼ਟ ਐਲਾਨ ਨਹੀਂ ਕੀਤਾ, ਅਧੂਰੀ ਗੱਲ ਛੱਡ ਦਿੱਤੀ। ਸਟੇਜਾਂ ਤੇ ਇਹ ਭੀ ਟਾਹਰਾਂ ਮਾਰਨੀਆਂ ਕਿ ਗੁਰੂ ਅਭੁੱਲ ਹੈ, ਪਰ ਖੁਦ ਹੀ ਗੁਰੂ ਨੂੰ ਭੁਲੱਕੜ ਗਰਦਾਨਦੇ ਰਹਿਣਾ? ਜਦੋਂ ਕਿ ਅਸਲੀਅਤ ਇਹ ਹੈ ਕਿ 21 ਤੋਂ 24 ਮਾਰਚ 1664 ਨੂੰ ਦਿੱਲੀ ਵਿਖੇ, ਅੱਠਵੇਂ ਸਤਿਗੁਰਾਂ ਨੇ ਸਾਰਿਆਂ ਦੇ ਸਾਹਮਣੇ, ਆਪਣਾ ਫੈਸਲਾ ਸੁਣਾ ਦਿੱਤਾ ਸੀ ਕਿ ''ਮੇਰਾ ਸਮਾਂ ਪੁੱਗ ਗਿਆ ਹੈ, ਅਗੋਂ ਬਾਬਾ ਤੇਗ ਬਹਾਦਰ ਜੀ, ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਣਗੇ।'' ਇਸ ਵਕਤ ਗੁਰੂ ਪ੍ਰਵਾਰ ਹਾਜ਼ਰ ਸਨ। ਮੁਖੀ ਸਿੱਖ ਜਿਵੇਂ ਭਾਈ ਮਤੀਦਾਸ, ਭਾਈ ਸਤੀ ਦਾਸ, ਭਾਈ ਮਨੀ ਸਿੰਘ, ਭਾਈ ਉਦਾ, ਭਾਈ ਗੁਰਬਖਸ਼ ਆਦਿ। ਦਿੱਲੀ ਦੀਆਂ ਬੇਅੰਤ ਸੰਗਤਾਂ ਨੂੰ ਭੀ ਇਸ ਗੱਲ ਦਾ ਚੰਗੀ ਤਰਾਂ ਪਤਾ ਸੀ। ਭੁਲੇਖੇ ਦੀ ਗੁੰਜਾਇਸ਼ ਕੋਈ ਨਹੀਂ ਸੀ। ਅਫਸੋਸ ਕਿ ਗੁਰੂ ਜੀ ਨੂੰ ਭੁਲੱਕੜ ਬਣਾ ਦਿੱਤਾ ਗਿਆ।

ਗੁਰੂ ਨਾਨਕ ਸਾਹਿਬ ਜੀ ਨੇ ਗੁਰਗੱਦੀ ਦਾ ਕੋਈ ਭੁਲੇਖਾ ਨਹੀਂ ਰਹਿਣ ਦਿੱਤਾ। ਐਲਾਨੀਆਂ ਭਾਈ ਲਹਿਣਾ ਜੀ ਨੂੰ ਆਪਣੀ ਥਾਂ ਤੇ ਨਿਯੁਕਤ ਕੀਤਾ। ਫਿਰ ਭੀ ਸ੍ਰੀ ਚੰਦ ਨੇ ਬਖੇੜਾ ਖੜਾ ਕੀਤਾ। ਗੁਰੂ ਅੰਗਦ ਸਾਹਿਬ ਜੀ ਨੂੰ ਆਪਣਾ ਸਦਰ ਮੁਕਾਮ ਕਰਤਾਰਪੁਰ ਛੱਡ ਕੇ, ਖਡੂਰ ਆਉਣਾ ਪਿਆ। ''ਸ੍ਰੀ ਚੰਦੀਏ'' ਅੱਜ ਤਾਈਂ ਗੁਰੂ ਤੋਂ ਬਾਗੀ ਵੇਖੇ ਜਾ ਸਕਦੇ ਹਨ। ਗੁਰੂ ਅੰਗਦ ਸਾਹਿਬ ਜੀ ਦੇ ਬੇਟੇ, ਬਾਬਾ ਅਮਰਦਾਸ ਤੇ ਬਹੁਤ ਖਫਾ ਸਨ। ਚਾਹੁੰਦੇ ਸਨ ਗੱਦੀ ਪੁੱਤਰਾਂ ਨੂੰ ਹੀ ਮਿਲੇ। ਫਿਰ ਗੁਰੂ ਅਮਰਦਾਸ ਜੀ ਦੇ ਪੁੱਤਰਾਂ, ਭਾਈ ਜੇਠਾ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕੀਤਾ। ਭਾਵੇਂ ਵਕਤੀ ਤੌਰ ਤੇ ਲੋਕ ਲਾਜ ਕਾਰਨ ਇਕ ਵਾਰੀ ਨਮਸਕਾਰ ਕਰ ਦਿੱਤੀ। ਮੋਹਰੀ (ਗੁਰੂ ਅਮਰਦਾਸ ਦਾ ਇਕ ਪੁੱਤਰ) ਨੇ ਗੋਇੰਦਵਾਲ ਵਿਖੇ ਬਾਕਾਇਦਾ ਗੁਰੂ

ਹੋਣ ਦਾ ਐਲਾਨ ਕਰ ਦਿੱਤਾ ਸੀ। ਇਸ ਤਰ੍ਹਾਂ ਪਿਤਾ ਗੁਰੂ ਰਾਮਦਾਸ ਜੀ ਨਾਲ ਉਹਨਾ ਦਾ ਵੱਡਾ ਬੇਟਾ, ਪ੍ਰਿਥੀ ਚੰਦ ਗੁਰਗੱਦੀ ਖੋਹਣ ਵਾਸਤੇ ਸਦਾ ਲੜਦਾ ਰਿਹਾ। ਉਸ ਨੇ ਗੁਰੂ ਅਰਜਨ ਸਾਹਿਬ ਨੂੰ ਭੀ ਬਹੁਤ ਮੁਸ਼ਕਲਾਂ ਵਿਚ ਪਾਇਆ। ਹਾਲਾਂਕਿ ਗੱਦੀ ਦੇਣ ਦੇ ਢੰਗ ਵਿਚ ਕੋਈ ਕਮੀ ਨਹੀਂ ਸੀ। ਬਸ ਬਿਲਕੁਲ ਇਸੇ ਪ੍ਰਸੰਗ ਵਿਚ ਜਦੋਂ ਘਟਨਾਵਾਂ ਨੂੰ ਵਿਚਾਰਾਂਗੇ ਤਾਂ ਸਾਰੇ ਸ਼ੰਕੇ ਭੁਲੇਖੇ ਖਤਮ ਹੋ ਜਾਣਗੇ। ਇਹ ਸਿਰਫ ਕੁਝ ਸਮੇਂ ਦਾ ਫਜ਼ੂਲ ਵਾਵੇਲਾ ਸੀ, ਗੁੰਮਰਾਹ ਕਰਨ ਦਾ ਕੋਝਾ ਯਤਨ ਸੀ। ਪਰ ਗਿਆਨਵਾਨ ਸਿੱਖ ਹੁਣ ਗੁੰਮਰਾਹ ਹੋਣ ਵਾਲੇ ਨਹੀਂ ਸਨ।

2. ''ਭਾਈ ਮੱਖਣ ਸ਼ਾਹ ਜੀ ਨੇ ਡੁਬਦੇ ਜਹਾਜ਼ ਨੂੰ ਕਿਨਾਰੇ ਲਾਉਣ ਦੀ ਮੰਨਤ ਮੰਨੀ......''। ਗੁਰੂ ਘਰ ਦੇ ਵਿਚ ਮੰਨਤਾਂ ਮੰਨਣ ਜਾਂ ਸੁੱਖਣਾ ਦਾ ਕੋਈ ਅਸੂਲ ਪ੍ਰਵਾਨ ਨਹੀਂ ਹੈ। ਕੇਵਲ ਅਕਾਲ ਪੁਰਖ ਤੇ ਭਰੋਸਾ ਰੱਖਣਾ ਜਾਇਜ਼ ਹੈ। ਵਿਚਾਰਨ ਵਾਲੀ ਗੱਲ ਇਹ ਭੀ ਹੈ ਕਿ ਪੰਜਾਬ ਦੇ ਨੇੜੇ ਤੇੜੇ ਕਿਤੇ ਸਮੁੰਦਰ ਨਹੀਂ ਲਗਦਾ। ਦਰਿਆਵਾਂ ਵਿਚ ਸਾਧਾਰਨ ਕਿਸ਼ਤੀਆਂ ਚਲਦੀਆਂ ਸਨ, ਜਹਾਜ਼ ਨਹੀਂ। ਫਿਰ ਮੱਖਣ ਸ਼ਾਹ ਦਾ ਜਹਾਜ਼ ਕਿਹੜੇ ਸਮੁੰਦਰ ਵਿਚ ਫਸਿਆ ਸੀ? ਕੋਈ ਨਾਮ ਦੱਸਣ ਲਈ ਤਿਆਰ ਨਹੀਂ ਹੈ।

3. ਜੇ ਮੰਨ ਲਈਏ ਕਿ ਮੱਖਣ ਸ਼ਾਹ ਜੀ ਨੇ ਅਰਦਾਸ ਕਰ ਲਈ। ਪਰ ਉਸ ਦੇ ਡੁੱਬਦੇ ਜਹਾਜ਼ ਨੂੰ ਕਿਨਾਰੇ ਲਾਉਣ ਵਾਸਤੇ ਸਰੀਰਕ ਤੌਰ ਤੇ ਗੁਰੂ ਤੇਗ ਬਹਾਦਰ ਜੀ, ਬਕਾਲੇ ਤੋਂ ਅੱਖ ਦੇ ਫੋਰ ਵਿਚ ਪਹੁੰਚ ਸਕਦੇ ਹਨ? ਅਣਗਿਣਤ ਸਿੱਖ ਮੁਸ਼ਕਿਲ ਸਮੇਂ ਸਤਿਗੁਰੂ ਅਗੇ ਅਰਦਾਸਾਂ ਕਰਦੇ ਸਨ। ਸਹਾਇਤਾ ਲਈ ਦੁਹਾਈ ਦਿੰਦੇ ਸਨ। ਕੀ ਸਤਿਗੁਰੂ ਸਾਰਿਆਂ ਦੀ ਮਦਦ ਵਾਸਤੇ ਹਰ ਥਾਵੇਂ ਪਹੁੰਚ ਸਕਦੇ ਸਨ ? ਇਹ ਸੰਭਵ ਹੀ ਨਹੀਂ ਹੈ। ਅਜਿਹੀਆਂ ਹੋਰ ਭੀ ਕਈ ਕਹਾਣੀਆਂ ਪ੍ਰਚਲੱਤ ਕੀਤੀਆਂ ਹੋਈਆ ਮਿਲ ਜਾਂਦੀਆਂ ਹਨ। ਜੋ ਕੇਵਲ ਸ਼ਰਧਾ ਦਾ ਹੀ ਪ੍ਰਗਟਾਵਾ ਹਨ। ਇਸ ਕਹਾਣੀ ਮੁਤਾਬਕ ਤਾਂ ਪੰਜ ਸੌ ਮੋਹਰਾਂ ਪ੍ਰਾਪਤ ਕਰਨ ਲਈ ਗੁਰੂ ਤੇਗ ਬਹਾਦਰ ਜੀ ਨੂੰ ਆਪਣਾ ਜ਼ਖ਼ਮੀ ਹੋਇਆ ਮੋਢਾ ਭੀ ਵਿਖਾਉਣ ਪਿਆ। ਤਾਂ ਕਿ ਭਾਈ ਮੱਖਣ ਸ਼ਾਹ ਨੂੰ ਵਿਸ਼ਵਾਸ ਆ ਜਾਵੇ।

4. ਜਦੋਂ ਭਾਈ ਮੱਖਣ ਸ਼ਾਹ ਨੂੰ ਵਿਸ਼ਵਾਸ ਹੋ ਗਿਆ ਕਿ ਇਹੀ ਅਸਲੀ ਗੁਰੂ ਹੈ ਤਦ ਉਹ ਛੱਤ ਤੇ ਚੜ੍ਹ ਗਿਆ। ''ਗੁਰੂ ਲਾਧੋ ਰੇ.......'' ਦਾ ਹੋਕਾ ਦਿੱਤਾ। ਸੋਚਣਾ ਬਣਦਾ ਹੈ ਕਿ ਭਾਈ ਮੱਖਣ ਸ਼ਾਹ ਨੇ ਅੰਦਰ ਵੜਕੇ ਇਕੱਲੇ ਨੇ ਤਸੱਲੀ ਕਰ ਲਈ ਕਿ ਐਹੋ ਅਸਲੀ ਗੁਰੂ ਹੈ। ਪਰ ਦੂਜੇ ਸਿੱਖਾਂ ਦੀ ਕੀ ਮਜਬੂਰੀ ਸੀ ਕਿ ਇਕ ਓਪਰੇ ਵਿਅਕਤੀ ਦੀ ਆਖੀ ਗਲ ਤੇ ਬਿਨਾਂ ਪਰਖ ਤੋਂ ਯਕੀਨ ਕਰਨ? ਮੱਖਣ ਸ਼ਾਹ ਗਲਤ ਬਿਆਨ ਭੀ ਕਰ ਸਕਦਾ ਸੀ। ਹੋ ਸਕਦਾ ਸੀ ਕੋਈ ਪਾਖੰਡੀ ਗੁਰੂ ਲਾਲਚ ਦੇ ਕੇ ਐਵੇਂ ਹੋਕਾ ਦੁਆ ਦਿੰਦਾ ?

5. ਦਿੱਲੀ ਤੋਂ ਆਇਆ ਸਿੱਖਾਂ ਦਾ ਵੱਡਾ ਕਾਫਲਾ ਮੌਜੂਦ ਸੀ, ਉਹਨਾਂ ਦੇ ਹੁੰਦਿਆਂ

ਕਿਸੇ ਪਾਖੰਡੀ ਗੁਰੂ ਦੀ ਇਹ ਕਿਵੇਂ ਹਿੰਮਤ ਪੈ ਗਈ ਕਿ ਆਪਣੇ ਆਪ ਨੂੰ ਨੌਵਾਂ ਗੁਰੂ ਐਲਾਨ ਕਰੇ? ਮੋਹਤਬਰ ਸਿੱਖ ਆ ਕੇ ਦੱਸ ਨਹੀਂ ਸਕਦੇ ਸਨ, ਕਿ ਭਾਈ ਗੁਰਸਿੱਖੋ, ਸਾਡੇ ਸਾਹਮਣੇ ਸਾਰੀ ਗੱਲਬਾਤ ਹੋਈ ਹੈ। ਗੁਰੂ ਹਰਿਕਿਸ਼ਨ ਜੀ ਨੇ ਨੌਵੇਂ ਥਾਂ ਗੁਰੂ ਤੇਗ ਬਹਾਦਰ ਜੀ ਨੂੰ ਚੁਣਿਆ ਹੈ। ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ। ਅਸੀਂ ਸਾਰੇ ਤੇ ਪ੍ਰਵਾਰ ਦੇ ਮੈਂਬਰ ਚਸ਼ਮਦੀਦ ਗਵਾਹ ਹਾਂ।

6. ਇਸ ਕਹਾਣੀ ਮੁਤਾਬਕ ਤਾਂ ਗੁਰੂ ਹਰਿਕਿਸ਼ਨ ਜੀ ਤੋਂ ਭੀ ਗਲਤੀ ਹੋ ਗਈ। ਉਹਨਾਂ ਨੇ ਅਧੂਰੀ ਗੱਲ ਕਹਿ ਕੇ ਸੰਗਤਾਂ ਨੂੰ ਦੁਬਧਾ ਵਿਚ ਪਾ ਦਿੱਤਾ। ''ਬਾਬਾ ਬਕਾਲੇ.....'' ਇਸ ਦਾ ਮਤਲਬ ਭਾਈ ਮੱਖਣ ਸ਼ਾਹ ਸਿਆਣਾ ਨਿਕਲਿਆ। ਅੱਠਵੇਂ ਪਾਤਿਸ਼ਾਹ ਤੋਂ ਹੋਈ ''ਗਲਤੀ'' ਨੂੰ ਮੱਖਣ ਸ਼ਾਹ ਜੀ ਨੇ ਦਰੁਸਤ ਕੀਤਾ। ਵਾਹ ਮੇਰੀ ਕੌਮ ਦੇ ਪਰਚਾਰਕੋ ਵਾਹ।

7. ਹੋਰ ਸਾਰੇ ਸਿੱਖ ਭੀ ਬੇ ਇਤਬਾਰੇ ਸਾਬਤ ਹੋ ਗਏ, ਕਿਸੇ ਤੇ ਬਕਾਲਾ ਨਿਵਾਸੀਆਂ ਨੇ ਯਕੀਨ ਨਾ ਕੀਤਾ। ਬਾਈ ਗੁਰੂ ਆਪੋ ਆਪਣੀ ਥਾਵੇਂ ਗੱਦੀਆਂ ਲਾ ਕੇ ਬੈਠੇ ਰਹੇ। ਭਾਈ ਮਤੀ ਦਾਸ, ਭਾਈ ਸਤੀ ਦਾਸ ਆਦਿ ਦੀ ਗਲ ਕਿਸੇ ਨਾ ਸੁਣੀ। ਮੱਖਣ ਸ਼ਾਹ ਦੀ ਆਖੀ ''ਗੁਰੂ ਲਾਧੋ ਰੇ'' ਸਾਰਿਆਂ ਝਟਪਟ ਪਰਵਾਨ ਕਰ ਲਈ? ਕੀ ਇਸਨੂੰ ਇਤਿਹਾਸ ਮੰਨ ਲਈਏ?

8. ਗੁਰੂ ਤੇਗ ਬਹਾਦਰ ਅਸਾਮ ਬੰਗਾਲ ਦੇ ਧਰਮ ਪ੍ਰਚਾਰ ਦੌਰੇ ਤੇ ਇਕੱਲੇ ਨਹੀਂ ਸਨ। ਉਹਨਾਂ ਨਾਲ ਪ੍ਰਵਾਰ ਸੀ, ਗੁਰਸਿੱਖਾਂ ਦਾ ਵੱਡਾ ਕਾਫਲਾ ਸੀ। ਉਹਨਾਂ ਵਿਚੋਂ ਕਿਸੇ ਨੇ ਨਾ ਦੱਸਿਆ ਕਿ ਐਹ ਜੋ ਬਾਈ ਮੰਜੀਦਾਰ ਹਨ, ਇਹ ਪਾਖੰਡੀ ਸਾਧ ਹਨ। ਇਹਨਾਂ ਵਿਚੋਂ ਗੁਰੂ ਕੋਈ ਨਹੀਂ ਹੈ। ਗੁਰੂ ਤੇਗ ਬਹਾਦਰ ਜੀ ਨੂੰ ਗੁਰੂ ਥਾਪਿਆ ਗਿਆ ਹੈ। ਅਸਲ ਗੱਲ ਦਾ ਜ਼ਿਕਰ ਉਤੇ ਆ ਚੁੱਕਿਆ ਹੈ ਕਿ ਲੱਭਣ ਦੀ ਲੋੜ ਤਾ ਪੈਂਦੀ, ਅਗਰ ਗੁਰੂ ਗੁਆਚਿਆ ਹੁੰਦਾ। ਭੋਰੇ ਵਿਚ ਲੁਕਿਆ ਹੁੰਦਾ। ਉਹ ਤਾਂ ਕਥਿਤ ਭੋਰੇ ਵਿਚ ਵੜਕੇ ਵਕਤ ਅਤੇ ਸਰੀਰ ਦਾ ਨਾਸ਼ ਮਾਰਨ ਦੀ ਥਾਵੇਂ ਮਨੁੱਖਤਾ ਦੀ ਸੇਵਾ ਲਈ ਦੂਰ ਪੂਰਬ ਦੇ ਦੌਰੇ ਤੇ ਸਨ, ਸਬੂਤ ਮੌਜੂਦ ਹਨ। ਜਦੋਂ ਇਹ ਇੱਕੋ-ਇੱਕ ਚਾਬੀ ਹੱਥ ਵਿਚ ਆ ਜਾਵੇ ਕਿ ਗੁਰੂ ਤੇਗਬਹਾਦਰ ਜੀ ਨੇ ਛੱਬੀ ਸਾਲ ਤਾਂ ਕੀ ਆਪਣੇ ਜੀਵਨ ਦੀ ਇਕ ਘੜੀ ਭੀ ਅਜਾਈ ਨਹੀਂ ਗੁਆਈ। ਉਹ ਮਨੁੱਖਤਾ ਦੇ ਕਲਿਆਣ ਲਈ ਦਿਨ ਰਾਤ ਯਤਨਸ਼ੀਲ ਰਹਿੰਦੇ ਸਨ। ਫਿਰ ''ਬਾਬਾ ਬਕਾਲੇ'' ਵਾਲੀ ਅਧੂਰੀ ਪੰਕਤੀ ਗੁਰੂ ਹਰਿਕਿਸ਼ਨ ਜੀ ਤੋਂ ਅਖਵਾ ਕੇ, ਉਹਨਾਂ ਨੂੰ ਭੁੱਲਾਂ ਕਰਨ ਵਾਲਾ ਨਹੀਂ ਬਣਾਉਣਾ ਪਵੇਗਾ। ਫਿਰ ਨਾਲ ਦਿੱਲੀ ਗਈ ਸੰਗਤ ਨੂੰ ਭੀ ਬੇ-ਇਤਬਾਰੀ ਨਹੀਂ ਬਣਾਉਣਾ ਪਵੇਗਾ। ਫਿਰ ਮੱਖਣ ਸ਼ਾਹ ਦੀ ਅਰਦਾਸ ਤੇ ਮੋਹਰਾਂ ਰੱਖ ਕੇ ਗੁਰੂ ਦੀ ਪਰਖ ਕਰਨ ਦੀ ਕੁਰਖ਼ਤ ਬੀਮਾਰੀ ਭੀ ਗਲੋਂ ਲੱਥ ਜਾਵੇਗੀ। ਭਾਈ ਮੱਖਣ ਸ਼ਾਹ ਦਾ ਜਹਾਜ਼ ਭੀ ਡੁਬੱਣੋਂ ਬਚ ਜਾਵੇਗਾ। ਗੁਰੂ ਤੇਗ ਬਹਾਦਰ ਜੀ ਦੇ ਮੋਢਿਆਂ ਤੇ ਜ਼ਖ਼ਮ ਭੀ ਨਹੀਂ ਹੋਣਗੇ। ਗੁਰੂ ਜੀ ਨੂੰ

ਆਪਣੇ ਵਾਲੀਆਂ ਪੰਜ ਸੌ ਮੋਹਰਾਂ ਦੀ ਮੰਗ ਭੀ ਨਹੀਂ ਕਰਨੀ ਪਵੇਗੀ। ਸਿਰਫ ਉਹਨਾਂ ਸਬੂਤਾਂ ਨੂੰ ਗਹਿਰਾਈ ਨਾਲ ਪੜ੍ਹ ਵਿਚਾਰ ਲਈਏ, ਜਿਥੋਂ ਇਹ ਨਿਸ਼ਚਾ ਬਝਦਾ ਹੈ ਕਿ ਗੁਰਬਾਣੀ ਦੀ ਵਿਚਾਰਧਾਰਾ ਤੋਂ ਵਿਰੁੱਧ ਜਾਕੇ, ਗੁਰੂ ਤੇਗ ਬਹਾਦਰ ਜੀ ਨੂੰ ਭਗਤੀ ਤਪੱਸਿਆ ਕਰਨ ਦੀ ਕੋਈ ਜ਼ਰੂਰਤ ਹੀ ਨਹੀਂ ਸੀ। ਗੁਰਵਾਰ ਹਨ-

**ਸੋ ਜਪੁ ਸੋ ਤਪੁ ਜਿ ਸਤਿਗੁਰ ਭਾਵੈ।। ਸਤਿਗੁਰ ਕੈ ਭਾਣੈ ਵਡਿਆਈ ਪਾਵੈ।।**
**ਨਾਨਕ ਆਪੁ ਛੋਡਿ ਗੁਰ ਮਾਹਿ ਸਮਾਵੈ।। (509)**

ਹੋਰ:-

**ਜਪ ਤਪ ਸੰਜਮ ਕਰਮ ਨ ਜਾਨਾ, ਨਾਮੁ ਜਪੀ ਪ੍ਰਭ ਤੇਰਾ।।**
**ਗੁਰੁ ਪਰਮੇਸਰੁ ਨਾਨਕ ਭੇਟਿਓ, ਸਾਚੈ ਸਬਦਿ ਨਿਬੇਰਾ।।(ਪੰਨਾ - 878)**

ਉਹ ਸੁਲੱਖਣੀ ਘੜੀ ਆ ਗਈ ਜਦੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਗੁਰਗੱਦੀ ਤੇ ਬਿਰਾਜਮਾਨ ਹੋਏ ਵੇਖਣ ਲਈ, ਉਪਦੇਸ਼ ਸੁਣਨ ਲਈ ਬਹੁਤ ਵੱਡੀ ਗਿਣਤੀ ਵਿਚ, ਸਿੱਖ ਸੰਗਤਾਂ ਆਣ ਪਹੁੰਚੀਆਂ। 11 ਅਗਸਤ, 1664 ਵਾਲੇ ਦਿਨ, ਬਕਾਲਾ ਵਿਖੇ ਗੁਰੂ ਤੇਗਬਹਾਦਰ ਜੀ ਨੂੰ ਸਾਰਿਆਂ ਨੇ ਬਿਨਾਂ ਸ਼ੰਕਾਂ, ਗੁਰੂ ਸਵੀਕਾਰ ਕੀਤਾ, ਨਮਸਕਾਰਾਂ ਕੀਤੀਆਂ, ਆਦੇਸ਼ ਪ੍ਰਾਪਤ ਕੀਤੇ। ਬਸ ਗਿਣਤੀ ਦੇ ਈਰਖਾਲੂ ਵਿਅਕਤੀ ਸਨ ਜੋ ਔਰੰਗਜੇਬ ਤੋਂ ਭਾਰੀ ਰਕਮਾਂ ਲੈ ਕੇ, ਗੁਰੂ ਨਾਨਕ ਸਾਹਿਬ ਵੱਲੋਂ ਸ਼ੁਰੂ ਕੀਤੇ ਹੋਏ ਇਨਕਲਾਬ ਨੂੰ ਫੇਹਲ ਕਰਨਾ ਚਾਹੁੰਦੇ ਸਨ। ਇਹਨਾ ਵਿਚੋਂ ਪ੍ਰਮੁਖ ਸੀ ਧੀਰ ਮੱਲ। ਇਹ ਗੁਰੂ ਹਰਿਗੋਬਿੰਦ ਸਾਹਿਬ ਦੇ ਬੇਟੇ ਗੁਰਦਿੱਤਾ ਜੀ ਦਾ ਪੁੱਤਰ ਸੀ। ਇਸ ਦਾ ਜਨਮ 1627 ਵਿਚ ਹੋਇਆ ਸੀ। ਜਦੋਂ ਗੁਰੂ ਹਰਿਰਾਇ ਜੀ ਨੂੰ ਗੁਰਗੱਦੀ ਦੀ ਸੇਵਾ ਮਿਲੀ, ਉਸ ਵਕਤ ਭੀ ਇਸ ਨੇ ਡਟਕੇ ਵਿਰੋਧ ਕੀਤਾ। ਬਰਾਬਰ ਆਪਣੇ ਗੁਰੂ ਹੋਣ ਦਾ ਐਲਾਨ ਕਰਵਾ ਦਿੱਤਾ, ਆਪਣੇ ਵੱਲੋਂ ਮਸੰਦ ਭੀ ਨਿਯੁਕਤ ਕੀਤੇ। ਔਰੰਗਜ਼ੇਬ ਤੋਂ ਆਦੇਸ਼ ਪ੍ਰਾਪਤ ਕਰਕੇ, ਇਸਨੇ ਆਪਣੇ ਬਦਮਾਸ਼ ਟੋਲੇ ਤੋਂ 9 ਅਕਤੂਬਰ 1664 ਨੂੰ ਗੁਰੂ ਤੇਗ ਬਹਾਦਰ ਸਾਹਿਬ ਤੇ ਹਮਲਾ ਕਰਵਾ ਦਿੱਤਾ। ਗੋਲੀ ਚੱਲੀ, ਸਾਮਾਨ ਲੁੱਟਿਆ ਗਿਆ, ਪਰ ਖੁਸ਼ਕਿਸਮਤੀ ਨੂੰ ਗੁਰੂ ਤੇਗ ਬਹਾਦਰ ਜੀ ਬਚ ਗਏ। ਇਕ ਹਥ ਲਿਖਤ ਬੀੜ ਅਤੇ ਹੋਰ ਕੀਮਤੀ ਸਮਾਨ ਲੈ ਕੇ ਇਹ ਕਰਤਾਰਪੁਰ ਨੂੰ ਨੱਸ ਗਿਆ। ਭਾਈ ਮੱਖਣ ਸ਼ਾਹ ਦੀ ਅਗਵਾਈ ਵਿਚ, ਸਿੱਖਾਂ ਦਾ ਇਕ ਤਕੜਾ ਜੱਥਾ ਇਸ ਦੇ ਡੇਰੇ ਤੇ ਜਾ ਪਿਆ। ਚੰਗੀ ਗਿੱਦੜ ਕੁੱਟ ਇਹਨਾਂ ਨੂੰ ਪਈ, ਪਰ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਤੇ ਡਿੱਗ ਕੇ ਮੁਆਫੀ ਮੰਗ ਕੇ ਬਕਾਲਾ ਛੱਡ ਗਏ। ਸਿੱਖਾਂ ਨੇ ਗੁਰੂ ਜੀ ਦੁਆਲੇ ਪਹਿਰਾ ਸਖਤ ਕਰ ਦਿੱਤਾ। ਛੇਤੀ ਹੀ ਵਹੀਰ ਅਤੇ ਪ੍ਰਵਾਰ ਸਮੇਤ, ਨੌਵੇਂ ਗੁਰੂ ਜੀ ਕੀਰਤਪੁਰ ਚਲੇ ਗਏ।

ਲੰਮੇ ਸਮੇਂ ਦੀ ਉਡੀਕ ਤੋਂ ਮਗਰੋਂ ਔਰੰਗਜੇਬ ਨੇ ਧੀਰਮਲ ਉਸਦੇ ਪੁੱਤਰ ਰਾਮ ਚੰਦ

ਅਤੇ ਸੀਹੋਂ ਮਸੰਦ ਨੂੰ ਦਿੱਲੀ ਸੱਦ ਲਿਆ। ਦਿੱਤਾ ਗਿਆ ''ਕੰਮ'' ਨਾ ਕਰਨ ਲਈ ਜਵਾਬ ਤਲਬੀ ਕੀਤੀ। ਤਸੱਲੀ ਬਖਸ਼ ਜਵਾਬ ਲਾ ਮਿਲਣ ਕਾਰਨ, ਇਹਨਾਂ ਤਿੰਨਾਂ ਨੂੰ ਰਣਥੰਬੋਰ ਦੇ ਕਿਲੇ ਵਿਚ ਕੈਦ ਕਰਵਾ ਦਿੱਤਾ।

ਇਧਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਮੇਂ ਦੀ ਨਜ਼ਾਕਤ ਪਛਾਣਦਿਆਂ ਮਾਖੋਵਾਲ ਦੀ ਜ਼ਮੀਨ ਚੰਪਾ ਰਾਣੀ (ਵਿਧਵਾ ਰਾਜਾ ਦੀਪ ਚੰਦ) ਤੋਂ ਖਰੀਦ ਕੇ ਆਨੰਦਪੁਰ ਦੀ ਨੀਂਹ ਰੱਖ ਦਿੱਤੀ। ਗੁਰਸਿੱਖਾਂ ਦੀ ਯੋਗਤਾ ਮੁਤਾਬਕ ਸੇਵਾ ਲਾ ਦਿੱਤੀ ਤੇ ਖੁਦ ਧਰਮ ਪ੍ਰਚਾਰ ਵਹੀਰ ਨਾਲ ਲੈ ਕੇ ਮਾਲਵੇ ਵੱਲ ਨਿਕਲ ਤੁਰੇ। ਅੱਜ ਦੇ ਹਰਿਆਣੇ ਵਿਚ ਧਮਧਾਣ (ਜੀਂਦ ਜਿਲ੍ਹਾ) ਦੇ ਸਥਾਨ ਤੇ ਸਤਿਗੁਰੂ ਜੀ ਠਹਿਰੇ ਹੋਏ ਸਨ। ਲਗਭਗ ਤੀਹ ਹਜ਼ਾਰ ਸਿੱਖ ਆ ਜੁੜਿਆ। ਔਰੰਗਜੇਬ ਦੇ ਹੁਕਮ ਦੁਆਰਾ ਫੌਜੀ ਕਮਾਂਡਰ ਆਲਮ ਖਾਂ ਰੋਹੇਲੇ ਨੇ, ਇਸ ਸਥਾਨ ਤੋਂ ਸਤਿਗੁਰੂ ਜੀ ਨੂੰ ਪਹਿਲੀਵਾਰ ਗ੍ਰਿਫਤਾਰ ਕੀਤਾ ਇਹ ਘਟਨਾ 08-11-1665 ਦੀ ਹੈ। ਦਿੱਲੀ ਵਿਖੇ ਦੋ ਮਹੀਨੇ ਤੋਂ ਵੱਧ ਸਮਾਂ ਕੈਦ ਰੱਖ ਕੇ ਰਾਜਾ ਜੈ ਸਿੰਘ ਦੇ ਵਿਚ ਪੈਣ ਤੇ ਰਿਹਾ, ਕਰ ਦਿੱਤੇ ਗਏ। ਇਹ ਧਿਆਨ ਰਹੇ ਕਿ ਭੋਰੇ ਵਿਚ ਵੜਕੇ ਤਪੱਸਿਆ ਕਰਨ ਵਾਲੇ ਕਿਸੇ ਸਾਧ ਤੋਂ ਔਰੰਗਜੇਬ ਨੂੰ ਕੋਈ ਖਤਰਾ ਨਹੀਂ ਸੀ। ਭਾਵੇਂ ਸਾਰੀ ਉਮਰ ਭੋਰੇ ਵਿਚ ਬੈਠਾ ਰਹਿੰਦਾ। ਪਰ ਔਰੰਗਜੇਬ ਗੁਰੂ ਜੀ ਦੇ ਕ੍ਰਾਂਤੀਕਾਰੀ ਵਿਚਾਰਾਂ ਤੋਂ ਜਾਣੂ ਸੀ। ਲੋਕਾਂ ਦੀਆਂ ਭੀੜਾਂ ਗੁਰੂ ਜੀ ਨੂੰ ਸੁਣਨ ਆਉਂਦੀਆਂ ਸਨ। ਗੁਰੂ ਜੀ ਰਾਜਸੀ ਜੁਲਮਾਂ ਵਿਰੁੱਧ ਖੁੱਲ ਕੇ ਬੋਲਦੇ ਸਨ। ਪਾਖੰਡੀ ਧਰਮੀਆਂ ਨੂੰ ਫਿਟਕਾਰਾਂ ਪਾਉਂਦੇ ਸਨ। ਲੋਕਾਂ ਨੂੰ ਤਕੜੇ ਹੋਕੇ ਜੁਲਮ ਦਾ ਮੁਕਾਬਲਾ ਕਰਨ ਲਈ ਪ੍ਰੇਰਿਤ ਕਰ ਰਹੇ ਸਨ। ਇਹਨਾਂ ਕਾਰਨਾਂ ਕਰਕੇ ਹੀ ਸਤਿਗੁਰੂ ਜੀ ਨੂੰ ਗੁਰੂ ਬਣਦਿਆਂ ਹੀ, ਇਕ ਸਾਲ ਦੇ ਅੰਦਰ ਗ੍ਰਿਫ਼ਤਾਰ ਕਰ ਲਿਆ।

ਦੂਜੀ ਵਾਰ ਫਿਰ ਸਤਿਗੁਰੂ ਜੀ ਨੂੰ ਜੂਨ ਮਹੀਨੇ 1670 ਵਿਚ ਆਗਰੇ ਦੇ ਨੇੜਿਓਂ ਗ੍ਰਿਫਤਾਰ ਕਰ ਲਿਆ ਗਿਆ। ਦਿੱਲੀ ਵਿਖੇ ਦੋ ਮਹੀਨੇ ਤੇਰਾਂ ਦਿਨ ਕੈਦ ਵਿਚ ਰਹੇ, ਪਰ ਇਸ ਵਾਰੀ ਭੀ ਰਿਹਾ ਕਰ ਦਿੱਤੇ ਗਏ। ਤੀਜੀ ਵਾਰੀ ਕਸ਼ਮੀਰੀ ਬ੍ਰਾਹਮਣਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਦਾ ਐਲਾਨ ਕਰਨ ਤੋਂ ਬਾਅਦ, ਮਲਕਪੁਰ ਰੰਘੜਾ, ਰੋਪੜ ਨੇੜਿਓਂ, ਥਾਣੇਦਾਰ ਨੂਰ ਮਹੁੰਮਦ ਨੇ ਗ੍ਰਿਫਤਾਰ ਕੀਤਾ। ਜੁਲਾਈ 12 ਸੰਨ 1675 ਨੂੰ। ਪਹਿਲਾਂ ਬਸੀ ਪਠਾਣਾਂ ਕੈਦ ਰੱਖੇ ਗਏ, ਹੁਕਮ ਮਿਲਣ ਤੇ ਪਿੰਜਰੇ ਵਿਚ ਬੰਦ ਕਰਕੇ, ਤਿੰਨੇ ਪ੍ਰਮੁੱਖ ਸਿੱਖਾਂ ਸਮੇਤ, ਦਿੱਲੀ ਨੂੰ ਭੇ ਜ ਦਿੱਤੇ ਗਏ। ਅੱਗੇ ਦੀਆਂ ਘਟਨਾਵਾਂ ਦਾ ਪਾਠਕਾਂ ਨੂੰ ਭਲੀ ਪਰਕਾਰ ਪਤਾ ਹੈ। ਗਿਆਰਾਂ ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਾਹਮਣੇ ਅਤਿਅੰਤ ਨਿਰਦਈਪੁਣੇ ਵਾਲੇ ਤਸੀਹੇ ਦੇਕੇ, ਤਿੰਨ ਬਹਾਦਰ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਸ਼ਾਮ ਤੀਜੇ ਪਹਿਰ ਗੁਰੂ ਤੇ ਗਬਹਾਦਰ ਸਾਹਿਬ ਨੂੰ ਪਿੰਜਰੇ ਵਿਚੋਂ ਕੱਢਿਆਂ ਗਿਆ। ਭੈ ਭੀਤ ਕਰਨ ਵਾਲੇ ਡਰਾਵੇ ਦਿੱਤੇ

ਗਏ। ਲਾਲਚ ਦਿੱਤੇ ਗਏ, ਕਰਾਮਾਤਾਂ ਵਿਖਾਉਣ ਲਈ ਕਿਹਾ ਗਿਆ। ਸਤਿਗੁਰੂ ਜੀ ਆਡੋਲ ਅਵਸਥਾ ਵਿਚ ਅਸੂਲਾਂ ਤੇ ਟਿਕੇ ਰਹੇ। ਕਾਜੀ ਨੇ ਫਤਵਾ ਪੜ੍ਹਕੇ ਸੁਣਾਇਆ, ਜਲਾਦ ਦੀ ਤਲਵਾਰ ਚਲੀ, ਖ਼ੂਨ ਦੇ ਫੁਹਾਰੇ ਫੁੱਟੇ, ਗੁਰੂ ਜੀ ਦਾ ਸੀਸ ਧੜ ਨਾਲੋਂ ਅਲੱਗ ਕਰ ਦਿੱਤਾ ਗਿਆ।

ਪਹਿਲਾਂ ਤਿਆਰ ਕੀਤੀ ਸਕੀਮ ਮੁਤਾਬਕ ਭਾਈ ਜੈਤਾ ਨਾਨੂ ਗੁਰਬਖ਼ਸ਼ਾ ਜੀ ਨੇ ਸੀਸ ਚੁੱਕ ਕੇ ਅਨੰਦਪੁਰ ਪੁਚਾਣ ਦੀ ਜ਼ਿੰਮੇਵਾਰੀ ਕਬੂਲੀ। ਇਸ ਦਰਦਨਾਕ ਘਟਨਾ ਨੂੰ ਸੁਣਦਿਆਂ ਬਿਰਧ ਬਾਬਾ ਗੁਰਦਿੱਤਾ ਜੀ ਦੌਰਾ ਪੈਣ ਤੇ ਦਮ ਤੋੜ ਗਏ। ਇਹ ਬਾਬਾ ਬੁੱਢਾ ਜੀ ਦੇ ਸਪੁੱਤਰ ਸਨ। ਮਿੱਟੀ ਦੇ ਖੁੱਲ੍ਹੇ ਮੂੰਹ ਵਾਲੇ ਵੱਡੇ ਬਰਤਣ ਵਿਚ ਸੀਸ ਨੂੰ ਟਿਕਾ ਲਿਆ ਗਿਆ। ਆਲੇ-ਦੁਆਲੇ ਨਿੰਮ ਦੀਆਂ ਪੱਤੀਆਂ ਰੱਖੀਆਂ ਗਈਆਂ, ਤਾਂ ਕਿ ਕਿਰਮ ਨਾ ਪੈਣ ਤੇ ਬੋ ਨਾ ਪੈਦਾ ਹੋਵੇ। ਮੁੱਖ ਰਾਹ ਛੱਡਕੇ ਉਜਾੜਾਂ ਵਿਚੋਂ ਦੀ ਬਚਦੇ ਬਚਾਂਦੇ, ਜਾਣਕਾਰ ਸਿੱਖਾਂ ਤੋਂ ਲੋੜੀਂਦੀ ਸਹਾਇਤਾ ਲੈਂਦੇ, ਮੰਜਲਾਂ ਮਾਰਦੇ, ਕੀਰਤਪੁਰ ਪੁੱਜ ਗਏ। ਦਿੱਤੇ ਗਏ ਸੁਨੇਹੇ ਤੇ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦਾ ਵੱਡਾ ਕਾਫਲਾ ਲੈ ਕੇ ਪ੍ਰਵਾਰ ਸਮੇਤ ਕੀਰਤਪੁਰ ਆ ਗਏ । ਭਾਈ ਜੈਤਾ ਜੀ ਤੋਂ ਇਥੇ ਹੀ ਸ਼ਹੀਦ ਪਿਤਾ ਦਾ ਕੱਟਿਆ ਸੀਸ ਪ੍ਰਾਪਤ ਕੀਤਾ। ਜੈਤਾ ਜੀ ਨੂੰ ''ਗੁਰੂ ਕਾ ਬੇਟਾ'' ਆਖਕੇ ਮਾਣ ਦਿੱਤਾ। ਨਵੰਬਰ ਸਤਾਰਾਂ 1675 ਨੂੰ ਆਨੰਦਪੁਰ ਵਿਖੇ, ਨੌਵੇਂ ਗੁਰੂ ਜੀ ਦਾ ਸੀਸ ਸਸਕਾਰਿਆ ਗਿਆ। ਇਸ ਥਾਂ ਅੱਜ ਕਲ ਗੁਰਦੁਵਾਰਾ ਸੀਸ ਗੰਜ ਬਣਿਆ ਹੋਇਆ ਹੈ।

**ਔਰੰਗਜੇਬ ਵਿਰੁੱਧ ਸਿੱਖਾਂ ਦੇ ਅੰਦਰ ਗੁੱਸਾ ਉਬਾਲੇ ਖਾਣ ਲੱਗਾ। ਅਕਤੂਬਰ 17, 1676 ਨੂੰ ਜਦੋਂ ਉਹ ਨਵਾਜ ਅਦਾ ਕਰਕੇ ਵਾਪਸ ਮੁੜ ਰਿਹਾ ਸੀ, ਸਿੱਖਾਂ ਨੇ ਇੱਟਾਂ ਵੱਟਿਆਂ ਨਾਲ ਹੱਲਾ ਬੋਲ ਦਿੱਤਾ। ਭਾਵੇਂ ਔਰੰਗਜੇਬ ਬਚ ਗਿਆ, ਪਰ ਸਿੱਖਾਂ ਦੇ ਰੋਹ ਦਾ ਉਸਨੂੰ ਅਹਿਸਾਸ ਹੋ ਗਿਆ। ਇਕ ਸਿੱਖ ਨੂੰ ਫੜ ਕੇ ਕਤਲ ਕਰ ਦਿੱਤਾ ਗਿਆ। ਗੁਰੂ ਤੇਗ ਬਹਾਦਰ ਸਾਹਿਬ ਅਤੇ ਤਿੰਨ ਬਹਾਦਰ ਸਿੱਖਾਂ ਦੀ ਸ਼ਹੀਦੀ ਕਾਰਨ ਦੇਸ਼ ਵਿਚ ਹਰ ਕੋਈ ਕੁਰਲਾ ਉਠਿਆ। ਅਣਖੀਲੇ ਨੌਜਵਾਨ ਜ਼ਮੀਨਾਂ ਵੇਚ ਕੇ, ਹਥਿਆਰ ਖਰੀਦਣ ਲੱਗੇ। ਗਹਿਣੇ ਗੱਟੇ ਵੇਚ ਕੇ ਘੋੜੇ ਖਰੀਦੇ। ਕਾਫਲੇ ਬਣਾ ਕੇ ਸਿਰਾਂ ਤੇ ਕੱਫਣ ਬੰਨ ਕੇ, ਆਨੰਦਪੁਰ ਵੱਲ ਚਲ ਪਏ। ਦਸਮ ਪਾਤਿਸ਼ਾਹ ਜੀ ਦੇ ਚਰਨਾ ਵਿਚ ਮੱਥਾ ਟੇਕਕੇ ਬੇਨਤੀ ਕਰਦੇ, ''ਸਤਿਗੁਰ ਜੀਓ ! ਗੁਰੂ ਪਿਤਾ ਸਾਡੀ ਇੱਜਤ ਅਣਖ ਲਈ ਆਪਣਾ ਆਪ ਕੁਰਬਾਨ ਕਰ ਗਏ। ਅਸੀਂ ਤੁਹਾਡੇ ਹੁਕਮ ਦੀ ਉਡੀਕ ਵਿਚ ਹਾਂ ਕਾਇਰ ਬਣਕੇ ਹੁਣ ਅਸੀਂ ਜੀਓ ਨਹੀਂ ਸਕਾਂਗੇ। ਹੁਣ ਆਜ਼ਾਦੀ ਜਾਂ ਮੌਤ ਇਸ ਤੋਂ ਘੱਟ ਕੁਝ ਸਵੀਕਾਰ ਨਹੀਂ, ਤੁਸੀਂ ਆਗਿਆ ਦਿਓ।'' ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੀ ਨਜ਼ਾਕਤ ਸਮਝਦਿਆਂ ਇਹਨਾਂ ਨੂੰ ਧੀਰਜ ਦੇਣਾ। ਆਉਣ**

**ਵਾਲੇ ਖਤਰਨਾਕ ਹਾਲਾਤ ਵਾਸਤੇ ਤਿਆਰ ਕਰਨ ਲਈ ਕਹਿਣਾ ਤੇ ਆਨੰਦਪੁਰ ਵਿਚ ਕੁਝ ਸਮਾਂ ਟਿਕ ਕੇ ਯੁੱਧ ਨੀਤੀ ਸਿੱਖਣ ਦੀ ਹਦਾਇਤ ਕਰਨੀ।**

ਜੋ ਕਸ਼ਮੀਰੀ ਬ੍ਰਾਹਮਣ ਔਰੰਗਜੇਬ ਦੇ ਜੁਲਮਾਂ ਤੋਂ ਪ੍ਰੇਸ਼ਾਨ ਹੋਕੇ ਆਨੰਦਪੁਰ ਆ ਕੇ ਫਰਿਆਦੀ ਹੋਏ ਸਨ। ਇਥੇ ਯਾਦ ਕਰਵਾਣਾ ਜ਼ਰੂਰੀ ਹੈ ਕਿ ਬ੍ਰਾਹਮਣ ਜਨਮ ਤੋਂ ਹੀ ਹਿੰਦੂ ਸਮਾਜ ਦਾ ਧਰਮ ਗੁਰੂ ਹੈ। ਇਹ ਲੋਕ ਕਾਫਲੇ ਬਣਾ ਕੇ, ਲੰਮੇ ਸਮੇਂ ਤੱਕ ਖੱਤਰੀ ਰਾਜਿਆਂ, ਰਾਜਪੂਤ ਰਾਜਿਆਂ ਅਤੇ ਮਰਾਠਿਆਂ ਨੂੰ ਆਪਣੀ ਦੁੱਖ ਭਰੀ ਵਿਥਿਆ ਸੁਣਾ ਕੇ, ਮਦਦ ਦੀ ਪੁਕਾਰ ਕਰਦੇ ਰਹੇ। ਪਰ ਔਰੰਗਜੇਬ ਦੀ ਅਸੀਮ ਤਾਕਤ ਤੋਂ ਸਾਰੇ ਥਰ ਥਰ ਕੰਬਦੇ ਸਨ। ਇਸੇ ਲਈ ਸਾਰਿਆਂ ਨੇ ਬ੍ਰਾਹਮਣਾਂ ਦੀ ਬਾਂਹ ਫੜਨ ਤੋਂ ਇਨਕਾਰ ਕਰ ਦਿੱਤੀ। ਅਤੀ ਮਾਯੂਸੀ ਵਿਚ, ਹਾਰ ਹੰਭ ਕੇ ਇਹ ਲੋਕ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿਚ ਫਰਿਆਦੀ ਹੋਏ । ਸਾਰੀ ਹੋਈ ਬੀਤੀ ਕਹਿ ਸੁਣਾਈ। ਜਦੋਂ ਸਤਿਗੁਰੂ ਜੀ ਨੇ ਪੁਛਿਆ ਕਿ ਅਗਰ ਮੈਂ ਸਰਕਾਰ ਨਾਲ ਗੱਲਬਾਤ ਕਰਨ ਵਾਸਤੇ ਜਾਵਾਂ ਤਾਂ ਇਹ ਸਪਸ਼ੱਟ ਕਰ ਦਿਓ ਕਿ ਤੁਸੀਂ ਗੁਰੂ ਘਰ ਨਾਲ ਕੀ ਰਿਸ਼ਤਾ ਬਣਾਇਆ ਹੈ ? ਮੈਂ ਕਿਸ ਹੈਸੀਅਤ ਵਿਚ ਤੁਹਾਡੇ ਬਾਰੇ ਗੱਲਬਾਤ ਕਰਾਂ ? ਕਿਰਪਾ ਰਾਮ ਨੇ ਤੁਰੰਤ ਬੇਨਤੀ ਪੱਤਰ ਲਿਖਿਆ, ਜਿਸ ਵਿਚ ਹਕੂਮਤ ਵੱਲੋਂ ਕੀਤੇ ਜਾ ਰਹੇ ਜੁਲਮਾਂ ਦੇ ਸੰਖੇਪ ਵੇਰਵਾ ਸੀ। ਦੇਸ਼ ਰਟਣ ਦਾ ਜ਼ਿਕਰ ਕੀਤਾ ਗਿਆ ਸੀ। ਸਾਰੇ ਹਿੰਦੂ ਰਾਜਿਆਂ ਵੱਲੋਂ ਵਿਖਾਈ ਕਾਇਰਤਾ ਦਾ ਵਰਨਣ ਸੀ। **ਅੰਤ ਵਿਚ ਸਾਰਿਆਂ ਨੇ ਗੁਰੂ ਤੇਗ ਬਹਾਦਰ ਜੀ ਨੂੰ ਲਿਖਤੀ ਰੂਪ ਵਿਚ ਆਪਣਾ ਧਰਮ ਗੁਰੂ ਸਵੀਕਾਰ ਕੀਤਾ। ਆਪਣੇ ਜੀਵਨ ਨਾਲ ਸੰਬੰਧਤ ਹਰ ਤਰਾਂ ਦਾ ਫੈਸਲਾ ਲੈਣ ਦਾ ਅਖਤਿਆਰ ਗੁਰੂ ਜੀ ਨੂੰ ਸੌਂਪ ਦਿੱਤਾ।**

ਗੁਫਾਵਾਂ ਭੋਰਿਆਂ ਵਿਚ ਬੈਠ ਕੇ ਅੱਖਾਂ ਬੰਦ ਕਰਕੇ, ਮਾਲਾ ਫੇਰਨ ਵਾਲੇ, ਮੰਤਰ ਰਟਣ ਵਾਲੇ, ਚਲੀਹੇ ਕੱਟਣ ਵਾਲੇ, ਸਮਾਧੀਆਂ ਲਾਉਣ ਵਾਲੇ, ਹਿੰਦੁਸਤਾਨ ਵਿਚ ਲੱਖਾਂ ਸਾਧ ਸਨ। ਸਦੀਆਂ ਤੋਂ ਇਹੀ ਮੰਤਰ ਜਾਪ ਉਹ ਕਰਦੇ ਆ ਰਹੇ ਸਨ। ਪਰ ਹਿੰਦਵਾਸੀ ਜੰਤਾ ਹੋਰ ਕੰਗਾਲ, ਹੋਰ ਬੁਜ਼ਦਿਲ, ਹੋਰ ਪਾਖੰਡੀ, ਹੋਰ ਅਗਿਆਨੀ ਬਣਦੀ ਜਾ ਰਹੀ ਸੀ। ਘਰ ਉੱਜੜ ਗਏ, ਨੂੰਹਾਂ ਧੀਆਂ ਦੀਆਂ ਇੱਜ਼ਤਾਂ ਘੱਟੇ ਰੁਲ ਗਈਆਂ, ਧਰਮ ਅਸਥਾਨ ਮਿੱਟੀ ਵਿਚ ਮਿਲ ਗਏ। ਕਿਸੇ ਤੰਤਰ ਮੰਤਰ ਨੇ ਜੁਲਮ ਨੂੰ ਨਾ ਥੰਮਿਆ। ਕੀ ਗੁਰੂ ਤੇਗ ਬਹਾਦਰ ਇੰਨੇ ਹੀ ਅਣਜਾਣ ਸਨ ਕਿ ਆਪਣੀ ਜਿੰਦਗੀ ਦੇ ਅਤੀ ਕੀਮਤੀ ਛੱਬੀ ਸਾਲ ਕਿਸੇ ਭੋਰੇ ਵਿਚ ਵੜਕੇ ਬਰਬਾਦ ਕਰ ਦਿੰਦੇ? ਜੀ ਨਹੀਂ !ਉਹ ਲੋਕਾਂ ਨੂੰ ਜਾਗ੍ਰਿਤ ਕਰਨ ਵਾਸਤੇ ਲੰਮੇ ਪ੍ਰਚਾਰ ਦੌਰੇ ਕਰ ਰਹੇ ਸਨ। ਸਿੱਖ ਕੌਮ ਅੰਦਰੋਂ ਜੰਗਜੂ ਜ਼ਜ਼ਬਾ ਖਤਮ ਕਰਨ ਲਈ ਅਜਿਹੇ ਮੰਤਰ ਜਾਪਾਂ ਤੇ ਭੋਰਿਆਂ ਵਿਚ ਅੱਖਾਂ ਬੰਦ ਕਰਕੇ, ਭਗਤੀ ਕਰਨ ਦੀਆਂ ਕਹਾਣੀਆਂ ਸਿੱਖਾਂ ਦੇ ਅੰਦਰ ਠੋਸੀਆਂ ਜਾ ਰਹੀਆਂ ਹਨ। ਤਾਂ ਕਿ ਸਿੱਖ ਕੇਵਲ ਅੰਦਰ ਵੜ ਕੇ ਮਾਲਾ ਫੇਰਨ ਜੋਗੇ ਰਹਿ ਜਾਣ,

ਵਾਹਿਗੁਰੂ ਮੰਤਰ ਜਪਦੇ ਰਹਿਣ, ਤੇ ਗੁਲਾਮ ਬਣੇ ਰਹਿਣ।

ਇਸੇ ਤਰ੍ਹਾਂ ਦੀ ਇਕ ਘਟਨਾ ਗੁਰੂ ਅਮਰਦਾਸ ਜੀ ਨਾਲ ਨੱਥੀ ਕੀਤੀ ਹੋਈ ਮਿਲਦੀ ਹੈ। ਅਖੇ ਜਦੋਂ ਗੁਰੂ ਅੰਗਦ ਸਾਹਿਬ ਦੇ ਬੇਟੇ ਦਾਤੂ ਨੇ, ਛਾਤੀ ਵਿਚ ਲੱਤ ਮਾਰੀ ਤਾਂ ਮਾਯੂਸ ਹੋ ਕੇ ਗੁਰੂ ਜੀ ਬਾਸਰਕੇ ਪਿੰਡ ਵਿਚ ਚਲੇ ਗਏ। ਇੱਕ ਕੋਠੇ ਵਿਚ ਲੁਕਕੇ ਦਰਵਾਜੇ ਬੰਦ ਕਰਕੇ ਬੈਠ ਗਏ। ਕਈ ਦਿਨਾਂ ਤੋਂ ਮਗਰੋਂ ਬਾਬਾ ਬੁੱਢਾ ਜੀ ਨੇ ਗੁਰੂ ਲੱਭ ਕੇ ਸੰਗਤਾਂ ਨੂੰ ਦਿੱਤਾ। ਹਾਲਾਤ ਨਾਲ ਮੁਕਾਬਲਾ ਕਰਨ ਦੀ ਥਾਵੇਂ ਸਤਿਗੁਰੂ ਜੀ ਲੁਕਦੇ ਫਿਰਦੇ ਰਹੇ? ''ਗੁਰੂ ਲਾਧੋ ਰੇ'' ਵਾਲੀ ਕਹਾਣੀ ਵਿਚ ਭੀ ਅੱਠਵੇਂ ਗੁਰੂ ਜੀ ਨਾਸਮਝ ਬਣਾ ਦਿੱਤੇ ਗਏ। ਸਾਰੇ ਸੰਗੀ ਸਿੱਖ ਅਕਲ ਤੋਂ ਸੱਖਣੇ ਬਣਾ ਦਿੱਤੇ। ਗੁਰੂ ਤੇਗ ਬਹਾਦਰ ਸਾਹਿਬ ਭੀ ਗੁਰਬਾਣੀ ਦੇ ਉਪਦੇਸ਼ਾਂ ਤੋਂ ਉਲਟ ਜਾਕੇ, ਭੋਰੇ ਵਿਚ ਵੜ ਕੇ ਛੱਬੀ ਸਾਲ ਤਪੱਸਿਆ ਕਰਦੇ ਰਹੇ। ਅਕਲ ਦਾ ਕੋਟ ਸਭ ਤੋਂ ਸਿਆਣਾ ਜੇ ਕੋਈ ਨਿਕਲਿਆ ਤਾਂ ਉਹ ਸੀ ਭਾਈ ਮੱਖਣ ਸ਼ਾਹ ਲੁਬਾਣਾ ਜੀ। ਜਿਸਨੇ ਕਿਰਪਾ ਕਰਕੇ ਸੁੱਖਣਾ ਸੁੱਖਕੇ, ਮੋਹਰਾਂ ਦੁਆਰਾ ਪਰਖ ਕਰਕੇ ''ਗੁਰੂ ਲੱਭ'' ਲਿਆ। ਵਰਨਾ ਪੂਰੇ ਸਿੱਖ ਸਮਾਜ ਨੇ ਗੁਰੂ ਤੋਂ ਵਾਂਝੇ ਰਹਿ ਜਾਣਾ ਸੀ। ਬਕਾਲੇ ਵਿਚ ਬੈਠੇ ਬਾਈ ਪਾਖੰਡੀ ਗੁਰੂਆਂ ਨੇ ਆਪਣੀ ਦੁਕਾਨ ਚਲਾਈ ਰੱਖਣੀ ਸੀ। ਅਕਾਲ ਪੁਰਖ ਰਹਿਮਤ ਕਰਨ, ਸਿੱਖ ਲੇਖਕਾਂ ਪ੍ਰਚਾਰਕਾਂ ਨੂੰ ਸੁਮੱਤ ਦੇਣ, ਤਾਂ ਕਿ ਉਹ ਆਪਣੇ ਕੋਮਲ ਚਿਤ ਭੈਣਾਂ ਭਰਾਵਾਂ ਨੂੰ ਗੁਰਮਤ ਤੋਂ ਉਲਟ ਕਹਾਣੀਆਂ ਨਾ ਪਰੋਸਦੇ ਰਹਿਣ। ਪੂਰੀ ਪਰਖ ਪੜਚੋਲ ਤੋਂ ਬਾਅਦ ਹੀ ਵਿਚਾਰ ਸੰਗਤਾਂ ਅੱਗੇ ਰੱਖੇ ਜਾਣ ਤਾਂ ਕਿ ਸਿੱਖ ਸਮਾਜ ਗਿਆਨਵਾਨ ਹੋ ਕੇ ਗੁਰਮਤ ਅਨੁਸਾਰੀ ਜੀਵਨ ਜਿਉ ਸਕੇ। ਆਪਣੇ ਪਰਉਪਕਾਰੀ ਗੁਰੂਆਂ ਦਾ ਯੋਗ ਸਤਿਕਾਰ ਬਹਾਲ ਕੀਤਾ ਜਾ ਸਕੇ।

**ਸੋ ਮੁਕਤਾ ਸੰਸਾਰਿ ਜਿ ਗੁਰਿ ਉਪਦੇਸਿਆ।।**
**ਤਿਸ ਕੀ ਗਈ ਬਲਾਇ ਮਿਟੇ ਅੰਦੇਸਿਆ।।**
**ਤਿਸਕਾ ਦਰਸਨੁ ਦੇਖਿ ਜਗਤੁ ਨਿਹਾਲੁ ਹੋਇ।।**
**ਜਨ ਕੈ ਸੰਗਿ ਨਿਹਾਲੁ ਪਾਪਾ ਮੈਲੁ ਧੋਇ।।**
**ਅੰਮ੍ਰਿਤ ਸਾਚਾ ਨਾਉ ਉਥੈ ਜਾਪੀਐ।।**
**ਮਨ ਕਉ ਹੋਇ ਸੰਤੋਖੁ ਭੁਖਾ ਧ੍ਰਾਪੀਐ।।**
**ਜਿਸੁ ਘਟਿ ਵਸਿਆ ਨਾਉ ਤਿਸੁ ਬੰਧਨ ਕਾਟੀਐ।।**
**ਗੁਰਪ੍ਰਦਿ ਕਿਨੈ ਵਿਰਲੈ ਹਰਿ ਧਨੁ ਖਾਟੀਐ।। (519)**

**000**